| Course Code | D | P | B | I | 5 | 0 | 2 | Course Title | **ਸਾਹਿਤ ਸਿਧਾਂਤ ਸਨਾਤਨੀ ਕਾਵਿ ਸ਼ਾਸਤਰ ਅਤੇ ਪੰਜਾਬੀ ਆਲੋਚਨਾ** |
|---|---|---|---|---|---|---|---|---|---|

| Weightage | |
|---|---|
| CA | ETE (TH.) |
| 30 | 70 |

| Sr. No. | Content |
|---|---|
| 1. | ਸਾਹਿਤ ਸਿਧਾਂਤ ਅਤੇ ਪ੍ਰਯੋਜਨ: ਸਾਹਿਤ ਦਾ ਅਰਥ, ਪਰਿਭਾਸ਼ਾ, ਪ੍ਰਕਿਰਤੀ ਅਤੇ ਸਾਹਿਤ ਦੇ ਪ੍ਰਯੋਜਨ ਆਧਾਰਿਤ ਸਿਧਾਂਤ |
| 2. | ਰਹੱਸਵਾਦ: ਰਹੱਸਵਾਦ ਦਾ ਸੰਕਲਪ, ਵਿਸ਼ੇਸ਼ਤਾਵਾਂ ਅਤੇ ਸਾਹਿਤ ਵਿਚ ਮਹੱਤਵ |
| 3. | ਰੋਮਾਂਸਵਾਦ: ਰੋਮਾਂਸਵਾਦ ਰਹੱਸਵਾਦ ਦਾ ਸੰਕਲਪ, ਵਿਸ਼ੇਸ਼ਤਾਵਾਂ ਅਤੇ ਸਾਹਿਤ ਵਿਚ ਮਹੱਤਵ |
| 4. | ਯਥਾਰਥਵਾਦ: ਯਥਾਰਥਵਾਦ ਦਾ ਸੰਕਲਪ, ਵਿਸ਼ੇਸ਼ਤਾਵਾਂ ਅਤੇ ਸਾਹਿਤ ਵਿਚ ਮਹੱਤਵ |
| 5. | ਆਧੁਨਿਕਤਾਵਾਦ: ਆਧੁਨਿਕਤਾਵਾਦ ਦਾ ਸੰਕਲਪ, ਵਿਸ਼ੇਸ਼ਤਾਵਾਂ ਅਤੇ ਸਾਹਿਤ ਵਿਚ ਮਹੱਤਵ |
| 6. | ਅਰਸਤੂ ਦੇ ਸਿਧਾਂਤ: ਯੂਨਾਨੀ ਸਾਹਿਤ ਸਿਧਾਂਤਕਾਰ ਅਰਸਤੂ ਦੇ ਅਨੁਕਰਨ ਸਿਧਾਂਤ, ਤ੍ਰਾਸਦੀ ਸਿਧਾਂਤ, ਵਿਰੇਚਨ ਸਿਧਾਂਤਾਂ ਦੀ ਭੂਮਿਕਾ |
| 7. | ਲੌਂਜਾਈਨਸ ਦੇ ਉਦਾਤ ਸਿਧਾਂਤ: ਉਦਾਤ ਸਿਧਾਂਤ ਦਾ ਸੰਕਲਪ, ਵਿਸ਼ੇਸ਼ਤਾਵਾਂ ਅਤੇ ਸਾਹਿਤ ਵਿਚ ਮਹੱਤਵ |
| 8. | ਭਾਰਤੀ ਕਾਵਿ ਸ਼ਾਸਤਰ : ਸਾਹਿਤ ਸਿਰਜਨਾ ਵਿਚ ਭਾਰਤੀ ਕਾਵਿ ਸ਼ਾਸਤਰ ਦੀ ਭੂਮਿਕਾ ਅਤੇ ਮਹੱਤਵ |
| 9. | ਰਸ ਸਿਧਾਂਤ: ਰਸ ਸੰਪਰਦਾਇ ਦਾ ਅਰਥ, ਰਸ ਦੀ ਪ੍ਰਕਿਰਿਆ ਅਤੇ ਰਸ ਦੀਆਂ ਕਿਸਮਾਂ |
| 10. | ਅੰਲਕਾਰ ਸਿਧਾਂਤ: ਅੰਲਕਾਰਾਂ ਦਾ ਅਰਥ ਅਤੇ ਸਰੂਪ, ਮਹੱਤਤਾ ਅਤੇ ਅੰਲਕਾਰਾਂ ਦੀਆਂ ਕਿਸਮਾਂ |
| 11. | ਧੁਨੀ ਸਿਧਾਂਤ: ਧੁਨੀ ਸਿਧਾਂਤਾਂ ਦਾ ਅਰਥ ਅਤੇ ਸਰੂਪ, ਮਹੱਤਤਾ ਅਤੇ ਧੁਨੀਆਂ ਦੀਆਂ ਕਿਸਮਾਂ |
| 12. | ਰੀਤੀ, ਵਕ੍ਰੋਕਤੀ ਅਤੇ ਔਚਿਤਯ ਸਿਧਾਂਤ: ਰੀਤੀ, ਵਕ੍ਰੋਕਤੀ ਅਤੇ ਔਚਿਤਯ ਸਿਧਾਂਤਾਂ ਅਰਥ ਅਤੇ ਸਰੂਪ, ਮਹੱਤਤਾ ਅਤੇ ਕਿਸਮਾਂ |
| 13. | ਆਲੋਚਨਾ ਦਾ ਨਿਕਾਸ ਅਤੇ ਵਿਕਾਸ: ਪੰਜਾਬੀ ਆਲੋਚਨਾ ਦਾ ਆਰੰਭ, ਪ੍ਰਮੁੱਖ ਵਿਕਾਸ ਪੜਾਅ ਅਤੇ ਮੂਲ ਸਥਾਪਨਾਵਾਂ |
| 14. | ਵਿਹਾਰਕ ਆਲੋਚਨਾ: ਮੱਧਕਾਲੀ ਕਾਵਿ, ਆਧੁਨਿਕ ਕਾਵਿ ਅਤੇ ਵਾਰਤਕ ਦੀ ਵਿਵਹਾਰਕ ਆਲੋਚਨਾ |

**ਪੁਸਤਕਾਂ**:


1. ਸਾਹਿਤ ਸਾਸ਼ਤਰ, ਅਹੂਜਾ, ਰੋਸ਼ਨ ਲਾਲ (ਡਾ.), ਲਾਹੌਰ ਬੁੱਕ ਸ਼ਾਪ, ਲੁਧਿਆਣਾ, 2010
2. ਵਾਦ ਚਿੰਤਨ, ਭੱਟੀ, ਸੁਰਜੀਤ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2010

3. ਭਾਰਤੀ ਕਾਵਿ-ਸ਼ਾਸਤਰ, ਪ੍ਰੇਮ ਪ੍ਰਕਾਸ਼ ਸਿੰਘ (ਡਾ.), ਲਾਹੌਰ ਬੁੱਕ ਸ਼ਾਪ, ਲੁਧਿਆਣਾ, 2011
4. ਵੀਹਵੀਂ ਸਦੀ ਦੀ ਪੰਜਾਬੀ ਆਲੋਚਨਾ ਦਾ ਸਰੂਪ, ਭਾਟੀਆ, ਹਰਿਭਜਨ ਸਿੰਘ, ਭਾਰਤੀ ਸਾਹਿਤ ਅਕਾਦਮੀ, ਦਿੱਲੀ, 2010
5. ਵਿਹਾਰਕ ਸਮੀਖਿਆ, ਸਤਿੰਦਰ ਸਿੰਘ, ਪੰਜਾਬੀ ਯੂਨੀਵਰਸਿਟੀ,ਪਟਿਆਲਾ, ਪੰਜਵਾਂ ਸੰਸਕਰਨ 2010

Course Code: DPBI502

Course Name: ਸਾਹਿਤ ਸਿਧਾਂਤ ਸਨਾਤਨੀ ਕਾਵਿ ਸ਼ਾਸਤਰ ਅਤੇ ਪੰਜਾਬੀ ਆਲੋਚਨਾ

ਤਤਕਰਾ


| ਅਧਿਆਇ ਨੰਬਰ | ਅਧਿਆਇ ਦਾ ਨਾਮ | ਲੇਖਕ ਦਾ ਨਾਮ | ਪੰਨਾ ਨੰਬਰ |
|---|---|---|---|
| ਅਧਿਆਇ-1 | ਸਾਹਿਤ ਸਿਧਾਂਤ ਅਤੇ ਪ੍ਰਯੋਜਨ | ਡਾ.ਹਰਪ੍ਰੀਤ ਸਿੰਘ | 1-14 |
| ਅਧਿਆਇ-2 | ਰਹੱਸਵਾਦ | ਡਾ.ਹਰਪ੍ਰੀਤ ਸਿੰਘ | 15-26 |
| ਅਧਿਆਇ-3 | ਰੋਮਾਂਸਵਾਦ | ਡਾ.ਹਰਪ੍ਰੀਤ ਸਿੰਘ | 27-40 |
| ਅਧਿਆਇ-4 | ਯਥਾਰਥਵਾਦ | ਡਾ.ਹਰਪ੍ਰੀਤ ਸਿੰਘ | 41-52 |
| ਅਧਿਆਇ-5 | ਆਧੁਨਿਕਤਾਵਾਦ | ਡਾ.ਹਰਪ੍ਰੀਤ ਸਿੰਘ | 53-64 |
| ਅਧਿਆਇ-6 | ਅਰਸਤੂ ਦੇ ਸਿਧਾਂਤ | ਡਾ.ਹਰਪ੍ਰੀਤ ਸਿੰਘ | 65-78 |
| ਅਧਿਆਇ-7 | ਲੌਂਜਾਈਨਸ ਦੇ ਉਦਾਤ ਸਿਧਾਂਤ | ਡਾ.ਹਰਪ੍ਰੀਤ ਸਿੰਘ | 79-90 |
| ਅਧਿਆਇ-8 | ਭਾਰਤੀ ਕਾਵਿ ਸ਼ਾਸਤਰ | ਡਾ.ਹਰਪ੍ਰੀਤ ਸਿੰਘ | 91-106 |
| ਅਧਿਆਇ-9 | ਰਸ ਸਿਧਾਂਤ | ਡਾ.ਹਰਪ੍ਰੀਤ ਸਿੰਘ | 107-118 |
| ਅਧਿਆਇ-10 | ਅੰਲਕਾਰ ਸਿਧਾਂਤ | ਡਾ.ਹਰਪ੍ਰੀਤ ਸਿੰਘ | 119-130 |
| ਅਧਿਆਇ-11 | ਧੁਨੀ ਸਿਧਾਂਤ | ਡਾ.ਹਰਪ੍ਰੀਤ ਸਿੰਘ | 131-144 |
| ਅਧਿਆਇ-12 | ਰੀਤੀ, ਵਕ੍ਰੋਕਤੀ ਅਤੇ ਔਚਿਤਯ ਸਿਧਾਂਤ | ਡਾ.ਹਰਪ੍ਰੀਤ ਸਿੰਘ | 145-156 |
| ਅਧਿਆਇ-13 | ਆਲੋਚਨਾ ਦਾ ਨਿਕਾਸ ਅਤੇ ਵਿਕਾਸ | ਡਾ.ਹਰਪ੍ਰੀਤ ਸਿੰਘ | 157-170 |
| ਅਧਿਆਇ-14 | ਵਿਹਾਰਕ ਆਲੋਚਨਾ | ਡਾ.ਹਰਪ੍ਰੀਤ ਸਿੰਘ | 171-193 |

DPBI502

# ਅਧਿਆਇ-1: ਸਾਹਿਤ ਸਿਧਾਂਤ ਅਤੇ ਪ੍ਰਯੋਜਨ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਸਾਹਿਤ ਦੀ ਪਰਿਭਾਸ਼ਾ, ਸਰੂਪ ਅਤੇ ਤੱਤਾਂ ਨੂੰ ਸਮਝਣ ਦੇ ਸਮਰੱਥ ਹੋਣਗੇ।
- ਸਾਹਿਤ ਦੇ ਪ੍ਰਯੋਜਨ ਅਤੇ ਮਹੱਤਵ ਤੋਂ ਜਾਣੂ ਹੋਣਗੇ।
- ਸਾਹਿਤ ਸਮੀਖਿਆ ਲਈ ਬੁਨਿਆਦੀ ਆਧਾਰ ਦਾ ਸਪਸ਼ਟੀਕਰਨ ਹੋਵੇਗਾ।
- ਸਾਹਿਤ ਰੂਪਾਂ ਦਾ ਮੁਲਾਂਕਣ ਕਰ ਸਕਣ ਦੇ ਯੋਗ ਹੋਣਗੇ।

## ਪ੍ਰਸਤਾਵਨਾ:

ਸਾਹਿਤ ਇੱਕ ਅਜਿਹਾ ਸਾਧਨ ਹੈ ਜਿਸ ਰਾਹੀ ਮਨੁੱਖ ਦੇ ਮਨੋਭਾਵਾਂ, ਮਨੋਵੇਗਾਂ ਅਤੇ ਸਮਾਜਿਕ ਯਥਾਰਥ ਦਾ ਕਲਾਤਮਕ ਪਗਟਾਵਾ ਹੁੰਦਾ ਹੈ। ਸਾਹਿਤ ਹਮੇਸ਼ਾ ਹੀ ਕਿਸੇ ਸਕਾਰਾਤਮਕ ਉਦੇਸ਼ ਦਾ ਧਾਰਨੀ ਹੁੰਦਾ ਹੈ। ਸਮਾਜ ਵਿੱਚ ਆਰਥਿਕ, ਸਮਾਜਕ, ਰਾਜਨੀਤਿਕ, ਧਾਰਮਿਕ ਘਟਨਾਵਾਂ, ਜਦੋ ਮਨੁੱਖੀ ਮਨੋਭਾਵਾਂ ਨਾਲ ਟਕਰਾਉਂਦੀਆਂ ਹਨ ਤਾਂ ਸਾਹਿਤ ਪੈਦਾ ਹੁੰਦਾ ਹੈ। ਲੇਖਕ ਸਮਾਜ ਦੇ ਯਥਾਰਥ ਵਿੱਚ ਕਾਲਪਨਿਕ ਅੰਸ਼ ਪਾ ਕੇ ਸਾਹਿਤਕ ਰਚਨਾ ਦੀ ਉਤਪਤੀ ਕਰਦਾ ਹੈ। ਇਸ ਅਧਿਆਇ ਦਾ ਮੁਖ ਉਦੇਸ਼ ਵਿਦਿਆਰਥੀਆਂ ਨੂੰ ਸਾਹਿਤ ਦੀ ਪਰਿਭਾਸ਼ਾ, ਸਰੂਪ ਅਤੇ ਤੱਤਾਂ ਦੀ ਜਾਣਕਾਰੀ ਦੇਣਾ ਹੈ ਤਾਂ ਕਿ ਵਿਦਿਆਰਥੀ ਸਾਹਿਤ ਦੀ ਪ੍ਰਕਿਰਤੀ ਨੂੰ ਸਮਝ ਸਕਣ। ਇਸ ਅਧਿਆਇ ਵਿਚ ਸਾਹਿਤ ਦੇ ਪ੍ਰਯੋਜਨ ਸਬੰਧੀ ਭਰਪੂਰ ਚਰਚਾ ਕੀਤੀ ਗਈ ਹੈ ਜਿਸ ਨਾਲ ਵਿਦਿਆਰਥੀ ਸਾਹਿਤ ਦੇ ਮੰਤਵ ਨੂੰ ਸਮਝਦਿਆਂ ਸਾਹਿਤ -ਰੂਪਾਂ ਦਾ ਮੁਲਾਂਕਣ ਕਰ ਸਕਣ ਦੇ ਸਮਰੱਥ ਹੋਣਗੇ।

## ਵਿਸ਼ਾ ਵਸਤੂ:

ਸੁੰਦਰ ਰਚਨਾ ਨੂੰ ਕਲਾ ਕਹਿੰਦੇ ਹਨ । ਸ਼ਬਦ ਰੂਪੀ ਸੁੰਦਰ ਰਚਨਾ (ਕਲਾ )ਨੂੰ ਸਾਹਿਤ ਆਖਦੇ ਹਨ। ਸਾਹਿਤ ਸ਼ਬਦ ਦੋ ਸ਼ਬਦਾਂ ਦੇ ਜੋੜ ਤੋਂ ਬਣਿਆ ਹੈ। ਸਾ+ ਹਿੱਤ ,ਸਾ ਦਾ ਅਰਥ 'ਨਾਲ' ਅਤੇ ਹਿੱਤ ਦਾ ਅਰਥ ' ਪਿਆਰ ' ਹੈ। ਇਸ ਤਰ੍ਹਾਂ ਸਾਹਿਤ ਤੋਂ ਭਾਵ ਹੋਇਆ ਪਿਆਰ ਤੋਂ ਉਪਜੀ ਹੋਈ ਰਚਨਾ। 'ਸਾਹਿੱਤ' 'ਸਾਹਿੱਤ' ਅੰਗਰੇਜੀ ਸ਼ਬਦ ਲਿਟਰੇਚਰ Literature ਦਾ ਪੰਜਾਬੀ ਸਮਰੂਪ ਹੈ। ਲਿਟਰੇਚਰ ਦਾ ਮੂਲ, ਲਾਤੀਨੀ ਸ਼ਬਦ 'Leterature' ਹੈ ਜੋ 'Letter' ਵਿਚੋਂ ਨਿਕਲਿਆ ਹੈ। 'ਲੈਟਰ' ਦਾ ਅਰਥ ਹੈ: ਅੱਖਰ। ਅੱਖਰਾਂ ਦੁਆਰਾ ਬਿਆਨ ਕੀਤੀ ਗਈ ਕਲਾ ਨੂੰ 'Literature' ਕਿਹਾ ਗਿਆ। ਅਜੋਕੇ ਯੁੱਗ ਵਿਚ ਹਰ ਪ੍ਰਕਾਰ ਦੇ ਸ਼ਾਬਦਿਕ ਗਿਆਨ-ਵਿਗਿਆਨ ਲਈ ਲਿਟਰੇਚਰ ਸ਼ਬਦ ਪ੍ਰਯੋਗ ਕੀਤਾ ਜਾ ਰਿਹਾ ਹੈ। ਇਸ ਲਈ ਉਨ੍ਹੀਵੀ ਸ਼ਤਾਬਦੀ ਦੇ ਅੰਗਰੇਜੀ ਦੇ ਨਿਬੰਧਕਾਰ ਤੇ ਆਲੋਚਕ ਡੀ . ਕੁਇਨਸੀ De Quincey ਸਾਹਿਤ ਦੋ ਕਿਸਮਾਂ ਵਿਚ ਵੰਡਦਾ ਹੈ

ਗਿਆਨਮਈ ਸਾਹਿਤ Literature of Knowledge

ਸ਼ਕਤੀਮਈ ਸਾਹਿਤ Literature of Power

ਆਰਨਲਡ ਬੈਨਟ, ਡੀ. ਕੁਇਨਸੀ ਦੇ ਇਸ ਵਿਚਾਰ ਦਾ ਸਮਰਥਨ ਕਰਦਾ ਹੈ। ਉਹ ਵੀ ਸਾਹਿਤ ਦੀ ਵੰਡ ਦੋ ਪ੍ਰਕਾਰਾਂ ਵਿਚ ਕਰਦਾ:ਹੈ

ਸੂਚਨਾਤਮਕ ਸਾਹਿਤ Informing Kind

ਪ੍ਰੇਰਨਾਤਮਕ ਸਾਹਿਤ Inspiring Kind

ਐਬਰਕਰੋਂਬੀ ਵੀ ਸਾਹਿਤ ਨੂੰ ਦੋ ਪ੍ਰਕਾਰਾਂ ਵਿਚ ਵੰਡਦਾ ਹੈ।ਇਹ ਵੰਡ ਇਸ ਪ੍ਰਕਾਰ ਹੈ

ਕ੍ਰਿਯਾਤਮਕ ਸਾਹਿਤ Applied Literature

ਨਿਰੋਲ ਸਾਹਿਤ Pure Literature

ਗਿਆਨਮਈ ਸਾਹਿਤ, ਸੂਚਨਾਤਮਕ ਸਾਹਿਤ ਜਾਂ ਕ੍ਰਿਯਾਤਮਕ ਸਾਹਿਤ ਇਕੋ ਹੀ ਵਸਤ ਹੈ।ਸ਼ਕਤੀਮਈ ਸਾਹਿਤ੍ਰਪ੍ਰੇਰਨਾਤਮਕ ਸਾਹਿਤ ਜਾਂ ਨਿਰੋਲ ਸਾਹਿਤ ਦੂਜੀ ਪ੍ਰਕਾਰ ਦਾ ਸਾਹਿਤ ਹੈ। ਪਹਿਲੀ ਪ੍ਰਕਾਰ ਵਿਚ ਸ਼ਾਸਤਰ ਜਾਂ ਵਿਗਿਆਨ ਸ਼ਾਮਲ ਹਨ ਜਦੋਂਕਿ ਦੂਜੀ ਕਿਸਮ ਵਿਚ ਕਵਿਤਾ, ਕਹਾਣੀ, ਨਾਵਲ, ਰੋਮਾਂਸ ਆਦਿ ਹਨ। ਦੂਜੀ ਪ੍ਰਕਾਰ ਦੇ ਸਾਹਿਤ ਨੂੰ ਲਲਿਤ ਕਲਾ ਕਹਿੰਦੇ ਹਨ। ਜੇ ਅਸੀਂ ਦੋਨਾਂ ਨੂੰ 'ਗਿਆਨ ਸਾਹਿਤ' ਜਾਂ ਲਲਿਤ ਸਾਹਿਤ ਵਿਚ ਵੰਡੀਏ ਤਾਂ ਅਨੁਚਿਤ ਨਹੀਂ ਹੋਵੇਗਾ।

ਹਰ ਯੁੱਗ ਦੇ ਸਾਹਿਤਕਾਰਾਂ ਅਤੇ ਆਲੋਚਕਾਂ ਵੱਲੋਂ ਸਾਹਿੱਤ ਨੂੰ ਪਰਿਭਾਸ਼ਿਤ ਕਰਨ ਦੇ ਪ੍ਰਯਤਨ ਹੁੰਦੇ ਰਹੇ ਹਨ। ਪਲੈਟੋ, ਸਾਹਿੱਤ ਨੂੰ ਜੀਵਨ ਅਤੇ ਜਗਤ ਦਾ ਇਕ ਅਨੁਕਰਣ (Immitation) ਮੰਨਦਾ ਸੀ। ਉਸ ਅਨੁਸਾਰ ਸਾਹਿਤਕਾਰ ਲੋਕ ਪਰਮਾਤਮਾ ਵੱਲੋਂ ਸਿਰਜੀ ਕਿਰਤੀ ਅਤੇ ਦ੍ਰਿਸ਼ਟੀ ਦੀ ਨਕਲ ਕਰਦੇ ਹਨ, ਇਸ ਲਈ ਸਾਹਿੱਤਕਾਰੀ ਨੂੰ ਸੱਚ ਨਹੀਂ ਕਿਹਾ ਜਾ ਸਕਦਾ ਪਰੰਤੂ ਅਰਸਤੂ ਅਨੁਸਾਰ ਸਿਰਜਣਾ ਦੇ ਛਿਣਾਂ ਵਿਚ ਸਾਹਿੱਤਕਾਰ ਲੋਕ, ਪਰਮਾਤਮਾ ਜਾਂ ਕਿਰਤੀ ਵੱਲੋਂ ਪ੍ਰਾਪਤ ਆਵੇਸ਼ ਨਾਲ ਜੁੜੇ ਹੁੰਦੇ ਹਨ। ਇਸ ਕਾਰਨ ਉਹ ਸੱਚ ਦਾ ਪ੍ਰਕਾਸ਼ ਕਰਦੇ ਹਨ । ਇਸ ਤਰ੍ਹਾਂ ਕਲਾਸੀਕਲ ਯੁਗ ਵਿਚ ਸਾਹਿਤਕਾਰੀ ਦਾ ਸੰਬੰਧ ਸੱਚ ਦੇ ਪ੍ਰਕਾਸ਼ ਨਾਲ ਜੁੜਿਆ ਹੋਇਆ ਸੀ। ਗੁਰੂ ਨਾਨਕ ਦੇਵ ਜੀ ਵੀ ਸਾਹਿਤ ਦੀ ਕੁਝ ਇਸੇ ਪ੍ਰਕਾਰ ਦੀ ਪਰਿਭਾਸ਼ਾ ਦਿੰਦੇ ਹਨ :

ਸਚੁ ਸੁਣਾਇਸੀ ਸਚ ਕੀ ਬੇਲਾ ॥

ਅਰਥਾਤ ਸਾਹਿੱਤਕਾਰ ਨੂੰ ਸੱਚ ਦਾ ਨਿਰੂਪਣ ਕਰਨਾ ਚਾਹੀਦਾ ਹੈ। ਭਾਰਤੀ ਕਾਵਿ ਸ਼ਾਸਤਰ ਵਿਚ ਵੀ ਸਾਹਿੱਤ ਨੂੰ ਸੱਚ ਦੇ ਹਵਾਲੇ ਨਾਲ ਦੇਖਿਆ ਜਾਂਦਾ ਰਿਹਾ ਹੈ: ਸਤਿਅਮ, ਸ਼ਿਵਮ,ਸੁੰਦਰਮ; ਭਾਰਤੀ ਆਚਾਰੀਆਂ ਅਨੁਸਾਰ ਸਾਹਿੱਤ ਦੀ ਪ੍ਰਕਿਰਤੀ ਦੇ ਇਹ ਤਿੰਨੇ ਮੁੱਖ ਅੰਗ ਜਾਂ ਤੱਤ ਹੋਣੇ ਚਾਹੀਦੇ ਹਨ। ਪੱਛਮੀ ਆਲੋਚਕਾਂ ਨੇ ਆਪਣੇ-ਆਪਣੇ ਯੁਗ ਅਤੇ ਸਮਾਜ ਦੀਆਂ ਜ਼ਰੂਰਤਾਂ ਦੇ ਅਨੁਸਾਰ ਸਾਹਿੱਤ ਦੀਆਂ ਵੱਖ-ਵੱਖ ਪਰਿਭਾਸ਼ਾਵਾਂ ਪੇਸ਼ ਕੀਤੀਆਂ ਹਨ।

ਲੌਂਨਜਾਈਨਸ ਅਨੁਸਾਰ:

> 'ਸਾਹਿਤ ਦਾ ਮੰਤਵ ਵਲਵਲੇ ਦੇ ਵੇਗ, ਭਾਵਾਂ ਦੀ ਸੂਖਮਤਾ ਤੇ ਸੁਹਜ ਸਿਖ਼ਰਾਂ ਦੁਆਰਾ ਪਾਠਕਾਂ ਜਾਂ ਸਰੋਤਿਆਂ ਦੀ ਅੰਤਰ ਆਤਮਾ ਨੂੰ ਹਲੂਣ ਕੇ ਉਨ੍ਹਾਂ ਵਿੱਚ ਇੱਕ ਝਰਨਾਹਟ ਛੇੜ ਕੇ ਉਨ੍ਹਾਂ ਨੂੰ ਧਰਤੀ ਤੋਂ ਉੱਚਾ ਉਠਾ ਕੇ ਭਾਵਾਂ ਦੇ ਮੰਡਲਾਂ ਵਿੱਚ ਅਨੰਦ ਤੇ ਆਵੇਸ਼ ਦੀ ਹਾਲਤ ਵਿੱਚ ਲਿਜਾਣਾ ਹੈ।'

"ਪ੍ਰਿੰਸੀਪਲ ਤੇਜਾ ਸਿੰਘ ਦਾ ਵਿਚਾਰ ਹੈ:

> "ਸਾਹਿਤ ਉਹ ਲਿਖਤ ਹੈ ਜਿਸ ਵਿੱਚ ਲਿਖਾਰੀ ਦਾ ਮਨ ਕਿਸੇ ਲਹਿਰ ਵਿੱਚ ਖੇਡੇ, ਕਿਸੇ ਸੋਹਣੇ ਤਰੰਗ ਵਿੱਚ ਆ ਕੇ ਉੱਛਲੇ ਤੇ ਉਛਾਲੇ ।"

ਵਰਡਸਵਰਥ ਅਨੁਸਾਰ:

> ਸਾਹਿਤ ਸਮੁੱਚੇ ਗਿਆਨ ਦਾ ਪ੍ਰਾਣ ਅਤੇ ਸੂਖਮ ਗਿਆਨ ਹੈ ।

ਮੈਥਿਊ ਆਰਨਾਲਡ (Matthew Arnold) ਦਾ ਸਾਹਿਤ ਬਾਰੇ ਮੱਤ ਹੈ:

> "ਸਾਹਿਤ ਦਾ ਮੰਤਵ ਸਾਡੀਆਂ ਜੀਵਨ ਗੁੰਝਲਾਂ ਨੂੰ ਖੋਲ੍ਹਣਾ ਸਾਨੂੰ ਹੌਂਸਲਾ ਦੇਣਾ ਤੇ ਡਿੱਗਣ ਤੋਂ ਬਚਾਉਣਾ ਹੈ ।ਸਾਹਿਤ ਸੰਸਾਰ ਦੇ ਗਿਆਨ ਤੇ ਵਿਚਾਰਾਂ ਦਾ ਉੱਤਮ ਸਰੂਪ ਹੈ ।"

The best that is thought and known in the world is the nature of literature.

ਆਰਨਲਡ ਦੀ ਇਸੇ ਧਾਰਨਾ ਨੂੰ ਹੋਰ ਸਪੱਸ਼ਟ ਕਰਦਾ ਹੋਇਆ ਆਰਨਲਡ ਬੈਨੇਟ (Arnold Bennett) ਸਾਹਿੱਤ ਨੂੰ ਸੱਚੇ-ਸੁੱਚੇ ਵਿਚਾਰਾਂ ਅਤੇ ਉਚੇਰੀਆਂ ਭਾਵਨਾਵਾਂ ਦਾ ਭੰਡਾਰ ਕਹਿੰਦਾ ਹੈ। ਉਹ ਲਿਖਦਾ ਹੈ:

"Literature is the reservoir of true ideas and high emotions."

ਐਮਰਸਨ (Emerson) ਵੀ ਉਕਤ ਵਿਦਵਾਨਾਂ ਨਾਲ ਸਹਿਮਤੀ ਦਰਸਾਉਂਦਾ ਹੋਇਆ ਲਿਖਦਾ ਹੈ:

ਸਾਹਿਤ ਸਿਧਾਂਤ ਸਨਾਤਨੀ ਕਾਵਿ ਸ਼ਾਸਤਰ ਅਤੇ ਪੰਜਾਬੀ ਆਲੋਚਨਾ

Literature is the record of the best thoughts.

ਅਰਥਾਤ ਸਾਹਿੱਤਕਾਰੀ ਉੱਤਮ ਵਿਚਾਰਾਂ ਦੇ ਦਸਤਾਵੇਜ਼ ਹੁੰਦੀ ਹੈ। ਪ੍ਰਸਿੱਧ ਸਮਾਜਵਾਦੀ ਲੇਖਕ ਗੋਰਕੀ (Gorki) ਸਾਹਿੱਤ ਨੂੰ ਸਮਾਜ ਦਾ 'ਦਿਲ ਕਹਿੰਦਾ ਹੈ:

Literature is the heart of the world.

ਪ੍ਰੋਫੈਸਰ ਵਿਨਚੈਸਟਰ ਅਨੁਸਾਰ:

' ਸਾਹਿਤ ਉਨ੍ਹਾਂ ਪੁਸਤਕਾਂ ਦਾ ਸੰਗ੍ਰਹਿ ਹੈ ਜਿਨ੍ਹਾਂ ਦੀ ਰੋਚਕਤਾ
ਸਦੀਵੀਂ ਹੈ ਤੇ ਪ੍ਰੇਰਨਾ ਸਰਵਜਨਕ ਹੈ ।'

ਆਕਸਫੋਰਡ ਡਿਕਸ਼ਨਰੀ ਅਨੁਸਾਰ:

ਸਾਹਿੱਤ, ਉਨ੍ਹਾਂ ਲਿਖਤਾਂ ਨੂੰ ਕਹਿੰਦੇ ਹਨ, ਜੋ ਰੂਪ ਦੀ ਸੁੰਦਰਤਾ ਜਾਂ
ਭਾਵਾਂ ਦੇ ਪ੍ਰਕਾਸ਼ ਲਈ ਲਿਖੀਆਂ ਜਾਂਦੀਆਂ ਹਨ।

ਕਰਤਾਰ ਸਿੰਘ ਦੁੱਗਲ ਦਾ ਵਿਚਾਰ ਹੈ:

"ਕਦੀ ਕੋਈ ਕਲਾਕਾਰ ਕਿਸੇ ਦੀਆਂ ਅੱਖਾਂ ਵਿੱਚ ਮਾਲੂਮ ਜਿਹੀ ਚਮਕ ਪੈਦਾ ਕਰ ਦਿੰਦਾ ਹੈ ਤੇ ਬੱਸ ਕਦੇ ਕੋਈ ਕਲਾਕਾਰ ਕਿਸੇ ਦੀਆਂ ਬੁੱਲ੍ਹੀਆਂ ਤੇ ਮੁਸਕਣੀ ਲਿਆ ਦਿੰਦਾ ਹੈ ਤੇ ਬੱਸ ਕਦੀ ਕੋਈ ਪਾਠਕ ਕਹਾਣੀ ਪੜ੍ਹ ਕੇ ਸਾਧਾਰਨ ਸਵਾਸ ਨਾਲੋਂ ਹਵਾ ਮਾਤਰ ਗਹਿਰਾ ਸਵਾਸ ਲੈਂਦਾ ਹੈ ਤੇ ਬੱਸ ਉਦੋਂ ਉਹ ਕਲਾਕਾਰ ਕਾਮਯਾਬ ਹੁੰਦਾ ਹੈ ।"

ਉਪਰੋਕਤ ਪਰਿਭਾਸ਼ਾਵਾਂ ਤੋਂ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਸਾਹਿਤ ਮਨੁੱਖੀ ਅਨੁਭਵਾਂ ਅਤੇ ਤਜਰਬਿਆਂ ਦਾ ਅਜਿਹਾ ਸਬਦਾਤਿਕ ਪ੍ਰਗਟਾਵਾ ਹੁੰਦਾ ਹੈ, ਜੋ ਜ਼ਿੰਦਗੀ ਦੇ ਕਿਸੇ ਸੱਚ ਨੂੰ ਸਮਾਜਿਕ ਕਲਿਆਣ ਦੇ ਆਸ਼ੇ ਨਾਲ ਜੋੜ ਕੇ ਬੜੇ ਸੁਹਜਾਤਮਕ ਤਰੀਕੇ ਨਾਲ ਪੇਸ਼ ਕਰਦਾ ਹੈ; ਜਿਸ ਤੋਂ ਪਾਠਕਾਂ ਨੂੰ ਸੱਚ, ਸੇਧ ਤੇ ਸੁਹਜ ਦੀ ਪ੍ਰਾਪਤੀ ਹੁੰਦੀ ਹੈ । ਸਾਹਿੱਤ ਦੀਆਂ ਕੁਝ ਹੋਰ ਪਰਿਭਾਸ਼ਾਵਾਂ ਇਸ ਪ੍ਰਕਾਰ ਹਨ: ਅਨੁਭਵੀ ਅਤੇ ਉੱਤਮ ਲੇਖਕਾਂ ਦੀਆਂ ਰਚਨਾਵਾਂ ਨੂੰ ਪੜ੍ਹ ਕੇ ਉਨ੍ਹਾਂ ਨੂੰ ਇਹ ਪਤਾ ਚਲ ਜਾਂਦਾ ਹੈ ਕਿ ਕਿਹੜੇ ਜੀਵਨ-ਮੁੱਲ, ਸਮਾਜ ਲਈ ਉਪਯੋਗੀ ਅਤੇ ਕਲਿਆਣਕਾਰੀ ਹੁੰਦੇ ਹਨ। ਇਸ ਤਰ੍ਹਾਂ ਉੱਤਮ ਸਾਹਿੱਤ, ਸਮਾਜ ਨੂੰ ਸੰਤੁਲਿਤ, ਕਲਿਆਣਕਾਰੀ ਅਤੇ ਖ਼ੂਬਸੂਰਤ ਬਣਾਉਂਦਾ ਹੈ।

ਸਾਹਿਤ ਇੱਕ ਅਜਿਹਾ ਸਾਧਨ ਹੈ ਜਿਸ ਰਾਹੀ ਮਨੁੱਖ ਦੇ ਮਨੋਭਾਵਾਂ, ਮਨੋਵੇਗਾਂ ਅਤੇ ਸਮਾਜਿਕ ਯਥਾਰਥ ਦਾ ਕਲਾਤਮਕ ਪਗਟਾਵਾ ਹੁੰਦਾ ਹੈ। ਸਾਹਿਤ ਹਮੇਸ਼ਾ ਹੀ ਕਿਸੇ ਸਕਾਰਾਤਮਕ ਉਦੇਸ਼ ਦਾ ਧਾਰਨੀ ਹੁੰਦਾ ਹੈ। ਸਮਾਜ ਵਿੱਚ ਆਰਥਿਕ , ਸਮਾਜਕ, ਰਾਜਨੀਤਿਕ, ਧਾਰਮਿਕ ਘਟਨਾਵਾਂ, ਜਦੋ ਮਨੁੱਖੀ ਮਨੋਭਾਵਾਂ ਨਾਲ ਟਕਰਾਉਂਦੀਆਂ ਹਨ ਤਾਂ ਸਾਹਿਤ ਪੈਦਾ ਹੁੰਦਾ ਹੈ। ਲੇਖਕ ਸਮਾਜ ਦੇ ਯਥਾਰਥ ਵਿੱਚ ਕਾਲਪਨਿਕ ਅੰਸ਼ ਪਾ ਕੇ ਸਾਹਿਤਕ ਰਚਨਾ ਦੀ ਉਤਪਤੀ ਕਰਦਾ ਹੈ। ਮਨੁੱਖ ਇੱਕ ਸਮਾਜਕ ਪ੍ਰਾਣੀ ਹੈ ਜੋ ਕੀ ਆਪਣੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਲਈ ਸਮਾਜ ਵਿੱਚ ਰਹਿੰਦਾ ਹੈ। ਮਨੁੱਖ ਨੂੰ ਉਸਦਾ ਆਲਾ ਦੁਆਲਾ ਸਿੱਧੇ ਜਾ ਅਸਿੱਧੇ ਰੂਪ ਵਿੱਚ ਪ੍ਰਭਾਵਿਤ ਕਰਦਾ,ਸਮਾਜ ਵਿੱਚ ਰਹਿ ਕੇ ਹੀ ਮਨੁੱਖ ਬੋਲਣਾ ਤੇ ਸਮਝਣਾ ਸਿਖਦਾ ਹੈ। ਸਮਾਜ ਵਿਚ ਹੋ ਰਹੀਆਂ ਘਟਨਾਵਾਂ ਤੋਂ ਕਿ ਸਾਹਿਤਕਾਰ ਦੇ ਮਨ ਨੂੰ ਟੁੰਬਦੀਆਂ ਹਨ , ਉਹ ਉਹਨਾਂ ਨੂੰ ਆਪਣੀ ਸਹਿਤਿਕ ਕਿਰਤ ਦੇ ਵਿਸ਼ੇ ਵਜੋਂ ਸਾਕਾਰ ਕਰਦੇ ਅਤੇ ਉਹਨਾਂ ਵਿੱਚ ਕਲਪਨਾ ਦਾ ਅੰਸ਼ ਭਰਕੇ ਉਸਨੂੰ ਕਲਾਤਮਕ ਰੂਪ ਵਿੱਚ ਪੇਸ਼ ਕਰਦਾ ਹੈ। ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ ਸਾਹਿਤ ਅਤੇ ਸਮਾਜ ਦਾ ਆਪਸ ਵਿੱਚ ਦਵੰਦਾਤਮਕ ਸੰਬੰਧ ਹੈ , ਜੇਕਰ ਸਾਹਿਤ ਸਮਾਜ ਵਿੱਚੋਂ ਨਿਰੂਪਤ ਹੁੰਦਾ ਹੈ ਸਾਹਿਤ ਵੀ ਮੁੜਵੇ ਰੂਪ ਵਿੱਚ ਸਮਾਜ ਨੂੰ ਪਭਾਵਿਤ ਕਰਨ ਦੇ ਸਮਰੱਥ ਹੁੰਦਾ ਹੈ। ਰੋਸ਼ਨ ਲਾਲ ਅਹੂਜਾ ਨੇ ਬੜੇ ਭਾਵਪੂਰਤ ਸ਼ਬਦਾਂ ਵਿੱਚ ਵਿਚਾਰ ਕੀਤੀ ਕਿ 'ਵਿਦਵਾਨਾਂ ਅਤੇ ਸਾਊ ਇਸਤਰੀਆਂ ਪੁਰਸ਼ਾਂ ਲਈ ਸਾਹਿਤ ਦਾ ਸੇਵਨ ਇਕ

ਪ੍ਰਕਾਰ ਦੀ ਮਾਨਸਿਕ ਖੁਰਾਕ ਹੈ, ਜਿਸ ਤੋਂ ਬਿਨਾ ਉਨ੍ਹਾਂ ਦੀ ਆਤਮਾ ਭੁੱਖੀ ਰਹਿ ਜਾਂਦੀ ਹੈ। ਉਹਨਾਂ ਲਈ ਸਾਹਿਤ ਕੇਵਲ ਮਨ ਪ੍ਰਚਾਵਾ ਹੀ ਨਹੀਂ ਆਤਮਾ ਦੀ ਵੀ ਲੋੜ ਹੈ ਕੇਵਲ ਵਖਤ ਕੱਟੀ ਦਾ ਸਾਧਨ ਹੀ ਨਹੀਦੈਨਿਕ ਜੀਵਨ ਦੀ ਆਵੱਸ਼ਕ ਮੰਗ ਵੀ ਹੈ।

ਮਨੁੱਖ ਇੱਕ ਸਮਾਜਕ ਪ੍ਰਾਣੀ ਹੈ ਜੋ ਕੀ ਆਪਣੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਲਈ ਸਮਾਜ ਵਿੱਚ ਰਹਿੰਦਾ ਹੈ। ਮਨੁੱਖ ਨੂੰ ਉਸਦਾ ਆਲਾ ਦੁਆਲਾ ਸਿੱਧੇ ਜਾ ਅਸਿੱਧੇ ਰੂਪ ਵਿੱਚ ਪ੍ਰਭਾਵਿਤ ਕਰਦਾ ਹੈ, ਸਮਾਜ ਵਿੱਚ ਰਹਿ ਕੇ ਹੀ ਮਨੁੱਖ ਬੋਲਣਾ ਤੇ ਸਮਝਣਾ ਸਿਖਦਾ ਹੈ। ਸਮਾਜ ਵਿਚ ਹੋ ਰਹੀਆਂ ਘਟਨਾਵਾਂ ਤੋਂ ਕਿ ਸਾਹਿਤਕਾਰ ਦੇ ਮਨ ਨੂੰ ਟੁੰਬਦੀਆਂ ਹਨ , ਉਹ ਉਹਨਾਂ ਨੂੰ ਆਪਣੀ ਸਹਿਤਿਕ ਕਿਰਤ ਦੇ ਵਿਸ਼ੇ ਵਜੋਂ ਸਾਕਾਰ ਕਰਦੇ ਅਤੇ ਉਹਨਾਂ ਵਿੱਚ ਕਲਪਨਾ ਦਾ ਅੰਸ਼ ਭਰਕੇ ਉਸਨੂੰ ਕਲਾਤਮਕ ਰੂਪ ਵਿੱਚ ਪੇਸ਼ ਕਰਦਾ ਹੈ। ਇਸ ਪ੍ਰਕਾਰ ਅਸੀਂ ਕਹਿ ਸਕਦੇ ਹਾਂ ਕਿ ਸਾਹਿਤ ਅਤੇ ਸਮਾਜ ਦਾ ਆਪਸ ਵਿੱਚ ਦਵੰਦਾਤਮਕ ਸੰਬੰਧ ਹੈ, ਜੇਕਰ ਸਾਹਿਤ ਸਮਾਜ ਵਿੱਚੋਂ ਨਿਰੂਪਤ ਹੁੰਦਾ ਹੈ ਸਾਹਿਤ ਵੀ ਮੁੜਵੇ ਰੂਪ ਵਿੱਚ ਸਮਾਜ ਨੂੰ ਪਭਾਵਿਤ ਕਰਨ ਦੇ ਸਮਰੱਥਹੁੰਦਾ ਹੈ। ਕੁਦਰਤ ਦੇ ਆਪਣੇ ਕੁਝ ਨਿਯਮ ਹਨ ਇਹਨਾਂ ਵਿੱਚੋਂ ਪਰਿਵਰਤਨ ਕੁਦਰਤ ਦਾ ਅਹਿਮ ਨਿਯਮ ਹੈ। ਇਸ ਲਈ ਸਮਾਜ ਵਿੱਚ ਸਮੇਂ ਸਮੇਂ ਪਰਿਵਰਤਨ ਹੁੰਦਾ ਰਹਿੰਦਾ ਹੈ , ਇਹ ਪਰਿਵਰਤਨ ਸਾਹਿਤ ਰੂਪਾਂ ਵਿੱਚ ਵੀ ਵੇਖਣ ਨੂੰ ਮਿਲਦਾ ਹੈ।

## ਸਾਹਿਤ ਦੇ ਰਚਨਾਤਮਿਕ ਤੱਤ:-

ਸੰਸਾਰ ਦੇ ਸਾਰੇ ਪਦਾਰਥਾਂ ਤੇ ਜੀਵਾਂ ਵਾਂਗ ਸਾਹਿਤ ਵੀ ਕੁਝ ਵਿਸ਼ੇਸ਼ ਤੱਥਾਂ ਤੇ ਮੇਲ ਤੋਂ ਹੋਂਦ ਵਿੱਚ ਆਇਆ ਹੈ। ਜਿਸ ਨੂੰ ਸਾਹਿਤ ਤੇ ਰਚਨਾਤਮਿਕ ਤੱਤ ਕਿਹਾ ਜਾਂਦਾ ਹੈ ਪ੍ਰਸਿੱਧ ਆਲੋਚਕ ਅੰਗਰੇਜ਼ੀ ਵਿਦਵਾਨ ਹਡਸਨ ਨੇ ਆਪਣੀ ਪੁਸਤਕ Introduction to the study of literature ਵਿੱਚ ਸਾਹਿਤ ਦੇ ਚਾਰ ਜ਼ਰੂਰੀ ਤੱਤ ਮੰਨੇ ਹਨ; ਜੋ ਇਸ ਪ੍ਰਕਾਰ ਹਨ ।

1.ਭਾਵ ਤੱਤ

2.ਬੁੱਧੀ ਤੱਤ

3 ਕਲਪਨਾ ਤੱਤ

4 ਸ਼ੈਲੀ ਤੱਤ

**ਭਾਵ ਤੱਤ:-** ਇਹ ਸਾਹਿਤ ਦਾ ਬੁਨਿਆਦੀ ਤੱਤ ਹੈ ਇਸ ਤੋਂ ਬਿਨਾਂ ਸਾਹਿਤ ਦੀ ਸਿਰਜਣਾ ਨਹੀਂ ਹੋ ਸਕਦੀ ਸਾਹਿਤਕਾਰ ਆਪਣੀ ਸੁਭਾਵਿਕਤਾ ਨਾਲੋਂ ਆਪਣੇ ਆਲੇ ਦੁਆਲੇ ਜੋ ਵੇਖਦਾ ਹੈ ਉਸ ਨੂੰ ਬੜੀ ਤੀਖਣਤਾ ਨਾਲ ਅਨੁਭਵ ਕਰਨ ਉਪਰੰਤ ਆਪਣੀ ਪ੍ਰਤੀਕਰਮਾ ਨੂੰ ਸ਼ਾਬਦਿਕ ਰੂਪਾਂ ਵਿੱਚ ਪੇਸ਼ ਕਰਦਾ ਹੈ। ਸਾਹਿਤਕਾਰ ਆਪਣੀ ਵਿਚਕਾਰਲੀ ਭਾਵੁਕਤਾ ਸਹਾਰੇ ਪਾਠਕਾਂ ਵਿਚਲੀ ਭਾਵਨਾ ਨੂੰ ਪ੍ਰੇਰਿਤ ਕਰਕੇ ਉਨ੍ਹਾਂ ਵਿੱਚ ਸਚਿਆਈ ਦਾ ਸੰਚਾਰ ਕਰਦਾ ਹੈ। ਐਮਰਸਨ ਦਾ ਵਿਚਾਰ ਹੈ ਜਿਹੜੀ ਪੁਸਤਕ ਪ੍ਰੇਰਦੀ ਨਹੀਂ ਉਸ ਦੀ ਕੋਈ ਕੀਮਤ ਨਹੀਂ ਹੁੰਦੀ। ਸਮਾਜ ਜੀਵਨ ਦੀਆਂ ਘਟਨਾਵਾਂ ਦਾ ਕਿਸੇ ਵਿਅਕਤੀ ਉੱਤੇ ਚੰਗਾ ਜਾਂ ਮਾੜਾ ਅਸਰ ਹੁੰਦਾ ਹੈ, ਸਾਹਿਤਕ ਭਾਵ ਚੰਗੇ ਮੰਦੇ ਰੌਚਿਕ ਤੇ ਨੀਰਸ ਹੁੰਦੇ ਹਨ ਜਿੰਨ੍ਹਾਂ ਕਰਕੇ ਸਾਹਿਤ ਆਪਣਾ ਵੱਖਰਾ ਰੂਪ ਧਾਰਨ ਕਰ ਲੈਂਦਾ ਹੈ । ਸਾਹਿਤਕਾਰ ਆਪਣੀਆਂ ਰਚਨਾਵਾਂ ਦਾ ਪ੍ਰਗਟਾ ਰਾਹੀਂ ਪਾਠਕਾਂ / ਸਰੋਤਿਆਂ ਨੂੰ ਸੱਚਮੁੱਚ ਇਮਾਨਦਾਰੀ ਤੇ ਕੋਈ ਪ੍ਰੇਰਨਾ ਦੇਣਾ ਚਾਹੁੰਦਾ ਹੈ ਤਾਂ ਜੋ ਉਸ ਨਾਲ ਸਮਾਜ ਦਾ ਪੱਧਰ ਉੱਚਾ ਹੋ ਸਕੇ ਭਾਵਾਂ ਵਿੱਚ ਅਮੀਰੀ ਸੱਚ ਸੁੱਚ ਤੇ ਡੂੰਘਾਈ ਹੁੰਦੀ ਹੈ ਸੱਚ ਮੁੱਚ ਦੇ ਸਹਾਰੇ ਪਾਠਕਾਂ ਵਿੱਚ ਸੱਚਮੁੱਚ, ਇਮਾਨਦਾਰੀ, ਇਖ਼ਲਾਕੀ ਉੱਚਤਾ ਦੇ ਸਾਧਨਾਂ ਦੇ ਭਾਵ ਪੈਦਾ ਕਰਦੇ ਹਨ ।

**ਬੁੱਧੀ ਤੱਤ :-** ਸਾਹਿਤਕਾਰ ਕਿਸੇ ਨਾ ਕਿਸੇ ਉਦੇਸ਼ ਨੂੰ ਸਾਹਮਣੇ ਰੱਖ ਕੇ ਸਾਹਿਤ ਦੀ ਸਿਰਜਣਾ ਕਰਦਾ ਹੈ ਉਸ ਕੋਲ ਪਾਠਕਾਂ ਨਾਲ ਸਾਂਝੇ ਕਰਨ ਲਈ ਵਿਚਾਰ ਹਨ ਅਤੇ ਉਹ ਆਪਣੇ ਵਿਚਾਰਾਂ ਦੇ ਪ੍ਰਗਟਾਵੇ ਲਈ ਕਈ ਤਰ੍ਹਾਂ ਦੇ ਸਾਧਨਾਂ ਦੀ ਵਰਤੋਂ ਕਰਦਾ ਹੈ ਕਿਤੇ ਬਹੁਤ ਵਾਰ ਸਾਹਿਤਕਾਰ ਆਪਣੇ ਵਿਚਾਰਾਂ ਨੂੰ ਆਪਣੇ ਭਾਵ ਤੇ ਕਲਪਨਾ ਦੀ ਆਧਾਰ ਭੂਮੀ ਦੇ ਰੂਪ ਵਿੱਚ ਪ੍ਰਗਟ ਕਰਦਾ ਹੈ। ਵਿਚਾਰ ਕਈ ਤਰ੍ਹਾਂ ਦੇ ਹੁੰਦੇ ਹਨ ; ਪਰ ਉੱਤਮ ਦਰਜੇ ਦਾ ਭਾਵ ਉਹ ਹੈ ਜਿੱਥੇ ਉਹ ਇੱਕ ਭਾਵ ਨੂੰ ਦੂਜੇ ਭਾਵ ਨਾਲ, ਕਿਤੇ ਇੱਕ ਵਿਚਾਰ ਨੂੰ ਦੂਜੇ ਵਿਚਾਰ ਨਾਲ ਤੇ ਕਿਤੇ ਭਾਵ ਕਲਪਨਾ ਦੇ ਵਿਚਾਰ ਤੇ ਇੱਕ ਸਹਿਯੋਗ ਨਾਲ ਆਪਣੇ ਵਿਚਾਰ ਪ੍ਰਗਟ ਕਰਦਾ ਹੈ।

ਸਾਹਿਤਕਾਰ ਆਪਣੇ ਵਿਚਾਰ ਨੂੰ ਆਪਣੇ ਭਾਵ ਤੇ ਕਲਪਨਾ ਦੇ ਆਧਾਰ ਭੂਮੀ ਦੇ ਰੂਪ ਵਿੱਚ ਪ੍ਰਗਟ ਕਰਦਾ ਹੈ ਵਿਚਾਰ ਕਈ ਤਰ੍ਹਾਂ ਦੇ ਹੁੰਦੇ ਹਨ ਮਨੁੱਖ ਇੱਕ ਭਾਵਕ ਪ੍ਰਾਣੀ ਹੈ । ਜਿਸ ਉੱਤੇ ਸਾਡੇ ਆਲੇ ਦੁਆਲੇ ਦੇ ਅਸਰ ਪੈਦਾ ਪੈਂਦੇ ਹਨ। ਜਿੰਨਾਂ ਭਾਵ ਸੱਚੇ ਸੁੱਚੇ ਸਪੱਸ਼ਟ ਡੂੰਘੇ ਤਪੱਸਵੀ ਇੱਕ ਸੁਰਤਾ ਵਾਲੀ ਹੋਣਗੇ, ਉਨ੍ਹਾਂ ਹੀ ਅਰੋਗ ਤੇ ਸ਼ਕਤੀਸ਼ਾਲੀ ਸਾਹਿਤ ਪੈਦਾ ਹੋਵੇਗਾ । ਸਾਹਿਤਕ ਭਾਵਾਂ ਦੀ ਡੂੰਘਾਈ ਤੇ ਗੰਭੀਰਤਾ ਦੇ ਨਾਲ ਨਾਲ ਇਨ੍ਹਾਂ ਦੀ ਅਭਿਵਿਅਕਤੀ (expression) ਵੀ ਕਲਾਮਈ ਹੋਣੀ ਚਾਹੀਦੀ ਹੈ ਭਾਵਾਂ ਦੀ ਹੋਂਦ, ਭਾਵਾਂ ਦੀ ਹੋਂਦ ਭਾਵਾਂ ਦਾ ਢੁੱਕਵਾਂ ਪ੍ਰਗਟਾਅ, ਭਾਵਾਂ ਦਾ ਸਹਿਯੋਗ, ਭਾਵਾਂ ਦੀ ਅਨੇਕਤਾ ਅਤੇ ਭਾਵਾਂ ਦੀ ਏਕਤਾ ਉੱਘੇ ਸਾਹਿਤ ਦੇ ਲੱਛਣ ਹਨ । ਭਾਵ ਤੇ ਵਿਚਾਰ ਆਪਸ ਵਿੱਚ ਬਹੁਤ ਜ਼ਿਆਦਾ ਸੰਬੰਧਿਤ ਹੁੰਦੇ ਹਨ। ਪਰ ਉਨ੍ਹਾਂ ਦੀ ਉਤਪਤੀ ਦੇ ਸਾਧਨ ਵੱਖੋ ਵੱਖਰੇ ਹੁੰਦੇ ਹਨ। ਭਾਵਾਂ ਦਾ ਸਬੰਧ ਮਨ ਨਾਲ ਹੁੰਦਾ ਹੈ। ਜਦੋਂ ਕਿ ਵਿਚਾਰਾਂ ਦਾ ਸਬੰਧ ਬੁੱਧੀ ਨਾਲ ਹੁੰਦਾ ਹੈ ਭਾਵ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਖੜ੍ਹੀਆਂ ਕਰਦੇ ਹਨ। ਜਦੋਂ ਕਿ ਵਿਚਾਰ ਉਨ੍ਹਾਂ ਮੁਸੀਬਤਾਂ ਦਾ ਹੱਲ ਮਹਿਸੂਸ ਕਰਦੇ ਹਨ ।ਭਾਵ ਦਾ ਮੁੱਖ ਉਦੇਸ਼ ਸੁੱਖ,ਆਨੰਦ ਤੇ ਖੇੜੇ ਦੀ ਪ੍ਰਾਪਤੀ ਹੁੰਦਾ ਹੈ ਜਦੋਂ ਕਿ ਵਿਚਾਰ ਦਾ ਉਦੇਸ਼ ਸੱਚ ਦੀ ਖੋਜ ਕਰਨਾ ਹੁੰਦਾ ਹੈ। ਬੇਸ਼ੱਕ ਸੱਚ ਦੀ ਖੋਜ ਵਿਕਸਤ ਹੋ ਕੇ ਅਨਾਜ ਦੀ ਪ੍ਰਾਪਤੀ ਦਾ ਸਾਧਨ ਬਣ ਜਾਂਦੀ ਹੈ। ਮਨੋਵਿਗਿਆਨੀਆਂ ਅਨੁਸਾਰ,"ਬੌਧਿਕਤਾ ਮਨ ਦੀ ਅਜਿਹੀ ਪ੍ਰਕਿਰਿਆ ਹੈ । ਜਿਨ੍ਹਾਂ ਵਿੱਚ ਪੁਰਾਣੇ ਅਨੁਭਵਾਂ ਨੂੰ ਨਵੀਆਂ ਸਮੱਸਿਆਂ ਦੇ ਹੱਲ ਲਈ ਵਰਤਿਆ ਜਾਂਦਾ ਹੈ । ਲੇਖਕ ਵਰਤਮਾਨ ਸਥਿਤੀਆਂ ਵਿੱਚ ਕਾਲੀਆਂ ਮੁਸ਼ਕਿਲਾਂ ਨੂੰ ਬੋਧਿਕਤਾ ਤੇ ਚਿੰਤਨ ਦੀ ਮਦਦ ਨਾਲ ਕੇਵਲ ਹੱਲ ਹੀ ਨਹੀਂ ਕਰਦਾ, ਸਗੋਂ ਉਸ ਦੀ ਵਿੱਚੋਂ ਕਈ ਉਸਾਰੂ ਤੇ ਉਪਯੋਗੀ ਰਾਹ ਵੀ ਲੱਭ ਲੈਂਦਾ ਹੈ। ਬੁੱਧੀ ਤੇ ਚਿੰਤਨ ਦੇ ਪੱਧਰ ਤੇ ਪਹੁੰਚ ਕੇ ਹੀ ਪਾਠਕਾਂ ਨੂੰ ਸੇਧ ਜਾਂ ਅਗਵਾਈ ਦਿੱਤੀ ਜਾ ਸਕਦੀ ਹੈ। ਬੌਧਿਕਤਾ ਦਾ ਧਾਰਨੀ ਸਾਹਿਤ ਸਮੇਂ ਤੇ ਸਥਾਨ ਦੀਆਂ ਹੱਦਾਂ ਨੂੰ ਪਾਰ ਕਰਕੇ ਸਦੀਵਤਾ ਦਾ ਧਾਰਨੀ ਹੋ ਜਾਂਦਾ ਹੈ ।

**ਕਲਪਨਾ ਤੱਤ:-** ਕਲਪਨਾ ਸਾਹਿਤ ਦਾ ਮਹੱਤਵਪੂਰਨ ਤੱਤ ਹੈ। ਜੋ ਲੇਖਕ ਦੇ ਮਨ ਵਿੱਚ ਪੈਦਾ ਹੁੰਦੀ ਹੈ। ਕਲਪਨਾ ਪਹਿਲੇ ਪ੍ਰਾਪਤ ਕੀਤੇ ਅਨੁਭਵਾਂ ਤੇ ਤਜਰਬਿਆਂ ਉੱਤੇ ਆਧਾਰਿਤ ਹੁੰਦੀ ਹੈ ਜੋ ਕਿ ਸਿੱਧੀ ਭੂਤਕਾਲ ਤੋਂ ਪ੍ਰੇਰਿਤ ਹੋ ਕੇ ਵਰਤਮਾਨ ਕਾਲ ਨੂੰ ਪ੍ਰੇਰਿਤ ਕਰਦੀ ਹੈ । ਕਲਪਨਾ ਯਾਦ ਸ਼ਕਤੀ ਤੇ ਪਲਦੀ ਹੈ । ਯਾਦਸ਼ਕਤੀ ਜਿੰਨੀ ਪ੍ਰਬੱਲ ਹੋਵੇਗੀ, ਉਨੀ ਹੀ ਕਲਪਨਾ ਵਿਸ਼ਾਲ ਹੋਵੇਗੀ। ਕਲਪਨਾ ਦੁਆਰਾ ਲੇਖਕ ਜਿਨ੍ਹਾਂ ਸਥਿਤੀਆਂ ਤੇ ਅਵਸਥਾਵਾਂ ਦਾ ਅਨੁਭਵ ਕਰਦਾ ਹੈ, ਜਿੰਨ੍ਹਾਂ ਮੰਡਲਾਂ ਵਿੱਚ ਵਿਚਰਦਾ ਹੈ ਉਹ ਸਭ ਕੁਝ ਦਾ ਬਿਆਨ ਜਦੋਂ ਉਹ ਬੜੀ ਪ੍ਰਵੀਨਤਾ ਨਾਲ ਕਰਦਾ ਹੈ ਤਾਂ ਰਚਨਾ ਵਿੱਚ ਮੌਲਿਕਤਾ ਦਾ ਅੰਸ਼ ਪੈਦਾ ਹੁੰਦਾ ਹੈ। ਸਾਹਿਤਕਾਰ ਜੋ ਕੁਝ ਮਹਿਸੂਸ ਕਰਦਾ ਹੈ। ਉਹ ਕੁਝ ਪਾਠਕਾਂ ਨੂੰ ਮਹਿਸੂਸ ਕਰਵਾਉਣ ਲਈ ਉਨ੍ਹਾਂ ਦੀ ਕਲਪਨਾ ਨੂੰ ਪ੍ਰੇਰਿਤ ਕਰਦਾ ਹੈ ਇਸੇ ਲਈ ਉਹ ਬਿੰਬਾਂ ਪ੍ਰਤੀਕਾਂ ਤੇ ਅਲੰਕਾਰਾਂ ਦੀ ਸਿਰਜਣਾ ਕਰਦਾ ਹੈ। ਕਲਪਨਾ ਮਨ ਦੀ ਅਵਸਥਾ ਨੂੰ ਰੂਪਮਾਨ ਕਰਦੀ ਹੋਈ ਪਾਠਕਾਂ ਜਾਂ ਸਰੋਤਿਆਂ ਦੀ ਉਹੀ ਜਿਹੀ ਅਵੱਸਥਾ ਬਣਾ ਦਿੰਦਾ ਹੈ । ਵਿਦਵਾਨਾਂ ਨੇ ਕਲਪਨਾ ਨੂੰ ਤਿੰਨ ਕਿਸਮਾਂ ਵਿਚ ਵੰਡਿਆ ਹੈ

1.**ਪੂਰਵ ਬਿਰਤੀ ਕਲਪਨਾ:-** ਜਿਸ ਵਿੱਚ ਕੇਵਲ ਅਤੀਤ ਦੇ ਅਨੁਭਵਾਂ ਦੇ ਆਧਾਰ ਤੇ ਹੀ ਅਨੁਭਵਾਂ ਨੂੰ ਪ੍ਰਗਟਾਇਆ ਜਾਂਦਾ ਹੈ। ਇਹ ਸਾਹਿਤਕਾਰ ਦੀ ਯਾਦਸ਼ਕਤੀ ਤੇ ਪਲਦੀ ਹੈ।

2.**ਰਚਨਾਤਮਿਕ ਕਲਾਤਮਿਕ ਤੱਤ:-** ਇਸ ਵਿੱਚ ਵਿਵਹਾਰਕ ਜੀਵਨ ਦੀਆਂ ਅਣਗਿਣਤ ਹਾਲਾਤ ਵਿਚਲੀਆਂ ਗਹਿਰਾਈਆਂ ਦੀ ਕਲਪਨਾ ਕੀਤੀ ਜਾਂਦੀ ਹੈ। ਇੱਥੇ ਕਿਸੇ ਹਾਲਾਤ ਉਪਰੰਤ ਪੈਦਾ ਹੋਣ ਵਾਲੀ ਹੋਰ ਹਾਲਾਤ ਦੀ ਕਲਪਨਾ ਕੀਤੀ ਜਾਂਦੀ ਹੈ ।

3.**ਨਵੇਂ ਸਿਰਜਨਾਤਮਕ ਕਲਪਨਾ ਤੱਤ**:- ਇਹ ਬਹੁਤ ਉੱਚ ਦਰਜੇ ਦੀ ਕਲਪਨਾ ਹੈ । ਇਸ ਵਿੱਚ ਵਿਸ਼ੇ ਵਸਤੂ ਦਾ ਢਾਂਚਾ ਬਿਲਕੁਲ ਨਵੇਂ ਰੂਪ ਵਿੱਚ ਪ੍ਰਗਟ ਹੁੰਦਾ ਹੈ। ਭਾਵੇਂ ਅਜਿਹਾ ਪ੍ਰਗਟਾ ਵਿੱਚ ਲੇਖਕ ਦਾ ਪਹਿਲਾ ਪ੍ਰਾਪਤ ਕੀਤਾ ਗਿਆਨ ਕੰਮ ਕਰ ਰਿਹਾ ਹੁੰਦਾ ਹੈ ।

ਸ਼ੈਲੀ ਤੱਤ:- ਇਹ ਸਾਹਿਤ ਦਾ ਅਤਿ ਮਹੱਤਵਪੂਰਨ ਤੱਤ ਹੈ। ਜੇ ਸਾਹਿਤ ਦੇ ਉਪਰੋਕਤ ਤੱਤਾਂ ਨੂੰ ਸਾਹਿਤ ਦੀ ਆਤਮਾ ਮੰਨ ਲਿਆ ਜਾਵੇ ਤਾਂ ਸ਼ੈਲੀ ਤੱਤ ਨੂੰ ਉਸ ਦਾ ਸਰੀਰ ਮੰਨਿਆ ਜਾਵੇਗਾ। ਜਿਸ ਤਰ੍ਹਾਂ ਸਰੀਰ ਤੋਂ ਬਿਨਾਂ ਆਤਮਾ ਨਹੀਂ ਟਿੱਕ ਸਕਦੀ ਉਸੇ ਤਰ੍ਹਾਂ ਸ਼ੈਲੀ ਬਿਨ੍ਹਾਂ ਉਪਰੋਕਤ ਤੱਤ ਹੋਂਦ ਵਿੱਚ ਨਹੀਂ ਆ ਸਕਦੇ। ਸ਼ੈਲੀ ਨੂੰ ਵਿਚਾਰਾਂ ਦੇ ਪ੍ਰਗਟਾਵੇ ਦਾ ਢੰਗ ਕਿਹਾ ਜਾਂਦਾ ਹੈ । ਵੱਖ ਵੱਖ ਵਿਦਵਾਨਾਂ ਨੇ ਸ਼ੈਲੀ ਸਬੰਧੀ ਵਿਚਾਰ ਪ੍ਰਗਟਾਏ ਹਨ -

ਕਿਸੇ ਸਾਹਿਤਕ ਰਚਨਾ ਦੀ ਮੂਲ ਸਮੱਗਰੀ (ਕੱਚਾ ਮਸਾਲਾ) ਸ਼ੈਲੀ ਦੁਆਰਾ ਹੀ ਪ੍ਰਗਟ ਹੁੰਦਾ ਹੈ ।

ਪਲੈਟੋ ਦਾ ਵਿਚਾਰ:-

ਜਦੋਂ ਵਿਚਾਰ ਨੂੰ ਲਿਖਤਾਂ ਦਾ ਰੂਪ ਦਿੱਤਾ ਜਾਂਦਾ ਹੈ ਤਾਂ ਸ਼ੈਲੀ ਬਣ ਜਾਂਦੀ ਹੈ ।

ਪੋਪ ਦਾ ਵਿਚਾਰ ਹੈ:-

'ਸੈਲੀ ਵਿਚਾਰਾਂ ਦੀ ਪੁਸ਼ਾਕ ਹੈ ।'

ਕਾਰਲਾਇਲ ਦਾ ਵਿਚਾਰ ਹੈ:-

'ਸ਼ੈਲੀ ਨਿਰਾ ਕੱਜਣ ਦਾ ਕੱਪੜਾ ਨਹੀਂ, ਇਹ ਤਾਂ ਤਨ ਦੀ ਉਹ ਚਮੜੀ
ਹੈ ਜੋ ਤਨ ਨਾਲੋਂ ਵੱਖ ਨਹੀਂ ਕੀਤੀ ਜਾ ਸਕਦੀ।'

ਸ਼ੈਲੀ ਦਾ ਅਸਲ ਸੰਬੰਧ ਸ਼ਖ਼ਸੀਅਤ ਨਾਲ ਹੁੰਦਾ ਹੈ। ਸ਼ੈਲੀ ਸ਼ਖ਼ਸੀਅਤ ਅਨੁਸਾਰ ਹੀ ਹੋਂਦ ਵਿੱਚ ਆਉਂਦੀ ਹੈ। ਮਨੁੱਖ ਹੀ ਸ਼ੈਲੀ ਹੈ। 'style is the man' ਵਾਕ ਬੜਾ ਪ੍ਰਚੱਲਿਤ ਹੈ ਜੋ ਸ਼ੈਲੀ ਦੀ ਸ਼ਖ਼ਸੀਅਤ ਦੇ ਸਬੰਧਾਂ ਨੂੰ ਪ੍ਰਗਟਾਉਂਦਾ ਹੈ ਲੇਖਕ ਆਪਣੀ ਸ਼ਖ਼ਸੀਅਤ ਅਨੁਸਾਰ ਸ਼ਬਦਾਂ ਦੀ ਚੋਣ ਤੇ ਜੜ੍ਹਤਾ ਕਰਦਾ ਹੈ। ਲੇਖਕ ਦੀ ਸ਼ਖ਼ਸੀਅਤ ਤੇ ਸ਼ੈਲੀ ਦਾ ਸਬੰਧ ਉਸ ਦੀ ਚਮੜੀ ਤੇ ਆਤਮਾ ਦਾ ਸਬੰਧ ਵਰਗਾ ਹੁੰਦਾ ਹੈ। ਸ਼ਖ਼ਸੀਅਤ ਦਾ ਅੰਦਾਜ਼ਾ ਸ਼ੈਲੀ ਤੋਂ ਲਗਾਇਆ ਜਾਂਦਾ ਹੈ । ਸ਼ਖ਼ਸੀਅਤ ਅਨੁਸਾਰ ਸ਼ੈਲੀ ਕਈ ਤਰ੍ਹਾਂ ਦੀ ਹੁੰਦੀ ਹੈ। ਚਿੱਤਰਾਤਮਕ ਸ਼ੈਲੀ, ਭਾਵਨਾਤਮਿਕ ਸ਼ੈਲੀ, ਵਿਵੇਚਨਾਤਮਕ ਸ਼ੈਲੀ ,ਬੌਧਿਕ ਤੇ ਵਰਣਾਤਮਕ ਸ਼ੈਲੀ। ਇਸ ਤਰ੍ਹਾਂ ਉਪਰੋਕਤ ਪੇਸ਼ ਕੀਤੇ ਗਏ ਚਾਰ ਤੱਤ ਸਾਹਿਤ ਦੇ ਅਤਿ ਮਹੱਤਵਪੂਰਨ ਬੁਨਿਆਦੀ ਤੱਤ ਹਨ। ਜਿਨ੍ਹਾਂ ਤੋਂ ਬਿਨਾਂ ਸਾਹਿਤ ਦੀ ਸਿਰਜਣਾ ਨਹੀਂ ਹੋ ਸਕਦੀ। ਅਜਿਹੇ ਤੱਤਾਂ ਦੀ ਹੋਂਦ ਸਾਹਿਤ ਨੂੰ ਸਦੀਵੀ ਬਣਾ ਦਿੰਦੀ ਹੈ। ਇਨ੍ਹਾਂ ਤੱਤਾਂ ਵਿਚਲੀ ਛੋਟੀ ਮੋਟੀ ਘਾਟ ਸਾਹਿਤ ਵਿਚਲੀ ਸਦੀਵਤਾ ਵਿੱਚ ਰੁਕਾਵਟ ਖੜ੍ਹੀ ਕਰਦੀ ਹੈ ।

## ਸਾਹਿਤ ਦਾ ਪ੍ਰਯੋਜਨ:

ਸਾਹਿਤ ਦੇ ਮੰਤਵ ਤੇ ਪ੍ਰਯੋਜਨ ਬਾਰੇ ਵੱਖ -ਵੱਖ ਚਿੰਤਕਾਂ ਦੇ ਵਿਭਿੰਨ ਵਿਚਾਰ ਹਨ। ਹਰ ਮਕਸਦ ਜਾਂ ਮੰਤਵ ਆਪਣੇ ਆਪ ਵਿਚ ਮਹੱਤਵਪੂਰਨ ਹੈ। ਇਸ ਪ੍ਰਕਾਰ ਸਾਹਿਤ ਦੇ ਪ੍ਰਯੋਜਨ ਨੂੰ ਹੇਠ ਲਿਖੇ ਮੁੱਖ ਸਿਧਾਂਤਾਂ ਦੇ ਅੰਤਰਗਤ ਵਿਚਾਰਿਆ ਜਾ ਸਕਦਾ ਹੈ।

ੳ. ਸੱਚ ਦਾ ਪ੍ਰਗਟਾਵਾ

ਅ. ਸਾਹਿਤ ਦਾ ਪ੍ਰੇਣਾਤਮਕ ਹੋਣਾ

ੲ. ਕੈਥਾਰਸਿਸ ਨਿਕਾਸ

ਸ. ਜੀਅ ਪ੍ਰਚਾਵੇ ਅਤੇ ਆਨੰਦ ਪ੍ਰਾਪਤੀਦਾ ਸਿਧਾਂਤ

### ਸੱਚ ਦਾ ਪ੍ਰਗਟਾਵਾ:

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਕਥਨ ਹੈ

ਸਚ ਕੀ ਬਾਣੀ ਨਾਨਕ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ।।

ਨਿਸਚਯ ਹੀ ਸਾਹਿਤ ਦਾ ਇਕ ਜ਼ਰੂਰੀ ਮੰਤਵ ਸਮਾਜ ਵਿਚ ਲੁਕੇ ਹੋਏ ਜਾਂ ਲੁਕਾਏ ਹੋਏ ਸੱਚ ਦਾ ਪ੍ਰਗਟਾਵਾ ਕਰਨਾ ਮੰਨਿਆ ਗਿਆ ਹੈ। ਲੇਖਕ ਅਜਿਹਾ ਤੀਖਣ ਸੂਝ ਵਾਲਾ ਅਜਿਹਾ ਵਿਸ਼ਿਸ਼ਟ ਤੇ ਪ੍ਰਤਿਭਾਸ਼ਾਲੀ ਵਿਅਕਤੀ ਹੁੰਦਾ ਹੈ;ਜਿਸ ਦੀ ਨਜ਼ਰ ਕਈ ਮਖੌਟਿਆਂ ਨੂੰ ਪਾੜ ਕੇ ਜ਼ਿੰਦਗੀ ਦੀ ਅਸਲ ਤਹਿ ਤੱਕ ਪਹੁੰਚ ਜਾਂਦੀ ਹੈ। ਵਕਤ ਦੀਆਂ ਸਰਕਾਰਾਂ ਜਿਸ ਸੱਚ ਨੂੰ ਦਬਾਉਂਦੀਆਂ ਹਨ ;ਸੱਚ ਦਾ ਸਾਥ ਦੇਣ ਤੋਂ ਝਿਜਕਦੀਆਂ ਹਨ; ਸਮਾਜ, ਭਾਈਚਾਰਕ ਤੇ ਪਰਿਵਾਰਿਕ ਹਿੱਤਾਂ ਲਈ ਜਿਸ ਸੱਚ ਨੂੰ ਦਬਾਉਂਦੀਆਂ ਹਨ; ਸਾਹਿਤਕਾਰ ਦੀ ਨਜ਼ਰ ਬੜੀ ਨਿਡਰਤਾ ਨਾਲ ਅਜਿਹੇ ਸੱਚ ਦਾ ਪ੍ਰਕਾਸ਼ ਕਰਦੀ ਹੈ।

ਮਨੁੱਖ ਦਾ ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਚੰਗਿਆਈ ਤੇ ਬੁਰਿਆਈ,ਨੇਕੀ ਤੇ ਬਦੀ ਵਿਚਕਾਰ ਸ਼ੁਰੂ ਤੋਂ ਹੀ ਜੰਗ ਚੱਲਦੀ ਰਹੀ ਹੈ। ਹਰ ਯੁਗ ਵਿਚ ਰਾਮ ਤੇ ਰਾਵਣ ਦੇ ਛੋਟੇ-ਵੱਡੇ ਭਰਾ ਵੱਖਰੇ ਵੱਖਰੇ ਨਾਵਾਂ ਨਾਲ ਵੱਖ-ਵੱਖ ਥਾਵਾਂ ਤੇ ਵਿਚਰ ਰਹੇ ਹਨ। ਆਧੁਨਿਕ ਰਾਵਣ ਤੇ ਉਸ ਵਰਗੀਆਂ ਅਨੇਕਾਂ ਮਾਰੂ ਤਾਕਤਾਂ ਨੇ ਨੇਕੀ , ਸੱਚ, ਨੈਤਿਕਤਾ ਤੇ ਸਮਾਜਕਤਾ ਦਾ ਮਖੌਟਾ ਪਹਿਨਿਆ ਹੋਇਆ ਹੈ। ਮਖੌਟਿਆਂ ਨੂੰ ਤਿੜਕਾਉਣਾ ਤੇ ਅਸਲੀਅਤ ਨੂੰ ਪ੍ਰਗਟਾਉਣਾ ਸਾਹਿਤਕਾਰ ਦੇ ਹਿੱਸੇ ਆਇਆ ਹੈ।

ਸੱਚ ਦੀ ਪੇਸਕਾਰੀ ਦੀ ਮਹਤੱਤਾ ਨੂੰ ਹੇਠ ਲਿਖੀਆਂ ਸਤਰਾਂ ਤੋਂ ਸਹਿਜੇਹੀ ਸਮਝਿਆ ਜਾ ਸਕਦਾ ਹੈ

ਕੁਝ ਕਿਹਾ ਤਾਂ ਹਨੇਰਾ ਜ਼ਰੇਗਾ ਕਿਵੇਂ

ਚੁੱਪ ਰਿਹਾ ਤਾਂ ਸ਼ਮਾਦਾਨ ਕੀ ਕਹਿਣਗੇ।

ਗੀਤ ਦੀ ਮੌਤ ਇਸ ਰਾਤ ਜੇ ਹੋ ਗਈ

ਮੇਰਾ ਜੀਣਾ ਮੇਰੇ ਯਾਰ ਕਿੰਝ ਸਹਿਣਗੇ।

## ਸਾਹਿਤ ਦਾ ਪ੍ਰੇਣਾਤਮਕ ਹੋਣਾ:

ਸਾਹਿਤ ਦਾ ਇਕ ਹੋਰ ਕਰਤੱਵ ਤੇ ਮਹਤੱਵਪੂਰਨ ਪ੍ਰਯੋਜਨ ਉਸਦਾ ਪ੍ਰੇਰਣਾਤਮਕ ਹੋਣਾ ਮੰਨਿਆ ਗਿਆ ਹੈ। ਪਾਠਕਾਂ ਤੇਸਰੋਤਿਆਂ ਨੂੰ ਕੋਈ ਸੇਧ, ਤਾਕਤ, ਹਿੰਮਤ, ਸ਼ਕਤੀ, ਪ੍ਰੇਰਣਾ, ਦ੍ਰਿੜਤਾ, ਉੱਦਮ, ਸਮਰਪਣ, ਆਤਮ-ਵਿਸ਼ਵਾਸ ਆਦਿ ਭਾਵਾਂ ਨੂੰ ਦ੍ਰਿੜ ਕਰਵਾ ਕੇ ਉਸਦੀ ਜ਼ਿੰਦਗੀ ਦੇ ਸੱਚੇ-ਸੁੱਚੇ ਨੈਣ-ਨਕਸ਼ ਘੜਨ ਵਾਲਾ ਹੋਣਾ ਮੰਨਿਆ ਗਿਆ ਹੈ। ਸਾਹਿਤ ਪੜ੍ਹਨ ਨਾਲ ਪਾਠਕ ਦੀ ਸ਼ਖ਼ਸੀਅਤ ਦਾ ਨਵ ਨਿਰਮਾਣ ਹੋ ਜਾਏ; ਉਸਦੀ ਮੱਤ ਮਨ ਤੇ ਬੁੱਧੀ ਘੜੀ ਜਾਏ।

ਸਰਦਾਰ ਜਾਫਰੀ ਦਾ ਵਿਚਾਰ ਹੈ," ਸਾਹਿਤ ਮਨੁੱਖ ਨੂੰ ਚੰਗੇਰਾ ਬਣਾਉਂਦਾ ਹੈ, ਹਿੰਮਤ ਤੇ ਸ਼ਕਤੀ ਬਖ਼ਸ਼ਦਾ ਹੈ, ਸਾਹਿਤ ਦਾ ਪ੍ਰਥਮ ਕਰਤੱਵ ਮਨੁੱਖ ਦੇ ਭਾਵਾਂ ਨੂੰ ਕੇਂਦਰਿਤ ਕਰਕੇ ਇੱਕ ਨਵੇਂ ਸੱਚ ਵਿੱਚ ਢਾਲਣਾ ਹੈ ।"

ਮੈਥਿਊ ਆਰਨਾਲਡ ਦਾ ਸਾਹਿਤ ਬਾਰੇ ਮੱਤ ਹੈ," ਸਾਹਿਤ ਦਾ ਮੰਤਵ ਸਾਡੀਆਂ ਜੀਵਨ ਗੁੰਝਲਾਂ ਨੂੰ ਖੋਲ੍ਹਣਾ, ਸਾਨੂੰ ਹੌਂਸਲਾ ਦੇਣਾ ਤੇ ਡਿੱਗਣ ਤੋਂ ਬਚਾਉਣਾ ਹੈ। ਸਾਹਿਤ ਸੰਸਾਰ ਦੇ ਗਿਆਨ ਦੇ ਵਿਚਾਰਾਂ ਦਾ ਉੱਤਮ ਸਰੂਪ ਹੈ ।”

ਪ੍ਰੋ.ਪੂਰਨ ਸਿੰਘ ਅਨੁਸਾਰ:

‘ਕਵਿਤਾ ਰੂਹ ਦੀ ਪਾਲਣਾ ਕਰਦੀ ਹੈ ਸੁੱਤੀਆਂ ਕਲਾ ਜਗਾਉਂਦੀ ਹੈ,

ਦਿਲ ਦੇ ਦੀਵੇ ਬਾਲਦੀ ਹੈ ਤੇ ਸਹਾਰਾ ਦਿੰਦੀ ਹੈ।

ਮਹਾਂਕਵੀ ਰਾਵਿੰਦਰ ਨਾਥ ਟੈਗੋਰ ਅਨੁਸਾਰ:

‘ਸਾਹਿਤਕਾਰ ਦਾ ਇੱਕ ਪ੍ਰਥਮ ਕਰਤੱਵ ਹੈ ਕਿ ਉਹ ਨਵ ਜੀਵਨ ਨੂੰ ਪ੍ਰਗਟਾਏ।

ਦੇਸ਼ ਦੀ ਚੇਤੰਨਤਾ ਦੇ ਗੀਤ ਗਾਏ ਤੇ ਕਿਸੇ ਨੂੰ ਵੀ ਨਿਰਾਸ਼ ਤੇ ਨਿਕੰਮਾ ਨਾ

ਰਹਿਣ ਦੇਵੇ ।’

ਇਸ ਤਰ੍ਹਾਂ ਸਾਹਿਤ ਦਾ ਪ੍ਰੇਰਨਾਤਮਕ ਹੋਣਾ ਪਾਠਕਾਂ ਦੇ ਗਿਆਨ ਵਿੱਚ ਵਾਧਾ ਕਰਨ ਵਾਲਾ ਹੋਵੇ ਤੇ ਪਾਠਕਾਂ ਨੂੰ ਆਪਣੇ ਆਲੇ ਦੁਆਲੇ ਨੂੰ ਸੁਚੇਤ ਕਰਕੇ ਨਵੀਆਂ, ਉਸਾਰੂ ਤੇ ਉਪਯੋਗੀ ਲੀਹਾਂ ਵਾਲੇ ਪਾਸੇ ਪਾਉਣ ਵਾਲਾ ਹੋਵੇ। ਮਹਾਂਪੁਰਸ਼ਾਂ ਦੀਆਂ ਜੀਵਨੀਆਂ, ਮਹਾਨ ਲਿਖਾਰੀਆਂ ਦੀਆਂ ਮਹਾਨ ਲਿਖਤਾਂ, ਮਹਾਨ ਜੋਗੀਆਂ ਤੇ ਦੇਸ਼ਾਂ ਦੇ ਭਗਤਾਂ ਦੇ ਕਾਰਨਾਮੇ ਨੌਜਵਾਨਾਂ ਨੂੰ ਬੜੀ ਪ੍ਰੇਰਨਾ ਦਿੰਦੇ ਹਨ ਤੇ ਨਵੇਂ ਮੰਡਲਾਂ ਵਿੱਚ ਜਾਣ ਲਈ ਉਨ੍ਹਾਂ ਨੂੰ ਉਭਾਰਦੇ ਹਨ। ਜੇ ਉਨ੍ਹਾਂ ਵਿਅਕਤੀਆਂ ਦੀਆਂ ਜੀਵਨੀਆਂ ਪੜ੍ਹੀਆਂ ਜਾਣ; ਜਿੰਨ੍ਹਾਂ ਨੇ ਉਨਤੀ ਦੀ ਸਿਖ਼ਰ ਤੇ ਪਹੁੰਚ ਕੇ ਸਮਾਜ ਤੇ ਦੇਸ ਦੀ ਸੇਵਾ ਕੀਤੀ ਹੈ ਤਾ ਇਹ ਨਿਸਚਾ ਹੋ ਜਾਵੇਗਾ ਕਿ ਮੁੱਢਲੀ ਅਵੱਸਥਾ ਵਿਚ ਸਾਹਿਤ ਨੇ ਉਨ੍ਹਾਂ ਤੇ ਅਸੀਮ ਪ੍ਰਭਾਵ ਪਾਇਆ ਸੀ ਜਿਸ ਤੋਂ ਪ੍ਰੇਰਿਤ ਹੋ ਕੇ ਉਨ੍ਹਾਂ ਉੱਦਮ ਤੇ ਇੱਕ ਪ੍ਰੇਰਨਾ ਨਾਲ ਆਪਣਾ ਨਿਰਮਾਣ ਕੀਤਾ ਸੀ ।ਪ੍ਰਰੇਣਾਤਮਕ ਸਾਹਿਤ ਦੀਆਂ ਉਦਾਹਰਨਾਂ ਨੂੰ ਹੇਠ ਲਿਖੀਆਂ ਵੰਨਗੀਆਂ ਤੋਂ ਸਮਝਿਆ ਜਾ ਸਕਦਾ ਹੈ

ਹਰ ਮੋੜ ਤੇ ਸਲੀਬਾਂ, ਹਰ ਪੈਰ ਤੇ ਹਨੇਰਾ।

ਫਿਰ ਵੀ ਅਸੀਂ ਰੁਕੇ ਨਾ, ਸਾਡਾ ਵੀ ਦੇਖ ਜੇਰਾ।

ਮੈਂ ਰਾਹਾਂ ’ਤੇ ਨਹੀਂ ਤੁਰਦਾ, ਮੈਂ ਤੁਰਦਾ ਹਾਂ ਤਾਂ ਰਾਹ ਬਣਦੇ

ਯੁਗਾਂ ਤੋਂ ਕਾਫ਼ਲੇ ਆਉਂਦੇ ਇਸੇ ਸੱਚ ਦਾ ਗਵਾਹ ਬਣਦੇ।

ਜੇ ਆਈ ਪੱਤਝੜ ਤਾਂ ਫੇਰ ਕੀ ਹੈ

ਤੂੰ ਅਗਲੀ ਰੁੱਤ 'ਚ ਯਕੀਨ ਰੱਖੀਂ

ਮੈਂ ਲੱਭ ਕੇ ਕਿਤਿਓਂ ਲਿਆਉਨਾਂ ਕਲਮਾਂ

ਤੂੰ ਫੁੱਲਾਂ ਜੋਗੀ ਜ਼ਮੀਨ ਰੱਖੀ

### ਕੈਥਾਰਸਿਸ ਨਿਕਾਸ:

ਪ੍ਰਸਿੱਧ ਵਿਦਵਾਨ ਅਰਸਤੂ ਨੇ ਆਪਣੀ ਪੁਸਤਕ (The politics) ਕਾਵਿ ਸ਼ਾਸਤਰ ਵਿੱਚ ਸਾਹਿਤ ਤਾ ਇੱਕ ਪ੍ਰਯੋਜਨ ਕੈਥਾਰਸਿਸ ਮੰਨਿਆ ਹੈ ਜਿਸ ਨੂੰ ਅੰਗਰੇਜ਼ੀ ਵਿਚ Retruce ਕਿਹਾ ਜਾਂਦਾ ਹੈ ਤੇ ਪੰਜਾਬੀ ਵਿੱਚ ਇਸ ਦਾ ਸਮਾਨਾਰਥਕ ਸ਼ਬਦ "ਵਾਧੂ ਵਲਵਲਿਆਂ ਦਾ ਨਿਕਾਸ" ਕੀਤਾ ਗਿਆ ਹੈ। ਕੈਥਾਰਸਿਸ ਤੋਂ ਅਰਸਤੂ ਦਾ ਭਾਵ ਇੱਕ ਪ੍ਰਕਾਰ ਦੀ ਆਤਮਾ ਸ਼ੁੱਧੀ ਤੋਂ ਹੈ ਜਿਸ ਤਰ੍ਹਾਂ ਕੋਈ ਦੁਖੀ ਹੋ ਕੇ ਆਪਣੇ ਮਨ ਦੀ ਹਵਾੜ ਕੱਢਣ ਉਪਰੰਤ ਸ਼ਾਂਤੀ ਜਾਂ ਚੈਨ ਪ੍ਰਾਪਤ ਕਰਦਾ ਹੈ, ਇਸੇ ਤਰ੍ਹਾਂ ਸਾਹਿਤ ਦਾ ਪ੍ਰਯੋਜਨ ਭਿਅੰਕਰ ਤੇ ਡਰਾਉਣੇ ਭਾਵਾਂ ਤੇ ਦ੍ਰਿਸ਼ਾਂ ਦਾ ਪ੍ਰਦਰਸ਼ਨ ਕਰਕੇ ਪਾਠਕਾਂ ਤੇ ਦਰਸ਼ਕਾਂ ਨੂੰ ਉਨ੍ਹਾਂ ਸਥਿਤੀਆਂ ਤੇ ਅਵਸਥਾਵਾਂ ਤੋਂ ਮੁਕਤ ਕਰਵਾਉਣਾ ਹੁੰਦਾ ਹੈ । ਤਰਸ ਦੇ ਡਰ ਨੂੰ ਚਿੱਤਰ ਕੇ, ਆਪਣੇ ਪਾਤਰਾਂ ਨੂੰ ਅਤਿ ਦੁਖਦਾਇਕ ਅਵਸਥਾ ਵਿੱਚੋਂ ਲੰਘਾ ਕੇ ਉਹ ਪਾਠਕਾਂ ਦੇ ਨਿੱਜੀ ਦੁੱਖ ਨੂੰ ਘਟਾ ਵੀ ਰਿਹਾ ਹੁੰਦਾ ਹੈ ਤੇ ਵਹਾ ਵੀ ਰਿਹਾ ਹੁੰਦਾ ਹੈ। ਅਰਸਤੂ ਦੇ ਇਸ ਕੈਥਾਰਸਿਸ ਸਿਧਾਂਤ ਦੀ ਸਮਾਜਿਕ ਉਪਯੋਗਤਾ ਵੀ ਹੈ ਸਾਹਿਤ ਦੇ ਮਾਧਿਅਮ ਰਾਹੀਂ ਜਦੋਂ ਵਿਅਕਤੀ ਦੇ ਕਿੰਨੇ ਹੀ ਦੁੱਖ ਬੋਝ ਉਸ ਦੇ ਮਨ ਤੋਂ ਲੰਘ ਜਾਂਦੇ ਹਨ ਤਾਂ ਉਹ ਇੱਕ ਮਾਨਸਿਕ ਸੰਤੁਲਨ ਪ੍ਰਾਪਤ ਕਰ ਲੈਂਦਾ ਹੈ।

## ਜੀਅ ਪਰਚਾਵੇ ਅਤੇ ਆਨੰਦ ਪ੍ਰਾਪਤੀ ਦਾ ਸਿਧਾਂਤ:

ਉਨੀਵੀਂ ਸਦੀ(19ਵੀ) ਵਿੱਚ ਸਾਰੇ ਯੂਰਪ ਵਿੱਚ ਪਰ ਖਾਸ ਕਰਕੇ ਫਰਾਂਸ ਵਿੱਚ ਇਹ ਇੱਕ ਵਿਚਾਰ ਆਮ ਪ੍ਰਚਲਿਤ ਸੀ ਸਾਹਿਤ ਦਾ ਮੰਤਵ ਕੇਵਲ ਜੀ ਪਰਚਾਵਾ ਕਰਨਾ ਹੈ। ਜਿਹੜਾ ਸਾਹਿਤ ਜੀਅ ਪ੍ਰਚਾਵੇ ਤੋਂ ਬਿਨਾਂ ਹੋਰ ਮੰਤਵ ਦੀ ਪੂਰਤੀ ਕਰਦਾ ਹੈ ਉਸ ਨੂੰ ਸਾਹਿਤ ਨਹੀਂ ਮੰਨਿਆ ਜਾ ਸਕਦਾ। 'ਪੇਂਟਰ ਤੇ ਆਸਕਰ ਵਾਈਟ' ਨੇ ਇਸ ਵਿਚਾਰ ਦਾ ਜ਼ੋਰਦਾਰ ਸਮਰਥਨ ਕੀਤਾ ਹੈ । ਉਮਰੇ ਖਿਆਮ ਨੇ ਸਾਹਿਤ ਨੂੰ ਸ਼ਰਾਬ ਤੇ ਔਰਤ ਵਾਂਗ ਕੇਵਲ ਇੱਕ ਮਨ ਪਰਚਾਵੇ ਦਾ ਸਾਧਨ ਮੰਨਿਆ ।ਅਜਿਹੀ ਬਿਰਤੀ ਵਾਲੇ ਲੇਖਕਾਂ ਨੇ ਸਾਹਿਤ ਦੇ ਮਾਧਿਅਮ ਰਾਹੀਂ ਮਨੁੱਖ ਦੀ ਲਿੰਗ ਕਮਜ਼ੋਰੀ ਨੂੰ ਵੱਧ ਤੋਂ ਵੱਧ ਉਛਾਲਿਆ ਹੈ ਤੇ ਸਾਹਿਤ ਦੇ ਸਾਧਨ ਰਾਹੀਂ ਅਜਿਹੀਆਂ ਉਤੇਜਿਤ ਭਾਵਨਾਵਾਂ ਨੂੰ ਤ੍ਰਿਪਤਿਆ ਹੈ ।ਸਾਡੀ ਰਾਏ ਇਹ ਹੈ ਕਿ ਜ਼ਿੰਦਗੀ ਦੀਆਂ ਬੁਨਿਆਦੀ ਲੋੜਾਂ ਦੀ ਪੂਰਤੀ ਵਾਲੇ ਸਮਾਜ ਵਿੱਚ ਤਾਂ ਸਾਹਿਤ ਨੂੰ ਅਜਿਹੇ ਮੰਤਵ ਲਈ ਵਰਤਿਆ ਜਾ ਸਕਦਾ ਹੈ ਪਰ ਅੱਜ ਦੀ ਆਧੁਨਿਕ ਮੁਸ਼ਕਲਾਂ ਨਾਲ ਭਰੇ ਹੋਏ ਸਮਾਜ ਵਿੱਚ ਜਿੱਥੇ ਕਿ ਸ਼ਕਤੀਆਂ ਵਿਰੁਧ ਸੰਘਰਸ਼ ਕੀਤੇ ਬਿਨਾਂ ਜ਼ਿੰਦਗੀ ਜਿਉਣੀ ਮੁਹਾਲ ਹੋ ਪਈ ਹੈ, ਸਾਹਿਤ ਦਾ ਪ੍ਰਯੋਜਨ ਅਨੰਦ ਦੇਣਾ ਜਾਂ ਲੈਣਾ ਸਾਹਿਤ ਦੀ ਗੱਲ ਗਲਤ ਵਰਤੋਂ ਹੈ, ਜਿੱਥੇ ਸਾਹਿਤ ਦੀ ਗਲਤ ਵਰਤੋਂ ਹੈ ਉੱਥੇ ਜ਼ਿੰਦਗੀ ਦੀਆਂ ਕੀਮਤੀ ਘੜੀਆਂ ਦੀ ਦੁਰਵਰਤੋਂ ਵੀ ਹੈ। ਇਸ ਤਰ੍ਹਾਂ ਸੁਹਜ ਅਵਸਥਾ ਪ੍ਰਦਾਨ ਕਰਨਾ ਸਾਹਿਤ ਦਾ ਪਹਿਲਾ ਕਰਤਵ ਨਹੀਂ, ਇਸ ਨੂੰ ਤਾਂ ਕਿਸੇ ਉਚੇਰੇ ਮਹੱਤਵ ਦੀ ਪ੍ਰਾਪਤੀ ਲਈ ਸਾਧਨ ਮੰਨਿਆ ਜਾ ਸਕਦਾ ਹੈ;ਸਾਊ ਇਸਤਰੀਆਂ ਪੁਰਸ਼ਾਂ ਲਈ ਸਾਹਿਤ ਦਾ ਸੇਵਨ ਇੱਕ ਪ੍ਰਕਾਰ ਦੀ ਮਾਨਸਿਕ ਖੁਰਾਕ ਹੈ ਜਿਸ ਤੋਂ ਬਿਨਾਂ ਉਨ੍ਹਾਂ ਦੀ ਆਤਮਾ ਭੁੱਖੀ ਰਹਿ ਜਾਂਦੀ ਹੈ । ਉਨ੍ਹਾਂ ਲਈ ਸਾਹਿਤ ਕੇਵਲ ਮਨ ਦਾ ਪਰਚਾਵਾ ਹੀ ਨਹੀਂ, ਆਤਮਾ ਦੀ ਲੋੜ ਹੈ। ਕੇਵਲ ਵਕਤ ਕੱਟੀ ਜਾਂ ਸਾਧਨ ਨਹੀਂ ਦੈਨਿਕ ਜੀਵਨ ਦੀਆਂ ਅੱਵਸ਼ਕ ਮੰਗ ਵੀ ਹੈ। "ਸਾਹਿਤ ਵਿੱਚ ਸ਼ਾਂਤੀ ਦਾ ਅੰਸ਼ ਵੀ ਹੈ । ਵਿਸ਼ੇਸ਼ ਕਰਕੇ ਕਲਾਤਮਿਕ ਸਾਹਿਤ ਦੀ ਸ਼ਕਲ ਵਿੱਚ ਆਏ ਹੋਏ ਸਭ ਨੂੰ ਠੰਢ ਪੈ ਜਾਂਦੀ ਹੈ। ਉਹ ਜੀਵਨ ਤੇ ਸੰਸਾਰ ਪ੍ਰਤੀ ਵਿਸ਼ਵਾਸ ਹੀਣ ਨਹੀਂ ਹੋ ਜਾਂਦਾ। ਵਿਸ਼ਾਲ ਅਨੁਭਵ ਤੇ ਦੀਰਘ ਦ੍ਰਿਸ਼ਟੀ ਲੈ ਸਕਣ ਦੇ ਕਾਰਨ ਉਸ ਦੇ ਮਨ ਵਿੱਚ ਸਥਿਰਤਾ ਤੇ ਸ਼ਾਂਤੀ ਆ ਜਾਂਦੀ ਹੈ।

### ਸਾਰ-ਅੰਸ਼:

ਇਸ ਤਰ੍ਹਾਂ ਅਸੀਂ ਆਖਦੇ ਹਾਂ ਕਿ ਸਾਹਿਤ ਦਾ ਬੁਨਿਆਦੀ ਕਰੱਤਵ ਜ਼ਿੰਦਗੀ ਦੇ ਬਹੁ ਮੁਖੀ ਸੱਚ ਦੀ ਇਸ ਦ੍ਰਿਸ਼ਟੀ ਨਾਲ ਪੇਸ਼ਕਾਰੀ ਕਰਨਾ ਹੈ ਜਿਸ ਨਾਲ ਜ਼ਿੰਦਗੀ ਨੂੰ ਸੇਧ ਵੀ ਮਿਲੇ ਸ਼ਾਂਤੀ ਵੀ ਮਿਲੇ ਤੇ ਸੁਆਦ ਵੀ ।ਸਾਹਿਤ ਇੱਕ ਸਿਰਜਣਾਤਮਿਕ ਅਮਲ ਵਜੋਂ ਆਪਣੇ ਅੰਦਰ ਜੀਵਨ ਦੇ ਅਨੇਕ ਪ੍ਰਸੰਗਾਂ ਦੀਆਂ ਸੂਚਨਾਵਾਂ ਤੇ ਸੰਭਾਵਨਾਵਾਂ ਨੂੰ ਸਮੋਈ ਰੱਖਦਾ ਹੈ। ਸਾਹਿਤ ਦੇ ਅੰਤਰਗਤ ਤ੍ਰੈਕਾਲੀ ਸੰਭਾਵਨਾਵਾਂ ਤੇ ਸਮੀਕਰਣ ਹਾਜ਼ਰ ਨਜ਼ਰ ਆਉਂਦੇ ਹਨ। ਅਰਥਾਤ ਸਾਹਿਤ ਭੂਤਕਾਲ ਤੋਂ ਸੇਧ ਲੈਂਦਾ ਹੈਸਮਕਾਲੀਨ ਪਰਿਸਥਿਤੀਆਂ ਨੂੰ ਘੋਖਦਾ ਹੈ ਅਤੇ ਭਵਿੱਖ ਦੀਆਂ ਸੰਭਾਵਨਾਵਾਂ ਨੂੰ ਵੀ ਉਜਾਗਰ ਕਰਦਾ ਹੈ। ਇਸ ਤਰ੍ਹਾਂ ਸਾਹਿਤ ਮਨੁੱਖੀ ਜ਼ਿੰਦਗੀ ਤੇ ਮਾਨਵ ਸਮਾਜ ਦੇ ਅੰਤਰਗਤ ਇੱਕ ਅਜਿਹਾ ਵਿਆਪਕ ਅਨੁਸ਼ਾਸਨ-ਵਰਤਾਰਾ ਹੈ ਜਿਹੜਾ ਮਾਨਵ ਜੀਵਨ ਤੇ ਸਮਾਜ ਨੂੰ ਪ੍ਰਭਾਵਿਤ ਵੀ ਕਰਦਾ ਹੈ ਅਤੇ ਮੋੜਵੇਂ ਰੂਪ ਵਿੱਚ ਇਸ ਦੇ ਅਸਰ ਨੂੰ ਕਬੂਲਦਾ ਵੀ ਹੈ।

## ਮੁੱਖ/ਕੇਂਦਰੀ ਸ਼ਬਦ:

ਸਾਹਿਤਕਾਰ---ਸਿਰਜਕ/ਲਿਖਾਰੀ

ਪ੍ਰੋਯਜਨ---ਮੰਤਵ

ਅਨੁਭਵ---ਤਜੱਰਬਾ

ਕਲਪਾਨਤਮਿਕ---ਕਾਲਪਨਿਕ

ਮਾਨਸਿਕ ਸੰਤੁਲਨ---ਮਾਨਸਿਕ ਸੰਤੁਸ਼ਟੀ

ਸ਼ੈਲੀ --- ਵਿਚਾਰਾਂ ਦੇ ਪ੍ਰਗਟਾਵੇ ਦਾ ਢੰਗ

## ਸਵੈ-ਮੁਲਾਂਕਣ:

1. ਸਾਹਿਤ ਦੇ ਮਨੋਰਥ ਦਾ ਕ੍ਰਮ ਹੈ:

ੳ. ਸੱਚ ਦਾ ਪ੍ਰਗਟਾਵਾ

ਅ.ਕੈਥਾਰਸਿਸ

ੲ. ਸਾਹਿਤ ਦਾ ਪ੍ਰੇਰਣਾਤਮਕ ਹੋਣਾ

ਸ. ਜੀ ਪਰਚਾਵਾ

### ਉੱਤਰ:

ੳ----4,3,2,1

ਅ----2,4,1,3

ੲ----1,3,2,4

ਸ---1, 2, 4,3

2. ਸ਼ੈਲੀ ਵਿਚਾਰਾਂ ਦੀ ਪੁਸ਼ਾਕ ਹੈ: ਇਹ ਕਥਨ ਹੈ-

ੳ. ਪਲੈਟੋ

ਅ. ਪੋਪ

ੲ. ਅਰਸਤੂ

ਸ. ਕੋਈ ਵੀ ਨਹੀਂ

3. ਸਹੀ ਮੇਲ ਕਰੋ-ਸਹੀ

ੳ. ਕੈਥਾਰਸਿਸ----- ੳ. ਵਿਵੇਚਨਾਤਮਕ

ਅ. ਸਾਹਿਤ-------- ਅ. ਨਵ-ਸਿਰਜਨਾਤਮਕ

ੲ. ਸ਼ੈਲੀ-------- ੲ. ਆਤਮ ਸ਼ੁਧੀ

ਸ. ਕਲਪਨਾ------ ਸ. ਸ਼ਿਵਮ ਸੁੰਦਰਮ

4. ਸ਼ੈਲੀ ਸੰਬੰਧੀ ਕਿਹੜੀ ਧਾਰਨਾ ਸਹੀ ਨਹੀਂ ਹੈ

ੳ. ਜਦੋਂ ਵਿਚਾਰਾਂ ਨੂੰ ਲਿਖਤੀ ਰੂਪ ਦਿੱਤਾ ਜਾਂਦਾ ਹੈ ਤਾਂ ਸ਼ੈਲੀ ਬਣਦੀ ਹੈ।

ਅ. ਸ਼ੈਲੀ ਸਾਹਿਤ ਦਾ ਸਰੀਰ

ੲ. ਵਿਚਾਰਾਂ ਦੇ ਪ੍ਰਗਟਾਵੇ ਦਾ ਢੰਗ

ਸ. ਸ਼ੈਲੀ ਵਿਚਾਰਾਂ ਦੀ ਪੁਸ਼ਾਕ ਹੈ।

ਹ. ਸ਼ੈਲੀ ਤੇ ਸਖਸ਼ੀਅਤ ਦਾ ਸੰਬੰਧ ਨਹੀਂ ਹੁੰਦਾ

5. ਤੂੰ ਆਪਣੇ ਰੁਤਬੇ ਨੂੰ ਏਨਾ ਬੁਲੰਦ ਕਰੀਂ
ਕਿ ਹਰ ਹਨੇਰਾ ਤੈਨੂੰ ਵੇਖ ਕੇ ਤ੍ਰਭਕ ਜਾਏ
ਕਾਵਿ ਸਤਰਾ ਵਿਚ ਸਾਹਿਤ ਦਾ ਪ੍ਰਯੋਜਨ ਹੈ ---

ੳ. ਕੈਥਾਰਸਿਸ

ਅ. ਪ੍ਰੇਰਣਾਤਮਕ

ੲ. ਸੱਚ ਦਾ ਪ੍ਰਗਟਾਵਾ

ਸ. ਜੀਅ ਪਰਚਾਵਾ

**6.** ਵਾਧੂ ਵਲਵਲਿਆਂ ਦਾ ਸਿਧਾਂਤ ਜਾਂ ਆਤਮ ਸ਼ੁੱਧੀ ਕੈਥਾਰਸਿਸ ਸਿਧਾਂਤ ਦਾ ਨਿਚੋੜ ਹੈ। ਇਹ ਕਥਨ:ਹੈ

ੳ. ਸਹੀ

ਅ. ਗਲਤ

7. ਸਾਹਿਤ ਸਾਬਦਿਕ ਕਲਾ ਹੈ ਇਹ ਕਥਨ ਹੈ:

ੳ. ਸਹੀ

ਅ. ਗਲਤ

8. ਵਿਚਾਰ ਮਨ ਨਾਲ ਤੇ ਭਾਵ ਦਿਮਾਗ ਨਾਲ ਸੰਬੰਧਿਤ ਹੈ; ਇਹ ਕਥਨ ਹੈ:

ੳ. ਸਹੀ

ਅ. ਗਲਤ

9. ਕੁੰਡਾ ਜਿੰਦਾ ਮਾਰ ਕੇ ਬੂਹਾ ਢੋਇਆ ਸੀ
ਉਤੇ ਜੀ ਆਇਆਂ ਨੂੰ ਲਿਖਿਆ ਸੀ

ਕਾਵਿ ਸਤਰਾ ਵਿਚ ਸਾਹਿਤ ਦਾ ਪ੍ਰਯੋਜਨ ਹੈ

ੳ. ਕੈਥਾਰਸਿਸ

ਅ. ਪ੍ਰੇਰਣਾਤਮਕ

ੲ. ਸੱਚ ਦਾ ਪ੍ਰਗਟਾਵਾ

ਸ. ਜੀਅ ਪਰਚਾਵਾ

10. ਕੈਥਾਰਸਿਸ ਸਿਧਾਂਤ -------------------ਹੈ।

ੳ. ਵਾਧੂ ਵਲਵਲਿਆਂ ਦਾ ਵਿਕਾਸ
ਅ. ਵਾਧੂ ਵਲਵਲਿਆਂ ਦਾ ਨਿਕਾਸ
ੲ-ਵਾਧੂ ਵਲਵਲਿਆਂ ਦਾ ਵਿਨਾਸ਼

11. ਤੂ ਕਾਹੇ ਡੋਲਿਹ ਪ੍ਰਾਣੀਆਂ ਤੁਧ ਰਾਖੇਗਾ ਸਿਰਜਨਹਾਰ।।
ਇਸ ਸਤਰ ਦਾ ਪ੍ਰਯੋਜਨ ਹੈ-

ੳ. ਕੈਥਾਰਸਿਸ

ਅ. ਪ੍ਰੇਰਣਾਤਮਕ

ੲ. ਸੱਚ ਦਾ ਪ੍ਰਗਟਾਵਾ

ਸ. ਜੀਅ ਪਰਚਾਵਾ

12. ਮੈਂ ਤਾਂ ਸੀ ਸੌ ਵਾਰ ਕਿਹਾ ਇਕ ਵਾਰ ਨਾ ਆਏ ਉਹ,
ਮੈਂ ਆਉਂਦਾ ਸੌ ਵਾਰ ਜੇ ਉਸ ਇੱਕ ਵਾਰ ਕਿਹਾ ਹੁੰਦਾ
ਕਾਵਿ ਸਤਰਾ ਵਿਚ ਸਾਹਿਤ ਦਾ ਪ੍ਰਯੋਜਨ ਹੈ:

ੳ. ਕੈਥਾਰਸਿਸ

ਅ. ਪ੍ਰੇਰਣਾਤਮਕ

ੲ. ਸੱਚ ਦਾ ਪ੍ਰਗਟਾਵਾ

ਸ. ਜੀਅ ਪਰਚਾਵਾ

13. ਇਕ ਕੈਦ ਚੋ ਦੂਜੀ ਕੈਦ `ਚ ਪਹੁੰਚ ਗਈ ਏ
ਕੀ ਖੱਟਿਆ ਮਹਿੰਦੀ ਲਾ ਕੇ ਵਟਣਾ ਮਲਕੇ
ਕਾਵਿ ਸਤਰਾ ਵਿਚ ਸਾਹਿਤ ਦਾ ਪ੍ਰਯੋਜਨ ਹੈ

ੳ. ਕੈਥਾਰਸਿਸ

ਅ. ਪ੍ਰੇਰਣਾਤਮਕ

ੲ. ਸੱਚ ਦਾ ਪ੍ਰਗਟਾਵਾ

ਸ. ਜੀਅ ਪਰਚਾਵਾ

14. ਵਿਦਵਾਨ ਹਡਸਨ ਦੀ ਪੁਸਤਕ ਹੈ:

ੳ. Introduction to the study of literature

ਅ. Introduction of literature

ੲ. Introduction about literature

ਸ. Introduction about study of literature

15.ਸ਼ੈਲੀ ਦੀਆਂ ਕਿਸਮਾਂ ਹਨ

ੳ. ਚਿੱਤਰਾਤਮਕ ਸ਼ੈਲੀ ਤੇ ਭਾਵਨਾਤਮਿਕ ਸ਼ੈਲੀ

ਅ. ਵਿਵੇਚਨਾਤਮਕ ਸ਼ੈਲੀ

ੲ. ਬੌਧਿਕ ਤੇ ਵਰਣਾਤਮਕ ਸ਼ੈਲੀ

ਸ. ਉਪਰੋਕਤ ਸਾਰੇ

## ਅਭਿਆਸ ਪ੍ਰਸ਼ਨ

1. ਸਾਹਿਤ ਤੋਂ ਕੀ ਭਾਵ ਹੈ?
2. ਸਾਹਿਤ ਦੇ ਤੱਤਾਂ ਦਾ ਸੰਖੇਪ ਵਿਚ ਵਰਣਨ ਕਰੋ।
3. ਕਲਪਨਾ ਤੱਤ ਦੇ ਭੇਦਾਂ ਦਾ ਵਰਣਨ ਕਰੋ।
4. ਭਾਵ ਤੱਤ ਅਤੇ ਬੁੱਧੀ ਤੱਤ ਵਿਚ ਕੀ ਅੰਤਰ ਹੈ
5. ਸਾਹਿਤ ਦਾ ਮੁੱਖ ਪ੍ਰਯੋਜਨ ਪ੍ਰੇਰਨਾਤਮਕ ਹੋਣਾ ਹੈ ਸਪਸ਼ਟ ਕਰੋ।
6. ਸਾਹਿਤ ਦਾ ਮੁੱਖ ਉਦੇਸ਼ ਸੱਚ ਦਾ ਪ੍ਰਗਟਾਵਾ ਹੈ ਸਿੱਧ ਕਰੋ।
7. ਸਾਹਿਤ ਵਿਚ ਕੈਥਾਰਸਿਸ ਦੇ ਸਿਧਾਂਤ ਦੀ ਕੀਸਾਰਥਕਤਾ ਹੈ?
8. ਆਪਣੇ ਖੇਤਰ ਦੇ ਸਾਹਿਤ ਪ੍ਰੇਮੀਆਂ ਦੀ ਸੂਚੀ ਬਣਾਓ ਅਤੇ ਉਨ੍ਹਾਂ ਦੇ ਸਾਹਿਤ ਪ੍ਰਯੋਜਨ ਸੰਬੰਧੀ ਸਪਸ਼ਟੀਕਰਨ ਦਾ ਸਰਵੇਖਣ ਕਰੋ।

## ਸੰਦਰਭ ਪੁਸਤਕਾਂ:


- ਸਮਾਲੋਚਨਾ ਸ਼ਾਸਤਰ, ਪ੍ਰੋ. ਬ੍ਰਹਮਜਗਦੀਸ਼, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, (2011)

- ਸਾਹਿਤ ਸਾਸ਼ਤਰ, ਅਹੂਜਾ, ਰੋਸ਼ਨ ਲਾਲ (ਡਾ.), ਲਾਹੌਰ ਬੁੱਕ ਸ਼ਾਪ, ਲੁਧਿਆਣਾ, (2011)
- ਭਾਰਤੀ ਕਾਵਿ ਸ਼ਾਸਤਰ, ਲਾਹੌਰ ਬੁੱਕ ਸ਼ਾਪ, ਲੁਧਿਆਣਾ, (2011)
- ਵਾਦ ਚਿੰਤਨ, ਭੱਟੀ, ਸੁਰਜੀਤ ਸਿੰਘ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪਹਿਲਾ ਸੰਸਕਰਨ (2010)
- ਵਿਹਾਰਕ ਸਮੀਖਿਆ, ਸਤਿੰਦਰ ਸਿੰਘ, ਪੰਜਾਬੀ ਯੂਨੀਵਰਸਿਟੀ,ਪਟਿਆਲਾ, ਪੰਜਵਾਂ ਸੰਸਕਰਨ (2010)


## ਮਹੱਤਵਪੂਰਨ ਲਿੰਕ

https://punjabipedia.org/topic.aspx?txt=%E0%A8%B8%E0%A8%BE%E0%A8%B9%E0%A8%BF%E0%A8%A4

ਉੱਤਰਮਾਲਾ

| | | | | |
|---|---|---|---|---|
| 1. ੲ | 2. ਅ | 3. ੳ-ੲ, ਅ-ਸ, ੲ-ੳ, ਸ-ਅ | 4. ਹ | 5. ਅ |
| 6. ੳ | 7. ੳ | 8. ਅ | 9. ੲ | 10. ਅ |
| 11.ਅ | 12. ਸ | 13. ੳ | 14. ੳ | 15. ਸ |

DPBI502

# ਅਧਿਆਇ-2: ਰੱਹਸਵਾਦ

ਵਿਸ਼ਾ ਵਸਤੂ (Content)

1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ

## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ-

- ਰੱਹਸਵਾਦ ਦੇ ਸਰੂਪ ਅਤੇ ਵਿਭਿੰਨ ਦਿਸ਼ਾਵਾਂ ਨੂੰ ਸਮਝਣ ਦੇ ਕਾਬਲ ਹੋਣਗੇ
- ਇਸ ਗਿਆਨ ਦੁਆਰਾ ਉਹ ਸਾਹਿਤ ਤੇ ਸਮਾਜ ਦੇ ਕਾਰਜਸ਼ੀਲ ਤੱਤਾਂ ਵਿਚ ਰਹਸਵਾਦ ਦੀ ਭੂਮਿਕਾ ਦਾ ਮੁਲਾਂਕਣ ਕਰ ਸਕਣਗੇ।
- ਸਾਹਿਤ ਆਲੋਚਨਾ ਵਿਚ ਇਸ ਵਾਦ ਦੇ ਮਹੱਤਵ ਨੂੰ ਸਮਝਦੇ ਹੋਏ ਗੁਰਮਤਿ ਤੇ ਸੂਫ਼ੀ ਕਾਵਿ ਦੀ ਵਿਵੇਚਨਾ ਕਰਨ ਵਿਚ ਕਾਬਲ ਹੋਣਗੇ।

## ਪ੍ਰਸਤਾਵਨਾ:

ਪੰਜਾਬੀ ਸਾਹਿਤ ਦੇ ਵਿਚਾਰਧਾਰਿਕ ਪਰਿਪੇਖ ਨੂੰ ਸਮਝਣ ਲਈ ਵਾਦਾਂ ਦਾ ਅਧਿਐਨ ਬਹੁਤ ਜ਼ਰੂਰੀ ਹੈ। ਸਾਹਿਤ ਦੇ ਖੇਤਰ ਵਿਚ ਜਦੋਂ ਕੋਈ ਵਿਚਾਰ-ਪੱਧਤੀ ਬਾਰ-ਬਾਰ ਦ੍ਰਿੜ ਕਰਵਾਈ ਜਾਂਦੀ ਹੈ ਤੇ ਵਿਚਾਰਾਤਮਿਕ ਪੱਧਰ ਤੇ ਉਸਦੀ ਪ੍ਰਮਾਣਿਕਤਾ ਸਥਾਪਿਤ ਜੋ ਜਾਂਦੀ ਹੈ ਤਾਂ ਉਸ ਨੂੰ ਵਾਦ ਕਿਹਾ ਜਾਂਦਾ ਹੈ।ਸਾਹਿਤ ਨੂੰ ਸਮਾਜ ਦਾ ਪ੍ਰਤਿਬਿੰਬ ਜਾਂ ਦਰਪਣ ਮੰਨਿਆ ਜਾਂਦਾ ਹੈ; ਇਸ ਲਈ ਸਮਾਜ ਦੀ ਵਿਚਾਰਧਾਰਿਕ ਗਤੀ ਵਿਧੀ ਸਾਹਿਤ ਤੇ ਆਪਣਾ ਪ੍ਰਭਾਵ ਜ਼ਰੂਰ ਛੱਡਦੀ ਹੈ।ਨਿਰਸੰਦੇਹ ਸਾਹਿਤ ਤੇ ਸਮਾਜ ਦਾ ਆਪਸੀ ਸੰਬੰਧ ਅਟੁੱਟ ਤੇ ਦੁਵੱਲਾ ਹੈ।ਸਾਹਿਤ ਸਮਾਜਕ ਜੀਵਨ ਦੀ ਉਪਜ ਹੈ।ਇਸ ਕਾਰਨ ਹੀ ਸਾਹਿਤ , ਦਰਸ਼ਨ, ਰਾਜਨੀਤੀ, ਕਲਾ, ਨੈਤਿਕਤਾ ਅਤੇ ਸੰਸਕ੍ਰਿਤੀ ਵਾਂਗ ਸਮਾਜਕ

ਚੇਤੰਨਤਾ ਦਾ ਇਕ ਸਾਪੇਖ ਰੂਪ ਵਿਚ ਸੁਤੰਤਰ ਅਤੇ ਵਿਲੱਖਣ ਰੂਪ ਪ੍ਰਵਾਨ ਕੀਤਾ ਜਾਂਦਾ ਹੈ। ਸਾਹਿਤ ਵਿਚ ਉਪਜੀ ਕਿਸੇ ਵੀ ਲਹਿਰ,ਪੱਧਤੀ, ਵਾਦ ਜਾਂ ਧਾਰਾ ਦਾ ਮੂਲ ਸੋਮਾ ਕਿਸੇ ਵਿਸ਼ੇਸ਼ ਦੇਸ਼ ਅਤੇ ਕਾਲ ਵਿਚ ਜੀਵਨ ਬਤੀਤ ਕਰ ਰਹੇ ਲੋਕਾਂ ਦੇ ਸਮੁੱਚੇ ਸਮਾਜਕ ਆਰਥਿਕ, ਰਾਜਨੀਤਿਕ ਅਤੇ ਇਤਿਹਾਸਕ ਪਿਛੋਕੜ ਵਿਚ ਵਿਦਮਾਨ ਹੁੰਦਾ ਹੈ। ਰੱਹਸਵਾਦ ਦੀ ਧਰਮ, ਸਾਹਿਤ ਤੇ ਆਮ ਜੀਵਨ ਵਿਚ ਵਿਸ਼ੇਸ਼ ਮਹੱਤਾ ਹੈ।ਇਹ ਵਾਦ ਸੱਭ ਤੋਂ ਪ੍ਰਾਚੀਨ ਹੈ।ਅੱਜ ਗਲੋਬਲ ਤਕਨੀਕੀ ਕ੍ਰਾਂਤੀ ਦੇ ਯੁੱਗ ਵਿਚ ਮਨੁੱਖ ਨੇ ਨਿਰੰਤਰ ਪਦਾਰਥਕ ਵਿਕਾਸ ਕੀਤਾ ਹੈ ਪਰ ਉਹ ਆਪਣੇ ਮੂਲ ਨਾਲੋਂ ਟੁੱਟ ਕੇ ਆਪਣੀਆਂ ਜੜ੍ਹਾਂ ਲੱਭ ਰਿਹਾ ਹੈ। ਇਸ ਖੋਜ ਵਿਚ ਉਹ ਰੱਹਸਵਾਦ ਦਾ ਸਹਾਰਾ ਲੈ ਕੇ ਹੀ ਸਫਲ ਹੋ ਸਕਦਾ ਹੈ ਤੇ ਆਪਣਾ ਜੀਵਨ ਨੂੰ ਸਫਲਾ ਕਰ ਸਕਦਾ ਹੈ।

## ਵਿਸ਼ਾ ਵਸਤੂ:

ਰਹੱਸਵਾਦ ਨੂੰ ਅੰਗਰੇਜ਼ੀ ਵਿੱਚ mysticism ਫ਼ਾਰਸੀ ਵਿੱਚ ਤਸਵਫ਼ ਅਤੇ ਗੁਰਮਤਿ ਵਿੱਚ ਬ੍ਰਹਮ ਗਿਆਨ ਕਿਹਾ ਜਾਂਦਾ ਹੈ। ਭਾਰਤੀ ਦਰਸ਼ਨ ਤੇ ਸਾਹਿਤ ਵਿੱਚ ਪ੍ਰਚਲਿਤ ਸ਼ਬਦ ਰਹੱਸਵਾਦ ਹੈ। ਰਹੱਸਵਾਦ ਵਿਸ਼ਵ ਵਿਆਪੀ ਭਾਵਨਾ ਹੈ। ਭਾਰਤੀ ਦ੍ਰਿਸ਼ਟੀ ਅਨੁਸਾਰ ਰਹੱਸਵਾਦ ਦਾ ਮੁੱਢ ਵੇਦਾਂ ਤੋਂ ਬੱਝਦਾ ਹੈ। ਰਿਗਵੇਦ ਵਿੱਚ ਉਹ ਸਭ ਤੱਤ ਸ਼ਾਮਿਲ ਹਨ ਜੋ ਰਹੱਸਵਾਦ ਦੇ ਮੂਲ ਤੱਤ ਮੰਨੇ ਜਾਂਦੇ ਹਨ; ਅਦ੍ਰਿਸ਼ਟ ਸੱਤਾ ਪ੍ਰਤੀ ਜਗਿਆਸਾ ਦੀ ਤੀਬਰ ਭਾਵਨਾ ਰਹੱਸਵਾਦ ਦਾ ਮੁੱਖ ਤੱਤ ਮੰਨਿਆ ਜਾਂਦਾ ਹੈ । ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਜਿਸ ਵਿਅਕਤੀ ਨੂੰ ਰਹੱਸਵਾਦ ਦੀਆਂ ਵੱਖ ਵੱਖ ਸਥਿਤੀਆਂ ਦਾ ਗਿਆਨ ਹੋ ਜਾਂਦਾ ਹੈ ਉਹ ਇਸ ਹਰ ਗਿਆਨ ਨੂੰ ਲੋਕਾਂ ਨਾਲ ਸਾਂਝਾ ਕਰ ਸਕਦਾ ਹੈ ਪਰ ਇਹ ਇਕ ਅਜਿਹਾ ਅਨੁਭਵ ਹੈ ਜਿਸ ਨੂੰ ਸ਼ਬਦਾਂ ਰਾਹੀਂ ਨਹੀਂ ਪ੍ਰਗਟਾਇਆ ਜਾ ਸਕਦਾ :

ਹਰਿ ਗੁਨ ਕਹਿਤੇ ਕਹਿਨੁ ਨਾ ਜਾਈ ਜੈਸੀ ਗੂੰਗੇ ਕੀ ਮਿਠਿਆਈ।।

ਅਗਿਆਨ ਲੋਕਾਂ ਨੇ ਰਹੱਸਵਾਦ ਨੂੰ ਨਿਰਾ ਪੁਰਾ ਧਰਮ ਨਾਲ ਜੋੜ ਦਿੱਤਾ ਜਿਸ ਨੂੰ ਇੱਕ ਮਾਨਸਿਕ ਅਵਸਥਾ ਵੀ ਕਿਹਾ ਜਾਂਦਾ ਹੈ; ਇਹ ਸਾਧਾਰਨ ਕੋਰਾ ਅਨੁਭਵ ਸੀ ਵਿਦਵਾਨਾਂ ਨੇ ਰਹੱਸਵਾਦ ਨੂੰ ਵੱਖ ਵੱਖ ਪਰਿਭਾਸ਼ਾਵਾਂ ਦੁਆਰਾ ਪ੍ਰਗਟਾਉਣ ਦਾ ਯਤਨ ਕੀਤਾ ਹੈ:

A.C. ਬੋਕੇਟ ਅਨੁਸਾਰ:

> ਰਹੱਸਵਾਦ ਸ਼ਬਦ ਯੂਨਾਨੀ ਮਿਸਟਿਕ ਤੋਂ ਗ੍ਰਹਿਣ ਕੀਤਾ ਗਿਆ ਹੈ ਜਿਸ ਦਾ ਭਾਵ ਹੈ ਉਹ ਵਿਅਕਤੀ ਜੋ ਮੌਤ ਤੇ ਸੱਚ ਦੇ ਰਹੱਸਵਾਦੀ ਗਿਆਨ ਨੂੰ ਲੱਖਣ ਵਾਲਾ ਹੈ ।

ਕੁਮਾਰ ਯੋਗ ਅਨੁਸਾਰ:

> ਰਹੱਸਵਾਦ ਸ਼ਕਤੀ ਦਾ ਵਿਗਿਆਨ ਹੈ ।

ਐੱਸ ਐੱਨ ਦਾਸ ਗੁਪਤਾ ਅਨੁਸਾਰ Hindu Mysticism ਵਿੱਚ ਲਿਖਦੇ ਹਨ:

> ਰਹੱਸਵਾਦ ਜੀਵਨ ਦਾ ਇੱਕ ਪ੍ਰਭਾਵਸ਼ਾਲੀ ਜੀਵਨ ਸਾਕਾਰਾਤਮਿਕ ਸਿਰਜਨਾਤਮਿਕ ਉਚੇਰਾ ਤੇ ਚੰਗੇਰਾ ਸਿਧਾਂਤ ਹੈ ਇਹ ਪ੍ਰਭੂ ਪ੍ਰਮਾਤਮਾ ਨਾਲ ਚੇਤਨਾ ਸਬੰਧ ਸਥਾਪਤ ਕਰਨ ਦੀ ਵਿਧੀ ਹੈ।

ਅੰਡਰ ਹਿੱਲ ਅਨੁਸਾਰ:

> ਰਹੱਸਵਾਦ ਮਹਾਨ ਸੱਚ ਦੀ ਖੋਜ ਦਾ ਉੱਤਮ ਤੇ ਵਿਸ਼ੇਸ਼ ਰੂਪ ਹੈ ।

ਆਚਾਰੀਆ ਰਾਮ ਸ਼ੁਕਲ ਦਾ ਵਿਚਾਰ ਹੈ:

> ਰਹੱਸਵਾਦ ਆਤਮਾ ਤੇ ਪ੍ਰਮਾਤਮਾ ਦੀ ਸ਼ੁੱਧ ਮਿਲਾਪ ਦੀ ਸਾਤਵਿਕ ਅਨੁਭੂਤੀ ਹੈ।ਰਹੱਸਵਾਦ ਵਿੱਚ ਵਿਅਕਤੀਵਾਦ ਦੀ ਅਵਹੇਲਨਾ ਹੈ; ਮੈਂ ਮੈਨੂੰ ਮੇਰਾ ਆਦਿ ਸ਼ਬਦ ਅਲੋਪ ਹੋ ਜਾਂਦੇ ਹਨ ਰਹੱਸਵਾਦ ਦਾ ਮਹੱਤਵਪੂਰਨ ਪਹਿਲੂ ਪਿਆਰ ਹੈ।

ਪਰਮਾਤਮਾ ਨਾਲ ਪ੍ਰੇਮ ਉਪਰੰਤ ਹੀ ਮਿਲਾਪ ਦੀ ਅਵਸਥਾ ਪੈਦਾ ਹੋ ਸਕਦੀ ਹੈ;

ਮੇਰਾ ਮੁਝ ਮਹਿ ਕਿਛੁ ਨਹੀ ਜੋ ਕੁਝ ਹੈ ਸੋ ਤੇਰਾ॥

ਜਾਂ

ਅੰਦਰਿ ਤੂੰ ਹੈ ਬਾਹਰਿ ਤੂੰ ਹੈ

ਮੈਂ ਨਾਹੀ ਸਭ ਕਿਛੁ ਤੂ

ਸੋ ਇਸ ਪ੍ਰਕਾਰ ਰਹੱਸਵਾਦ ਆਤਮਾ ਤੇ ਪਰਮਾਤਮਾ ਦੇ ਮਿਲਾਪ ਲਈ ਪ੍ਰਸਤੁਤ ਸਥਿਤੀਆਂ ਤੇ ਸੰਭਾਵਨਾਵਾਂ ਦਾ ਵਿਵਰਣ ਹੈ। ਰਹੱਸਵਾਦ ਪ੍ਰਭੂ ਪ੍ਰੇਮ ਵਿਚ ਇੰਨਾ ਮੁਗਧ ਹੋ ਜਾਂਦਾ ਹੈ ਕਿ ਨਿੱਜੀ ਲਾਭ ਕੋਈ ਅਰਥ ਭਰਪੂਰ ਨਹੀਂ ਰਹਿ ਜਾਂਦੇ ।

ਸਭ ਪ੍ਰੇਮ ਦੇ ਪ੍ਰਵੇਸ਼ ਕਰਨ ਨਾਲ ਸੰਸਾਰਿਕ ਖੁਸ਼ੀ ਤੇ ਇੱਛਾਵਾਂ ਮਿੱਟ ਜਾਂਦੀਆਂ ਹਨ ਉੱਚਤਮ ਅਧਿਆਤਮਿਕ ਅਨੁਭੂਤੀ ਲਿਵ ਦੀ ਅਵਸਥਾ ਹੈ ਜਿਹੜੀ ਮਨੁੱਖ ਨੂੰ ਉਸ ਦੇ ਇੰਦਰੀਆਤਮਕ ਅਤੇ ਬੌਧਿਕ ਖੇਤਰ ਵਿੱਚੋਂ ਕੱਢ ਕੇ ਮਸਤੀ ਦੀ ਇੱਕ ਉਚੇਰੀ ਅਵਸਥਾ ਵਿੱਚ ਲੈ ਜਾਂਦੀ ਹੈ। ਇਹ ਗਿਆਨ ਕੇਵਲ ਸ਼ੁੱਧ ਆਤਮਾ ਵਾਲੇ ਹੀ ਗ੍ਰਹਿਣ ਕਰ ਸਕਦੇ ਹਨ। ਰਹੱਸਵਾਦ ਨੂੰ ਰੱਬੀ ਇਸ਼ਕ ਵੀ ਕਿਹਾ ਜਾਂਦਾ ਹੈ। ਰਹੱਸਵਾਦ ਮੂਲ ਰੂਪ ਦੇ ਵਿੱਚ ਅਧਿਆਤਮਕ ਅਨੁਭੂਤੀ ਹੈ; ਜਿਹੜੀ ਮੂਲ ਰੂਪ ਵਿਚ ਮਨੁੱਖ ਨੂੰ ਪਵਿੱਤਰ ਪਰਮਾਤਮਾ ਤੇ ਅਦ੍ਰਿਸ਼ ਸ਼ਕਤੀ ਨਾਲ ਜੋੜਦੀ ਹੈ। ਸੱਚਾ ਰਹੱਸਵਾਦ ਇਸ ਗੱਲ ਦਾ ਬੋਧ ਹੋ ਜਾਣਾ ਹੈ ਕਿ ਜੋ ਕੁਝ ਸਾਡੇ ਅਨੁਭਵ ਵਿੱਚ ਆਉਂਦਾ ਹੈ ਉਹ ਉਹ ਕੇਵਲ ਇੱਕ ਅੰਸ਼ ਮਾਤਰ ਹੈ ਅਰਥਾਤ ਆਪਣੇ ਵਾਸਤਵਿਕ ਰੂਪ ਵਿੱਚੋਂ ਉਹ ਆਪਣੇ ਤੋਂ ਕਿਸੇ ਵੀ ਵੱਡੀ ਵਸਤੂ ਦਾ ਪ੍ਰਤੀਕ ਮਾਤਰ ਹੈ ਫਰਾਇਡ ਦੇ ਮਨੋਵਿਗਿਆਨ ਦ੍ਰਿਸ਼ਟੀਕੋਣ ਤੋਂ ਰਹੱਸਵਾਦ ਨੂੰ ਬਿਆਨ ਕਰਦਿਆਂ ਲਿਖਿਆ ਹੈ :

'ਰਹੱਸਵਾਦ ਦੱਬੀਆਂ ਹੋਈਆਂ ਘਟਨਾਵਾਂ ਦਾ ਸੁਪਨਾ ਅਯੋਗ ਹੈ।'

ਜੱਦ ਕੇ ਮਾਰਕਸ ਨਕਲੀ ਰੂਪ ਤੇ ਕਲਪਨਾ ਵਿੱਚ ਆਤਮਾ ਦੀ ਪੂਜਾ ਨੂੰ ਰਹੱਸਵਾਦ ਦਾ ਨਾਂ ਦਿੰਦਾ ਹੈ। ਸਮੁੱਚੇ ਵਿਸ਼ਵ ਦੀ ਸਾਹਿਤ ਪਰੰਪਰਾ ਤੇ ਭਾਰਤੀ ਸਾਹਿਤ ਪਰੰਪਰਾ ਵਿੱਚ ਰਹੱਸਵਾਦ ਨੂੰ ਇੱਕ ਵਿਸ਼ੇਸ਼ ਸਾਹਿਤਕ ਰੁਚੀ ਵਜੋਂ ਪ੍ਰਵਾਨ ਕੀਤਾ ਗਿਆ ਹੈ। ਰਹੱਸਵਾਦ ਤੋਂ ਭਾਵ ਹੈ ਭੇਟ ਰਾਜ ਜਾਂ ਗੂੜ ਗਿਆਨ । ਕਿਸੇ ਰਚਨਾ ਦਾ ਦਾਰਸ਼ਨਿਕ ਆਧਾਰ ਜਿਨ੍ਹਾਂ ਦ੍ਰਿੜ੍ਹ, ਪ੍ਰਮਾਣਿਕ ਤੇ ਜਿੰਨ੍ਹਾਂ ਸਥਾਈ ਹੁੰਦਾ ਹੈ ਉਨ੍ਹੀ ਹੀ ਰਚਨਾ ਵਿਚ ਸਜੀਵਤਾ ਪੈਦਾ ਹੁੰਦੀ ਹੈ।

ਜਦੋਂ ਕੋਈ ਵਿਚਾਰ ਬੌਧਿਕਤਾ ਨੂੰ ਪਾਰ ਕਰਕੇ ਸਿਧਾਂਤਕ ਰੂਪ ਗ੍ਰਹਿਣ ਕਰ ਲੈਂਦਾ ਹੈ ਤਾਂ ਵਾਦ ਬਣ ਜਾਂਦਾ ਹੈ ਇਉਂ ਰਹੱਸਵਾਦ ਤੋਂ ਭਾਵ ਕਿਸੇ ਅਤਿਅੰਤ ਗੂੜ ਰਾਜ ਭਰੀ ਅਤੇ ਭੇਦਭਰੀ ਘਟਨਾ ਜਾਂ ਗੱਲ ਵਿਅਕਤੀ ਜਾਂ ਪ੍ਰਸਥਿਤੀ ਸਬੰਧੀ ਕੀਤੀ ਗੂੜ ਤੇ ਸਿਧਾਂਤਕ ਚਰਚਾ ਨੂੰ ਕਿਹਾ ਜਾਂਦਾ ਹੈ।

ਅੰਡਰ ਹਿੱਲ ਦੇ ਅਨੁਸਾਰ:

> ਰਹੱਸਵਾਦ ਉਤਕ੍ਰਿਸ਼ਟ ਤੇ ਸੰਪੂਰਨ ਜੀਵਨ ਲਈ ਕੀਤੀ ਗਈ ਇੱਕ ਅਤਿਅੰਤ ਵਿਸ਼ਿਸ਼ਟ ਪ੍ਰਣਾਲੀ ਹੈ ਅਤੇ ਇਹ ਮਨੁੱਖੀ ਚੇਤਨਾ ਦੀ ਇਕ ਸਥਾਈ ਵਿਸ਼ੇਸ਼ਤਾ ਹੈ ।

ਰਹੱਸਵਾਦ ਇੱਕ ਵਿਸ਼ੇਸ਼ ਪ੍ਰਕਾਰ ਦੀ ਅਨੁਭੂਤੀ ਹੈ। ਵਿਲੀਅਮ ਜੇਮਜ਼ ਨੇ ਇਸ ਅਨੁਭੂਤੀ ਨੂੰ ਰਹੱਸਵਾਦ ਦਾ ਨਾਂ ਦਿੱਤਾ ਹੈ; ਜਿਸ ਵਿੱਚ ਅਸੀਂ ਨਾ ਕੇਵਲ ਕਿਸੇ ਨਿਰਪੱਖ ਸੱਤਾ ਨਾਲ ਇਕ ਰੂਪ ਹੋ ਜਾਂਦੇ ਹਾਂ ਸਗੋਂ ਅਜਿਹੀ ਇੱਕਰੂਪਤਾ ਦਾ ਆਭਾਸ ਵੀ ਸਾਨੂੰ ਹੁੰਦਾ ਹੈ।

ਪ੍ਰੋਫੈਸਰ ਆਰ. ਕੇ. ਰਨਾਡੇ. ਦਾ ਕਥਨ ਹੈ:

> ਰਹੱਸਵਾਦ ਦਾ ਅਰਥ ਈਸ਼ਵਰ ਨਾਲ ਏਕਤਾ ਪ੍ਰਾਪਤ ਕਰਕੇ ਮਨੁੱਖੀ ਰੂਹ ਅਕਹਿ ਸੁੱਖ ਦਾ ਅਨੁਭਵ ਕਰਦੀ ਹੈ ਇੱਕ ਹੋਰ ਵਿਦਵਾਨ ਅਨੁਸਾਰ ਰਹੱਸਵਾਦ ਇੱਕ ਪਰਮ ਸੁੰਦਰ ਅਤੇ ਸ਼ਕਤੀ ਦਾ ਅਧਿਆਤਮਕ ਅਨੁਭਵ ਹੈ ਜੋ ਜੀਵਤ ਵਿਅਕਤੀਗਤ ਹਉਮੈ ਨੂੰ ਸਮਾਪਤ ਕਰਕੇ ਉਸ ਦੀ ਆਤਮਾ ਨੂੰ ਇੱਕ ਵਿਆਪਕ ਪ੍ਰਕਾਸ਼ ਵਿੱਚ ਲੀਨ ਕਰ ਦਿੰਦਾ ਹੈ ।

ਮੱਧਕਾਲੀ ਸਾਹਿਤ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਭਗਤ ਕਬੀਰ ਜੀ ਦਾ ਜ਼ਿਕਰ ਬਹੁਤ ਜ਼ਰੂਰੀ ਹੋ ਜਾਂਦਾ ਹੈ ਆਪ ਉਨ੍ਹਾਂ ਮਹਾਨ ਹਸਤੀਆਂ ਦੇ ਵਿੱਚ ਮੌਲਿਕ ਸਥਾਨ ਰੱਖਦੇ ਹਨ ਜਿਨ੍ਹਾਂ ਨੇ ਆਤਮਾ ਤੇ ਪਰਮਾਤਮਾ ਦੇ ਮਿਲਾਪ ਲਈ ਨਾ ਕੇਵਲ ਸਥਿਤੀਆਂ ਦਾ ਵਰਣਨ ਕੀਤਾ ਬਲਕਿ ਉਨ੍ਹਾਂ ਸੰਭਾਵਨਾਵਾਂ ਨੂੰ ਸਾਕਾਰ ਕਰਕੇ ਦਿਖਾਇਆ ।ਗੁਰੂ ਨਾਨਕ ਦੇਵ ਜੀ ਨੇ ਜਪਜੀ ਸਾਹਿਬ ਦੇ ਅੰਦਰ ਮੂਲ ਮੰਤਰ ਵਿੱਚ ਈਸ਼ਵਰ ਦੀ ਇੱਕ ਅਜਿਹੀ ਪਰਿਭਾਸ਼ਾ ਦਿੱਤੀ ਹੈ; ਜਿਸ ਵਿੱਚ ਰਹੱਸਵਾਦ ਬੌਧਿਕਤਾ ਤੇ ਭਾਵਨਾ ਦਾ ਸੁੰਦਰ ਸੁਮੇਲ ਹੈ:

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ
ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ
ਗੁਰਪ੍ਰਸਾਦਿ॥

ਪੱਛਮੀ ਸਾਹਿਤ ਵਿੱਚ ਰਹੱਸਵਾਦ ਦਾ ਸਥਾਨ ਬਹੁਤ ਉੱਚਾ ਮੰਨਿਆ ਹੈ ਮਿਸਾਲ ਦੇ ਤੌਰ ਤੇ ਮਿਲਟਨ ਦੀ ਪੁਸਤਕ 'ਪੈਰਾਡਾਈਜ਼ ਲੋਸਟ' ਇੱਕ ਅਜਿਹਾ ਮਹਾਂਕਾਵਿ ਹੈ ਜਿਸ ਵਿੱਚ ਇਸ ਕਵੀ ਨੇ ਸੰਸਾਰ ਦੇ ਆਰੰਭ ਵਿੱਚ ਪਾਪ ਤੇ ਬੁਰਾਈ ਦੀ ਉੱਤਪਤੀ ਤੇ ਮਨੁੱਖ ਰਾਹੀਂ ਰੱਬੀ ਕਾਨੂੰਨ ਨੂੰ ਤੋੜਨ ਕਾਰਨ ਉਸਦਾ ਸਵਰਗ ਵਿੱਚੋਂ ਬਾਹਰ ਕੱਢਿਆ ਜਾਣਾ ਆਦਿ ਵਿਸ਼ਿਆਂ ਉੱਤੇ ਚਾਨਣਾ ਪਾਇਆ ਹੈ ਇੱਕ ਇਹ ਅਜਿਹੇ ਵਿਸ਼ੇ ਹਨ ਜਿਨ੍ਹਾਂ ਨੂੰ ਲੈ ਕੇ ਬਾਅਦ ਵਿੱਚ ਅੰਗਰੇਜ਼ੀ ਤੇ ਅਮਰੀਕਨ ਲੇਖਕਾਂ ਨੇ ਬਹੁਤ ਸਾਰੇ ਨਾਟਕ ਨਾਵਲ ਤੇ ਕਵਿਤਾਵਾਂ ਲਿਖੀਆਂ। ਅੰਗਰੇਜ਼ੀ ਦੇ ਕਵੀ ਵਿਲੀਅਮ ਵਰਡਜ਼ਵਰਥ ਨੇ ਕੁਦਰਤ ਵਿਚ ਕਾਦਰ ਦੀ ਝਲਕ ਵੇਖੀ। ਠੀਕ ਉਸੇ ਪ੍ਰਕਾਰ ਹੀ ਜਿਸ ਤਰ੍ਹਾਂ ਪੰਜਾਬੀ ਦੇ ਕਵੀ ਭਾਈ ਵੀਰ ਸਿੰਘ ਨੇ। ਭਾਈ ਵੀਰ ਸਿੰਘ ਤੇ ਵਰਡਸਵਰਥ ਦੀ ਕਵਿਤਾ ਵਿੱਚ ਰਹੱਸਵਾਦੀ ਅਨੁਭਵ ਕੁੱਟ ਕੁੱਟ ਕੇ ਭਰਿਆ ਹੋਇਆ ਹੈ ਉਹ ਪ੍ਰਕਿਰਤੀ ਦੇ ਸੁੰਦਰ ਤੇ ਸ਼ਾਂਤਮਈ ਚਿੱਤਰ ਪੇਸ਼ ਕਰਕੇ ਹੀ ਸੰਤੁਸ਼ਟ ਨਹੀਂ ਹੁੰਦੇ ਸਗੋਂ ਉਸ ਦਾ ਟੀਚਾ ਤਾਂ ਬਾਹਰਲੇ ਰੂਪ ਦੀ ਤੈਹਾਂ ਵਿੱਚ ਰੱਬੀ ਨੂਰ ਦੀ ਝਲਕ ਵੇਖਣਾ ਸੀ। ਉਸ ਦਾ ਇਹ ਦ੍ਰਿੜ੍ਹ ਵਿਸ਼ਵਾਸ ਸੀ ਕਿ ਪਰਮਾਤਮਾ ਅਤੇ ਉਸ ਦਾ ਨੂਰ ਇਹ ਬ੍ਰਹਿਮੰਡ ਦੇ ਕਣ ਕਣ ਵਿਚ ਮੌਜੂਦ ਹੈ ।

ਵਰਡਜ਼ਵਰਥ ਅਨੁਸਾਰ ਸਮੁੱਚਾ ਸੰਸਾਰ ਪਿਆਰ ਦੀ ਕਿਰਿਆਸ਼ੀਲ ਤੰਦ ਨਾਲ ਬੰਨ੍ਹਿਆ ਹੋਇਆ ਹੈ। ਹਰ ਇੱਕ ਫੁੱਲ, ਬੱਦਲ, ਹਰ ਇਕ ਨਦੀ ਤੇ ਪਹਾੜੀ ਪਹਾੜੀਆਂ ਦੀਆਂ ਚੋਟੀਆਂ ਰੁੱਖ ਤੇ ਉਨ੍ਹਾਂ ਨੂੰ ਚੁੰਮਦੀਆਂ ਹਵਾਵਾਂ ਤੇ ਉਨ੍ਹਾਂ ਵਿੱਚ ਨਿਵਾਸ ਕਰਦੇ ਪੰਛੀ ਹਰ ਇੱਕ ਦਾ ਆਪੋ ਆਪਣਾ ਜੀਵਨ ਹੈ; ਇਹ ਇਕ ਦੂਜੇ ਨੂੰ ਪਿਆਰ ਤੇ ਸਦਭਾਵਨਾ ਵੰਡਦੇ ਹੋਏ ਆਨੰਦ ਦਾ ਅਨੁਭਵ ਕਰਦੇ ਹਨ। ਸਾਹਿਤ ਸ਼ਾਸਤਰੀਆਂ ਦੀਆਂ ਉਪਰੋਕਤ ਪਰਿਭਾਸ਼ਾਵਾਂ ਤੇ ਆਧਾਰਿਤ ਰਹੱਸਵਾਦ ਨੂੰ ਇਸ ਤਰ੍ਹਾਂ ਪ੍ਰਗਟਾਇਆ ਜਾ ਸਕਦਾ ਹੈ ਕਿ ਰਹੱਸਵਾਦ ਦੀ ਸਥਿਤੀ ਵਿੱਚ ਉਹ ਆਪਣੇ ਆਪ ਨੂੰ ਇਕੱਲਾ ਪਾਉਂਦਾ ਹੈ। ਉਸ ਦੀ ਲਗਨ ਅਭੇਦਤਾ ਦੀ ਸਥਿਤੀ ਤੱਕ ਨਹੀਂ ਪੁੱਜਦੀ। ਸੋ ਉਹ ਨਿੱਜੀ ਪ੍ਰਯਤਨਾਂ ਨੂੰ ਛੱਡ ਕੇ ਪੂਰੀ ਤਰ੍ਹਾਂ ਆਪਣੇ ਆਪ ਨੂੰ ਪ੍ਰਮਾਤਮਾ ਦੇ ਚਰਨਾਂ ਵਿੱਚ ਸਮਰਪਿਤ ਕਰਦਾ ਹੈ। ਗੁਰਮਤਿ ਸਾਹਿਤ ਵਿੱਚ ਹੀ ਇਸ ਨੂੰ ਕਰਮ ਦੀ ਸਥਿਤੀ ਕਿਹਾ ਗਿਆ ਹੈ ।

ਭਾਈ ਵੀਰ ਸਿੰਘ ਅਨੁਸਾਰ:

ਪੱਥਰ ਨਾਲ ਨਿਹੁੰ ਲਾ ਬੈਠੀ
ਨਾ ਹੱਸੇ ਨਾ ਬੋਲ ਬੋਲੇ
ਸੋਹਣਾ ਲੱਗੇ ਮਨ ਨੂੰ ਮੋਹੇ

ਘੁੰਡੀ ਦਿਲੋਂ ਨਾ ਖੋਲ੍ਹੇ

ਛੱਡਿਆ ਛੱਡਿਆ ਜਾਂਦਾ ਨਹੀਂ

ਮਿਲਿਆ ਨਿੱਘ ਨਾ ਕੋਈ

ਹਛਾ ਹੋਵੇ ਰਜ਼ਾ ਹੈ ਤੇਰੀ

ਅੱਖੀਓਂ ਰਹੇ ਨਾ ਓਹਲੇ ।

ਜੀਵ ਆਤਮਾ ਅਤੇ ਪਰਮਾਤਮਾ ਦੇ ਮਿਲਣ ਦੀ ਅਵਸਥਾ ਨੂੰ ਸੰਜੋਗ ਕਿਹਾ ਜਾਂਦਾ ਹੈ ਜਿਸ ਨੂੰ ਅੰਡਰ ਹਿਲ ਨੇ Purely Spiritual life ਨਾਂ ਦਿੱਤਾ ਹੈ । ਇਸ ਵਿੱਚ ਸਹਿਜ ਆਨੰਦ ਅਧਿਆਤਮਿਕ ਸ਼ਕਤੀ ਤੇ ਵਿਸ਼ਵਾਸ ਕਿਰਿਆਸ਼ੀਲ ਹੁੰਦੇ ਹਨ ਪਰ ਵੀਰ ਸਿੰਘ ਦੀਆਂ ਬਹੁਤ ਸਾਰੀਆਂ ਕਵਿਤਾਵਾਂ ਸੰਯੋਗ ਦੀ ਅਵਸਥਾ ਵੱਲ ਸੰਕੇਤ ਕਰਦੀਆਂ ਹਨ। ਆਪ ਦੀ ਕਵਿਤਾ 'ਅਣਡਿੱਠਾ ਰਸ ਦਾਤਾ' ਵਿੱਚ ਆਪ ਲਿਖਦੇ ਹਨ:

ਸੁਆਦ ਅਗੰਮੀ ਆਇਆ

ਰਸ ਝਰਨਾਹਟ ਛਿੜੀ

ਲੂੰ ਲੂੰ ਲਹਿਰ ਉੱਠਿਆ

ਤੇ ਕਾਂਬਾ ਮਿੱਠਾ ਜਿਹਾ ਆ ਗਿਆ

ਭਾਰਤੀ ਦਰਸ਼ਨ ਅਨੁਸਾਰ ਰਹੱਸਵਾਦ ਦਾ ਮੁੱਢ ਵੇਦਾਂ ਤੋਂ ਬੱਝਾ ਹੈ। ਰਿਗਵੇਦ ਵਿੱਚ ਉਹ ਸਾਰੇ ਤੱਤ ਮਿਲਦੇ ਹਨ ਜਿਹੜੇ ਰਹੱਸਵਾਦ ਦੇ ਮੂਲ ਤੱਤ ਮੰਨੇ ਜਾਂਦੇ ਹਨ ਉਹ ਅਦ੍ਰਿਸ਼ ਸੱਤਾ ਪ੍ਰਤੀ ਜਗਿਆਸਾ ਦੀ ਤੀਬਰ ਭਾਵਨਾ ਰਹੱਸਵਾਦ ਦਾ ਇੱਕ ਪ੍ਰਮੁੱਖ ਤੱਤ ਹੈ ਰਹੱਸਵਾਦ ਦਾ ਮੂਲ ਅਦਵੈਤਵਾਦ ਹੈ ਅਰਥਾਤ ਰੱਬ ਇੱਕ ਹੈ ਅਨੇਕ ਨਹੀਂ ਜਿਸ ਅਨੁਸਾਰ ਮੂਲ ਤੱਤ ਇੱਕੋ ਨਾਲ ਜੁੜਿਆ ਹੋਇਆ ਹੈ ਜਗਤ ਤੇ ਜੀਵਨ ਉਸ ਇੱਕ ਦਾ ਹੀ ਵਿਸਥਾਰ ਹੈ ਅਤੇ ਸੰਸਾਰ ਉਸ ਅੰਦਰ ਹੀ ਅਭੇਦ ਹੋ ਜਾਂਦਾ ਹੈ। ਨਿਆਏ ਸ਼ਾਸਤਰ ਦਾ ਵੀ ਇਹੋ ਆਧਾਰ ਹੈ।

ਅਚਾਰੀਆ ਸ਼ੁਕਲ ਨੇ ਇਸ ਦੇ ਤਿੰਨ ਭੇਦ ਦੱਸੇ ਹਨ:

1. ਗਿਆਨਆਤਮਕ ਰਹੱਸਵਾਦ
2. ਭਾਵਨਾਤਮਿਕ ਰਹੱਸਵਾਦ
3. ਸਿਰਜਨਾਤਮਕ ਰਹੱਸਵਾਦ

ਰਹੱਸਵਾਦ ਅਤੇ ਪੰਜਾਬੀ ਸਾਹਿਤ ਦੀ ਜੇ ਗੱਲ ਕਰੀਏ ਤਾਂ ਗੁਰਮਤਿ ਸਾਹਿਤ ਪੰਜਾਬੀ ਸਾਹਿਤ ਦੀ ਸਭ ਤੋਂ ਸਰਵ-ਸ੍ਰੇਸ਼ਟ ਉਦਾਹਰਨ ਹੈ।

ਜਪੁਜੀ ਸਾਹਿਬ ਵਿੱਚ ਪਰਮ ਸ਼ਕਤੀ ਦਾ ਸਰੂਪ ਸਪੱਸ਼ਟ ਕੀਤਾ ਗਿਆ ਹੈ ਇਹ ਸਦਾ ਰਹਿਣ ਵਾਲੀ ਸੱਤਾ ਹੈ।

ਆਦਿ ਸਚੁ ਜੁਗਾਦ ਸਚੁ ਹੈ ਵੀ ਸਚੁ ਨਾਨਕ ਹੋਸੀ ਭੀ ਸਚੁ

ਸੱਚ ਦਾ ਸਿਰਜਣ ਕਰਨ ਵਾਲੀ ਸ਼ੱਕਤੀ ਵੀ ਆਪਣੇ ਆਪ ਹੋਂਦ ਵਿੱਚ ਆਈ ਹੈ । ਜਿਵੇਂ ਗੁਰੂ ਨਾਨਕ ਸਾਹਿਬ ਕਹਿੰਦੇ ਹਨ:

ਥਾਪਿਆ ਨਾ ਜਾਇ ਕੀਤਾ ਨਾ ਹੋਇ ਆਪੇ ਆਪਿ ਨਿਰੰਜਨੁ ਸੋਇ॥

ਸ੍ਰਿਸ਼ਟੀ ਜਦੋਂ ਸਿਰਜੀ ਗਈ ਇਸ ਬਾਰੇ ਕੋਈ ਵੀ ਨਹੀਂ ਜਾਣਦਾ

ਕਵਣੁ ਸੁ ਵੇਲਾ ਵਖਤੁ ਕਵਣੁ ਕਵਣੁ ਥਿਤਿ ਕਵਣ ਵਾਰੁ ॥

ਮੱਧ ਯੁੱਗ ਦੀ ਅਧਿਆਤਮਿਕ ਰਹੱਸ ਅਨੁਭੂਤੀ ਵਿੱਚ ਰਾਗਾਤਮਕ ਅਤੇ ਭਾਵੁਕ ਸਾਂਝ ਪ੍ਰਬਲ ਸੀ ਇਹ ਦੋਵੇਂ ਤੱਤ ਰਹੱਸਮਈ ਕਵਿਤਾ ਦਾ ਆਧਾਰ ਹਨ ਇਹ ਸਾਰੀ ਸ੍ਰਿਸ਼ਟੀ ਉਸ ਪਰਮ ਸ਼ਕਤੀ ਦੇ ਹੁਕਮ ਵਿੱਚ ਰਹਿ ਕੇ ਹੀ ਉਸ ਦੇ ਰਹੱਸ ਦਾ ਕੀਰਤਨ ਕਰ ਰਹੀ ਹੈ ਜਿਵੇਂ ਜਪਜੀ ਸਾਹਿਬ ਵਿੱਚ ਕਿਹਾ ਗਿਆ ਹੈ ।

ਰਹੱਸਵਾਦ ਆਤਮਾ ਤੇ ਪਰਮਾਤਮਾ ਜੀਵ ਤੇ ਬ੍ਰਹਮ ਗੁਪਤ ਤੇ ਪਰਗਟ ਗਿਆਤ ਤੇ ਅਗਿਆਤ ਦੇ ਪਰਸਪਰ ਸਬੰਧਾਂ ਦੀ ਅਭਿਵਿਅਕਤੀ ਦਾ ਨਾਂ ਹੈ ਸੰਸਾਰ ਦੀ ਮੂਲ ਸ਼ਕਤੀ ਪ੍ਰਭੂ ਹੈ ਜੋ ਹੁਣ ਤੱਕ ਅਜਿਹਾ ਤਰਕ ਹੈ ਜਿਸ ਨੂੰ ਜਾਨਣ ਲਈ ਪ੍ਰਾਚੀਨ ਸਮੇਂ ਤੋਂ ਹੀ

ਮਾਨਵ ਦੀ ਤੀਬਰ ਇੱਛਾ ਰਹੀ ਹੈ ਮਨੁੱਖ ਇਸ ਪ੍ਰਾਪਤੀ ਲਈ ਵੱਖ ਵੱਖ ਵਿਧੀਆਂ ਕਰਮ ਕਾਂਡਾਂ ਤੇ ਸਥਾਨਾਂ ਤੇ ਰਸਤੇ ਅਪਣਾਉਂਦਾ ਹੈ ਜਿਸ ਵਿੱਚ ਚੜ੍ਹ ਕੇ ਇਸ ਰਹੱਸ ਨੂੰ ਅਨੁਭਵ ਕੀਤਾ ਜਾ ਸਕੇ ਪਰਮਾਤਮਾ ਤੋਂ ਪੈਦਾ ਹੋ ਕੇ ਵਿਸ਼ੇ ਵਿਕਾਰਾਂ ਵਿੱਚ ਗ੍ਰਸੇ ਜਾਣ ਉਪਰੰਤ ਵੱਖ ਵੱਖ ਤਰ੍ਹਾਂ ਨਾਲ ਸੰਤਾਪ ਭੋਗ ਰਹੇ ਮਨੁੱਖ ਮਾਤਰ ਦੀ ਮੁੜ ਆਪਣੇ ਗੁਰੂ ਤੇ ਅਸਲੇ ਨਾਲ ਸਬੰਧੀ ਹੋ ਕੇ ਪਰਮ ਆਨੰਦ ਦੀ ਅਵਸਥਾ ਵਿੱਚ ਪਹੁੰਚਣ ਦੀਆਂ ਸਥਿਤੀਆਂ ਦਾ ਪ੍ਰਗਟਾਵਾ ਹੀ ਰਹੱਸਵਾਦ ਹੈ ।

ਕਾਰਜ ਖੇਤਰ ਰਹੱਸਵਾਦ ਦੇ ਅਨੁਭਵ ਵਿੱਚ ਲੰਘਣ ਵਾਲੇ ਇਸ ਨੂੰ ਧਾਰਮਿਕ ਅਨੁਭਵ ਆਖਦੇ ਹਨ ਤੇ ਧਰਮ ਦਾ ਵਿਸ਼ਾ ਵੀ ਬਣਾਉਂਦੇ ਹਨ ਕੁਝ ਵਿਅਕਤੀ ਇਸ ਨੂੰ ਸਮਾਜਿਕ ਖੇਤਰ ਦਾ ਵਿਸ਼ਾ ਦੱਸਦੇ ਹੋਏ ਕਹਿੰਦੇ ਹਨ ਕਿ ਰਹੱਸਵਾਦ ਕੇਵਲ ਪਰਮਾਤਮਾ ਨਾਲ ਜੁੜਿਆ ਹੋਇਆ ਅਧਿਐਨ ਹੀ ਨਹੀਂ, ਜੀਵ ਤੇ ਆਤਮਾ ਦੇ ਰੂਪ ਵਿੱਚ ਮਨੁੱਖ ਵੀ ਇਸ ਵਿੱਚ ਸ਼ਾਮਿਲ ਹੈ। ਇਉਂ ਰਹੱਸਵਾਦ ਇੱਕ ਅਜਿਹੇ ਪਰਮਾਤਮਾ ਦੀ ਹੋਂਦ ਦੇ ਦਰਸ਼ਨ ਨਾਲ ਜੁੜਿਆ ਹੋਇਆ ਹੈ ਅਤੇ ਮਨੁੱਖ ਵੀ ਅਜਿਹੀ ਹੀ ਭਾਵੁਕ ਅਨੁਭੂਤੀ ਕਰਨ ਦੀ ਸ਼ਕਤੀ ਨਾਲ ਜਿਸ ਦੇ ਸਦਕਾ ਉਹ ਆਤਮਕ ਆਨੰਦ ਪ੍ਰਾਪਤ ਕਰਦਾ ਹੈ। ਇਸ ਲਈ ਇਸ ਦਾ ਕਾਰਜ ਖੇਤਰ ਮਨੁੱਖੀ ਸਮਾਜ ਬਣ ਜਾਂਦਾ ਹੈ; ਵਸਤੂ ਜਗਤ ਦੇ ਅਤੇ ਅਧਿਆਤਮਿਕ ਜਗਤ ਦੋਨਾਂ ਦੇ ਵਿੱਚ ਵਿਚਰਨ ਕਰਕੇ ਰਹੱਸਵਾਦੀ ਹੋਂਦ ਸਾਹਿਤ ਖੇਤਰ ਦੇ ਅਧਿਐਨ ਵਿੱਚ ਵਾਦ ਵਿਵਾਦ ਦਾ ਕਾਰਨ ਵੀ ਬਣਦੀ ਹੈ ਇਸ ਲਈ ਕੁਝ ਵਿਦਵਾਨ ਇਸ ਨੂੰ ਦਰਸ਼ਨ ਸ਼ਾਸਤਰ ਦਾ ਵਿਸ਼ਾ ਵੀ ਮੰਨਦੇ ਹਨ ਕੁਝ ਇਸ ਨੂੰ ਨਿਰੋਲ ਸਾਹਿਤਕ ਵਿਸ਼ਾ ਮੰਨਦੇ ਹਨ। ਸਾਹਿਤਕ ਖੇਤਰ ਵਿੱਚ ਇਸ ਦਾ ਅਧਿਐਨ ਕਵਿਤਾ ਕਰਨ ਨਾਲ ਜੁੜੇ ਹੋਏ ਮੁੱਖ ਵਾਕ ਦੇ ਤੌਰ ਤੇ ਪ੍ਰਵਾਨ ਕੀਤਾ ਜਾਂਦਾ ਹੈ ਜੋ ਪਰਮਾਤਮਾ ਦੇ ਸਿਧਾਂਤ ਸਬੰਧਾਂ ਉੱਤੇ ਵਿਸਥਾਰ ਨਾਲ ਚਰਚਾ ਕਰੇ ।

ਜਦੋਂ ਤੋਂ ਮਨੁੱਖ ਪੈਦਾ ਹੋਇਆ ਉਸ ਦੇ ਮਨ ਵਿੱਚ ਪੈਦਾ ਹੋਏ ਪ੍ਰਸ਼ਨ ਮੈਂ ਕੀ ਹਾਂ? ਕਿੱਥੋਂ ਪੈਦਾ ਹੋਇਆ ਹਾਂ ਕਿੱਥੋਂ ਆਇਆ ਹਾਂ ਦ੍ਰਿਸ਼ਟੀ ਕੀ ਹੈ? ਬ੍ਰਹਮ ਕੀ ਹੈ? ਸ੍ਰਿਸ਼ਟੀ ਦਾ ਕਰਤਾ ਕੌਣ ਹੈ? ਆਦਿ ਚਿੰਤਨ ਦਾ ਵਿਸ਼ਾ ਬਣਿਆ ਹੋਇਆ ਹੈ ਇਸ ਨੂੰ ਚਾਰ ਅਵਸਥਾਵਾਂ ਵਿੱਚ ਬਿਆਨ ਕੀਤਾ ਜਾ ਸਕਦਾ ਹੈ :

ਜਗਿਆਸਾ:

ਪ੍ਰਭੂ ਕੀ ਹੈ? ਜੀਵ ਜਗਤ ਬ੍ਰਹਿਮੰਡ ਕੀ ਹੈ? ਇਨ੍ਹਾਂ ਦਾ ਆਪਸ ਵਿੱਚ ਕੀ ਰਿਸ਼ਤਾ ਹੈ?

ਆਤਮ ਚਿੰਤਨ:

ਮੈਂ ਕੀ ਹਾਂ? ਕਿੱਥੋਂ ਆਇਆ ਹਾਂ? ਕਿੱਥੇ ਜਾਣਾ ਹੈ ?

ਵਿਛੋੜੇ ਦਾ ਅਹਿਸਾਸ:

ਪੂਰਨ ਤੋਂ ਵਿਛੜਿਆ ਹਾਂ ਪੂਰਨ ਵਿੱਚ ਅਭੇਦ ਹੋਣਾ ਹੈ ।

ਆਤਮ ਸ਼ੁੱਧੀ:

ਇਹ ਸਾਧਨਾ ਦੀ ਸ਼ਕਤੀ ਹੈ ਜਿਸ ਵਿੱਚ ਗਿਆਨ ਭਗਤੀ ਤੇ ਲੋਕ ਮਾਰਗ ਰਾਹੀਂ ਮਨ ਦੇ ਵਿਕਾਰਾਂ ਨੂੰ ਦੂਰ ਕਰਕੇ ਆਤਮਾ ਦਾ ਸ਼ੁੱਧੀਕਰਨ ਹੁੰਦਾ ਹੈ ।

ਰਹੱਸਵਾਦੀ ਅਨੁਭਵ ਅਤੇ ਇਸ ਦੀਆਂ ਸਥਿਤੀਆਂ ਨੂੰ ਇਸ ਪ੍ਰਕਾਰ ਸਮਝਿਆ ਜਾ ਸਕਦਾ ਹੈ। ਰਹੱਸਵਾਦੀ ਅਨੁਭਵ ਕੋਈ ਇਕਹਿਰੀ ਕਿਰਿਆ ਨਹੀਂ ਇਹ ਨਿਰੰਤਰ ਚੱਲਣ ਵਾਲੀ ਪ੍ਰਕਿਰਿਆ ਹੈ। ਇਸ ਦੀ ਮੰਜ਼ਿਲ ਤੱਕ ਪਹੁੰਚਣ ਲਈ ਸਾਧਕ ਨੂੰ ਵੱਖ ਵੱਖ ਅਵਸਥਾਵਾਂ ਵਿੱਚੋਂ ਲੰਘਣਾ ਪੈਂਦਾ ਹੈ ਰਹੱਸਵਾਦੀ ਸਾਧਕ ਆਪਣੇ ਲਕਸ਼ ਵੱਲ ਅਗਰਸਰ ਹੁੰਦੇ ਹੋਏ ਹੋਣ ਸਮੇਂ ਖੁਸ਼ੀ ਤੇ ਪੀੜਾ ਦੀਆਂ ਸੰਯੁਕਤ ਸਥਿਤੀਆਂ ਵਿੱਚੋਂ ਗੁਜ਼ਰਨਾ ਜਾਂ ਨਿਕਲਣਾ ਪੈਂਦਾ ਹੈ ਜੋ ਇਸ ਪ੍ਰਕਾਰ ਹਨ :

## ਪਰਿਵਰਤਨ:

ਇਹ ਸਥਿਤੀ ਮਨੁੱਖ ਨੂੰ ਦੁਨਿਆਵੀ ਧਰਾਤਲ ਨਾਲੋਂ ਤੋੜ ਕੇ ਅਧਿਆਤਮਿਕ ਖੇਤਰ ਵੱਲ ਤੋਰਦੀ ਹੈ ਇਹ ਸਥਿਤੀ ਆਪਣੇ ਆਪ ਵਿੱਚ ਪੈਦਾ ਹੋਈ ਹੈ

ਬੁੱਲ੍ਹਿਆ ਰੱਬ ਦਾ ਕੀ ਪਾਉਣਾ ਇਧਰੋਂ ਪੁੱਟਣਾ ਉਧਰ ਲਾਉਣਾ

## ਆਤਮ ਗਿਆਨ:

ਇਸ ਸਥਿਤੀ ਵਿੱਚ ਸਾਧਕ ਨੂੰ ਪਰਮਾਤਮਾ ਦੀ ਨੇੜਤਾ ਤੇ ਨੂਰ ਦੀ ਪ੍ਰਾਪਤੀ ਹੋ ਜਾਂਦੀ ਹੈ ਪਰ ਇਹ ਨੇੜਤਾ ਦੀ ਸਥਿਤੀ ਅਸਥਾਈ ਹੁੰਦੀ ਹੈ।

ਭਾਈ ਵੀਰ ਸਿੰਘ ਅਨੁਸਾਰ:

ਸੁਪਨੇ ਵਿੱਚ ਮਿਲੇ ਅਸਾਨੂੰ
ਅਸਾਂ ਧਾ ਗਲਵੱਕੜੀ ਪਾਈ
ਨਿਰਾ ਨੂਰ ਤੁਸੀਂ ਹੱਥ ਨਾ ਆਏ
ਸਾਡੀ ਕੰਬਦੀ ਰਹੀ ਕਲਾਈ ।

ਜਦੋਂ ਸਾਧਕ ਨੂੰ ਪਰਮਾਤਮਾ ਨੂਰ ਦਾ ਮਿਲਾਪ ਦਾ ਅਨੁਭਵ ਹੋ ਜਾਂਦਾ ਹੈ ਤਾਂ ਉਹ ਇਨ੍ਹਾਂ ਸਥਿਤੀਆਂ ਨੂੰ ਪ੍ਰਗਟ ਕਰਨ ਦੀ ਕੋਸ਼ਿਸ਼ ਕਰਦਾ ਹੈ ਗੁਰੂ ਸਹਿਬ ਕਹਿੰਦੇ ਹਨ:

ਗਾਵੈ ਕੋ ਤਾਣੁ ਹੋਵੈ ਕਿਸੈ ਤਾਣੁ।।
ਗਾਵੈ ਕੋ ਦਾਤਿ ਜਾਣੈ ਨੀਸਾਣੁ।।

ਇਨ੍ਹਾਂ ਵਿੱਚ ਮਿਠਾਸ, ਰਿਦਮ, ਗੁਣ, ਸੁਰ, ਇੱਕਸੁਰਤਾ ਅਤਿ ਭਾਵੁਕ ਗੁਣਾਂ ਦੀ ਸਵੇਰ ਹੈ। ਅਲੰਕਾਰ ਤੇ ਪ੍ਰਤੀਕਾਂ ਦੇ ਸੁਮੇਲ ਨਾਲ ਆਤਮਾ ਤੇ ਪਰਮਾਤਮਾ ਦੇ ਸਰੂਪ ਦਾ ਵਰਣਨ ਕੀਤਾ ਗਿਆ ਹੈ। ਆਤਮਾ ਤੇ ਪਰਮਾਤਮਾ ਦਾ ਸਬੰਧ ਪਤੀ ਪਤਨੀ ਦੇ ਰੂਪ ਵਿੱਚ ਬਿਆਨ ਕੀਤਾ ਗਿਆ ਹੈ ।ਪ੍ਰੇਮ ਦਰਸ਼ਨ ਪ੍ਰਾਪਤੀ ਦਾ ਆਧਾਰ ਹੈ:

ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ ॥

### ਮਿਲਾਪ:

ਸੰਯੋਗ ਜਾਂ ਮਿਲਾਪ ਸੀਤਲ ਅਵਸਥਾ ਹੈ :

ਮੇਰਾ ਹਰਿ ਪ੍ਰਭੁ ਸੇਜੈ ਆਇਆ ਮਨੁ ਸੁਖਿ ਸਮਾਣਾ ਰਾਮ ।।
ਗੁਰਿ ਤੁਠੈ ਹਰਿ ਪ੍ਰਭੁ ਪਾਇਆ ਰੰਗਿਰਲੀਆ ਮਾਣਾ ਰਾਮ ।।

### ਗੁਰਮਤਿ ਸਾਹਿਤ:

ਗੁਰਮਤਿ ਕਾਵਿ ਦੀ ਕੇਂਦਰੀ ਭਾਵਨਾ ਰਹੱਸਵਾਦ ਹੈ ਗੁਰੂ ਕਵੀਆਂ ਨੇ ਅਦਵੈਤਵਾਦ ਦੀ ਸਥਾਪਤੀ ਲਈ ਉਹ ਸਾਰੇ ਸਾਧਨ ਵਰਤਣ ਦੀ ਜਾਂਚ ਦੱਸੀ ਹੈ ਜਿਹੜੀ ਮਨੁੱਖ ਦੀ ਆਤਮਾ ਦੇ ਅਨੁਕੂਲ ਹਨ। ਨਿਮਰਤਾ, ਸ਼ਰਧਾ, ਭਗਤੀ, ਵਿਸ਼ਵਾਸ, ਆਤਮ ਸ਼ੁੱਧੀ, ਜਗਿਆਸਾ, ਵਿਯੋਗ ਦੀ ਤੜਫ ਤੇ ਸੰਯੋਗ ਤੋਂ ਲੈ ਕੇ ਵਿਯੋਗ ਦੀ ਰਹੱਸਵਾਦੀ ਅਨੁਭੂਤੀ ਤੱਕ। ਉਸ ਬਾਰੇ ਗੁਰੂ ਕਵੀਆਂ ਨੇ ਆਪੋ ਆਪਣੇ ਅਨੁਭਵ ਦੀ ਅਭਿਵਿਅਕਤੀ ਕੀਤੀ ।

## ਸੂਫ਼ੀ ਸਾਹਿਤ:

ਸੂਫ਼ੀ ਸਾਹਿਤ ਵਿੱਚ ਸ਼ੇਖ਼ ਫ਼ਰੀਦ, ਸ਼ਾਹ ਹੁਸੈਨ, ਬੁੱਲੇ ਸ਼ਾਹ, ਸੁਲਤਾਨ ਬਾਹੂ, ਗ਼ੁਲਾਮ ਫ਼ਰੀਦ ਆਦਿ ਸੂਫੀ ਕਵੀ ਰਹੱਸਵਾਦੀ ਭਾਵਾਂ ਨੂੰ ਪ੍ਰਗਟਾਉਂਦੇ ਹਨ।

ਫ਼ਰੀਦ ਜੀ ਅਨੁਸਾਰ:

ਅੱਜ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜ ਜਾਇ।।

ਜਾਇ ਪੁਛਹੁ ਡੋਹਾਗਣੀ ਤੁਮ ਕਿਉਂ ਰੈਣਿ ਵਿਹਾਇ ।।

ਸ਼ਾਹ ਹੁਸੈਨ ਅਨੁਸਾਰ:

ਦਰਦ ਵਿਛੋੜੇ ਦਾ ਹਾਲ ਨੀ ਮੈਂ ਕੀਹਨੂੰ ਆਖ ਸੁਣਾਵਾਂ

ਸੁਲਤਾਨ ਬਾਹੂ ਅਨੁਸਾਰ:

ਇਸ਼ਕ ਜਿਨ੍ਹਾਂ ਦੇ ਹੱਡੀ ਰਚਿਆ

ਉਹ ਫਿਰਦੇ ਚੁੱਪ ਚੁਪੀਤੇ ਹੂ

ਬੁੱਲ੍ਹੇ ਸ਼ਾਹ ਅਨੁਸਾਰ:

ਆਓ ਨੀ ਸਈਓਂ ਰੱਲ ਦੇਵੋ ਨੀ ਵਧਾਈ

ਮੈਂ ਵਰ ਪਾਇਆ ਰਾਂਝਾ ਮਾਹੀ

ਇਹ ਰੂਪ ਸੂਫ਼ੀ ਰਹੱਸਵਾਦ ਦੀ ਚਰਮ ਸੀਮਾ ਹੈ, ਜਿਸ ਵਿੱਚ ਵੱਖ ਵੱਖ ਅਵਸਥਾਵਾਂ ਨੂੰ ਸ਼ਰੀਅਤ, ਤਰੀਕਤ, ਮਾਰਫਤ ਅਤੇ ਹਕੀਕਤ ਰਾਹੀਂ ਪ੍ਰਗਟਾਇਆ ਗਿਆ ਹੈ।

## ਕਿੱਸਾ ਸਾਹਿਤ:

ਜਿਸ ਤਰ੍ਹਾਂ ਸੂਫੀ ਮੱਤ ਅਨੁਸਾਰ ਇਸ਼ਕ ਮਿਜ਼ਾਜੀ ਤੇ ਇਸ਼ਕ ਹਕੀਕੀ ਦੋ ਪ੍ਰਕਾਰ ਦਾ ਹੈ ਇਸ ਮਿਜ਼ਾਜੀ ਤੋਂ ਭਾਵ ਦੁਨਿਆਵੀ ਜੀਵਾਂ ਨਾਲ ਪ੍ਰੇਮ ਹੈ। ਪਰ ਸੂਫ਼ੀਆਂ ਦਾ ਇਹ ਪ੍ਰੇਮ ਵਾਸਨਾਵਾਂ ਰਹਿਤ ਹੁੰਦਾ ਹੈ । ਇਸ਼ਕ ਹਕੀਕੀ ਅਰਥਾਤ ਪਰਮਾਤਮਾ ਨਾਲ ਪ੍ਰੇਮ ਹੁੰਦਾ ਹੈ ਸੂਫੀਆਂ ਅਨੁਸਾਰ ਪਰਮਾਤਮਾ ਦੇ ਬੰਦੇ ਨੂੰ ਪਿਆਰ ਕੀਤੇ ਬਗੈਰ ਉਸ ਨੂੰ ਪ੍ਰਾਪਤ ਨਹੀਂ ਕੀਤਾ ਜਾ ਸਕਦਾ, ਕਿਉਂਕਿ ਇਸ ਸ੍ਰਿਸ਼ਟੀ ਹਰ ਇੱਕ ਜੀਵ ਉਸ ਪਰਮ ਸੱਤਾ ਦਾ ਹੀ ਰੂਪ ਹੈ। ਹਾਸ਼ਮ ਇਸ਼ਕ ਮਿਜ਼ਾਜੀ ਤੇ ਇਸ਼ਕ ਦੋਨਾਂ ਨੂੰ ਇੱਕ ਮੰਨਦਾ ਲਿਖਦਾ ਹੈ: ਇਸ਼ਕ ਮਜ਼ਾਜ਼ੀ ਪਉੜੀਆਂ ਮਹਿਲ ਹਕੀਕੀ ਜਾਣਾ।

ਦਾਮੋਦਰ ਦੇ ਸ਼ਬਦ -'ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ ਹੋਈ ।ਸੱਦੋ ਨੀ ਮੈਨੂੰ ਧੀਦੋ ਰਾਂਝਾ ਹੀਰ ਨਾ ਆਖੇ ਕੋਈ ' ਇਸੇ ਪ੍ਰਸੰਗ ਦਾ ਵਿਸਥਾਰ ਹੈ।

### ਸਾਰ-ਅੰਸ਼:

ਰਹੱਸਵਾਦ ਬਾਰੇ ਕੀਤੇ ਉਪਰੋਕਤ ਅਧਿਐਨ ਤੋਂ ਬਾਦ ਇਹ ਨਤੀਜਾ ਕੱਢਿਆ ਜਾ ਸਕਦਾ ਹੈ ਕਿ ਇਹ ਬਹੁਤ ਵਿਆਪਕ ਵਿਸ਼ਾ ਹੈ। ਰੱਹਸ ਅਨੁਭੂਤੀ ਦੀ ਸਥਿਤੀ ਵਿਚ ਅਭਿਭੂਤ ਹੋਣ ਵਾਲੇ ਤੱਤ ਨੂੰ 'ਵਿਸ਼ਵਾਤਮਕ ਸੱਤਾ ਦੀ ਏਕਤਾ' ਦਾ ਨਾਮ ਦਿੱਤਾ ਗਿਆ ਹੈ।ਇਹ ਇੱਕ ਅਜਿਹਾ

ਜੀਵਨ-ਦਰਸ਼ਨ ਹੈ ਜਿਸ ਦੁਆਰਾ ਜੀਵਨ ਵਿਚ ਸਤਿ ਦਾ ਪ੍ਰਯੋਗ ਕੀਤਾ ਜਾ ਸਕਦਾ ਹੈ। ਆਧੁਨਿਕ ਯੁੱਗ ਵਿਚ ਰਹੱਸਵਾਦ ਦਾ ਇਕ ਪਾਸਾਰ ਨਵ-ਰਹੱਸਵਾਦ Neo-mysticism ਦੇ ਰੂਪ ਵਿਚ ਦੇਖਿਆ ਜਾ ਸਕਦਾ ਹੈ। ਯੁਗ -ਪਰਿਸਥਿਤੀਆਂ ਦੇ ਬਦਲ ਜਾਣ ਨਾਲ ਰਹੱਸਵਾਦ ਦਾ ਸਰੂਪ ਵੀ ਬਦਲ ਗਿਆ ਹੈ। ਨਵ-ਰਹੱਸਵਾਦ ਅਜਿਹੇ ਬੋਧ ਦਾ ਸੂਚਕ ਹੈ ਜੋ ਕਿਸੇ ਪਰਲੋਕ ਜਾਂ ਨਿਰਵਾਣ ਵਿਚ ਯਕੀਨ ਨਹੀਂ ਰੱਖਦਾ ਬਲਕਿ ਇਸੇ ਲੋਕ ਨੂੰ ਸਤਿ, ਸਥਾਈ ਅਤੇ ਪ੍ਰਾਮਣੀਕ ਮੰਨਦਾ ਸਾਰੇ ਕਾਰ -ਵਿਹਾਰ ਕਰਦਾ ਹੈ। ਉਸਦਾ ਨਵੱ ਰਹੱਸਵਾਦੀ ਅਨੁਭਵ, ਜੀਵਨ ਦੀ ਵਿਵਿਧਤਾ, ਵਿਚਿਤ੍ਰਤਾ, ਅਨੰਤਤਾ ਅਤੇ ਅਸਮੀਤਾ ਵਿਚੋਂ ਪੈਦਾ ਹੁੰਦਾ ਹੈ। ਉਸ ਦੀ ਦ੍ਰਿਸਟੀ ਸਦਾ ਇਹਲੋਕ ਉੱਪਰ ਹੀ ਕੇਂਦ੍ਰਿਤ ਰਹਿੰਦੀ ਹੈ। ਪ੍ਰਕ੍ਰਿਤੀ ਦਾ ਇਸ ਵਿਚ ਅਹਿਮ ਸਥਾਨ ਹੈ ; ਕਿਉਂਜੋ ਪ੍ਰਕ੍ਰਿਤੀ ਦੇ ਵੱ ਖ-ਵੱਖ ਵਰਤਾਰਿਆਂ ਵਿਚੋਂ ਪੈਦਾ ਹੋਣ ਵਾਲਾ ਵਿਸਮਾਦ, ਰਹੱਸਵਾਦੀ ਅਨੁਭਵ ਦਾ ਸਿਰਜਕ ਬਣਦਾ ਹੈ। ਆਧੁਨਿਕ ਪੰਜਾਬੀ ਕਾਵਿ ਦੇ ਪ੍ਰਸੰਗ ਵਿਚ ਭਾਈ ਵੀਰ ਸਿੰਘ, ਪ੍ਰੋ.ਪੂਰਨ ਸਿੰਘ, ਪ੍ਰਤੀਮ ਸਿੰਘ ਸਫ਼ੀਰ, ਡਾ.ਜਸਵੰਤ ਸਿੰਘ ਨੇਕੀ, ਡਾ. ਗੁਰਭਗਤ ਸਿੰਘ, ਹਰਿੰਦਰ ਸਿੰਘ ਮਹਿਬੂਬ ਆਦਿ ਦਾ ਨਾਮ ਬੜਾ ਉੱਘਾ ਹੈ।

## ਮੁੱਖ/ਕੇਂਦਰੀ ਸ਼ਬਦ:

ਰਹੱਸਵਾਦ ---ਬ੍ਰਹਮ ਗਿਆਨ/ਤਸਵਫ਼

ਉਤਕ੍ਰਿਸ਼ਟ ---ਸਰਵੋਤਮ

ਅਤਿਅੰਤ---ਬਹੁਤ

ਵਿਸ਼ਿਸ਼ਟ ---ਵਿਲੱਖਣ ਅਤੇ ਨਿਵੇਕਲੀ

ਅਨੁਭੂਤੀ --- ਅਹਿਸਾਸ/ ਅਨੁਭਵ

## ਸਵੈ-ਮੁਲਾਂਕਣ:

1. ਪਰਵਰਦਗਾਰ ਅਪਾਰ ਅਗਮ ਬੇਅੰਤ ਤੂੰ ਜਿਨਾਂ ਪਛਾਤਾ ਸਚੁ ਚੁੰਮਾ ਪੈਰ ਮੂ
   ਸ਼ਬਦ ਰਹੱਸਵਾਦ ਦੇ ਕਿਸ ਤੱਤ ਨਾਲ ਸੰਬੰਧ ਰੱਖਦਾ ਹੈ-

ੳ-ਬ੍ਰਹਮ ਦੀ ਰਜ਼ਾ

ਅ- ਬ੍ਰਹਮ ਦੇ ਹੁਕਮ

ੲ- ਬ੍ਰਹਮ ਦੇ ਸਰੂਪ

ਸ-ਬ੍ਰਹਮ ਦੀ ਮਿਹਰ

2. ਪ੍ਰੇਮ ਪਿਆਲਾ ਸਤਿਗੁਰ ਵਾਲਾ ਪੀਵਣ ਹੀ ਮੈਂ ਝੁੱਲੀ ਹਾਂ—ਕਥਨ ਰਹੱਸਵਾਦ ਦੇ ਕਿਸ ਪੱਖ ਨੂੰ ਪ੍ਰਗਟ ਕਰਦਾ ਹੈ-

ੳ. ਪਰਮਾਤਮਾ ਦੀ ਨਦਰਿ

ਅ. ਗੁਰੂ ਦੀ ਲੋੜ

ੲ. ਸਬਰ ਸੰਤੋਖ

ਸ. ਨਾਸ਼ਮਾਨਤਾ

3. ਕਾਮ ਕ੍ਰੋਧ ਲੋਭ ਮੋਹ ਬਿਨਸ ਜਾਇ ਅੰਹਮੇਵ—ਕਥਨ ਵਿਚ ਇਹ ਰਹਸਵਾਦੀ ਭਾਵ ਹੈ –

ੳ. ਨੈਤਿਕ ਕਦਰਾਂ

ਅ. ਵਿਸ਼ੇ ਵਿਕਾਰ

ੲ. ਗੁਰੂ ਦੀ ਮਹੱਤਤਾ

ਸ. ਬ੍ਰਹਮ ਦੀ ਕ੍ਰਿਪਾ

4. ਬਲਿਹਾਰੀ ਕੁਦਰਤਿ ਵਸਿਆ।। ਤੇਰਾ ਅੰਤ ਨ ਜਾਈ ਲਖਿਆ।।

ਇਹ ਕਥਨ ਕਿਸ ਵਿਚਾਰ-ਪੱਧਤੀ ਨਾਲ ਸੰਬੰਧਿਤ ਹਨ--

ੳ. ਰੁਮਾਂਸਵਾਦ

ਅ. ਆਧੁਨਿਕਤਾਵਾਦ

ੲ. ਰਹੱਸਵਾਦ

ਸ. ਯਥਾਰਥਵਾਦ

5. ਰੱਹਸਵਾਦ ਦਾ ਮੁੱਢ ਬੱਝਿਆ--

ੳ. ਪੁਰਾਣਾਂ ਤੋਂ

ਅ. ਵੇਦਾਂ ਤੋਂ

ੲ. ਰਮਾਇਣ ਤੋਂ

ਸ. ਮਹਾਂਭਾਰਤ ਤੋਂ

6. ਖਾਲੀ ਸਥਾਨ ਭਰੋ:

ਅਦ੍ਰਿਸ਼ਟ ਸੱਤਾ ਪ੍ਰਤੀ ਜਗਿਆਸਾ ਦੀ ਤੀਬਰ ਭਾਵਨਾ -------------ਦਾ ਮੁੱਖ ਤੱਤ ਮੰਨਿਆ ਜਾਂਦਾ ਹੈ।

7. ਖਾਲੀ ਸਥਾਨ ਭਰੋ:

ਰਹੱਸਵਾਦ ----------------- ਦਾ ਵਿਗਿਆਨ ਹੈ।

8. 'ਰਹੱਸਵਾਦ ਮਹਾਨ ਸੱਚ ਦੀ ਖੋਜ ਦਾ ਉੱਤਮ ਤੇ ਵਿਸ਼ੇਸ਼ ਰੂਪ ਹੈ' ਇਹ ਕਥਨ ਹੈ:

ੳ. ਆਚਾਰੀਆ ਰਾਮ ਸ਼ੁਕਲ
ਅ. ਅੰਡਰ ਹਿੱਲ ਅਨੁਸਾਰ
ੲ. ਕੁਮਾਰ ਯੋਗ
ਸ. ਐੱਸ. ਐੱਨ. ਦਾਸ ਗੁਪਤਾ

9. ਰਹੱਸਵਾਦ ਆਤਮਾ ਤੇ ਪਰਮਾਤਮਾ ਦੇ ਮਿਲਾਪ ਲਈ ਪ੍ਰਸਤੁਤ ਸਥਿਤੀਆਂ ਤੇ ਸੰਭਾਵਨਾਵਾਂ ਦਾ ਵਿਵਰਣ ਹੈ।

ਇਹ ਕਥਨ ਹੈ -

ੳ. ਸਹੀ

ਅ. ਗ਼ਲਤ

10. 'ਜਪਜੀ ਸਾਹਿਬ' ਗੁਰੂ ਨਾਨਕ ਦੇਵ ਜੀ ਦੀ ਰਚਨਾ ਹੈ। ਇਹ ਕਥਨ ਹੈ–

ੳ. ਸਹੀ

ਅ. ਗ਼ਲਤ

11. ਹੇਠ ਲਿਖਿਆਂ ਵਿਚੋਂ ਕਿਹੜਾ ਨਵ-ਰੱਹਸਵਾਦੀ ਕਵੀ ਹੈ:

ੳ. ਭਾਈ ਮੋਹਨ ਸਿੰਘ

ਅ. ਭਾਈ ਵੀਰ ਸਿੰਘ

ੲ. ਕਿਰਪਾ ਸਾਗਰ

ਸ. ਧਨੀ ਰਾਮ ਚਾਤ੍ਰਿਕ

12. ਅਚਾਰੀਆ ਸ਼ੁਕਲ ਨੇ ਰੱਹਸਵਾਦ ਦੇ ਭੇਦ ਦੱਸੇ ਹਨ:

ੳ.2

ਅ. 3

ੲ. 4

ਸ.5

13. ਰਹੱਸਵਾਦ ਅਤੇ ਪੰਜਾਬੀ ਸਾਹਿਤ ਦੀ ਜੇ ਗੱਲ ਕਰੀਏ ਤਾਂ -----------------ਪੰਜਾਬੀ ਸਾਹਿਤ ਦੀ ਸਭ ਤੋਂ ਸਰਵ-ਸ੍ਰੇਸ਼ਟ ਉਦਾਹਰਨ ਹੈ:

ੳ. ਗੁਰਮਤਿ ਸਾਹਿਤ

ਅ. ਬੀਰ ਰਸੀ ਸਾਹਿਤ

ੲ. ਕਿੱਸਾ ਸਾਹਿਤ

ਸ. ਸੂਫ਼ੀ ਸਾਹਿਤ

14. ਮੈਂ ਕੀ ਹਾਂ? ਕਿੱਥੋਂ ਆਇਆ ਹਾਂ? ਕਿੱਥੇ ਜਾਣਾ ਹੈ? ਇਹ ਭਾਵ ਕਿਸ ਰੱਹਸਵਾਦੀ ਅਵੱਸਥਾ ਦੇ ਹਨ

ੳ. ਜਗਿਆਸਾ

ਅ. ਆਤਮ ਚਿੰਤਨ

ੲ. ਵਿਛੋੜੇ ਦਾ ਅਹਿਸਾਸ

ਸ. ਆਤਮ ਸ਼ੁੱਧੀ

15. ਖਾਲੀ ਸਥਾਨ ਭਰੋ:

ਆਤਮ ਗਿਆਨ ਵਾਲੀ ਸਥਿਤੀ ਵਿੱਚ ਸਾਧਕ ਨੂੰ ਪਰਮਾਤਮਾ ਦੀ ਨੇੜਤਾ ਤੇ ਨੂਰ ਦੀ ਪ੍ਰਾਪਤੀ ਹੋ ਜਾਂਦੀ ਹੈ; ਪਰ ਇਹ ਨੇੜਤਾ ਦੀ ਸਥਿਤੀ -------------- ਹੁੰਦੀ ਹੈ।

## ਅਭਿਆਸ ਪ੍ਰਸ਼ਨ

1. ਰੱਹਸਵਾਦ ਤੋਂ ਕੀ ਭਾਵ ਹੈ?
2. ਰੱਹਸਵਾਦ ਦੇ ਸਰੂਪ ਦਾ ਸਪਸ਼ਟੀਕਰਨ ਕਰੋ।
3. ਗੁਰਮਤਿ ਸਾਹਿਤ ਵਿਚ ਪੇਸ਼ ਰਹਸਵਾਦੀ ਵਿਚਾਰਾਂ ਨੂੰ ਪੇਸ਼ ਕਰੋ।
4. ਸੂਫ਼ੀ ਸਾਹਿਤ ਦੇ ਰੱਹਸਵਾਦੀ ਸਰੂਪ ਬਾਰੇ ਵਿਚਾਰ ਕਰੋ।
5. ਪੰਜਾਬੀ ਰਹੱਸਵਾਦੀ ਸਾਹਿਤ ਬਾਰੇ ਪੜਚੋਲ ਕਰੋ।
6. ਕਿਸੇ ਪੰਜ ਰਹੱਸਵਾਦੀ ਸਾਧਕਾਂ ਦੇ ਅਨੁਭਵ ਦਾ ਮੁਲਾਂਕਨ ਕਰੋ।

## ਸੰਦਰਭ ਪੁਸਤਕਾਂ:


- ਸਮਾਲੋਚਨਾ ਸ਼ਾਸਤਰ, ਪ੍ਰੋ. ਬ੍ਰਹਮਜਗਦੀਸ਼, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, (2011)
- ਖੋਜ ਪੱਤ੍ਰਿਕਾ- ਸਾਹਿਤਕ ਵਾਦ ਅੰਕ 31-32: ਅਜਮੇਰ ਸਿੰਘ (ਮੁੱਖ ਸੰਪਾਦਕ), ਪੰਜਾਬੀ ਯੂਨੀਵਰਸਿਟੀ, ਪਟਿਆਲਾ, (2012)
- ਵਾਦ ਚਿੰਤਨ, ਭੱਟੀ, ਸੁਰਜੀਤ ਸਿੰਘ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪਹਿਲਾ ਸੰਸਕਰਨ (2010)
- ਸਮੀਖਿਆ ਦ੍ਰਿਸ਼ਟੀਆਂ, ਅਰਸ਼ੀ, ਗੁਰਚਰਨ ਸਿੰਘ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, (1998)
- ਸਾਹਿਤ ਅਧਿਐਨ ਪ੍ਰਣਾਲੀਆਂ, ਥਿੰਦ, ਕਰਨੈਲ ਸਿੰਘ (ਸੰਪਾ.), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, (2010)


## ਮਹੱਤਵਪੂਰਨ ਲਿੰਕ

https://punjabipedia.org/topic.aspx?txt=%E0%A8%B0%E0%A8%B9%E0%A9%B1%E0%A8%B8%E0%A8%B5%E0%A8%BE%E0%A8%A6

ਉੱਤਰਮਾਲਾ

| | | | | |
|---|---|---|---|---|
| 1. ੲ | 2. ਅ | 3. ਅ | 4. ੲ | 5. ਅ |
| 6. ਰਹੱਸਵਾਦ | 7. ਸ਼ਕਤੀ | 8. ਅ | 9. ੳ | 10. ੳ |
| 11.ਅ | 12. ਅ | 13. ੳ | 14. ਅ | 15. ਅਸਥਾਈ |

DPBI502

# ਅਧਿਆਇ-3: ਰੋਮਾਂਸਵਾਦ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ-

- ਰੋਮਾਂਸਵਾਦ ਦੇ ਸਰੂਪ ਅਤੇ ਵਿਭਿੰਨ ਦਿਸ਼ਾਵਾਂ ਨੂੰ ਸਮਝਣ ਦੇ ਕਾਬਲ ਹੋਣਗੇ।
- ਇਸ ਗਿਆਨ ਦੁਆਰਾ ਉਹ ਸਾਹਿਤ ਤੇ ਸਮਾਜ ਦੇ ਕਾਰਜਸ਼ੀਲ ਤੱਤਾਂ ਵਿਚ ਰੋਮਾਂਸਵਾਦ ਦੀ ਭੂਮਿਕਾ ਦਾ ਮੁਲਾਂਕਣ ਕਰ ਸਕਣਗੇ।
- ਸਾਹਿਤ ਆਲੋਚਨਾ ਵਿਚ ਇਸ ਵਾਦ ਦੇ ਮਹੱਤਵ ਨੂੰ ਸਮਝਦੇ ਹੋਏ ਕਿੱਸਾ ਅਤੇ ਆਧੁਨਿਕ ਕਾਵਿ ਦੀ ਵਿਵੇਚਨਾ ਕਰਨ ਵਿਚ ਕਾਬਲ ਹੋਣਗੇ।

## ਪ੍ਰਸਤਾਵਨਾ:

ਰੋਮਾਂਸਵਾਦ ਵਿਸ਼ਵ ਸਾਹਿਤ ਦਾ ਸੱਭ ਤੋਂ ਅਧਿਕ ਸਸ਼ਕਤ, ਪ੍ਰਭਾਵਸ਼ਾਲੀ ਤੇ ਵਿਸ਼ਵ-ਵਿਆਪਕ ਵਾਦ ਹੈ ਜਿਹੜਾ ਉਨ੍ਹੀਵੀਂ ਸਦੀ ਤੋਂ ਆਰੰਭ ਤੋਂ ਅੱਜ ਤੱਕ ਸੰਸਾਰ ਦੇ ਕਈ ਦੇਸ਼ਾਂ ਦੇ ਸਾਹਿਤ ਦੀਆਂ ਭਿੰਨ ਭਿੰਨ ਵਿਧਾਵਾਂ ਤਕ ਛਾਇਆ ਹੋਇਆ ਹੈ।ਰੋਮਾਂਸਵਾਦ ਕਿਸੇ ਇੱਕ ਗੱਲ ਜਾਂ ਝੁਕਾ ਦਾ ਨਾਂ ਨਹੀਂ ਹੈ ਸਗੋਂ ਬਹੁਤ ਸਾਰੇ ਗੁ ਣਾਂ ਦੇ ਧਾਰਣੀ ਇਕ ਸੁਭਾ ਦਾ ਨਾਂ ਹੈ ਜਿਸ ਵਿਚ ਪ੍ਰਕਿਰਤੀ , ਪਿਆਰ, ਸਾਹਸ, ਅਦਭੁਤਤਾ, ਸੁਦੰਰਤਾ, ਉਦਾਰਤਾ, ਅੰਤਰਮੁਖਤਾ, ਭੂਤਕਾਲ ਮੋਹ, ਯਥਾਰਥ ਤੋਂ ਭਾਂਜ, ਦਲੀਲ ਦੀ ਥਾਂ ਜਜ਼ਬਾ ਤੇ ਦਿਮਾਗ ਦੀ ਥਾਂ ਤੇ ਦਿਲ ਦੀ ਪ੍ਰਧਾਨਤਾ ਹੁੰਦੀ ਹੈ।

ਸਿਰਜਨਾਤਮਕ ਸਾਹਿਤ ਦੇ ਖੇਤਰ ਵਿੱਚ ਪ੍ਰਮੁੱਖ ਤੌਰ ਤੇ ਦੋ ਧਾਰਾਵਾਂ ਬਹੁਤੀ ਮਾਨਵੀ ਮੰਨੀਆਂ ਗਈਆਂ ਹਨ ਇੱਕ ਸਨਾਤਨਵਾਦੀ ਧਾਰਾ ਤੇ ਦੂਜੀ ਰੁਮਾਂਸਵਾਦੀ ਧਾਰਾ। ਸਾਹਿਤ ਸਿਰਜਨਾ ਦੇ ਇਤਿਹਾਸ ਦੇ ਪਰਿਪੇਖ ਵਿੱਚ ਸਨਾਤਨਵਾਦੀ ਧਾਰਾ ਦਾ ਬਹੁਤ ਸਮੇਂ ਤੱਕ ਬੋਲਬਾਲਾ ਰਿਹਾ ਹੈ। ਰੁਮਾਂਸਵਾਦੀ ਧਾਰਾ ਨੇ ਆਪਣੀ ਪੂਰਵ ਵਰਤੀ ਸਨਾਤਨਵਾਦੀ ਧਾਰਾ ਦੀ ਦ੍ਰਿੜ੍ਹਤਾ ਨਿਯਮ ਤੱਕ ਹੋਰ ਦਬਾਅ ਦੇ ਪ੍ਰਤੀਕਰਮ ਵਜੋਂ ਕਾਫੀ ਬਾਅਦ ਹੋਂਦ ਵਿੱਚ ਆਉਣ ਤੇ ਆਪਣੀ ਵਾਸਤਵਿਕ ਸਾਹਿਤਕ ਹਸਤੀ ਨੂੰ ਸਥਾਪਿਤ ਕਰੀ ਰੱਖਿਆ।

## ਵਿਸ਼ਾ ਵਸਤੂ:

ਰੁਮਾਂਸਵਾਦੀ ਧਾਰਾ ਪੰਜਾਬੀ ਸਾਹਿਤ ਦੀ ਇੱਕ ਅਮੀਰ ਧਾਰਾ ਹੈ ਇਸ ਧਾਰਾ ਨੇ ਪੰਜਾਬੀ ਸਾਹਿਤ ਦੇ ਖੇਤਰ ਨੂੰ ਵਿਸਤ੍ਰਿਤ ਕਰਨ ਵਿੱਚ ਬਹੁਤ ਯੋਗਦਾਨ ਪਾਇਆ। ਰੋਮਾਂਸਵਾਦੀ (Romanticism) ਜਾਂ ਸਵਛੰਦਤਾਵਾਦ ਸੰਸਾਰ ਸਾਹਿੱਤ ਦਾ ਸਭ ਤੋਂ ਅਧਿਕ ਪ੍ਰਭਾਵਸ਼ਾਲੀ ਤੇ ਵਿਸ਼ਵ-ਵਿਆਪਕ ਵਾਦ ਹੈ ਜਿਹੜਾ ਉਨੀਵੀਂ ਸਦੀ ਦੇ ਆਰੰਭ ਤੋਂ ਅਜ ਆ ਥਾਰ ਦੇ ਕਈ ਦੇਸ਼ਾਂ ਦੇ ਸਾਹਿੱਤ ਦੀਆਂ ਭਿੰਨ ਭਿੰਨ ਵਿਧਾਵਾਂ ਤਕ ਛਾਇਆ ਹੋਇਆ ਹੈ। ਸੱਚੀ ਗੱਲ ਤਾਂ ਇਹ ਹੈ ਕਿ ਰੋਮਾਂਸਵਾਦ ਦੁਨੀਆਂ ਦੇ ਸਾਹਿੱਤ ਵਿਚ ਕਿਸੇ ਨਾ ਕਿਸੇ ਰੂਪ ਵਿਚ ਉਸ ਸਮੇਂ ਵੀ ਪਾਇਆ ਜਾਂਦਾ ਸੀ ਜਦ ਉਸ ਦੀ ਪਰਿਭਾਸ਼ਾ ਦੇ ਕੇ ਨੇਮਾਵਲੀ ਨਿਸ਼ਚਿਤ ਕਰਨ ਦੀ ਕੋਸ਼ਿਸ਼ ਕੀਤੀ ਗਈ। ਰੋਮਾਂਸਵਾਦ ਦੀ ਪਰਿਭਾਸ਼ਾ ਅਜ ਤਕ ਵਾਦ-ਵਿਵਾਦ ਦਾ ਵਿਸ਼ਾ ਬਣੀ ਚਲੀ ਆ ਰਹੀ ਹੈ। ਇਸ ਸ਼ਬਦ ਦੀ ਉਤਪੱਤੀ ਫ਼ਰਾਂਸੀਸੀ ਸ਼ਬਦ Romant (ਰੋਮਾਨ) ਤੋਂ ਹੋਈ ਹੈ ਜਿਹੜਾ ਅੰਗ੍ਰੇਜ਼ੀ ਵਿਚ ਬਹੁ-ਅਰਥਕ ਸ਼ਬਦ ਰੋਮਾਂਸ (Romance) ਬਣ ਗਿਆ ਹੈ। ਰੋਮਾਂਸ ਇਕ ਅਜਿਹੀ ਕਾਵਿ-ਕਥਾ ਨੂੰ ਕਹਿੰਦੇ ਹਨ ਜਿਸ ਵਿਚ ਕਲਪਨਾ ਅਤੇ ਅਦਭੁਤ ਰਸ ਦੀ ਪ੍ਰਧਾਨਤਾ ਹੋਵੇ। ਇਹ ਵਾਰਤਕ ਵਿਚ ਲਿਖੀ ਜਾਣ ਵਾਲੀ ਸਾਧਾਰਣ ਜੀਵਨ ਤੋਂ ਦੁਰਾਡੀ ਅਜਿਹੀ ਰੰਗੀਨ ਗਾਥਾ ਵੀ ਹੈ ਜਿਸ ਤੋਂਅੰਗ੍ਰੇਜ਼ੀ ਨਾਵਲ ਸਾਹਿੱਤ ਰੂਪ ਦਾ ਨਿਕਾਸ ਤੇ ਵਿਕਾਸ ਹੋਇਆ। ਅਜ ਕਲ ਇਸ਼ਕਬਾਜ਼ੀ ਕਰਨ ਨੂੰ ਵੀ ਰੋਮਾਂਸ ਲੜਾਣਾ ਕਹਿੰਦੇ ਹਨ। ਰੋਮਾਂਸ (Romance) ਦਾ ਵਿਸ਼ੇਸ਼ਣ ਰੋਮਾਂਟਿਕ (Romantic) ਹੈ।

ਜਿਸ ਤੋਂ ਰੋਮਾਂਸਵਾਦ ਜਾਂ Romanticism ਸ਼ਬਦ ਬਣਿਆ ਹੈ। ਕਿਉਂ ਜੋ ਜਰਮਨ, ਫ਼ਰਾਂਸੀਸੀ ਅਤੇ ਅੰਗਰੇਜੀ ਸਾਹਿੱਤ ਵਿਚ ਇਸ ਵਾਦ ਦੀ ਕਾਫੀ ਚੜ੍ਹਤ ਹੈ ਇਸ ਲਈ ਇਨ੍ਹਾਂ ਭਾਸ਼ਾਵਾਂ ਵਿਚ ਇਸ ਦੀਆਂ ਮਿਲਦੀਆਂ ਕੁਝ ਉੱਘੀਆਂ ਪਰਿਭਾਸ਼ਾਵਾਂ ਨੂੰ ਵੇਖਣਾ ਜ਼ਰੂਰੀ ਹੈ। ਰੁਮਾਂਸਵਾਦ ਦੇ ਸਬੰਧ ਵਿੱਚ ਵੱਖ ਵੱਖ ਪਰਿਭਾਸ਼ਾਵਾਂ ਦੇਣ ਦੇ ਉਪਰੰਤ ਇਸ ਦੀ ਇੱਕ ਨਿਸ਼ਚਿਤ ਪਰਿਭਾਸ਼ਾ ਨੂੰ ਸਥਾਪਿਤ ਕਰਨ ਦਾ ਪ੍ਰਯਾਸ ਕੀਤਾ ਜਾਏਗਾ। ਈ ਈ ਬਰਗਮ ਨੇ ਆਖਿਆ ਸੀ-"ਰੋਮਾਂਸਵਾਦ ਦੀ ਇੱਛਾ ਰੱਖਣ ਵਾਲਾ ਵਿਅਕਤੀ ਇਕ ਅਜਿਹੇ ਜੋਖਮ ਭਰੇ ਕੰਮ ਨੂੰ ਹੱਥ ਪਾ ਰਿਹਾ ਹੈ ਜਿਹੜਾ ਕਈਆਂ ਨੂੰ ਲੈ ਡੁੱਬਾ ਹੈ।"

ਇਸੇ ਤਰ੍ਹਾਂ ਗ੍ਰੀਅਰਸਨ ਦਾ ਕਥਨ ਹੈ :

"ਰੋਮਾਂਟਿਕ ਕਲਾਸੀਕਲ ਵਾਂਗ ਇਕ ਇਸਤਲਾਹ (Term) ਹੈ ਜਿਸ ਨੂੰ ਪਰਿਭਾਸ਼ਿਤ ਕਰਨ ਦਾ ਕੋਈ ਵੀ ਯਤਨ ਖੁਦ ਨੂੰ ਜਾਂ ਦੂਜਿਆਂ ਨੂੰ ਕਦੀ ਵੀ ਪੂਰਨ ਤੌਰ ਤੇ ਭਰੋਸੇਯੋਗ ਨਹੀਂ ਲਗਦਾ।" ਫਿਰ ਵੀ ਕੁਝ ਵਿਦਵਾਨਾਂ ਦੇ ਵਿਚਾਰ ਪੇਸ਼ ਕਰਦੇ ਹਾਂ।

ਗੋਇਟੇ ਅਨੁਸਾਰ:

"ਰੋਮਾਂਸਵਾਦ ਇਕ ਰੋਗ ਹੈ ਤੇ ਸਾਸਤ੍ਰਵਾਦ ਸੇਹਤ ਹੈ।

ਬ੍ਰਨਤੀਅਰ ਅਨੁਸਾਰ:

"ਇਹ ਇਕ ਅੰਦੋਲਨ ਹੈ ਜਿਹੜਾ ਹਰ ਉਸ ਚੀਜ਼ ਨੂੰ ਸਤਿਕਾਰਦਾ ਹੈ ਜਿਸ

ਨੂੰ ਸਾਸਤ੍ਰਵਾਦ ਨੇ ਰੱਦ ਕੀਤਾ ਹੈ।"

ਰੂਸੋ ਅਨੁਸਾਰ:

"ਪ੍ਰਕ੍ਰਿਤੀ ਵੱਲ ਵਾਪਸੀ।"

ਬੈਬਿੱਟ ਅਨੁਸਾਰ:

"ਸੰਭਵ ਹੋਣ ਦੀ ਥਾਂ ਤੇ ਅਚੰਭਾ-ਯੁਕਤ ਹੋਣ ਵਾਲੀ, ਦੂਜੇ ਸ਼ਬਦਾਂ ਵਿਚ, ਸਾਹਸ ਭਰੇ ਕਾਰਜ ਦੇ ਪੱਖ ਵਿਚ ਕਾਰਣ ਅਤੇ ਪ੍ਰਭਾਵ ਦੀ ਸਾਧਾਰਣ ਲੜੀ ਨੂੰ ਰੱਦ ਕਰਨ ਵਾਲੀ ਸ਼ੈ ਰੋਮਾਂਟਿਕ ਹੁੰਦੀ ਹੈ।"

ਐਬਰਕ੍ਰੋਂਬੀ ਅਨੁਸਾਰ:

"ਸ਼ਾਸਤ੍ਰਵਾਦ ਦੇ ਨਹੀਂ ਸਗੋਂ ਯਥਾਰਥਵਾਦ ਦੇ ਉਲਟ ਹੁੰਦਾ ਹੈ ਇਹ ਬਾਹਰੀ ਅਨੁਭਵ ਤੇ ਕੇਂਦ੍ਰਿਤ ਹੁੰਦਾ ਹੈ।"

ਵਾਟਰਹਾਊਸ ਅਨੁਸਾਰ:

"ਇਹ ਯਥਾਰਥ ਤੋਂ ਭੱਜਣ ਦਾ ਯਤਨ ਹੈ।"

ਵੈਟਸ-ਡੰਟਨ ਅਨੁਸਾਰ:

"ਅਚੰਭੇ ਦੀ ਪੁਨਰ ਸੁਰਜੀਤੀ।"

**9.** ਵਿਕਟਰ ਹਿਊਗੋ ਅਨੁਸਾਰ:

"ਸਾਹਿਤ ਵਿਚ ਉਦਾਰਵਾਦ।"

**10.** ਲਿਊਕਾਸ ਅਨੁਸਾਰ:

"ਸਾਡੇ ਫੁਰਨੇ ਸਾਨੂੰ ਰੋਮਾਂਸਵਾਦ ਵੱਲ ਯਥਾਰਥ ਬੋਧ ਯਥਾਰਥਵਾਦ ਵੱਲਅਤੇ ਸਮਾਜਕ ਸੂਝਸ਼ਾਸਤਰਵਾਦ ਵੱਲ ਲੈ ਕੇ ਜਾਂਦੀ ਹੈ।"

11. ਵਾਨਟ ਪੀਟਰ ਅਨੁਸਾਰ

"ਰੁਮਾਂਸਵਾਦ ਸੁੰਦਰਤਾ ਤੇ ਵਿਚਿੱਤਰਤਾ ਵਿੱਚ ਵਾਧਾ ਹੈ ।"

12. ਡਾ. ਪ੍ਰੇਮ ਪ੍ਰਕਾਸ਼ ਅਨੁਸਾਰ:

"ਰੋਮਾਂਸ ਜਾਂ ਰੁਮਾਂਟਿਕਤਾ ਤੋਂ ਭਾਵ ਕਵਿਤਾ ਦੀ ਅਜਿਹੀ ਧਾਰਾ ਤੋਂ ਹੈ ਜੋ ਪਰੰਪਰਾ ਤੋਂ ਬਗਾਵਤ ਕਰਦੀ ਹੈ। "

13. ਡਾਕਟਰ ਰਤਨ ਚੰਦ ਅਨੁਸਾਰ:

"ਰੁਮਾਂਸਵਾਦ ਅਸਲ ਦੇ ਮੁਕਾਬਲੇ ਕਲਪਿਤ ਸਪੱਸ਼ਟ ਦੇ ਮੁਕਾਬਲੇ ਧੁੰਦਲੀ ਨੇੜੇ ਦੇ ਮੁਕਾਬਲੇ ਦੂਰ ਸਾਧਾਰਨ ਦੇ ਮੁਕਾਬਲੇ ਅਸਧਾਰਨ ਗੱਲ ਘਟਨਾ ਦ੍ਰਿਸ਼ ਸਰੀਰਿਕ ਜਾਂ ਮਾਨਸਿਕ ਤਜਰਬੇ ਨੂੰ ਕਿਹਾ ਜਾਂਦਾ ਹੈ ।"

ਸੋ ਰੋਮਾਂਸਵਾਦ ਬੌਧਿਕ ਨਾਲੋਂ ਭਾਵੁਕ ਤੌਰ ਤੇ, ਅਭਿਵਿਅਕਤੀਗਤ ਵਸਤੂ ਪਰਖਤਾ ਨਾਲੋਂ ਵਿਅਕਤੀਗਤ ਆਤਮਪਰਕ ਉੱਪਰ, ਪਰੰਪਰਾ ਨਾਲੋਂ ਸਵੈ ਚਿੰਤਨ ਤੇ ਮੌਲਿਕਤਾ ਉੱਪਰ ਅਤੇ ਸਥਾਪਿਤ ਧਾਰਮਿਕ ਦਾਰਸ਼ਨਿਕ ਵਿਚਾਰਾਂ ਨਾਲੋਂ ਵਿਅਕਤੀਗਤ ਆਤਮ ਪ੍ਰਕਾਸ਼ ਉੱਪਰ ਵਧੇਰੇ ਬਲ ਦਿੰਦਾ ਹੈ ।"

ਇਨ੍ਹਾਂ ਪਰਿਭਾਸ਼ਾਵਾਂ ਤੋਂ ਸਾਬਤ ਹੁੰਦਾ ਹੈ ਕਿ ਰੋਮਾਂਸਵਾਦ ਕਿਸੇ ਇਕੋ ਵਿਸ਼ੇਸ਼ ਗੱਲ ਜਾਂ ਝੁਕਾ ਦਾ ਦਾ ਨਾਂ ਨਹੀਂ ਹੈ ਸਗੋਂ ਬਹੁਤ ਸਾਰੇ ਗੁਣਾਂ ਦੇ ਧਾਰਣੀ ਇਕ ਸੁਭਾ ਦਾ ਨਾਂ ਹੈ ਜਿਸ ਵਿਚ ਪ੍ਰਕ੍ਰਿਤੀ , ਪਿਆਰ, ਸਾਹਸ, ਅਦਭੁਤਤਾ, ਅੰਤਰਮੁਖਤਾ, ਭੂਤਕਾਲ ਮੋਹ, ਯਥਾਰਥ ਤੋਂ ਭਾਂਜ, ਦਲੀਲ ਦੀ ਥਾਂ ਤੇ ਜਜ਼ਬਾ ਤੇ ਦਿਮਾਗ ਦੀ ਥਾਂ ਤੇ ਦਿਲ ਦੀ ਪ੍ਰਧਾਨਤਾ ਹੁੰਦੀ ਹੈ। 'ਕਾਰਲਾਇਲ' ਨੇ ਰੁਮਾਂਸਵਾਦ ਸ਼ਬਦ ਦੀ ਵਰਤੋਂ ਸੱਭ ਤੋਂ ਪਹਿਲਾ ਕੀਤੀ; ਸਾਹਿਤ ਵਿਚ ਇਸ ਦਾ ਪ੍ਰਵੇਸ਼ ਫਰਾਂਸ ਦੀ ਕ੍ਰਾਂਤੀ 1789 ਤੋਂ ਬਾਅਦ ਵਿਚ ਹੋਇਆ।ਰੂਸੋ ਦੇ 'ਪਕ੍ਰਿਤੀ ਵੱਲ ਵਾਪਸੀ' ਦੇ ਨਾਅਰੇ ਨੇ ਇਸਨੂੰ ਵਿਸ਼ੇਸ਼ ਬੱਲ ਬਖਸ਼ਿਆ।

ਕਿਸੇ ਅਨੋਖੇ ਤੇ ਆਕਰਸ਼ਿਤ ਵਿਚਿੱਤਰ ਢੰਗ ਨਾਲ ਕੀਤੀ ਕਿਸੇ ਗੱਲ ਘਟਨਾ ਸਥਿਤੀ ਤੇ ਵਿਅਕਤੀ ਦੀ ਅਜਿਹੀ ਪੇਸ਼ਕਾਰੀ ਜਿਸ ਨਾਲ ਮਨ ਕਿਸੇ ਵੀ ਵਿਸਮਾਦ ਵਿੱਚ ਗੁੰਮ ਹੋ ਜਾਵੇ, ਪਾਠਕ ਰਾਮ ਰੌਲਿਆਂ ਤੋਂ ਉੱਪਰ ਉੱਠ ਕੇ ਭਾਵਨਾਵਾਂ ਦੇ ਖੁੱਲ੍ਹੇ ਤੇ ਚੌੜੇ ਗਗਨਾਂ ਵਿੱਚ ਉਡਾਰੀਆਂ ਮਾਰਨੀਆਂ ਸ਼ੁਰੂ ਕਰ ਦੇਵੇ ਤੇ ਉਸ ਨੂੰ ਸੁੰਦਰ ਆਕਰਸ਼ਕ ਤੇ ਵਿਸਮਾਦੀ ਨਜ਼ਾਰੇ ਆਪਣੀ ਪਕੜ ਵਿੱਚ ਲੈ ਲੈਣ ਉਹ ਜ਼ਿੰਦਗੀ ਨੂੰ ਇੱਕੋ ਵਾਰੀ ਕਾਇਦੇ ਕਾਨੂੰਨ ਨੂੰ ਡੀਕ ਲਾ ਕੇ ਪੀ ਜਾਣਾ ਚਾਹੇ ਤਾਂ ਅਜਿਹੇ ਸਾਹਿਤ ਨੂੰ ਰੁਮਾਂਸਵਾਦੀ ਸਾਹਿਤ ਕਹਿੰਦੇ ਹਨ ।

ਰੁਮਾਂਸਵਾਦ ਦੀਆਂ ਪਰਿਭਾਸ਼ਾਵਾਂ ਤੋਂ ਸਪਸ਼ਟ ਹੁੰਦਾ ਹੈ ਕਿ ਰੋਮਾਂਸਵਾਦ ਵਿੱਚ ਸੁੰਦਰਤਾ ਵਿਚਿੱਤਰਤਾ ਅਸਧਾਰਨ ਤੇ ਅਦਭੁੱਤ ਦੇ ਅੰਸ਼ਾਂ ਦਾ ਪ੍ਰਗਟਾਅ ਹੈ ਰੋਮਾਂਸ ਕਿਸੇ ਅਜਿਹੀ ਘਟਨਾ ਦਾ ਮਾਨਸਿਕ ਸਰੀਰਕ ਤਜਰਬੇ ਨੂੰ ਕਿਹਾ ਜਾਂਦਾ ਹੈ ਜਿਸ ਵਿੱਚ ਅੰਤਾਂ ਦੀ ਸੁੰਦਰਤਾ ਤੇ ਅਸਚਰਜਤਾ ਹੁੰਦੀ ਹੈ ਇਨਸਾਨ ਨੂੰ ਅਸਮਾਨੀ ਝਲਕਾਰੀ ਦਿਸਣ ਲੱਗ ਪੈਂਦੇ ਹਨ ਤੇ ਉਸ ਨੂੰ ਵੱਖਰੀ ਤੌਰ ਤੇ ਅਨੰਦਿਤ ਕਰਦਾ ਹੈ ਉਸ ਦੀ ਇੱਕ ਆਪਣੀ ਦੁਨੀਆਂ ਹੁੰਦੀ ਹੈ ਕਿ ਉਹ ਆਪਣੀ ਇਸ ਦੁਨੀਆਂ ਦਾ ਬੇਤਾਜ ਬਾਦਸ਼ਾਹ ਹੁੰਦਾ ਹੈ।

ਰੁਮਾਂਸਵਾਦ ਦਾ ਸਰੂਪ ਨਿਰਧਾਰਿਤ ਕਰਨ ਲਈ ਜੋ ਵੱਖ ਵੱਖ ਪਹਿਲੂ ਸਾਹਮਣੇ ਆਉਂਦੇ ਹਨ; ਉਹ ਇਸ ਪ੍ਰਕਾਰ ਹਨ -

## ਸੁਤੰਤਰਤਾ:

ਇਹ ਰੁਮਾਂਸਵਾਦ ਦਾ ਬੁਨਿਆਦੀ ਪਹਿਲੂ ਹੈ ਸੁਤੰਤਰਤਾ ਦੀ ਚੇਸ਼ਠਾ ਹੀ ਰੋਮਾਂਸਵਾਦੀ ਦੀ ਜਨਮਦਾਤੀ ਹੈ ਰੁਮਾਂਸਵਾਦੀ ਮਨੁੱਖ ਦੇ ਬੁਨਿਆਦੀ ਸੁਤੰਤਰ ਤੌਰ ਦੇ ਅਧਿਕਾਰ ਨੂੰ ਅਸ਼ਕੇ ਤੌਰ ਤੇ ਆਪਣੀ ਜ਼ਿੰਦਗੀ ਵਿਚ ਧਾਰਨ ਕਰਦਿਆਂ ਹਰ ਤਰ੍ਹਾਂ ਦੀ ਨੈਤਿਕ ਸਮਾਜਿਕ ਰਾਜਨੀਤਿਕ ਧਾਰਮਿਕ ਪਾਬੰਦੀਆਂ ਨੂੰ ਪੂਰਨ ਤੌਰ ਤੇ ਤਿਆਗਦਾ ਹੋਇਆ ਸਾਹਿਤ ਸਿਰਜਣਾ ਕਰਦਾ ਹੈ ਉਸ ਦਾ ਬੁਨਿਆਦੀ ਸੰਕਲਪ ਜ਼ਿੰਦਗੀ ਨੂੰ ਇੱਕੋ ਵਾਰੀ ਰੱਜ ਕੇ ਮਾਣਨਾ ਹੁੰਦਾ ਹੈ। ਅਜਿਹਾ ਸੰਕਲਪ ਜੋ ਬੇਸ਼ੱਕ ਬਦਨਾਮੀ ਉਪਰੰਤ ਉਸ ਨੂੰ ਮੌਤ ਵਾਲੇ ਪਾਸੇ ਲੈ ਜਾਵੇ ਉਹ ਜਿਉਂਦਾ ਹੈ ਆਪਣੇ ਲਈ ਖ਼ੁਸ਼ੀਆਂ ਪੂਰੀਆਂ ਕਰਦਾ ਹੈ ਆਪਣੇ ਲਈ ਕਿਸੇ ਦੀ ਪਰਵਾਹ ਕੀਤੇ ਬਿਨਾਂ ਕਿਸੇ ਤਰਕ ਦਲੀਲ ਤੇ ਚਿੰਤਾ ਨੂੰ ਧਿਆਨ ਚ ਰੱਖੇ ਬਿਨਾਂ ਉਹ ਉੱਡਦਾ ਹੀ ਜਾਂਦਾ ਹੈ ਉਨ੍ਹਾਂ ਉੱਚੇ ਅਸਮਾਨਾਂ ਵਿੱਚ ਜਿੱਥੇ ਉਹ ਤੇ ਉਸਦਾ ਪ੍ਰੇਮ ਕੇਂਦਰ ਹੋਵੇ ਵਲਵਲਿਆਂ ਦੀ ਦੁਨੀਆਂ ਵਿੱਚ ਉੱਚੀਆਂ ਉਡਾਰੀਆਂ ਲਾਉਂਦਾ ਤੇ ਗਿਆਨ ਨੁਕਤਿਆਂ ਤੋਂ ਪੱਲਾ ਛੁਡਾਉਣਾ ਉਸ ਦੀ ਜ਼ਿੰਦਗੀ ਦਾ ਮੰਤਵ ਹੁੰਦਾ ਹੈ ।

ਪ੍ਰੋਫੈਸਰ ਮੋਹਨ ਸਿੰਘ ਅਜਿਹੀ ਸੁਤੰਤਰਤਾ ਦੀ ਗੱਲ ਕਰਦੇ ਹਨ-

ਛੱਡ ਰਾਹ ਅਕਲ ਚਤੁਰਾਈਆਂ ਦਾ ਖਹਿੜਾ ਪੰਡਤਾਂ ਭਾਈਆਂ ਦਾ

ਪੁੱਛ ਰਾਹ ਇਸ਼ਕ ਦੇ ਠੇਕੇ ਦਾ

ਜੇ ਚਾਹੀ ਗੱਲ ਨਿਬੇੜੇ ਦੀ

ਪ੍ਰੋਫੈਸਰ ਮੋਹਨ ਸਿੰਘ ਇੱਕ ਤਾਂ ਅਜਿਹੇ ਸਮਾਜ ਵਿਚ ਰਹਿਣ ਨੂੰ ਤਿਆਰ ਨਹੀਂ ਜਿੱਥੇ ਬੰਧਨ ਤੇ ਰੁਕਾਵਟਾਂ ਹੋਣ_

ਮੈਂ ਨਹੀਂ ਰਹਿਣਾ ਤੇਰੇ ਗਿਰਾਂ ਜਿੱਥੇ ਵੀਰ ਵੀਰਾਂ ਨੂੰ ਖਾਂਦੇ

ਸਿਰੋਂ ਮਾਰ ਧੁੱਪੇ ਸੁੱਟ ਜਾਂਦੇ

ਜਿੱਥੇ ਸ਼ਾਇਰ ਬੋਲ ਨ ਸਕਣ

ਦਿਲ ਦੀਆਂ ਘੁੰਡੀਆਂ ਖੋਲ੍ਹ ਨ ਸਕਣ

....................................... ਚਾਰੋਂ ਤਰਫ ਆਜ਼ਾਦੀ ਹੋਵੇ

ਮੂਲ ਨਾ ਕੋਈ ਮੁਥਾਜੀ ਹੋਵੇ

ਜੋ ਦਿਲ ਆਵੇ ਪੰਛੀ ਗਾਵਣ

ਚੁੰਮਣ ਤਿੱਤਲੀਆਂ ਜੋ ਫੁੱਲ ਚਾਹੁਣ।

ਸ਼ਿਵ ਕੁਮਾਰ ਬਟਾਲਵੀ ਵੀ ਅਜਿਹੀ ਸੁਤੰਤਰਤਾ ਨੂੰ ਮਾਣਦਾ ਹੋਇਆ ਪੰਛੀ ਬਣਨਾ ਚਾਹੁੰਦਾ ਹੈ:

ਜੀਅ ਚਾਹੇ ਪੰਛੀ ਹੋ ਜਾਵਾਂ

ਉਡਦਾ ਜਾਵਾਂ ਗਾਉਂਦਾ ਜਾਵਾਂ

ਅਣਛੋਹ ਸਿਖਰਾਂ ਨੂੰ ਛੂਹ ਜਾਵਾਂ

ਭਾਏ ਵੀਰ ਸਿੰਘ ਦੀ ਕਵਿਤਾ... ਪਿੰਜਰੇ ਦੇ ਪੰਛੀ ...ਵਿੱਚ ਵੀ ਸੁਤੰਤਰਤਾ ਦੇ ਭਾਵ ਨੂੰ ਬਾਖ਼ੂਬੀ ਪੇਸ਼ ਕੀਤਾ ਗਿਆ ਹੈ ਮਨੁੱਖ ਤਾਂ ਕੀ ਪਸ਼ੂ ਪੰਛੀ ਵੀ ਪੂਰਨ ਸੁਤੰਤਰਤਾ ਮਾਨਣਾ ਚਾਹੁੰਦੇ ਹਨ ਆਦਮੀ ਆਪ ਤਾਂ ਸੁਤੰਤਰ ਰਹਿਣਾ ਚਾਹੁੰਦਾ ਹੈ ਪਰ ਪਸ਼ੂ ਪੰਛੀਆਂ ਨੂੰ ਬੰਦਰਾਂ ਵਿੱਚ ਪਾ ਕੇ ਰੱਖਣਾ ਚਾਹੁੰਦਾ ਹੈ ਪ੍ਰੋਫੈਸਰ ਪੂਰਨ ਸਿੰਘ ਦੀ ਕਵਿਤਾ ਦੇ ਵਿੱਚ ਉਹ ਲਿਖਦੇ ਹਨ:

ਮੁੜ ਮੁੜ ਲੋਚਾਂ ਪਸ਼ੂ ਥੀਣ ਨੂੰ

ਮੈਂ ਆਦਮੀ ਬਣ ਬਣ ਥੱਕਿਆ

ਇਸ ਤਰ੍ਹਾਂ ਰੁਮਾਂਸਵਾਦੀ ਸਾਹਿਤਕਾਰ ਦੀ ਰਚਨਾ ਵਿੱਚ ਵਿੱਚ ਸਾਨੂੰ ਇਹ ਦੇਖਣ ਨੂੰ ਮਿਲਦਾ ਹੈ ਕਿ ਪੂਰਨ ਤੌਰ ਤੇ ਆਪਣੀ ਜ਼ਿੰਦਗੀ ਨੂੰ ਮਾਣਦੇ ਨੇ ਤੇ ਕਿਸੇ ਧਰਮ ਜਾਂ ਰੱਬ ਦੀ ਪ੍ਰਵਾਹ ਨਹੀਂ ਕਰਦੇ :

ਮੈਨੂੰ ਤਾਂ ਜੇ ਰੱਬ ਵੀ ਆਖੇ

ਆਹ ਮੇਰੇ ਚੌੜੇ ਪਨ ਵਿੱਚ ਰਲ਼ ਜਾਂ ਕਦੀ ਨਾ ਰਲਾ

ਵੱਖਰਾ ਹੀ ਖਲਾਂ

## ਸੁੰਦਰਤਾ:

ਸੁੰਦਰਤਾ ਇਹ ਰੋਮਾਂਸਵਾਦ ਦਾ ਇੱਕ ਵਿਸ਼ੇਸ਼ ਵਿਲੱਖਣ ਤੇ ਬੁਨਿਆਦੀ ਲੱਛਣ ਹੈ ਰੁਮਾਂਸਵਾਦੀ ਉਹ ਸਧਾਰਨ ਵਿਚਿੱਤਰ ਸੁੰਦਰਤਾ ਦਾ ਇੱਕ ਅਜਿਹਾ ਭੋਰਾ ਹੁੰਦਾ ਹੈ ਜਿਸ ਦੀ ਜ਼ਿੰਦਗੀ ਆਪਣੇ ਪ੍ਰੇਮ ਕੇਂਦਰ ਆਪਣੇ ਪ੍ਰੇਮ ਪਾਤਰ ਦੀ ਸੁੰਦਰਤਾ ਤੋਂ ਨਿਛਾਵਰ ਹੋਈ ਹੁੰਦੀ ਹੈ ਜਿਸ ਤੱਕ ਉਸਦੀ ਪਹੁੰਚ ਕਦੀ ਕਦੀ ਮੁਸ਼ਕਿਲ ਹੀ ਨਹੀਂ ਸਗੋਂ ਅਧੂਰੀ ਪਹੁੰਚ ਵੀ ਹੁੰਦੀ ਹੈ ਉਹ ਤਾਂ ਦੂਰ ਵੱਸਦੀ ਪਰ ਬੀਤ ਚੁੱਕੀ ਸੁੰਦਰਤਾ ਦਾ ਖਿੱਚਿਆ ਉਸ ਦੀ ਪ੍ਰਾਪਤੀ ਨੂੰ ਆਪਣੀ ਮੰਜ਼ਿਲ ਮਿੱਥ ਲੈਂਦਾ ਹੈ ਉਸ ਦੀ ਸੁੰਦਰਤਾ ਦੁਨੀਆ ਵੀ ਨਹੀਂ ਕੋਈ ਵਿਸ਼ੇਸ਼ ਵਿਲੱਖਣ ਰੱਬੀ ਸੁੰਦਰਤਾ ਹੁੰਦੀ ਹੈ। ਗੁੱਝੀ ਰਹੇ ਨਾ ਹੀਰ ਹਜ਼ਾਰ ਵਾਂਗੂੰ ਕਿਤੇ ਹਜ਼ਾਰਾਂ ਵਿੱਚੋਂ ਇੱਕ ਹੁੰਦੀ ਹੈ ਸਾਹਿਬਾਂ ਦੀ ਸੁੰਦਰਤਾ ਵਰਗੀ ਜਿਸ ਉੱਤੇ ਉਸ ਦਾ ਆਲਾ ਦੁਆਲਾ ਵੀ ਮੋਹਿਤ ਹੋਇਆ ਹੁੰਦਾ ਹੈ ਤੇ ਸੁੰਦਰਤਾ ਕੇਵਲ ਬਾਹਰੀ ਨਹੀਂ ਹੁੰਦੀ ਸਗੋਂ ਅੰਦਰ ਦੀ ਸੁੰਦਰਤਾ ਵੀ ਹੁੰਦੀ ਹੈ ਇਹ ਕੱਚਾ ਘੜਾ ਦੇਖ ਕੇ ਜਾਨ ਨਹੀਂ ਬਚਾਉਂਦੀ ਸਗੋਂ ਨਦੀ ਵਿੱਚ ਕੁਦ ਪੈਂਦੀ ਹੈ ਤੇ ਜਰ ਜਾਂਦੀ ਹੈ। ਜਿੱਥੇ ਰੁਮਾਂਸਵਾਦੀ ਕਵੀ ਅਨੁਪਮ ਤੇ ਅਲੋਕਾਰ ਸੁੰਦਰਤਾ ਦਾ ਚਿਤਰਨ ਕਰਦਾ ਹੈ ਉੱਥੇ ਉਹ ਸਾਧਾਰਨ ਸੁੰਦਰਤਾ ਵਿਚਲੀ ਸਾਦਗੀ ਨੂੰ ਵੀ ਰੱਜ ਰੱਜ ਕੇ ਮਾਣਦਾ ਹੈ ਪ੍ਰੋਫੈਸਰ ਮੋਹਨ ਸਿੰਘ *ਕੁੜੀ ਪੋਠੋਹਾਰ ਦੀ ਵਿੱਚ ਲਿਖਦਾ ਹੈ-

ਪੈਲਾਂ ਪਾਉਂਦੀ ਝੋਲੇ ਖਾਂਦੀ

ਆਈ ਕੁੜੀ ਪੋਠੋਹਾਰ ਦੀ।

ਆਪਣੀ ਮਹਿਬੂਬਾ ਦੇ ਸਾਥ ਨੂੰ ਮਾਨਣ ਵਾਸਤੇ ਪ੍ਰੋਫੈਸਰ ਮੋਹਨ ਸਿੰਘ ਇੰਜ ਲਿਖਦੇ ਹਨ:

ਜੇ ਤੂੰ ਬਹਿ ਵੰਝੇ ਮੇਰੇ ਕੋ
ਸੱਤ ਬਹਿਸ਼ਤਾਂ ਦੇਣ ਜੇ ਮੈਨੂੰ ਛੰਡ ਸੁੱਟਾਂ ਮੈਂ ਚੋਲ

ਮੁੱਖ ਤੇਰੇ ਦੇ ਅਸੀਂ ਵਣਜਾਰੇ
ਹੋਰ ਨਹੀਂ ਕੁਝ ਮੰਗਦੇ ਪਿਆਰੇ
ਭਾਵੇਂ ਬੋਲ ਜਾਂ ਨਾ ਬੋਲ

ਸ਼ਿਵ ਕੁਮਾਰ ਬਟਾਲਵੀ ਸੁੰਦਰਤਾ ਨੂੰ ਇਸ ਤਰ੍ਹਾਂ ਪ੍ਰਗਟਾਉਂਦਾ ਹੈ:

ਮੈਨੂੰ ਤੇਰਾ ਸ਼ਬਾਬ ਲੈ ਬੈਠਾ
ਰੰਗ ਗੋਰਾ ਗੁਲਾਲ ਲੈ ਬੈਠਾ

ਜਾਂ ਉਸ ਦੀ ਹੋਰ ਕਵਿਤਾ ਹੈ:

ਸੱਜਣਾ ਸਾਂਵਰਿਆਂ
ਸਾਡੇ ਸਾਹ ਵਿੱਚ ਚੇਤਰ ਘੋਲ
ਸੱਜਣਾ ਸਾਂਵਰਿਆਂ

ਰੁਮਾਂਸਵਾਦੀ ਸਾਹਿਤ ਦੀ ਸੁੰਦਰਤਾ ਕੇਵਲ ਸਰੀਰ ਦੀ ਹੀ ਸੁੰਦਰਤਾ ਨਹੀਂ ਸਥਾਨ ਦੀ ਵੀ ਹੁੰਦੀ ਹੈ ਕਵੀ ਦੂਰ ਵੱਸਦੇ ਸਥਾਨਾਂ ਜਿਨ੍ਹਾਂ ਵਿੱਚ ਵਿਸ਼ੇਸ਼ ਆਕਰਸ਼ਨ ਅਸਧਾਰਨ ਅਲੌਕਿਕ ਤੇ ਵਿਚਿੱਤਰ ਖਿੱਚ ਹੁੰਦੀ ਹੈ ਜਦੋਂ ਵੇਖਦਾ ਹੈ ਤਾਂ ਉਹ ਕਾਦਰ ਦੀ ਕਾਇਨਾਤ ਤੇ ਕੁਦਰਤ ਤੋਂ ਸਦਕੇ ਜਾਂਦਾ ਹੈ ਅਤੇ ਫਿਰ ਅਲੌਕਿਕ ਸੁੰਦਰਤਾ ਸੰਸਕ੍ਰਿਤੀ ਦੀ ਵੀ ਹੁੰਦੀ ਹੈ ਅਜਿਹੀ ਸੰਸਕ੍ਰਿਤੀ ਜੋ ਆਪਣੇ ਆਪ ਵਿੱਚ ਵਿਚਾਰ ਵਿਹਾਰ ਜੀਵਨ ਜਾਚ ਖਾਣ ਪੀਣ ਪਹਿਨਣ ਆਦਿ ਦੇ ਵੱਖਰੇ ਗੁਣ ਰੱਖਦੀ ਹੈ ਜਿਸ ਖਾਤਰ ਕੋਈ ਆਪਣੀ ਸੰਸਕ੍ਰਿਤੀ ਨੂੰ ਛੱਡ ਕੇ ਉਸ ਨੂੰ ਅਪਣਾਉਣ ਲਈ ਬੇਬਲ ਹੋ ਉੱਠਦਾ ਹੈ।

## <u>ਪਰਾਸਰੀਰਕਤਾ:</u>

ਇਸ ਤੋਂ ਭਾਵ ਯਥਾਰਥਕਤਾ ਤੇ ਸੁਭਾਵਿਕਤਾ ਦਾ ਵਿਰੋਧ ਹੈ। ਪਰਾ ਸਰੀਰਕ ਉਹ ਹੈ ਜੋ ਸਰੀਰਕ ਨਹੀਂ। ਰੁਮਾਂਸਵਾਦੀ ਸਾਹਿਤਕਾਰ ਆਪਣੀ ਰਚਨਾ ਵਿੱਚ ਅਲੌਕਿਕਤਾ ਵਿਚਿੱਤਰਤਾ ਤੇ ਅਦਭੁੱਤ ਤਾਂ ਦਾ ਵਾਤਾਵਰਨ ਸਿਰਜਣ ਲਈ ਪਰਾਸਰੀਰਕ ਘਟਨਾਵਾਂ ਤੇ ਵਿਅਕਤੀਆਂ ਸਬੰਧੀ ਜ਼ਰੂਰ ਚਰਚਾ ਕਰਦਾ ਹੈ ।ਦੇਵਾਂ ਦੈਂਤਾਂ ਹੂਰਾਂ ਪਰੀਆਂ ਆਦਿ ਦਾ ਉਲਾਸ ਮਈ ਜ਼ਿਕਰ ਰੋਮਾਂਚਿਕ ਵਾਤਾਵਰਨ ਸਿਰਜਦਾ ਹੈ। ਅਸੰਭਵ ਵਿਚਿੱਤਰ ਅਤੇ ਅਦਭੁਤ ਘਟਨਾਵਾਂ ਜੋ ਸਾਡੇ ਮਨ ਵਿਚਲੀ ਅਵਸਥਾ ਨਾਲ ਮੇਲ ਖਾਂਦੀਆਂ ਹਨ ਸਾਹਿਤਕਾਰ ਪਾਠਕਾਂ ਨੂੰ ਆਨੰਦ ਤੇ ਖੇੜੇ ਦੀ ਅਵਸਥਾ ਵਿੱਚ ਪਹੁੰਚਾ ਦਿੰਦਾ ਹੈ ।ਰੋਮਾਂਟਿਕ ਕਿੱਸਿਆਂ ਤੇ ਕਹਾਣੀਆਂ ਵਿੱਚ ਅਜਿਹੇ ਵਿਚਿੱਤਰ ਪਰਾਸਰੀਰਕ ਪਾਤਰਾਂ ਤੇ ਘਟਨਾਵਾਂ ਦਾ ਜ਼ਿਕਰ ਜ਼ਰੂਰੀ ਹੁੰਦਾ ਹੈ ਕਿਉਂਕਿ ਪਾਠਕ ਇਨ੍ਹਾਂ ਦੇ ਵੀਚਿੱਤਰ ਤੇ ਅਲੌਕਿਕ ਜੀਵਨ ਸ਼ਕਤੀਆਂ ਨੂੰ ਜਾਣ ਕੇ ਵਿਕਸਿਤ ਤੇ ਆਨੰਦਿਤ ਹੁੰਦੇ ਹਨ। ਰਾਂਝੇ ਦੀ ਵੀਰਤਾ ਤੇ ਵੰਝਲੀ ਤੋਂ ਪ੍ਰਸੰਨ ਹੋ ਕੇ ਪੰਜ ਪੀਰ ਉਸਦੇ ਸਾਹਮਣੇ ਪ੍ਰਗਟ ਹੁੰਦੇ ਹਨ ਤੇ ਫੇਰ ਰਾਂਝੇ ਦੇ ਮੰਗਣ ਤੇ ਹੀਰ ਦੀ ਪ੍ਰਾਪਤੀ ਦਾ ਵਰਦਾਨ ਹੀ ਨਹੀਂ ਦਿੰਦੇ ਸਗੋਂ ਹੀਰ ਨੂੰ ਸੁਪਨੇ ਵਿੱਚ ਮਿਲ ਕੇ ਉਸਨੂੰ ਰਾਂਝੇ ਨੂੰ ਪਤੀ ਰੂਪ ਵਿੱਚ ਸਵੀਕਾਰ ਕਰਨ ਲਈ ਪ੍ਰੇਰਿਤ ਵੀ ਕਰਦੇ ਹਨ ।ਇਸ ਤਰ੍ਹਾਂ ਪਰਾ ਸਰੀਰਕ ਸ਼ਕਤੀਆਂ ਸੋਹਣੀ ਦੇ ਜ਼ਬਰਦਸਤੀ ਵਿਆਹੇ ਜਾਣ ਉੱਤੇ ਸੋਹਣੀ ਦੀ ਮਹੀਂਵਾਲ ਉੱਤੇ ਸੁਹਿਰਦਤਾ ਨੂੰ ਬਣਾਈ

ਰੱਖਣ ਲਈ ਉਸ ਦੇ ਪਤੀ ਨੂੰ ਨਿੰਪੁਸੁੱਕ ਬਣਾ ਦਿੰਦੇ ਹਨ। ਇਸੇ ਤਰ੍ਹਾਂ ਸੱਸੀ ਤੇ ਪੁੰਨੂੰ ਦਾ ਮੇਲ ਕਰਵਾਉਣ ਲਈ ਪਰਾਸਰੀਰਕ ਸ਼ਕਤੀਆਂ ਸੱਸੀ ਦੀ ਬਣੀ ਹੋਈ ਸੱਜਰੀ ਕਬਰ ਨੂੰ ਪਾੜ ਕੇ ਪੁਨੂੰ ਨੂੰ ਜਿਉਂਦੇ ਜੀ ਸੱਸੀ ਨਾਲ ਕਬਰ ਵਿੱਚ ਪਹੁੰਚਾ ਦਿੰਦੀਆਂ ਹਨ ਇਸ ਤਰ੍ਹਾਂ ਰੋਮਾਂਟਿਕ ਕਿੱਸਿਆਂ ਵਿੱਚ ਪਰਾ ਸਰੀਰਕ ਸ਼ਕਤੀਆਂ ਉਦੋਂ ਆਪਣਾ ਕਾਰਜ ਕਰਦੀਆਂ ਹਨ ਜਦੋਂ ਦੁਨਿਆਵੀ ਸ਼ਕਤੀਆਂ ਪਿਆਰ ਕਰਨ ਵਾਲੀਆਂ ਪਵਿੱਤਰ ਰੂਹਾਂ ਦੇ ਰਾਹ ਵਿੱਚ ਰੋੜੇ ਅਟਕਾਉਦੀਆਂ ਹੋਈਆਂ ਉਨ੍ਹਾਂ ਨੂੰ ਵਿਛੋੜਨ ਦਾ ਹਰ ਸੰਭਵ ਸਾਧਨ ਵਰਤਦੀਆਂ ਹਨ ਆਧੁਨਿਕ ਕਵਿਤਾ ਵਿੱਚ ਪ੍ਰੋਫੈਸਰ ਮੋਹਨ ਸਿੰਘ ਨੇ ਆਪਣੀ ਕਵਿਤਾ ਵਿੱਚ ਪਰਾਸਰੀਰਕ ਅੰਸ਼ ਵੀ ਭਰਿਆ ਹੈ :

ਲੰਮਸਲੰਮੀਆਂ ਸੁੰਦਰ ਚੀਲਾਂ ਥਾਂ ਆਪਣੇ ਤੋਂ ਹੱਲੀਆਂ

ਚੱਕਰ ਬੰਨ ਦੁਆਲੇ ਮੇਰੇ

ਨਾਲ ਨਾਲ ਹੋ ਖੱਲੀਆ

ਸੁਣ ਕੇ ਗੀਤ ਉਨ੍ਹਾਂ ਦੇ ਆਏ

ਅਰਸ਼ੋਂ ਉੱਤਰ ਸਿਤਾਰੇ

ਗਏ ਉਨ੍ਹਾਂ ਦੀਆਂ ਜ਼ੁਲਫ਼ਾਂ ਅੰਦਰ

ਜੁਗਨੂੰਆਂ ਵਾਂਗ ਸ਼ਿੰਗਾਰੇ ।

## ਪ੍ਰਕਿਰਤੀ ਚਿਤਰਣ:

ਪ੍ਰਕਿਰਤੀ ਚਿਤਰਣ ਵੀ ਰੁਮਾਂਸਵਾਦੀ ਸਾਹਿਤ ਦਾ ਇੱਕ ਜ਼ਰੂਰੀ ਪਹਿਲੂ ਹੈ ਪ੍ਰਕਿਰਤੀ ਆਪਣੇ ਆਪ ਵਿੱਚ ਵਿਲੱਖਣ ਤੇ ਵਿਚਿੱਤਰ ਹੱਸਤੀ ਹੈ ।ਰੋਮਾਂਟਿਕ ਕਵੀਆਂ ਨੇ ਰੂਸੋ ਦੇ ਨਾਅਰੇ 'ਪਰਕ੍ਰਿਤੀ ਵੱਲ ਪਰਤੋਂ' ਦਾ ਕਾਫੀ ਪ੍ਰਭਾਵ ਗ੍ਰਹਿਣ ਕੀਤਾ ਤੇ ਪ੍ਰਕਿਰਤੀ ਦੀ ਸ਼ਰਨ ਲਈ।ਅੰਗ੍ਰੇਜ਼ੀ ਦੇ ਰੋਮਾਂਟਿਕ ਕਵੀ ਵਰਡਸਵਰਥ, ਕਾਲਰਿਜ, ਬਾਇਰਲ, ਸ਼ੈਲੇ ਤੇ ਕੀਟਸ ਦੀ ਕਵਿਤਾ ਵਿਚ ਵੰਨ-ਸੁਵੰਨੇ ਰੂਪਾਂ ਵਿਚ ਦ੍ਰਿਸ਼ਟੀ ਗੋਚਰ ਹੁੰਦੀ ਹੈ।

ਪ੍ਰਸਿੱਧ ਆਲੋਚਕ ਕੇਸਿੰਗ ਦਾ ਵਿਚਾਰ ਹੈ:

'ਇਨਸਾਨ ਦੀ ਜ਼ਿੰਦਗੀ ਵਿੱਚ ਜਿੱਤੀ ਵੀ ਸੁੰਦਰਤਾ ਆਈ ਹੈ ਉਹ ਪ੍ਰਕਿਰਤੀ ਵਿੱਚੋਂ ਹੀ ਆਈ ਹੈ ।'

ਆਮ ਸਾਧਾਰਨ ਮੈਦਾਨੀ ਇਲਾਕੇ ਦੇ ਵਸਨੀਕਾਂ ਵਾਸਤੇ ਪ੍ਰਕਿਰਤੀ ਆਪਣਾ ਵੱਖਰਾ ਤੇ ਅਲੌਕਿਕ ਸਥਾਨ ਰੱਖਦੀ ਹੈ ਆਪ ਮੁਹਾਰੇ ਫੁੱਟਦੇ ਚਸ਼ਮੇ, ਅਸਮਾਨਾਂ ਤੋਂ ਡਿੱਗਦੀਆਂ ਬਰਫ਼ਾਂ, ਗਰਮੀ ਦੇ ਮੌਸਮ ਵਿੱਚ ਇਕਦਮ ਪੈਦਾ ਬਰਸਾਤਾਂ ਉਨ੍ਹਾਂ ਨੂੰ ਨਸ਼ਿਆਂ ਦਿੰਦੀਆਂ ਹਨ ਪ੍ਰਕਿਰਤੀ ਦਾ ਜਾਹਰੀ ਰੂਪ ਹੀ ਅਲੌਕਿਕ ਤੇ ਵੀਚਿੱਤਰ ਨਹੀਂ ਸਗੋਂ ਇਸ ਦੀ ਅੰਤਰ ਆਤਮਾ ਦੀ ਬੜੀ ਅਲੌਕਿਕ ਤੇ ਵਿਚਿੱਤਰ ਹੁੰਦੀ ਹੈ ਜੋ ਮਨੁੱਖ ਦੇ ਦੁੱਖਾਂ ਸੁੱਖਾਂ ਵਿੱਚ ਬਰਾਬਰ ਦੀ ਭਾਈਵਾਲ ਹੁੰਦੀ ਹੈ ਮਨੁੱਖੀ ਨਿਰਾਸ਼ਾ ਸਮੇਂ ਹੰਝੂ ਵਹਾ ਸਕਦੀ ਹੈ ਪ੍ਰਕਿਰਤੀ ਮਨੁੱਖਾਂ ਦੇ ਦੁੱਖਾਂ ਸੁੱਖਾਂ ਨੂੰ ਘਟਾਉਣ ਤੇ ਭਾਵਾਂ ਦੀ ਅਭਿਵਿਅਕਤੀ ਦਾ ਸਾਧਨ ਬਣਦੀ ਹੈ ਦਮੋਦਰ ਦੀ ਹੀਰ ਵਿੱਚ ਹੀਰ ਦੇ ਜ਼ਬਰਦਸਤੀ ਸਹੁਰੇ ਘਰ ਜਾਣ ਉੱਤੇ ਪ੍ਰਾਪਤ ਹੋਏ ਦੁੱਖਾਂ ਨੂੰ ਵਿਹੜੇ ਦੇ ਦਰੱਖਤ ਪੰਛੀ ਅਤੇ ਪਸ਼ੂ ਵੀ ਪੂਰੀ ਸ਼ਿੱਦਤ ਨਾਲ ਮਹਿਸੂਸ ਕਰਦੇ ਹਨ:

ਰੋਂਦੇ ਆਤਣ ਰੋਂਦੇ ਵਿਹੜੇ

ਜਿਉਂ ਜਿਉਂ ਵਿਦਾ ਕਰੇਂਦੇ

ਰੋਵਨ ਬ੍ਰਿਖ ਬੰਬੂਲ ਪੰਖੇਰੂ ਸਈਆਂ ਬਾਰੇ ਦਿੰਦੀ ਰੁਮਾਂਸਵਾਦੀ ਸਾਹਿਤਕਾਰ ਪ੍ਰਕਿਰਤੀ ਦਾ ਮਾਨਵੀਕਰਨ ਕਰਦਾ ਹੈ । ਆਪਣੇ ਮਨ ਦੇ ਭਾਵਾਂ ਨੂੰ ਰਹੱਸਾਂ ਨੂੰ ਇਸ ਜ਼ਰੀਏ ਪੇਸ਼ ਕਰਦਾ ਹੈ ਜਿਵੇਂ ਭਾਈ ਵੀਰ ਸਿੰਘ ਪ੍ਰਕਿਰਤੀ ਦੇ ਮਾਧਿਅਮ ਰਾਹੀਂ ਉਸ ਕੁਦਰਤ ਦੇ ਕਾਦਰ ਨਾਲ ਆਪਣੇ ਆਪ ਨੂੰ ਜੋੜਦੇ ਹਨ:

ਮਿੱਠੇ ਤਾਂ ਲੱਗਦੈ ਮੈਨੂੰ ਫੁੱਲਾਂ ਦੇ ਹੁਲਾਰੇ

ਜਾਨ ਮੇਰੀ ਪਰ ਕੁਸਦੀ ।

ਭਾਈ ਵੀਰ ਸਿੰਘ ਦੀਆਂ ਇਹ ਸਤਰਾਂ ਪੂਰੀ ਦੀ ਪੂਰੀ ਕਾਇਨਾਤ ਦੇ ਸਿਰਜਕ ਅੱਗੇ ਸਿਜਦਾ ਕਰਦੀਆਂ ਹਨ:

ਵੈਰੀਨਾਗ ਤੇਰਾ ਪਹਿਲਾ ਝਲਕਾ

ਜਦ ਅੱਖੀਆਂ ਵਿੱਚ ਵੱਜਦਾ

ਕੁਦਰਤ ਦੇ ਕਾਦਰ ਦਾ ਜਲਵਾ ਲੈ ਲੈਂਦਾ ਇੱਕ ਸਿਜਦਾ

ਭਾਏ ਵੀਰ ਸਿੰਘ ਦੀ ਅਟਕ ਕਵਿਤਾ ਵਿੱਚ ਅਟਕ ਦਰਿਆ ਜ਼ਿੰਦਗੀ ਦੀ ਚਾਲ ਨੂੰ ਮਾਨਣ ਦੀ ਪ੍ਰੇਰਨਾ ਦਿੰਦਾ ਹੈ ਤੇ ਪਦਮ ਬ੍ਰਿਜ ਦੀ ਬਹਾਰ ਨੂੰ ਮਨੁੱਖ ਨੂੰ ਜ਼ਿੰਦਗੀ ਦੀ ਹਰ ਸਥਿਤੀ ਵਿੱਚ ਖੁਸ਼ੀ ਦੀ ਪ੍ਰਾਪਤੀ ਲਈ ਜੱਦੋ ਜਹਿਦ ਕਰਨ ਲਈ ਪ੍ਰੇਰਿਤ ਕਰਦੀ ਹੈ ਭਾਈ ਵੀਰ ਸਿੰਘ ਦੀਆਂ ਹੋਰ ਕਵਿਤਾਵਾਂ; ਚਸ਼ਮਾਂ ਇੱਛਾਬਲ ਤੇ ਡੂੰਘੀਆਂ ਥਾਵਾਂ, ਕਿੱਕਰ ,ਕੇਲੋ ਦੇ ਗੱਲ ਵੇਲ, ਆਦਿ ਵਿੱਚ ਕੁਦਰਤ ਦੀ ਪੇਸ਼ਕਾਰੀ ਰਾਹੀਂ ਜ਼ਿੰਦਗੀ ਦੇ ਉੱਚੇ ਭਾਵਾਂ ਦੀ ਗੱਲ ਕੀਤੀ ਗਈ ਹੈ ਧਨੀਰਾਮ ਚਾਤ੍ਰਿਕ ਦੀ ਬਸੰਤ ਕਵਿਤਾ ਵਿੱਚ ਬਸੰਤ ਇੱਕ ਮੌਸਮ ਨਾ ਰਹਿ ਕੇ ਇੱਕ ਨੌਜਵਾਨ ਸ਼ੌਕੀਨ ਯੁਕਤੀ ਬਣ ਕੇ ਪਲ ਪਲ ਆਪਣਾ ਲਿਬਾਸ ਬਦਲ ਦੀ ਸਾਡੇ ਸਾਹਮਣੇ ਆਉਂਦੀ ਹੈ।

ਸ਼ਿਵ ਕੁਮਾਰ ਨੇ ਆਪਣੀ ਕਵਿਤਾ ਵਿੱਚ ਕੁਦਰਤ ਦੀ ਬਹੁਤ ਵਿਚਿੱਤਰ ਪੇਸ਼ਕਾਰੀ ਕੀਤੀ ਹੈ:

ਨਾ ਕੱਲ੍ਹ ਖਿੜਨਾ ਚਾਨਣ ਦਾ ਫੁੱਲ

ਨਾ ਕੱਲ੍ਹ ਖਿੜਨਾ ਚੰਬਾ

ਨਾ ਕੱਲ੍ਹ ਬਾਗੀ ਮਹਿਕਾਂ ਫਿਰਨਾ ਕਰਕੇ ਨੀਂ ਸਿਰ ਨੰਗਾ

ਨਾ ਅੱਜ ਵਾਕਣ ਲਿਫ ਲਿਫ ਟਾਹਣਾ ਧਰਤੀ ਪੈਰੀਂ ਪੈਣਾ

ਨੀਂ ਜਿੰਦੇ ਮੈਂ ਕੱਲ੍ਹ ਨਹੀਂ ਰਹਿਣਾ

ਪ੍ਰੋਫੈਸਰ ਮੋਹਨ ਸਿੰਘ ਪ੍ਰਕਿਰਤੀ ਦੇ ਪ੍ਰਭਾਵ ਨੂੰ ਇੰਜ ਬਿਆਨ ਕਰਦੇ ਹਨ:

ਪਹਿਲਗਾਮ ਦੀ ਸੁੰਦਰ ਵਾਦੀ ਚੀਲਾਂ ਨਾਲ ਸ਼ਿੰਗਾਰੀ

ਦੋ ਨਦੀਆਂ ਰਲ ਵਗਣ ਜਿੱਥੇ

ਇੱਕ ਸੋਹਣੀ ਇੱਕ ਪਿਆਰੀ

.....................................................

ਸੂਹੇ ਫੁੱਲ ਸੰਧੂਰੀ ਗੂੜ੍ਹੇ ਕੇਸਰੀ

ਟੂਣੇ ਦੇ ਵਿੱਚ ਜਕੜੀ ਜਾਪੇ ਇਹ ਘੜੀ ।

ਕਿਉਂਜੋ ਅੰਗ੍ਰੇਜੀ ਵਿਚ ਰੋਮਾਂਸਵਾਦ ਨਵ-ਸ਼ਾਸਤ੍ਰਵਾਦ (Neo-Classicism) ਦੇ ਪ੍ਰਤੀਕਰਮ ਵਜੋਂ ਉਭਰਿਆ ਸੀ ਇਸ ਲਈ ਉਸ ਵਿਚ ਵਿਦਰੋਹ ਦੀ ਭਾਵਨਾ ਦਾ ਹੋਣਾ ਸੁਭਾਵਕ ਹੈ। ਵਿਦਰੋਹ ਅਨਿਆਂ ਤੋਂ ਅੱਤਿਆਚਾਰ ਦੇ ਵਿਰੁੱਧ ਵੀ ਸੀ ਅਤੇ ਧਾਰਮਿਕ, ਸਮਾਜਿਕ ,ਆਰਥਿਕ ਬੰਧਨਾਂ ਤੋਂ ਪਰੰਪਰਾਵਾਂ ਦੇ ਖਿਲਾਫ ਵੀ। ਪੁਰਾਣੇ ਦੇ ਪਤੀ ਨਵੇਂ ਦਾ ਇਹ ਵਿਦਰੋਹ ਜੀਵਨ ਦੇ ਹਰ ਖੇਤਰ ਵਿਚ ਉਭਰਿਆ। ਉਸ ਵਿਦਰੋਹ ਦੀ ਭਾਵਨਾ ਨੂੰ ਰੂਸੋ ਦੇ ਇਸ ਕਥਨ ਨੇ ਹੋਰ ਉਤੇਜਿਤ ਕੀਤਾ;

"ਮਨੁੱਖ ਸੁਤੰਤਰ ਪੈਦਾ ਹੋਇਆ ਹੈ ਪਰੰਤੂ ਉਹ ਹਰ ਥਾਂ ਤੇ ਜੰਜੀਰਾਂ ਵਿਚ ਜਕੜਿਆ ਪਿਆ ਹੈ।"

ਬਾਇਰਨ ਅਤੇ ਸ਼ੈਲੇ ਨੇ ਆਪਣੇ ਅਮਲੀ ਜੀਵਨ ਵਿਚ ਵੀ ਅਤੇ ਕਵਿਤਾ ਵਿਚ ਵੀ ਜੀਵਨ ਦੀਆਂ ਨੈਤਿਕ ਕੀਮਤਾਂ ਅਤੇ ਸਮਾਜਿਕ ਸੰਸਥਾਵਾਂ ਵਿਰੁੱਧ ਵਿਦਰੋਹ ਕੀਤਾ। ਆਪਣੇ ਸਮਕਾਲੀ ਅਨਿਆਂ ਅਤੇ ਅਤਿਆਚਾਰ ਭਰੇ ਜੀਵਨ ਤੋਂ ਵਿਦਰੋਹ ਕਰਕੇ ਕਾਲਰਿਜ ਨੇ ਅਫੀਮ ਭੁੱਖ ਕੇ ਕਲਪਿਤ ਪਰਾਸਰੀਰਕ ਸੰਸਾਰ ਦੀ ਸ਼ਰਨ ਲਈ। ਕੀਟਸ ਜੀਵਨ ਦੇ ਕੌੜੇ ਯਥਾਰਥਾਂ ਦੀ ਭੱਠੀ  ਵਿਚ ਭੁਜਣ ਦੇ ਬਾਵਜੂਦ ਖਿਆਲੀ ਤੌਰ ਤੇ ਪੁਰਾਤਨ ਯੂਨਾਨ ਦੇ ਸੁੰਦਰ ਸੰਸਾਰ ਵਿਚ ਵਿਚਰਦਾ ਰਿਹਾ। ਵਰਲਡ ਵਰਥ ਨੇ ਸਾਦੀ ਭਾਸ਼ਾ ਵਿਚ ਪੇਂਡੂ ਜੀਵਨ ਦੇ ਸੋਹਿਲੇ ਗਾਉਣੇ ਆਪਣਾ ਕਾਵਿ ਆਦਰਸ਼ ਬਣਾ ਲਿਆ। ਵਿਕਟਰ ਹਿਊਗੋ ਨੇ ਆਪਣੇ ਨਾਵਲ "ਦੁਖੀਏ (les Miserables) ਵਿਚ ਇਕ ਪਾਦਰੀ ਦੁਆਰਾ ਇਕ ਚੋਰ ਦਾ ਸਮਰਥਨ ਕਰਵਾ ਕੇ ਤੱਤਕਾਲੀ ਪੁਰਾਣੀ ਨੈਤਿਕਤਾ ਨੂੰ ਵੰਗਾਰਿਆ ਸੀ। ਸ਼ੈਲੇ ਦੀ ਨਵੇਰੀ ਕਵਿਤਾ "ਪ੍ਰਾ ਮੀਥੀਅਸ ਅਨਬਾਉਂਡ' ਅਜਿਹੀ ਵਿਦਰੋਹ ਭਾਵਨਾ ਦਾ ਉੱਘਾ ਉਦਾਹਰਨ ਹੈ।

## ਕਲਪਨਾ ਦੀ ਉਡਾਰੀ (Flight of Imagination)

ਕਲਪਨਾ ਨੂੰ ਰੁਮਾਂਸ ਦਾ ਸੋਮਾ ਮੰਨਿਆ ਜਾਂਦਾ ਹੈ।ਜਿੱਥੇ ਨਾ ਪੁੱਜੇ ਰਵੀ-ਉੱਥੇ ਪੁੱਜੇ ਕਵੀ' ਵਾਲੀ ਉਕਤੀ ਵੀ ਕਲਪਨਾ ਦੀ ਮਹਤੱਤਾ ਦੀ ਹੀ ਸੂਚਕ ਹੈ।ਕਾਲਰਿਜ ਆਪਣੀ ਪੁਸਤਕ Biographia Literaria  ਅਤੇ ਸ਼ੈਲੀ ਨੇ  Defence of Poetry ਵਿਚ ਕਲਪਨਾ ਨੂੰ ਰੁਮਾਂਸਵਾਦੀ ਕਵਿਤਾ ਦਾ ਮੁੱਖ ਲੱਛਣ ਮੰਨਿਆ ਹੈ। ਵਰਡਜ਼ਵਰਥ ਕਵਿਤਾ ਨੂੰ  Works of imagination and Sentiment ਮੰਨਦਾ ਹੈ।ਕੀਟਸ ਦਾ ਮੰਨਨਾ ਹੈ ਕਿ ' ਮੈਂ ਉਹੀ ਬਿਆਨਦਾ ਹਾਂ ਜੋ ਮੇਰੀ ਕਲਪਨਾ ਵਿਚ ਆਉਂਦਾ ਹੈ(Idescribe what I imagine) ।

## ਆਪ ਮੁਹਾਰਤਾ ਜਾਂ ਸੁਭਾਵਿਕਤਾ Spontaniety:

ਰੋਮਾਂਸਵਾਦੀ ਕਵੀ ਕਵਿਤਾ ਵਿਚ ਆਮਦ ਦੇ ਕਾਇਲਹਨ ਨਾ ਕਿ ਆਵਰਦ ਦੇ। ਇਸ ਕਰਕੇ ਹੀ ਵਰਡਜ਼ਵਰਥ ਕਵਿਤਾ ਨੂੰ  'ਬਲਵਾਨ ਜਜ਼ਬਿਆਂ ਦਾ ਆਪ ਮੁਹਾਰਾ ਹੜ੍ਹ' ਕਹਿੰਦਾ ਹੈ। ਕੀਟਸ ਵੀ ਇਸੇ ਵਿਚਾਰ ਦੀ ਪ੍ਰੋੜਤਾ ਕਰਦੇ ਹੋਏ ਲਿਖਦਾ ਹੈ ਕਿ ਕਵਿਤਾ ਕਵੀ ਨੂੰ ਇਸ ਪ੍ਰਕਾਰ ਬਹੁੜਨੀ ਚਾਹੀਦੀ ਹੈ ਜਿਵੇਂ ਬਿਰਖਾਂ ਨੂੰ ਪੱਤੇ।

'If poetry comes not as naturally as the leaves to a tree, it had better not come at all.'

## ਅੰਤਰਮੁਖਤਾ Subjectivity:

ਅੰਤਰਮੁਖਤਾਵੀ ਰੋਮਾਂਟਿਕ ਕਵਿਤਾ ਦਾ ਉੱਘਾ ਲੱਛਣ ਹੈ। ਰੋਮਾਂਸਵਾਦੀ ਕਵੀ ਆਪਣੇ ਜਜ਼ਬਿਆਂ , ਵਲਵਲਿਆਂ, ਅਭਿਲਾਖਾਵਾਂ,ਆਸ਼ਾਵਾਂ, ਨਿਰਾਸ਼ਾਵਾਂ ਅਤੇ ਆਦਰਸ਼ਾਂ ਨੂੰ ਬੜੀ ਸ਼ਿੱਦਤ ਨਾਲ ਉਲੀਕਦੇ ਹਨ। ਕਵੀ'ਪਰ' ਦੀ ਥਾਂ 'ਨਿੱਜ'  ਨੂੰ ਪਹਿਲ ਦਿੰਦੇ ਹਨ।ਰੋਮਾਂਟਿਕ ਕਵੀਆਂ ਵਿਚ 'ਨਿੱਜ' ਦੀ ਬਹੁਤ ਮਾਤ੍ਰਾ ਦੇਖਣ ਨੂੰ ਮਿੱਲਦੀ ਹੈ। ਬਾਇਰਨ,ਸ਼ੈਲੇ, ਕੀਟਸ ਦੀ ਕਵਿਤਾ ਵਿਚ ਉਨ੍ਹਾਂ ਦੇ ਸੰਸਾਰਿਕ ਬੰਧਨਾਂ ਤੋਂ ਮੁਕਤ ਹੋ ਕੇ ਨਿੱਜ ਦੇ ਵਰਤਾਰੇ ਆਮ ਮਿੱਲਦੇ ਹਨ। ਪੰਜਾਬੀ ਸਾਹਿਤ ਵਿਚ ਰੋਮਾਂਸਵਾਦੀ ਸਾਹਿਤ ਦੇ ਭਰਪੂਰ ਝਲਕਾਰੇ ਮਿੱਲਦੇ ਹਨ। ਅਸਲ ਵਿਚ ਪੰਜਾਬ ਇਸ਼ਕ ਤੇ ਰੋਮਾਂਸ ਦੀ ਧਰਤੀ ਹੈ। ਇਸ ਦੇ ਸੁਭਾ ਵਿਚ ਆਰੰਭ ਤੋਂ ਹੀ ਰੋਮਾਂਸਵਾਦੀ ਤੱਤ ਪਾਏ ਜਾਂਦੇ ਹਨ।ਮੋਹਨ ਸਿੰਘ ਨੇ ਇਸ ਨੂੰ ਬਹੁਤ ਸੁਹਣਾ ਪ੍ਰਗਟਾਇਆ ਹੈ

ਆਵਣ ਨੂੰ ਤਾਂ ਜਵਾਨੀਆਂ

ਹਰ ਇੱਕ ਤੇ ਆਉਂਦੀਆਂ ਨੇ।

ਪਰ ਕੁੱਛ ਹੋਰ ਹੀ ਹਿਸਾਬ ਹੈ

ਸਾਡੇ ਸ਼ਬਾਬ ਦਾ।

ਗੰਗਾ ਬਣਾਵੇ ਦੇਵਤੇ ਤੇ ਜਮਨਾ ਦੇਵੀਆਂ

ਆਸ਼ਕ ਮਗਰ ਬਣਾ ਸਕੇ

ਪਾਣੀ ਚਨਾਬ ਦਾ।

ਪੰਜਾਬੀ ਦੀ ਪਹਿਲੀ ਪ੍ਰਾਪਤ ਰਚਨਾ'ਅਬਦੁਲ ਰਹਿਮਾਨ' ਦੀ 'ਸੰਦੇਸ਼ ਰਾਸਕ' ਵੀ ਰੋਮਾਂਟਿਕ ਕਾਵਿ ਹੈ।ਪੰਜਾਬੀ ਵਿਚ ਰਚੇ ਕਿੱਸੇ ਜਾਂ ਪ੍ਰੀਤ ਕਥਾਵਾਂ ਦਾ ਲੰਮਾ ਇਤਿਹਾਸ ਹੈ। ਇਸ ਵਿੱਚਲੇ ਨਾਇਕ ਜਾਂ ਨਾਇਕਾਵਾਂ ਸ਼ਰ੍ਹਾ ਜਾਂ ਸਮਾਜ ਦੀਆਂ ਸਥਾਪਿਤ ਮਰਿਆਦਾਵਾਂ ਨਾਲ ਬਗਾਵਤ ਕਰਦੀਆਂ ਹਨ; ਹੀਰ ਦੇ ਬੋਲਾਂ ਤੋਂ ਇਹ ਵਿਰੋਧ ਸਮਝਿਆ ਜਾ ਸਕਦਾ ਹੈ: 'ਵਾਰਿਸ ਸ਼ਾਹ ਨਾ ਮੁੜਾਂ ਰੰਝੇਟੜੇ ਤੋਂ, ਭਾਵੇਂ ਬਾਪ ਦੇ ਬਾਪ ਦਾ ਬਾਪ ਆਵੇ।'

ਆਧੁਨਿਕ ਕਵਿਤਾ ਵਿਚ ਭਾਈ ਵੀਰ ਸਿੰਘ ਦੀ ਸਾਰੀ ਕਵਿਤਾ ਕੁਦਰਤ ਦੇ ਖੂਬਸੂਰਤ ਨਜ਼ਾਰਿਆਂ ਨੂੰ ਚਿਤਰਦੀ ਅਤੇ ਬੁੱਧੀ ਦੀ ਥਾਂ ਵਲਵਲੇ ਨੂੰ ਪ੍ਰਧਾਨਤਾ ਦਿੰਦੀ ਹੈ। ਪੰਜਾਬੀ ਦਾ ਅਲਬੇਲਾ ਸ਼ਾਇਰ ਪ੍ਰੋ ਪੂਰਨ ਸਿੰਘ ਅਸਲ ਅਰਥਾਂ ਵਿਚ ਰੋਮਾਂਸਵਾਦੀ ਹੈ। ਪ੍ਰੋ ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਪ੍ਰੀਤਮ ਸਿੰਘ ਸਫ਼ੀਰ, ਬਾਵਾ ਬਲਵੰਤ, ਸ਼ਿਵ ਕੁਮਾਰ ਬਟਾਲਵੀ ਰੁਮਾਸਵਾਦੀ ਕਵਿਤਾ ਨੂੰ ਸਿਖਰਾਂ ਵੱਲ ਲੈ ਜਾਂਦੇ ਹਨ।ਰੁਮਾਂਸਵਾਦ ਕੇਵਲ ਪੰਜਾਬੀ ਕਵਿਤਾ ਵਿਚ ਨਹੀਂ ਬਲਕਿ ਪੰਜਾਬੀ ਗਲਪ ਤੇ ਨਾਟਕ ਵਿਚ ਵੀ ਭਰਪੂਰ ਰੂਪ ਵਿਚ ਮਿੱਲਦਾ ਹੈ।ਕਰਤਾਰ ਸਿੰਘ ਦੁੱਗਲ਼ ਜਸਵੰਤ ਸਿੰਘ ਕੰਵਲ, ਮਹਿੰਦਰ ਸਿੰਘ ਸਰਨਾ, ਗੁਰਬਖਸ਼ ਸਿੰਘ ਪ੍ਰੀਤਲੜੀ ਆਂਦਿ ਨੇ ਕਹਾਣੀ , ਨਾਵਲ ਅਤੇ ਵਾਰਤਕ ਆਦਿ ਸਾਹਿਤ ਰੂਪਾਂ ਦੇ ਖੇਤਰ ਵਿਚ ਰੋਮਾਂਟਿਕ ਭਾਵਾਂ ਦਾ ਅਭਿਵਿਅੰਜਨ ਕੀਤਾ।

ਸੋ ਇਸ ਤਰ੍ਹਾਂ ਰੁਮਾਂਸਵਾਦੀ ਸਾਹਿਤ ਵਿੱਚ ਲੇਖਕ ਆਪਣੀ ਵਿਅਕਤੀਗਤ ਸੁਤੰਤਰਤਾ ਅਨੁਸਾਰ ਆਕਰਸ਼ਿਤ ਸੁਤੰਤਰਤਾ ਨੂੰ ਮਾਣਦਾ ਹੋਇਆ ਪਰਾਸਰੀਰਕ ਮੰਡਲਾਂ ਵਿੱਚ ਵਿਚਰਦਾ ਹੋਇਆ ਪ੍ਰਕਿਰਤੀ ਦੇ ਆਨੰਦਿਤ ਵਾਤਾਵਰਨ ਵਿੱਚ ਆਪਣੀ ਹਸਤੀ ਮੇਲ ਲੈਂਦਾ ਹੈ ।

## ਸਾਰ-ਅੰਸ਼:

ਆਧੁਨਿਕ ਕਵਿਤਾ ਵਿਚ ਭਾਈ ਵੀਰ ਸਿੰਘ ਦੀ ਸਾਰੀ ਕਵਿਤਾ ਕੁਦਰਤ ਦੇ ਖੂਬਸੂਰਤ ਨਜ਼ਾਰਿਆਂ ਨੂੰ ਚਿਤਰਦੀ ਅਤੇ ਬੁੱਧੀ ਦੀ ਥਾਂ ਵਲਵਲੇ ਨੂੰ ਪ੍ਰਧਾਨਤਾ ਦਿੰਦੀ ਹੈ। ਪੰਜਾਬੀ ਦਾ ਅਲਬੇਲਾ ਸ਼ਾਇਰ ਪ੍ਰੋ ਪੂਰਨ ਸਿੰਘ ਅਸਲ ਅਰਥਾਂ ਵਿਚ ਰੋਮਾਂਸਵਾਦੀ ਹੈ। ਪ੍ਰੋ ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਪ੍ਰੀਤਮ ਸਿੰਘ ਸਫ਼ੀਰ, ਬਾਵਾ ਬਲਵੰਤ, ਸ਼ਿਵ ਕੁਮਾਰ ਬਟਾਲਵੀ ਰੁਮਾਂਸਵਾਦੀ ਕਵਿਤਾ ਨੂੰ ਸਿਖਰਾਂ ਵੱਲ ਲੈ ਜਾਂਦੇ ਹਨ। ਰੁਮਾਂਸਵਾਦ ਕੇਵਲ ਪੰਜਾਬੀ ਕਵਿਤਾ ਵਿਚ ਨਹੀਂ ਬਲਕਿ ਪੰਜਾਬੀ ਗਲਪ ਤੇ ਨਾਟਕ ਵਿਚ ਵੀ ਭਰਪੂਰ ਰੂਪ ਵਿਚ ਮਿੱਲਦਾ ਹੈ। ਕਰਤਾਰ ਸਿੰਘ ਦੁੱਗਲ਼ ਜਸਵੰਤ ਸਿੰਘ ਕੰਵਲ, ਮਹਿੰਦਰ ਸਿੰਘ ਸਰਨਾ, ਗੁਰਬਖਸ਼ ਸਿੰਘ ਪ੍ਰੀਤਲੜੀ ਆਂਦਿ ਨੇ ਕਹਾਣੀ , ਨਾਵਲ ਅਤੇ ਵਾਰਤਕ ਆਦਿ ਸਾਹਿਤ ਰੂਪਾਂ ਦੇ ਖੇਤਰ ਵਿਚ ਰੋਮਾਂਟਿਕ ਭਾਵਾਂ ਦਾ ਅਭਿਵਿਅੰਜਨ ਕੀਤਾ।

ਸੋ ਇਸ ਤਰ੍ਹਾਂ ਰੁਮਾਂਸਵਾਦੀ ਸਾਹਿਤ ਵਿੱਚ ਲੇਖਕ ਆਪਣੀ ਵਿਅਕਤੀਗਤ ਸੁਤੰਤਰਤਾ ਅਨੁਸਾਰ ਆਕਰਸ਼ਿਤ ਸੁਤੰਤਰਤਾ ਨੂੰ ਮਾਣਦਾ ਹੋਇਆ ਪਰਾਸਰੀਰਕ ਮੰਡਲਾਂ ਵਿੱਚ ਵਿਚਰਦਾ ਹੋਇਆ ਪ੍ਰਕਿਰਤੀ ਦੇ ਆਨੰਦਿਤ ਵਾਤਾਵਰਨ ਵਿੱਚ ਆਪਣੀ ਹਸਤੀ ਮੇਲ ਲੈਂਦਾ ਹੈ ।

### ਮੁੱਖ/ਕੇਂਦਰੀ ਸ਼ਬਦ:

ਵਿਲੱਖਣ ---ਵਿਚਿੱਤਰ

ਪਰਾਸਰੀਰਕਤਾ ---ਇਸ ਤੋਂ ਭਾਵ ਯਥਾਰਥਕਤਾ ਤੇ ਸੁਭਾਵਿਕਤਾ ਦਾ ਵਿਰੋਧ

ਬਿਹਬਲ ---ਉਤਸਕ

ਅਨੁਭੂਤੀ --- ਅਹਿਸਾਸ/ ਅਨੁਭਵ

## ਸਵੈ-ਮੁਲਾਂਕਣ:

1.ਰੁਮਾਂਸਵਾਦ ਦੀ ਕਿਹੜੀ ਵਿਸ਼ੇਸਤਾ ਨਹੀਂ ਹੈ –

ੳ-ਪ੍ਰਕਿਤੀ, ਪਿਆਰ, ਸਾਹਸ,

ਅ-ਅਦਭੁਤਤਾ, ਸੁਦੰਰਤਾ, ਉਦਾਰਤਾ

ੲ-ਅੰਤਰਮੁਖਤਾ, ਭੂਤਕਾਲ ਮੋਹ, ਯਥਾਰਥ ਤੋਂ ਭਾਂਜ

ਸ- ਜਜ਼ਬਾ ਦੀ ਥਾਂ ਦਲੀਲ ਤੇ ਦਿਲ ਦੀ ਥਾਂ ਤੇ ਦਿਮਾਗ ਦੀ ਪ੍ਰਧਾਨਤਾ

2. 'ਰੋਮਾਂਸ ਜਾਂ ਰੁਮਾਂਟਿਕਤਾ ਤੋਂ ਭਾਵ ਕਵਿਤਾ ਦੀ ਅਜਿਹੀ ਧਾਰਾ ਤੋਂ ਹੈ ਜੋ ਪਰੰਪਰਾ ਤੋਂ ਬਗਾਵਤ ਕਰਦੀ ਹੈ '

--ਇਹ ਕਥਨ ਹੈ:

ੳ.ਡਾਕਟਰ ਰਤਨ ਚੰਦ

ਅ. ਡਾ ਪ੍ਰੇਮ ਪ੍ਰਕਾਸ਼

ੲ. ਵਾਨਟ ਪੀਟਰ

ਸ. ਰੂਸੋ

3. ਗੁੱਝੀ ਰਹੇ ਨਾ ਹੀਰ ਹਜ਼ਾਰ ਵਿਚੋਂ—ਕਾਵਿ ਸਤਰ ਵਿਚ ਰੁਮਾਂਸਵਾਦ ਦਾ ਕਿਹੜਾ ਤੱਤ ਦ੍ਰਿਸਟੀਗੋਚਰ ਹੋ ਰਿਹਾ ਹੈ- ਸਹੀ

ੳ-ਸੁਤੰਤਰਤਾ

ਅ-ਪ੍ਰਕ੍ਰਿਤੀ ਪ੍ਰੇਮ

ੲ- ਪਰਾਸਰੀਰਿਕਤਾ

ਸ-ਸੁਦੰਰਤਾ

4. ਮੈਂ ਨਹੀਂ ਰਹਿਣਾ ਤੇਰੇ ਗਿਰਾਂ ਜਿੱਥੇ ਸ਼ਾਇਰ ਬੋਲ ਨ ਸਕਣ
ਦਿਲ ਦੀਆਂ ਘੁੰਡੀਆਂ ਖੋਲ੍ਹ ਨ ਸਕਣ
................
ਚਾਰੋਂ ਤਰਫ ਆਜ਼ਾਦੀ ਹੋਵੇ ਮੂਲ ਨਾ ਕੋਈ ਮੁਥਾਜੀ ਹੋਵੇ
ਜੋ ਦਿਲ ਆਵੇ ਪੰਛੀ ਗਾਵਣ ਚੁੰਮਣ ਤਿੱਤਲੀਆਂ ਜੋ ਫੁੱਲ ਚਾਹੁਣ

ਕਾਵਿ ਸਤਰਾਂ ਵਿਚ ਰੁਮਾਂਸਵਾਦ ਦੇ ਕਿਹੜੇ ਪਹਿਲੂ ਦਾ ਸਪਸ਼ਟੀਕਰਨ ਹੈ

ੳ. ਸੁਤੰਤਰਤਾ

ਅ. ਸੁਦੰਰਤਾ

ੲ. ਪਰਾਸਰੀਰਿਕਤਾ

ਸ. ਪ੍ਰਕ੍ਰਿਤੀ ਪ੍ਰੇਮ

5. ਲੰਮਸਲੰਮੀਆਂ ਸੁੰਦਰ ਚੀਲਾਂ ਥਾਂ ਆਪਣੇ ਤੋਂ ਹੱਲੀਆਂ
ਚੱਕਰ ਬੰਨ ਦੁਆਲੇ ਮੇਰੇ
ਨਾਲ ਨਾਲ ਹੋ ਖੱਲੀਆਂ
ਸੁਣ ਕੇ ਗੀਤ ਉਨ੍ਹਾਂ ਦੇ ਆਏ
ਅਰਸ਼ੋਂ ਉੱਤਰ ਸਿਤਾਰੇ
ਗਏ ਉਨ੍ਹਾਂ ਦੀਆਂ ਜ਼ੁਲਫ਼ਾਂ ਅੰਦਰ ਜੁਗਨੂੰਆਂ ਵਾਂਗ ਸ਼ਿੰਗਾਰੇ ।

ਕਾਵਿ ਸਤਰਾਂ ਵਿਚ ਰੁਮਾਂਸਵਾਦ ਦਾ ਕਿਹੜਾ ਭਾਵ ਪ੍ਰਗਟ ਹੋ ਰਿਹਾ ਹੈ--

ੳ. ਸੁਤੰਤਰਤਾ

ਅ. ਸੁਦੰਰਤਾ

ੲ. ਪਰਾਸਰੀਰਿਕਤਾ

ਸ. ਪ੍ਰਕ੍ਰਿਤੀ ਪ੍ਰੇਮ

6. ਰੁਮਾਂਸਵਾਦ ਸੁੰਦਰਤਾ ਤੇ ਵਿਚਿੱਤਰਤਾ ਵਿਚ ਵਾਧਾ ਹੈ ਇਹ ਕਥਨ ਹੈ-

ੳ. ਡਾਕਟਰ ਰਤਨ ਚੰਦ

ਅ. ਡਾ ਪ੍ਰੇਮ ਪ੍ਰਕਾਸ਼

ੲ. ਵਾਨਟ ਪੀਟਰ

ਸ. ਰੂਸੋ

7. ਰੁਮਾਂਸਵਾਦ ਦੀ ਕਿਹੜੀ ਵਿਸ਼ੇਸਤਾ ਨਹੀਂ ਹੈ–

ੳ. ਪ੍ਰਕਿਤੀ

ਅ. ਅਦਭੁਤਤਾ

ੲ. ਸੁਦੰਰਤਾ

ਸ. ਗ਼ੁਲਾਮੀ

8. ਪਹਿਲਗਾਮ ਦੀ ਸੁੰਦਰ ਵਾਦੀ ਚੀਲਾਂ ਨਾਲ ਸ਼ਿੰਗਾਰੀ
ਦੋ ਨਦੀਆਂ ਰਲ ਵਗਣ ਜਿੱਥੇ
ਇੱਕ ਸੋਹਣੀ ਇੱਕ ਪਿਆਰੀ
ਸੂਹੇ ਫੁੱਲ ਸੰਧੂਰੀ ਗੂੜ੍ਹੇ ਕੇਸਰੀ
ਟੂਣੇ ਦੇ ਵਿੱਚ ਜਕੜੀ ਜਾਪੇ ਇਹ ਘੜੀ ।

ਕਾਵਿ ਸਤਰਾਂ ਵਿਚ ਰੁਮਾਂਸਵਾਦ ਦਾ ਕਿਹੜਾ ਭਾਵ ਪ੍ਰਗਟ ਹੋ ਰਿਹਾ ਹੈ--

ੳ. ਸੁਤੰਤਰਤਾ

ਅ. ਸੁਦੰਰਤਾ

ੲ. ਪਰਾਸਰੀਰਿਕਤਾ

ਸ. ਪ੍ਰਕ੍ਰਿਤੀ ਪ੍ਰੇਮ

9. "ਰੁਮਾਂਸਵਾਦ ਅਸਲ ਦੇ ਮੁਕਾਬਲੇ ਕਲਪਿਤ, ਸਪੱਸ਼ਟ ਦੇ ਮੁਕਾਬਲੇ ਧੁੰਦਲੀ, ਨੇੜੇ ਦੇ ਮੁਕਾਬਲੇ ਦੂਰ, ਸਾਧਾਰਨ ਦੇ ਮੁਕਾਬਲੇ ਅਸਧਾਰਨ ਗੱਲ ਘਟਨਾ ਦ੍ਰਿਸ਼ ਸਰੀਰਿਕ ਜਾਂ ਮਾਨਸਿਕ ਤਜਰਬੇ ਨੂੰ ਕਿਹਾ ਜਾਂਦਾ ਹੈ ।"
ਇਹ ਕਥਨ ਹੈ-

ੳ. ਡਾਕਟਰ ਰਤਨ ਚੰਦ

ਅ. ਡਾ ਪ੍ਰੇਮ ਪ੍ਰਕਾਸ਼

ੲ. ਵਾਨਟ ਪੀਟਰ

ਸ. ਰੂਸੋ

10. ਖਾਲੀ ਸਥਾਨ ਭਰੋ

-----------------------ਨੇ ਰੁਮਾਂਸਵਾਦ ਸ਼ਬਦ ਦੀ ਵਰਤੋਂ ਸੱਭ ਤੋਂ ਪਹਿਲਾ ਕੀਤੀ।

11. ਖਾਲੀ ਸਥਾਨ ਭਰੋ

ਰੂਸੋ ਦੇ ------------------- ਦੇ ਨਾਅਰੇ ਨੇ ਰੁਮਾਂਸਵਾਦ ਨੂੰ ਵਿਸ਼ੇਸ਼ ਬੱਲ ਬਖਸ਼ਿਆ।

12.ਖਾਲੀ ਸਥਾਨ ਭਰੋ

ਰੁਮਾਂਸਵਾਦ ਦਾ ਬੁਨਿਆਦੀ ਪਹਿਲੂ -------------------ਹੈ।

13. ਰੁਮਾਂਸਵਾਦੀ ਸਾਹਿਤ ਦੀ ਸੁੰਦਰਤਾ ਕੇਵਲ ਸਰੀਰ ਦੀ ਹੀ ਸੁੰਦਰਤਾ ਨਹੀਂ ਸਥਾਨ ਦੀ ਵੀ ਹੁੰਦੀ ਹੈ।

ਇਹ ਕਥਨ ਹੈ:

ੳ. ਠੀਕ

ਅ. ਗ਼ਲਤ

14. 'ਇਨਸਾਨ ਦੀ ਜ਼ਿੰਦਗੀ ਵਿੱਚ ਜਿੱਤੀ ਵੀ ਸੁੰਦਰਤਾ ਆਈ ਹੈ ਉਹ ਸੁਤੰਤਰਤਾ ਵਿੱਚੋਂ ਹੀ ਆਈ ਹੈ ।'
ਇਹ ਕਥਨ ਹੈ:

ੳ. ਠੀਕ

ਅ. ਗ਼ਲਤ

15. ਵੈਰੀਨਾਗ ਤੇਰਾ ਪਹਿਲਾ ਝਲਕਾ

ਜਦ ਅੱਖੀਆਂ ਵਿੱਚ ਵੱਜਦਾ

ਕੁਦਰਤ ਦੇ ਕਾਦਰ ਦਾ ਜਲਵਾ ਲੈ ਲੈਂਦਾ ਇੱਕ ਸਿਜਦਾ

ਇਹ ਸਤਰਾਂ ਹਨ:

ੳ. ਮੋਹਨ ਸਿੰਘ

ਅ. ਅੰਮ੍ਰਿਤਾ ਪ੍ਰੀਤਮ

ੲ. ਭਾਈ ਵੀਰ ਸਿੰਘ

ਸ. ਬਾਵਾ ਬਲਵੰਤ

## ਅਭਿਆਸ ਪ੍ਰਸ਼ਨ

1. ਰੋਮਾਂਸਵਾਦ ਦੇ ਸਰੂਪ ਦਾ ਸਪਸ਼ਟੀਕਰਨ ਕਰੋ।
2. ਰੋਮਾਂਸਵਾਦ ਦੀਆਂ ਪਰਿਭਾਸ਼ਾਵਾਂ ਬਾਰੇ ਚਰਚਾ ਕਰੋ।
3. ਰੋਮਾਂਸਵਾਦ ਸੁੰਦਰਤਾ ਤੇ ਵਿਚਿੱਤਰਤਾ ਵਿਚ ਵਾਧਾ ਹੈ ਸਪੱਸ਼ਟ ਕਰੋ।
4. ਰੋਮਾਂਸਵਾਦ ਦੇ ਮੁੱਖ ਲੱਛਣਾਂ ਦਾ ਸੰਖੇਪ ਵਿਚ ਵਰਣਨ ਕਰੋ।
5. ਪੰਜਾਬੀ ਵਿਚ ਰਚੇ ਰੋਮਾਂਸਵਾਦੀ ਸਾਹਿਤ ਉੱਪਰ ਚਰਚਾ ਕਰੋ।

## ਸੰਦਰਭ ਪੁਸਤਕਾਂ:


- ਸਮਾਲੋਚਨਾ ਸ਼ਾਸਤਰ, ਪ੍ਰੋ. ਬ੍ਰਹਮਜਗਦੀਸ਼, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, (2011)
- ਖੋਜ ਪੱਤ੍ਰਿਕਾ- ਸਾਹਿਤਕ ਵਾਦ ਅੰਕ 31-32: ਅਜਮੇਰ ਸਿੰਘ (ਮੁੱਖ ਸੰਪਾਦਕ), ਪੰਜਾਬੀ ਯੂਨੀਵਰਸਿਟੀ, ਪਟਿਆਲਾ, (2012)
- ਵਾਦ ਚਿੰਤਨ, ਭੱਟੀ, ਸੁਰਜੀਤ ਸਿੰਘ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪਹਿਲਾ ਸੰਸਕਰਨ (2010)
- ਸਮੀਖਿਆ ਦ੍ਰਿਸ਼ਟੀਆਂ, ਅਰਸ਼ੀ, ਗੁਰਚਰਨ ਸਿੰਘ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, (1998)
- ਸਾਹਿਤ ਅਧਿਐਨ ਪ੍ਰਣਾਲੀਆਂ, ਥਿੰਦ, ਕਰਨੈਲ ਸਿੰਘ (ਸੰਪਾ.), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, (2010)


## ਮਹੱਤਵਪੂਰਨ ਲਿੰਕ

https://punjabipedia.org/topic.aspx?txt=%E0%A8%B0%E0%A9%81%E0%A8%AE%E0%A8%BE%E0%A8%82%E0%A8%B8%E0%A8%B5%E0%A8%BE%E0%A8%A6

ਉੱਤਰਮਾਲਾ

| | | | | |
|---|---|---|---|---|
| 1. ਸ | 2. ਅ | 3. ਸ | 4. ੳ | 5. ੲ |
| 6. ੲ | 7. ਸ | 8. ਸ | 9. ੳ | 10. ਕਾਰਲਾਇਲ |
| 11. ਪ੍ਰਕ੍ਰਿਤੀ ਵੱਲ ਵਾਪਸੀ | | 12. ਸੁਤੰਤਰਤਾ | 13. ੳ | 14. ਅ |
| 15. ੲ | | | | |

DPBI502

# ਅਧਿਆਇ-4: ਯਥਾਰਥਵਾਦ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ-

- ਯਥਾਰਥਵਾਦ ਦੇ ਸਰੂਪ ਅਤੇ ਵਿਭਿੰਨ ਦਿਸ਼ਾਵਾਂ ਨੂੰ ਸਮਝਣ ਦੇ ਕਾਬਲ ਹੋਣਗੇ।
- ਇਸ ਗਿਆਨ ਦੁਆਰਾ ਉਹ ਸਾਹਿਤ ਤੇ ਸਮਾਜ ਦੇ ਕਾਰਜਸ਼ੀਲ ਤੱਤਾਂ ਵਿਚ ਯਥਾਰਥਵਾਦ ਦੀ ਭੂਮਿਕਾ ਦਾ ਮੁਲਾਂਕਣ ਕਰ ਸਕਣਗੇ।
- ਸਾਹਿਤ ਆਲੋਚਨਾ ਵਿਚ ਇਸ ਵਾਦ ਦੇ ਮਹੱਤਵ ਨੂੰ ਸਮਝਦੇ ਹੋਏ ਆਧੁਨਿਕ ਸਾਹਿਤ ਦੀ ਵਿਵੇਚਨਾ ਕਰਨ ਵਿਚ ਕਾਬਲ ਹੋਣਗੇ।

## ਪ੍ਰਸਤਾਵਨਾ:

ਯਥਾਰਥਵਾਦ ਅੰਗਰੇਜ਼ੀ ਭਾਸ਼ਾ ਦੇ ਸ਼ਬਦ Realism ਦਾ ਸਮਾਨਾਰਥਕ ਸ਼ਬਦ ਹੈ । ਯਥਾਰਥਵਾਦ ਦੋ ਸ਼ਬਦਾਂ ਯਥਾ + ਅਰਥ ਤੋਂ ਮਿਲ ਕੇ ਬਣਿਆ ਹੈ ਯਥਾ ਦਾ ਅਰਥ ਹੈ ਜੋ ਹੈ ਤੇ ਅਰਥ ਦਾ ਭਾਵ ਹੈ ਜਿਵੇਂ ਹੈ ਇਸ ਪ੍ਰਕਾਰ ਯਥਾਰਥ ਤੋਂ ਭਾਵ ਹੈ ਜੋ ਜਿਵੇਂ ਹੈ ਉਸੇ ਦੀ ਉਨੀ ਹੀ ਪੇਸ਼ਕਾਰੀ ਕਰ ਦੇਣਾ। ਯਥਾਰਥਵਾਦ ਸਨਾਤਨਵਾਦ ਤੇ ਰੁਮਾਂਸਵਾਦ ਦੇ ਪ੍ਰਤੀਕਰਮ ਵਜੋਂ ਪੈਦਾ ਹੋਇਆ । ਸਨਾਤਨਵਾਦ ਵਿੱਚ ਜੀਵਨ ਦੇ ਦੈਵੀ ਪੱਖਾਂ ਤੇ ਰੁਮਾਂਸਵਾਦ ਵਿੱਚ ਜ਼ਿੰਦਗੀ ਦੇ ਸਾਧਾਰਨ ਪੱਖਾਂ ਜੋ ਅਸਲੀਅਤ ਦੇ ਨਜ਼ਦੀਕ ਨਹੀਂ ਸੀ ਦੀ ਚਰਚਾ ਹੁੰਦੀ ਹੈ ਸਨਾਤਨਵਾਦ ਨਿਰੋਲ ਰੂਪ ਦੀ ਉਤਕ੍ਰਿਸ਼ਟ ਉੱਪਰ ਬਲ ਦਿੰਦਾ ਹੈ ਤੇ ਰੁਮਾਂਸਵਾਦ ਵਸਤੂ ਨੂੰ ਮਹੱਤਵਪੂਰਨ ਸਵੀਕਾਰ ਕਰਦਿਆਂ ਰੂਪ ਨੂੰ ਬੇਲੋੜੀ ਵਸਤੂ

ਸਮਝਦਿਆਂ ਇਸ ਨੂੰ ਅਣਗੌਲਿਆ ਕਰ ਦਿੰਦਾ ਹੈ। ਸਨਾਤਨ ਵਾਦ ਨਿਰੋਲ ਬੁੱਧੀ ਤੇ ਤਰਕ ਨੂੰ ਸਾਹਿਤ ਦਾ ਮੂਲ ਆਧਾਰ ਪ੍ਰਵਾਨ ਕਰਦਾ ਹੈ ਉੱਥੇ ਰੁਮਾਂਸਵਾਦ ਬੁੱਧੀ ਨੂੰ ਤਿਲਾਂਜਲੀ ਦਿੰਦਿਆਂ ਭਾਵਾਂ ਨੂੰ ਮਹੱਤਵ ਦਿੰਦਾ ਹੈ । ਇਨ੍ਹਾਂ ਦੋਹਾਂ ਦੇ ਉਲਟ ਯਥਾਰਥ ਵਸਤੂ ਤੇ ਰੂਪ ਅਤੇ ਭਾਵਾਂ ਤੇ ਵਿਚਾਰਾਂ ਦੀ ਏਕਤਾ ਨੂੰ ਮੂਰਤੀਮਾਨ ਕਰਦਿਆਂ ਦੋਹਾਂ ਦੇ ਦਵੰਦਾਤਮਕ ਸਬੰਧਾਂ ਦਾ ਸਮਰਥਨ ਕਰਦਾ ਹੈ। ਯਥਾਰਥਵਾਦ ਕਲਾਸੀਜ਼ਮ ਅਤੇ ਰੋਮਾਂਸਵਾਦ ਦੋਹਾਂ ਦੇ ਵਿਰੋਧ ਵਿੱਚ ਇੱਕ ਨਵੀਂ ਪ੍ਰਵਿਰਤੀ ਹੈ ਜੋ ਦੋਹਾਂ ਪ੍ਰਵਿਰਤੀਆਂ ਦੀਆਂ ਅਤਿਤਾਈਆਂ ਦੇ ਦੇ ਵਿਰੋਧ ਵਿੱਚ ਇੱਕ ਸੁਤੰਤਰ ਬਾਹਰਮੁਖੀ ਤੇ ਵਿਗਿਆਨਿਕ ਦ੍ਰਿਸ਼ਟੀ ਨੂੰ ਆਪਣਾ ਮੂਲ ਆਧਾਰ ਸਵੀਕਾਰ ਕਰਦੀ ਹੈ।

## ਵਿਸ਼ਾ ਵਸਤੂ:

ਯਥਾਰਥਵਾਦ Realism ਦਾ ਸੰਕਲਪ ਉਨੀਵੀਂ ਸਦੀ ਦੇ ਅੱਧ ਵਿਚ ਪ੍ਰਚਲਿਤ ਗੋਥਿਕ ਰੋਮਾਂਸ ਪਰਾਕ੍ਰਮੀ ਕਥਾਵਾਂ ਅਤੇ ਫੰਤਾਸੀ ਦੇ ਵਿਰੋਧ ਵਿਚ ਹੀ ਨਹੀਂ , ਸਗੋਂ ਕਲਾਸਿਕੀ ਅਨੁਸ਼ਾਸਨ ਅਤੇ ਪਿਛਾਂਹ ਖਿੱਚੂ ਨੈਤਿਕਤਾ ਦੀ ਪ੍ਰਤਿਕ੍ਰਿਆ ਵਜੋਂ ਵੀ ਵਰਤਿਆ ਜਾਣਾ ਸ਼ੁਰੂ ਹੋ ਗਿਆ ਸੀ।ਪਰੰਤੂ ਇਕ ਕਲਾਗਤ ਪ੍ਰਤਿਮਾਨ ਵਜੋਂ ਇਸ ਦਾ ਸਰਵਪ੍ਰਥਮ ਪ੍ਰਯੋਗ ਕੂਰਬੇCourbet ਨੇ ਆਪਣੀ ਇਕ ਪ੍ਰਦਰਸ਼ਨੀ 1855 ਈਸਵੀ ਦੇ ਸਮੇਂ ਕੀਤਾ।ਉਸ ਤੋਂ ਅਗਲੇ ਵਰ੍ਹੇ ਅਰਥਾਤ 1856 ਈਸਵੀ ਵਿਚ ਫਲਾਬੇਅਰ Flaubert ਦੇ ਇਕ ਨਾਵਲ 'ਮਾਦਾਮ ਬਾਵੇਰੀ' ਦੇ ਪ੍ਰਕਾਸ਼ਨ ਨਾਲ ਇਸ ਸ਼ਬਦ ਨੇ ਇਕ ਵਾਰ ਫੇਰ ਲੋਕਾਂ ਦਾ ਧਿਆਨ ਖਿੱਚਿਆ। ਉਸ ਤੋਂ ਬਾਅਦ ਅੱਜ ਤੱਕ ਇਹ ਸੰਕਲਪ ਇਕ ਵਿਸ਼ੇਸ਼ ਪ੍ਰਕਾਰ ਦੀ ਸਾਹਿਤਿਕ ਅਭਿਵਿਅਕਤੀ ਲਈ ਵਰਤਿਆ ਜਾ ਰਿਹਾ ਹੈ। ਯਥਾਰਥਵਾਦ ਦੇ ਸਬੰਧ ਵਿੱਚ ਵੱਖ ਵੱਖ ਵਿਚਾਰਕਾਂ ਅਤੇ ਚਿੰਤਕਾਂ ਨੇ ਆਪਣੇ ਵਿਚਾਰ ਇਸ ਪ੍ਰਕਾਰ ਪ੍ਰਗਟਾਏ ਹਨ:

ਫਰੈਡਰਿਕ ਏਂਗਲਜ਼ ਅਨੁਸਾਰ:

ਯਥਾਰਥਵਾਦ ਦਾ ਸਹੀ ਅਰਥ ਸੱਚੀ ਜਾਣਕਾਰੀ ਤੋਂ ਇਲਾਵਾ ਪ੍ਰਤੀਨਿਧ ਪ੍ਰਸਥਿਤੀਆਂ ਵਿੱਚ ਪ੍ਰਤੀਨਿਧ ਪਾਤਰਾਂ ਦਾ ਸੱਚਾ ਚਿਤਰਣ ਹੈ ।

Boris Suchkov ਅਨੁਸਾਰ :

"ਯਥਾਰਥਵਾਦ ਆਪ ਹੁਦਰੇ ਢੰਗ ਨਾਲ ਮਨੁੱਖ ਨੂੰ ਉਸ ਸਮਾਜਿਕ ਵਾਤਾਵਰਨ ਨਾਲੋਂ ਨਹੀਂ ਨਿਖੇੜਦਾ ਜਿਸ ਵਿੱਚ ਮਨੁੱਖ ਜਿਊਂਦਾ ਤੇ ਕਾਰਜ ਕਰਦਾ ਹੈ ਸਗੋਂ ਯਥਾਰਥਵਾਦ ਸਮਾਜਿਕ ਸਬੰਧਾਂ ਡਾਇਲੈਕਟਿਕਸ ਗੱਲਬਾਤ ਨੂੰ ਉਨ੍ਹਾਂ ਦੀਆਂ ਅਸਲ ਵਿਰੋਧਤਾਵਾਂ ਸਮੇਤ ਗ੍ਰਹਿਣ ਕਰਨ ਤੇ ਪ੍ਰਸਤੁਤ ਕਰਨ ਦਾ ਉਪਰਾਲਾ ਕਰਦਾ ਹੈ।"

ਮਾਰਕਸਵਾਦੀ ਚਿੰਤਕ ਕਿਸ਼ਨ ਸਿੰਘ ਅਨੁਸਾਰ:

"ਯਥਾਰਥਵਾਦ ਸਾਹਿਤ ਦੀ ਵਸਤੂ ਮਨੁੱਖੀ ਸ਼ਖਸੀਅਤ ਮਨੁੱਖੀ ਰਿਸ਼ਤਿਆਂ ਦੇ ਸਮਾਜਿਕ ਤੌਰ ਦਾ ਸੱਚ ਹੈ ।"

ਡਾ ਰੋਸ਼ਨ ਲਾਲ ਅਹੂਜਾ ਅਨੁਸਾਰ:

"ਸਮੱਸਿਆਵਾਂ ਜੀਵਾਂ ਜਾਂ ਵਸਤਾਂ ਨੂੰ ਆਪਣੇ ਪ੍ਰਤੱਖ ਰੂਪ ਵਿੱਚ ਵੇਖਣਾ ਜਾਂ ਵਿਖਾਉਣਾ ਜਾਂ ਵਰਣਨ ਕਰਨਾ ਯਥਾਰਥਵਾਦ ਹੈ । ਯਥਾਰਥਵਾਦ ਦਾ ਉਦੇਸ਼ ਵਿਗਿਆਨ ਵਾਂਗ ਜੀਵਨ ਨੂੰ ਹੂ ਬ ਹੂ ਚਿਤਰਨਾ ਹੈ।

ਰਸੂਲ ਹਮਜ਼ਾਤੋਵ ਅਨੁਸਾਰ :

"ਕੁੱਕੜ ਨੂੰ ਕੁੱਕੜ ਕਹਿਣਾ ਯਥਾਰਥਵਾਦ ਹੈ ਤੇ ਕੁੱਕੜ ਨੂੰ ਬਾਜ ਕਹਿਣਾ ਰੁਮਾਂਸਵਾਦ

ਹੈ ।"

ਸੋ ਇਸ ਤਰ੍ਹਾਂ ਯਥਾਰਥਵਾਦ ਦਾ ਅਰਥ ਜੀਵਨ ਦੀ ਸੱਚਾਈ ਨੂੰ ਪੇਸ਼ ਕਰਨਾ ਹੀ ਹੈ ਪਰ ਸਾਹਿਤ ਵਿੱਚ ਜੀਵਨ ਦੀ ਅਸਲੀਅਤ ਸੱਚਾਈ ਨੂੰ ਸਾਹਿਤਕਾਰ ਜਿਉਂ ਦਾ ਤਿਉਂ ਪੇਸ਼ ਨਹੀਂ ਕਰਦਾ । ਸਾਹਿਤ ਜੀਵਨ ਦੇ ਸੱਚ ਨੂੰ ਆਪਣੇ ਮਨ ਦੇ ਪ੍ਰਿਜ਼ਮ ਵਿੱਚੋਂ ਕਲਪਨਾ ਭਾਵ ਵਿਚਾਰ ਤੇ ਬੁੱਧੀ ਦੀ ਪਾਣ ਚੜ੍ਹਾ ਕੇ ਕਲਾਤਮਿਕ ਬਿੰਬਾਂ ਰਾਹੀਂ ਪੇਸ਼ ਕਰਦਾ ਹੈ ਜਿਸ ਨਾਲ ਯਥਾਰਥ ਵਧੇਰੇ ਅਰਥ ਭਰਪੂਰ ਕਲਾਤਮਿਕ ਤੇ ਗ੍ਰਹਿਣ ਯੋਗ ਬਣ ਜਾਂਦਾ ਹੈ ਇਸ ਤਰ੍ਹਾਂ ਸਾਹਿਤ ਵਿੱਚ ਯਥਾਰਥ ਉਹ ਨਹੀਂ ਜੋ ਹੈ ਬਲਕਿ ਜੋ ਹੈ ਦੀ ਕਲਾਤਮਿਕ ਪੇਸ਼ਕਾਰੀ ਯਥਾਰਥ ਹੈ ।

ਯਥਾਰਥਵਾਦ ਦੇ ਪ੍ਰਮੁੱਖ ਲੱਛਣਾਂ ਬਾਰੇ ਵਿਸਤਰਿਤ ਚਰਚਾ ਕਰਨ ਦੀ ਥਾਂ ਇਸ ਦੇ ਪ੍ਰਮੁੱਖ ਲੱਛਣਾਂ ਦਾ ਸੰਖੇਪ ਵਿੱਚ ਵਰਣਨ ਕਰਾਂਗੇ । ਯਥਾਰਥਵਾਦ ਦਾ ਸਭ ਤੋਂ ਪ੍ਰਮੁੱਖ ਲੱਛਣ ਇਹ ਹੈ ਕਿ ਇਹ ਸਾਹਿਤ ਵਿੱਚ ਸਪੇਸ ਮਨੁੱਖ ਨੂੰ ਉਸ ਦੇ ਸਮਾਜਿਕ ਚੌਗਿਰਦੇ ਵਿੱਚੋਂ

ਨਿਖੇੜ ਕੇ ਵੇਖਣ ਦੀ ਥਾਂ ਉਸ ਵਿਸ਼ੇਸ਼ ਵਿਅਕਤੀ ਦਾ ਅਧਿਐਨ ਤੇ ਉਸ ਦੀ ਪੇਸ਼ਕਾਰੀ ਸਮਾਜਿਕ ਪਰਿਪੇਖ ਵਿੱਚ ਰੱਖ ਕੇ ਕੀਤੇ ਜਾਣ ਉੱਤੇ ਹੀ ਬਦਲ ਦਿੰਦਾ ਹੈ ਇਸੇ ਗੱਲ ਦੇ ਨਤੀਜੇ ਵਜੋਂ ਯਥਾਰਥਵਾਦ ਸਮਾਜ ਦੇ ਵਿਸ਼ਲੇਸ਼ਣ ਨੂੰ ਵੀ ਇਸ ਦੀ ਪੇਸ਼ਕਾਰੀ ਲਈ ਇੱਕ ਮਹੱਤਵਪੂਰਨ ਅੰਗ ਸਵੀਕਾਰ ਕਰਦਾ ਹੈ ।

ਯਥਾਰਥਵਾਦ ਸਾਹਿਤ ਦੀ ਇੱਕ ਹੋਰ ਵਿਲੱਖਣਤਾ ਇਸ ਤੱਥ ਵਿੱਚੋਂ ਦ੍ਰਿਸ਼ਟੀਗੋਚਰ ਹੁੰਦੀ ਹੈ ਕਿ ਇਹ ਪ੍ਰਕਿਰਤੀ ਤੇ ਸਮਾਜ ਚ ਵਾਪਰਦੇ ਸਮੂਹ ਵਰਤਾਰਿਆਂ ਨੂੰ ਇੱਕਕਿਉਂਕਿ ਇਹ ਸਮੂਹ ਵਰਤਾਰਿਆਂ ਨੂੰ ਇੱਕ ਦੂਸਰੇ ਨਾਲ ਅੰਤਰ ਸਬੰਧਿਤ ਅਤੇ ਨਿਰੰਤਰ ਉਚੇਰੀ ਅਵਸਥਾ ਵੱਲ ਨੂੰ ਵਿਕਾਸ ਕਰ ਰਹੇ ਪ੍ਰਵਾਹ ਵਜੋਂ ਗ੍ਰਹਿਣ ਕਰਦਾ ਹੈ ਇਤਿਹਾਸਕ ਦ੍ਰਿਸ਼ਟੀ ਤੋਂ ਗ੍ਰਹਿਣ ਕਰਦਾ ਹੈ ।

ਸਮੁੱਚੀ ਪ੍ਰਕਿਰਤੀ ਤੇ ਸਮਾਜ ਵਿੱਚ ਵਾਪਰਨ ਵਾਲੇ ਵਰਤਾਰਿਆਂ ਨੂੰ ਕਿਸੇ ਦੈਵੀ ਸ਼ਕਤੀ ਰੱਬ ਜਾਂ ਕਿਸਮਤ ਦਾ ਫਲ ਪ੍ਰਵਾਨ ਕਰਨ ਦੀ ਥਾਂ ਇਸ ਪ੍ਰਵਿਰਤੀ ਵਿੱਚ ਵਿਗਿਆਨਿਕ ਢੰਗ ਨਾਲ ਹਰ ਵਰਤਾਰੇ ਦਾ ਵਿਸ਼ਲੇਸ਼ਣ ਕਰਕੇ ਉਸ ਦੇ ਕਾਰਜ ਦੇ ਕਾਰਨ ਸੰਬੰਧਾਂ ਨੂੰ ਦ੍ਰਿਸ਼ਟੀਗੋਚਰ ਕਰਨ ਦਾ ਯਤਨ ਕੀਤਾ ਜਾਂਦਾ ਹੈ ਇਸੇ ਪ੍ਰਕਾਰ ਨਿਰਪੇਖ ਦੀ ਥਾਂ ਸਾਪੇਖ ਨੂੰ ਪ੍ਰਾਥਮਿਕਤਾ ਦਿਤੀ ਜਾਂਦੀ ਹੈ ਵਿਅਕਤੀ ਦੀ ਥਾਂ ਸਮੂਹਿਕ ਦੀ ਭਾਵਨਾ ਉੱਪਰ ਜ਼ੋਰ ਦਿੱਤਾ ਜਾਂਦਾ ਹੈ।

ਯਥਾਰਥਵਾਦ ਕਿਸੇ ਘਟਨਾ, ਵਰਤਾਰੇ, ਵਿਅਕਤੀ ਦੇ ਵਿਚਾਰ ਦੇ ਸੱਤਹੀ ਇਕ ਤਰਫੀ ਇੱਕ ਤਰਫਿ ਤੇ ਨਿੱਖੜਵੇਂ ਹੋਏ ਰੂਪ ਵਿੱਚ ਵਰਣਨ ਦੀ ਥਾਂ ਇਨ੍ਹਾਂ ਦੇ ਬਹੁਪਰਤੀ ਬਹੁਦਿਸ਼ਾਵੀ ਸੰਜੀਵ ਸੰਪੂਰਨ ਤੇ ਸਮੁੱਚੇ ਕਲਾਤਮਿਕ ਪ੍ਰਗਟਾਵੇ ਨੂੰ ਹੀ ਸਾਹਿਤ ਸਿਰਜਣਾ ਦੀ ਵਿਸ਼ੇਸ਼ ਪ੍ਰਾਪਤੀ ਸਵੀਕਾਰ ਕਰਦਾ ਹੈ ਜੋ ਇਸੇ ਪ੍ਰਕਾਰ ਦੀ ਕਲਾਤਮਿਕ ਸਮੁੱਚਤਾ ਵੱਲ ਇਸ਼ਾਰਾ ਕਰਦਿਆਂ ਜਾਰਜ ਲੁਕਾਚ ਲਿਖਦੇ ਹਨ:

ਕਿਸੇ ਸਾਹਿਤਕ ਕਿਰਤ ਦੀ ਕਲਾਤਮਿਕ ਸਮੁੱਚਤਾ ਤਸਵੀਰ ਦੀ ਉਸ ਸੰਪੂਰਨਤਾ ਉੱਤੇ ਨਿਰਭਰ ਕਰਦੀ ਹੈ ਜੋ ਉਸ ਸੰਸਾਰ ਦੇ ਮਹੱਤਵਪੂਰਨ ਸਮਾਜਿਕ ਪੱਖਾਂ ਨੂੰ ਨਿਰਧਾਰਿਤ ਕਰਦੀ ਹੈ ਜਿਸ ਨੂੰ ਉਹ ਪੇਸ਼ ਕਰ ਰਹੀ ਹੋਵੇ ।

ਸਿਧਾਂਤਕਾਰਾਂ ਨੇ ਯੂਰਪ ਵਿੱਚ ਉੱਨੀਵੀਂ ਸਦੀ ਦੇ ਸਾਹਿਤ ਨੂੰ ਯਥਾਰਥਵਾਦ ਦਾ ਪ੍ਰਮਾਣਿਕ ਯੁਗ ਪ੍ਰਵਾਨ ਕੀਤਾ ਫਿਰ ਵੀ ਇਸ ਦੇ ਟਕਸਾਲੀ ਯਥਾਰਥਵਾਦ ਦੇ ਨਾਲ ਨਾਲ ਯਥਾਰਥਵਾਦ ਦੇ ਕੁਝ ਹੋਰ ਰੂਪ ਵੀ ਇਸ ਯੁੱਗ ਵਿੱਚ ਦ੍ਰਿਸ਼ਟੀਗੋਚਰ ਹੋਏ ਹਨ ਇਨ੍ਹਾਂ ਦਾ ਵਰਣਨ ਇਸ ਪ੍ਰਕਾਰ ਹੈ:

## ਪ੍ਰਕਿਰਤਿਕ ਯਥਾਰਥਵਾਦ:

ਪ੍ਰਕਿਰਤਿਕ ਯਥਾਰਥਵਾਦ ਵਿੱਚ ਮਨੁੱਖ ਦੀ ਪ੍ਰਕਿਰਤੀ ਦੀ ਯਥਾਰਥਿਕ ਪੇਸ਼ਕਾਰੀ ਕੀਤੀ ਜਾਂਦੀ ਹੈ ਪ੍ਰਕਿਰਤੀਵਾਦੀ ਮਨੁੱਖ ਨੂੰ ਜੈਵਿਕ ਹੋਂਦ ਪ੍ਰਵਾਨ ਕਰਦੇ ਹਨ ਉਨ੍ਹਾਂ ਅਨੁਸਾਰ ਮਨੁੱਖ ਦਾ ਸਮੁੱਚਾ ਵਿਹਾਰ ਉਸ ਦੀਆਂ ਮੂਲ ਪ੍ਰਵਿਰਤੀਆਂ ਦੁਆਰਾ ਪ੍ਰੇਰਿਤ ਹੁੰਦਾ ਹੈ ਅਤੇ ਮੂਲ ਪ੍ਰਵਿਰਤੀਆਂ ਤੇ ਇਨ੍ਹਾਂ ਦੇ ਸੰਸਕ੍ਰਿਤਿਕ ਰੂਪਾਂ ਵਿੱਚ ਅੰਤਰ ਵਿਰੋਧ ਹੁੰਦਾ ਹੈ ਸੋ ਮਨੁੱਖ ਦੀ ਸੰਸਕ੍ਰਿਤੀ ਹੇਠ ਲੋਕੀਂ ਉਸ ਦੀ ਪ੍ਰਕਿਰਤੀ ਦੀ ਪੇਸ਼ਕਾਰੀ ਕਰਨਾ ਹੀ ਪ੍ਰਕਿਰਤਿਕ ਯਥਾਰਥਵਾਦ ਹੈ ।।ਫਰਾਂਸ ਵਿਚ ਕੂਰਬੇ ਦਾ ਯਥਾਰਥਵਾਦ ਇਕ ਸੰਕ੍ਰਾਂਤੀ ਕਾਲ ਵੱਲ ਸੰਕੇਤ ਕਰਦਾ ਹੈ। ਇਸ ਨੇ ਛੇਤੀ ਹੀ ਸਾਹਿਤ ਵਿਚ ਇਕ ਨਵੇਂ ਦੌਰ ਨੂੰ ਜਨਮ ਦਿੱਤਾ , ਜਿਸ ਨੂੰ ਪ੍ਰਾਕ੍ਰਿਤਵਾਦ Naturalism ਕਿਹਾ ਜਾਂਦਾ ਹੈ।ਇਸ ਦੌਰ ਦਾ ਸਭ ਤੋਂ ਵੱਡਾ ਪਰਵਕਤਾ ਜ਼ੋਲਾ Emile Zola ਬਣਿਆ।ਸਾਹਿਤਿਕ ਯਥਾਰਥਵਾਦਅਤੇ ਪ੍ਰਾਕ੍ਰਿਤਵਾਦ ਨੇ ਨਾਵਲ ਦੇ ਵਿਕਾਸ ਵਿਚ ਇਕ ਵਿਸ਼ੇਸ਼ ਭੂਮਿਕਾ ਨਿਭਾਈ। ਪ੍ਰਾਕ੍ਰਿਤਵਾਦ ਕੋਈ ਬੱਝਵਾਂ ਜਾਂ ਸੁਗਠਿਤ ਸੰਕਲਪ ਕਦੇ ਵੀ ਨਹੀਂ ਰਿਹਾ।ਸਗੋਂ ਇਹ ਸਦਾ ਸਮੇਂ ਨਾਲ ਪਰਿਵਰਤਿਤ ਹੁੰਦਾ ਰਿਹਾ। ਇਸ ਦਾ ਨਿਸ਼ਾਨਾ ਹੁੰਦਾ ਸੀਕਿਸੇ ਵਿਸ਼ੇਸ਼ ਘਟਨਾਵਲੀ ਦੇ ਸੰਦਰਭ ਵਿਚ ਜੀਵਨ ਦੀ ਵਿਆਖਿਆ ਕਰਨਾ।

## ਮਨੋਵਿਗਿਆਨਕ ਯਥਾਰਥਵਾਦ:

ਮਨੋਵਿਗਿਆਨਕ ਯਥਾਰਥਵਾਦ ਵੀਹਵੀਂ ਸਦੀ ਦੇ ਆਰੰਭ ਵਿੱਚ ਪੈਦਾ ਹੋਣ ਵਾਲੀ ਇੱਕ ਹੋਰ ਪ੍ਰਮੁੱਖ ਪ੍ਰਵਿਰਤੀ ਹੈ। ਇਸ ਪ੍ਰਵਿਰਤੀ ਦਾ ਬੁਨਿਆਦੀ ਸਿਧਾਂਤ ਇਹ ਹੈ ਕਿ ਮਨੁੱਖ ਸਮਾਜ ਅਤੇ ਪ੍ਰਕ੍ਰਿਤਕ ਚੌਗਿਰਦੇ ਤੋਂ ਨਿਰਲੇਪ ਇੱਕ ਆਪਣੀ ਸੱਤਾ ਜਾ ਅਸਤਿੱਤਵ ਰੱਖਦਾ ਹੈ। ਇਹ ਰੁਝਾਨ ਬਾਹਰੀ ਸੰਸਾਰ ਅਤੇ ਸਮਾਜ ਦੀ ਸੁੰਤਤਰ ਨਾਲੋਂਮਨੁੱਖ ਨੂੰ ਮੂਲੋ ਵਿਯੋਗ ਕੇ ਵੇ ਖਦਾ ਹੈ। ਇਹ ਇਸ ਅੰਤਰਮੁਖੀ ਭਰਮ ਦਾ ਸ਼ਿਕਾਰ ਹੋ ਜਾਂਦਾ ਹੈ ਕਿ ਮਨੁੱਖ ਦਾ ਮਾਨਸਿਕ ਅਨੁਭਵ ਹੀ ਸਤਿ ਹੈ ਅਤੇ ਬਾਹਰੀ ਸੰਸਾਰ ਦੀ ਕੋਈ ਸੱਤਾ ਨਹੀ ਹੈ। ਮਨੋਵਿਗਿਆਨਕ ਸਾਹਿਤ ਵਿੱਚ ਸਮਾਜ ਤੋ ਵਿਛੁੰਨੇ ਹੋਏ ਵਿਅਕਤੀ ਦੀ ਕੁੰਠਾ , ਇੱਕਲਤਾ, ਨਿਰਾਸ਼ਾ ਅਤੇ ਦੁਵਿਧਾ ਪੇਸ਼ ਹੁੰਦੀ ਹੈ , ਮਨੋਵਿਗਿਆਨਕ ਯਥਾਰਥਵਾਦ ਦਾ ਆਧਾਰ ਜਾ ਨੀਂਹ ਮਨੋਵਿਸ਼ਲੇਸ਼ਣਾਤਮਕ ਪ੍ਰਣਾਲੀ ਹੈ।

ਮਨੋਵਿਗਿਆਨਕ ਯਥਾਰਥਵਾਦ ਨੂੰ ਪੂਰੀ ਤਰ੍ਹਾ ਸਮਝਣ ਲਈ ਪਹਿਲਾ ਮਨੋਵਿਸ਼ਲੇਸ਼ਣਾਤਮਕ ਪ੍ਰਣਾਲੀ ਬਾਰੇ ਜਾਣ ਲੈਣਾ ਬੇਹੱਦ ਜਰੂਰੀ ਹੈ। ਇਸ ਪ੍ਰਣਾਲੀ ਦੀ ਜਾਣਕਾਰੀ ਉਪਰੰਤ ਹੀ ਅਸੀਂ ਮਨੋਵਿਗਿਆਨਕ ਯਥਾਰਥਵਾਦ ਦੇ ਖੇਤਰ ਨੂੰ ਭਲੀਭਾਂਤ ਸਮਝਣ ਦੇ ਯੋਗ ਹੋ ਸਕਦੇ ਹਾਂ।

ਵੀਹਵੀਂ ਸਦੀ ਦੀਆਂ ਜਿਨਾਂ ਆਲੋਚਨਾਤਮਕ ਪ੍ਰਣਾਲੀਆਂ ਨੇ ਸਾਹਿਤ ਅਧਿਐਨ ਦੀ ਖੇਤਰ ਵਿੱਚ ਨਵੀਆਂ ਦ੍ਰਿਸ਼ਟੀਆਂ ਖੋਲੀਆਂ , ਉਹਨਾਂ ਵਿੱਚ ਮਨੋਵਿਸ਼ਲੇਸ਼ਣਾਤਮਕ ਪ੍ਰਣਾਲੀ ਦੀ ਕਾਫੀ ਮਹੱਤਵਪੂਰਨ ਹੈ। ਮਨੋਵਿਸ਼ਲੇਸ਼ਣਵਾਦ ਤੋ ਭਾਵ ਸਾਹਿਤ ਅਧਿਐਨ ਦੀ ਉਸ ਵਿਧੀ ਤੋਂ ਹੈ ਜਿਸਦਾਆਧਾਰ ਫਰਾਇੰਡ, ਯੁੰਗ, ਐਡਲਰ ਅਤੇ ਇਹਨਾਂ ਤੋ ਮਗਰਲੇ ਵਿਦਵਾਨਾਂ ਦੀਆਂ ਮਨੁੱਖ, ਮਨ ਅਤੇ ਲਿੰਗ ਵਿੱਚੋ ਉਪਜੇ ਵਿਵਹਾਰ ਸੰਬੰਧੀ ਕੀਤੀਆਂ ਖੋਜਾਂ ਹਨ। ਇਸ ਵਿਧੀ ਵਿੱਚ ਲੇਖਕ ਦੀ ਮਾਨਸਿਕਤਾ ਅਤੇ ਪਾਤਰਾਂ ਦੀਆਂ ਪ੍ਰਸਥਿਤੀਆਂ ਵਿੱਚੋ ਉਹਨਾਂ ਦੇ ਵਿਵਹਾਰ ਦਾ ਵਿਸ਼ਲੇਸ਼ਣ ਕੀਤਾ ਜਾਂਦਾ ਹੈ।

ਇਹ ਪ੍ਰਣਾਲੀ ਆਲੋਚਕ ਦੇ ਮਨੋਵਿਗਿਆਨ ਨੂੰ ਵੀ ਅਧਿਐਨ ਦਾ ਵਿਸ਼ਾ ਬਣਾਉਂਦੀ ਹੈ, ਇਸ ਪ੍ਰਣਾਲੀ ਦਾ ਸੂਤਰਪਾਤ ਤਾਂ ਉਨੀਵੀਂ ਸਦੀ ਦੇ ਆਰੰਭ ਵਿੱਚ ਹੋ ਗਿਆ ਸੀ। 20ਵੀਂ ਸਦੀ ਵਿੱਚ ਇਹ ਪ੍ਰਣਾਲੀ ਕਾਫ਼ੀ ਮਜ਼ਬੂਤ ਹੋ ਜਾਂਦੀ ਹੈ।

ਮਾਨੋਵਿਸ਼ਲੇਸ਼ਣੀ ਵਿਧੀ ਦਾ ਆਧਾਰ ਮਨੋਵਿਗਿਆਨ ਹੈ ਇਸ ਲਈ ਇਸਦੇ ਸੰਕਲਪ ਦਾ ਅਧਿਐਨ ਕਰਨਾ ਅਤਿ ਜਰੂਰੀ ਹੈ।

ਮਨੋਵਿਗਿਆਨ ਅਤੇ ਮਨੋਵਿਸ਼ਲੇਸ਼ਣ ਦਾ ਮੋਢੀ ਸਿਗਮੰਡ ਫਰਾਇਡ ਹੈ। ਇਸ ਪਿੱਛੋ ਯੁੰਗ ਅਤੇ ਐਡਲਰ ਨੇ ਇਸ ਦੇ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਦਿੱਤਾ। ਫਰਾਇਡ ਅਨੁਸਾਰ ਮਨੁੱਖੀ ਸਰੀਰ ਵਾਂਗ ਹੀ ਮਨੁੱਖੀ ਮਨ ਵੀ ਰੋਗੀ ਹੋ ਜਾਂਦਾ ਹੈ , ਅਤੇ ਬਿਮਾਰ ਮਨ, ਬਿਮਾਰ ਮਾਨਸਿਕਤਾ ਦੀ ਸਿਰਜਣਾ ਕਰਦਾ ਹੈ , ਮਨੁੱਖ ਦੀਆਂ ਖਵਾਹਿਸ਼ਾ ਅਤੇ ਬਾਹਰੀ ਸਮਾਜ ਦੇ ਵਿਚਕਾਰ ਵਿਰੋਧ ਹੈ , ਸਮਾਜ ਦੇ ਵਿਰੋਧ ਦੇ ਬਾਵਜੂਦ ਵੀ ਜਦੋਂ ਇਹ ਦੱਬੀਆ -ਘੁੱਟੀਆ ਖਾਹਿਸ਼ਾ ਆਪਣੀ ਪੂਰਤੀ ਲਈ ਸਿਰ ਚੁੱਕਦੀਆਂ ਹਨ ਤਾਂ , ਮਾਨਸਿਕ ਤਣਾਉ ਜਾਂ ਉਲਝਣਾਂ ਨੂੰ ਸੁਲਝਾਉਣ ਲਈ ਫਰਾਇਡ ਨੇ ਜਿਹੜੀ ਵਿਧੀ ਅਪਣਾਈ ਉਸਨੂੰ ਮਨੋਵਿਸ਼ਲੇਸ਼ਣੀ ਵਿਧੀ ਕਿਹਾ ਜਾਂਦਾ ਹੈ।

ਮਨੋਵਿਗਿਆਨ ਉਹ ਵਿਗਿਆਨ ਹੈ ਜੋ ਮਨੁੱਖੀ ਮਨ ਦਾ ਅਧਿਐਨ ਕਰਦਾ ਹੈਮਨੁੱਖੀ ਮਨ ਦੀ ਹੋਂਦ ਸਰੀਰ ਵਿੱਚ ਹੀ ਸੰਭਵ ਹੈ। ਇਸ ਲਈ ਇਸਦਾ ਅਧਿਐਨ ਖੇਤਰ ਮਨੁੱਖੀ ਸਰੀਰ ਹੈ। ਮਨੁੱਖੀ ਸਰੀਰ ਵਿੱਚ ਮਨ ਨਾਮ ਦਾ ਕੋਈ ਅੰਗ ਨਹੀ, ਮਨ ਤੋ ਭਾਵ ਮਾਨਸਿਕਤਾ ਹੈ। ਮਨੁੱਖੀ ਦਿਮਾਗ ਦਾ ਕੋਈ ਹਿੱਸਾ ਸੁਚੇਤ, ਅਰਧ ਅਚੇਤ ਜਾਂ ਅਵਚੇਤਨ ਜਦੋਂ ਕਿਸੇ ਵਿਸ਼ੇਸ਼ ਦਿਸ਼ਾ ਵੱਲ ਯਾਤਰਾ ਕਰਦਾ ਹੈ ਤਾਂ ਉਸ ਵਿੱਚੋ ਉਪਜੀਆਂ ਬਿਰਤੀਆਂ ਨੂੰ ਮਾਨਸਿਕਤਾ ਕਿਹਾ ਜਾਂਦਾ ਹੈ। ਮਨੋਵਿਗਿਆਨ , ਮਨੁੱਖ ਦੇ ਵਿਵਹਾਰ ਦਾ ਅਧਿਐਨ ਕਰਦਾ ਹੈ। ਮਨੁੱਖੀ ਮਨ ਬਹੁਤ ਗੁੰਝਲਦਾਰ ਸ਼ੈਅ ਹੈ , ਗੁੰਝਲਦਾਰ ਮਨ ਗੁੰਝਲਦਾਰ ਵਿਵਹਾਰ ਦਾ ਕਾਰਣ ਬਣਦਾ ਹੈ। ਮਨੁੱਖੀ ਮਨ ਵਿੱਚ ਸਭ ਤੋ ਵੱਧ ਉਲਝਣਾਂ ਉਹ ਅਨੁਭਵ ਉਪਜਾਉਂਦੇ ਹਨ, ਜਿਨਾਂ ਨੂੰ ਦੂਜਿਆ ਨਾਲ ਸਾਂਝਾ ਕਰਨ ਤੋ ਸਭ ਤੋ ਵੱਧ ਝਿਜਕ ਹੁੰਦੀ ਹੈ

ਫਰਾਇਡ ਆਪਣੀ ਰਚਨਾ 'introduction to psychonalnsis' ਵਿੱਚ ਲਿਖਦਾ ਹੈ।

"ਸਾਹਿਤ ਅਤੇ ਹੋਰ ਕਲਾਵਾਂ, ਸੁਪਨਿਆਂ ਅਤੇ ਪਾਗਲਪਣ ਦੇ ਲੱਛਣ ਵਾਂਗ ਉਨ੍ਹਾਂ ਇਛਾਵਾਂ ਦੀ ਕਲਪਨਾਤਮਕ ਸੰਤੁਸ਼ਟੀ ਨਾਲ ਸੰਬੰਧ ਰੱਖਦੀਆਂ ਹਨ। ਜਿਹੜੀਆਂ ਕਿ ਨੈਤਿਕਤਾ ਉਚਿਤਤਾ ਦੇ ਪ੍ਰਵਾਨਿਤ ਮੰਨੀਆ ਜਾਂਦੀਆਂ ਹਨ

ਮਨੋਵਿਸ਼ਲੇਸ਼ਣ ਸੰਕਲਪ ਨੂੰ ਫਰਾਇਡ ਨੇ ਤਿੰਨ ਅਰਥਾਂ ਵਿੱਚ ਵਰਤਿਆ ਹੈ

1.ਮਨੋਵਿਸ਼ਲੇਸ਼ਣ: ਮਾਨਸਿਕ ਰੋਗਾਂ ਦੇ ਇਲਾਜ ਦੀ ਇੱਕ ਵਿਧੀ ਹੈ।

2.ਮਨੋਵਿਸ਼ਲੇਸ਼ਣ: ਮਨੁੱਖੀ ਵਿਵਹਾਰ ਦਾ ਵਿਗਿਆਨ ਹੈ।

3.ਮਨੋਵਿਸ਼ਲੇਸ਼ਣ ਵਿਧੀ: ਮਨੁੱਖੀ ਵਿਵਹਾਰ ਵਿੱਚ ਸਵੈ ਵਿਰੋਧੀ ਇਛਾਵਾਂ ਦੀ ਆਪਸੀ ਟੱਕਰ ਨੂੰ ਖਤਮ ਕਰਕੇ ਵਿਅਕਤੀ ਵਿੱਚ ਸੰਤੁਲਨ ਲਿਆਉਣ ਵਾਲੀ ਵਿਧੀ ਹੈ।

ਫਰਾਇਡ ਦੇ ਮਨੋਵਿਸ਼ਲੇਸ਼ਵਾਦੀ ਸਿਧਾਂਤ ਨੂੰ ਦੋ ਭਾਗਾਂ ਵਿੱਚ ਵੰਡ ਕੇ ਸਮਝਿਆ ਜਾ ਸਕਦਾ ਹੈ।

ਪਹਿਲੇ ਭਾਗ ਵਿੱਚ ਮਨੁੱਖ ਦੇ ਉਸ ਵਿਵਹਾਰ ਦਾ ਅਧਿਐਨ ਕੀਤਾ ਜਾਂਦਾ ਹੈ,ਜੋ ਮੁੱਢਲੀਆ ਪ੍ਰਵਿਰਤੀਆਂ ਕਰਕੇ ਉਪਜਦਾ ਹੈ।

ਦੂਸਰੇ ਭਾਗ ਵਿੱਚ ਮਾਨਸਿਕ ਪ੍ਰਵਿਰਤੀਆਂ ਦਾ ਅਧਿਐਨ ਕੀਤਾ ਜਾਂਦਾ ਹੈ, ਪ੍ਰਵਿਰਤੀਆ ਉਹ ਸ਼ਕਤੀਆਂ ਹਨ, ਜਿਹੜੀਆਂ ਮਨੁੱਖ ਨੂੰ ਕੁਝ ਕਰਨ ਲਈ ਬੇੱਬਸ ਕਰਦੀਆਂ ਹਨ, ਜਿਵੇ ਭੁੱਖ ਅਤੇ ਕਾਮ।

ਕਾਮ ਦਾ ਅਰਥ ਹਰ ਉਸ ਸਰੀਰਕ ਪ੍ਰਕ੍ਰਿ ਆ ਤੋ ਹੈ , ਜਿਸ ਤੋ ਆਨੰਦ ਪੈਦਾ ਹੋਵੇ। ਮਨੁੱਖੀ ਵਿਵਹਾਰ ਵਿੱਚ ਉਪਜਣ ਵਾਲੇ ਦੁੱਖ , ਸੁੱਖ ਅਸ਼ਾਂਤੀ ਜਾਂ ਬੇਚੈਨੀ ਦਾ ਆਧਾਰ ਇਹੋ ਪ੍ਰਵਿਰਤੀ ਹੈ। ਦੂਸਰੀ ਕਿਸਮ ਦੀਆਂ ਪ੍ਰਵਿਰਤੀਆ ਆਕਰਮਣਕਾਰੀ ਹਨ , ਆਤਮਘਾਤ ਕਿਸੇ ਨੂੰ ਨੁਕਸਾਨ ਪਹੁੰਚਾਉਣਾ ਜਾਂ ਜਾਨੋਂ ਮਾਰਨ ਦੀ ਇੱਛਾ ਰੱਖਦਾ ਹਮਲਾਵਰ ਪ੍ਰਵਿਰਤੀ ਹੈ। ਕਾਮ ਨਾਲ ਸੰਬੰਧਿਤਪ੍ਰਵਿਰਤੀ ਦਾ ਬਹੁਤ ਮਹੱਤਵ ਹੈ। ਮਨੁੱਖੀ ਵਿਵਹਾਰ ਵਿੱਚ ਉਪਜਣ ਵਾਲੇ ਦੁੱਖ ਸੁੱਖ ਅਸ਼ਾਂਤੀ ਜਾਂ ਸ਼ਾਂਤੀ ਆਦਿ ਦਾ ਆਧਾਰ ਇਹੋ ਪ੍ਰਵਿਰਤੀ ਹੈ।

ਫਰਾਇਡਅਨੁਸਾਰ ਮਨੁੱਖੀ ਵਿਵਹਾਰ ਨੂੰ ਸਮਝਣ ਲਈ ਉਸਦੇ ਮਨ ਨੂੰ ਸਮਝਣਾ ਅਤਿ ਜਰੂਰੀ ਹੈ। ਫਰਾਇਡ ਨੇ ਮਨੁੱਖੀ ਮਨ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਹੈ-

1.ਸੁਚੇਤ- ਮਨ ਦੀ ਜਾਗਰਿਤ ਅਵੱਸਥਾ ਹੈ।

2.ਅਵਚੇਤਨ ਜਾਂ ਅਚੇਤ- ਮਨ ਦਾ ਅਰਥ ਉਹਨਾਂ ਅਨੁਭਵਾ ਤੋ ਹੈ ਜਿਹਨਾਂ ਨੂੰ ਯਾਦ ਕਰਨਾ ਸੋਖਾ ਨਹੀਂ ਹੁੰਦਾ।

3.ਅਰਧ-ਸੁਚੇਤ- ਮਨ ਦੀ ਉਹ ਅਵੱਸਥਾ ਹੈ ਜਿਸ ਵਿੱਚ ਅਨੁਭਵਾਂ ਨੂੰ ਯਤਨ ਕਰਕੇ ਚੇਤੇ ਕੀਤਾ ਜਾ ਸਕਦਾ ਹੈ ਪਰ ਇਸ ਸੰਬੰਧੀ ਮਨੁੱਖ ਪਹਿਲਾਂ ਸੁਚੇਤ ਨਹੀ ਹੁੰਦਾ।

ਫਰਾਇਡ ਨੇ ਮਨੁੱਖੀ ਮਨ ਦੇ ਮਾਡਲ ਨੂੰ ਤਿੰਨ ਤਰ੍ਹਾਂ ਦੇ ਪ੍ਰਯੋਜਨਾ ਵਿੱਚ ਵਿਭਾਜਿਤ ਕੀਤਾ , ਭਾਵ ਮਨੁੱਖ ਮਨ ਦੀਆਂ ਪ੍ਰਕ੍ਰਿਆਵਾਂ ਨੂੰ ਵੀ ਵਿਸ਼ਲੇਸ਼ਣ ਦੀ ਦ੍ਰਿਸ਼ਟੀ ਤੋ ਤਿੰਨ ਭਾਗਾਂ ਵਿੱਚ ਵੰਡਿਆ ਗਿਆ ਹੈ

1. ਇਡ- ਜੋ ਲਿੰਗਕ ਅਤੇ ਹੋਰ ਇੱਛਾਵਾਂ ਦਾ ਭੰਡਾਰ ਹੈ।

2.ਉਚੇਰੀ ਅਵਸਥਾ-ਜੋ ਨੈਤਿਕਤਾ ਅਤੇ ਉੱਚਿਤਤਾ ਦੇ ਪੈਮਾਨਿਆ ਨੂੰ ਧਾਰਨ ਕਰਦੀ ਹੈ।

3.ਹਉਮੈ-ਜੋ ਇਡ ਦੀਆਂ ਅਤ੍ਰਿਪਤ ਇੱਛਾਵਾਂ ਅਤੇ ਉਚੇਰੀ ਹਉਮੈ ਦੀ ਕੱਟੜ ਸੈਂਸਰਸ਼ਿਪ ਵਿੱਚ ਟਕਰਾਉਣ ਦੀ ਸੰਭਾਵਨਾ ਨੂੰ ਖਤਮ ਕਰਨ ਲਈ ਯਤਨਸ਼ੀਲ ਰਹਿੰਦੀ ਹੈ।

ਫਰਾਇਡ ਤੋ ਬਾਅਦ ਯੁੰਗ ਦਾ ਨਾਮ ਲਿਆ ਜਾ ਸਕਦਾ ਹੈ। ਇਸਨੂੰ ਵਿਅਕਤੀਗਤ ਅਵਚੇਤਨ ਦੀ ਬਜਾਇ ਸਾਮੂਹਿਕ ਅਵਚੇਤਨ ਉੱਪਰ ਬਲ ਦਿੰਦਾ ਹੈ। ਉਸ ਅਨੁਸਾਰ ਇੱਕ ਲੇਖਕ ਕਿਸੇ ਜਾਤੀ ਦੀ ਸਿਮ੍ਰਤੀ ਵਿੱਚ ਦੱਬੇ ਹੋਏ ਆਦਿ ਰੂਪ ਬਿੰਬਾ ਨੂੰ ਆਪਣੇ ਪਾਠਕਾਂ ਦੇ ਸਨਮੁੱਖ ਪੇਸ਼ ਕਰਦਾ ਹੈ, ਅਤੇ ਇਸ ਤਰ੍ਹਾਂ ਉਹ ਵਿਅਕਤੀ ਦੇ ਸਵੈ -ਸੰਗਠਨ ਅਤੇ ਮਾਨਣ ਜਾਤੀ ਦੀ ਮਾਨਸਿਕ ਅਤੇ ਜਜ਼ਬਾਤਾਂ ਨਾਲ ਸੰਬੰਧਿਤ ਪੱਖਾਂ ਨੂੰ ਵਧੇਰੇ ਸ਼ਕਤੀਸ਼ਾਲੀ ਬਣਾਉਂਦਾ ਹੈ।

ਇਸ ਸੰਬੰਧ ਵਿੱਚ ਇਕੱ ਹੋਰ ਮਹੱਤਵਪੂਰਨ ਚਿੰਤਕ ਜੈੱਕ ਲਾਕਾਂ ਹੈ , ਉਸ ਨੇ ਭਾਸ਼ਾ ਵਿਗਿਆਨੀ ਸੋਸਿਊਰ ਦੇ ਸਿਧਾਂਤਾਂ ਨੂੰ ਫਰਾਇਡ ਦੇ ਮਨੋਵਿਸ਼ਲੇਸ਼ਣ ਸੰਕਲਪਾਂ ਨਾਲ ਜੋੜ ਕੇ ਉਸਨੇ ਸਿਗਨੀਫਿਕੇਸ਼ਨ (Signification) ਦੀ ਪ੍ਰਕ੍ਰਿਆ ਉੱਪਰ ਲਾਗੂ ਕੀਤਾ।

ਲਾਕਾਂ ਦਾ ਇਹ ਸੂਤਰ ਬੜਾ ਪ੍ਰਸਿੱਧ ਹੋਇਆ ਕਿ ਅਵਚੇਤਨ ਦੀ ਸੰਰਚਨਾਂ ਭਾਸ਼ਾ ਵਾਂਗ ਹੁੰਦੀ ਹੈ।

ਜਿਵੇਂ ਬੱਚੇ ਦੀ ਪੂਰਵ ਭਾਸ਼ਾਈ ਸਟੇਜ ਨੂੰ 'ਕਲਪਨਾਤਮਕ' ਅਤੇ ਉੱਪਰ ਭਾਸ਼ਾਈ ਸਟੇਜ਼ ਨੂੰ ਪ੍ਰਤੀਕਾਤਮਕ ਕਹਿਣਾ ਚਾਹੀਦਾ ਹੈ। ਕਲਪਨਾਤਮਕ ਸਟੇਜ ਤੇ ਆਪਣੇ ਅਤੇ ਦੂਸਰੇ ਦੇ ਦਰਮਿਆਨ ਬੱਚਾ ਕੋਈ ਨਿਖੇੜਾ ਨਹੀਂ ਕਰ ਸਕਦਾ। ਪਰ ਜਦੋਂ ਉਹ ਪ੍ਰਤੀਕਾਤਮਕ ਸਟੇਜ ਤੇ ਪਹੁੰਚ ਜਾਂਦਾ ਹੈ ਤਾਂ ਉਹ ਭਾਸ਼ਾਈ ਵਿਰੋਧਾਂ ਵਿੱਚ ਮਿਲੇ ਸਿਸਟਮ ਨੂੰ ਸਮਝ ਕੇ ਪੁਲਿੰਗ /ਇਸਤ੍ਰੀਲਿੰਗ, ਪਿੱਤਾ/ਪੁੱਤਰ ਅਤੇ ਮਾਂ/ਧੀ ਦੇ ਵਿਰੋਧ ਨੂੰ ਸਮਝਣ ਲੱਗ ਪੈਂਦਾ ਹੈ। ਲਾਕਾਂ ਅਨੁਸਾਰ ਇਸ ਭਾਸ਼ਾਈ ਖੇਤਰ ਵਿੱਚ ਪਿਤਾ ਦਾ ਕਾਨੂੰਨ ਸਰਵਉੱਚ ਹੈ ਕਿਉਕਿ ਇਸ ਵਿੱਚ 'ਲਿੰਗਮ' ਸਭ ਤੋ ਪ੍ਰਮੁੱਖ ਚਿਹਨਕ ਹੈ। ਇਹੀ ਹੋਰ ਸਾਰੇ ਚਿਹਨਕਾਂ ਨੂੰ ਅਰਥ ਪ੍ਰਦਾਨ ਕਰਦਾ ਹੈ।

ਲਾਕਾਂ ਚਿਹਨਕ ਨਾਲੋ ਚਿਹਨਕ ਤੇ ਬਲ ਦਿੰਦਾ ਹੈ। ਕੋਈ ਮਨੋਵਿਗਿਆਨਕ ਛਾਪ ਹੁੰਦੀ ਹੈ ਤਾਂ ਹੀ ਚਿਹਨਕ ਚੋ ਵਿੱਚ ਆਉਂਦਾ ਹੈ। ਲਾਕਾਂ ਦਾ ਇਹ ਕਹਿਣਾ ਕਿ ਅਵਚੇਤਨ ਭਾਸ਼ਾ ਦੇ ਸਮਾਨ ਸੰਰਚਿਤ ਹੈ ਭਾਵ ਕਿ ਜੇ ਅਵਚੇਤਨ ਭਾਸ਼ਾ ਦੇ ਸਮਾਨ ਪੜ੍ਹਿਆ ਜਾ ਸਕਦਾ ਹੈ ਸਾਹਿਤ ਨੂੰ ਵੀ ਅਵਚੇਤਨ ਵਾਂਗ ਪੜ੍ਹਿਆ ਜਾ ਸਕਦਾ ਹੈ। ਦੂਸਰੇ ਸ਼ਬਦਾ ਵਿੱਚ ਭਾਸ਼ਾਈ ਸੰਕੇਤ ਕਿਉਕਿ ਕਿਸੇ ਨਾ ਕਿਸੇ'ਘਾਟ' ਅਥਵਾ ਗੈਰ ਹਾਜ਼ਰੀ ਦਾ ਲਖਾਇਕ ਹੈ। ਸਾਹਿਤ ਮਨੋਵਿਸ਼ਲੇਸ਼ਣ ਦਾ ਅਵਚੇਤਨ ਹੈ।

ਲਾਕਾਂ ਦਾ ਸਭ ਤੋ ਵੱਡਾ ਕਾਰਨਾਮਾ ਇਹ ਹੈ ਕਿ ਫਰਾਇਡ ਨੂੰ ਹੀ ਅਧਾਰ ਬਣਾ ਕੇ ਉਸਨੂੰ ਫਰਾਇਡਵਾਦ ਨੂੰ ਬਦਲ ਦਿੱਤਾ ਅਤੇ ਉਸਦੀ ਨਵੀਂ ਸਾਰਥਿਕਤਾ ਤੇ ਬੱਲ ਦਿੱਤਾ ਕਿ ਮਨੁੱਖ ਕੋਈ ਖੁਦਮੁਖਤਾਰ ਹੋਂਦ ਨਹੀਂ , ਸਗੋ ਇੱਕ ਪ੍ਰਕ੍ਰਿਆ ਹੈ , ਹਰੇਕ ਪਲ ਨਿਰਮਾਣ ਅਧੀਨ, ਅੰਤਰ ਵਿਰੋਧ ਉੱਤੇ ਅਧਾਰਿਤ ਪਰਿਵਰਤਨ ਮੁਖੀ

ਮਨੋਵਿਗਿਆਨ ਆਲੋਚਨਾ ਦੇ ਕਈ ਧਰਾਤਲ ਹੁੰਦੇ ਹਨ। ਪਹਿਲਾਂ ਤਾ ਇਹ ਕਿ ਸਾਹਿਤ ਦੀ ਸਿਰਜਣਾ ਕਰਨ ਵਾਲੇ ਲੇਖਕ ਆਪਣੇ ਪਾਤਰਾਂ ਦੀਆਂ ਕ੍ਰਿਆਵਾਂ-ਪ੍ਰਤੀਕ੍ਰਿਆਵਾਂ ਨੂੰ ਮਨੋਵਿਗਿਆਨਕ ਵਿਧੀ ਦੁਆਰਾ ਦਰਸਾਉਣ ਦੀ ਕੋਸ਼ਿਸ਼ ਕਰਦੇ ਹਨ। ਆਲੋਚਕ ਨੇ ਇਸ ਵਿਧੀ ਦੀ ਵਿਆਖਿਆ ਕਰਨੀ ਹੁੰਦੀ ਹੈ। ਦੂਸਰਾ ਧਰਾਤਲ ਸਿਰਜਣਾਤਮਕ ਲੇਖਕਾਂ ਦੇ ਆਪਣੇਮਨ ਨਾਲ ਸੰਬੰਧਿਤ ਹਨ, ਆਲੋਚਕਾਂ ਨੇ ਇਹ ਦੇਖਣਾ ਹੁੰਦਾ ਹੈ ਕਿ ਲੇਖਕ ਦੇ ਮਨ ਵਿੱਚ ਕੋਈ ਘਟਨਾ ਆਈ ਤਾਂ ਆਈ ਕਿਵੇਂ ?ਬਚਪਨ ਅਤੇ ਕਿਸ਼ੋਰ ਅਵਸਥਾ ਵਿੱਚ ਲੇਖਕ ਦਾ ਮਨ ਜੀਵਨ ਦੀਆਂ ਬਹੁਤ ਸਾਰੀਆਂ ਵਿਸੰਗਤੀਆਂ ਤੇ ਵਚਿੱਤਰਤਾਵਾਂ ਨੂੰ ਅਨੁਭਵ ਕਰਦਾ ਹੈ। ਇਹ ਸਾਰੀ ਸਮੱਗਰੀ ਉਸਦੇ ਅਵਚੇਤਨ ਵਿੱਚ ਜਮ੍ਹਾਂ ਹੋ ਜਾਂਦੀ ਹੈ।

ਇਸ ਅਵਚੇਤਨ ਵਿੱਚ ਉਸਦਾ ਸਮੂਹਿਕ ਅਵਚੇਤਨ ਵੀ ਭਰਪੂਰ ਯੋਗਦਾਨ ਪਾਉਂਦਾ ਹੈ। ਲੇਖਕ ਜਾ ਕਲਾਕਾਰ ਅਚੇਤ ਮਨ ਦੀਆਂ ਇੱਛਾਵਾਂ ਨੂੰ ਵਿਰੂਪਿਤ ਕਰਕੇ, ਕਲਪਨਾ ਦੁਆਰਾ ਸੰਤੁਸ਼ਟੀ ਪ੍ਰਾਪਤ ਕਰ ਲੈਂਦਾ ਹੈ, ਪਰੰਤੂ ਸੁਚੇਤ ਮਨ ਤੋ ਇਹਨਾਂ ਦੇ ਵਾਸਤਵਿਕ ਪ੍ਰਯੋਜਨ ਅਤੇ ਸੰਭਵ ਛਿਪੇ ਰਹਿੰਦੇ ਹਨ। ਅਚੇਤ ਇੱਛਾਵਾਂ ਨੂੰ ਸੁਚੇਤ ਮਨ ਤੋ ਬਚਾਉਣ ਵਾਸਤੇ , ਜਿਹਨਾਂ ਜੁਗਤਾਂ ਦਾ ਪ੍ਰਯੋਗ ਹੁੰਦਾ ਹੈ , ਉਹਨਾਂ ਵਿੱਚ ਸੰਘਣਾਪਨ, ਅਦਲ-ਬਦਲ, ਪ੍ਰਤੀਕ ਯੋਜਨਾ ਆਦਿ ਮੁੱਖ ਹਨ। ਮਨੋਵਿਸ਼ਲੇਸ਼ਣਵਾਦ ਅਨੁਸਾਰ ਕਲਾ, ਕਲਾਕਾਰ ਦੁਆਰਾ ਦੈਨਿਕ ਜੀਵਨ ਵਿੱਚ ਵੇਖੇ ਸੁਪਨਿਆਂ ਵਾਂਗ ਹੈ। (Art as day dreaming) ਇਹ ਆਲੋਚਕ /ਆਲੋਚਨਾਂ ਸਾਹਿਤਕਾਰ ਦੇ ਮਨ ਦਾ ਅਤੇ ਪਾਤਰਾਂ ਦੇ ਵਿਵਹਾਰ ਨੂੰ ਅਧਿਐਨ ਦਾ ਵਿਸ਼ਾ ਬਣਾਉਂਦੀ , ਆਲੋਚਕ ਦੀ ਮਾਨਸਿਕਤਾ ਨੂੰ ਸਾਹਮਣੇ ਰੱਖ ਕੇ ਚੱਲਦੀ ਹੈ।

## ਆਲੋਚਨਾਤਮਿਕ ਯਥਾਰਥਵਾਦ:

ਆਲੋਚਨਾਤਮਿਕ ਯਥਾਰਥਵਾਦ ਦਾ ਸਰਲ ਅਰਥ ਹੈ ਯਥਾਰਥਵਾਦ ਦੀ ਆਲੋਚਨਾਤਮਿਕ ਵਿਆਖਿਆ ਕਰਕੇ ਪੇਸ਼ਕਾਰੀ ਕਰਨਾ। ਇਸ ਨੂੰ ਅਸੀਂ ਸੁਝਾਅਵਾਦੀ ਯਥਾਰਥਵਾਦ ਵੀ ਕਹਿ ਸਕਦੇ ਹਾਂ ਸੁਝਾਓ ਵਾਦੀ ਯਥਾਰਥਕ ਸਾਹਿਤਕਾਰ ਯਥਾਰਥਵਾਦ ਦੀ ਪੇਸ਼ਕਾਰੀ ਹੀ ਕਰਦੇ ਹਨ ਪਾਠਕਾਂ ਨੂੰ ਕੋਈ ਸੁਝਾਅ ਜਾਂ ਸੰਕੇਤ ਨਹੀਂ ਕਰਦੇ ਅਜਿਹੇ ਲੇਖਕਾਂ ਨੇ ਪੂੰਜੀਵਾਦ ਪ੍ਰਬੰਧ ਵੱਲੋਂ ਕੀਤੇ ਜਾ ਰਹੇ ਮਨੁੱਖ ਦੇ ਅਮਾਨਵੀ ਕਰਨ ਸਿਰਫ ਕਾਰਜ ਤੇ ਪੈਸੇ ਦੇ ਸੰਬੰਧ ਤੇ ਉਤਰਿਆ ਢਾਂਚਾ ਅਣਮਨੁੱਖੀ ਲੁੱਟਖਸੁੱਟ ਤੋਂ ਪੜਦਾ ਚੁੱਕਿਆ ਅਜਿਹੇ ਲੇਖਕ ਬੀਮਾਰੀ ਤੱਕ ਤਾਂ ਪਹੁੰਚ ਗਏ ਪਰ ਪਰ ਬੀਮਾਰੀ ਦੇ ਹੈਲੇ ਦਾ ਇਨ੍ਹਾਂ ਕੋਲ ਕੋਈ ਦ੍ਰਿਸ਼ਟੀ ਕੋਣ ਨਹੀਂ ਸੀ ਇਸ ਯਥਾਰਥ ਨੂੰ ਸਮਾਜਵਾਦੀ ਯਥਾਰਥ ਦਾ ਆਧਾਰ ਮੰਨਿਆ ਜਾਂਦਾ ਹੈ। ਮਿਸਾਲ ਵਜੋਂ ਸੰਤੋਖ ਸਿੰਘ ਧੀਰ ਆਪਣੀ ਕਹਾਣੀ "ਕੋਈ ਇੱਕ ਸਵਾਰ" ਵਿੱਚ ਅਜਿਹਾ ਕਰਦਾ ਹੈ। ਕਹਾਣੀ ਦੇ ਅੰਤ ਵਿੱਚ ਜਦੋਂ ਸਵਾਰੀਆ ਟਾਂਗੇ ਵਿੱਚੋ ਉੱਤਰ ਕੇ ਬੱਸ ਵਿੱਚ ਬੈਠ ਕੇ ਚਲੀਆ ਜਾਂਦੀਆਂ ਹਨ ਤਾਂ ਬਾਰੂ ਕੋਈ ਇੱਕ ਸਵਾਰੀ ਲਈ ਫਿਰ ਹੋਕਾ ਦੇਣ ਲੱਗਾ ਪੈਂਦਾ ਹੈ।

ਕਹਾਣੀ ਪੜ੍ਹ ਕੇ ਵੀ ਕਈ ਪਾਠਕਾਂ ਨੂੰ ਇਹ ਕਹਾਣੀ ਸਮਝ ਨਹੀਂ ਪੈਂਦੀ ਕਿਉਕਿੰ ਕਹਾਣੀਕਾਰ ਨੇ ਇਸ ਵਿੱਚ ਕਿਸੇ ਕਿਸਮ ਦਾ ਸੰਕੇਤ ਦੇਣ ਤੋ ਗੁਰੇਜ ਕੀਤਾ ਹੈ। ਪਰ ਸੁਜਾਨ ਸਿੰਘ ਦੀ ਕਹਾਣੀ"ਕੁਲਫ਼ੀ" ਵਿੱਚ ਆਲੋਚਨਾਤਮਕ ਯਥਾਰਥਵਾਦ ਦੀ ਪੇਸ਼ਕਾਰੀ ਹੋਈ ਹੈ। ਇਸ ਕਹਾਣੀ ਵਿੱਚ ਮਜ਼ਦੂਰ ਦਾ ਮੁੰਡਾ ਆਪਣੇ ਸਾਥੀ ਤੋ ਕੁਲਫ਼ੀ ਖੋਹ ਲੈਂਦਾ ਹੈ ਅਤੇ ਉਸਦੇ ਥੱਪੜ ਵੀ ਮਾਰਦਾ ਹੈ , ਇਸ ਕਹਾਣੀ ਵਿੱਚ ਕਹਾਣੀਕਾਰ ਸੰਕੇਤ ਕਰਦਾ ਹੈ ਕਿ ਸਮਾਜ ਦੀ ਸ਼ੋਸ਼ਿਤ ਸ਼੍ਰੇਣੀ ਦਾ ਯਥਾਰਥ ਕੀ ਹੈ। ਅਤੇ ਉਸਨੂੰ ਕੀ ਕਰਨਾ ਚਾਹੀਦਾ ਹੈ। ਇਹ ਯਥਾਰਥ ਦੀ ਆਲੋਚਨਾਤਮਕ ਵਿਆਖਿਆ ਹੈ।

ਯਥਾਰਥਵਾਦੀ ਸਾਹਿਤ ਦੇ ਵਿਕਾਸ ਵਿੱਚ ਸਭ ਤੋ ਵੱਧ ਯੋਗਦਾਨ ਆਲੋਚਨਾਤਮਕ ਯਥਾਰਥਵਾਦੀਆਂ ਦਾ ਹੈ। ਸਾਹਿਤਕਾਰਾਂ ਨੇ ਪੂੰਜੀਵਾਦੀ ਵਿਵਸਥਾ ਦੇ ਅੰਤਰ ਵਿਰੋਧਾਂ ਨੂੰ ਸਾਹਮਣੇ ਲਿਆਂਦਾ।

ਇਹਨਾਂ ਨੇ ਆਪਣੇ ਰਚਨਾ ਸਾਹਿਤ ਵਿੱਚ ਸਾਮੰਤਵਾਦੀ ਢਾਂਚੇ ਦੀ ਪੁਨਰ ਸੁਰਜੀਤੀ ਦੇ ਵਿਚਾਰਾ ਨੂੰ ਵਿਰੋਧ ਵਿੱਚ ਲਿਆਂਦਾ। ਕਿਉਂਕਿ ਉਹਨਾਂ ਅਨੁਸਾਰ ਉਹ ਨਾ ਤਾਂ ਲੋੜੀਂਦਾ ਸੀ ਅਤੇ ਨਾ ਹੀ ਸੰਭਵ। 19ਵੀ ਸਦੀ ਦੀਆਂ ਆਲੋਚਨਾਤਮਕ ਯਥਾਰਥਵਾਦੀ ਕਿਰਤਾਂ, ਯਥਾਰਥਵਾਦੀ ਸਾਹਿਤ ਦੀਆਂ ਪ੍ਰਮਾਣਿਤ ਕਿਰਤਾਂ ਹਨ। ਟਾਲ ਸਟਾਏ, ਦਸਤੋਵਸਦੀ ਟਾਮਸਟਨ, ਐਨਾਤੋਲ ਫਰਾਂਸ ਆਦਿ। ਅਜਿਹੇ ਸਾਹਿਤਕਾਰ ਹਨ , ਜਿਹਨਾਂ ਨੇ ਆਲੋਚਨਾਤਮਕ ਯਥਾਰਥ ਦੀਆਂ ਅਨੇਕਾਂ ਸੰਭਾਵਨਾਵਾਂ ਪੇਸ਼ ਕੀਤੀਆਂ ਹਨ।

## ਸਮਾਜਵਾਦੀ ਯਥਾਰਥਾਦ:

ਵੀਹਵੀਂ ਸਦੀ ਵਿਚ ਸਮਾਜਵਾਦੀ ਯਥਾਰਥਵਾਦੀ ਪੈਦਾ ਹੋਇਆ।ਇਸ ਦੀ ਬੁਨਿਆਦ ਗੋਰਕੀ ਨੇ ਰੱਖੀ। ਲੂਕਾਚ ਅਨੁਸਾਰ

"ਸਮਾਜਵਾਦੀ ਯਥਾਰਥਵਾਦ ਵਿਚ ਸਮਾਜਵਾਦੀ ਸ਼ਕਤੀਆਂ ਦਾ ਵਰਨਣ ਹੁੰਦਾ ਹੈ ਆਲੋਚਨਾਤਮਕ ਯਥਾਰਥਵਾਦ ਵਿਚ ਨਹੀਂ।

ਸਾਹਿਤ ਸਾਸ਼ਤਰ ਵਿਚ ਸਮਾਜਵਾਦੀ ਯਥਾਰਥ ਸੰਕਲਪ ਦੀ ਵਰਤੋਂ ਗੋਰਕੀ ਨੇ ਉਸ ਸਾਹਿਤ ਲਈ ਕੀਤੀ ਜੋ ਵਰਤਮਾਨ ਦੇ ਅੰਤਰਵਿਰੋਧਾਂ ਦਾ ਵਾਦ ਹੈ ।ਸਮਾਜਵਾਦੀ ਯਥਾਰਥ ਰਚਨਾ ਦਾ ਮੂਲ ਸਿਧਾਂਤ ਇਹ ਹੈ ਕਿ ਸਮਾਜਵਾਦੀ ਇਨਕਲਾਬ ਤੋਂ ਬਿਨਾਂ ਕਿਸੇ ਵੀ ਸੱਮਸਿਆ ਦਾ ਸਦੀਵੀਂ ਹੱਲ ਸੰਭਵ ਨਹੀਂ। ਇਸ ਕਰਕੇ ਸਮਾਜਵਾਦੀ ਇਨਕਲਾਬ ਦੀ ਇਤਿਹਾਸਕ ਸੰਭਾ ਵਨਾ ਪੈਦਾ ਹੋ ਚੁੱਕੀ ਹੈ। ਇਸ ਇਨਕਲਾਬ ਦਾ ਅਰਥ ਹੈ ਕਿ ਨਿੱਜੀ ਜਾਇਦਾਦੀ ਸੰਸਥਾ ਤੇ ਉਸ ਉੱਤੇ ਆਧਾਰਿਤ ਸੰਸਕ੍ਰਿਤੀ ਵਿਚ ਪਰਿਵਰਤਨ ਇਤਿਹਾਸਕ ਤੌਰ ਤੇ ਇਹ ਲਾਜ਼ਮੀ ਪਰਿਵਰਤਨ ਹੈ।ਸਾਹਿਤਕਾਰ ਦਾ ਇਹ ਫਰਜ਼ ਹੈ ਕਿ ਉਹ ਸ਼ੋਸ਼ਿਤ ਵਰਗ ਨੂੰ ਇਤਿਹਾਸ ਦੀ ਅਵਸ਼ਕ ਚੇਤਨਾ ਪ੍ਰਦਾਨ ਕਰੇ।ਅਸ਼ੋਸ਼ਿਤ ਵਰਗ ਨੂੰ ਉਸਦੇ ਅੰਦਰੋਂ ਚਿਤਰੇ ਤੇ ਉਸਦੇ ਵਿਕਾਸ ਦੀ ਲੰਬੀ ਪ੍ਰਕ੍ਰਿਆ ਵਿਚ ਦੀ ਲੰਘਦਿਆਂ ਹੋਇਆਂ ਉਸਦੀਆਂ ਖਾਮੀਆਂ ਦੂਰ ਕਰੇ ਤਾਂ ਕਿ ਉਸ ਵਿਚ ਸਥਿਤੀ ਤੋਂ ਉਪਰਲੀ ਸਥਿਤੀ ਨੂੰ ਮੁਖਾਤਿਬ ਹੋਣ ਦੀ ਚੇਤਨਾ ਪੈਦਾ ਹੋ ਸਕੇ ; ਤੇ ਉਹ ਲਚਰੀ ਜਾਂ ਨਾਂ ਮੰਨਣਯੋਗ ਪ੍ਰਤੀਕ ਨਾਂ

ਹੋਵੇ।ਸਮਾਜਵਾਦੀ ਯਥਾਰਥਵਾਦ ਵਰਤਮਾਨ ਲਈ ਸਮਾਜ ਤੇ ਸ਼੍ਰੇਣੀ ਰਹਿਤ ਸਮਾਜਵਾਦ ਦੇ ਸਰੂਪ ਤੇ ਚਿਤਰਣ ਦੀ ਮੰਗ ਕਰਦਾ ਹੈ ਤੇ ਨਾਲੋਂ ਨਾਲ ਇਨਾਂ ਦੋਹਾਂ ਦੇ ਟਕਰਾਉਣ ਦੀ ਪ੍ਰਕਿਆ ਦੇ ਵਿਸਥਾਰ ਚਿਤਰਣ ਦੀ ਆਸ ਰੱਖਦਾ ਹੈ।

ਆਲੋਚਨਾਤਮਕ ਤੇ ਸਮਾਜਵਾਦੀ ਯਥਾਰਥਵਾਦ ਵਿੱਚ ਨਿਖੇੜਾ ਕਰਦਿਆਂ ਲੁਕਾਚ ਨੇ ਸਪਸ਼ਟ ਕੀਤਾ ਹੈ ਕਿ ਆਲੋਚਨਾਤਮਕ ਯਥਾਰਥਵਾਦ ਵਿੱਚ ਸਾਹਿਤਕਾਰ ਸਮਾਜਿਕ ਪ੍ਰਬੰਧ ਦੇ ਬਾਹਰ ਰਹਿ ਕੇ ਉਸ ਦਾ ਚਿਤਰਣ ਕਰਦਾ ਹੈ ਜਦ ਕਿ ਸਮਾਜਿਕ ਯਥਾਰਥਵਾਦ ਵਿੱਚ ਸਾਹਿਤਕਾਰ ਸਮਾਜ ਵਿੱਚ ਚੱਲ ਰਹੇ ਜਮਾਤੀ ਸੰਘਰਸ਼ ਵਿੱਚ ਸ਼ਾਮਿਲ ਹੋ ਕੇ ਆਪਣੇ ਹੱਡਿ ਹੰਡਾਏ ਅਨੁਭਵ ਨੂੰ ਪੇਸ਼ ਕਰਦਾ ਹੈ। ਭਾਵ ਕਿਨਾਰੇ ਤੇ ਖੜੋ ਕੇ ਨਦੀ ਦੇ ਪਾਣੀ ਬਾਰੇ ਗੱਲ ਕਰਨ ਨਾਲੋਂ ਸਮਾਜਵਾਦੀ ਯਥਾਰਥਵਾਦ ਵਿੱਚ ਲੇਖਕ ਨਦੀ ਵਿੱਚ ਨਿੱਤਰ ਕੇ ਪਾਣੀ ਦੀ ਗੱਲ ਕਰਦਾ ਹੈ। ਸੋ ਸਮਾਜਵਾਦੀ ਯਥਾਰਥਵਾਦ ਵਿੱਚ ਯਥਾਰਥ ਨੂੰ ਵਿਸਥਾਰ ਸਹਿਤ ਇਸ ਪ੍ਰਕਾਰ ਪੇਸ਼ ਕੀਤਾ ਜਾਂਦਾ ਹੈ ਕਿ ਸਮਾਜਵਾਦ ਦੀਆਂ ਸੰਭਾਵਨਾਵਾਂ ਪੈਦਾ ਹੋ ਜਾਣ। ਪਰ ਇਹ ਇਨਕਲਾਬ ਕਿਸੇ ਰੱਬੀ ਭਾਣੇ ਵਿਅਕਤੀਗਤ ਸਦਭਾਵਨਾ ਨਾਲ ਨਹੀਂ ਆਵੇਗਾ; ਸਗੋਂ ਇਹ ਸਮੂਹਿਕ ਰੂਪ ਵਿੱਚ ਜਥੇਬੰਦਕ ਸੰਘਰਸ਼ ਕਰਨ ਨਾਲ ਆਵੇਗਾ।

ਪ੍ਰੋ.ਬ੍ਰਹਮਜਗਦੀਸ਼ ਆਪਣੀ ਪੁਸਤਕ'ਸਮਾਲੋਚਨਾ ਸ਼ਾਸਤਰ' ਵਿਚ ਸਮਾਜਵਾਦੀ ਯਥਾਰਥਵਾਦ ਬਾਰੇ ਸਪਸ਼ਟ ਕਰਦੇ ਲਿਖਦੇ ਹਨ

ਇਸ ਸੰਕਲਪ ਨੇ ਵਿਅਕਤੀ ਦੀ ਇਤਿਹਾਸ ਪ੍ਰਤੀ ਜ਼ਿੰਮੇਵਾਰੀ ਉੱਪਰ ਬੱਲ ਦਿੱਤਾ।ਸਮਾਜਵਾਦੀ ਯਥਾਰਥਵਾਦ ਨਾਇਕਵਾਦ , ਆਤਮ-ਬਲੀਦਾਨ ਅਤੇ ਸਮਰਪਣ ਆਦਿਕ ਪੱਖਾਂ ਉੱਪਰ ਜ਼ੋਰ ਦਿੰਦਾ ਹੈ।ਵਿਅਕਤੀ ਦੀ ਖਾਤਰ ਪ੍ਰਗਤੀ, ਲੋਕਾਂ ਵਾਸਤੇ ਵਿਅਕਤੀ ਅਤੇ ਵਿਅਕਤੀ ਲਈ ਸਮਾਜ-ਇਹ ਕੁੱਝ ਅਜਿਹੀਆਂ ਧਾਰਣਾਵਾਂ ਹਨ, ਜਿਹੜੀਆਂ ਸਮਾਜਵਾਦੀ ਯਥਾਰਥਵਾਦ ਦਾ ਨਿਰਮਾਣ ਕਰਦੀਆਂ ਹਨ।ਇਹ ਸੰਕਲਪ ਮਾਨਵਵਾਦੀ ਆਦਰਸ਼ਾਂ ਤੋਂ ਪ੍ਰੇਰਣਾ ਲੈਂਦਾ ਹੈ ਅਤੇਇਤਿਹਾਸ ਦੀ ਵਸਤੂਗਤ ਗਤੀ ਨਾਲ ਮਿੱਲ ਕੇ ਚੱਲਦਾ ਹੈ। ਵਰਗ ਸਮਾਜ ਵਿਚ ਕਲਾ ਦੀ ਜਮਾਤੀ ਫਿਤਰਤ ਸਮਾਜਵਾਦੀ ਯਥਾਰਥਵਾਦ ਵਿਚ ਪਾਰਟੀ ਅਤੇ ਲੋਕਾਂ ਪ੍ਰਤੀ ਚੇਤੰਨ ਵਫ਼ਾਦਾਰੀ ਦਾ ਰੂਪ ਧਾਰਣ ਕਰ ਜਾਂਦੀ ਹੈ। ਇਹ ਕੋਈ ਅਜਿਹੀ ਕਲਾ ਨਹੀਂ ਜੋ ਜਨ -ਸਮੂਹ ਤੋਂ ਵਿਛੁੰਨ ਕੇ ਕੁਝ ਗਿਣਤੀ ਦੇ ਲੋਕਾਂ ਪ੍ਰਤੀ ਵਚਨਬੱਧ ਰਹੇ।ਸਮਾਜਵਾਦੀ ਕਲਾ ਵਿਸ਼ਾਲ ਜਨ ਸਮੂਹ ਨੂੰ ਸੰਬੋਧਿਤ ਹੁੰਦੀ ਹੈ ਅਤੇ ਇਹ ਗਣਤੰਤਰੀ ਅਤੇ ਮਾਨਵਵਾਦੀ ਹੈ। ਇਹ ਆਪਣੇ ਸਰੋਤਿਆਂ ਦਾ ਅਨੁਸਰਣ ਨਹੀਂ ਕਰਦੀ ਬਲਕਿ ਉਨ੍ਹਾਂ ਤੋਂ ਸਦਾ ਅੱਗੇ ਰਹਿੰਦੀ ਹੈ ਅਤੇ ਇਹ ਆਪਣੇ ਸਰੋਤਿਆਂ ਨੂੰ ਇਕ ਅਮੀਰ ਮਨੋਵਿਗਿਆਨਕ ਅਤੇ ਸਭਿਆਚਾਰਕ ਜ਼ਿੰਦਗੀ ਵੱਲ ਲੈ ਜਾਣ ਦਾ ਪ੍ਰਯਤਨ ਕਰਦੀ ਹੈ। ਇਕ ਸੰਤੁਲਿਤ ਸ਼ਖ਼ਸੀਅਤ ਦੇ ਨਿਰਮਾਣ ਲਈ ਇਹ ਇਕ ਮਹੱਤਵਪੂਰਨ ਮਾਧਿਅਮ ਹੈ।

ਇਤਿਹਾਸਿਕ ਸੰਦਰਭ ਵਿੱਚ ਯਥਾਰਥਵਾਦ ਸ਼ਬਦ ਦੀ ਵਰਤੋਂ ਅਠਾਰਾਂ ਸੌ ਪੈਂਤੀ ਈਸਵੀ ਵਿੱਚ ਹੋਈ 1856 ਵਿੱਚ ਦੁਰਾਨੀ ਨੇ Realism ਨਾਮ ਦਾ ਪੱਤਰ ਚਾਲੂ ਕੀਤਾ ਯਥਾਰਥਵਾਦ ਦੀ ਅਸਲ ਨੀਂਹ ਉਨੀਵੀਂ ਸਦੀ ਵਿੱਚ ਹੀ ਰੱਖੀ ਗਈ ਪੰਜਾਬੀ ਸਾਹਿਤ ਵਿੱਚ ਯਥਾਰਥਵਾਦੀ ਧਾਰਾ ਉੱਨੀ ਸੌ ਪੈਂਤੀ ਈਸਵੀ ਤੋਂ ਮਗਰੋਂ ਪ੍ਰਗਤੀਵਾਦੀ ਵਿਚਾਰਧਾਰਾ ਦੇ ਪ੍ਰਸਾਰ ਵਜੋਂ ਹੋਂਦ ਵਿੱਚ ਆਈ ਪੰਜਾਬੀ ਵਿੱਚ ਪ੍ਰੋਫੈਸਰ ਮੋਹਨ ਸਿੰਘ ਤੇ ਸੰਤ ਸਿੰਘ ਸੇਖੋਂ ਯਥਾਰਥਵਾਦੀ ਧਾਰਾ ਨੂੰ ਪ੍ਰਵੇਸ਼ ਕਰਾਉਣ ਦੇ ਮੁੱਢਲੇ ਸੋਮੇ ਬਣੇ। ਪੰਜਾਬੀ ਗਲਪ ਸਾਹਿਤ ਪੰਜਾਬੀ ਕਾਵਿ ਨਾਲੋਂ ਵਧੇਰੇ ਯਥਾਰਥਵਾਦੀ ਰਿਹਾ। ਨਾਨਕ ਸਿੰਘ ਤੇ ਜਸਵੰਤ ਸਿੰਘ ਕੰਵਲ ਨੇ ਰੋਮਾਂਟਿਕ ਆਦਰਸ਼ਵਾਦ ਦੇ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ। ਸੁਰਿੰਦਰ ਸਿੰਘ ਨਰੂਲਾ ਸਹੀ ਅਰਥਾਂ ਵਿੱਚ ਪੰਜਾਬੀ ਦਾ ਪਹਿਲਾ ਯਥਾਰਥਵਾਦੀ ਸਾਹਿਤਕਾਰ ਹੈ ਨਰੂਲਾ ਸੇਖੋਂ ਤੇ ਗੁਰਦਿਆਲ ਸਿੰਘ ਦੇ ਨਾਵਲਾਂ ਵਿੱਚ ਆਲੋਚਨਾਤਮਕ ਯਥਾਰਥਵਾਦ ਦੀ ਪੇਸ਼ਕਾਰੀ ਕੀਤੀ ਮਿਲਦੀ ਹੈ। ਰਾਮ ਸਰੂਪ ਅਣਖੀ ਕਰਮਜੀਤ ਸਿੰਘ ਕੁੱਸਾ ਆਦਿ ਨੇ ਯਥਾਰਥਵਾਦ ਦੇ ਸਮਾਜਿਕ ਪੱਖ ਦੀ ਪੇਸ਼ਕਾਰੀ ਕੀਤੀ ਨਾਟਕ ਦੇ ਵਿੱਚ ਅਜਮੇਰ ਸਿੰਘ ਔਲਖ ਆਤਮਜੀਤ ਆਦਿ ਯਥਾਰਥਵਾਦੀ ਵਿਚਾਰਧਾਰਾ ਨਾਲ ਪ੍ਰਤੀਬੱਧਤਾ ਦੀ ਹੱਦ ਤੱਕ ਜੁੜੇ ਰਹੇ ਇਨ੍ਹਾਂ ਦੀ ਦ੍ਰਿਸ਼ਟੀ ਆਲੋਚਨਾਤਮਿਕ ਯਥਾਰਥਵਾਦੀ ਹੈ।

## ਸਾਰ-ਅੰਸ਼:

ਸੋ ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਯਥਾਰਥਵਾਦ ਦਾ ਜਨਮ ਪਹਿਲਾਂ ਹੀ ਹੋ ਚੁੱਕਾ ਸੀ ਪਰ ਇਸ ਦੀ ਨੀਂਹ ਉੱਨੀਵੀਂ ਸਦੀ ਵਿੱਚ ਰੱਖੀ ਗਈ ਰੋਮਾਂਸ ਵਾਦੀਆਂ ਨੇ ਵੀ ਯਥਾਰਥ ਨੂੰ ਅਪਣਾਇਆ ਪਰ ਉਨ੍ਹਾਂ ਦੀ ਦ੍ਰਿਸ਼ਟੀ ਰੋਮਾਂਟਿਕ ਹੀ ਰਹੀ। ਯਥਾਰਥਵਾਦ ਵਿੱਚ ਪਹਿਲਾਂ ਆਲੋਚਨਾਤਮਿਕ ਯਥਾਰਥਵਾਦੀ ਵਿਚਾਰ ਧਾਰਾ ਪ੍ਰਚੱਲਤ ਤੋਂ ਪਿੱਛੋਂ ਸਮਾਜਵਾਦੀ ਯਥਾਰਥਵਾਦ।ਪੰਜਾਬੀ ਸਾਹਿਤ ਵਿੱਚ ਯਥਾਰਥਵਾਦ ਦੀ ਨੀਂਹ ਦੋ ਸਦੀਆਂ ਪੱਛੜ ਕੇ ਪੱਛਮੀ ਸਾਹਿਤ ਦੇ ਪ੍ਰਭਾਵ ਅਧੀਨ ਰੱਖੀ ਗਈ ਹੈ। ਲਗਭਗ ਸਾਰਾ ਹੀ ਆਧੁਨਿਕ ਸਾਹਿਤ ਯਥਾਰਥਵਾਦੀ ਹੈ ਭਾਵੇਂ ਇਸ ਦਾ ਕੋਈ ਵੀ ਰੂਪ ਹੋਵੇ। ਨਿਰਸੰਦੇਹ ਇਹ ਸਾਹਿਤ-ਧਾਰਾ ਪੰਜਾਬ ਦੀ ਸਭ ਤੋਂ ਲੋਕਪ੍ਰਿਯ ਅਮੀਰ ਅਤੇ ਸਵਸਥ ਧਾਰਾ ਰਹੀ ਹੈ।

## ਮੁੱਖ/ਕੇਂਦਰੀ ਸ਼ਬਦ:

ਖੁਦਮੁਖਤਾਰ ---ਸਵੈ-ਆਧਾਰੀ

ਸਾਰਥਿਕਤਾ ---ਪ੍ਰਾਸੰਗਿਕਤਾ

ਸਿਗਨੀਫਿਕੇਸ਼ਨ ---ਚਿੰਨ੍ਹੀਕਰਨ

ਵਿਭਾਜਿਤ --- ਵੰਡ

## ਸਵੈ-ਮੁਲਾਂਕਣ:

1. ਯਥਾਰਥਵਾਦ ਹੋਂਦ ਵਿਚ ਆਇਆ-

ੳ- ਰਹੱਸਵਾਦ ਦੇ ਪ੍ਰਤੀਕਰਮ ਵਜੋਂ

ਅ- ਰੁਮਾਂਸਵਾਦ ਦੇ ਪ੍ਰਤੀਕਰਮ ਵਜੋਂ

ੲ- ਆਧੁਨਿਕਤਾਵਾਦ ਦੇ ਪ੍ਰਤੀਕਰਮ ਵਜੋਂ

ਸ- ਰਹੱਸਵਾਦ ਤੇ ਰੁਮਾਂਸਵਾਦ ਦੇ ਪ੍ਰਤੀਕਰਮ ਵਜੋਂ

2. ਯਥਾਰਥਵਾਦ ਦਾ ਸਹੀ ਅਰਥ ਸੱਚੀ ਜਾਣਕਾਰੀ ਤੋਂ ਇਲਾਵਾ ਪ੍ਰਤੀਨਿਧ ਪ੍ਰਸਥਿਤੀਆਂ ਵਿੱਚ ਪ੍ਰਤੀਨਿਧ ਪਾਤਰਾਂ ਦਾ ਸੱਚਾ ਚਿਤਰਣ ਹੈ --- ਇਹ ਕਥਨ ਹੈ:

ੳ. ਫ੍ਰੈਡਰਿਕ ਏਂਗਲਸ

ਅ. ਡਾ. ਰੋਸ਼ਨ ਲਾਲ ਆਹੂਜਾ

ੲ. ਮਾਰਕਸਵਾਦੀ ਚਿੰਤਕ ਕਿਸ਼ਨ ਸਿੰਘ

ਸ. ਰਸੂਲ ਹਮਜ਼ਾਤੋਵ

3. ਯਥਾਰਥਵਾਦ ਦਾ ਕਿਹੜਾ ਲੱਛਣ ਨਹੀਂ ਹੈ -

ੳ.- ਸਮਾਜਕ ਪਰਿਪੇਖ

ਅ.- ਕਾਰਨ ਤੇ ਕਾਰਜ ਸੰਬੰਧ

ੲ.- ਸਜੀਵ, ਸੰਪੂਰਨ ਕਲਾਤਮਕ ਪ੍ਰਗਟਾਵਾ

ਸ.- ਅਸੁਭਾਵਕਤਾ ਅਤੇ ਅਵਿਗਿਆਨਕ

4. ਪੰਜਾਬੀ ਦਾ ਪਹਿਲਾ ਯਥਾਰਥਵਾਦੀ ਸਾਹਿਤਕਾਰ ਹੈ---

ੳ. ਗੁਰਦਿਆਲ ਸਿੰਘ

ਅ. ਸੁਰਿੰਦਰ ਸਿੰਘ ਨਰੂਲਾ

ੲ. ਰਾਮ ਸਰੂਪ ਅਣਖੀ

ਸ. ਕਰਮਜੀਤ ਸਿੰਘ ਕੁੱਸਾ

5. ਸਮੂਹਿਕ ਰੂਪ ਵਿੱਚ ਜਥੇਬੰਦਕ ਸੰਘਰਸ਼ ਦਾ ਸਹੀ ਮੇਲ ਕਰੋ-

ੳ. ਪ੍ਰਕਿਰਤਕ ਯਥਾਰਥਵਾਦ

ਅ. ਮਨੋਵਿਗਿਆਨਕ ਯਥਾਰਥਵਾਦ

ੲ. ਆਲੋਚਨਾਤਮਕ ਯਥਾਰਥਵਾਦ

ਸ. ਸਮਾਜਵਾਦੀ ਯਥਾਰਥਵਾਦ

6. ਦੋ ਟੋਟਿਆਂ ਵਿਚ ਭੌਂ ਟੁੱਟੀ, ਇੱਕ ਮਹਿਲਾਂ ਦਾ ਇੱਕ ਢੋਕਾਂ ਦਾ
ਦੋ ਧੜਿਆਂ ਵਿਚ ਖ਼ਲਕਤ ਵੰਡੀ ਇਕ ਲੋਕਾਂ ਦਾ ਇਕ ਜੋਕਾਂ ਦਾ।

ਇਹ ਸਤਰਾਂ ਯਥਾਰਥਵਾਦ ਦੀ ਕਿਸ ਕਿਸਮ ਨਾਲ ਸੰਬੰਧਿਤ ਹਨ

ੳ.. ਪ੍ਰਕਿਰਤਕ ਯਥਾਰਥਵਾਦ

ਅ. ਮਨੋਵਿਗਿਆਨਕ ਯਥਾਰਥਵਾਦ

ੲ. ਆਲੋਚਨਾਤਮਕ ਯਥਾਰਥਵਾਦ

ਸ. ਸਮਾਜਵਾਦੀ ਯਥਾਰਥਵਾਦ

7. ਦਾਤੀਆਂ ਕਲਮਾਂ ਅਤੇ ਹਥੌੜੇ ਕੱਠੇ ਕਰ ਲਉ ਸੰਦ ਓ ਯਾਰ
ਤਗੜੀ ਇਕ ਤ੍ਰਿਸ਼ੂਲ ਬਣਾਓ ਯੁੱਧ ਕਰੋ ਪ੍ਰਚੰਡ ਓ ਯਾਰ
ਜੈ ਜੈ ਕਾਰ ਕਿਰਤ ਦੀ ਹੋਵੈ ਲੱਗੇ ਜ਼ੁਲਮ ਦੀ ਕੰਡ ਓ ਯਾਰ।

ਇਹ ਸਤਰਾਂ ਯਥਾਰਥਵਾਦ ਦੀ ਕਿਸ ਕਿਸਮ ਨਾਲ ਸੰਬੰਧਿਤ ਹਨ

ੳ. ਪ੍ਰਕਿਰਤਕ ਯਥਾਰਥਵਾਦ

ਅ. ਮਨੋਵਿਗਿਆਨਕ ਯਥਾਰਥਵਾਦ

ੲ. ਆਲੋਚਨਾਤਮਕ ਯਥਾਰਥਵਾਦ

ਸ. ਸਮਾਜਵਾਦੀ ਯਥਾਰਥਵਾਦ

8.ਧਰਤੀ ਉੱਤੇ ਸਿਰਫ਼ ਤਿੰਨ ਹੀ ਤਰ੍ਹਾਂ ਦੇ ਇਨਸਾਨ ਹਨ
ਕੁੱਤੇ ਬਘਿਆੜ ਸ਼ੇਰ
ਬਘਿਆੜ ਪਾੜ ਖਾਂਦੇ ਹਨ
ਤੇ ਸ਼ੇਰ ਨਿਆਂ ਕਰਦੇ ਹਨ
ਬਾਕੀ ਸੱਭ ਕੀੜੇ ਮਕੌੜੇ ਹਨ

ਇਹ ਸਤਰਾਂ ਯਥਾਰਥਵਾਦ ਦੀ ਕਿਸ ਕਿਸਮ ਨਾਲ ਸੰਬੰਧਿਤ ਹਨ

ੳ. ਪ੍ਰਕਿਰਤਕ ਯਥਾਰਥਵਾਦ

ਅ. ਮਨੋਵਿਗਿਆਨਕ ਯਥਾਰਥਵਾਦ

ੲ. ਆਲੋਚਨਾਤਮਕ ਯਥਾਰਥਵਾਦ

ਸ. ਸਮਾਜਵਾਦੀ ਯਥਾਰਥਵਾਦ

9.ਸੁੱਤੇ ਏਸ ਚੁਗਿਰਦੇ ਅੰਦਰ
ਮੈਂ ਕੱਲਾ ਇਕ ਜਾਗਾਂ
ਜਗ ਰਹੀਆਂ ਦੋ ਅੱਖਾਂ ਮੇਰੀਆਂ
ਚੁੱਪ-ਚਾਪ ਵਾਂਗ ਚਰਾਗਾਂ।

ਇਹ ਸਤਰਾਂ ਯਥਾਰਥਵਾਦ ਦੀ ਕਿਸ ਕਿਸਮ ਨਾਲ ਸੰਬੰਧਿਤ ਹਨ:

ਇਹ ਸਤਰਾਂ ਯਥਾਰਥਵਾਦ ਦੀਕਿਸ ਕਿਸਮ ਨਾਲ ਸੰਬੰਧਿਤ ਹਨ
ੳ. ਪ੍ਰਕਿਰਤਕ ਯਥਾਰਥਵਾਦ
ਅ. ਮਨੋਵਿਗਿਆਨਕ ਯਥਾਰਥਵਾਦ
ੲ. ਆਲੋਚਨਾਤਮਕ ਯਥਾਰਥਵਾਦ
ਸ. ਸਮਾਜਵਾਦੀ ਯਥਾਰਥਵਾਦ

10. ਇਹ ਬੇਪ੍ਰਵਾਹ ਪੰਜਾਬ ਦੇ, ਮੌਤ ਨੂੰ ਮਖੌਲਾਂ ਕਰਨ, ਮਰਨ ਥੀ ਨਹੀਂ ਡਰਦੇ।
ਪਿਆਰ ਨਾਲ ਇਹ ਕਰਨ ਗੁਲਾਮੀ, ਜਾਨ ਕੋਹ ਆਪਣੀ ਵਾਰ ਦਿੰਦੇ
ਪਰ ਟੈਂ ਨਾ ਮੰਨਣ ਕਿਸੇ ਦੀ , ਖਲੋ ਜਾਣ ਡਾਗਾਂ ਮੋਢੇ ਤੇ ਉਲਾਰ ਕੇ।

ਇਹ ਸਤਰਾਂ ਯਥਾਰਥਵਾਦ ਦੀ ਕਿਸ ਕਿਸਮ ਨਾਲ ਸੰਬੰਧਿਤ ਹਨ

ੳ. ਪ੍ਰਕਿਰਤਕ ਯਥਾਰਥਵਾਦ
ਅ. ਮਨੋਵਿਗਿਆਨਕ ਯਥਾਰਥਵਾਦ
ੲ. ਆਲੋਚਨਾਤਮਕ ਯਥਾਰਥਵਾਦ
ਸ. ਸਮਾਜਵਾਦੀ ਯਥਾਰਥਵਾਦ

11. ਅਮਲ ਦੇ ਨਾਲ ਹੀ ਸਮਿਆਂ ਦੀ ਲਿੱਟ ਸੰਵਰਦੀ ਹੈ
ਅਮਲ ਦੇ ਨਾਲ ਹੀ ਧਰਤੀ ਤੇ ਨਵਾਂ ਰੂਪ ਚੜ੍ਹਦਾ ਹੈ।
ਇਹ ਸਤਰਾਂ ਯਥਾਰਥਵਾਦ ਦੀ ਕਿਸ ਕਿਸਮ ਨਾਲ ਸੰਬੰਧਿਤ ਹਨ

ੳ. ਪ੍ਰਕਿਰਤਕ ਯਥਾਰਥਵਾਦ
ਅ. ਮਨੋਵਿਗਿਆਨਕ ਯਥਾਰਥਵਾਦ
ੲ. ਆਲੋਚਨਾਤਮਕ ਯਥਾਰਥਵਾਦ
ਸ. ਸਮਾਜਵਾਦੀ ਯਥਾਰਥਵਾਦ

12. ਉੱਠਿਐਂ ਤੂੰ ਅੱਜ ਸਮੇਂ ਦਾ ਕੁਚਲਿਆ
ਪੂੰਜੀਦਾਰਾਂ ਦਾ ਸਿੰਘਾਸਣ ਹਿੱਲਿਆਂ।
ਇਹ ਸਤਰਾਂ ਯਥਾਰਥਵਾਦ ਦੀ ਕਿਸ ਕਿਸਮ ਨਾਲ ਸੰਬੰਧਿਤ ਹਨ
ੳ. ਪ੍ਰਕਿਰਤਕ ਯਥਾਰਥਵਾਦ
ਅ. ਮਨੋਵਿਗਿਆਨਕ ਯਥਾਰਥਵਾਦ
ੲ. ਆਲੋਚਨਾਤਮਕ ਯਥਾਰਥਵਾਦ
ਸ. ਸਮਾਜਵਾਦੀ ਯਥਾਰਥਵਾਦ

13. ਯਥਾਰਥਵਾਦ ਕਲਾਸੀਜ਼ਮ ਅਤੇ ਰੋਮਾਂਸਵਾਦ ਦੋਹਾਂ ਦਾ ਸਮਰੱਥਨ ਕਰਦਾ ਹੈ।
ਇਹ ਕਥਨ ਹੈ:
ੳ. ਠੀਕ
ਅ. ਗ਼ਲਤ

14. ਯਥਾਰਥਵਾਦ Realism ਦਾ ਸੰਕਲਪ ਉਨੀਵੀਂ ਸਦੀ ਦੇ ਅੱਧ ਵਿਚ ਪ੍ਰਚਲਿਤ ਗੋਥਿਕ ਰੋਮਾਂਸ਼ਪਰਾਕ੍ਰਮੀ ਕਥਾਵਾਂ ਅਤੇ ਫੰਤਾਸੀ ਦੇ ਵਿਰੋਧ ਵਿਚ ਹੀ ਨਹੀਂ ਸਗੋਂ ਕਲਾਸਿਕੀ ਅਨੁਸ਼ਾਸਨ ਅਤੇ ਪਿਛਾਂਹ ਖਿੱਚੂ ਨੈਤਿਕਤਾ ਦੀ ਪ੍ਰਤਿਕ੍ਰਿਆ ਵਜੋਂ ਵੀ ਵਰਤਿਆ ਜਾਣਾ ਸ਼ੁਰੂ ਹੋ ਗਿਆ ਸੀ।
ਇਹ ਕਥਨ ਹੈ:
ੳ. ਠੀਕ
ਅ. ਗ਼ਲਤ

15. ਖਾਲੀ ਸਥਾਨ ਭਰੋ:
    ਯਥਾਰਥਵਾਦ ਸਾਹਿਤ ਦੀ ਵਸਤੂ ਮਨੁੱਖੀ ਸ਼ਖਸੀਅਤ ਮਨੁੱਖੀ ਰਿਸ਼ਤਿਆਂ ਦੇ ---------------------- ਦਾ ਸੱਚ ਹੈ ।

## ਅਭਿਆਸ ਪ੍ਰਸ਼ਨ

1.ਯਥਾਰਥਵਾਦ ਤੋਂ ਕੀ ਭਾਵ ਹੈ?

2.ਯਥਾਰਥਵਾਦ ਦੀਆਂ ਵਿਸ਼ੇਸ਼ਤਾਵਾਂ ਦਾ ਸੰਖੇਪ ਵਿਚ ਵਰਣਨ ਕਰੋ।

3.ਯਥਾਰਥਵਾਦ ਦੀਆ ਕਿਸਮਾਂ ਦਾ ਵਿਸਥਾਰ ਵਿਚ ਵਰਣਨ ਕਰੋ।

4.ਆਲੋਚਨਾਤਮਕ ਯਥਾਰਥਵਾਦ ਅਤੇ ਸਮਾਜਵਾਦੀ ਯਥਾਰਥਵਾਦ ਵਿਚ ਕੀ ਅੰਤਰ ਹੈ?

5. ਮਨੋਵਿਗਿਆਨਕ ਯਥਾਰਥਵਾਦ ਬਾਰੇ ਚਰਚਾ ਕਰੋ।

6. ਕਿਸੇ ਕਹਾਣੀ ਜਾਂ ਨਾਵਲ ਦੇ ਅਧਿਐਨ ਉਪਰੰਤ ਉਸ ਵਿਚੋਂ ਯਥਾਰਥਵਾਦ ਦੀਆਂ ਕਿਸਮਾਂ ਤੇ ਉਨ੍ਹਾਂ ਦੀ ਸਾਰਥਿਕਤਾ ਦਾ ਨਿਰਣਾ ਕਰੋ।

## ਸੰਦਰਭ ਪੁਸਤਕਾਂ:


- ਸਮਾਲੋਚਨਾ ਸ਼ਾਸਤਰ, ਪ੍ਰੋ. ਬ੍ਰਹਮਜਗਦੀਸ਼, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, (2011)
- ਖੋਜ ਪੱਤ੍ਰਿਕਾ- ਸਾਹਿਤਕ ਵਾਦ ਅੰਕ 31-32: ਅਜਮੇਰ ਸਿੰਘ (ਮੁੱਖ ਸੰਪਾਦਕ), ਪੰਜਾਬੀ ਯੂਨੀਵਰਸਿਟੀ, ਪਟਿਆਲਾ, (2012)
- ਵਾਦ ਚਿੰਤਨ, ਭੱਟੀ, ਸੁਰਜੀਤ ਸਿੰਘ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪਹਿਲਾ ਸੰਸਕਰਨ (2010)
- ਸਮੀਖਿਆ ਦ੍ਰਿਸ਼ਟੀਆਂ, ਅਰਸ਼ੀ, ਗੁਰਚਰਨ ਸਿੰਘ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, (1998)
- ਸਾਹਿਤ ਅਧਿਐਨ ਪ੍ਰਣਾਲੀਆਂ, ਥਿੰਦ, ਕਰਨੈਲ ਸਿੰਘ (ਸੰਪਾ.), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, (2010)

ਮਹੱਤਵਪੂਰਨ ਲਿੰਕ

https://punjabipedia.org/topic.aspx?txt=%E0%A8%AF%E0%A8%A5%E0%A8%BE%E0%A8%B0%E0%A8%A5%E0%A8%B5%E0%A8%BE%E0%A8%A6

ਉੱਤਰਮਾਲਾ

| | | | | |
|---|---|---|---|---|
| 1. ਸ | 2. ੳ | 3. ਸ | 4. ਅ | 5. ਸ |
| 6. ੲ | 7. ਸ | 8. ੲ | 9. ਅ | 10. ੳ |
| 11.ਸ | 12. ਸ | 13. ਅ | 14. ੳ | 15. ਸਮਾਜਿਕ ਤੌਰ |

DPBI502

# ਅਧਿਆਇ-5: ਆਧੁਨਿਕਤਾਵਾਦ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ-

- ਆਧੁਨਿਕਤਾਵਾਦ ਦੇ ਸਰੂਪ ਅਤੇ ਵਿਭਿੰਨ ਦਿਸ਼ਾਵਾਂ ਨੂੰ ਸਮਝਣ ਦੇ ਕਾਬਲ ਹੋਣਗੇ।
- ਇਸ ਗਿਆਨ ਦੁਆਰਾ ਉਹ ਸਾਹਿਤ ਤੇ ਸਮਾਜ ਦੇ ਕਾਰਜਸ਼ੀਲ ਤੱਤਾਂ ਵਿਚਆਧੁਨਿਕਤਾਵਾਦ ਦੀ ਭੂਮਿਕਾ ਦਾ ਮੁਲਾਂਕਣ ਕਰ ਸਕਣਗੇ।
- ਸਾਹਿਤ ਆਲੋਚਨਾ ਵਿਚ ਇਸ ਵਾਦ ਦੇ ਮਹੱਤਵ ਨੂੰ ਸਮਝਦੇ ਹੋਏ ਆਧੁਨਿਕ ਸਾਹਿਤ ਦੀ ਵਿਵੇਚਨਾ ਕਰਨ ਵਿਚ ਕਾਬਲ ਹੋਣਗੇ।

## ਪ੍ਰਸਤਾਵਨਾ:

ਆਧੁਨਿਕਤਾਵਾਦ ਦਾ ਆਧਾਰ ਉਹ ਵਿਸ਼ਵ ਦਰਸ਼ਨ ਹੈ ਜੋ ਵਿਗਿਆਨ ਤੇ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਉਤਪੰਨ ਹੋਇਆ। ਇਸ ਤਰ੍ਹਾਂ ਆਧੁਨਿਕਤਾਵਾਦ ਇੱਕ ਵਤੀਰਾ ਹੈ ਇੱਕ ਦ੍ਰਿਸ਼ਟੀਕੋਣ ਇੱਕ ਜੀਵਨ ਜਾਚ ਹੈ ਸਮੇਂ ਦੀ ਦ੍ਰਿਸ਼ਟੀ ਤੋ ਆਧੁਨਿਕਤਾਵਾਦ ਵਿੱਚ

ਸਮਕਾਲੀਨਤਾ ਤੇ ਮੌਲਿਕਤਾ ਸਮਾਈ ਹੁੰਦੀ ਹੈ ਆਧੁਨਿਕਤਾ ਪੁਰਾਤਨਤਾ ਨੂੰ ਪੂਰਨ ਤੌਰ ਤੇ ਤਿਆਗਣ ਦਾ ਨਾਂਅ ਨਹੀਂ ਇਹ ਤਾਂ ਪੁਰਾਤਨਤਾ ਨੂੰ ਸਮੇਂ ਦੇ ਅਨੁਕੂਲ ਨਵੀਨ ਵਿਗਿਆਨਿਕ ਉਸਾਰੂ ਅਰਥ ਪ੍ਰਦਾਨ ਕਰਨ ਦਾ ਨਾਮ ਹੈ। ਆਧੁਨਿਕਤਾਵਾਦ ਇੱਕ ਚਰਚਿਤ ਵਿਸ਼ਾ ਹੈ ਆਮ ਤੌਰ ਤੇ ਆਧੁਨਿਕਤਾ ਆਧੁਨਿਕ ਸੰਵੇਦਨਾ ਨਾਲ ਜੋੜਨ ਦੀ ਥਾਂ ਸਾਧਾਰਨ ਯੁੱਗ ਦਾ ਸਿਰਫ ਕਾਲ ਦੇ ਸੰਦਰਭ ਵਿੱਚ ਹੀ ਵੇਖਦੀ ਹੈ ਇਹ ਸਮਕਾਲ ਜਾਂ ਯੁੱਗ ਦੀ ਹਰ ਸ਼ੈਅ ਜਾਂ ਵਿਚਾਰ ਅਤੀਤ ਨਾਲੋਂ ਆਪਸੀ ਭਿੰਨਤਾ ਸਦਕਾ ਬਣ ਜਾਂਦਾ ਹੈ ਪਰ ਇਹ ਆਧੁਨਿਕਤਾ ਦੇ ਗੁੰਮਰਾਹ ਕਰਨ ਵਾਲੇ ਅਰਥ ਹਨ ਆਧੁਨਿਕਤਾ ਦਾ ਸਬੰਧ ਵਿਸ਼ੇਸ਼ ਰੁਚੀਆਂ ਤੇ ਸੰਵੇਦਨਾ ਨਾਲ ਹੈ ਖਾਸ ਕਰਕੇ ਅਜਿਹੀ ਸੰਵੇਦਨਾ ਨਾਲ ਜਿਹੜੀ ਗਿਆਨ ਵਿਗਿਆਨ ਤੇ ਮਨੋਵਿਗਿਆਨ ਆਦਿ ਆਧੁਨਿਕ ਪ੍ਰਾਪਤੀਆਂ ਸਦਕਾ ਉਤਪੰਨ ਤੇ ਵਿਕਸਿਤ ਹੋਈ ਹੈ ਆਧੁਨਿਕ ਅਤੇ ਖੋਜਾਂ ਵਿੱਚ ਡਾਰਵਿਨ ਦੇ ਵਿਕਾਸਵਾਦੀ ਸਿਧਾਂਤ ਕਾਰਲ ਮਾਰਕਸ ਦੇ ਦਵੰਦਾਤਮਿਕ ਭੌਤਿਕਵਾਦ ਦਾ ਸਿਧਾਂਤ ਫਰਾਇਡ ਦੀਆਂ ਮਨੋਵਿਗਿਆਨਿਕ ਉਪਲੱਬਧੀਆਂ ਅਤੇ ਆਈਨਸਟਾਈਨ ਵਾਦੀ ਸਿਧਾਂਤ ਅਤੇ ਸਾਰਤਰ ਦੇ ਅਸਤਿਤਵਵਾਦੀ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ। ਆਧੁਨਿਕ ਚਿੰਤਨ ਵਿੱਚ ਪ੍ਰਲੋਕ ਦੀ ਥਾਂ ਲੋਕ/ਮਨੁੱਖ ਨੂੰ ਮਹੱਤਵ ਦਿੱਤਾ ਜਾਂਦਾ ਹੈ ਜ਼ਿੰਦਗੀ ਪ੍ਰਤੀ ਧਾਰਮਿਕ ਅਤੇ ਇਤਿਹਾਸਕ ਦ੍ਰਿਸ਼ਟੀਕੋਣ ਦੀ ਥਾਂ ਇਤਿਹਾਸਿਕ ਤੇ ਵਿਗਿਆਨਿਕ ਦ੍ਰਿਸ਼ਟੀਕੋਣ ਰੱਖਿਆ ਜਾਂਦਾ ਹੈ ਤਕਨੀਕੀ ਤੇ ਵਿਗਿਆਨੀ ਖੋਜਾਂ ਤੇ ਪੱਛਮੀ ਸਭਿਅਤਾ ਦੇ ਸੰਪਰਕ ਨਾਲ ਆਈ ਤਬਦੀਲੀ ਤੀਜੀ ਦੁਨੀਆਂ ਦੇ ਦੇਸ਼ਾਂ ਵਿੱਚ ਆ ਰਹੀ ਹੈ; ਉਸ ਨੂੰ ਆਧੁਨਿਕ ਆਖਿਆ ਜਾਂਦਾ ਹੈ। ਉਦਯੋਗਿਕ ਕ੍ਰਾਂਤੀ ਕਰਕੇ ਸ਼ਹਿਰੀਕਰਨ ਦਾ ਵਿਕਾਸ ਹੋਇਆ ਹੈ ਸੱਭਿਆਚਾਰ ਦਾ ਆਧੁਨਿਕਕਰਨ ਹੋ ਰਿਹਾ ਹੈ ਇਸ ਲਈ ਸਿਰਜਣਾ ਤੋਂ ਉਪਜੇ ਸਾਹਿਤ ਅਤੇ ਕਲਾ ਨੇ ਨਵੀਆਂ ਜਾਂ ਆਧੁਨਿਕ ਸ਼ੈਲੀਆਂ ਵਿੱਚ ਆਪਣੇ ਆਪ ਨੂੰ ਪ੍ਰਗਟਾਇਆ ਹੈ ਤਾਂਕਿ ਆਧੁਨਿਕ ਮਨੁੱਖ ਦੀ ਸਥਿਤੀ ਚਿੱਤਰੀ ਜਾ ਸਕੇ ਤੇ ਇਸ ਨਾਲ ਇੱਕ ਸੁਰ ਫ਼ਲਸਫ਼ੇ ਨੇ ਮਨੁੱਖ ਦੀ ਸਥਿਤੀ ਅਤੇ ਸਮਾਜ ਵਿੱਚ ਫੈਲੇ ਸਿਸਟਮ ਉੱਪਰ ਕਰੜੀ ਚੋਟ ਮਾਰੀ ਹੈ।

## ਵਿਸ਼ਾ ਵਸਤੂ:

ਆਧੁਨਿਕਤਾਵਾਦ ਜਾਂ ਆਧੁਨਿਕ ਅੰਗਰੇਜ਼ੀ ਸ਼ਬਦ Modernism ਦਾ ਸਮਾਨਾਰਥਕ ਸ਼ਬਦ ਹੈ। ਜਿਸ ਦਾ ਮੂਲ ਸੰਸਕ੍ਰਿਤ ਦਾ 'ਆਧੁਨਿਕ' ਸ਼ਬਦ ਹੈ ਜਿਸ ਤੋਂ ਸ਼ਬਦ ਹੁਣ ਬਣਦਾ ਹੈ। ਇਸੇ ਪ੍ਰਕਾਰ 'ਮਾਡਰਨ' ਸ਼ਬਦ ਦੀ ਉੱਤਪਤੀ ਲੈਟਿਨ ਦੇ ਧਾਤੂ 'ਮੌਡੋ' ਤੋਂ ਹੋਈ ਹੈ ਜਿਸ ਦੇ ਅਰਥ ਹਨ 'ਹੁਣੇ'। ਸ਼ਾਬਦਿਕ ਅਰਥਾਂ ਮੁਤਾਬਿਕ ਆਧੁਨਿਕ ਸ਼ਬਦ ਹੁਣ ਅਰਥਾਤ ਵਰਤਮਾਨ ਕਾਲ ਖੰਡ ਦਾ ਸੂਚਕ ਹੈ ਪਰ ਮਨੁੱਖੀ ਗਿਆਨ ਸੰਚਾਰ ਦੇ ਪ੍ਰਸੰਗ ਵਿਚ ਇਹ ਬਹੁਤ ਵਿਸ਼ਾਲ ਅਰਥਾਂ ਦਾ ਧਾਰਨੀ ਹੈ।

ਕੋਸ਼ਗਤ ਅਰਥਾਂ ਅਨੁਸਾਰ:

ਜਿਸ ਤੋਂ ਭਾਵ ਅਜੋਕਾ ਵਰਤਮਾਨ ਤੇ ਇਸ ਸਮੇਂ ਤੋਂ ਲਿਆ ਜਾਂਦਾ ਹੈ।

ਵਿਸ਼ੇਗਤ ਅਰਥਾਂ ਅਨੁਸਾਰ:

> ' ਇਸ ਤੋਂ ਰਚਨਾ ਦੇ ਸਮਾਜ ਨਾਲ ਗੂੜ੍ਹੇ ਸਬੰਧਾਂ ਤੇ ਇਨ੍ਹਾਂ ਦੇ ਇੱਕ ਦੂਜੇ ਤੇ ਪਏ ਪ੍ਰਭਾਵਾਂ ਨੂੰ ਲਿਆ ਜਾਂਦਾ ਹੈ । ਵਿਸ਼ੇਗਤ ਤੌਰ ਤੇ ਆਧੁਨਿਕਤਾ ਅੰਗਰੇਜ਼ੀ ਸਾਮਰਾਜ ਨਾਲ ਸੰਬੰਧਿਤ ਹੋਣ ਉਪਰੰਤ ਸਾਹਿਤ ਵਿੱਚ ਆਈ ਇੱਕ

ਨਵੀਂ ਸਮਾਜਿਕ ਚੇਤਨਤਾ ਦੇ ਬਿੰਬ ਵਜੋਂ ਉੱਘੜਦੀ ਹੈ ਜਿਸ ਵਿੱਚ ਵਕਤ ਦੇ ਸਮਾਜ ਦਾ ਕਲਾਤਮਿਕ ਕਥਾਤਮਕ ਚਿਤਰਣ ਸਮਾਜ ਸੁਧਾਰ ਰਾਸ਼ਟਰੀ ਏਕਤਾ ਪ੍ਰੇਮ ਪਿਆਰ ਤੇ ਮਨੁੱਖੀ ਮਨ ਦੀਆਂ ਡੂੰਘੀਆਂ ਤੈਹਾਂ ਦੀ ਪ੍ਰਤੀਤੀ ਹੁੰਦੀ ਹੈ।'

ਰੂਪਗਤ ਅਰਥਾਂ ਅਨੁਸਾਰ:

ਨਵੀਨ ਸਾਹਿਤਕ ਰੂਪਾਂ ਪ੍ਰਤੀਕਾਂ ਚਿਨ੍ਹਾਂ ਅਲੰਕਾਰਾਂ ਆਦਿ ਵਰਤੋਂ ਨਾਲ ਨਵੀਨ ਭਾਵਾਂ ਨੂੰ ਪ੍ਰਗਟਾਇਆ ਜਾਂਦਾ ਹੈ।

ਜੀ ਐਸ ਫਰੋਮਰ ਆਪਣੀ ਪੁਸਤਕ The Modern Writers and his World ਵਿੱਚ ਲਿਖਦੇ ਹਨ:

ਜਦੋਂ ਅਸੀਂ ਕਿਸੇ ਰਚਨਾ ਨੂੰ ਆਧੁਨਿਕ ਦੱਸਦੇ ਹਾਂ ਤਾਂ ਸਾਡਾ ਭਾਵ ਇਹ ਨਹੀਂ ਹੁੰਦਾ ਕਿ ਇਹ ਰਚਨਾ ਕਿੰਨਾ ਸਾਲਾਂ ਵਿੱਚ ਰਚੀ ਗਈ ਹੈ ਆਧੁਨਿਕ ਰਚਨਾ ਤੋਂ ਸਾਡਾ ਭਾਵ ਅਜਿਹੀ ਰਚਨਾ ਤੋਂ ਹੈ ਜਿਸ ਵਿੱਚ ਖਾਸ ਤੇ ਸਹਿਜ ਸੁਭਾਵਿਕ ਗੁਣ ਮੌਜੂਦ ਹੋਣ ।

ਕਲਾਰਕ ਦਾ ਵਿਚਾਰ ਹੈ:

ਸ਼ਬਦ ਆਧੁਨਿਕ ਸਮਕਾਲੀ ਕੀਮਤਾਂ ਦਾ ਚਿੰਨ੍ਹ ਹੈ ਇਸ ਦੇ ਦੋ ਪੱਖ ਪਹਿਲਾਂ ਇਹ ਸਮੇਂ ਦੀਆਂ ਕੀਮਤਾਂ ਨੂੰ ਸਥਿਤੀਆਂ ਦੇ ਪ੍ਰਗਟਾਅ ਵੱਲ ਸੰਕੇਤ ਕਰਦਾ ਹੈ ਦੂਸਰਾ ਇਹ ਕਿ ਆਪਣੀ ਤੋਂ ਪਹਿਲੀ ਹਰ ਰਚਨਾ ਤੋਂ ਭਿੰਨ ਹੁੰਦਾ ਹੈ ।

ਇਸ ਤਰ੍ਹਾਂ ਆਧੁਨਿਕਤਾ ਇੱਕ ਵਤੀਰਾ ਹੈ ਇੱਕ ਦ੍ਰਿਸ਼ਟੀਕੋਣ ਹੈ ਇੱਕ ਜੀਵਨ ਜਾਚ ਹੈ।

ਡਾਕਟਰ ਕਰਮਜੀਤ ਸਿੰਘ ਅਨੁਸਾਰ:

ਆਧੁਨਿਕਤਾਵਾਦ ਅਜਿਹੀ ਸੰਵੇਦਨਾ ਦੀ ਧਾਰਨੀ ਹੈ ਜੋ ਦੇਸ਼ ਕਾਲ ਦੀ ਸੀਮਾ ਤੋਂ ਉੱਪਰ ਉੱਠ ਕੇ ਬੌਧਿਕ ਭਾਵੁਕ ਤੇ ਮਨੋਵਿਗਿਆਨਿਕ ਪੱਧਰ ਉੱਤੇ ਅਜਿਹੇ ਜੀਵਨ ਦਰਸ਼ਨ ਵੱਲ ਸੰਕੇਤ ਕਰਦੀ ਹੈ ਜੋ ਅਤੀਤ ਦੇ ਮਾਨਵੀ ਅਨੁਭਵ ਸੱਭਿਆਚਾਰ ਤੇ ਇਤਿਹਾਸ ਨੂੰ ਵਰਤਮਾਨ ਵਿੱਚ ਪ੍ਰਯੋਗਿਕ ਵਿਗਿਆਨਿਕ ਢੰਗ ਨਾਲ ਅਪਣਾਉਣ ਉੱਤੇ ਜ਼ੋਰ ਜਾਂ ਪ੍ਰੇਰਨਾ ਦਿੰਦੀ ਹੈ ।

ਡਾਕਟਰ ਅਤਰ ਸਿੰਘ ਅਨੁਸਾਰ:

ਆਧੁਨਿਕਤਾ ਦੀ ਪ੍ਰੇਰਨਾ ਬੌਧਿਕਤਾ ਤੇ ਨਿਆਂਸ਼ੀਲਤਾ, ਇਸ ਦਾ ਸੁਭਾਅ ਵਿਸ਼ਲੇਸ਼ਣਕਾਰੀ,

ਇਸਦੀ ਰੁਚੀ ਪੁਰਾਤਨ ਅੰਧ ਵਿਸ਼ਵਾਸਾਂ ਦਾ ਖੰਡਨਕਾਰੀ ਰਹੀ ਹੈ।

ਰਣਧੀਰ ਸਿੰਘ ਚੰਦ ਅਨੁਸਾਰ:

'ਆਧੁਨਿਕਤਾਵਾਦ ਤੋਂ ਭਾਵ ਉਨ੍ਹਾਂ ਤਜਰਬਿਆਂ ਜਾਂ ਸਿੱਖਿਆ ਤੋਂ ਹੈ ਜੋ ਆਧੁਨਿਕ ਢੰਗ ਨਾਲ ਬਿਆਨ ਕਰਦੇ ਹਨ ।'

ਡਾਕਟਰ ਸਤਿੰਦਰ ਸਿੰਘ ਅਨੁਸਾਰ:

> ਆਧੁਨਿਕ ਦਾ ਸਬੰਧ ਯੁੱਗ ਅਤੇ ਇਤਿਹਾਸਕ ਪੜਾਅ ਨਾਲ ਹੈ ਜਦੋਂਕਿ ਆਧੁਨਿਕਤਾਵਾਦ ਦਾ ਸਬੰਧ ਕਲਾ ਅਤੇ ਤਕਨੀਕ ਦੀ ਵੱਖਰੀ ਪ੍ਰਵਿਰਤੀ ਅਤੇ ਵਿਸ਼ੇਸ਼ਤਾ ਨਾਲ ਹੈ। ਆਧੁਨਿਕਤਾਵਾਦੀ ਇੱਕ ਐਸੀ ਪ੍ਰਵਿਰਤੀ ਹੈ ਜੋ ਵਿਸ਼ਵੀ ਰੂਪ ਵਿੱਚ ਸਭ ਕਲਾਵਾਂ ਅੰਦਰ ਸਮਾਈ ਹੋਈ ਹੈ।

ਕ੍ਰਿਸਟਾਫਰ ਕਾਡਵੈਲ:

> ਆਧੁਨਿਕਤਾ ਨੂੰ ਉਸ ਸੰਸਕ੍ਰਿਤੀ ਨਾਲ ਜੋੜ ਕੇ ਦੇਖਦਾ ਹੈ ਜੋ ਪੰਦਰਵੀ ਸਦੀ ਤੋਂ ਲੈ ਕੇ ਹੁਣ ਤੱਕ ਯੂਰਪ ਵਿਚੋਂ ਵਿਕਸਿਤ ਹੋ ਕੇ ਦੂਰ ਦੁਰਾਡੇ ਫੈਲ ਗਈ।

ਕਰਮਜੀਤ ਸਿੰਘ ਅਨੁਸਾਰ:

> ਤੇਜ਼ ਰਫ਼ਤਾਰ ਵਿਗਿਆਨਕ ਪ੍ਰਗਤੀ, ਉੱਨਤ ਪੈਦਾਵਾਰੀ ਤਕਨੀਕਾਂ ਅਤੇ ਇਹਨਾਂ ਦੇ ਫਲਸਰੂਪ ਪੈਦਾਵਾਰੀ ਰਿਸ਼ਤਿਆਂ ਦੀ ਨਵੀਂ ਚੇਤਨਾ ਧਾਰਮਿਕ ਅੰਧ-ਵਿਸ਼ਵਾਸ ਅਧੀਨ ਅਟੱਲ-ਭਾਵੀ ਅੱਗੇ ਸਿਰ ਸੁੱਟ ਕੇ ਭਾਣਾ ਮੰਨਣ ਦੀ ਸੋਚ ਨੂੰ ਵੰਗਾਰਨ ਲੱਗ ਪਈ ਸੀ।

ਉਪਰੋਕਤ ਵੱਖ-ਵੱਖ ਵਿਦਵਾਨਾਂ ਵੱਲੋਂ ਕੀਤੀਆਂ ਗਈਆਂ ਟਿੱਪਣੀਆਂ ਦੇ ਆਧਾਰ 'ਤੇ ਆਖਿਆ ਜਾ ਸਕਦਾ ਹੈ ਕਿ ਆਧੁਨਿਕਤਾ ਇੱਕ ਅਜਿਹੀ ਕ੍ਰਾਂਤੀ ਹੈ, ਜਿਸ ਦਾ ਆਧਾਰ ਵਿਗਿਆਨ, ਵਿਗਿਆਨਕ ਦ੍ਰਿਸ਼ਟੀਕੋਣ ਅਤੇ ਵਿਸ਼ਲੇਸ਼ਣਕਾਰੀ ਚਿੰਤਨ ਤੇ ਚੇਤਨਾ ਹੈ। ਅਜਿਹੀ ਤਰਕਵਾਦੀ ਅਤੇ ਵਿਸ਼ਲੇਸ਼ਣਕਾਰ ਚੇਤਨਾ ਵਿਸ਼ਵ ਪੱਧਰ 'ਤੇ ਉਨੀਵੀਂ ਸਦੀ ਨਾਲ ਵਧੇਰੇ ਸੰਬੰਧਿਤ ਹੈ ਕਿਉਂਕਿ ਇਹ ਅਜਿਹਾ ਦੌਰ ਸੀ, ਜਦੋਂ ਨਿਊਟਨ ਦੇ ਭੌਤਿਕ ਵਿਗਿਆਨ ਦੇ ਨਿਯਮਾਂ ਦੀ ਲੜੀ ਅਤੇ ਆਈਨਸਟਾਈਨ ਦੇ ਸਾਪੇਖਤਾ ਸਿਧਾਂਤ ਨਾਲ ਮਨੁੱਖੀ ਚੇਤਨਾ ਵਿੱਚ ਬੇਹੱਦ ਨਵੀਂ ਕ੍ਰਾਂਤੀ ਆਈ ਜਿਸ ਦੇ ਪ੍ਰਭਾਵ ਵਜੋਂ ਮਨੁੱਖੀ ਚੇਤਨਾ ਦਾ ਵਿਗਿਆਨ 'ਤੇ ਭਰੋਸਾ, ਵਿਗਿਆਨ ਦੀ ਪ੍ਰਗਤੀ/ਉਨੱਤੀ, ਵਿਸ਼ਵ ਦਰਸ਼ਨ, ਤਰਕਵਾਦੀ ਦ੍ਰਿਸ਼ਟੀਕੋਣ, ਪੁਰਾਤਨ ਮਾਨਸਿਕਤਾ ਵਿੱਚ ਰਚੀ ਅੰਧਵਿਸ਼ਵਾਸੀ ਪਰੰਪਰਾ ਅਤੇ ਜ਼ਰਜ਼ਰੀ ਸੋਚ ਨੂੰ ਰੱਦ ਕਰਨਾ, ਰਿਸ਼ਤਿਆਂ ਸੰਬੰਧੀ ਨਵੀਂ ਚੇਤਨਾ ਤੇ ਨਵੀਂ ਸੋਚ ਦਾ ਵਿਕਸਤ ਹੋਣਾ ਆਦਿ ਪ੍ਰਮੁੱਖ ਆਧੁਨਿਕ ਮਾਡਲ ਹਨ। ਕਲਾ ਅਤੇ ਸਾਹਿਤ ਦੇ ਖੇਤਰ ਵਿੱਚ ਆਧੁਨਿਕਤਾ ਦੇ ਅਜਿਹੇ ਮਾਡਲਾਂ ਨੇ ਮੁੱਢ ਤੋਂ ਚੱਲੀ ਆ ਰਹੀ ਪਰੰਪਰਾਗਤ ਵਿਚਾਰਧਾਰਾ ਨੂੰ ਰੱਦ ਕਰਕੇ ਅਤੀਤ ਦੀਆਂ ਰਚਨਾਵਾਂ ਅਤੇ ਕਲਾਕ੍ਰਿਤੀਆਂ ਨੂੰ ਇੱਕ ਨਵੀਨ ਦ੍ਰਿਸ਼ਟੀ, ਨਵੀਨ ਚੇਤਨਾ, ਨਵੀਨ ਥੀਮਕ-ਪਾਸਾਰਾਂ ਅਤੇ ਸਰੋਕਰਾਂ ਦੇ ਨਾਲ-ਨਾਲ ਅਜਿਹਾ ਨਵਾਂ ਸੰਦਰਭ ਪ੍ਰਦਾਨ ਕੀਤਾ, ਜਿਸ ਨਾਲ ਪ੍ਰਤੱਖ ਰੂਪ ਵਿਚ ਕਲਾ ਜਾਂ ਕਲਾਕ੍ਰਿਤੀ ਦੇ ਰੂਪ, ਮਨੋਰਥ ਅਤੇ ਗੁਣਾਂ ਦੇ ਮੂਲ ਆਧਾਰ ਵਿੱਚ ਨਵੀਨਤਾ ਦੀ ਸ਼ਮੂਲੀਅਤ ਹੋਈ। ਅਜਿਹੀ ਪ੍ਰਕਿਰਿਆ ਨੇ ਸਾਹਿਤ ਦੇ ਅੰਤਰਗਤ ਪੁਰਾਤਨ ਚੱਲੀ ਆ ਰਹੀ ਪਰੰਪਰਾ ਨੂੰ ਹੋਰ ਨਿਖਾਰਨ ਅਤੇ ਨਵੇਂ ਸਰੋਕਾਰਾਂ ਨੂੰ ਲੈ ਕੇ ਪੁਨਰ ਲਿਖਣੀ, ਦੁਹਰਾਈ ਜਾ ਨਵੇਂ ਰੂਪਾਂ ਵਿੱਚ ਨਵੀਂ ਰਚਨਾ ਕਰਨ ਲਈ ਪ੍ਰੇਰਿਆ। ਜਿਸ ਨਾਲ ਸਾਹਿਤ ਦੇ ਖੇਤਰ ਵਿੱਚ ਅਨੇਕਾਂ ਨਵੇਂ ਪਾਸਾਰਾਂ ਦਾ ਆਗਮਨ ਹੋਇਆ ਅਤੇ ਪੁਰਾਤਨ 'ਲੇਖਣੀ ਜਾਂ ਲਿਖਣ-ਕਲਾ' ਜੋ ਕਿ ਕੁਝ ਗਿਣੀਆਂ-ਚੁਣੀਆਂ ਧਾਰਾਵਾਂ, ਵਾਦਾਂ ਅਤੇ ਵਿਸ਼ਿਆਂ ਦੇ ਘੇਰੇ ਨੂੰ ਹੀ ਘੱਤ ਰਹੀ ਸੀ, ਉਹ ਲੇਖਣੀ ਅਜਿਹੀ ਵਲਗਣ ਦੇ ਘੇਰੇ ਦੀਆਂ ਹੱਦਾਂ ਨੂੰ ਤੋੜਦੀ ਹੋਈ ਬਹੁਮੁੱਖੀ ਦਿਸ਼ਾਵਾਂ ਵਿੱਚ ਆਪਣਾ ਪਾਸਾਰ ਫੈਲਾਉਂਦੀ ਹੈ। ਜੋ ਇੱਕ ਆਧੁਨਿਕ ਚੇਤਨਾ ਦੇ ਵਿਗਿਆਨਕ ਉੱਨਤੀ, ਕ੍ਰਾਂਤੀ, ਤਰਕ-ਵਿਤਰਕ ਆਦਿ ਕਈ ਪ੍ਰਕਾਰ ਦੇ ਭੌਤਿਕ ਨਿਯਮਾਂ, ਵਿਸ਼ਵ ਚੇਤਨਾ ਅਤੇ ਦਰਸ਼ਨ ਦੇ ਹੀ ਸਿੱਟੇ ਹਨ।

ਆਧੁਨਿਕਤਾ ਨੂੰ ਪਰੰਪਰਾ ਦੇ ਵਿਰੋਧ ਵਜੋਂ ਵਿਚਾਰਿਆ ਜਾਂਦਾ ਹੈ। ਪਰੰਪਰਾਗਤ ਸੱਭਿਆਚਾਰ ਵਿਚ ਵਿਗਿਆਨਕ ਖੋਜਾਂ ਅਤੇ ਤਕਨੀਕ ਦੇ ਵਿਕਾਸ ਕਾਰਨ ਵਾਪਰੀਆਂ ਤਬਦੀਲੀਆਂ ਨੂੰ ਆਧੁਨਿਕਤਾ ਕਿਹਾ ਜਾਂਦਾ ਹੈ। ਇਸ ਵਿਚ ਉਦਯੋਗਿਕ ਵਿਕਾਸ ਦੇ ਨਾਲ ਸ਼ਹਿਰੀਕਰਨ ਹੋਂਦ ਵਿਚ ਆਇਆ ਜਿਸ ਨਾਲ ਮਹਾਂਨਗਰਾਂ ਦੇ ਵਿਕਾਸ ਨਾਲ ਮਹਾਂਨਗਰੀ ਚੇਤਨਾਂ ਪੈਦਾ ਹੋਈ। ਇਸ ਨਾਲ ਸਰਮਾਏਦਾਰੀ ਪ੍ਰਬੰਧ ਵਿਕਸਿਤ ਹੋਇਆ ਜਿਸ ਨਾਲ ਇਲਾਕਾਈ ਸੱਭਿਆਚਾਰਾਂ ਵਿਚ ਤਬਦੀਲੀ ਆ ਗਈ। ਸੰਸਾਰ ਪੱਧਰ ਤੇ ਜਦੋਂ ਪੱਛਮੀ ਜਗਤ ਦੀ ਗੱਲ ਕਰਦੇ ਹਾਂ ਤਾਂ ਆਧੁਨਿਕਤਾਵਾਦ ਦਾ ਸਬੰਧ ਅਠਾਰਵੀਂ ਸਦੀ ਦੇ ਕਲਾ ਅਤੇ ਗਿਆਨ ਦੇ ਖੇਤਰਾਂ ਨਾਲ ਜੁੜੇ ਚਿੰਤਕਾਂ ਜਿਵੇਂ ; ਵਾਲਟੇਅਰ, ਦਿਦੇਰਤੋ, ਵੋਲਫ, ਲੈਸਿੰਗ, ਪੇਨ, ਫਰੈਂਕਲਿਨ ਅਤੇ ਜੈਫਰਮੈਨ ਆਦਿ ਚਿੰਤਕਾਂ ਨੇ ਜੀਵਨ ਨੂੰ ਤਾਰਕਿਕ ਰੂਪ ਵਿਚ ਸੰਗਠਿਤ ਕਰਨ ਤੇ ਬੱਲ ਦਿੱਤਾ। ਇਹ ਸੰਸਾਰ ਪੱਧਰੀ ਗਿਆਨ-ਸ਼ਾਸਤਰੀ ਧਾਰਾ ਹੈ। ਭਾਰਤੀ ਅਤੇ ਪੰਜਾਬ ਦੇ ਪ੍ਰਸੰਗ ਵਿਚ ਇਸ ਦਾ ਆਗਮਨ ਅੰਗਰੇਜ਼ਾਂ ਦੇ ਕਬਜ਼ੇ ਤੋਂ ਬਾਅਦ ਆਈ ਉਦਯੋਗਿਕ ਤਰੱਕੀ ਤੋਂ ਲਿਆ ਜਾਂਦਾ ਹੈ। ਆਧੁਨਿਕਤਾ ਵਿਚ ਆਮ ਮਨੁੱਖ ਸਾਹਿਤ ਦੇ ਕੇਂਦਰ ਵਿਚ ਆਉਂਦਾ ਹੈ।

ਆਧੁਨਿਕਤਾ ਬਾਰੇ ਕਿਹਾ ਜਾਂਦਾ ਹੈ ਕਿ 17ਵੀਂ ਸਦੀ ਦੇ ਸ਼ੁਰੂ ਵਿਚ ਇਸ ਦੀ ਸ਼ੁਰੂਆਤ ਹੁੰਦੀ ਹੈ। ਆਧੁਨਿਕਤਾ ਦੇ ਮੂਲ ਕਾਰਣ ਪੱਛਮ ਵਿਚ ਵਿਗਿਅਨਕ ਪਰਿਵਰਤਨ ਸਨ। ਪਰ ਇਸ ਦੀ ਸ਼ੁਰੂਆਤ ਬਾਰੇ ਵੱਖ-ਵੱਖ ਮੱਤ ਮਿਲਦੇ ਹਨ। ਕੁਝ ਚਿੰਤਕ ਇਸ ਨੂੰ 13ਵੀਂ ਸਦੀ ਵਿਚ ਯੂਰਪ ਵਿਚ ਵਾਪਰੀ ਗਿਆਨਕਰਣ ਦੀ ਲਹਿਰ ਦੁਆਰਾ ਹੋਈ ਮੰਨਦੇ ਹਨ। ਇਸ ਦੀ ਸ਼ੁਰੂਆਤ ਚਰਚ ਅਤੇ ਵਿਗਿਆਨ ਵਿਚਲੇ ਤਨਾਓ ਤੋਂ ਹੁੰਦੀ ਹੈ। ਪਰ ਜ਼ਿਆਦਾਤਰ ਇਸ ਨੂੰ ਨਿਊਟਨੀ ਭੌਤਿਕ ਵਿਗਿਆਨ ਦੇ ਅਸਰ ਗਹਿਰੇ ਹੋਣੇ ਸ਼ੁਰੂ ਹੋਏ ਅਤੇ ਆਈਨਸਟਾਈਨ ਦੇ ਸਾਪੇਖਤਾ ਦੇ ਸਿਧਾਂਤ ਦੁਆਰਾ ਮਨੁੱਖੀ ਚਿੰਤਨ ਵਿਚ ਨਵੀਂ ਕ੍ਰਾਂਤੀ ਦਾ ਸੰਚਾਰ ਕੀਤਾ। ਇਸ ਸਮੇਂ ਵਿਚ ਪੂੰਜੀਵਾਦ ਦੇ ਵਿਕਾਸ ਦੁਆਰਾ ਉਦਯੋਗਿਕ ਕ੍ਰਾਂਤੀ ਦੀ ਸ਼ੁਰੂਆਤ ਹੋਈ ਜਿਸ ਨਾਲ ਮਨੁੱਖੀ ਸਮਾਜ ਦੇ ਸਮਾਜਿਕ, ਆਰਥਿਕ ਰਿਸ਼ਤੇ ਨਾਤੇ ਅਤੇ ਕਦਰਾਂ ਕੀਮਤਾਂ ਵਿਚ ਤਬਦੀਲੀ ਵਾਪਰਨੀ ਸ਼ੁਰੂ ਹੋ ਗਈ। ਆਧੁਨਿਕਤਾ ਇਕ ਅਜਿਹੀ ਸੰਵੇਦਨਾ ਦੀ ਬੋਧਿਕਤਾ ਹੈ, ਜੋ ਦੇਸ਼ ਕਾਲ ਦੀਆਂ ਸੀਮਾਵਾਂ ਤੋਂ ਉੱਪਰ ਉੱਠ ਕੇ ਬੋਧਿਕ, ਦਾਰਸ਼ਨਿਕ, ਮਨੋਵਿਗਿਆਨਕ ਅਤੇ ਭਾਵੁਕ ਪੱਧਰ ਤੇ ਇਕ ਅਜਿਹੇ ਜੀਵਨ ਦਰਸ਼ਨ ਵੱਲ ਸੰਕੇਤ ਕਰਦੀ ਹੈ ਜੋ ਵਰਤਮਾਨ ਵਿਚ ਵਿਚਰਦਿਆਂ ਅਤੀਤ ਦੇ ਮਾਨਵੀ ਅਨੁਭਵ, ਇਤਿਹਾਸ ਦੇ ਸੱਭਿਆਚਾਰ ਨੂੰ ਤਰਕਸ਼ੀਲ ਪ੍ਰਯੋਗਿਕ ਸ਼ੈਲੀ ਅਤੇ ਵਿਗਿਆਨਕ ਦ੍ਰਿਸ਼ਟੀ ਨਾਲ ਗ੍ਰਹਿਣ ਕਰਨ ਦੀ ਪ੍ਰੇਰਣਾ ਦਿੰਦੀ ਹੈ। ਆਧੁਨਿਕਤਾ ਦੇ ਲੱਛਣਾ ਵਿਚ ਵਿਗਿਆਨਕ ਤਰਕ, ਨਿਸ਼ਚਿਤਤਾ, ਕੇਂਦਰੀਕਰਣ, ਏਕੀਕਰਣ ਅਤੇ ਸਮੁੱਚਤਾ ਕੇਂਦਰੀ ਸਥਾਨ ਪ੍ਰਾਪਤ ਕਰਦੇ ਹਨ। ਇਸ ਦੀ ਰੁਚੀ ਪ੍ਰਤੀਯੋਗ ਵਾਲੀ ਹੈ ਅਤੇ ਪਰੰਪਰਾ ਨੂੰ ਨਕਾਰਨ ਦੀ ਗੱਲ ਕਰਦੀ ਹੈ। ਆਧੁਨਿਕਤਾ ਮੱਧਕਾਲ ਦੇ ਸਮੇ ਵਿਚਲੀ ਵਹਿਮ, ਭਰਮ ਜਿਹੇ ਵਿਸ਼ਵਾਸਾਂ ਤੇ ਆਧਾਰਿਤ ਸੋਚ ਦੇ ਵਿਰੋਧ ਵਜੋਂ ਹੋਂਦ ਗ੍ਰਹਿਣ ਕਰਦੀ ਹੈ। ਆਧੁਨਿਕਤਾ ਉੱਤਰ-ਪਰੰਪਰਕ ਇਤਿਹਾਸਕ ਕਾਲ ਦੀ ਸਥਿਤੀ ਹੈ ਜੋ ਵਿਗਿਆਨ ਅਤੇ ਤਰਕ ਦੁਆਰਾ ਪੈਦਾ ਹੋ ਕੇ ਉਦਯੋਗਿਕ ਅਤੇ ਪੂੰਜੀਵਾਦੀ ਨੇਸ਼ਨ ਸਟੇਟ ਦੇ ਪ੍ਰਤੀਕ ਪ੍ਰਬੰਧ ਦੁਆਰਾ ਰਚੀਆਂ ਸਥਿਤੀਆਂ ਦੁਆਰਾ ਪ੍ਰਗਟ ਹੁੰਦੀ ਹੈ, ਜਾਂ ਇਸ ਤਰ੍ਹਾਂ ਕਹਿ ਲਈਏ ਕਿ ਵਿਗਿਆਨਕ ਵਿਕਾਸ ਨੇ ਆਧੁਨਿਕਤਾ ਦੀ ਸਥਿਤੀ ਪੈਦਾ ਕੀਤੀ ਹੈ। ਇਸ ਸਮੇ ਦੌਰਾਨ ਜੋ ਤਰਕ ਵਿਗਿਆਨ ਅਤੇ ਇਸ ਦੁਆਰਾ ਪੈਦਾ ਕੀਤੇ ਗਿਆਨ ਤੋਂ ਪੈਦਾ ਹੋਇਆ ਉਸਨੂੰ ਹੀ ਸਹੀ ਜੀਵਨ ਦੀ ਸੇਧ ਦੇਣ ਵਾਲਾ ਅਤੇ ਸੱਭਿਅਕ ਮੰਨਿਆਂ ਗਿਆ। ਆਧੁਨਿਕਤਾਵਾਦ ਇਕ ਅਜਿਹਾ ਦਰਸ਼ਨ ਹੈ ਜੋ ਤਰਕ ਦੇ ਮਾਧਿਅਮ ਰਾਹੀਂ ਕਿਸੇ ਵੀ ਵਰਤਾਰੇ ਨੂੰ ਅੰਤਿਮ ਸੱਚ ਰੂਪੀ ਵਿਆਖਿਆ ਵਿਚ ਪਾ ਕੇ ਸਮੁੱਚਤਾ ਅਤੇ ਸੰਪੂਰਨਤਾ ਦੀ ਨਿਆਂਇਸ਼ੀਲਤਾ ਦਾ ਵਿਰੋਧ ਕਰਦਾ ਹੈ। ਆਧੁਨਿਕਤਾਵਾਦ ਦੀ ਪ੍ਰਕਿਰਤੀ ਵੱਖ-ਵੱਖ ਦੇਸ਼ਾਂ ਵਿਚ ਅਤੇ ਸਮੇ ਵਿਚ ਵੱਖ-ਵੱਖ ਹੈ। ਉਦਯੋਗਿਕ ਤਰੱਕੀ ਕਾਰਨ ਸ਼ਹਿਰੀ ਅਬਾਦੀ ਦਾ ਵਿਸਥਾਰ ਹੋਣ ਨਾਲ ਸਮਾਜ ਸ਼ਹਿਰੀਕ੍ਰਿਤ, ਮਸ਼ੀਨੀਕ੍ਰਿਤ ਅਤੇ ਉਦਯੋਗੀਕ੍ਰਿਤ ਬਣ ਗਏ। ਭਾਰਤ ਸਮੇਤ ਦੂਸਰੇ ਵਿਕਾਸਸ਼ੀਲ ਦੇਸ਼ਾਂ ਵਿਚ ਆਧੁਨਿਕੀਕਰਨ ਅਤੇ ਆਧੁਨਿਕਤਾਵਾਦ ਦਾ ਪਸਾਰਾ ਦੂਜੇ ਵਿਸ਼ਵਯੁੱਧ ਤੋਂ ਬਾਅਦ ਵਾਪਰਦਾ ਹੈ। ਸਮਾਜ ਵਿਗਿਆਨ ਵਿਚ ਆਧੁਨਿਕਤਾ ਦੀ ਪਰਿਭਾਸ਼ਾ ਪੱਛਮੀ ਸਮਾਜ ਦੀ ਵਿਸ਼ਾਲ ਸਮਾਜਿਕ ਸੰਕਲਪ ਨੂੰ ਗ੍ਰਹਿਣ ਕਰਨ ਅਤੇ ਮਨੁੱਖ ਦੇ ਤਰਕ ਵਿਚ ਨਿਹਚਾ ਅਤੇ ਵਿਕਾਸ ਦੇ ਉਦੈ ਹੋਣ ਵਿਚ ਹੈ। ਭਾਰਤ ਅਤੇ ਪੰਜਾਬ ਦੇ ਰਾਜਸੀ ਸੱਭਿਆਚਾਰਕ ਇਤਿਹਾਸ ਵਿਚ ਆਧੁਨਿਕ ਯੁੱਗ ਦੀ ਸ਼ੁਰੂਆਤ ਅੰਗਰੇਜ਼ਾਂ ਦੇ ਰਾਜ ਕਾਲ ਨਾਲ ਜੁੜਿਆ ਹੋਇਆ ਹੈ। ਪੰਜਾਬ ਵਿਚ ਸਿੱਖ ਫੌਜ ਅਤੇ ਅੰਗਰੇਜ਼ਾਂ ਵਿਚਕਾਰ ਹੋਈ ਦੂਜੀ ਲੜਾਈ ਤੋਂ ਬਾਅਦ ਅੰਗਰੇਜ਼ਾਂ ਦੀ ਜਿੱਤ ਦੇ ਨਤੀਜੇ ਵਜੋਂ 1849 ਈ. ਵਿਚ ਪੰਜਾਬ ਤੇ ਕਬਜਾ ਹੋਣ ਨਾਲ ਬਦਲਵੀਂ ਪੂੰਜੀਵਾਦੀ ਵਿਵਸਥਾ ਦੇ ਉਭਾਰ ਕਾਰਨ ਪੱਛਮੀ ਦੇਸ਼ਾਂ ਦੇ ਨਵੇਂ ਪ੍ਰਸ਼ਾਸਨਿਕ, ਰਾਜਨੀਤਿਕ, ਸੱਭਿਆਚਾਰਕ ਅਤੇ ਸਾਹਿਤਿਕ ਪ੍ਰਭਾਵਾਂ ਰਾਹੀ ਆਧੁਨਿਕਤਾ ਉਜਾਗਰ ਹੋਣ ਲੱਗਦੀ ਹੈ। ਯੂਰਪ ਦੀ ਪ੍ਰਮਾਣਿਕ ਆਧੁਨਿਕਤਾ ਅਨੁਸਾਰ ਇਸ ਦੇ ਕੁਝ ਲੱਛਣ ਇਸ ਪ੍ਰਕਾਰ ਹਨ।

ਤਰਕਸ਼ੀਲਤਾ, ਧਰਮ ਨਿਰਪੱਖਤਾ, ਵਿਗਿਆਨਕਤਾ, ਉਦਯੋਗਿਕ ਉਤਪਾਦਨ, ਸ਼ਹਿਰੀਕਰਨ, ਵਿਸ਼ਵਵਿਆਪਕਤਾ, ਸਾਂਝੀਵਾਲਤਾ, ਸਮਾਨਤਾ, ਸੁਤੰਤਰਤਾ, ਰਾਜਨੀਤਕ ਚੇਤਨਾ, ਇਹਲੋਕਿਕਤਾ ਅਤੇ ਸਾਖਰਤਾ ਆਦਿ।

ਸੋ ਆਧੁਨਿਕਤਾਵਾਦ ਦਾ ਆਧਾਰ ਉਹ ਵਿਸ਼ਵ ਦਰਸ਼ਨ ਹੈ ਜੋ ਵਿਗਿਆਨ ਤੇ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਉਤਪੰਨ ਹੋਇਆ ਇਸ ਤਰ੍ਹਾਂ ਆਧੁਨਿਕਤਾਵਾਦ ਇੱਕ ਵਤੀਰਾ ਹੈ ਇੱਕ ਦ੍ਰਿਸ਼ਟੀਕੋਣ ਇੱਕ ਜੀਵਨ ਜਾਚ ਹੈ ਸਮੇਂ ਦੀ ਦ੍ਰਿਸ਼ਟੀ ਤੋ ਆਧੁਨਿਕਤਾਵਾਦ ਵਿੱਚ ਸਮਕਾਲੀਨਤਾ ਤੇ ਮੌਲਿਕਤਾ ਸਮਾਈ ਹੁੰਦੀ ਹੈ ਆਧੁਨਿਕਤਾ ਪੁਰਾਤਨਤਾ ਨੂੰ ਪੂਰਨ ਤੌਰ ਤੇ ਤਿਆਗਣ ਦਾ ਨਾਂਅ ਨਹੀਂ ਇਹ ਤਾਂ ਪੁਰਾਤਨਤਾ ਨੂੰ ਸਮੇਂ ਦੇ ਅਨੁਕੂਲ ਨਵੀਨ ਵਿਗਿਆਨਿਕ ਉਸਾਰੂ ਅਰਥ ਪ੍ਰਦਾਨ ਕਰਨ ਦਾ ਨਾਮ ਹੈ। ਆਧੁਨਿਕਤਾਵਾਦ ਇੱਕ ਚਰਚਿਤ ਵਿਸ਼ਾ ਹੈ ਆਮ ਤੌਰ ਤੇ ਆਧੁਨਿਕਤਾ ਆਧੁਨਿਕ ਸੰਵੇਦਨਾ ਨਾਲ ਜੋੜਨ ਦੀ ਥਾਂ ਸਾਧਾਰਨ ਯੁੱਗ ਦਾ ਸਿਰਫ ਕਾਲ ਦੇ ਸੰਦਰਭ ਵਿੱਚ ਹੀ ਵੇਖਦੀ ਹੈ ਇਹ ਸਮਕਾਲ ਜਾਂ ਯੁੱਗ ਦੀ ਹਰ ਸ਼ੈਅ ਜਾਂ ਵਿਚਾਰ ਅਤੀਤ ਨਾਲੋਂ ਆਪਸੀ ਭਿੰਨਤਾ ਸਦਕਾ ਬਣ ਜਾਂਦਾ ਹੈ ਪਰ ਇਹ ਆਧੁਨਿਕਤਾ ਦੇ ਗੁੰਮਰਾਹ ਕਰਨ ਵਾਲੇ ਅਰਥ ਹਨ ਆਧੁਨਿਕਤਾ ਦਾ ਸਬੰਧ ਵਿਸ਼ੇਸ਼ ਰੁਚੀਆਂ ਤੇ ਸੰਵੇਦਨਾ ਨਾਲ ਹੈ ਖਾਸ ਕਰਕੇ ਅਜਿਹੀ ਸੰਵੇਦਨਾ ਨਾਲ ਜਿਹੜੀ ਗਿਆਨ ਵਿਗਿਆਨ ਤੇ ਮਨੋਵਿਗਿਆਨ ਆਦਿ ਆਧੁਨਿਕ ਪ੍ਰਾਪਤੀਆਂ ਸਦਕਾ ਉਤਪੰਨ ਤੇ ਵਿਕਸਿਤ ਹੋਈ ਹੈ ਆਧੁਨਿਕ ਅਤੇ ਖੋਜਾਂ ਵਿੱਚ ਡਾਰਵਿਨ ਦੇ ਵਿਕਾਸਵਾਦੀ ਸਿਧਾਂਤ ਕਾਰਲ ਮਾਰਕਸ ਦੇ ਦਵੰਦਾਤਮਿਕ ਭੌਤਿਕਵਾਦ ਦਾ ਸਿਧਾਂਤ ਫਰਾਇਡ ਦੀਆਂ ਮਨੋਵਿਗਿਆਨਿਕ ਉਪਲੱਬਧੀਆਂ ਅਤੇ ਆਈਨਸਟਾਈਨ ਵਾਦੀ ਸਿਧਾਂਤ ਅਤੇ ਸਾਰਤਰ ਦੇ ਅਸਤਿਤਵਵਾਦੀ ਨੂੰ ਸ਼ਾਮਿਲ ਕੀਤਾ ਜਾ ਸਕਦਾ ਹੈ। ਆਧੁਨਿਕ ਚਿੰਤਨ ਵਿੱਚ ਪ੍ਰਲੋਕ ਦੀ ਥਾਂ ਲੋਕ/ਮਨੁੱਖ ਨੂੰ ਮਹੱਤਵ ਦਿੱਤਾ ਜਾਂਦਾ ਹੈ ਜ਼ਿੰਦਗੀ ਪ੍ਰਤੀ

ਧਾਰਮਿਕ ਅਤੇ ਇਤਿਹਾਸਕ ਦ੍ਰਿਸ਼ਟੀਕੋਣ ਦੀ ਥਾਂ ਇਤਿਹਾਸਿਕ ਤੇ ਵਿਗਿਆਨਿਕ ਦ੍ਰਿਸ਼ਟੀਕੋਣ ਰੱਖਿਆ ਜਾਂਦਾ ਹੈ ਤਕਨੀਕੀ ਤੇ ਵਿਗਿਆਨੀ ਖੋਜਾਂ ਤੇ ਪੱਛਮੀ ਸਭਿਅਤਾ ਦੇ ਸੰਪਰਕ ਨਾਲ ਆਈ ਤਬਦੀਲੀ ਤੀਜੀ ਦੁਨੀਆਂ ਦੇ ਦੇਸ਼ਾਂ ਵਿੱਚ ਆ ਰਹੀ ਹੈ; ਉਸ ਨੂੰ ਆਧੁਨਿਕ ਆਖਿਆ ਜਾਂਦਾ ਹੈ। ਉਦਯੋਗਿਕ ਕ੍ਰਾਂਤੀ ਕਰਕੇ ਸ਼ਹਿਰੀਕਰਨ ਦਾ ਵਿਕਾਸ ਹੋਇਆ ਹੈ ਸੱਭਿਆਚਾਰ ਦਾ ਆਧੁਨਿਕਕਰਨ ਹੋ ਰਿਹਾ ਹੈ ਇਸ ਲਈ ਸਿਰਜਣਾ ਤੋਂ ਉਪਜੇ ਸਾਹਿਤ ਅਤੇ ਕਲਾ ਨੇ ਨਵੀਆਂ ਜਾਂ ਆਧੁਨਿਕ ਸ਼ੈਲੀਆਂ ਵਿੱਚ ਆਪਣੇ ਆਪ ਨੂੰ ਪ੍ਰਗਟਾਇਆ ਹੈ ਤਾਂਕਿ ਆਧੁਨਿਕ ਮਨੁੱਖ ਦੀ ਸਥਿਤੀ ਚਿੱਤਰੀ ਜਾ ਸਕੇ ਤੇ ਇਸ ਨਾਲ ਇੱਕ ਸੁਰ ਫ਼ਲਸਫ਼ੇ ਨੇ ਮਨੁੱਖ ਦੀ ਸਥਿਤੀ ਅਤੇ ਸਮਾਜ ਵਿੱਚ ਫੈਲੇ ਸਿਸਟਮ ਉੱਪਰ ਕਰੜੀ ਚੋਟ ਮਾਰੀ ਹੈ।

ਸੋ ਆਧੁਨਿਕਤਾਵਾਦ ਉਹ ਵਿਚਾਰਧਾਰਾ ਹੈ ਜਿਹੜੀ ਕਿ ਸੂਲੀ ਉੱਪਰ ਟੰਗੀ ਉਸ ਆਧੁਨਿਕ ਮਨੁੱਖ ਦੀ ਪੇਚੀਦਾ ਮਾਨਸਿਕਤਾ ਦੀ ਅਭਿਵਿਅਕਤੀ ਕਰਦੀ ਹੈ ਜਿਹੜੀ ਇਕੱਲਤਾ ਬੇਗਾਨਗੀ ਸਹਿਮ ਅਤੇ ਵਿਚਾਰਗੀ ਵਾਲੀ ਸਥਿਤੀ ਵਿੱਚੋਂ ਅਤੀਤ ਅਤੇ ਵਰਤਮਾਨ ਵਿਚਲੇ ਤਣਾਅ ਨੂੰ ਹੰਢਾਉਂਦਾ ਗੁਜ਼ਰ ਰਿਹਾ ਹੈ ਰਿਸ਼ਤਿਆਂ ਦੀ ਬਦਲ ਰਹੀ ਨੁਹਾਰ ਅਤੇ ਕਦਰਾਂ ਕੀਮਤਾਂ ਵਿੱਚ ਹੋ ਰਹੀ ਟੁੱਟ ਭੱਜ ਕਾਰਨ ਉਸਦਾ ਅੰਦਰ ਖੋਖਲਾ ਹੋਇਆ ਪਿਆ ਹੈ। ਆਧੁਨਿਕਤਾਵਾਦੀ ਅਜਿਹੇ ਵਿਸ਼ਿਆਂ ਨੂੰ ਵੀ ਪ੍ਰਤੀਬਿੰਬਤ ਕਰਦਾ ਹੈ ਆਧੁਨਿਕਤਾ ਦਾ ਸੰਬੰਧ ਇਸ ਦ੍ਰਿਸ਼ਟੀ ਤੋਂ ਉੱਨੀਵੀਂ ਸਦੀ ਦੇ ਦੂਜੇ ਅੱਧ ਵਿੱਚ ਵਿਕਸਿਤ ਉਦਯੋਗਾਂ ਨਾਲ ਜੋੜਿਆ ਜਾਂਦਾ ਹੈ। ਉਦਯੋਗੀਕਰਨ ਅਤੇ ਮਸ਼ੀਨੀਕਰਨ ਦੇ ਸਦਕਾ ਮਨੁੱਖ ਆਲੇ ਦੁਆਲੇ ਬਾਰੇ ਬਿਲਕੁਲ ਵੱਖਰੇ ਭਾਂਤ ਨਾਲ ਸੋਚਣ ਲੱਗਾ ਹੈ। ਇਸ ਵੱਖਰੀ ਸੋਚ ਦਾ ਆਧਾਰ ਵਿਗਿਆਨ ਤਰਕ ਅਤੇ ਇਤਿਹਾਸ ਬਣਿਆ ਹੈ। ਇਤਿਹਾਸਕ ਦ੍ਰਿਸ਼ਟੀਕੋਣ ਸਦਕਾ ਮਨੁੱਖ ਅੱਗੇ ਸਮਾਜ ਅਤੇ ਰੱਬ ਬਾਰੇ ਪ੍ਰਚਲਿਤ ਅੰਧ ਵਿਸ਼ਵਾਸਾਂ ਦੀ ਅਸਲੀਅਤ ਸਾਹਮਣੇ ਆ ਗਈ ਹੈ। ਕਦਰਾਂ ਕੀਮਤਾਂ ਦੇ ਬਦਲਣ ਨਾਲ ਸਮਾਜਿਕ ਪ੍ਰਬੰਧਾਂ ਵਿੱਚ ਵੀ ਪਰਿਵਰਤਨ ਆਉਣ ਲੱਗ ਪਿਆ ਹੈ ਯੂਰਪੀ ਚ ਪੁਨਰ ਜਾਗਰਣ ਅਤੇ ਵਿਗਿਆਨਕ ਵਿਕਾਸ ਨੇ ਸਾਹਿਤ ਨੂੰ ਵੀ ਪ੍ਰਭਾਵਿਤ ਕੀਤਾ ਹੈ ਤੇ ਕਾਲ ਪਰਿਵਰਤਨ ਨਾਲ ਇਹ ਪ੍ਰਭਾਵ ਪੂਰੇ ਵਿਸ਼ਵ ਵਿੱਚ ਫੈਲ ਗਿਆ। ਡਾਕਟਰ ਨਰਿੰਦਰ ਸਿੰਘ ਨੇ ਲਿਖਿਆ ਹੈ ਆਧੁਨਿਕਤਾਵਾਦ ਦੀ ਵਿਆਖਿਆ ਦੋ ਸੰਦਰਭਾਂ ਵਿੱਚ ਹੋਈ ਹੈ। ਪ੍ਰਾਚੀਨ ਸ਼ਾਸਤਰਵਾਦੀ ਧਾਰਾ ਦੀ ਪ੍ਰਕਿਰਿਆ ਦੇ ਰੂਪ ਵਿੱਚ ਅਤੇ ਦੂਸਰੀ ਨਵੀਨ ਭੌਤਿਕ ਮਾਨਸਿਕ ਅਤੇ ਦਾਰਸ਼ਨਿਕ ਧਾਰਾਵਾਂ ਦੇ ਰੂਪ ਵਿੱਚ।

## ਆਧੁਨਿਕਤਾਵਾਦ ਦਾ ਸਰੂਪ ਅਤੇ ਪੰਜਾਬੀ ਸਾਹਿਤ ਵਿੱਚ ਆਧੁਨਿਕਤਾ ਬਾਰੇ :

ਸਾਹਿਤ ਦੇ ਚਿੰਤਕਾਂ ਨੇ ਆਧੁਨਿਕ ਅਤੇ ਆਧੁਨਿਕਤਾ ਬਾਰੇ ਅੰਤਰ ਸਥਾਪਿਤ ਕਰਨ ਦਾ ਉੱਤਮ ਯਤਨ ਕੀਤਾ ਹੈ ਡਾਕਟਰ ਸਤਿੰਦਰ ਸਿੰਘ ਆਧੁਨਿਕ ਨੂੰ ਗੁਣਾਤਮਿਕ ਤੇ ਕਲਾਤਮਿਕ ਗੁਣਾਂ ਦੇ ਰੂਪ ਵਿੱਚ ਲੈਂਦੇ ਹਨ ।

ਆਧੁਨਿਕ ਦਾ ਸਬੰਧ ਯੁੱਗ ਅਤੇ ਇਤਿਹਾਸਕ ਪੜਾਅ ਨਾਲ ਹੈ ਜਦਕਿ ਆਧੁਨਿਕਤਾਵਾਦ ਦਾ ਸਬੰਧ ਕਲਾ ਤੇ ਤਕਨੀਕ ਦੀ ਵੱਖਰੀ ਪ੍ਰਵਿਰਤੀ ਅਤੇ ਵਿਸ਼ੇਸ਼ਤਾ ਨਾਲ ਹੈ ਆਧੁਨਿਕਤਾਵਾਦ ਇੱਕ ਅਜਿਹੀ ਵਿਸ਼ਵ ਵਿਆਪੀ ਰੂਪ ਵਿੱਚ ਨਜ਼ਰ ਆਉਂਦੀ ਹੈ ਆਧੁਨਿਕ ਦੌਰ ਵਿੱਚ ਪੰਜਾਬੀ ਕਵਿਤਾ ਦਾ ਪ੍ਰਵੇਸ਼ ਵੀਹਵੀਂ ਸਦੀ ਦੇ ਆਰੰਭ ਨਾਲ, ਭਾਈ ਵੀਰ ਸਿੰਘ ਦੀਆਂ ਰਚਨਾਵਾਂ ਰਾਣਾ ਸੂਰਤ ਸਿੰਘ (1905), ਦਿਲ ਤਰੰਗਾ (1920), ਲਹਿਰਾਂ ਦੇ ਹਾਰ (1921) ਨਾਲ ਪੱਛਮੀ ਪ੍ਰਭਾਵ ਕਾਰਨ ਹੋਇਆ ਮੰਨਿਆ ਜਾਂਦਾ ਹੈ, ਜਿਸ ਸੰਦਰਭ ਵਿੱਚ ਪ੍ਰੋ. ਬ੍ਰਹਮਜਗਦੀਸ਼ ਸਿੰਘ ਅਤੇ ਪ੍ਰੋ. ਰਾਜਬੀਰ ਕੌਰ ਦੀ ਟਿੱਪਣੀ ਹੈ ਕਿ:

> ਆਧੁਨਿਕ ਪੰਜਾਬੀ ਸਾਹਿਤ ਪੱਛਮੀ ਸਭਿਆਚਾਰ ਅਤੇ ਸਾਹਿਤ ਦੇ ਪ੍ਰਭਾਵ ਅਧੀਨ ਪੈਦਾ ਹੋਇਆ। ਬੇਸ਼ੱਕ ਇਸ ਵਿੱਚ ਪ੍ਰੰਪਰਾ ਪ੍ਰਵਾਹਮਾਨ ਰਹੀ ਪਰੰਤੂ ਰੂਪਾਕਾਰਾਂ ਵਿੱਚ ਪਰਿਵਰਤਨ ਆ ਜਾਣ ਦੇ ਕਾਰਨ ਸਾਹਿਤ ਦੀ ਪ੍ਰਕ੍ਰਿਤੀ ਅਤੇ ਸਰੂਪ ਵਿੱਚ ਕਾਫ਼ੀ ਤਬਦੀਲੀ ਆ ਗਈ।

ਡਾਕਟਰ ਸਤਿੰਦਰ ਸਿੰਘ ਵੀ ਆਧੁਨਿਕ ਯੁੱਗ ਦਾ ਆਰੰਭ ਭਾਈ ਵੀਰ ਸਿੰਘ ਜੀ ਦੀ ਕਾਵਿ ਰਚਨਾ ਨਾਲ ਜੋੜਦੇ ਹਨ ਅਤੇ ਆਧੁਨਿਕ ਯੁੱਗ ਦੀ ਪੰਜਾਬੀ ਕਵਿਤਾ ਦੀ ਇਸ ਵੱਡੇ ਪਸਾਰੇ ਵਿੱਚ ਆਧੁਨਿਕਤਾਵਾਦੀ ਕਾਵਿ ਧਾਰਾ ਨੂੰ ਇੱਕ ਪੜਾਅ ਦਸੰਬਰ ਕਰਦੇ ਹਨ। ਆਧੁਨਿਕਤਾਵਾਦੀ ਕਾਰ ਧਾਰਾ ਦਾ ਸਮਾਂ 1965 ਤੋਂ 1975 ਤੱਕ ਦਾ ਮੰਨਿਆ ਜਾਂਦਾ ਹੈ । ਪੱਛਮੀ ਸੱਭਿਆਚਾਰ ਅਤੇ ਪੱਛਮੀ ਸਾਹਿਤ ਦੇ ਪ੍ਰਭਾਵ ਕਾਰਨ ਪੰਜਾਬੀ ਕਵਿਤਾ ਨਾਲ ਪੰਜਾਬੀ ਸਾਹਿਤ ਦਾ ਆਧੁਨਿਕ ਰੂਪ ਹੋਂਦ ਵਿੱਚ ਆਇਆ। ਆਧੁਨਿਕ ਦੌਰ ਦੀ ਪੰਜਾਬੀ ਕਵਿਤਾ ਮੁੱਖ ਤੌਰ 'ਤੇ ਆਪਣੇ ਰੂਪ ਪੱਖੋਂ ਆਧੁਨਿਕ ਸੀ ਪਰ ਵਿਸ਼ੇ ਪੱਖੋਂ ਅਜੇ ਵੀ ਉਹ ਧਾਰਮਿਕ ਹੀ ਸੀ ਪਰ ਹੌਲ਼ੀ-ਹੌਲ਼ੀ ਆਧੁਨਿਕ

ਪੰਜਾਬੀ ਕਵਿਤਾ ਦਾ ਮੁੱਖ ਵਿਸ਼ਾ ਮਾਨਵ ਕੇਂਦ੍ਰਿਤ ਹੁੰਦਾ ਗਿਆ। ਆਧੁਨਿਕ ਪੰਜਾਬੀ ਸਾਹਿਤ ਦਾ ਜਨਮ ਅੰਗਰੇਜ਼ਾਂ ਦੇ ਪ੍ਰਭਾਵ ਅਧੀਨ ਹੋਇਆ। ਅੰਗਰੇਜ਼ੀ ਸਰਕਾਰ ਦੀ ਹਕੂਮਤ ਕਾਰਨ ਪੰਜਾਬ ਦੇ ਵਿੱਦਿਅਕ ਢਾਂਚੇ ਦਾ ਪੱਛਮੀਕਰਨ, ਪ੍ਰੈੱਸ ਅਤੇ ਪੰਜਾਬੀ ਪੱਤਰਕਾਰੀ ਦਾ ਜਨਮ, ਛਾਪਾਖ਼ਾਨਿਆਂ ਦੁਆਰਾ ਪੁਸਤਕਾਂ ਦੀ ਪ੍ਰਕਾਸ਼ਨਾਂ ਦਾ ਯੋਗ ਪ੍ਰਬੰਧ ਆਦਿ ਆਧੁਨਿਕ ਸਾਹਿਤ ਦੀ ਉਸਾਰੀ ਲਈ ਬਿਲਕੁਲ ਅਨੁਕੂਲ ਸਨ। ਪੱਛਮ ਵਿੱਚ 16ਵੀਂ ਸਦੀ ਤੋਂ ਬਾਅਦ ਜਦ ਵਿਗਿਆਨਕ ਅਤੇ ਸਨਾਅਤਨੀ ਯੁੱਗ ਦੀ ਆਮਦ ਨਾਲ ਪੁਨਰ-ਜਾਗਰਣ ਦੀ ਚੇਤਨਾ ਦਾ ਵਿਕਾਸ ਸ਼ੁਰੂ ਹੋਇਆ ਤਾਂ ਉੱਥੇ ਆਧੁਨਿਕਤਾ ਦਾ ਸੰਕਲਪ ਚਿੰਤਨ ਦੇ ਖੇਤਰ ਵਿੱਚ ਬੜੀ ਤੇਜ਼ੀ ਨਾਲ ਉੱਭਰਿਆ। ਵਿਗਿਆਨਕ ਅਤੇ ਪਦਾਰਥਕ ਚੇਤਨਾ ਦਾ ਵਿਸਥਾਰ, ਉਦਯੋਗੀਕਰਨ, ਬਜ਼ਾਰੀਕਰਨ, ਸ਼ਹਿਰੀਕਰਨ ਆਦਿ ਨੇ ਮਨੁੱਖ ਦਾ ਧਿਆਨ ਦੇਵੀ-ਦੇਵਤੇ, ਅਤੇ ਬ੍ਰਹਮ ਤੋਂ ਹਟਾ ਕੇ ਮਨੁੱਖ 'ਤੇ ਹੀ ਕੇਂਦ੍ਰਿਤ ਕਰ ਦਿੱਤਾ, ਜਿਸ ਦੇ ਫ਼ਲਸਰੂਪ ਮੱਧਕਾਲੀਨ ਚਿੰਤਨ ਦੀ ਸਮਾਪਤੀ ਅਤੇ ਆਧੁਨਿਕਤਾ ਨੇ ਜਨਮ ਲਿਆ।

ਆਧੁਨਿਕਤਾਵਾਦੀ ਲਹਿਰ ਦਾ ਰੂਪ ਵਿਧਾਨ ਸਮੱਗਰੀ ਪ੍ਰਬੰਧ ਅਤੇ ਵਿਚਾਰਧਾਰਾ ਪੱਖੋਂ ਵਰਣਨ ਇਸ ਪ੍ਰਕਾਰ ਹੈ:

ਸਭ ਤੋਂ ਪਹਿਲਾਂ ਅਸੀਂ ਰੂਪ ਵਿਧਾਨ ਦੀ ਗੱਲ ਕਰਾਂਗੇ:

## ਰੂਪ ਵਿਧਾਨ:

ਰੂਪ ਸਮੱਗਰੀ ਤੋਂ ਬਿਨਾਂ ਨਹੀਂ ਹੋ ਸਕਦਾ ਅਤੇ ਨਾ ਹੀ ਸਮੱਗਰੀ ਰੂਪ ਤੋਂ ਬਿਨਾਂ ਹੋ ਸਕਦੀ ਹੈ ਤੇ ਕਿਸੇ ਰੂਪ ਵਿਧਾਨ ਤੋਂ ਸਮੱਗਰੀ ਵੱਲ ਅਤੇ ਸਮੱਗਰੀ ਤੇ ਉਸ ਦੇ ਦ੍ਰਿਸ਼ਟੀਕੋਣ ਵੱਲ ਜਾਇਆ ਜਾ ਸਕਦਾ ਹੈ ਰੂਸੀ ਰੂਪਵਾਦ ਅਤੇ ਅਮਰੀਕੀ ਮਨੋਵਿਗਿਆਨ ਆਦਿ ਨਵੀਆਂ ਵਿਧੀਆਂ ਨੂੰ ਸਾਰਥਿਕ ਅੰਤਰ ਦ੍ਰਿਸ਼ਟੀਆਂ ਪ੍ਰਦਾਨ ਕਰਨ ਵਾਲੇ ਆਧੁਨਿਕਤਾਵਾਦੀ ਸੱਤ ਜਾਂ ਵਿਚਾਰ ਹੀ ਹੁੰਦੇ ਹਨ ਤਬਦੀਲੀ ਵਿਸ਼ੇ ਦੇ ਰੂਪ ਵਿੱਚ ਵਾਪਰਦੀ ਹੈ ਪਿਆਰ ਸਾਧਾਰਨ ਕ੍ਰਿਤ ਪੱਧਰ ਤੇ ਇੱਕ ਹੀ ਰਹਿੰਦਾ ਹੈ ਪਰ ਬਾਦਲ ਦੀ ਮਨੁੱਖੀ ਰਿਸ਼ਤਿਆਂ ਦੇ ਸੰਦਰਭ ਵਿੱਚ ਸਮੇਂ ਦੇ ਨਾਲ ਨਾਲ ਇੱਕ ਸੰਕਲਪ ਨੂੰ ਅਜੋਕੇ ਮਨੁੱਖ ਦੀ ਵਿਗਿਆਨਿਕ ਇਕੱਲਤਾ ਅਤੇ ਵਿਅਕਤੀਵਾਦੀ ਦ੍ਰਿਸ਼ਟੀਕੋਣ ਤੋਂ ਜੋ ਰੂਪ ਆਧੁਨਿਕਤਾਵਾਦੀਆਂ ਨੇ ਦਿੱਤਾ ਉਸ ਨੂੰ ਵਿਧਾਨ ਨੂੰ ਨਵਾਂ ਰੰਗ ਬਖਸ਼ਿਆ ਹੈ ਜਿਵੇਂ ਰਵਿੰਦਰ ਰਵੀ ਲਿਖਦਾ ਹੈ:

ਹੁਣ ਦੇ ਛਿਨ ਨੂੰ ਜ਼ਿੰਦਗੀ ਦੀ ਰਾਸ ਬਣਾਵੇ

ਦੇਹ ਚੋਂ ਕੇ ਦੇ ਤੋਂ ਅੱਗੇ ਜਾਵੇ ਅਨੰਦ ਪਾਵੇ

ਇਸੇ ਤਰ੍ਹਾਂ ਪ੍ਰਸਿੱਧ ਕਵੀ ਜਗਤਾਰ ਲਿਖਦਾ ਹੈ ਕਿਸੇ ਵੀ ਮੈਂ ਰਵਾਇਤ ਦਾ ਨਹੀਂ ਕਾਇਲ ਸੋ ਮੇਰੇ ਲਈ ਹੁਣ ਮੌਤ ਕੋਈ ਸੋਚੋ ਮੈਂ ਪਹਿਲਾਂ ਉਸ ਤੋਂ ਪਹਿਲਾਂ ਅਤੇ ਉਸ ਤੋਂ ਵੀ ਪਹਿਲਾਂ ਹੰਢਾਈ ਮੌਤ ਨਹੀਂ ਚਾਹੁੰਦਾ ਕੋਈ ਤਾਜ਼ਾ ਨਵੇਂ ਢੰਗ ਦੀ ਨਵੀਂ ਸੱਚ ਵਰਗੀ ਮੌਤ ਚਾਹੁੰਦਾ ਹਾਂ ।

ਸਮੱਗਰੀ ਪ੍ਰਬੰਧ:

ਸਮੱਗਰੀ ਪ੍ਰਬੰਧ ਉੱਤੇ ਆਧੁਨਿਕਤਾ ਦਾ ਸੰਬੰਧ ਉਸ ਸਥਿਤੀ ਤੋਂ ਹੈ ਜੋ ਉਸ ਅੰਦਰ ਭੈਅ ਤੌਖ਼ਲਾ ਅਤੇ ਅਵਿਗਿਆਨਿਕਤਾ ਦਾ ਕਾਰਨ ਬਣਦੀ ਹੈ ਆਧੁਨਿਕ ਤ੍ਰਾਸਦਿਕ ਮਨੁੱਖ ਆਪਣੀ ਹੋਣੀ ਅਤੇ ਉਸ ਦੇ ਪ੍ਰਸੰਗ ਵਿੱਚ ਆਪਣੀ ਨਾਂ ਅਹਿਲ ਸਮਰੱਥਾ ਬਾਰੇ ਜਾਣਕਾਰੀ ਰੱਖਦਾ ਹੈ ।ਉਸ ਦੀ ਮਨੋਦਿਸ਼ਾ ਕਿਧਰੇ ਆਪੇ ਦੀ ਭਾਲ ਕਰਦੀ ਹੈ ਅਤੇ ਕਦੋਂ ਮੌਤ ਦੀ ਖੋਜ ਅਤੇ ਕਿਤੇ ਕਿਤੇ ਮੌਤ ਨੂੰ ਵੰਗਾਰਿਆ ਵੀ ਜਾ ਰਿਹਾ ਹੁੰਦਾ ਹੈ ਉਹ ਆਪਣੀ ਹੋਂਦ ਬਚਾਉਣ ਲਈ ਜੂਝਦਾ ਹੈ ਸਮੂਹ ਵਿੱਚ ਸ਼ਾਮਿਲ ਹੋ ਕੇ ਉਸ ਨੂੰ ਆਪਾਂ ਗੁਆਚਦਾ ਦਿੱਸਦਾ ਹੈ-

ਨਾ ਮਨ ਵਿੱਚ ਵਿਸ਼ਵਾਸ ਪੁਰਾਣਾ ਨਵਾਂ ਕੋਈ ਧਰਵਾਸ ਨਾ ਜਾਣਾ

ਕਲ ਦੇ ਵਾਅਦੇ ਕਿਸ ਭਰਵਾਸੇ

ਕੱਲ੍ਹ ਤੋਂ ਪਹਿਲਾਂ ਮੈਂ ਮਰ ਜਾਣਾ

ਹੋਣ ਦਾ ਹੁਣ ਮਹਿਮਾਨ

ਹਰਭਜਨ ਸਿੰਘ ਦੀ ਲਿਖੀ ਹੋਈ ਕਵਿਤਾ ਤੋਂ ਅਸੀਂ ਇਸ ਨੂੰ ਸਮਝ ਸਕਦੇ ਹਾਂ ।

ਮਸ਼ੀਨੀਕਰਨ ਨੇ ਸਹਿਮ ਅਤੇ ਬੇਚੈਨੀ ਵਧਾਈ ਹੈ; ਅਤੀਤ ਅਤੇ ਭਵਿੱਖ ਦੇ ਆਦਰਸ਼ਾਂ ਨੂੰ ਵੱਡਾ ਖੋਰਾ ਲਾਇਆ ਹੈ ਮਨੁੱਖੀ ਸੁਪਨੇ ਸਮੇਂ ਨਾਲ ਤਿੜਕ ਰਹੇ ਹਨ ਬੇਵਸੀ ਅਤੇ ਅਸੰਤੁਸ਼ਟਾਂ ਉਸ ਦੇ ਜੀਵਨ ਦੇ ਆਰ ਪਾਰ ਫੈਲ ਗਈ ਹੈ ।ਇਨ੍ਹਾਂ ਸਥਿਤੀਆਂ ਵਿੱਚ ਉਪਜੇ ਖਿਲਾਫ ਅਧੂਰੀ ਸੋਚ ਅਤੇ ਖੰਡਿਤ ਵਿਅਕਤੀ ਨੂੰ ਉਸ ਦੀ ਸਿਰਜਣਾ ਵਿੱਚ ਪ੍ਰਗਟਾ ਮਿਲਿਆ ਹੈ ।

ਸ਼ਿਵ ਕੁਮਾਰ ਬਟਾਲਵੀ ਅਨੁਸਾਰ:

ਲੋਹੇ ਦੇ ਇਸ ਸ਼ਹਿਰ ਵਿੱਚ ਪਿੱਤਲ ਦੇ ਲੋਕ ਰਹਿੰਦੇ
ਸਿੱਕੇ ਦੇ ਬੋਲ ਬੋਲਣ
ਸ਼ੀਸ਼ੇ ਦੇ ਵੇਸ ਪਾਉਂਦੇ

ਪਰ ਕਿਤੇ ਕਿਤੇ ਆਧੁਨਿਕ ਮਨੁੱਖ ਸਾਰੀਆਂ ਮੁਸ਼ਕਿਲਾਂ ਉੱਪਰ ਕਾਬੂ ਪਾ ਕੇ ਸਮੇਂ ਦਾ ਖ਼ੁਦਾ ਬਣਨ ਦੀ ਲੋਚਾ ਜ਼ੋਰਦਾਰ ਤਰੀਕੇ ਨਾਲ ਪੇਸ਼ ਕਰਦਾ ਹੈ।

ਕਿਤੇ ਕਿਤੇ ਸਮਾਜ ਦੀ ਭਲਾਈ ਲਈ ਲੜਨ ਦੀ ਇੱਛਾ ਵੀ ਪ੍ਰਬਲ ਹੁੰਦੀ ਹੈ ਜਿਵੇਂ ਇਹ ਸਤਰਾਂ ਵੇਖੀਆਂ ਜਾ ਸਕਦੀਆਂ ਹਨ-

ਫਿਰ ਦਮਾਮਾ ਯੁੱਧ ਦਾ ਵੱਜਿਆ ਗਜ਼ੀਏ ਰਣ ਵਿੱਚ ਖੜ੍ਹ ਕੇ
ਹੱਕ ਤੇ ਇਨਸਾਫ ਦੀ ਖਾਤਰ ਹੱਥ ਭਗੌਤੀ ਫੜ੍ਹ ਕੇ
ਉਹ ਜਮਨਾ ਵੀ ਕਾਹਦਾ ਜੰਮਣਾ
ਉਹ ਜੀਣਾ ਕੀ ਜੀਣਾ
ਜੇ ਖਾਏ ਲਹੂ ਉਬਾਲਾ ਜੇ ਡੋਲੇ ਨਾ ਫੜ ਕੇ

ਵਿਚਾਰਧਾਰਾ ਕਿਸੇ ਸ਼੍ਰੇਣੀ ਦਾ ਦ੍ਰਿਸ਼ਟੀਕੋਣ ਹੁੰਦੀ ਹੈ ਸਮਾਜਿਕ ਪ੍ਰਣਾਲੀ ਵਜੋਂ ਲੇਖਕ ਕਿਸੇ ਨਾ ਕਿਸੇ ਵਿਚਾਰਧਾਰਾ ਨਾਲ ਸਬੰਧਿਤ ਹੁੰਦਾ ਹੈ ਆਧੁਨਿਕਤਾਵਾਦੀ ਲੇਖਕ ਦੀ ਪ੍ਰਤੀਬੱਧਤਾ ਤਾਂ ਆਧੁਨਿਕ ਮਨੁੱਖ ਦੀ ਸਥਿਤੀ ਸਮਝਣਾ ਵਿਸ਼ਲੇਸ਼ਣ ਅਤੇ ਉਸ ਦੀ ਅਭਿਵਿਅਕਤੀ ਕਰਨ ਨਾਲ ਹੈ ਪਰ ਸਾਹਿਤਕ ਖੇਤਰ ਦਾ ਵਿਸ਼ਾ ਬਣ ਕੇ ਇਸ ਆਧੁਨਿਕ ਮਨੁੱਖ ਦਾ ਕਿਸੇ ਵਿਚਾਰਧਾਰਾ ਤੋਂ ਮੁਕਤ ਹੋਣਾ ਅਸੰਭਵ ਹੈ ਸੋ ਆਧੁਨਿਕ ਰਚਨਾ ਵਿਚਾਰਧਾਰਾ ਤੋਂ ਮੁਕਤ ਨਹੀਂ ਹੋ ਸਕਦੀ ਆਧੁਨਿਕਤਾਵਾਦੀ ਸਾਹਿਤਕਾਰ ਦਾ ਸਿਰਜਿਆ ਆਧੁਨਿਕ ਮਨੁੱਖ ਆਪਣੀ ਹੋਣੀ ਨੂੰ ਖਿੜੇ ਮੱਥੇ ਪ੍ਰਵਾਨ ਕਰਦਾ ਹੈ ਪਰ ਪ੍ਰਗਤੀਸ਼ੀਲ ਸਾਹਿਤਕਾਰ ਦਾ ਨਾਇਕ ਸਥਿਤੀ ਜਾਂ ਹੋਣੀ ਨੂੰ ਹੰਢਾਉਂਦਿਆਂ ਆਪੇ ਨੂੰ ਬੇਵੱਸ ਨਹੀਂ ਸਮਝਦਾ ਉਹ ਸਮਝੌਤਾਵਾਦੀ ਮੁਸਕਰਾਹਟ ਲਿਆ ਕੇ ਭੁਲੇਖਾ ਪੈਦਾ ਨਹੀਂ ਕਰਦਾ ।

ਸੋਹਣ ਸਿੰਘ ਮੀਸ਼ਾ ਅਨੁਸਾਰ:

ਹਰ ਮਹਿਫ਼ਿਲ ਵਿੱਚ ਹਾਜ਼ਰ ਹੁੰਦਾ ਹਰ ਸਮੇਂ ਦੀ ਧੁੰਦ ਵੇਖਦਾ
ਹਰ ਨਿੰਦਿਆਂ ਦੀ ਛਾਵੇਂ ਬਹਿੰਦਾ
ਹਰ ਮੌਸਮ ਦੀ ਉਂਗਲੀ ਫੜ ਕੇ ਤੁਰਿਆ ਜਾਂਦਾ ਹਾਂ ।

ਆਧੁਨਿਕਤਾਵਾਦੀ ਕਾਵਿ ਧਾਰਾ ਵਿੱਚ ਜਿਸ ਮਾਨਵ ਦਾ ਬਿੰਬ ਉੱਘੜਦਾ ਹੈ ਉਹ ਪਰੰਪਰਾਗਤ ਮੁੱਲਾਂ ਤੋਂ ਤਾਂ ਛੁਟਕਾਰਾ ਪਾ ਚੁੱਕਾ ਹੈ; ਪਰ ਨਵੇਂ ਜੀਵਨ ਮੁੱਲ ਉਸਦੀ ਜੀਵਨ ਮੁੱਲਾਂ ਦਾ ਹਿੱਸਾ ਨਹੀਂ ਬਣੇ ਇਸ ਲਈ ਯੋਗ ਤਣਾਅ ਅਤੇ ਅਨਿਸਚਿਤਤਾ ਦਾ ਸ਼ਿਕਾਰ ਹੈ। ਨਵੀਆਂ ਕਦਰਾਂ ਕੀਮਤਾਂ ਦੇ ਸਾਹਮਣੇ ਪਰੰਪਰਾਗਤ ਰਵਾਇਤੀ ਕੀਮਤਾਂ ਆਪਣਾ ਸਾਹ ਸੱਤ ਗਵਾ ਬੈਠਦੀਆਂ ਹਨ ਮਾਨਵ ਦਾ ਅਵਚੇਤਨ ਹੋਲੀ ਹੋਲੀ ਉਪਭਾਵੁਕਤਾ ਦੀ ਜਕੜ ਤੋਂ ਬਾਹਰ ਆ ਰਿਹਾ ਹੈ ਉਹ ਪ੍ਰੇਮ ਵਾਂਗ ਧਰਮ ਖ਼ੁਦਾ ਜਨਮ ਦੇਸ਼ ਆਦਿ ਬਾਰੇ ਵੀ ਅਸਲੋਂ ਵੱਖਰੀ ਤਰ੍ਹਾਂ ਸੋਚ ਰਿਹਾ ਹੈ। ਇਹ ਸਭ ਕੁਝ ਵੀ ਉਸ ਨੂੰ ਅੰਦਰ ਵੱਲ ਧੱਕ ਦਿੱਤਾ ਹੈ ਅਤੇ ਅੰਦਰ ਹੀ ਅੰਦਰ ਸੁੰਗੜਿਆ ਮਹਿਸੂਸ ਕਰਦਾ ਹੈ ਉਹ ਕੁਝ ਕਰਨਾ ਤਾਂ ਚਾਹੁੰਦਾ ਹੈ ਪਰ ਪ੍ਰਸਥਿਤੀਆਂ ਦੇ ਸਾਹਮਣੇ ਬੇਵੱਸ ਹੈ ਇਸ ਲਈ ਉਹ ਆਪਣੇ ਆਪ ਨੂੰ ਲਘੂ ਬੌਣਾ ਅਤੇ ਪ੍ਰਮਾਣਿਤ ਸਮਝਣ ਲੱਗ ਪੈਂਦਾ ਹੈ ਇਸੇ ਲਈ ਉਹ ਅਣਜਾਣੇ ਸਹਿਮ ਦਾ ਸ਼ਿਕਾਰ ਹੋ ਜਾਂਦਾ ਹੈ ਇਹ ਸਹਿਮ ਅਤੇ ਤਰਸ ਦੀ ਭਾਵਨਾ ਉਸ ਨੂੰ ਆਪਣੇ ਆਪ ਨੂੰ ਵੀ ਪੂਰਨ ਭਾਂਤ ਨਾਲ ਜੁੜਨ ਨਹੀਂ ਦਿੰਦੀ।

**ਸਾਰ-ਅੰਸ਼:**

ਜਿੱਥੇ ਆਧੁਨਿਕਤਾਵਾਦੀ ਧਾਰਾ ਅਸਲੋਂ ਵੱਖਰੀ ਤੇ ਪਰੰਪਰਾ ਤੋਂ ਭਿੰਨ ਸੰਵੇਦਨਾ ਨੂੰ ਆਪਣੀ ਕਾਇਆ ਦਾ ਹਿੱਸਾ ਬਣਾਉਂਦੀ ਹੈ ਉੱਥੇ ਰੂਪ ਦ੍ਰਿਸ਼ਟੀ ਤੋਂ ਵੀ ਉਸ ਦੇ ਨਕਸ਼ ਆਪਣੀ ਪਹਿਲੀ ਰੁਚੀ ਕਵਿਤਾ ਤੋਂ ਭਿੰਨ ਹਨ। ਇਸ ਧਾਰਾ ਦੀ ਕਵਿਤਾ ਵਿੱਚ ਪਰੰਪਰਿਕ ਤੋਲ ਤੁਕਾਂਤ ਲੈ ਪ੍ਰਬੰਧ ਤੇ ਰਵਾਇਤੀ ਸੋਚ ਯੁਕਤਾਂ ਦੀ ਭਾਲ ਕਰਨੀ ਵਿਅਰਥ ਹੈ। ਇਸ ਕਵਿਤਾ ਦੀ ਅਪੀਲ ਬੁੱਧੀ ਤੇ ਤਰਕ ਨੂੰ ਹੈ ਇਸ ਦਾ ਸੁਭਾਅ ਸੰਕੇਤਕ ਹੈ ਇਸ ਲਈ ਇਸ ਕਵਿਤਾ ਦਾ ਸੰਚਾਰ ਪੂਰਵਲੀ ਕਵਿਤਾ ਜਿਨ੍ਹਾਂ ਸੁਹਜ ਨਹੀਂ ਲੰਮੀਆਂ ਕਵਿਤਾਵਾਂ ਦੀ ਥਾਂ ਇਸ ਕਾਵਿ ਧਾਰਾ ਵਿੱਚ ਛੋਟੀਆਂ ਕਵਿਤਾਵਾਂ ਅਤੇ ਪ੍ਰਗੀਤਾਂ ਦਾ ਮਹੱਤਵ ਵਧੇਰੇ ਵਧ ਗਿਆ ਹੈ ।

## ਮੁੱਖ/ਕੇਂਦਰੀ ਸ਼ਬਦ:

ਸਿਸਟਮ ---ਪ੍ਰਬੰਧ

ਵਿਸ਼ਵ ਚੇਤਨਾ ---ਵਿਸ਼ਵੀ ਸੰਵੇਦਨਾ

ਪ੍ਰਸੰਗ---ਸੰਦਰਭ

ਪ੍ਰਗੀਤਾਂ --- ਆਤਮ ਸੰਬੋਧਨੀ ਕਾਵਿ ਰੂਪ

## ਸਵੈ-ਮੁਲਾਂਕਣ:

1. 'ਮਾਡਰਨ' ਸ਼ਬਦ ਦੀ ਉੱਤਪਤੀ ਕਿਸ ਧਾਤੂ ਤੋਂ ਹੋਈ-

   ੳ. ਲੈਟਿਨ

   ਅ. ਰੋਮਨ

   ੲ. ਫਰਾਂਸੀਸੀ

   ਸ. ਚੀਨੀ

2. ਜੀ. ਐਸ. ਫਰੋਮਰ ਦੀ ਪੁਸਤਕ ਹੈ

ੳ The Modern Writers of World

ਅ. The Modern Writers and World

ੲ. The Modern Writers and his World

ਸ. World and their Modern Writers

3. ਆਧੁਨਿਕਤਾ ਦੀ ਪ੍ਰੇਰਨਾ ਬੌਧਿਕਤਾ ਤੇ ਨਿਆਂਸ਼ੀਲਤਾ, ਇਸ ਦਾ ਸੁਭਾਅ ਵਿਸ਼ਲੇਸ਼ਣਕਾਰੀ, ਇਸਦੀ ਰੁਚੀ ਪੁਰਾਤਨ ਅੰਧ ਵਿਸ਼ਵਾਸਾਂ ਦਾ ਖੰਡਨਕਾਰੀ ਰਹੀ ਹੈ।

ਇਹ ਕਥਨ ਹੈ-

ੳ. ਡਾਕਟਰ ਅਤਰ ਸਿੰਘ

ਅ. ਰਣਧੀਰ ਸਿੰਘ ਚੰਦ

ੲ. ਡਾਕਟਰ ਕਰਮਜੀਤ ਸਿੰਘ

ਸ- ਡਾਕਟਰ ਸਤਿੰਦਰ ਸਿੰਘ

4. ਆਧੁਨਿਕਤਾਵਾਦ ਦਾ ਵਧੇਰੇ ਸੰਬੰਧ ਹੈ---

ੳ. 17ਵੀ ਸਦੀ

ਅ. 18 ਵੀ ਸਦੀ

ੲ. 19 ਵੀ ਸਦੀ

ਸ. 20 ਵੀ ਸਦੀ

5. 'ਆਧੁਨਿਕਤਾਵਾਦ ਤੋਂ ਭਾਵ ਉਨ੍ਹਾਂ ਤਜਰਬਿਆਂ ਜਾਂ ਸਿੱਖਿਆ ਤੋਂ ਹੈ ਜੋ ਆਧੁਨਿਕ ਢੰਗ ਨਾਲ ਬਿਆਨ ਕਰਦੇ ਹਨ ।' ਇਹ ਕਥਨ ਹੈ-

ੳ. ਡਾਕਟਰ ਅਤਰ ਸਿੰਘ

ਅ. ਰਣਧੀਰ ਸਿੰਘ ਚੰਦ

ੲ. ਡਾਕਟਰ ਕਰਮਜੀਤ ਸਿੰਘ

ਸ. ਡਾਕਟਰ ਸਤਿੰਦਰ ਸਿੰਘ

6. ਤਰਕਸ਼ੀਲਤਾ, ਧਰਮ ਨਿਰਪੱਖਤਾ, ਵਿਗਿਆਨਕਤਾ, ਉਦਯੋਗਿਕ ਉਤਪਾਦਨ ਆਦਿ ਸੰਕਲਪ ਕਿਸ ਵਿਚਾਰਧਾਰਾ ਨਾਲ ਸੰਬੰਧਿਤ ਹਨ-

ੳ. ਰਹੱਸਵਾਦ

ਅ. ਆਧੁਨਿਕਤਾਵਾਦ

ੲ. ਯਥਾਰਥਵਾਦ

ਸ. ਰੋਮਾਂਸਵਾਦ

7. ਆਧੁਨਿਕਤਾਵਾਦ ਦਾ ਆਧਾਰ ਉਹ ਵਿਸ਼ਵ ਦਰਸ਼ਨ ਹੈ ਜੋ ਸੰਬੰਧਿਤ ਹੈ-

ੳ. ਤਰਕਸ਼ੀਲਤਾ ਅਤੇ ਵਿਗਿਆਨਕਤਾ

ਅ. ਸੁਦੰਰਤਾ ਅਤੇ ਸੁਤੰਤਰਤਾ

ੲ. ਵਰਗ ਸੰਘਰਸ਼

ਸ. ਸਮਾਜਵਾਦੀ ਯਥਾਰਥਵਾਦ

8. ਡਾਕਟਰ ਸਤਿੰਦਰ ਸਿੰਘ ਵੀ ਆਧੁਨਿਕ ਯੁੱਗ ਦਾ ਆਰੰਭ ਮੰਨਦੇ ਹਨ-

ੳ. ਭਾਈ ਵੀਰ ਸਿੰਘ ਤੋਂ

ਅ. ਨਾਨਕ ਸਿੰਘ ਤੋਂ

ੲ. ਮੋਹਨ ਸਿੰਘ

ਸ. ਪ੍ਰੋ.ਪੂਰਨ ਸਿੰਘ

9.ਆਧੁਨਿਕਤਾਵਾਦ ਜਾਂ ਆਧੁਨਿਕ ਅੰਗਰੇਜ਼ੀ ਸ਼ਬਦ Modernism ਦਾ ਸਮਾਨਾਰਥਕ ਸ਼ਬਦ ਹੈ।

ਇਹ ਕਥਨ ਹੈ:

ੳ. ਠੀਕ

ਅ. ਗ਼ਲਤ

10. 'ਮਾਡਰਨ' ਸ਼ਬਦ ਦੀ ਉੱਤਪਤੀ ਰੋਮਨ ਦੇ ਧਾਤੂ 'ਮੌਡੋ' ਤੋਂ ਹੋਈ ਹੈ ਜਿਸ ਦੇ ਅਰਥ ਹਨ 'ਹੁਣੇ'।

ਇਹ ਕਥਨ ਹੈ:

ੳ. ਠੀਕ

ਅ. ਗ਼ਲਤ

11. ਆਧੁਨਿਕ ਦਾ ਸਬੰਧ ਯੁੱਗ ਅਤੇ ਇਤਿਹਾਸਕ ਪੜਾਅ ਨਾਲ ਹੈ ਜਦਕਿ ਆਧੁਨਿਕਤਾਵਾਦ ਦਾ ਸਬੰਧ ਕਲਾ ਤੇ ਤਕਨੀਕ ਦੀ ਵੱਖਰੀ ਪ੍ਰਵਿਰਤੀ ਅਤੇ ਵਿਸ਼ੇਸ਼ਤਾ ਨਾਲ ਹੈ।

ਇਹ ਕਥਨ ਹੈ:

ੳ. ਠੀਕ

ਅ. ਗ਼ਲਤ

12. ਖਾਲੀ ਸਥਾਨ ਭਰੋ

ਆਧੁਨਿਕਤਾ ਪੁਰਾਤਨਤਾ ਨੂੰ ਪੂਰਨ ਤੌਰ ਤੇ --------------ਦਾ ਨਾਂਅ ਨਹੀਂ ਇਹ ਤਾਂ ਪੁਰਾਤਨਤਾ ਨੂੰ ਸਮੇਂ ਦੇ ਅਨੁਕੂਲ ਨਵੀਨ ਵਿਗਿਆਨਿਕ ਉਸਾਰੂ ਅਰਥ ਪ੍ਰਦਾਨ ਕਰਨ ਦਾ ਨਾਮ ਹੈ।

13. ਖਾਲੀ ਸਥਾਨ ਭਰੋ

ਪੰਜਾਬ ਵਿਚ ਸਿੱਖ ਫੌਜ ਅਤੇ ਅੰਗਰੇਜ਼ਾਂ ਵਿਚਕਾਰ ਹੋਈ ਦੂਜੀ ਲੜਾਈ ਤੋਂ ਬਾਅਦ ਅੰਗਰੇਜ਼ਾਂ ਦੀ ਜਿੱਤ ਦੇ ਨਤੀਜੇ ਵਜੋਂ ---------------- ਵਿਚ ਪੰਜਾਬ ਤੇ ਅੰਗਰੇਜਾਂ ਦਾ ਕਬਜਾ ਹੋ ਗਿਆ।

14. ਖਾਲੀ ਸਥਾਨ ਭਰੋ

ਆਧੁਨਿਕ ਚਿੰਤਨ ਵਿੱਚ ਪ੍ਰਲੋਕ ਦੀ ਥਾਂ ----------- ਨੂੰ ਮਹੱਤਵ ਦਿੱਤਾ ਜਾਂਦਾ ਹੈ।

15. ਖਾਲੀ ਸਥਾਨ ਭਰੋ

ਵਿਚਾਰਧਾਰਾ ਕਿਸੇ ਸ਼੍ਰੇਣੀ ਦਾ --------- ਹੁੰਦੀ ਹੈ ਸਮਾਜਿਕ ਪ੍ਰਣਾਲੀ ਵਜੋਂ ਲੇਖਕ ਕਿਸੇ ਨਾ ਕਿਸੇ ਵਿਚਾਰਧਾਰਾ ਨਾਲ ਸਬੰਧਿਤ ਹੁੰਦਾ ਹੈ

## ਅਭਿਆਸ ਪ੍ਰਸ਼ਨ

1. ਆਧੁਨਿਕਤਾਵਾਦ ਦੀ ਪਰਿਭਾਸ਼ਾ ਨਿਸ਼ਚਿਤ ਕਰੋ।
2. ਆਧੁਨਿਕਤਾਵਾਦ ਕਿਨ੍ਹਾਂ ਪਰਿਸਥਿਤੀਆਂ ਦੀ ਉਪਜ ਹੈ
3. ਆਧੁਨਿਕਤਾਵਾਦ ਦੇ ਸਰੂਪ ਦਾ ਵਰਣਨ ਕਰੋ।
4. ਆਧੁਨਿਕ ਪੰਜਾਬੀ ਕਵਿਤਾ ਬਾਰੇ ਟਿੱਪਣੀ ਕਰੋ।
5. ਆਧੁਨਿਕਤਾਵਾਦ ਦੇ ਪ੍ਰਮੁੱਖ ਲੱਛਣ ਅਤੇ ਵਿਸ਼ੇਸ਼ਤਾਵਾਂ ਦਾ ਵਰਣਨ ਕਰੋ।
6. ਕਵਿਤਾ ਦਾ ਅਧਿਐਨ ਕਰਦੇ ਹੋਏ ਉਸਦੀਆਂ ਵਿਭਿੰਨ ਪ੍ਰਵਿਰਤੀਆਂ ਦੀਪਛਾਣ ਕਰੋ।

## ਸੰਦਰਭ ਪੁਸਤਕਾਂ:


- ਸਮਾਲੋਚਨਾ ਸ਼ਾਸਤਰ, ਪ੍ਰੋ. ਬ੍ਰਹਮਜਗਦੀਸ਼, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, (2011)
- ਖੋਜ ਪੱਤ੍ਰਿਕਾ- ਸਾਹਿਤਕ ਵਾਦ ਅੰਕ 31-32: ਅਜਮੇਰ ਸਿੰਘ (ਮੁੱਖ ਸੰਪਾਦਕ), ਪੰਜਾਬੀ ਯੂਨੀਵਰਸਿਟੀ, ਪਟਿਆਲਾ, (2012)
- ਵਾਦ ਚਿੰਤਨ, ਭੱਟੀ, ਸੁਰਜੀਤ ਸਿੰਘ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪਹਿਲਾ ਸੰਸਕਰਨ (2010)
- ਸਮੀਖਿਆ ਦ੍ਰਿਸ਼ਟੀਆਂ, ਅਰਸ਼ੀ, ਗੁਰਚਰਨ ਸਿੰਘ, ਪੰਜਾਬੀ ਸਾਹਿਤ ਅਕਾਦਮੀ, ਲੁਧਿਆਣਾ, (1998)
- ਸਾਹਿਤ ਅਧਿਐਨ ਪ੍ਰਣਾਲੀਆਂ, ਥਿੰਦ, ਕਰਨੈਲ ਸਿੰਘ (ਸੰਪਾ.), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, (2010)


## ਮਹੱਤਵਪੂਰਨ ਲਿੰਕ

https://punjabipedia.org/topic.aspx?txt=%E0%A8%86%E0%A8%A7%E0%A9%81%E0%A8%A8%E0%A8%BF%E0%A8%95%E0%A8%A4%E0%A8%BE%E0%A8%B5%E0%A8%BE%E0%A8%A6

ਉੱਤਰਮਾਲਾ

| | | | | |
|---|---|---|---|---|
| 1. ੳ | 2. ੲ | 3. ੳ | 4. ੲ | 5. ਅ |
| 6. ਅ | 7. ੳ | 8. ੳ | 9. ੳ | 10. ੳ |
| 11.ੳ | 12. ਤਿਆਗਣ | 13.1849 | 14. ਲੋਕ | 15. ਦ੍ਰਿਸ਼ਟੀਕੋਣ |

DPBI502

# ਅਧਿਆਇ-6: ਅਰਸਤੂ ਦੇ ਸਿਧਾਂਤ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਯੂਨਾਨੀ ਕਾਵਿ ਸ਼ਾਸਤਰ ਦੇ ਸਿਧਾਂਤਾਂ ਤੋਂ ਵਾਕਿਫ਼ ਹੋਣਗੇ।
- ਅਰਸਤੂ ਦੀ ਪਸਤਕ 'ਕਾਵਿ ਸ਼ਾਸਤਰ' The Poetics ਵਿਚ ਪੇਸ਼ ਤ੍ਰਾਸਦੀ , ਵਿਰੇਚਨ ਅਤੇ ਅਨੁਕਰਨ ਦੇ ਸਿਧਾਂਤਾਂ ਦੀ ਪ੍ਰਾਸੰਗਿਕਤਾ ਤੇ ਸਾਰਥਕਤਾ ਨੂੰ ਸਮਝਣ ਦੇ ਕਾਬਲ ਹੋਣਗੇ।
- ਸਾਹਿਤ ਆਲੋਚਨਾ ਨੂੰ ਸਮਝਦੇ ਹੋਏ ਆਲੋਚਨਾ ਦੀਆਂ ਵਿਭਿੰਨ ਦਿਸ਼ਾਵਾਂ ਤੋਂ ਜਾਣੂ ਹੋ ਸਕਣਗੇ।

## ਪ੍ਰਸਤਾਵਨਾ:

ਅਰਸਤੂ ਤੇ ਉਸਦਾ ਗੁਰੂ ਪਲੈਟੋ ਪੱਛਮੀ ਸਨਾਤਨੀ ਆਲੋਚਨਾ ਵਿਚ ਅਹਿਮ ਸਥਾਨ ਰੱਖਦੇ ਹਨ। ਉਨ੍ਹਾਂ ਦੁਆਰਾ ਦਿੱਤੇ ਸਾਹਿਤ ਆਲੋਚਨਾ ਦੇ ਸਿਧਾਂਤ ਅੱਜ ਸਦੀਆਂ ਬੀਤ ਜਾਣ ਦੇ ਬਾਦ ਵੀ ਆਲੋਚਨਾ ਦੇ ਖੇਤਰ ਵਿਚ ਸਥਾਪਿਤ ਹਨ।

ਅਰਸਤੂ ਯੂਨਾਨ ਦਾ ਬਹੁਤ ਉੱਘਾ ਚਿੰਤਕ ਹੋਇਆ ਹੈ। ਇਸਦਾ ਸਮਾਂ ਪਲੈਟੋ ਤੇ ਲੌਂਜਾਈਨਸ ਦੇ ਵਿਚਕਾਰਲਾ ਹੈ। ਇਸ ਤਰ੍ਹਾਂ ਉਹ ਪਲੈਟੋ ਦਾ ਪਾਰਵਰਤੀ ਅਤੇ ਲੌਂਜਾਈਨਸ ਦਾ ਪੂਰਵਕਾਲੀ ਚਿੰਤਕ ਹੈ।ਅਰਸਤੂ ਦੀ ਸੱਭ ਤੋਂ ਅਹਿਮ ਪ੍ਰਾਪਤੀ ਇਹ ਹੈ ਕਿ ਉਹ ਕਲਾ ਜਾਂ ਕਾਵਿ ਨੂੰ ਵਿਗਿਆਨ ਦੀ ਇਕ ਕਿਸਮ ਮੰਨਦਾ ਹੈ।ਉਸ ਅਨੁਸਾਰ ਤਿੰਨ ਕਿਸਮਾਂਦੇ ਵਿਗਿਆਨ ਹਨ:

ਸਿਧਾਂਤਕ ਵਿਗਿਆਨ: ਗਣਿਤ, ਭੌਤਿਕ, ਰਸਾਇਣ

ਵਿਹਾਰਕ ਵਿਗਿਆਨ: ਨੀਤੀ ਅਤੇ ਰਾਜਨੀਤੀ

ਉਤਪਾਦਕੀ ਵਿਗਿਆਨ: ਉਪਯੋਗੀ ਅਤੇ ਲਲਿਤ ਕਲਾਵਾਂ

ਕਾਵਿ ਜਾਂ ਸਾਹਿਤ ਉਤਪਾਦਕੀ ਵਿਗਿਆਨ ਦੀ ਸ਼੍ਰੇਣੀ ਵਿਚ ਆਉਂਦਾ ਹੈ ਜੋ ਸਾਹਿਤ ਸਿਰਜਨਾ ਕਰਦਾ ਰਹਿੰਦਾ ਹੈ।ਤ੍ਰਾਸਦੀ , ਕਾਮਦੀ, ਮਹਾਂਕਾਵਿ ਆਦਿ ਦੇ ਸਿਧਾਂਤਾਂ ਨੂੰ ਪਹਿਲੀ ਵਾਰ ਅਰਸਤੂ ਨੇ ਹੀ ਨਿਸ਼ਚਿਤ ਕੀਤਾ। ਸਰਲ ਤੇ ਜਟਿਲ ਕਥਾਨਕ, ਰਚਨਾ ਦਾ ਆਦਿ, ਮੱਧ ਤੇ ਅੰਤ ਦੀ ਸਥਿਤੀ, ਸਥਿਤੀ ਪਰਿਵਰਤਨ ਆਦਿ ਬਾਰੇ ਅਰਸਤੂ ਨੇ ਹੀ ਪਹਿਲੀ ਵਾਰ ਚਰਚਾ ਛੇੜੀ। ਇਸ ਪ੍ਰਕਾਰ ਅਰਸਤੂ ਸਾਹਿਤ ਆਲੋਚਨਾ ਦੀ ਦਿਸ਼ਾ ਨਿਰਧਾਰਿਤ ਕਰਨ ਵਾਲੇ ਉੱਘੇ ਚਿੰਤਕਾਂ ਵਿਚੋਂ ਪ੍ਰਮੁੱਖ ਸਥਾਨ ਰੱਖਦਾ ਹੈ।

ਅਰਸਤੂ ਦਾ ਜਨਮ ਈਸਵੀ ਪੂਰਵ 384 ਵਿਚ ਮਕੇਦੋਨੀਆ ਵਿੱਚ ਸਤਗਿਰਾ ਨਗਰ ਵਿਖੇ ਹੋਇਆ।ਉਸ ਦਾ ਪਿਤਾ ਨਿਕੋਮਾਖਸ ਮਕੇਦੋਨੀਆ ਦੇ ਰਾਜੇ ਅਮਿਉਨਤਸ ਦਾ ਰਾਜਵੈਦ ਸੀ। ਪਿਤਾ ਦੀ ਮੌਤ ਨੇ ਅਰਸਤੂ ਦੀ ਜੀਵਨ-ਧਾਰਾ ਨੂੰ ਹੀ ਬਦਲ ਦਿੱਤਾ। ਉਹ ਈਸਵੀ ਪੂਰਵ 368 ਵਿਚ ਪਲੈਟੋ ਦੇ ਪ੍ਰਸਿੱਧ ਵਿਦਿਆਪੀਠ 'ਅਕਾਦਮੀ' ਵਿਚ ਦਾਖ਼ਲ ਹੋ ਗਿਆ ਅਤੇ ਲਗਭਗ ਵੀਹ ਵਰ੍ਹੇ ਪਲੈਟੋ ਤੋਂ ਗਿਆਨ ਹਾਸਲ ਕਰਦਾ ਰਿਹਾ। ਪਲੈਟੋ ਅਰਸਤੂ ਦੀ ਪ੍ਰਤਿਭਾ ਤੋਂ ਬਹੁਤ ਪ੍ਰਭਾਵਿਤ ਸੀ ਤੇ ਉਸਨੂੰ 'ਅਕਾਦਮੀ ਦਾ ਦਿਮਾਗ' ਕਿਹਾ ਕਰਦਾ ਸੀ। ਅਰਸਤੂ ਪਲੈਟੋ ਦੇ ਬਹੁਤ ਸਿਧਾਂਤਾਂ ਨਾਲ ਅਸਹਿਮਤ ਸੀ ਤੇ ਉਸਨੇ ਪਲੈਟੋ ਦੇ ਸਿਧਾਂਤਾਂ ਦਾ ਖੰਡਨ ਬਹੁਤ ਦ੍ਰਿੜਤਾ ਤੇ ਤਰਕ ਨਾਲ ਕੀਤਾ ਪਰ ਗੁਰੂ ਸ਼ਿਸ ਦੇ ਸੰਬੰਧਾਂ ਵਿਚ ਕੋਈ ਫ਼ਰਕ ਨਹੀਂ ਪਿਆ। ਅਰਸਤੂ ਨੇ ਮੈਕਦੋਨੀਆ ਦੇ ਰਾਜੇ ਫਿਲਿਪ ਦੇ ਪੁੱਤਰ ਸਿਕੰਦਰ ਦੀ ਉਸਤਾਦੀ ਕੀਤੀ ਤੇ ਆਪਣਾ ਇਕ ਵਿਦਿਆਪੀਠ 'ਲਿਉਕੇਉਸ' ਵੀ ਸਥਾਪਿਤ ਕੀਤਾ। ਸਿਕੰਦਰ ਦੀ ਮੌਤ ਤੋਂ ਬਾਅਦ ਅਰਸਤੂ ਨੇ ਏਥਨਜ਼ ਛੱਡ ਦਿੱਤਾ ਕਿਉਂਕਿ ਉਹ ਨਹੀਂ ਚਾਹੁੰਦਾ ਸੀ ਕਿ ਉਸ ਦਾ ਹਾਲ ਸੁਕਰਾਤ ਵਰਗਾ ਹੋਵੇ। ਪਰ ਏਥਨਜ਼ ਛੱਡਣ ਦੇ ਸਾਲ ਬਾਅਦ ਹੀ ਅਰਸਤੂ ਦੀ ਅੰਤੜੀਆਂ ਦੇ ਰੋਗ ਕਾਰਨ ਖਲਕਿਸ ਨਾਮੀ ਨਗਰ ਵਿਚ ਮੌਤ ਹੋ ਗਈ।

ਅਰਸਤੂ ਨੇ 62 ਸਾਲ ਦੀ ਆਯੂ ਤੱਕ ਲਗਭਗ 400 ਗ੍ਰੰਥਾਂ ਦੀ ਰਚਨਾ ਕੀਤੀ। ਇਹ ਪੁਸਤਕਾਂ ਤਰਕ ਸ਼ਾਸਤਰ , ਭੌਤਿਕ ਸ਼ਾਸਤਰ, ਮਨੋਵਿਗਿਆਨ, ਰਾਜਨੀਤੀ ਸ਼ਾਸਤਰ, ਆਚਾਰ ਸ਼ਾਸਤਰ, ਸਾਹਿਤ ਸ਼ਾਸਤਰ ਅਤੇ ਭਾਸ਼ਾ ਸ਼ਾਸਤਰ ਨਾਲ ਸੰਬੰਧਿਤ ਸਨ। ਸਾਡਾ ਸੰਬੰਧ ਉਸ ਦੀ ਰਚੀ ਪੁਸਤਕ ਕਾਵਿ ਸ਼ਾਸਤਰThe Poetics ਨਾਲ ਹੈ ਜਿਸ ਦੇ ਹੇਠ ਲਿਖੇ ਤਿੰਨਸਿਧਾਂਤਾਂ ਦਾ ਅਸੀ ਅਧਿਐਨ ਕਰਾਂਗੇ

1. ਤ੍ਰਾਸਦੀ
2. ਵਿਰੇਚਣ
3. ਅਨੁਕਰਨ

ਇਨ੍ਹਾਂ ਸਿਧਾਂਤਾਂ ਦਾ ਵੇਰਵਾ ਇਸ ਪ੍ਰਕਾਰ ਹੈ।

## ਵਿਸ਼ਾ ਵਸਤੂ:

ਅਰਸਤੂ ਦਾ ਤ੍ਰਾਸਦੀ ਸਿਧਾਂਤ:

ਆਲੋਚਨਾ ਸਾਹਿਤ ਦੇ ਖੇਤਰ ਵਿੱਚ ਅਰਸਤੂ ਦੁਆਰਾ ਰਚਿਤ ਕਾਵਿ ਸ਼ਾਸਤਰ ਨਾਮੀ ਪੁਸਤਕ ਪ੍ਰਮਾਣਿਕਤਾ ਦੀਆਂ ਸਿਖ਼ਰਾਂ ਨੂੰ ਛੂੰਹਦਾ ਹੋਇਆ ਇੱਕ ਅਜਿਹਾ ਆਲੋਚਨਾ ਗ੍ਰੰਥ ਗ੍ਰੰਥ ਹੈ ਜਿਸ ਨੇ ਇਨ੍ਹਾਂ ਸਮਾਂ ਗੁਜ਼ਰ ਜਾਣ ਦੇ ਬਾਅਦ ਵੀ ਆਪਣੀ ਪ੍ਰਮਾਣਿਕਤਾ ਨੂੰ ਨਿਰੰਤਰ ਸਥਾਪਿਤ ਕੀਤਾ ਕੀਤਾ ਹੋਇਆ ਹੈ ਅਰਸਤੂ ਨੇ ਇਸ ਪੁਸਤਕ ਵਿੱਚ ਮੁੱਖ ਤੌਰ ਤੇ ਨਾਟਕ ਦੇ ਸਬੰਧ ਵਿੱਚ ਵਿਚਾਰ ਕਰਦਿਆਂ ਹੋਇਆਂ ਤ੍ਰਾਸਦੀ ਤੇਜ ਦੀਆਂ ਵੱਖ ਵੱਖ ਦਿਸ਼ਾਵਾਂ ਸਬੰਧੀ ਬੜੀ ਭਰਪੂਰ ਚਰਚਾ ਕੀਤੀ ਹੈ ਇਸ ਗ੍ਰੰਥ ਦੇ ਸਫ਼ਾ 19 ਉੱਤੇ ਅਰਸਤੂ ਲਿਖਦਾ ਹੈ:

> ਤ੍ਰਾਸਦੀ ਕਿਸੇ ਗੰਭੀਰ ਮੁਕੰਮਲ ਅਤੇ ਨਿਸ਼ਚਿਤ ਆਕਾਰ ਵਾਲੇ ਕਾਰਜ ਦੀ ਅਨੁਕਿਰਤੀ ਦਾ ਨਾਮ ਹੈ ਜਿਸ ਦਾ ਮਾਧਿਅਮ ਨਾਟਕ ਦੇ ਭਿੰਨ ਭਿੰਨ ਹਿੱਸਿਆਂ ਵਿੱਚ ਭਿੰਨ ਭਿੰਨ ਰੂਪਾਂ ਵਿੱਚ ਵਰਤੀ ਜਾਣ ਵਾਲੀ ਸਭ ਪ੍ਰਕਾਰ ਦੇ ਕਲਾਤਮਿਕ ਗਹਿਣਿਆਂ ਨਾਲ ਸ਼ਿੰਗਾਰੀ ਹੋਈ ਅਲੰਕ੍ਰਿਤ ਭਾਸ਼ਾ ਹੁੰਦੀ ਹੈ ਜੋ

ਬਿਰਤਾਂਤ ਰੂਪ ਵਿੱਚ ਨਾ ਹੋ ਕੇ ਕਾਰਜ ਵਪਾਰ ਰੂਪ ਵਿੱਚ ਹੁੰਦੀ ਹੈ ਅਤੇ ਜਿਸ ਵਿੱਚ ਕਰੁਣਾ ਤੇ ਤ੍ਰਾਸ ਰਾਹੀਂ ਇਨ੍ਹਾਂ ਮਨੋਵਿਕਾਰਾਂ ਦਾ ਉਚਿਤ ਵਿਰੇਚਨ ਕੀਤਾ ਜਾਂਦਾ ਹੈ।

ਇੱਥੇ ਅਰਸਤੂ ਨੇ ਤ੍ਰਾਸਦੀ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਵਿੱਚੋਂ ਸਭ ਤੋਂ ਜ਼ਿਆਦਾ ਜ਼ੋਰ ਕਾਰਜ ਤੇ ਪਾਇਆ ਹੈ ਉਸ ਨੇ ਕਾਰਜ ਸਬੰਧੀ ਵਿਸ਼ੇਸ਼ ਰੂਪ ਵਿੱਚ ਸਭ ਤੋਂ ਪਹਿਲਾਂ ਵਿਚਾਰ ਕੀਤੀ ਹੈ ਉਸ ਦਾ ਵਿਚਾਰ ਹੈ ਕਿ ਤ੍ਰਾਸਦੀ ਕਾਰਜ ਦੀ ਅਨੁਕ੍ਰਿਤੀ ਦਾ ਨਾਮ ਹੈ ਅਜਿਹਾ ਕਾਰਜ ਜੋ ਗੰਭੀਰ ਸੰਪੂਰਨ ਤੇ ਮੁਕੰਮਲ ਹੁੰਦਾ ਹੈ ਜਿਸ ਦਾ ਨਿਸ਼ਚਿਤ ਆਕਾਰ ਹੁੰਦਾ ਹੈ ਅਤੇ ਉਹ ਨਿਸ਼ਚਿਤ ਦਿਸ਼ਾ ਵੱਲੋਂ ਟੁੱਟਣਾ ਨਾਟਕਕਾਰ ਗਵਾਰਾ ਨਹੀਂ ਕਰ ਸਕਦਾ ਤੇ ਫਿਰ ਕਾਰਜ ਵੀ ਅਜਿਹਾ ਹੁੰਦਾ ਹੈ ਜਿਸ ਦਾ ਬਿਰਤਾਂਤ ਨਹੀਂ ਹੁੰਦਾ ਸਗੋਂ ਉਸ ਦਾ ਭਾਸ਼ਾ ਨਾਲ ਪ੍ਰਦਰਸ਼ਨ ਹੁੰਦਾ ਹੈ।

ਅਰਸਤੂ ਨੇ ਕਾਰਜ ਦੇ ਸਬੰਧ ਵਿੱਚ ਭਰਪੂਰ ਚਰਚਾ ਕਰਦਿਆਂ ਹੋਇਆਂ ਤਿੰਨ ਤਰ੍ਹਾਂ ਦੇ ਕਾਰਜਾਂ ਵੱਲ ਸੰਕੇਤ ਕੀਤਾ ਹੈ ਜੋ ਕਿ ਇਸ ਪ੍ਰਕਾਰ ਹਨ:

1. ਦੰਦ ਕਥਾ ਮੂਲਕ ਕਾਰਜ
2. ਕਲਪਨਾ ਮੁੱਲ ਕਾਰਜ
3. ਇਤਿਹਾਸ ਮੂਲਕ ਕਾਰਜ

ਇਨ੍ਹਾਂ ਤਿੰਨਾਂ ਤਰ੍ਹਾਂ ਦੇ ਕਾਰਜਾਂ ਵਿੱਚੋਂ ਉਸ ਨੇ ਕਲਪਨਾ ਮੁਲਕ ਕਾਰਜ ਸਬੰਧੀ ਵਿਚਾਰ ਕਰਦਿਆਂ ਦੱਸਿਆ ਹੈ ਕਿ ਨਿਰੋਲ ਕਲਪਨਾ ਕਦੀ ਵੀ ਸਾਹਿਤ ਨਹੀਂ ਬਣ ਸਕਦੀ ਅਤੇ ਨਾ ਹੀ ਨਿਰੋਲ ਇਤਿਹਾਸ ਸੰਪਨ ਕਾਰਜ ਸਾਹਿਤ ਦਾ ਰੂਪ ਧਾਰਨ ਕਰ ਸਕਦਾ ਹੈ ਕਿਉਂਕਿ ਇਤਿਹਾਸ ਬੀਤੇ ਨਾਲ ਸਬੰਧਿਤ ਹੁੰਦਾ ਹੈ ਅਤੇ ਸਾਹਿਤ ਭੂਤ ਤੇ ਵਰਤਮਾਨ ਦੋਹਾਂ ਨਾਲ ਜੁੜਿਆ ਹੁੰਦਾ ਹੈ। ਇਸ ਤਰ੍ਹਾਂ ਅਰਸਤੂ ਨੇ ਦੰਦ ਕਥਾ ਮੁੱਲ ਕਾਰਜ ਉੱਤੇ ਜ਼ੋਰ ਦਿੰਦਿਆਂ ਹੋਇਆਂ ਇਹ ਦੱਸਿਆ ਹੈ ਕਿ ਅਜਿਹੇ ਕਾਰਜ ਵਿੱਚ ਕਲਪਨਾ ਅਤੇ ਸੱਚ ਦੋਹਾਂ ਦਾ ਸੁਮੇਲ ਹੁੰਦਾ ਹੈ ਸੱਚ ਆਪਣੇ ਵਿਚਲੇ ਵਿਸ਼ਵਾਸ ਦੇ ਗੁਣ ਕਰਕੇ ਤੇ ਕਲਪਨਾ ਆਪਣੀ ਸੁਹਜਾਤਮਿਕਤਾ ਕਰਕੇ ਰਚਨਾ ਦੀ ਸੁੰਦਰਤਾ ਦੇ ਵਿੱਚ ਵਾਧਾ ਕਰਦੀ ਹੈ।

ਅਰਸਤੂ ਰੂਪ ਦੀ ਦ੍ਰਿਸ਼ਟੀ ਤੋਂ ਦੋ ਤਰ੍ਹਾਂ ਦੇ ਕਾਰਜਾਂ ਦੀ ਵਿਚਾਰ ਕਰਦਾ ਹੈ:

1. ਸਰਲ ਕਾਲਜ

2. ਜਟਿਲ ਕਾਰਜ

ਸਰਲ ਕਾਲਜ ਅਤੇ ਜਟਿਲ ਕਾਰਜਾਂ ਦਾ ਨਿਰਣਾ ਕਥਾਨਕ ਉੱਤੇ ਨਿਰਭਰ ਕਰਦਾ ਹੈ ਸਰਲ ਕਾਰਜ ਕਾਰਨ ਕਥਾਨਕ ਸਰਲ ਹੁੰਦਾ ਹੈ ਅਤੇ ਜਟਿਲ ਕਥਾਨਕ ਕਾਰਨ ਕਾਰਜ ਜਟਿਲ ਹੁੰਦਾ ਹੈ ਸਰਲ ਕਥਾਨਕ ਵਿੱਚ ਕਾਰਜ ਇੱਕ ਹੁੰਦਾ ਹੈ ਬਹੁਤੀਆਂ ਘਟਨਾਵਾਂ ਰਚਨਾ ਵਿੱਚ ਨਹੀਂ ਵਾਪਰਦੀਆਂ ਕਥਾਨਕ ਕੇਵਲ ਇਕ ਘਟਨਾ ਨਾਲ ਹੀ ਸਿੱਧਾ ਅੱਗੇ ਚੱਲਦਾ ਹੈ। ਜਟਿਲ ਕਥਾਨਕ ਵਿੱਚ ਇੱਕ ਤੋਂ ਜ਼ਿਆਦਾ ਘਟਨਾਵਾਂ ਆਵਸ਼ਕ ਹੁੰਦੀਆਂ ਹਨ ਨਾਟਕ ਦੀ ਤੋਰ ਸਿੱਧੀ ਦੀ ਥਾਂ ਵਲੇਵੇ ਵਾਲੀ ਹੁੰਦੀ ਹੈ ਅਤੇ ਨਾਲ ਹੀ ਕਈ ਘਟਨਾਵਾਂ ਅਚਾਨਕ ਵਾਪਰ ਜਾਂਦੀਆਂ ਹਨ ਜਟਿਲ ਕਥਾਨਕ ਵਿੱਚ ਮੋੜ ਤ੍ਰੋੜ ਆਉਂਦੇ ਰਹਿੰਦੇ ਹਨ ਅਤੇ ਇਸ ਵਿੱਚ ਆਮ ਤੌਰ ਤੇ ਨਾਇਕ ਦੀ ਕਿਸਮਤ ਪੁੱਠੀ ਪੈ ਜਾਂਦੀ ਹੈ। ਅਰਸਤੂ ਦਾ ਵਿਚਾਰ ਹੈ ਕਿ ਨਾਟਕ ਦਾ ਕਾਰਜ ਕੇਵਲ ਅਜਿਹੀਆਂ ਨਿਸਚਿਤ ਸੀਮਾਵਾਂ ਅੰਦਰ ਹੀ ਆਪਣੀ ਗਤੀ ਨੂੰ ਕਾਇਮ ਰੱਖਦਾ ਹੈ ਜਿਸ ਨਾਲ ਤ੍ਰਾਸਦੀ ਤੇ ਕਰੁਣਾ ਦੀ ਭਾਵਨਾ ਨੂੰ ਨਿਰੰਤਰ ਸਥਾਪਿਤ ਕੀਤਾ ਜਾ ਸਕੇ ਕੇਵਲ ਅਜਿਹੀਆਂ ਘਟਨਾਵਾਂ ਦੀ ਹੀ ਚੋਣ ਅਤੇ ਜੜ੍ਹਤ ਕੀਤੀ ਜਾਂਦੀ ਹੈ ਜੋ ਤ੍ਰਾਸਦੀ ਦੇ ਕਰੁਣਾਤਮਕ ਪ੍ਰਭਾਵ ਨੂੰ ਸਥਾਪਿਤ ਕਰਨ ਵਿੱਚ ਸਹਾਇਕ ਹੋਣ।

ਅਰਸਤੂ ਨੇ ਆਪਣੇ ਇਸ ਗ੍ਰੰਥ ਵਿੱਚ ਸਭ ਤੋਂ ਪਹਿਲਾਂ ਤ੍ਰਾਸਦੀ ਤੇ ਪ੍ਰਤੀਕੂਲ ਪ੍ਰਭਾਵ ਪੈਦਾ ਕਰਨ ਵਾਲੀਆਂ ਸਥਿਤੀਆਂ ਸਬੰਧੀ ਵਿਚਾਰ ਕਰਦੇ ਹੋਏ ਲਿਖਿਆ ਹੈ ਕਿ ਕਿਸੇ ਵੀ ਅਜਿਹੀ ਘਟਨਾ ਨੂੰ ਤ੍ਰਾਸਦੀ ਵਿੱਚ ਨਾ ਲਿਆਂਦਾ ਜਾਵੇ ਜੋ ਕਰੁਣਾਤਮਿਕ ਪ੍ਰਭਾਵ ਦੇ ਅਧੀਨ ਕਿਸੇ ਹੋਰ ਤਰ੍ਹਾਂ ਦਾ ਪ੍ਰਭਾਵ ਸਥਾਪਿਤ ਕਰ ਸਕਣ ਦੇ ਸਮਰੱਥ ਹੋਣ।

ਅਰਸਤੂ ਨੇ ਤ੍ਰਾਸਦੀ ਦੇ ਅਨੁਕੂਲ ਸਥਿਤੀਆਂ ਦਾ ਵੀ ਪ੍ਰਗਟਾਵਾ ਕੀਤਾ ਹੈ ਤੇ ਦੱਸਿਆ ਹੈ ਕਿ ਕੋਈ ਅਤਿ ਦੀ ਚੰਗਿਆਈ ਦਾ ਪਾਤਰ ਕਾਹਲਵਸ ਦੁਚਿਤੀ ਵੱਸ ਜਾਂ ਕਿਸੇ ਆਦਰਸ਼ਕ ਵੇਗ ਵਿੱਚ ਕੋਈ ਅਜਿਹੀ ਗ਼ਲਤੀ ਕਰ ਬੈਠਦਾ ਹੈ ਜੋ ਉਸ ਨੂੰ ਮੁਸੀਬਤ ਚ ਪਾ ਦਿੰਦੀ

ਹੈ ਜਿਵੇਂ ਜਿਵੇਂ ਉਹ ਮੁਸੀਬਤ ਤੋਂ ਮੁਕਤ ਹੋਣ ਦਾ ਯਤਨ ਕਰਦਾ ਹੈ ਤਿਵੇਂ ਤਿਵੇਂ ਉਹ ਮੁਸੀਬਤਾਂ ਦੀ ਜਾਲ ਵਿੱਚ ਫਸੀ ਜਾਂਦਾ ਹੈ ਤ੍ਰਾਸਦਿਕ ਘਟਨਾਵਾਂ ਉਸ ਦੀ ਜ਼ਿੰਦਗੀ ਨੂੰ ਹਰ ਕਦਮ ਤੇ ਤ੍ਰਾਸਦਿਕ ਬਣਾਈ ਜਾਂਦੀਆਂ ਹਨ ਜਿਸ ਲਈ ਉਸ ਦਾ ਜੀਵਨ ਘੋਲ ਤ੍ਰਾਸਦਿਕ ਬਣ ਜਾਂਦਾ ਹੈ ।

ਅਰਸਤੂ ਨੇ ਅਜਿਹੀਆਂ ਤ੍ਰਾਸਦੀ ਘਟਨਾਵਾਂ ਸਬੰਧੀ ਵਿਸਥਾਰ ਦਿੰਦੇ ਹੋਏ ਦੱਸਿਆ ਹੈ ਕਿ ਜਦੋਂ ਕੋਈ ਘਟਨਾ ਅਜਿਹੇ ਲੋਕਾਂ ਵਿੱਚ ਵਾਪਰਦੀ ਹੈ ਜਿਨ੍ਹਾਂ ਦਾ ਆਪਸ ਵਿੱਚ ਬੜਾ ਪਿਆਰ ਹੁੰਦਾ ਹੈ; ਅਰਥਾਤ ਜਦੋਂ ਭਰਾ ਭਰਾ ਦੀ ਪੁੱਤਰ ਪਿਤਾ ਦੀ ਜਾਂ ਮਾਂ ਪੁੱਤਰ ਦੀ ਜਾਂ ਪੁੱਤਰ ਮਾਂ ਦੀ ਹੱਤਿਆ ਕਰਨੀ ਚਾਹੇ ਜਾਂ ਕਰ ਦੇਵੇ ਤਾਂ ਸਥਿਤੀ ਬੜੀ ਤ੍ਰਾਸਦਿਕ ਬਣ ਜਾਂਦੀ ਹੈ । ਅਜਿਹੀ ਘਟਨਾ ਦੇ ਅਜਿਹੀ ਘਟਨਾ  ਦੋ ਦੁਸ਼ਮਣਾਂ ਵਿਚਕਾਰ ਹੋਵੇ ਤਾਂ ਉਹ ਤ੍ਰਾਸਦੀ ਦੇ ਅਨੁਕੂਲ ਨਹੀਂ ਹੁੰਦੀ। ਅਰਸਤੂ ਅਨੁਸਾਰ ਸਭ ਤੋਂ ਉੱਤਮ ਸਥਿਤੀ ਉਦੋਂ ਹੁੰਦੀ ਹੈ ਜਦੋਂ ਅਣਜਾਣਪੁਣੇ ਵਿੱਚ ਕੋਈ ਕਾਰਜ ਕੀਤਾ ਹੀ ਜਾਣ ਲੱਗੇ ਤੇ ਉਸ ਸਮੇਂ ਉਸ ਦੀ ਪ੍ਰਤੀਤੀ ਹੋ ਜਾਵੇ ਜਿਹਾ ਕਿ ਇੱਕ ਆਦਮੀ ਇੱਕ ਔਰਤ ਨੂੰ ਦੁਸ਼ਮਣ ਨੂੰ ਹਵਾਲੇ ਕਰਨ ਲੱਗਿਆਂ ਇਹ ਪਛਾਣ ਲਵੇ ਕਿ ਇਹ ਤਾਂ ਉਸ ਦੀ ਹੀ ਮਾਂ ਭੈਣ ਹੈ ਅਤੇ ਇਸੇ ਤਰ੍ਹਾਂ ਹੀ ਇੱਕ ਔਰਤ ਕਿਸੇ ਆਦਮੀ ਨੂੰ ਕਤਲ ਕਰਨ ਲੱਗਿਆਂ ਜਾਣ ਲਵੇ ਕਿ ਇਹ ਉਸ ਦਾ ਆਪਣਾ ਹੀ ਪੁੱਤਰ ਹੈ ਅਰਸਤੂ ਅਨੁਸਾਰ ਪਾਠਕਾਂ ਦੀ ਗੁਣਾਤਮਿਕ ਅਵਸਥਾ ਜ਼ਰੂਰੀ ਹੈ ਉਨ੍ਹਾਂ ਦਾ ਦੁਖਦਾਈ ਅੰਤ ਜ਼ਰੂਰੀ ਨਹੀਂ ਕਿਉਂਕਿ ਸੁਖਦਾਈ ਅੰਤ ਤ੍ਰਾਸਦਿਕ ਦੇ ਪ੍ਰਭਾਵ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਉਂਦਾ ਇਸ ਲਈ ਕਿ ਤ੍ਰਾਸਦੀ ਤੇ ਕਰੁਣਾ ਦੇ ਭਾਵ ਤੇ ਨਾਇਕ ਦੇ ਸਰੀਰ ਵਿੱਚ ਸਥਾਈ ਹੁੰਦੇ ਹਨ ਜਿਹੜੇ ਕਿ ਅੰਤਮ ਵਿਪਰੀਤ ਘਟਨਾ ਨਾਲ ਨਸ਼ਟ ਨਹੀਂ ਹੋ ਸਕਦੇ।

ਅਰਸਤੂ ਨੇ ਤ੍ਰਾਸਦੀ ਦੇ ਕਥਾਨਕ ਦੀ ਲੰਬਾਈ ਸਬੰਧੀ ਵਿਚਾਰ ਕਰਦੇ ਹੋਇਆ ਦੱਸਿਆ ਹੈ ਕਿ ਇਹ ਇਤਨਾ ਲੰਬਾ ਹੋਣਾ ਚਾਹੀਦਾ ਹੈ ਕਿ ਸਮੁੱਚੇ ਰੂਪ ਵਿੱਚ ਪਾਠਕ ਜਾਂ ਦਰਸ਼ਕ ਦੇ ਮਨ ਵਿੱਚੋਂ ਸਮੋ ਸਕੇ ਅਤੇ ਇਸ ਦੇ ਨਾਲ ਹੀ ਇਹ ਇਤਨਾ ਵੀ ਸੂਖਮ ਨਹੀਂ ਹੋਣਾ ਚਾਹੀਦਾ ਕਿ ਦਰਸ਼ਕਾਂ ਦੇ ਮਨ ਵਿੱਚ ਇਸ ਦਾ ਕੋਈ ਬਿੰਬ ਵੀ ਨਾ ਬਣ ਸਕੇ । ਕਥਾਨਕ ਦਾ ਵਿਸਥਾਰ ਇਤਨਾ ਕੁ ਚਾਹੀਦਾ ਹੈ ਜਿਸ ਨਾਲ ਕਿ ਭੈਅ ਅਤੇ ਕਰੁਣਾ ਦੀ ਭਾਵਨਾ ਨੂੰ ਇਸ ਰੂਪ ਵਿੱਚ ਸਥਾਪਿਤ ਕੀਤਾ ਜਾ ਸਕੇ ਜਿਸ ਨਾਲ ਕਿ ਦਰਸ਼ਕਾਂ ਦਾ ਵਿਰੇਚਨ ਹੋ ਸਕੇ ।

ਅਰਸਤੂ ਅਨੁਸਾਰ ਪਾਤਰ ਚਿਤਰਣ ਤ੍ਰਾਸਦੀ ਦਾ ਇੱਕ ਬਹੁਤ ਮਹੱਤਵਪੂਰਨ ਪਹਿਲੂ ਹੈ ਅਰਸਤੂ ਪਾਤਰ ਦੇ ਸਬੰਧ ਵਿੱਚ ਲਿਖਦਾ ਹੈ ਕਿ ਪਾਤਰ ਉੱਤਮ ਹੋਣਾ ਚਾਹੀਦਾ ਹੈ ਨੈਤਿਕ ਉਦੇਸ਼ ਨੂੰ ਪ੍ਰਗਟਾਉਣ ਵਾਲਾ ਕੋਈ ਵੀ ਕਥਨ ਜਾਂ ਕਾਰਜ ਚਿੰਤਨ ਨੂੰ ਪ੍ਰਗਟਾਉਂਦਾ ਹੈ। ਜੇ ਕੋਈ ਉਦੇਸ਼ ਉੱਤਮ ਹੋਵੇਗਾ ਤਾਂ ਚਿੰਤਨ ਵੀ ਉੱਤਮ ਹੋਵੇਗਾ ਇੱਥੇ ਅਰਸਤੂ ਦਾ ਭਾਵ ਇਹ ਹੈ ਕਿ ਮੁੱਖ ਪਾਤਰ ਉੱਤਮ ਹੋਣੇ ਚਾਹੀਦੇ ਹਨ ਨਹੀਂ ਤਾਂ ਉਨ੍ਹਾਂ ਉੱਪਰ ਪਈ ਕੋਈ ਮੁਸੀਬਤ ਸਾਡੇ ਮਨਾਂ ਵਿੱਚ ਉਨ੍ਹਾਂ ਲਈ ਕੋਈ ਹਮਦਰਦੀ ਪੈਦਾ ਨਹੀਂ ਕਰ ਸਕੇਗੀ। ਫਿਰ ਇਹ ਪਾਤਰ ਜੀਵਨ ਦੇ ਅਨੁਕੂਲ ਹੋਣੇ ਚਾਹੀਦੇ ਹਨ ਅਤੇ ਨਾਲ ਹੀ ਜਿਉਂਦੇ ਜਾਗਦੇ ਤੁਰਦੇ ਫਿਰਦੇ ਕੰਮ ਕਰਦੇ ਨਜ਼ਰ ਆਉਣੇ ਚਾਹੀਦੇ ਹਨ ।  ਪਾਤਰਾਂ ਦੇ ਚਿਤਰਣ ਵਿੱਚ ਉਨ੍ਹਾਂ ਦੀ ਜਾਤੀ ਜਾਂ ਵਰਗ ਗੱਤ ਵਿਸ਼ੇਸਤਾਵਾਂ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿਸੇ ਪਾਤਰ ਵਿਚਲੇ ਗੁਣ ਉਸ ਦੀ ਸਾਰੀ ਸ਼੍ਰੇਣੀ ਵਿੱਚ ਹੋਣੇ ਚਾਹੀਦੇ ਹਨ ਇਸ ਤਰ੍ਹਾਂ ਪਾਤਰ ਸ਼੍ਰੇਣੀ ਪਾਤਰ ਹੋ ਜਾਣਗੇ। ਅਰਸਤੂ ਦਾ ਵਿਚਾਰ ਹੈ ਕਿ ਪਾਤਰ ਆਪਣੇ ਆਚਰਣ ਵਿੱਚ ਤਰਕ ਸੰਗਤ ਹੋਣੇ ਚਾਹੀਦੇ ਹਨ ਅਰਥਾਤ ਕਿਸੇ ਹਾਲ ਵਿੱਚ ਵੀ ਸਵੈ ਵਿਰੋਧ ਦਾ ਪ੍ਰਗਟਾਵਾ ਨਾ ਹੋਵੇ ਕਿਉਂਕਿ ਇਸ ਤਰ੍ਹਾਂ ਨਾਲ ਨਾਟਕ ਵਿੱਚ ਪ੍ਰਭਾਵ ਦੀ ਏਕਤਾ ਸਥਾਪਿਤ ਨਹੀਂ ਹੋ ਸਕੇਗੀ। ਜੇ ਕਿਸੇ ਪਾਤਰ ਵਿੱਚ ਸਵੈ ਵਿਰੋਧ ਹੋਵੇ ਵੀ ਤਾਂ ਉਹ ਕਈ ਵਾਰ ਹੋਵੇ ਜਿਸ ਨਾਲ ਸਾਰੇ ਵਿਰੋਧ ਦਾ ਉਸ ਦਾ ਲੱਛਣ ਜਾਪੇ ।

ਅਰਸਤੂ ਨੇ ਤ੍ਰਾਸਦੀ ਦੇ ਨਾਇਕ ਦੇ ਸਬੰਧ ਵਿੱਚ ਵਿਚਾਰ ਕਰਦੇ ਹੋਏ ਲਿਖਿਆ ਹੈ ਕਿ ਕਿਸੇ ਵੀ ਹਾਲਤ ਵਿੱਚ ਉਸਨੂੰ ਸਤਿ ਤੋਂ ਬਿਪਤਾ ਵੱਲ ਡਿੱਗਦਾ ਨਾ ਦਿਖਾਇਆ ਜਾਵੇ ਕਿਉਂਕਿ ਇਸ ਨਾਲ ਨਾ ਤਾਂ ਕਰੁਣਾ ਜਾਗੇਗੀ ਅਤੇ ਨਾ ਹੀ ਤ੍ਰਾਸ ਪੈਦਾ ਹੋਵੇਗਾ। ਇਸ ਗੱਲ ਨਾਲ ਸਾਨੂੰ ਕੇਵਲ ਸੱਟ ਹੀ ਲੱਗੇਗੀ। ਇਸ ਦੇ ਨਾਲ ਹੀ ਕਿਸੇ ਦੁਸ਼ਟ ਪਾਤਰ ਨੂੰ ਬਿਪਤਾ ਤੋਂ ਸੰਪਦਾ ਵੱਲ ਜਾਂਦਾ ਨਾ ਦਿਖਾਇਆ ਜਾਵੇ ਕਿਉਂਕਿ ਇਸ ਤੋਂ ਵਧ ਕੇ ਕੋਈ ਵੀ ਗੱਲ ਤ੍ਰਾਸਦੀ ਦੀ ਆਤਮਾ ਦੇ ਉਲਟ ਨਹੀਂ ਹੋ ਸਕਦੀ। ਅਰਸਤੂ ਦਾ ਵਿਚਾਰ ਹੈ ਕਿ ਕਿਸੇ ਖਲ ਪਾਤਰ ਦਾ ਅੰਤ ਵੀ ਮਾੜਾ ਨਹੀਂ ਵਿਖਾਉਣਾ ਚਾਹੀਦਾ ਕਿਉਂਕਿ ਇਸ ਨਾਲ ਨੈਤਿਕ ਭਾਵਨਾ ਦੀ ਤ੍ਰਿਪਤੀ ਤਾਂ ਹੁੰਦੀ ਹੈ ਪਰ ਕਰੁਣਾ ਤੇ ਤ੍ਰਾਸਦ ਨੂੰ ਟੁੰਬਿਆ ਨਹੀਂ ਜਾ ਸਕਦਾ ਕਿਉਂਕਿ ਕਰੁਣਾ ਤਾਂ ਕਿਸੇ ਵਿਚਾਰੇ ਵਿਅਕਤੀ ਦੀ ਬਿਪਤਾ ਨਾਲ ਤੇ ਤ੍ਰਾਸ ਕਿਸੇ ਆਪਣੇ ਵਰਗੇ ਦੀ ਮੁਸੀਬਤ ਨਾਲ ਪੈਦਾ ਹੁੰਦਾ ਹੈ। ਹੁਣ ਕੇਵਲ ਇਨ੍ਹਾਂ ਦੋਹਾਂ ਦੇ ਵਿਚਕਾਰਲਾ ਚਰਿੱਤਰ ਰਹਿ ਜਾਂਦਾ ਹੈ ਜੋ ਨਾ ਤਾਂ ਸਰਬੋਤਮ ਹੋਵੇ ਨਾ ਹੀ ਆਤੰਕ ਭਰਿਆ। ਜੋ ਆਪਣੇ ਸਾਡੇ ਕਰਮ ਜਾਂ ਪਾਪ ਕਰਕੇ ਨਹੀਂ ਸਗੋਂ ਕਮਜੋਰੀ, ਕਾਹਲੀ, ਦੁਚਿੱਤੀ ਤੇ ਇਸ ਜੁਗਾੜ ਵਿੱਚ ਸਹਿਜ ਸੁਭਾਵੀ ਕੀ ਗਲਤੀ ਕਰ ਬੈਠੇ ਜਿਸ ਨਾਲ ਉਸ ਨੂੰ ਗਲਤੀ ਨਾਲੋਂ ਕਿਤੇ ਵੱਧ ਕੇ ਦੁੱਖ ਭੋਗਣਾ ਪਵੇ। ਅਜਿਹਾ ਵਿਅਕਤੀ ਤੇ ਅਤਿ ਪ੍ਰਸਿੱਧ ਜਾਂ ਅਤਿ ਵਿਸ਼ਿਸਟ ਹੋਣਾ ਚਾਹੀਦਾ ਹੈ ਜਾਂ ਕੋਈ ਸੋਭਾ ਵਾਲਾ ਤੇ ਉੱਚੀ ਕੁੱਲ ਵਾਲਾ।

ਇਸ ਤਰ੍ਹਾਂ ਨਾਇਕ ਦੇ ਦੁਖਾਂਤ ਸਬੰਧੀ ਇਹ ਗੱਲ ਵਿਸ਼ੇਸ਼ ਤੌਰ ਤੇ ਉੱਘੜ ਕੇ ਸਾਹਮਣੇ ਆਉਂਦੀ ਹੈ ਕਿ ਤ੍ਰਾਸਦੀ ਦਾ ਨਾਇਕ ਨਾ ਤਾਂ ਖਲਨਾਇਕ ਹੋਣਾ ਚਾਹੀਦਾ ਹੈ ਨਾਂ ਮਨੁੱਖੀ ਸਮਾਜ ਤੋਂ ਬਹੁਤ ਉੱਚਾ ਇਹ ਪਰਮ ਮਨੁੱਖ ਇੱਕ ਬੇਦੋਸ਼ਾ ਵਿਅਕਤੀ ਸਗੋਂ

ਸਹਿਜ ਮਾਨਵ ਭਾਵਨਾਵਾਂ ਵਾਲਾ ਹੋਣਾ ਚਾਹੀਦਾ ਹੈ ਇੱਕ ਅਜਿਹਾ ਵਿਸ਼ੇਸ਼ ਵਿਅਕਤੀ ਜੋ ਦਰਸ਼ਕਾਂ ਨਾਲ ਇੱਕਮਿਕ ਹੋ ਸਕੇ ਦਰਸ਼ਕਾਂ ਨਾਲ ਇੱਕ ਭਾਵੁਕ ਸਾਂਝ ਪੈਦਾ ਕਰ ਸਕੇ ਅਤੇ ਜਿਸ ਦਾ ਦੁੱਖ ਦਰਸ਼ਕਾਂ ਵਿੱਚ ਕਰੁਣਾ ਤੇ ਤ੍ਰਾਸ ਪੈਦਾ ਕਰ ਸਕੇ। ਨਾਇਕ ਤਾਂ ਅਜਿਹੇ ਪ੍ਰਭਾਵਸ਼ਾਲੀ ਵਿਅਕਤੀਤਵ ਦਾ ਸਵਾਮੀ ਹੋਣਾ ਚਾਹੀਦਾ ਹੈ ਜਿਸ ਦਾ ਦੁੱਖ ਸੁੱਖ ਕੇਵਲ ਉਸ ਤੱਕ ਹੀ ਸੀਮਤ ਨਾ ਰਹੇ ਸਗੋਂ ਸਮੁੱਚੇ ਸਮਾਜ ਨੂੰ ਪ੍ਰਭਾਵਿਤ ਕਰ ਸਕੇ ਨਾਇਕ ਦਾ ਜੀਵਨ ਘੋਲ ਤੇ ਸਮਾਜ ਦਾ ਉਸ ਪ੍ਰਤੀ ਵਰਤਾਰਾ ਦਰਸ਼ਕਾਂ ਦੇ ਮਨਾਂ ਵਿੱਚ ਤ੍ਰਾਸ ਤੇ ਕਰੁਣਾ ਦੇ ਭਾਵ ਪੈਦਾ ਕਰ ਸਕੇ ਤੇ ਦਰਸ਼ਕ ਇਹ ਮਹਿਸੂਸ ਕਰਨ ਕਿ ਨਾਇਕ ਦਾ ਜ਼ਿੰਦਗੀ ਵਿਚਲਾ ਔਗੁਣ ਤਾਂ ਉਨ੍ਹਾਂ ਦੀ ਆਪਣੀ ਜ਼ਿੰਦਗੀ ਵਿੱਚ ਵੀ ਪਾਇਆ ਜਾ ਸਕਦਾ ਹੈ। ਅਜਿਹੇ ਵਿਅਕਤੀ ਨਾਲ ਖਿੱਝ ਹੋਣ ਦੀ ਜਗ੍ਹਾ ਉਸ ਨਾਲ ਹਮਦਰਦੀ ਹੁੰਦੀ ਹੈ। ਤ੍ਰਾਸਦੀ ਦਾ ਅਜਿਹਾ ਵਿਅਕਤੀ ਆਦਰਸ਼ਕ ਨਾਇਕ ਹੁੰਦਾ ਹੈ ਤ੍ਰਾਸਦੀ ਦੇ ਵਿਸ਼ੇ ਸਬੰਧੀ ਅਰਸਤੂ ਦਾ ਮੱਤ ਇਹ ਹੈ ਕਿ ਇਹ ਹਰ ਹਾਲਤ ਵਿੱਚ ਗੰਭੀਰ ਸ੍ਰੇਸ਼ਠ ਉੱਤਮ ਤੇ ਮਹਾਨ ਹੋਣਾ ਚਾਹੀਦਾ ਹੈ ਜਿਸ ਤੋਂ ਕਿ ਜਨ ਸਧਾਰਨ ਨੂੰ ਕੋਈ ਸੇਧ ਅਗਵਾਈ ਤੇ ਰੌਸ਼ਨੀ ਮਿਲ ਸਕੇ ਇਹ ਵਿਸ਼ਾ ਜਿੱਥੇ ਮਨੁੱਖ ਮਾਤਰ ਵਿੱਚ ਪਰਉਪਕਾਰ ਪਰ ਪਰ ਸਵਾਰਥ ਤੇ ਕੁਰਬਾਨੀ ਦੀ ਭਾਵਨਾ ਦਾ ਸੰਚਾਰ ਕਰੇ ਉੱਥੇ ਪਾਠਕਾਂ ਵਿੱਚ ਸਮਾਜਿਕਤਾ ਦਾ ਅੰਸ਼ ਵੀ ਪੈਦਾ ਕਰ ਸਕੇ। ਤ੍ਰਾਸਦੀ ਲੇਖਕ ਸੱਚ ਤੇ ਹੱਲ ਲਈ ਜੀਵਨ ਗੁਜ਼ਾਰਨ ਵਾਲਿਆਂ ਦਾ ਸੰਘਰਸ਼ ਇਸ ਰੂਪ ਵਿੱਚ ਪੇਸ਼ ਕਰਦਾ ਹੈ ਜਿਸ ਨਾਲ ਕਿ ਦ੍ਰਿੜ੍ਹਤਾ ਆਤਮ ਵਿਸ਼ਵਾਸ ਸਦਭਾਵਨਾ ਤੇ ਮੰਜ਼ਿਲ ਤੇ ਪਹੁੰਚਣ ਲਈ ਸੰਘਰਸ਼ ਦੀ ਪ੍ਰਵਿਰਤੀ ਪੈਦਾ ਹੋ ਜਾਂਦੀ ਹੈ । ਤ੍ਰਾਸਦੀ ਦਾ ਵਿਸ਼ਾ ਨਾਇਕ ਦੀ ਸ੍ਰੇਸ਼ਟ ਤੇ ਉੱਚੀ ਹਸਤੀ ਨਾਲ ਜੁੜ ਕੇ ਮਹਾਨ ਮਨੁੱਖੀ ਕਦਰਾਂ ਕੀਮਤਾਂ ਦੀ ਸਥਾਪਤੀ ਕਰਦਾ ਹੈ ।

ਅਰਸਤੂ ਦੁਖਾਂਤ ਭਾਵ ਤ੍ਰਾਸਦੀ ਦੀ ਭਾਸ਼ਾ ਦਾ ਅਲੰਕ੍ਰਿਤ ਹੋਣਾ ਜ਼ਰੂਰੀ ਮੰਨਦਾ ਹੈ ਜੋ ਤ੍ਰਾਸਦੀ ਦੇ ਕਰਨਾ ਸੰਪਨ ਵਿਸ਼ੇ ਨਾਲ ਮੇਲ ਖਾਂਦੀ ਹੋਵੇ ਕੇਵਲ ਬਿਰਤਾਂਤਕ ਰੂਪ ਵਿੱਚ ਹੀ ਨਹੀਂ ਪ੍ਰਗਟ ਹੁੰਦੀ ਸਗੋਂ ਕਾਰਜ ਵਪਾਰ ਰੂਪ ਵਿੱਚ ਵੀ ਪ੍ਰਗਟ ਹੁੰਦੀ ਹੈ ਇਹ ਭਾਸ਼ਾ ਜਿੰਨੀ ਵਿਅਕਤੀ ਤੇ ਉਸ ਦੀ ਸਥਿਤੀ ਦੇ ਅਨੁਕੂਲ ਹੋਵੇਗੀ ਯੋਗ ਤੇ ਢੁੱਕਵੀਂ ਹੋਵੇਗੀ ਉਨ੍ਹਾਂ ਹੀ ਉਸ ਦਾ ਪ੍ਰਭਾਵ ਜ਼ੋਰਦਾਰ ਤੇ ਸ਼ਕਤੀਸ਼ਾਲੀ ਪਵੇਗਾ; ਜਿਸ ਨਾਲ ਤ੍ਰਾਸਦੀ ਦਾ ਅਸਲ ਕਾਰਜ ਪਾਠਕਾਂ ਵਿੱਚ ਸੰਵੇਦਨਸ਼ੀਲਤਾ ਨੂੰ ਪੈਦਾ ਕਰਕੇ ਉਨ੍ਹਾਂ ਵਿਚਲੇ ਕਰੁਣਾ ਤੇ ਤ੍ਰਾਸਦ ਦੇ ਜਜ਼ਬਿਆਂ ਨੂੰ ਟੁੰਬਣ ਨਾਲ ਸੰਪਨ ਹੋ ਜਾਵੇਗਾ।

ਇਸ ਤਰ੍ਹਾਂ ਅਰਸਤੂ ਨੇ ਵੱਖ ਵੱਖ ਦਿਸ਼ਾਵਾਂ ਤੋਂ ਤ੍ਰਾਸਦੀ ਸਬੰਧੀ ਆਪਣੀ ਪੁਸਤਕ ਕਾਵਿ ਸ਼ਾਸਤਰ ਵਿੱਚ ਵਿਚਾਰ ਕਰਦਿਆਂ ਹੋਇਆਂ ਤ੍ਰਾਸਦੀ ਦੀ ਅਸਲ ਆਤਮਾ ਭੈ ਤੇ ਕਰਨਾ ਦੇ ਜਜ਼ਬਿਆਂ ਨੂੰ ਟੁੰਬਣ ਵਾਲੀ ਕਲਾ ਵਸਤੂ ਪਾਤਰ ਚਿਤਰਣ ਤੇ ਅਲੰਕਾਰਿਤ ਭਾਸ਼ਾ ਉੱਤੇ ਮੁੱਖ ਤੌਰ ਤੇ ਜ਼ੋਰ ਦਿੱਤਾ ਹੈ ਜਿਸ ਦਾ ਅਸਲ ਮੰਤਵ ਪਾਠਕਾਂ ਨੂੰ ਇੱਕ ਮਾਨਸਿਕ ਸੰਤੁਲਨ ਪ੍ਰਦਾਨ ਕਰਨ ਦਾ ਹੈ। ਜਦੋਂ ਭੈਅ ਤੇ ਕਰੁਣਾ ਦੇ ਭਾਰੂ ਜਜ਼ਬੇ ਮਨੁੱਖੀ ਆਤਮਾ ਉੱਤੇ ਭਾਰ ਪਾਉਣੋਂ ਹੱਟ ਜਾਣਗੇ ਤਾਂ ਪਾਠਕ ਮਾਨਸਿਕ ਸੰਤੁਲਨ ਅਵਸਥਾ ਵਿੱਚ ਜਿੱਥੇ ਸਰੀਰਿਕ ਤੌਰ ਤੇ ਸੁੱਖ ਦੀ ਪ੍ਰਾਪਤੀ ਕਰਦਾ ਹੈ ਉੱਥੇ ਸਮਾਜਿਕ ਤੌਰ ਤੇ ਵੀ ਸੁੱਖ ਦੀ ਪ੍ਰਾਪਤੀ ਕਰਦਾ ਹੈ। ਸਮਾਜਿਕ ਤੌਰ ਤੇ ਸਮਾਜ ਵਿੱਚ ਢਹਿੰਦੀਆਂ ਤੇ ਚੜ੍ਹਦੀਆਂ ਕੀਮਤਾਂ ਦਾ ਅਹਿਸਾਸ ਕਰਕੇ ਜ਼ਿੰਦਗੀ ਦੀ ਸੁਚਾਰੂ ਚਾਲ ਚੱਲਣ ਲਈ ਹਾਲਾਤ ਪੈਦਾ ਕਰ ਦਿੰਦਾ ਹੈ ।

## ਅਰਸਤੂ ਦਾ ਵਿਰੇਚਣ ਸਿਧਾਂਤ:

ਅਰਸਤੂ ਦੁਆਰਾ ਰਚਿਤ 'ਕਾਵਿ ਸ਼ਾਸਤਰ' ਨਾਮੀ ਗ੍ਰੰਥ ਆਲੋਚਨਾ ਦੇ ਖੇਤਰ ਵਿੱਚ ਸਮੇਂ ਦੇ ਬੀਤ ਜਾਣ ਨਾਲ ਵੀ ਆਪਣਾ ਵਿਸ਼ੇਸ਼ ਵਿਲੱਖਣ ਮਹੱਤਵ ਨਿਰੰਤਰ ਸਥਾਪਤ ਕਰੀ ਬੈਠਾ ਹੈ। ਤ੍ਰਾਸਦੀ ਸਬੰਧੀ ਯੂਰਪ ਵਿੱਚ ਸਭ ਤੋਂ ਪਹਿਲਾਂ ਵਿਚਾਰ ਪੰਜਵੀਂ ਸਦੀ ਵਿੱਚ ਸ਼ੁਰੂ ਹੋਇਆ ਸਭ ਤੋਂ ਪਹਿਲਾਂ ਯੂਨਾਨੀ ਵਿਦਵਾਨ ਅਫਲਾਤੂਨ ਨੇ ਤ੍ਰਾਸਦੀ ਦੇ ਸਬੰਧ ਵਿੱਚ ਵਿਚਾਰ ਪੇਸ਼ ਕੀਤੇ ਉਸਨੇ ਤ੍ਰਾਸਦੀ ਦੀਆਂ ਕੁਝ ਉਕਾਈਆਂ ਵੱਲ ਵਿਸ਼ੇਸ ਰੂਪ ਵਿੱਚ ਜ਼ਿਕਰ ਕਰਦਿਆਂ ਹੋਇਆਂ ਉਸ ਉੱਤੇ ਕੁਝ ਸਵਾਲੀਆ ਚਿੰਨ੍ਹ ਖੜ੍ਹੇ ਕੀਤੇ ਹਨ ਪਰ ਅਫਲਾਤੂਨ (Plato) ਦੇ ਚੇਲੇ ਅਰਸਤੂ ਨੇ ਤ੍ਰਾਸਦੀ ਸਬੰਧੀ ਭਰਪੂਰ ਤੇ ਵਿਸਤ੍ਰਿਤ ਚਰਚਾ ਕਰਦਿਆਂ ਹੋਇਆਂ ਤ੍ਰਾਸਦੀ ਦੇ ਮੰਤਵ ਨੂੰ ਪ੍ਰਗਟਾਉਂਦਿਆਂ ਹੋਇਆਂ ਇਸ ਵਿਚਲੇ ਕਥਾਰਸਿਸ ਦਾ ਸਿਧਾਂਤ ਸਥਾਪਿਤ ਕੀਤਾ ਹੈ ਜਿਸ ਨੂੰ ਪੰਜਾਬੀ ਵਿੱਚ ਵਿਰੇਚਨ ਜਾਂ ਵਾਧੂ ਵਲਵਲਿਆਂ ਦਾ ਨਿਕਾਸ ਸ਼ਬਦਾਂ ਦੁਆਰਾ ਜਾਣਿਆ ਜਾਂਦਾ ਹੈ ।

ਵਿਰੇਚਣ ਸਿਧਾਂਤ ਯੂਨਾਨੀ ਚਕਿਤਸਾ ਵਿਗਿਆਨ ਨਾਲ ਸਬੰਧ ਰੱਖਦਾ ਹੈ ਜਿਸ ਨਾਲ ਮਿਲਦਾ ਅਨੁਵਾਦ ਵਿਰੇਚਨ ਜਾਂ ਰੇਚਣ ਕੀਤਾ ਜਾਂਦਾ ਹੈ। ਰੇਚਣ ਯੂਨਾਨੀ ਡਾਕਟਰੀ ਦਾ ਸੰਕੇਤ ਹੈ ਜਿਸ ਦਾ ਅਰਥ ਜਲਾਲ ਲੈਂਦਾ ਹੈ ਜਦੋਂ ਸਰੀਰ ਵਿੱਚ ਕੋਈ ਮਾੜਾ ਅੰਸ਼ ਪੈਦਾ ਹੋ ਜਾਂਦਾ ਹੈ ਜਿਸ ਨਾਲ ਬਿਮਾਰੀ ਦੇ ਅੰਸ਼ ਸਰੀਰ ਨੂੰ ਸੰਕਟਗ੍ਰਸਤ ਕਰਦੇ ਹਨ ਤਾਂ ਉਸ ਵਕਤ ਯੂਨਾਨੀ ਨੀਤੀ ਅਨੁਸਾਰ ਪਹਿਲਾਂ ਰੇਚਣ ਕੀਤਾ ਜਾਂਦਾ ਹੈ ਅਰਥਾਤ ਜਲਾਲ ਦਿੱਤਾ ਜਾਂਦਾ ਹੈ ਜਿਸ ਨਾਲ ਪੇਟ ਵਿਚਲੀ ਖਰਾਬੀ ਅਤੇ ਖੂਨ ਵਿਚਲਾ ਦਾਖਿਲ ਹੋ ਗਿਆ ਵਿਕਾਰ ਦਸਤਾਂ ਰਾਹੀਂ ਬਾਹਰ ਨਿਕਲ ਆਉਂਦਾ ਹੈ ਤੇ ਅਸਲੀ ਇਲਾਜ ਲਈ ਪੇਟ ਸਾਫ ਹੋ ਜਾਂਦਾ ਹੈ ।ਕਥਾਰਸਿਸ ਦੇ ਰੇਚਨ ਸ਼ਬਦ ਤੋਂ ਭਾਵ

ਇਹ ਹੈ ਕਿ ਜਦੋਂ ਸਰੀਰ ਵਿੱਚ ਭੈਅ ਤੇ ਕਰੁਣਾ ਦੇ ਭਾਵ ਪੈਦਾ ਹੋ ਜਾਣ ਤਾਂ ਤ੍ਰਾਸਦੀ ਇਸ ਵਿਕਾਰਾਂ ਨੂੰ ਉਦੀਪਤ ਕਰਕੇ ਦਿਮਾਗ ਨੂੰ ਇਨ੍ਹਾਂ ਵਿਕਾਰਾਂ ਤੋਂ ਮੁਕਤ ਕਰ ਦਿੰਦੀ ਹੈ ਅਤੇ ਮਨ ਇੱਕ ਸੰਤੁਲਨ ਅਵਸਥਾ ਪ੍ਰਾਪਤ ਕਰ ਲੈਂਦਾ ਹੈ ਇਸ ਤਰ੍ਹਾਂ ਤ੍ਰਾਸਦੀ ਵਿੱਚ ਯਥਾਰਥੀ ਸ਼ਬਦ ਮਨੁੱਖੀ ਵਿਕਾਰਾਂ ਦੇ ਨਿਕਾਸ ਲਈ ਵਰਤਿਆ ਜਾਂਦਾ ਹੈ ।

ਵਿਰੇਚਣ ਸਿਧਾਂਤ ਦੀ ਦੂਜੀ ਵਿਆਖਿਆ ਹੋਮਿਓਪੈਥੀ ਨੇ ਕੀਤੀ ਹੈ ਉਨ੍ਹਾਂ ਦਾ ਵਿਚਾਰ ਹੈ ਕਿ ਇੱਕ ਵਾਰ ਦੁਖਾਂਤ ਦੇਖਣ ਨਾਲ ਭੈਅ ਤੇ ਕਰੁਣਾ ਦੇ ਭਾਵ ਹੱਟ ਨਹੀਂ ਜਾਂਦੇ ਜਿਵੇਂ ਬਿਮਾਰ ਵਿਅਕਤੀ ਨੂੰ ਨਿਸਚਿਤ ਸਮੇਂ ਤੋਂ ਬਾਅਦ ਵਾਰ ਵਾਰ ਦਵਾਈ ਦਿੱਤੀ ਜਾਂਦੀ ਹੈ ਇਸੇ ਤਰ੍ਹਾਂ ਮਨ ਵਿੱਚ ਇਕੱਠੇ ਹੋਏ ਬਹੁਤ ਸਾਰੇ ਵਿਕਾਰਾਂ ਨੂੰ ਇੱਕੋ ਵਾਰੀ ਤ੍ਰਾਸਦੀ ਦੇਖਣ ਨਾਲ ਮਨ ਵਿੱਚੋਂ ਕੱਢਿਆ ਨਹੀਂ ਜਾ ਸਕਦਾ ਇਸ ਲਈ ਬਾਰ ਬਾਰ ਤ੍ਰਾਸਦੀ ਦੇਖਣ ਦੀ ਜ਼ਰੂਰਤ ਹੈ ਤ੍ਰਾਸਦੀ ਦੁਆਰਾ ਭੈਅ ਤੇ ਕਰੁਣਾ ਦੇ ਵਿਕਾਰ ਕਈ ਵਾਰੀਆਂ ਵਿੱਚ ਦੂਰ ਹੋ ਹੋ ਜਾਂਦੇ ਹਨ। ਹੋਮਿਓਪੈਥਿਕ ਨੇ ਇਸ ਦੀ ਇਹ ਦਲੀਲ ਦਿੱਤੀ ਹੈ ਕਿ ਜਿਸ ਤਰ੍ਹਾਂ ਜ਼ਹਿਰ ਨੂੰ ਜ਼ਹਿਰ ਨਾਲ ਮਾਰਿਆ ਜਾ ਸਕਦਾ ਹੈ ਤੇ ਲੋਹੇ ਨੂੰ ਲੋਹੇ ਨਾਲ ਕੱਟਿਆ ਜਾ ਸਕਦਾ ਹੈ ਉਸੇ ਤਰ੍ਹਾਂ ਹੀ ਭਯ ਤੇ ਕਰੁਣਾ ਦੇ ਵਿਕਾਰਾਂ ਨੂੰ ਜ਼ੋਰਦਾਰ ਰੂਪ ਵਿੱਚ ਪੇਸ਼ ਕਰਕੇ ਖ਼ਤਮ ਕੀਤਾ ਜਾ ਸਕਦਾ ਹੈ ਅਰਥਾਤ ਭੈਅ ਦੀ ਬਹੁਤਾਤ ਨਾਲ ਭੈਅ ਨੂੰ ਤੇ ਕਰੁਣਾ ਦੀ ਬਹੁਤਾਤ ਨਾਲ ਕਰੁਣਾ ਨੂੰ ਮਾਰਿਆ ਜਾ ਸਕਦਾ ਹੈ।

ਵਿਰੇਚਨ ਦੀ ਤੀਸਰੀ ਵਿਆਖਿਆ ਮਨੋਵਿਗਿਆਨਕਾਂ ਨੇ ਦਿੱਤੀ ਹੈ ਮਨੋਵਿਗਿਆਨ ਅਨੁਸਾਰ ਭੈ ਤੇ ਕਰਨਾ ਦੇ ਵਿਕਾਰ ਇਸ ਕਾਰਨ ਪੈਦਾ ਹੁੰਦੇ ਹਨ ਕਿ ਭੈਅ ਤੇ ਕਰੁਣਾ ਦੀ ਮਾਤਰਾ ਵੱਖ ਵੱਖ ਪ੍ਰਾਣੀਆਂ ਵਿੱਚ ਵੱਖ ਵੱਧ ਜਾਂ ਘੱਟ ਹੁੰਦੀ ਹੈ ਤ੍ਰਾਸਦੀ ਦੀ ਦੇਖਣ ਨਾਲ ਅਜਿਹੀ ਮਾਤਰਾ ਸੰਤੁਲਿਤ ਰੂਪ ਵਿੱਚ ਸਥਾਪਿਤ ਹੋ ਜਾਂਦੀ ਹੈ ਅਜਿਹਾ ਅਸੰਤੁਲਨ ਖ਼ਤਮ ਹੋ ਜਾਂਦਾ ਹੈ । ਇਸ ਤਰ੍ਹਾਂ ਮਾਨਸਿਕ ਸੰਤੁਲਿਨ ਅਵਸਥਾ ਲਈ ਵਿਰੇਚਨ ਦੀ ਵਿਸ਼ੇਸ਼ ਸਾਰਥਿਕ ਉਪਯੋਗਤਾ ਹੁੰਦੀ ਹੈ ।

ਅਰਸਤੂ ਦੇ ਗੁਰੂ ਪਲੈਟੋ ਭਾਵ ਅਫਲਾਤੂਨ ਨੇ ਕਾਵਿ ਦਾ ਵਰਗੀਕਰਨ ਕਰਦਿਆਂ ਹੋਇਆਂ ਤ੍ਰਾਸਦੀ ਤੇ ਕੰਮ ਦੀ ਦੋਹਾਂ ਸਬੰਧੀ ਵਿਚਾਰ ਕੀਤੀ ਹੈ ਇਨ੍ਹਾਂ ਵਿੱਚੋਂ ਉਸ ਨੇ ਤ੍ਰਾਸਦੀ ਨੂੰ ਘਟੀਆ ਮੰਨਿਆ ਹੈ ਭਾਵੇਂ ਉਨ੍ਹਾਂ ਨੇ ਆਦਰਸ਼ਕ ਤ੍ਰਾਸਦੀ ਦੀ ਕਲਪਨਾ ਜ਼ਰੂਰ ਕੀਤੀ ਹੈ ਜੋ ਕਿ ਕਿਸੇ ਨਿਸ਼ਚਿਤ ਆਕਾਰ ਵਾਲੇ ਕਾਰਜ ਦੀ ਅਨੁਕ੍ਰਿਤੀ ਹੈ ਅਤੇ ਜਿਸ ਨਾਲ ਸਮਾਜ ਦਾ ਭਲਾ ਹੁੰਦਾ ਹੈ ਪਰ ਉਸ ਨੇ ਵਿਸਥਾਰ ਵਿੱਚ ਜਾ ਕੇ ਤ੍ਰਾਸਦੀ ਸਬੰਧੀ ਚਰਚਾ ਨਹੀਂ ਕੀਤੀ ਦਿੱਤੀ ਜਿੰਨੀ ਕਿ ਅਰਸਤੂ ਨੇ ਤ੍ਰਾਸਦੀ ਨੂੰ ਸਮਾਜਿਕ ਉਪਯੋਗਤਾ ਨੂੰ ਧਿਆਨ ਵਿੱਚ ਰੱਖ ਕੇ ਕੀਤੀ ਹੈ। ਅਰਸਤੂ ਨੇ ਕਾਵਿ ਸ਼ਾਸਤਰ ਵਿੱਚ ਤ੍ਰਾਸਦੀ ਸਬੰਧੀ ਵਿਚਾਰ ਕਰਦਿਆਂ ਹੋਇਆਂ ਇਸ ਵਿਚਲੇ ਵਿਰੇਚਣ ਸਿਧਾਂਤ ਨੂੰ ਇਸ ਤਰ੍ਹਾਂ ਸਪਸ਼ਟ ਕੀਤਾ ਹੈ :

> ਤ੍ਰਾਸਦੀ ਇੱਕ ਗੰਭੀਰ ਮੁਕੰਮਲ ਤੇ ਨਿਸ਼ਚਿਤ ਆਕਾਰ ਵਾਲੇ ਕਾਰਜ ਦੀ ਅਨੁਕ੍ਰਿਤੀ ਦਾ ਨਾਮ ਹੈ ਜਿਸ ਦਾ ਮਾਧਿਅਮ ਨਾਟਕ ਦੇ ਭਿੰਨ ਭਿੰਨ ਹਿੱਸਿਆਂ ਵਿੱਚ ਭਿੰਨ ਭਿੰਨ ਰੂਪਾਂ ਵਿੱਚ ਵਰਤੀ ਗਈ ਸਭ ਪ੍ਰਕਾਰ ਦੇ ਕਲਾਤਮਿਕ ਗਹਿਣਿਆਂ ਨਾਲ ਅਲੰਕ੍ਰਿਤ ਭਾਸ਼ਾ ਹੁੰਦੀ ਹੈ ਜੋ ਬਿਰਤਾਂਤਕ ਰੂਪ ਵਿੱਚ ਨਾ ਹੋ ਕੇ ਕਾਰਜ ਵਪਾਰ ਰੂਪ ਵਿੱਚ ਹੋਵੇ ਤੇ ਇਸ ਵਿੱਚ ਕਰੁਣਾ ਤੇ ਤ੍ਰਾਸਦੀ ਰਾਹੀਂ ਇਨ੍ਹਾਂ ਮਨੋਵਿਕਾਰਾਂ ਦਾ ਉਚਿਤ ਵਿਰੇਚਨ ਕੀਤਾ ਜਾਂਦਾ ਹੈ ।

ਅਰਸਤੂ ਨੇ ਕਥਾਰਸਿਸ ਸਬੰਧੀ ਦੂਸਰੀ ਵਾਰ ਚਰਚਾ ਆਪਣੇ ਇਸ ਗ੍ਰੰਥ ਵਿੱਚ ਸੰਗੀਤ ਬਾਰੇ ਚਰਚਾ ਕਰਦਿਆਂ ਹੋਇਆਂ ਕੀਤੀ ਹੈ ਇੱਥੇ ਉਸ ਨੇ ਕਥਾਰਸਿਸ ਦੀ ਵਿਆਖਿਆ ਅੱਗੇ ਕਰਨ ਲਈ ਜ਼ਿਕਰ ਕਰਨ ਉਪਰੰਤ ਅੱਗੇ ਜਾ ਕੇ ਜ਼ਿਕਰ ਨਹੀਂ ਕੀਤਾ ਅਰਥਾਤ ਉਸ ਨੇ ਨਾਟਕ ਦੇ ਪ੍ਰਭਾਵ ਵੱਲ ਤਾਂ ਇਸ਼ਾਰਾ ਕੀਤਾ ਹੈ ਪਰ ਨਾਟਕ ਨੂੰ ਪਾਠਕਾਂ ਤੇ ਦਰਸ਼ਕਾਂ ਦੀ ਸਥਿਤੀ ਤੋਂ ਵਿਚਾਰਿਆ ਨਹੀਂ ਹੈ।

ਅਰਸਤੂ ਨੇ ਤ੍ਰਾਸਦੀ ਸਬੰਧੀ ਜੋ ਬਰੀਕੀ ਵਿੱਚ ਜਾ ਕੇ ਚਰਚਾ ਕੀਤੀ ਹੈ ਉਹ ਅਫਲਾਤੂਨ ਵੱਲੋਂ ਤ੍ਰਾਸਦੀ ਉੱਤੇ ਲਾਏ ਗਏ ਦੋਸ਼ਾਂ ਦੇ ਪ੍ਰਤੀਕਰਮ ਵਜੋਂ ਹੈ । ਅਫਲਾਤੂਨ ਅਨੁਸਾਰ ਤ੍ਰਾਸਦੀ ਦਾ ਨਾਇਕ ਆਪਣੀਆਂ ਮੁਸੀਬਤਾਂ ਤੇ ਦੁੱਖਾਂ ਤੋਂ ਘਬਰਾ ਕੇ ਰੋਣ ਉਪਰੰਤ ਦਰਸ਼ਕਾਂ ਦੇ ਦਿਲਾਂ ਵਿੱਚ ਤ੍ਰਾਸਦ ਤੇ ਕਰੁਣਾ ਦੀ ਭਾਵਨਾ ਉਜਾਗਰ ਕਰਦਾ ਹੈ ਦਰਸ਼ਕ ਕੇਵਲ ਪਾਤਰਾਂ ਦੀਆਂ ਰੋਣ ਕੁਰਲਾਉਣ ਵਾਲੀਆਂ ਘਟਨਾਵਾਂ ਤੋਂ ਦ੍ਰਵਿਤ ਹੁੰਦੇ ਹਨ। ਬੁਜ਼ਦਿਲ ਪਾਤਰਾਂ ਦੀਆਂ ਕਾਰਜ ਵਿਧੀਆਂ ਦਰਸ਼ਕਾਂ ਵਿੱਚ ਵੀ ਬੁਜ਼ਦਿਲੀ ਦਾ ਸੰਚਾਰ ਕਰਦੀਆਂ ਹਨ ਇਸ ਕਰਕੇ ਤ੍ਰਾਸਦੀ ਕੰਮ ਦੇ ਮੁਕਾਬਲੇ ਤੋਂ ਘਟਿਆ ਹੈ ਪਰ ਅਰਸਤੂ ਆਪਣੇ ਗੁਰੂ ਦੇ ਵਿਚਾਰਾਂ ਨਾਲ ਸਹਿਮਤ ਨਹੀਂ ਹੈ ਉਹ ਤਾਂ ਤ੍ਰਾਸਦੀ ਵਿੱਚ ਹੈ ਤੇ ਕਰੁਣਾ ਦੇ ਭਾਵਾਂ ਦਾ ਵਿਰੇਚਨ ਦਾ ਜ਼ਿਕਰ ਕਰਦਾ ਹੈ ਜਦੋਂ ਅਫਲਾਤੂਨ ਇਹ

ਮੰਨਦਾ ਹੈ ਕਿ ਤ੍ਰਾਸਦੀ ਕੇਵਲ ਦਰਸ਼ਕਾਂ ਦੇ ਭਾਵਾਂ ਨੂੰ ਉਦੀਪਤ ਕਰਦੀ ਹੈ ਉੱਥੇ ਅਰਸਤੂ ਦਾ ਵਿਚਾਰ ਹੈ ਕਿ ਤ੍ਰਾਸਦੀ ਕੇਵਲ ਭਾਵਾਂ ਨੂੰ ਉਦੀਪਤ ਹੀ ਨਹੀਂ ਕਰਦੀ ਸਗੋਂ ਭਾਵਾਂ ਦਾ ਵਿਰੇਚਨ ਵੀ ਕਰਦੀ ਹੈ ਅਰਸਤੂ ਨੇ ਇਸ ਵਿੱਚ ਮੁੱਖ ਤੌਰ ਤੇ ਤੈਅ ਅਤੇ ਕਰੁਣਾ ਦੇ ਭਾਵਾਂ ਦਾ ਪ੍ਰਗਟਾਅ ਕੀਤਾ ਹੈ ਉਸ ਦਾ ਵਿਚਾਰ ਹੈ ਕਿ ਕਿਸੇ ਦੇ ਦੁੱਖ ਨੂੰ ਵੇਖ ਕੇ ਜਾਂ ਸੁਣ ਕੇ ਜਦੋਂ ਅਸੀਂ ਆਪਣੇ ਆਪ ਨੂੰ ਉਸ ਦੁੱਖੀ ਵਿਅਕਤੀ ਵਿੱਚ ਮਹਿਸੂਸ ਕਰਦੇ ਹਾਂ ਤਾਂ ਉਸ ਦੁੱਖ ਦੇ ਆਪਣੇ ਨਾਲ ਵਾਪਰਨ ਦਾ ਅੰਦਾਜ਼ਾ ਲਗਾਉਂਦੇ ਹਾਂ ਤਾਂ ਉਦੋਂ ਭੈਅ ਦੀ ਭਾਵਨਾ ਪੈਦਾ ਹੁੰਦੀ ਹੈ ਤੇ ਜਦੋਂ ਕਿਸੇ ਨੂੰ ਲੋੜ ਤੋਂ ਵੱਧ ਤਸੀਹੇ ਮਿਲਦੇ ਹਨ, ਕਿਸੇ ਛੋਟੀ ਜੀ ਅਚਾਨਕ, ਕਾਹਲਵਸ ਜਾਂ ਆਦਰਸ਼ ਵੇਗ ਵਿੱਚ ਹੋ ਗਈ ਗ਼ਲਤੀ ਦਾ ਹਰਜਾਨਾ ਬਹੁਤ ਸਾਰਾ ਤੇ ਦੁੱਖ ਤੇ ਮੁਸੀਬਤ ਵਿੱਚ ਭੋਗਣਾ ਪੈਂਦਾ ਹੈ ਤੇ ਉਦੋਂ ਆਪ ਮੁਹਾਰੇ ਸਾਡੇ ਵਿਚ ਤਰਸ ਦੀ ਭਾਵਨਾ ਪੈਦਾ ਹੁੰਦੀ ਹੈ ਅਜਿਹੇ ਪਾਤਰਾਂ ਦੀਆਂ ਮੁਸੀਬਤਾਂ ਤੇ ਔਕੜਾਂ ਉੱਤੇ ਹੰਝੂ ਵਹਾ ਕੇ ਅਸੀਂ ਭੈਅ ਤੇ ਤਰਸ ਦੇ ਵਾਧੂ ਇਕੱਠੇ ਹੋਏ ਜਜ਼ਬਿਆਂ ਤੇ ਭਾਵਾਂ ਦਾ ਨਿਕਾਸ ਕਰਦੇ ਹਾਂ ਜਿਸ ਤੋਂ ਸਾਨੂੰ ਖਾਸ ਕਿਸਮ ਦਾ ਸੁੱਖ ਮਿਲਦਾ ਹੈ ।

ਅਰਸਤੂ ਤ੍ਰਾਸਦੀ ਤੋਂ ਪੈਦਾ ਹੋਣ ਵਾਲੇ ਸੁੱਖ ਦਾ ਜ਼ਿਕਰ ਕਰਦਾ ਹੈ ਜੋ ਉਸ ਦੀ ਕਿਰਿਆ ਤੇ ਆਧਾਰਿਤ ਹੁੰਦਾ ਹੈ ਜੇ ਇਹ ਅਸ਼ੁੱਧ ਹੈ ਤਾਂ ਕਿਰਿਆ ਵੀ ਅਸ਼ੁੱਧ ਹੋਵੇਗੀ ਤੇ ਜੇ ਇਹ ਸ਼ੁੱਧ ਹੈ ਤਾਂ ਕਿਰਿਆ ਵੀ ਸ਼ੁੱਧ ਹੀ ਹੋਵੇਗੀ। ਪਰ ਅਚਾਨਕ ਸੁੱਖ ਉਹ ਹੈ ਜੋ ਕਿਸੇ ਕਸ਼ਟ ਤੋਂ ਛੁਟਕਾਰਾ ਪਾਉਣ ਨਾਲ ਜਾਂ ਕਿਸੇ ਗਲਤੀ ਦੇ ਮਹਿਸੂਸ ਹੋਣ ਨਾਲ ਪ੍ਰਾਪਤ ਹੁੰਦਾ ਹੈ ਅਰਸਤੂ ਤ੍ਰਾਸਦੀ ਨੂੰ ਸੁੱਖ ਦੀ ਉਤਪਤੀ ਤੇ ਭੈਅ ਤੇ ਕਰੁਣਾ ਦੇ ਭਾਵਾਂ ਨੂੰ ਜਗਾਉਂਦਾ ਹੈ। ਜਦੋਂ ਭੈਅ ਤੇ ਕਰੁਣਾ ਦੇ ਭਾਵ ਸਿਖਰਾਂ ਵੱਲ ਉਤੇਜਿੱਤ ਹੋਣਗੇ ਉਨ੍ਹਾਂ ਦਾ ਨਿਕਾਸ ਜ਼ਰੂਰ ਹੋਵੇਗਾ ਪਰ ਜਾਰਜ ਲਿਊਕਸ ਅਰਸਤੂ ਦੇ ਇਨ੍ਹਾਂ ਵਿਚਾਰਾਂ ਨਾਲ ਅਸਹਿਮਤੀ ਪ੍ਰਗਟਾਉਂਦਾ ਹੋਇਆ ਲਿਖਦਾ ਹੈ :

'ਅਸੀਂ ਰੰਗਸ਼ਾਲਾ ਵਿੱਚ ਭੈਅ ਤੇ ਕਰੁਣਾ ਦੇ ਭਾਵਾਂ ਤੋਂ ਮੁਕਤ ਹੋਣ ਲਈ ਨਹੀਂ ਸਗੋਂ ਉਨ੍ਹਾਂ ਭਾਵਾਂ ਨੂੰ ਭੋਗਣ ਲਈ ਜਾਂਦੇ ਹਾਂ। ਇਸੇ ਕਰਕੇ ਦਰਸ਼ਕਾਂ ਨੇ ਰੰਗਸ਼ਾਲਾ ਵਿੱਚ ਮਾਨਸਿਕ ਸੰਤੁਲਨ ਲਈ ਨਹੀਂ ਜਾਣਾ ਕਿਉਂਕਿ ਰੰਗਸ਼ਾਲਾ ਕੋਈ ਹਸਪਤਾਲ ਨਹੀਂ ।'

ਅਰਸਤੂ ਦਾ ਵਿਚਾਰ ਹੈ ਕਿ ਤ੍ਰਾਸਦੀ ਨੂੰ ਸੁੱਖ ਦੀ ਉੱਤਪਤੀ ਅਤੇ ਭੈਅ ਤੇ ਇਤਰਾਜ਼ ਦੇ ਭਾਵਾਂ ਨੂੰ ਜਗਾਉਣ ਤੇ ਨਕਲ ਕਰਨ ਲਈ ਤ੍ਰਾਸਦੀ ਦਾ ਮੰਤਵ ਪੂਰਾ ਹੋ ਜਾਂਦਾ ਹੈ ਜਦੋਂ ਭੈਅ ਤੇ ਕਰੁਣਾ ਦੇ ਭਾਵ ਸਿਖਰ ਵੱਲ ਉੱਤੇਜਿਤ ਹੋਣਗੇ ਤੇ ਉਨ੍ਹਾਂ ਦਾ ਨਿਕਾਸ ਹਰ ਸੂਰਤ ਵਿੱਚ ਹੋਵੇਗਾ । ਅਜਿਹਾ ਨਿਕਾਸ ਕਰ ਸਕਣਾ ਤੇ ਕੇਵਲ ਤੇ ਕੇਵਲ ਮਹਾਨ ਤੇ ਉਦਾਰ ਚਰਿੱਤਰ ਵਾਲੇ ਪਾਤਰਾਂ ਦੇ ਸਿਰੇ ਤੇ ਹੀ ਸੰਭਵ ਹੋ ਸਕਦਾ ਹੈ ਜੋ ਭਿਆਨਕ ਮੁਸ਼ਕਿਲਾਂ ਸਮੇਂ ਵੀ ਆਪਣਾ ਧੀਰਜ ਬਣਾਈ ਰੱਖਦੇ ਹਨ ਤੇ ਉਨ੍ਹਾਂ ਦੀ ਦ੍ਰਿੜ੍ਹਤਾ ਨੂੰ ਵੇਖਦੇ ਹੀ ਸਾਨੂੰ ਵੀ ਧੀਰਜ ਪ੍ਰਾਪਤ ਹੁੰਦਾ ਹੈ । ਪਾਤਰਾਂ ਨੂੰ ਕਿਸੇ ਸਿਧਾਂਤ ਜਾਂ ਅਸੂਲ ਦੀ ਖਾਤਰ ਵਿਰੋਧੀ ਸ਼ਕਤੀਆਂ ਨਾਲ ਟਕਰਾਉਂਦੇ ਅਤੇ ਦੁੱਖਾਂ ਤੇ ਮੁਸੀਬਤਾਂ ਵਿੱਚ ਜ਼ਿੰਦਗੀ ਗੁਜ਼ਾਰਦੇ ਪਾਤਰਾਂ ਨੂੰ ਦੇਖ ਕੇ ਸਾਨੂੰ ਸੁੱਖ ਦੀ ਪ੍ਰਾਪਤੀ ਹੁੰਦੀ ਹੈ ਇਸ ਤਰ੍ਹਾਂ ਅਰਸਤੂ ਦਾ ਵਿਚਾਰ ਹੈ ਕਿ ਤ੍ਰਾਸਦੀ ਦਾ ਮੰਤਵ ਸੁਖੀ ਅਵਸਥਾ ਦੀ ਸਿਰਜਣਾ ਕਰਨਾ ਹੈ ਜੋ ਭੈਅ ਤੇ ਤਰਸ ਦੀ ਭਾਵਨਾ ਦੇ ਨਿਕਾਸ ਦੁਆਰਾ ਹੀ ਸੰਭਵ ਹੋ ਸਕਦਾ ਹੈ। ਇਸ ਤਰ੍ਹਾਂ ਤ੍ਰਾਸਦੀ ਵਿੱਚ ਕੇਵਲ ਵਿਸ਼ੇਸ਼ ਵਿਅਕਤੀਆਂ ਰਾਹੀਂ ਚਰਿੱਤਰ ਹੁੰਦਾ ਹੈ ਅਜਿਹੇ ਵਿਅਕਤੀ ਹੀ ਆਮ ਵਿਅਕਤੀਆਂ ਨੂੰ ਪ੍ਰਭਾਵਿਤ ਕਰ ਸਕਦੇ ਹਨ ਉਦਾਹਰਨ ਵਜੋਂ ਅੰਗਰੇਜ਼ੀ ਦੇ ਪ੍ਰਸਿੱਧ ਤ੍ਰਾਸਦਿਕ ਨਾਟਕਕਾਰ ਸ਼ੈਕਸਪੀਅਰ ਦੇ ਉਥੈਲੋ ਨਾਟਕ ਵਿੱਚ ਉਥੈਲੋ ਇੱਕ ਫੌਜੀ ਜਵਾਨ ਹੈ ਕਿੰਗਲਿਅਰ ਵਿੱਚ ਲੀਅਰ ਇੱਕ ਬਾਦਸ਼ਾਹ ਹੈ, ਹੈਮਲੇਟ ਨਾਵਲ ਵਿੱਚ ਹੈਮਲੇਟ ਇੱਕ ਸ਼ਹਿਜ਼ਾਦਾ ਹੈ ਮੈਕਬੈਥ ਨਾਟਕ ਵਿੱਚ ਮੈਕਬੈਥ ਇੱਕ ਬਣਨ ਵਾਲਾ ਰਾਜਾ ਹੈ। ਬਲਵੰਤ ਗਾਰਗੀ ਦੇ ਸੁਲਤਾਨ ਰਜ਼ੀਆ ਨਾਟਕ ਵਿੱਚ ਰਜ਼ੀਆ ਸੁਲਤਾਨ ਹੈ, ਸੰਤ ਸਿੰਘ ਸੇਖੋਂ ਦੇ ਮੋਇਆਂ ਸਾਰ ਨਾ ਕਾਈ ਨਾਟਕ ਵਿੱਚ ਦਲੀਪ ਇੱਕ ਮਹਾਰਾਜਾ ਹੈ । ਇਸ ਤਰ੍ਹਾਂ ਇਨ੍ਹਾਂ ਸਾਰੇ ਨਾਟਕਾਂ ਦੀ ਦੁਖਾਂਤ ਦੇ ਨਾਇਕ ਵਿਸ਼ੇਸ਼ ਤੇ ਪ੍ਰਤਿਭਾਸ਼ਾਲੀ ਵਿਅਕਤੀ ਹਨ ਜਿਨ੍ਹਾਂ ਉੱਤੇ ਅਤਿ ਦੀਆਂ ਮੁਸੀਬਤਾਂ ਪੈ ਜਾਂਦੀਆਂ ਹਨ। ਇੱਥੇ ਅਰਸਤੂ ਦਾ ਦੁਖਾਂਤ ਸਿਧਾਂਤ ਵਿਸ਼ੇਸ਼ ਮਹੱਤਵ ਰੱਖਦਾ ਹੈ ਕਿਸੇ ਵਿਅਕਤੀ ਦੇ ਜੀਵਨ ਦੀਆਂ ਖ਼ੁਸ਼ੀ ਭਰੀਆਂ ਸਿੱਖਰਾਂ ਤੋਂ ਮੁਸੀਬਤਾਂ ਦੀਆਂ ਡੂੰਘੀਆਂ ਮੁਸੀਬਤਾਂ ਵੱਲ ਡਿੱਗਦੇ ਵੇਖ ਕੇ ਅਸੀਂ ਡਰ ਜਾਂਦੇ ਹਾਂ ਕਿਉਂਕਿ ਅਜਿਹੀ ਅਵਸਥਾ ਦੇ ਸਾਡੇ ਨਾਲ ਵਾਪਰਨ ਦੀ ਸੰਭਾਵਨਾ ਤੋਂ ਡਰ ਕੇ ਇਸ ਤਰ੍ਹਾਂ ਦਰਸ਼ਕ ਆਪਣੇ ਆਪ ਨੂੰ ਨਾਇਕ ਦੀ ਹਸਤੀ ਵਿੱਚੋਂ ਡੁੱਬੋ ਕੇ ਉਸ ਵੱਲੋਂ ਭੋਗੇ ਜਾਂਦੇ ਸੰਤਾਪ ਉੱਤੇ ਰੋ ਕੇ ਆਪਣੇ ਭਾਵਾਂ ਦਾ ਨਿਕਾਸ ਕਰ ਲੈਂਦੇ ਹਨ ਭਾਵਾਂ ਦੇ ਅਜਿਹੇ ਨਿਕਾਸ ਕਰਕੇ ਮਨ ਕਿਸੇ ਉਦਾਸ ਸਥਿਤੀ ਤੋਂ ਅਥਵਾ ਡਰ ਦੀ

ਭਿਅੰਕਰਤਾ ਦੇ ਖੇਤਰ ਵਿੱਚੋਂ ਨਿਕਲ ਕੇ ਸੰਤੁਲਿਤ ਅਵਸਥਾ ਵਿੱਚ ਪਹੁੰਚ ਜਾਂਦਾ ਹੈ । ਸਾਹਿਤ ਆਚਾਰੀਆ ਨੇ ਵਿਰੇਚਨ ਸ਼ਬਦ ਦੇ ਚਿਕਿਤਸਾ ਸ਼ਾਸਤਰ ਵਾਲੇ ਲੱਛਣਾਂ ਦੇ ਆਧਾਰ ਤੇ ਤਿੰਨ ਅਰਥ ਕੀਤੇ ਹਨ:

1. ਧਰਮ ਸਬੰਧੀ ਅਰਥ

2. ਨੀਤੀ ਸਬੰਧੀ ਅਰਥ

3. ਕਲਾ ਸਬੰਧੀ ਅਰਥ

ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ:

### ਧਰਮ ਸਬੰਧੀ ਅਰਥ:

ਯੂਨਾਨ ਵਿੱਚ ਡਾਇਓਸਿਸ ਦੇਵਤੇ ਨਾਲ ਸਬੰਧਿਤ ਮੇਲੇ ਉੱਤੇ ਇਕੱਠੇ ਹੋਏ ਪਿਛਲੇ ਸਾਲ ਵਾਲੇ ਪਾਪਾਂ ਨੂੰ ਧੋ ਕੇ ਆਪਣੇ ਆਪ ਨੂੰ ਸ਼ੁੱਧ ਕਰਨ ਦਾ ਯਤਨ ਕਰਦੇ ਸਨ ਅਰਥਾਤ ਯੂਨਾਨ ਵਿੱਚ ਧਾਰਮਿਕ ਸੰਸਥਾਵਾਂ ਵਿੱਚ ਬਾਹਰੀ ਸਾਧਨਾਂ ਰਾਹੀਂ ਅੰਦਰੂਨੀ ਵਿਕਾਰਾਂ ਨੂੰ ਸ਼ਾਂਤੀ ਦੇਣ ਦਾ ਅਰਸਤੂ ਨੂੰ ਗਿਆਨ ਸੀ ਇਸ ਲਈ ਉਸ ਨੇ ਵਿਰੇਚਨ ਦਾ ਪ੍ਰਯੋਗ ਧਾਰਮਿਕ ਅੱਖਰਾਂ ਵਾਲਾ ਕੀਤਾ ਹੋਣਾ ਹੈ।

### ਨੀਤੀ ਸਬੰਧੀ:

ਜਰਮਨ ਵਿਦਵਾਨ ਬਾਰਨੇਸ ਨੇ ਇਸ ਦੀ ਵਿਆਖਿਆ ਕੀਤੀ ਹੈ ਕਿ ਮਨੁੱਖੀ ਮਨ ਵਿੱਚ ਮਨੋਵਿਕਾਰ ਭਰੇ ਰਹਿੰਦੇ ਹਨ ਉਨ੍ਹਾਂ ਵਿੱਚ ਕਰੁਣਾ ਤੇ ਡਰ ਬੜੇ ਦੁਖਦਾਈ ਹੁੰਦੇ ਹਨ ਤ੍ਰਾਸਦੀ ਵਿੱਚ ਅਜਿਹੇ ਭਾਵਾਂ ਵਾਲੇ ਦ੍ਰਿਸ਼ਾਂ ਪ੍ਰਸਥਿਤੀਆਂ ਹੀ ਉਹੋ ਜਿਹੀਆਂ ਪੇਸ਼ ਕੀਤੀਆਂ ਜਾਂਦੀਆਂ ਹਨ ਦਰਸ਼ਕ ਜਦੋਂ ਇਹ ਦ੍ਰਿਸ਼ ਦੇਖਦਾ ਹੈ ਜਾ ਮਾਨਸਿਕ ਤੌਰ ਤੇ ਉਨ੍ਹਾਂ ਹਾਲਤਾਂ ਵਿੱਚ ਵੀ ਨਿਕਲਦਾ ਹੈ ਤਾਂ ਉਸ ਦੇ ਮਨ ਵਿੱਚ ਡਰ ਤੇ ਕਰੁਣਾ ਦੇ ਭਾਵ ਪੈਦਾ ਹੋ ਜਾਂਦੇ ਹਨ ਦੁਖਾਂਤ ਵੇਖ ਕੇ ਉਹ ਰੋ ਉੱਠਦਾ ਹੈ ਤਾਂ ਉਸਦੇ ਬੋਝਲ ਭਾਵਾਂ ਦਾ ਨਿਕਾਸ ਹੋ ਜਾਂਦਾ ਹੈ ਤੇ ਉਸ ਨੂੰ ਸਿੱਟੇ ਵਜੋਂ ਮਾਨਸਿਕ ਸ਼ਾਂਤੀ ਤੇ ਸੁੱਖ ਪ੍ਰਾਪਤ ਹੋ ਜਾਂਦਾ ਹੈ।

### ਕਲਾ ਸਬੰਧੀ:

ਪ੍ਰੋਫੈਸਰ ਬੁੱਚਰ ਦਾ ਵਿਚਾਰ ਹੈ ਕਿ ਵਿਰੇਚਨ ਸ਼ਬਦ ਚਿਕਿਤਸਾ ਸ਼ਾਸਤਰ ਜਾਂ ਮਨੋਵਿਗਿਆਨ ਨਾਲ ਹੀ ਜੁੜਿਆ ਹੋਇਆ ਹੈ। ਤ੍ਰਾਸਦੀ ਦਾ ਕਾਰਨ ਕਰੁਣਾ ਜਾਂ ਡਰ ਦੇ ਨਿਕਾਸ ਦਾ ਮਾਧਿਅਮ ਪੇਸ਼ ਕਰਨਾ ਹੀ ਨਹੀਂ ਸਗੋਂ ਕਲਾਤਮਕ ਸੰਤੋਖ ਪੈਦਾ ਕਰਨਾ ਵੀ ਹੈ। ਕਲਾਤਮਿਕ ਸੰਤੋਖ ਤੋਂ ਪਹਿਲਾਂ ਮੰਤਵ ਬੇਸ਼ੱਕ ਮਾਨਸਿਕ ਸੰਤੁਲਨ ਪ੍ਰਦਾਨ ਕਰਨਾ ਹੈ ਪਰ ਕਲਾਤਮਿਕਤਾ ਸ਼ੁੱਧਤਾ ਉਸ ਦੀ ਅੰਤਮ ਸਿੱਧੀ ਹੈ ਚਿਕਿਤਸਾ ਸ਼ਾਸਤਰੀ ਜਾਂ ਮਨੋਵਿਗਿਆਨਿਕ ਅਰਥ ਦੇ ਕੇ ਹੀ ਇਸ ਨੂੰ ਸੀਮਿਤ ਕਰਨਾ ਉਚਿਤ ਨਹੀਂ ਹੈ ।

ਇਸ ਤਰ੍ਹਾਂ ਵਿਰੇਚਣ ਸਿਧਾਂਤ ਅਰਸਤੂ ਦੇ ਤ੍ਰਾਸਦੀ ਵਿੱਚ ਬਹੁਤ ਮਹੱਤਵਪੂਰਨ ਹੈ ਤੇ ਕਈ ਸਦੀਆਂ ਤੋਂ ਇਸ ਦੀ ਮਹੱਤਤਾ ਨਿਰੰਤਰ ਕਾਇਮ ਹੋਈ ਹੈ ਤੇ ਅੱਜ ਵੀ ਕਿੰਨੇ ਦੁਖਾਂਤ ਲਿਖੇ ਜਾਂਦੇ ਹਨ ਜਿਨ੍ਹਾਂ ਵਿੱਚ ਨਾਟਕਕਾਰ ਤ੍ਰਾਸਦੀ ਵਿਚਲੀ ਵਿਰੇਚਨ ਪ੍ਰਕਿਰਿਆ ਨੂੰ ਆਪਣੇ ਧਿਆਨ ਵਿੱਚ ਰੱਖਦਾ ਹੈ ਤੇ ਵਿਰੇਚਨ ਕਰਨ ਲਈ ਹੀ ਅਰਥਾਤ ਆਪਣੇ ਮਨ ਉੱਤੇ ਵਾਧੂ ਪਏ ਹੋਏ ਡਰ ਤੇ ਕਰੁਣਾ ਦੇ ਭਾਵਾਂ ਨੂੰ ਉਤਾਰਨ ਲਈ ਨਾਟਕ ਨੂੰ ਵੇਖਦਾ ਹੈ ।

## ਅਰਸਤੂ ਦਾ ਅਨੁਕਰਨ ਸਿਧਾਂਤ:

ਅਨੁਕਰਨ ਸ਼ਬਦ ਅੰਗਰੇਜੀ ਭਾਸ਼ਾ ਦਾ ਸ਼ਬਦ Immitation ਸ਼ਬਦ ਦਾ ਪੰਜਾਬੀ ਅਨੁਵਾਦ ਹੈ। ਜੋ ਯੂਨਾਨੀ ਸ਼ਬਦ Mimesis ਸ਼ਬਦ ਦਾ ਪ੍ਰਾਯਵਾਚੀ ਹੈ। ਇਸਦਾ ਸਾਧਾਰਨ ਅਰਥ 'ਨਕਲ' ਹੈ।ਅਰਸਤੂ ਦੇ ਅਨੁਕਰਨ ਤੋਂ ਪਹਿਲਾ ਉਸ ਦੇ ਗੁਰੂ Plato ਨੇ ਇਸ ਸੰਬੰਧੀ ਭਰਪੂਰ ਚਰਚਾ ਕੀਤੀ। Plato ਕਾਵਿ ਨੂੰ ਅਨੁਕਰਨ ਦਾ ਅਨੁਕਰਨ ਕਹਿ ਕੇ ਨਿੰਦਣਯੋਗ, ਤਿਆਗਣਯੋਗ ਅਤੇ ਮਾੜਾ ਬਣਾ ਦਿੰਦਾ ਹੈ। ਪਲੈਟੋ ਦਾ ਇਤਰਾਜ਼ ਸੀ ਕਿ ਭੌਤਿਕ ਸੰਸਾਰ ਆਪਣੇ ਆਪ ਵਿਚ ਸੱਚ ਜਾਂ ਰੱਬ ਦਾ ਅਨੁਕਰਨ ਹੁੰਦਾ ਹੈ ਅਤੇ ਕਲਾ ਭੌਤਿਕ ਸੰਸਾਰ ਦਾ ਅਨੁਕਰਨ ਹੁੰਦਾ ਹੈ। ਉਸ ਅਨੁਸਾਰ ਵਿਭਿੰਨ ਕਲਾਕਾਰ ਵਿਭਿੰਨ ਵਿਧੀਆਂ ਰਾਹੀਂ ਭੋਤਿਕ ਜਗਤ ਦਾ ਅਨੁਕਰਨ ਹੀ ਕਰਦੇ ਹਨ। ਚਿੱਤਰਕਾਰ ਰੰਗਾਂ ਰਾਹੀਂ, ਸੰਗੀਤਕਾਰ ਧੁਨਾਂ ਰਾਹੀਂ, ਅਭਿਨੇਤਾ ਵੇਸ-ਭੂਸ਼ਾ, ਸੰਵਾਦ ਤੇ ਅੰਗ ਚੇਸ਼ਟਾ ਰਾਹੀਂ ਅਤੇ ਸਾਹਿਤਕਾਰ ਸ਼ਬਦਾਂ ਦੇ ਮਾਧਿਅਮ ਨਾਲ ਅਨੁਕਰਨ ਕਰਦੇ ਹਨ। ਇਸ ਤਰ੍ਹਾਂ ਅਨੁਕਰਨ ਦਾ ਅਨੁਕਰਣ ਹੋਣ ਦੇ ਨਾਤੇ ਇਹ ਮਾੜਾ ਹ਼ੌਅਸਲ ਦੇ ਮੁਕਾਬਲੇ ਘਟੀਆ ਹੈ।ਪਰ ਅਰਸਤੂ ਨੇ ਆਪਣੇ ਗੁਰੂ ਪਲੈਟੋ ਦੇ ਅਨੁਕਰਨ ਦੇ ਅਰਥਾਂ 'ਇਨ ਬਿਨ ਉਤਾਰੇ' ਵਿਚ ਨਾ ਕਰਕੇ ਇਸ ਸ਼ਬਦ ਨੂੰ ਵਿਆਪਕ ਅਰਥ ਪ੍ਰਦਾਨ ਕੀਤੇ। ਉਸਦੇ ਕਥਨ 'ਕਲਾ ਪ੍ਰਕਿਰਤੀ ਦੀ ਅਨੁਕ੍ਰਿਤੀ ਹੈ' ਵਿਚ ਕਲਾ ਤੇ ਅਨੁਕਰਨ ਦੋਹਾਂ ਤਰ੍ਹਾਂ ਦੇ ਵਿਵੇਚਨ ਦੀ ਗੁੰਜਾਇਸ਼ ਹੈ। 17ਵੀ-18ਵੀ ਸਦੀ ਦੇ ਪੁਰਾਤਨ ਯੂਨਾਨੀ ਕਾਵਿ ਸ਼ਾਸਤਰੀ ਪ੍ਰਕਿਰਤੀ ਦਾ ਅਰਥ 'ਨੇਮਾਂ ਵਿਚ ਬੱਝਾ ਜੀਵਨ' ਅਤੇ ਅਨੁਕਰਨ ਦਾ ਅਰਥ 'ਇਨ ਬਿਨ ਉਤਾਰਾ' ਕਰਦੇ ਸਨ ਪਰ ਅਰਸਤੂ ਦਾ ਭਾਵ ਕੇਵਲ ਬਾਹਰੀ ਦਿਸਦਾ ਰੂਪ ਜਾਂ ਸਥੂਲ ਰੂਪ ਹੀ ਨਹੀਂ ਸਗੋਂ ਅੰਦਰੂਨੀ ਰੂਪ ਵੀ ਹੈ। ਇਸ ਵਿਚ ਮਨੁਖੀ ਅਨੁਭਵ, ਵਿਚਾਰ ਅਤੇ ਕਲਪਨਾ ਵੀ ਸ਼ਾਮਿਲ ਹੁੰਦੇ ਹਨ। ਇਸ ਤਰ੍ਹਾਂ ਅਰਸਤੂ ਅਨੁਕਰਨ ਦੀ ਵਸਤੂ ਦੇ ਤਿੰਨ ਰੂਪਾਂ ਦਾ ਵਿਚਾਰ ਕਰਦਾ ਹੈ:

1. ਪ੍ਰਤੀਕ ਰੂਪ

2. ਸੰਭਾਵਿਤ ਰੂਪ

3. ਆਦਰਸ਼ ਰੂਪ

ਪ੍ਰਤੀਕ ਰੂਪ: ਪ੍ਰਤੀਕ ਰੂਪ ਵਿਚ ਅਨੁਕਰਨ ਦਾ ਅਰਥ ਹੈ ਜਿਵੇਂ ਪ੍ਰਕਿਰਤੀ ਪ੍ਰਤੀਤ ਹੁੰਦੀ ਹੈ ਜਾਂ ਹੋ ਰਹੀ ਹੈ। ਇਸ ਅਵੱਸਥਾ ਵਿਚ ਕੇਵਲ ਬਾਹਰੀ ਸਥਿਤੀ ਦੀ ਸੂਚਨਾ ਮਿਲਦੀ ਹੈ।

ਸੰਭਾਵਿਤ ਰੂਪ: ਸੰਭਾਵਿਤ ਰੂਪ ਤੋਂ ਭਾਵ ਹੈ ਜਿਹੋ ਜਿਹਾ ਉਹ ਹੋ ਸਕਦਾ ਹੈ। ਇਸ ਅਵੱਸਥਾ ਵਿਚ ਮਨ ਦਾ ਸਮਾਵੇਸ਼ ਵੀ ਜਾਂਦਾ ਹੈ।ਸੰਭਾਵਿਤ ਰੂਪ ਨੂੰ ਚਿਤਰਣ ਲਈ ਜਿਚੈ ਹੀ ਕਲਪਨਾ ਸ਼ਕਤੀ ਸ਼ਾਮਿਲ ਹੋ ਜਾਂਦੀ ਹੈ।

ਆਦਰਸ਼ ਰੂਪ: ਆਦਰਸ਼ ਰੂਪ ਤੋਂ ਭਾਵ ਹੈ ਜਿਹੋ ਜਿਹਾ ਹੋਣਾ ਚਾਹੀਦਾ ਹੈ। ਆਰਦਸ਼ ਰੂਪ ਵਿਚ ਅਨੁਕਰਨ ਕਰਤਾ ਆਪਣੀ ਇੱਛਾ ਅਤੇ ਵਿਚਾਰ ਨਾਲ ਕੀਤੀ ਕਲਪਨਾ ਨੂੰ ਵੀ ਸ਼ਾਮਿਲ ਕਰ ਲੈਂਦਾ ਹੈ।

ਪਹਿਲੀ ਅਵੱਸਥਾ ਕੇਵਲ ਬਾਹਰੀ ਸਥਿਤੀ ਦੀ ਸੂਚਨਾ ਦਿੰਦੀ ਹੈ। ਇਸ ਵਿਚ ਕੇਵਲ ਦ੍ਰਿਸ਼ਟੀਗੋਚਰ ਗਿਆਨ ਹੀ ਮੁੱਖ ਹੁੰਦਾ ਹੈ। ਦੂਸਰੀ ਅਵੱਸਥਾ ਵਿਚ ਮਨ ਵੀ ਸ਼ਾਮਿਲ ਹੋ ਜਾਂਦਾ ਹੈ ਅਤੇ ਮਾਨਸਿਕ ਬਿੰਬ ਦੁਆਰਾ ਵਸਤੂ ਦਾ ਜਿਹੜਾ ਅੰਦਰੂਨੀ ਪੱਖ ਪ੍ਰੱਗਟ ਹੁੰਦਾ ਹੈ ; ਉਹੀ ਕਾਵਿ ਹੈ। ਤੀਸਰੀ ਅਵੱਸਥਾ ਵਿਚ ਕਲਪਨਾ ਦੇ ਸ਼ਾਮਿਲ ਹੋਣ ਨਾਲ ਵਸਤੂ ਦੀ ਇੱਛਿਤ ਸਥਿਤੀ ਦੀ ਕਲਪਨਾ ਕੀਤੀ ਜਾਂਦੀ ਹੈ। ਇਨ੍ਹਾਂ ਤਿੰਨਾਂ ਪ੍ਰਤਿਕਿਰਿਆਵਾਂ ਨੂੰ ਅਨੁਕਰਨ ਮੰਨ ਲੈਣ ਨਾਲ ਪਲੈਟੋ ਦੀ ਅਨੁਕਰਨ ਸੰਬੰਧੀ ਸੀਮਿਤ ਧਾਰਨਾ ਅਤੇ ਕਵਿਤਾ ਸੰਬੰਧੀ ਮਾੜੀ ਧਾਰਨਾ ਦਾ ਅੰਤ ਹੋ ਜਾਂਦਾ ਹੈ। ਅਰਸਤੂ ਅਨੁਸਾਰ ਕਵਿਤਾ ਵਿਚ ਕਲਪਨਾ ਦਾ ਤੱਤ ਹੋਣਾ ਲਾਜ਼ਮੀ ਹੈ। ਕਲਪਨਾ ਦੀ ਸ਼ਮੂਲੀਅਤ ਨਾਲ ਇੰਦਰੀਗੋਚਰ ਵਸਤੂ ਦਾ ਮਾਨਸਿਕ ਬਿੰਬ ਬਣ ਕੇ ਇੱਛਿਤ ਰੂਪ ਵਿਚ ਨਵ -ਸਿਰਜਨ ਹੁੰਦਾ ਹੈ। ਇਹ ਹੀ ਕਵਿਤਾ ਦੀ ਵਿਸ਼ੇਸ਼ਤਾ ਅਤੇ ਵਿਸ਼ਿਸਿਟਤਾ ਹੈ।

ਅਰਸਤੂ ਦਾ ਮੰਨਣਾ ਹੈ ਕਿ ਸਾਹਿਤਕਾਰ ਦਾ ਸੱਚ ਝੂਠਾ ਨਹੀਂ ਸਗੋਂ ਇਹ ਤਾਂ ਅਸਲੀ ਸੱਚ ਤੋਂ ਵੀ ਜਿਆਦਾ ਖ਼ੂਬਸੂਰਤ ਹੁੰਦਾ ਹੈ। ਅਰਸਤੂ ਅਨੁਸਾਰ ਸਾਹਿਤਕਾਰ 'ਇਨ ਬਿਨ ਨਕਲ' ਨਹੀਂ ਕਰਦਾ ਬਲਕਿ ਆਪਣੀ ਸੁਹਜਾਤਮਕਤਾ ਨਾਲ ਉਸ ਨੂੰ ਵਧੇਰੇ ਪ੍ਰਭਾਵਸ਼ਾਲੀ ਬਣਾ ਦਿੰਦਾ ਹੈ।ਸਾਹਿਤਕਾਰ ਦੀ ਸਿਰਜਣਾਤਮਕਤਾ ਉਸ ਨੂੰ ਵਧੇਰੇ ਗ੍ਰਹਿਣਯੋਗ ਬਣਾ ਦਿੰਦੀ ਹੈ। ਅਸਲ ਵਿਚ ਅਨੁਕਰਨ ਸਿਰਜਨਾਤਮਕ ਦਰਸ਼ਨ ਦੀ ਪ੍ਰਕਿਰਿਆ ਹੈ।

Immitation is a process of creative philosophy.

ਅਰਸਤੂ ਦੇ 'ਕਾਵਿ-ਸ਼ਾਸਤਰ' ਵਿਚ ਅਨੁਕਰਨ ਦਾ ਅਰਥ ਹੈ: ਸਾਹਿਤ ਵਿਚ ਜੀਵਨ ਦਾ ਵਸਤੂਮੂਲਕ ਅੰਕਣ। ਜਿਸ ਨੂੰ ਸਾਧਾਰਨ ਸ਼ਬਦਾਂ ਵਿਚ ਜੀਵਨ ਦੀ ਕਲਪਨਾਤਮਕ ਮੁੜ ਉਸਾਰੀ ਮੰਨਿਆ ਜਾ ਸਕਦਾ ਹੈ। ਇਸ ਤਰਾਂ ਅਰਸਤੂ ਦਾ ਅਨੁਕਰਨ ਕੋਰੀ ਨਕਲ ਨਾ ਹੋ ਕੇ ਨਵ ਸਿਰਜਨਾ ਹੈ। ਅਨੁਕਰਨ ਵਿਚ ਆਨੰਦ ਦੀ ਸ਼ਮੂਲੀਅਤ ਅਰਸਤੂ ਦੀ ਬਹਤ ਵੱਡੀ ਦੇਣ ਹੈ ਜੋ ਅਨੁਕਰਨ ਦੀ ਸੀਮਿਤ ਧਾਰਨਾ ਦਾ ਵਿਸਥਾਰ ਕਰਦੀ ਹੈ। ਤ੍ਰਾਸਦੀ ਦੇ ਆਨੰਦ ਦੀ ਗੱਲ ਕਰਦਿਆਂ ਵੀ ਉਹ ਸਿਰਜਨਾਤਮਕ ਗੁਣ ਵੱਲ ਵਿਸ਼ੇਸ਼ ਸੰਕੇਤ ਕਰਦਾ ਹੈ। ਇਸ ਤਰ੍ਹਾਂ ਅਨੁਕਰਨ ਬਾਰੇ ਅਰਸਤੂ ਦੀ ਧਾਰਨਾ ਦਾ ਭਾਵ ਹੈ ਵਸਤੂ ਦਾ ਪੁਨਰਸਿਰਜਨ ਜਾਂ ਕਾਵਿਆਤਮਕ ਨਿਰਮਾਣ।

ਕਾਵਿ ਦੇ ਸੰਦਰਭ ਵਿਚ ਅਰਸਤੂ ਦਾ ਇਹ ਸਿਧਾਂਤ ਬਹੁਤ ਮਹੱਤਵਪੂਰਨ ਹੈ ਕਿਉਂਕਿ ਇਸ ਸਿਧਾਂਤ ਨੇ ਪਲੈਟੋ ਦੁਆਰੇ ਫੈਲਾਏ ਬਹੁਤ ਵੱਡੇ ਭੁਲੇਖੇ ਨੂੰ ਦੂਰ ਕੀਤਾ। ਅਨੁਕਰਨ ਦਾ ਸ਼ਬਦੀ ਅਰਥ ਬੇਸ਼ਕ ਪ੍ਰਕਿਰਤੀ ਦੀ ਕੋਰੀ ਨਕਲ ਹੁੰਦਾ ਹੈ ਪਰ ਅਰਸਤੂ ਨੇ ਕਲਪਨਾ ਆਧਾਰਿਤ ਨਵ-ਸਿਰਜਨ ਦੁਆਰਾ ਕਾਵਿ ਦੇ ਨਵੇਂ ਪਾਸਾਰਾਂ ਨੂੰ ਪ੍ਰਗਟਾਉਣ ਦਾ ਪ੍ਰਯਤਨ ਕੀਤਾ।

## ਸਾਰ-ਅੰਸ਼:

ਇਸ ਤਰ੍ਹਾਂ ਅਰਸਤੂ ਨੇ ਵੱਖ ਵੱਖ ਦਿਸ਼ਾਵਾਂ ਤੋਂ ਤ੍ਰਾਸਦੀ ਸਬੰਧੀ ਆਪਣੀ ਪੁਸਤਕ ਕਾਵਿ ਸ਼ਾਸਤਰ ਵਿੱਚ ਵਿਚਾਰ ਕਰਦਿਆਂ ਹੋਇਆਂ ਤ੍ਰਾਸਦੀ ਦੀ ਅਸਲ ਆਤਮਾ ਭੈ ਤੇ ਕਰਨਾ ਦੇ ਜਜ਼ਬਿਆਂ ਨੂੰ ਟੁੰਬਣ ਵਾਲੀ ਕਲਾ ਵਸਤੂ ਪਾਤਰ ਚਿਤਰਣ ਤੇ ਅਲੰਕਾਰਿਤ ਭਾਸ਼ਾ ਉੱਤੇ ਮੁੱਖ ਤੌਰ ਤੇ ਜ਼ੋਰ ਦਿੱਤਾ ਹੈ ਜਿਸ ਦਾ ਅਸਲ ਮੰਤਵ ਪਾਠਕਾਂ ਨੂੰ ਇੱਕ ਮਾਨਸਿਕ ਸੰਤੁਲਨ ਪ੍ਰਦਾਨ ਕਰਨ ਦਾ ਹੈ। ਜਦੋਂ ਭੈਅ ਤੇ ਕਰੁਣਾ ਦੇ ਭਾਰੂ ਜਜ਼ਬੇ ਮਨੁੱਖੀ ਆਤਮਾ ਉੱਤੇ ਭਾਰ ਪਾਉਣੋਂ ਹੱਟ ਜਾਣਗੇ ਤਾਂ ਪਾਠਕ ਮਾਨਸਿਕ ਸੰਤੁਲਨ ਅਵਸਥਾ ਵਿੱਚ ਜਿੱਥੇ ਸਰੀਰਿਕ ਤੌਰ ਤੇ ਸੁੱਖ ਦੀ ਪ੍ਰਾਪਤੀ ਕਰਦਾ ਹੈ ਉੱਥੇ ਸਮਾਜਿਕ ਤੌਰ ਤੇ ਵੀ ਸੁੱਖ ਦੀ ਪ੍ਰਾਪਤੀ ਕਰਦਾ ਹੈ। ਸਮਾਜਿਕ ਤੌਰ

ਤੇ ਸਮਾਜ ਵਿੱਚ ਢਹਿੰਦੀਆਂ ਤੇ ਚੜ੍ਹਦੀਆਂ ਕੀਮਤਾਂ ਦਾ ਅਹਿਸਾਸ ਕਰਕੇ ਜ਼ਿੰਦਗੀ ਦੀ ਸੁਚਾਰੂ ਚਾਲ ਚੱਲਣ ਲਈ ਹਾਲਾਤ ਪੈਦਾ ਕਰ ਦਿੰਦਾ ਹੈ ।

ਵਿਰੇਚਣ ਸਿਧਾਂਤ ਅਰਸਤੂ ਦੇ ਤ੍ਰਾਸਦੀ ਵਿੱਚ ਬਹੁਤ ਮਹੱਤਵਪੂਰਨ ਹੈ ਤੇ ਕਈ ਸਦੀਆਂ ਤੋਂ ਇਸ ਦੀ ਮਹੱਤਤਾ ਨਿਰੰਤਰ ਕਾਇਮ ਹੋਈ ਹੈ ਤੇ ਅੱਜ ਵੀ ਕਿੰਨੇ ਦੁਖਾਂਤ ਲਿਖੇ ਜਾਂਦੇ ਹਨ ਜਿਨ੍ਹਾਂ ਵਿੱਚ ਨਾਟਕਕਾਰ ਤ੍ਰਾਸਦੀ ਵਿਚਲੀ ਵਿਰੇਚਨ ਪ੍ਰਕਿਰਿਆ ਨੂੰ ਆਪਣੇ ਧਿਆਨ ਵਿੱਚ ਰੱਖਦਾ ਹੈ ਤੇ ਵਿਰੇਚਨ ਕਰਨ ਲਈ ਹੀ ਅਰਥਾਤ ਆਪਣੇ ਮਨ ਉੱਤੇ ਵਾਧੂ ਪਏ ਹੋਏ ਡਰ ਤੇ ਕਰੁਣਾ ਦੇ ਭਾਵਾਂ ਨੂੰ ਉਤਾਰਨ ਲਈ ਨਾਟਕ ਨੂੰ ਵੇਖਦਾ ਹੈ ।

ਕਾਵਿ ਦੇ ਸੰਦਰਭ ਵਿਚ ਅਰਸਤੂ ਦਾ ਅਨੁਕਰਨ ਸਿਧਾਂਤ ਬਹੁਤ ਮਹੱਤਵਪੂਰਨ ਹੈ ਕਿਉਂਕਿ ਇਸ ਸਿਧਾਂਤ ਨੇ ਪਲੈਟੋ ਦੁਆਰੇ ਫੈਲਾਏ ਬਹੁਤ ਵੱਡੇ ਭੁਲੇਖੇ ਨੂੰ ਦੂਰ ਕੀਤਾ। ਅਨੁਕਰਨ ਦਾ ਸ਼ਬਦੀ ਅਰਥ ਬੇਸ਼ਕ ਪ੍ਰਕਿਰਤੀ ਦੀ ਕੋਰੀ ਨਕਲ ਹੁੰਦਾ ਹੈ ਪਰ ਅਰਸਤੂ ਨੇ ਕਲਪਨਾ ਆਧਾਰਿਤ ਨਵ-ਸਿਰਜਨ ਦੁਆਰਾ ਕਾਵਿ ਦੇ ਨਵੇਂ ਪਾਸਾਰਾਂ ਨੂੰਪ੍ਰਗਟਾਉਣ ਦਾ ਪ੍ਰਯਤਨ ਕੀਤਾ।

## ਮੁੱਖ/ਕੇਂਦਰੀ ਸ਼ਬਦ:

ਅਨੁਕਰਨ ---ਨਕਲ

ਵਿਰੇਚਨ ---ਵਾਧੂ ਵਲਵਲਿਆਂ ਦਾ ਨਿਕਾਸ

ਤ੍ਰਾਸਦੀ ---ਦੁਖਾਂਤ

ਨਿਰੰਤਰ --- ਲਗਾਤਾਰ

## ਸਵੈ-ਮੁਲਾਂਕਣ:

1.ਕੈਥਾਰਸਿਸ ਦਾ ਸੰਬੰਧ ਹੈ-

ੳ. ਜੀਵਨ ਦਾ ਵਿਵੇਚਨਾਤਮਕ ਮੁਲਾਂਕਨ

ਅ. ਜੀਵਨ ਦੀ ਨਵ-ਸਿਰਜਨਾਤਮਕ ਪੇਸ਼ਕਾਰੀ

ੲ. ਆਤਮ ਸ਼ੁਧੀ

ਸ. ਸਤਿਯਮ ਸ਼ਿਵਮ ਸੁੰਦਰਮ

2. ਅਰਸਤੂ ਨੇ 62 ਸਾਲ ਦੀ ਆਯੂ ਤੱਕ ਲਗਭਗ ਕਿੰਨੇ ਗ੍ਰੰਥਾਂ ਦੀ ਰਚਨਾ ਕੀਤੀ

ੳ. 450

ਅ. 400

ੲ. 500

ਸ. 550

3. ਸਰਲ ਕਾਰਜ ਦੀ ਪਛਾਣ ਲਈ ਕਿਹੜਾ ਤੱਤ ਸਹੀ ਨਹੀਂ ਹੈ-

ੳ. ਸਰਲ ਕਾਰਜ ਕਾਰਨ ਕਥਾਨਕ ਸਰਲ ਹੁੰਦਾ ਹੈ।

ਅ. ਸਰਲ ਕਥਾਨਕ ਵਿੱਚ ਕਾਰਜ ਇੱਕ ਹੁੰਦਾ ਹੈ।

ੲ. ਕਥਾਨਕ ਕੇਵਲ ਇਕ ਘਟਨਾ ਨਾਲ ਹੀ ਸਿੱਧਾ ਅੱਗੇ ਚੱਲਦਾ ਹੈ।

ਸ. ਨਾਟਕ ਦੀ ਤੋਰ ਸਿੱਧੀ ਦੀ ਥਾਂ ਵਲੇਵੇ ਵਾਲੀ ਹੁੰਦੀ ਹੈ।

4. ਕਿਹੜਾ ਕਥਨ ਸਹੀ ਹੈ?

ੳ. ਅਰਸਤੂ ਪਲੈਟੋ ਦਾ ਗੁਰੂ ਸੀ।
ਅ. ਅਰਸਤੂ ਤੇ ਪਲੈਟੋ ਦੋਸਤ ਸਨ।
ੲ. ਅਰਸਤੂ ਦਾ ਗੁਰੂ ਪਲੈਟੋ ਸੀ।
ਸ. ਅਰਸਤੂ ਸੁਕਰਾਤ ਦਾ ਚੇਲਾ ਸੀ।

5. ਅਰਸਤੂ ਦੀ ਪੁਸਤਕ ਦਾ ਨਾਮ ਸੀ–
ੳ--The Poetics of literature

ਅ– poetics and Literature

ੲ– The Poetics

ਸ-Poetry and Poetics

6. ਅਨੁਕਰਨ ਸ਼ਬਦ ਅੰਗਰੇਜੀ ਭਾਸ਼ਾ ਦੇ ਸ਼ਬਦ ਦਾ ਪੰਜਾਬੀ ਅਨੁਵਾਦ ਹੈ -

ੳ--Innovation

ਅ– imagination

ੲ– Immitation

ਸ-immigration

7. ਅਨੁਕਰਨ ਸ਼ਬਦ ਦਾ ਅਰਥ ਹੈ--

ੳ-- ਸਾਹਿਤ ਵਿਚ ਜੀਵਨ ਦਾ ਵਸਤੂਮੂਲਕ ਅੰਕਣ

ਅ– ਵਸਤੂ ਦਾ ਪੁਨਰਸਿਰਜਨ

ੲ– ਜੀਵਨ ਦੀ ਕਲਪਨਾਤਮਕ ਮੁੜ ਉਸਾਰੀ

ਸ- ਵਸਤੂ ਦਾ ਕਾਵਿਆਤਮਕ ਨਿਰਮਾਣ

ਹ- ਉਪਰੋਕਤ ਸਾਰੇ

8. ਵਿਰੇਚਨ ਸੰਬੰਧੀ ਮਨੋਵਿਗਿਆਨਕਾਂ ਦੀ ਰਾਇ ਹੈ

ੳ. ਮਾਨਸਿਕ ਸੰਤੁਲਿਨ ਅਵਸਥਾ ਲਈ ਵਿਰੇਚਨ ਦੀ ਵਿਸ਼ੇਸ਼ ਸਾਰਥਿਕ ਉਪਯੋਗਤਾ ਹੈ ।

ਅ. ਮਨ ਵਿਚ ਕਰੁਣਾ ਪੇਦਾ ਹੁੰਦੀ ਹੈ।

ੲ. ਮਨ ਵਿਚ ਤ੍ਰਾਸਦ ਪੇਦਾ ਹੁੰਦਾ ਹੈ।

ਸ. ਮਨ ਅਸੰਸੁਲਿਤ ਅਵੱਸਥਾ ਵਿਚ ਪਹੁੰਚ ਜਾਂਦਾ ਹੈ।

1. ਮੋਇਆਂ ਸਾਰ ਨਾ ਕਾਈ ----ਨਾਟਕ ਰਚਿਤ ਹੈ

ੳ. ਬਲਵੰਤ ਗਾਰਗੀ

ਅ. ਹਰਚਰਨ ਸਿੰਘ

ੲ. ਸੰਤ ਸਿੰਘ ਸੇਖੋਂ

ਸ. ਗੁਰਦਿਆਲ ਸਿੰਘ ਫੁੱਲ

10. ਉਥੈਲੋ ਨਾਟਕ ਵਿੱਚ ਉਥੈਲੋ ਹੈ:

ੳ. ਬਾਦਸ਼ਾਹ ਹੈ

ਅ. ਡਾਕਟਰ ਹੈ

ੲ. ਰਾਜਕੁਮਾਰ ਹੈ

ਸ. ਇੱਕ ਫੌਜੀ ਜਵਾਨ ਹੈ

11. ਕਿੰਗਲਿਅਰ ਨਾਟਕ ਵਿਚ ਲਿਅਰ ਦਾ ਕਿਰਦਾਰ ਹੈ

ੳ. ਸ਼ਹਿਜ਼ਾਦਾ

ਅ. ਬਾਦਸ਼ਾਹ ਹੈ

ੲ. ਵੈਦ ਹੈ

ਸ. ਮੰਤਰੀ ਹੈ

12. ਅਰਸਤੂ ਦਾ ਜਨਮ ਹੋਇਆ-

ੳ. ਈਸਵੀ ਪੂਰਵ 384 ਵਿਚ

ਅ. ਈਸਵੀ ਪੂਰਵ 394 ਵਿਚ

ੲ. ਈਸਵੀ ਪੂਰਵ 380 ਵਿਚ

ਸ. ਈਸਵੀ ਪੂਰਵ 372 ਵਿਚ

13. ਅਰਸਤੂ ਦਾ ਜਨਮ ਮਕੇਦੋਨੀਆ ਵਿੱਚ ਸਤਗਿਰਾ ਨਗਰ ਵਿਖੇ ਹੋਇਆ।

ਇਹ ਕਥਨ ਹੈ:

ੳ. ਸਹੀ

ਅ. ਗ਼ਲਤ

14. ਤ੍ਰਾਸਦੀ ਦਾ ਅੰਤ ਹੋਣਾ ਚਾਹੀਦਾ ਹੈ:

ੳ. ਸੁਖਦਾਈ

ਅ. ਦੁਖਦਾਈ

ੲ. ਦੋਨੋਂ ਹੀ

ਸ. ਕੋਈ ਵੀ ਨਹੀਂ

15. ਪਲੈਟੋ ਦਾ ਮੰਨਣਾ ਹੈ-

ੳ. ਤ੍ਰਾਸਦੀ ਬਹੁਤ ਵਧੀਆ ਹੁੰਦੀ ਹੈ

ਅ. ਤ੍ਰਾਸਦੀ ਬਹੁਤ ਘਟੀਆ ਹੁੰਦੀ ਹੈ

ੲ. ਸਾਹਿਤ ਵਿਚ ਤ੍ਰਾਸਦੀ ਦੀ ਹੋਂਦ ਬਹੁਤ ਆਵਸ਼ਕ ਹੈ

ਸ. ਤ੍ਰਾਸਦਿਕ ਘਟਨਾਵਾਂ ਪਾਠਕਾਂ ਨੂੰ ਆਨੰਦਿਤ ਕਰਦੀਆਂ ਹਨ।

## ਅਭਿਆਸ ਪ੍ਰਸ਼ਨ

1. ਤ੍ਰਾਸਦੀ ਦੇ ਸਿਧਾਂਤ ਤੋਂ ਕੀ ਭਾਵ ਹੈ? ਇਸ ਸਿਧਾਂਤ ਦੀਆਂ ਮੁੱਖ ਦਿਸ਼ਾਵਾਂ ਦਾ ਵਰਣਨ ਕਰੋ।
2. ਅਨੁਕਰਨ ਤੋਂ ਕੀ ਭਾਵ ਹੈ? ਪਲੈਟੋ ਤੇ ਅਰਸਤੂ ਦੀ ਅਨੁਕਰਣ ਧਾਰਨਾ ਵਿਚ ਕੀ ਅੰਤਰ ਹੈ
3. ਵਿਰੇਚਨ ਸਿਧਾਂਤ ਦੀ ਸਾਰਥਕਤਾ ਸੰਬੰਧੀ ਚਰਚਾ ਕਰੋ।
4. ਤ੍ਰਾਸਦੀ, ਵਿਰੇਚਨ ਤੇ ਅਨੁਕਰਨ ਅੰਤਰ ਸੰਬੰਧਿਤ ਹਨ ਸਪੱਸ਼ਟ ਕਰੋ।
5. ਅਰਸਤੂ ਦੇ ਜੀਵਨ ਤੇ ਸਾਹਿਤ ਦੇਣ ਬਾਰੇ ਚਰਚਾ ਕਰੋ।
6. ਕਿਸੇ ਪੰਜਾਬੀ ਨਾਟਕ ਜਾਂ ਫੀਚਰ ਫਿਲਮ ਵਿਚੋਂ ਤ੍ਰਾਸਦਿਕ ਘਟਨਾਵਾਂ ਦੀ ਪਛਾਣ ਕਰੋ।

## ਸੰਦਰਭ ਪੁਸਤਕਾਂ:


- ਨਗੇਦਰ ਅਰਸਤੂ ਦਾ ਕਾਵਿ ਸ਼ਾਸਤਰ, ਅਨੁ.ਡਾ.ਹਰਿਭਜਨ ਸਿੰਘ, ਐਸ ਚਾਂਦ ਐਂਡ ਦਿੱਲੀ ਕੰਪਨੀ
- ਸਮਾਲੋਚਨਾ ਸ਼ਾਸਤਰ, ਪ੍ਰੋ. ਬ੍ਰਹਮਜਗਦੀਸ਼, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, (2011)

## ਮਹੱਤਵਪੂਰਨ ਲਿੰਕ

https://punjabipedia.org/topic.aspx?txt=%E0%A8%85%E0%A8%B0%E0%A8%B8%E0%A8%A4%E0%A9%82

https://www.punjabitribuneonline.com/news/archive/features/%E0%A8%85%E0%A8%B0%E0%A8%B8%E0%A8%A4%E0%A9%82-%E0%A8%A6%E0%A9%87-%E0%A8%95%E0%A8%BE%E0%A8%B5%E0%A8%BF-%E0%A8%B6%E0%A8%BE%E0%A8%B8%E0%A8%A4%E0%A8%B0-%E0%A8%A6%E0%A8%BE-%E0%A8%85%E0%A8%A7%E0%A8%BF%E0%A8%90%E0%A8%A8-1564324

ਉੱਤਰਮਾਲਾ

| | | | | |
|---|---|---|---|---|
| 1. ੲ | 2. ਅ | 3. ਸ | 4. ੲ | 5. ੲ |
| 6. ੲ | 7. ਹ | 8. ੳ | 9. ੲ | 10. ਸ |
| 11.ਅ | 12. ੳ | 13. ੳ | 14. ੲ | 15. ਅ |

DPBI502

# ਅਧਿਆਇ-7: ਲੌਂਜਾਈਨਸ ਦਾ ਉਦਾਤ ਸਿਧਾਂਤ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀਆਂ ਨੂੰ

- ਪੱਛਮ ਦੀ ਸਨਾਤਨੀ ਆਲੋਚਨਾ ਵਿਚ ਲੌਂਜਾਈਨਸ ਦੇ ਪ੍ਰਮੁਖ ਸਿਧਾਂਤਉਦਾਤ' ਬਾਰੇ ਜਾਣਕਾਰੀ ਦਿਵਾਉਣਾ ਹੈ।
- ਉਦਾਤ ਦੇ ਸਰੂਪ ਅਤੇ ਤੱਤਾਂ ਦੀ ਜਾਣਕਾਰੀ ਦੇਣਾ ਹੈ; ਤਾਂ ਕਿ ਵਿਦਿਆਰਥੀ ਸਾਹਿਤ-ਰਚਨਾ ਦੀ ਪ੍ਰਕਿਰਤੀ ਤੇ ਪ੍ਰਯੋਜਨ ਨੂੰ ਸਮਝ ਸਕਣ।
- ਇਸ ਅਧਿਆਇ ਵਿਚ ਉਦਾਤ ਦੀ ਪ੍ਰਕਿਰਤੀ ਸਬੰਧੀ ਭਰਪੂਰ ਚਰਚਾ ਕੀ ਤੀ ਗਈ ਹੈ ਜਿਸ ਨਾਲ ਵਿਦਿਆਰਥੀ ਸਾਹਿਤ ਰਚਨਾ ਦੇ ਮੰਤਵ ਨੂੰ ਸਮਝਦਿਆਂ ਸਾਹਿਤਰੂਪਾਂ ਦਾਂ ਮੁਲਾਂਕਣ ਕਰ ਸਕਣ ਦੇ ਸਮਰੱਥ ਹੋਣਗੇ।

## ਪ੍ਰਸਤਾਵਨਾ:

ਪੱਛਮ ਦੀ ਸਨਾਤਨੀ ਆਲੋਚਨਾ ਵਿਚ ਲੌਂਜਾਈਨਸ ਇੱਕ ਪ੍ਰਮੁੱਖ ਚਿੰਤਕ ਵੱਜੋਂ ਆਪਣੇ ਆਪ ਨੂੰ ਸਥਾਪਿਤ ਕਰਦਾ ਹੈ। ਲੌਂਜਾਈਨਸ ਦਾ ਉਦਾਤ ਸਿਧਾਂਤ ਸਾਹਿਤ ਆਲੋਚਨਾ ਦੇ ਵਿੱਚ ਆਪਣਾ ਵਿਲੱਖਣ ਤੇ ਨਿਵੇਕਲਾ ਸਥਾਨ ਰੱਖਦਾ ਹੈ। ਲੌਂਜਾਈਨਸ ਨੇ ਆਪਣੇ ਪਰਿਐਪਸਿਸ ਨਾਮਕ ਨਿਬੰਧ ਵਿੱਚ ਉਦਾਤ ਦਾ ਵਿਸਥਾਰ ਰੂਪ ਵਿੱਚ ਵਰਣਨ ਕੀਤਾ ਹੈ। 1200 ਸਾਲਾਂ ਬਾਅਦ ਇਸ ਦਾ ਪਹਿਲਾ ਪ੍ਰਕਾਸ਼ਨ 1554 ਈਸਵੀ ਵਿੱਚ ਰਾਬਰਟੈਲੋ ਨੇ ਕੀਤਾ। ਨਿਰਸੰਦੇਹ ਇਹ ਪੁਸਤਕ ਨਾ ਕੇਵਲ ਯੂਨਾਨੀ ਕਾਵਿ ਸ਼ਾਸਤਰ ਦਾ ਅਦੁੱਤੀ ਸਰਮਾਇਆ ਹੈ ਬਲਕਿ ਸਮੁੱਚੇ ਵਿਸ਼ਵ ਵਿਚ ਇਸ ਦੀ ਸ੍ਰੇਸ਼ਟਤਾ ਸਥਾਪਿਤ ਹੋਈ ਹੈ। ਲੌਂਜਾਈਨਸ ਦਾ ਚਿੰਤਨ ਬਿੰਦੂ ਹੋਮਰ ਤੋਂ ਲੈ ਕੇ ਸਿੰਕਦਰੀਅਨ ਯੁੱਗ ਤੱਕ ਦੇ

ਯੂਨਾਨੀ ਸਾਹਿਤ ਦੇ ਪ੍ਰਮੁੱਖ ਸਾਹਿਤਕਾਰਾਂ ਨੂੰ ਆਪਣਾ ਆਧਾਰ ਬਣਾਉਂਦਾ ਹੈ। ਲੌਂਜਾਈਨਸ ਦੇ ਸਾਹਿਤ ਸਿਧਾਂਤਾਂ ਦਾ ਵਿਸ਼ਲੇਸ਼ਣ ਯੂਨਾਨ ਤੇ ਯਹੂਦੀ ਕਵੀਆਂ, ਨਾਟਕਕਾਰਾਂ ਜਾਂ ਇਤਿਹਾਸਕ ਚਿੰਤਕਾਂ ਦੇ ਫਲਸਫ਼ੇ ਤੇ ਆਧਾਰਿਤ ਹੈ। ਉਸ ਨੇ ਸਮੂਹ ਸਾਹਿਤਕਾਰਾਂ ਦੀ ਰਚਨਾ ਨੂੰ ਤੁਲਨਾਤਮਕ ਪਹੁੰਚ ਦੁਆਰਾ ਪ੍ਰਗਟਾਇਆ ਹੈ। ਉਸ ਨੇ ਸਮੁੱਚੇ ਸਾਹਿਤ ਦਾ ਅਧਿਐਨ ਰਚਨਾ ਦੇ ਗੁਣਾਂ-ਔਗੁਣਾਂ ਦੁਆਰਾ ਕਰਦੇ ਹੋਏ ਆਪਣੇ ਸਿਧਾਂਤ ਨੂੰ ਪ੍ਰਗਟਾਉਣ ਦਾ ਪ੍ਰਯਤਨ ਨਹੀਂ ਕੀਤਾ ਬਲਕਿ ਸੰਤੁਲਿਤ ਤੇ ਨਿਯਮਿਤ ਪਹੁੰਚ ਵਿਧੀ ਨੂੰ ਅਪਣਾ ਕੇ ਰਚਨਾਵਾਂ ਦਾ ਨਿਰੂਪਣ ਕੀਤਾ ਹੈ। ਲੌਂਜਾਈਨਸ ਨੇ ਸਮੂਹ ਅਧਿਐਨ ਨੂੰ ਦੋ ਕਿਸਮ ਦੀਆਂ ਰਚਨਾਵਾਂ ਵਿਚ ਵੰਡਿਆ ਹੈ ; ਪਹਿਲੇ ਵਰਗ ਵਿਚ ਉਹ ਰਚਨਾਵਾਂ ਆ ਜਾਂਦੀਆਂ ਹਨ ਜਿਨ੍ਹਾਂ ਵਿਚ ਉਦਾਤ ਦੀ ਕਮੀ ਹੈ।ਦੂਸਰੇ ਵਰਗ ਵਿਚ ਉਹ ਰਚਨਾਵਾਂ ਆ ਜਾਂਦੀਆਂ ਹਨ ਜਿਹੜੀਆਂ ਉਦਾਤ ਤੋਂ ਰਹਿਤ ਹਨ। ਲੌਂਜਾਈਨਸ ਨੇ ਰਚਨਾ ਦੇ ਦੋਸ਼ਾਂ ਤੇ ਔਗੁਣਾਂ ਦੀ ਚਰਚਾ ਕਰਦਿਆਂ ਦੋਸ਼ਾਂ ਨੂੰ ਦੂਰ ਕਰਨ ਦਾ ਸੰਕੇਤ ਕੀਤਾ; ਕਿਉਂਜੋ ਦੋਸ਼ ਅਥਵਾ ਔਗੁਣ ਪਹਿਲਾ ਪਛਾਣੇ ਜਾਂਦੇ ਹਨ ਤੇ ਰਚਨਾ ਦੀ ਉਤਕ੍ਰਿਸ਼ਟਾ ਵਿਚ ਬਾਧਾ ਬਣਦੇ ਹਨ।ਵੱਡੇ ਤੋਂ ਵੱਡਾ ਸਾਹਿਤਕਾਰ ਵੀ ਇਨ੍ਹਾਂ ਦੋਸ਼ਾਂ ਦਾ ਸ਼ਿਕਾਰ ਹੋ ਜਾਂਦਾ ਹੈ।ਇਸ ਲਈ ਲੇਖਕਾਂ ਦਾ ਇਸ ਪ੍ਰਤੀ ਸੁਚੇਤ ਹੋਣਾ ਬਹੁਤ ਜ਼ਰੂਰੀ ਹੈ। ਜਿਸ ਪ੍ਰਕਾਰ ਫੁੱਲੇ ਹੋਏ ਮੋਟੇ ਸਰੀਰ ਭ੍ਰਸ਼ਟ ਤੇ ਭੱਦੇ ਲੱਗਦੇ ਹਨ ਉਸ ਤਰਾਂ ਹੀ ਅਜਿਹੀਆਂ ਲਿਖਤਾਂ ਵੀ ਕੁਚੱਜੀਆਂ ਲੱਗਦੀਆਂ ਹਨ।ਇਸ ਲਈ ਲੌਂਜਾਈਨਸ ਨੇ ਵਿਭਿੰਨ ਉਦਾਹਰਨਾਂ ਤੇ ਪ੍ਰਸੰਗਾਂ ਦੁਆਰਾ ਉਦਾਤ ਦਾ ਸਰੂਪ ਤੇ ਵਿਸ਼ਲੇਸ਼ਣ ਸਪਸ਼ਟ ਕੀਤਾ।

## ਵਿਸ਼ਾ ਵਸਤੂ:

ਲੌਂਜਾਈਨਸ ਦੇ ਜੀਵਨ ਬਾਰੇ ਬਹੁਤੀ ਜਾਣਕਾਰੀ ਹਾਸਲ ਨਹੀਂ ਹੁੰਦੀ। 19ਵੀਂ ਸਦੀ ਤੱਕ ਇਹ ਮੰਨਿਆ ਜਾਂਦਾ ਰਿਹਾ ਸੀ ਕਿ ਲੌਂਜਾਈਨਸ ਤੀਜੀ ਸਦੀ ਦਾ ਪ੍ਰਸਿੱਧ ਦਾਰਸ਼ਨਿਕ ਹੈ।ਵਿਦਵਾਨਾਂ ਦੀ ਖੋਜ ਮੁਤਾਬਕ ਲੌਂਜਾਈਨਸ ਦਾ ਇਹ ਨਿਬੰਧ ਕੈਕਿਲਿਉਸ ਦੀ ਕਿਰਤ ਦੇ ਪ੍ਰਤਿਉੱਤਰ ਵਿਚ ਰਚਿਆ ਗਿਆ। ਇਹ ਸਮਾਂ ਪਹਿਲੀ ਈਸਵੀ ਦਾ ਮੰਨਿਆ ਗਿਆ।ਲੌਂਜਾਈਨਸ ਦਾ ਕੈਕਿਲਿਉਸ ਪ੍ਰਤੀ ਰਵੱਈਆ ਸਮਕਾਲੀਆਂ ਵਾਲਾ ਹੈ ਸੋ ਨਿਰਸੰਦੇਹ ਲੌਂਜਾਈਨਸ ਪਹਿਲੀ ਸਦੀ ਵਿਚ ਹੋਇਆ ਹੋਵੇਗਾ।

ਅਧਿਆਇ ਦੇ ਅਗਲੇ ਭਾਗ ਵਿਚ ਅਸੀਂ ਉਦਾਤ ਦੇ ਸਰੂਪ ਅਤੇ ਵਿਸ਼ੇਸ਼ਤਾਵਾਂ ਦਾ ਅਧਿਐਨ ਕਰਨ ਦਾ ਯਤਨ ਕਰਾਂਗੇ। ਉਦਾਤ ਅੰਗਰੇਜ਼ੀ ਸ਼ਬਦ Sublime ਦਾ ਪੰਜਾਬੀ ਰੂਪਾਂਤਰ ਹੈ।On the Sublime ਦੇ ਨਾਂ ਨਾਲ ਇਸ ਦਾ ਅੰਗਰੇਜ਼ੀ ਅਨੁਵਾਦ ਪ੍ਰਕਾਸ਼ਿਤ ਕੀਤਾ ਗਿਆ। ਇਸ ਨਿਬੰਧ ਜਿਸ ਦਾ ਵਿਸ਼ਾ Sublime ਹੈ।ਇਸ ਵਿੱਚ ਇਹ ਸਪਸ਼ਟ ਕੀਤਾ ਗਿਆ ਕਿ Sublime ਅੰਗਰੇਜ਼ੀ ਦਾ ਸ਼ਬਦ ਇੱਕ ਵਿਸ਼ੇਸ਼ਣ ਹੈ, ਨਾਉਂ ਨਹੀਂ ਹੈ। ਜੋ ਵਸਤੂ ਉਚੇਰੀ ਤੇ ਵਿਸ਼ਾਲ ਹੋਵੇ ਅਤੇ ਜੋ ਵੀ ਸਮਾਜ ਤੇ ਰੋਹਬ ਭਾਵੇ ਉਸ ਨੂੰ ਅੰਗਰੇਜ਼ੀ ਵਿੱਚ Sublime ਕਹਿੰਦੇ ਹਨ ਜਿਵੇਂ ਕਿ ਪਹਾੜ, ਸਮੁੰਦਰ ਹਾਥੀ, ਮਗਰਮੱਛ ਆਦਿ। ਹਿੰਦੀ ਤੇ ਪੰਜਾਬੀ ਵਿੱਚ ਇਸ ਸ਼ਬਦ ਨੂੰ ਉਦਾਤ ਕਹਿਣ ਲੱਗ ਪਏ। ਉਦਾਤਤਾ ਇੱਕ ਪ੍ਰਕਾਰ ਦੀ ਵਿਸ਼ਸ਼ਟਤਾ ਤੇ ਸ੍ਰੇਸ਼ਟਤਾ ਹੈ ਜੋ ਅਭਿਵਿਅਕਤੀ ਵਿੱਚ ਹੋ ਸਕਦੀ ਹੈ। ਮਹਾਨ ਲਿਖਾਰੀ ਤੇ ਕਵੀ ਉਦਾਤਤਾ ਦੇ ਜ਼ੋਰ ਤੇ ਹੀ ਉੱਚਤਮ ਪਦਵੀ ਅਤੇ ਅਮਰ ਪ੍ਰਸਿੱਧੀ ਨੂੰ ਪ੍ਰਾਪਤ ਹੋਏ ਹਨ ਸਾਹਿਤਿਕ ਉੱਚਤਾ ਕੇਵਲ ਆਪਣੇ ਵੱਲ ਖਿੱਚਦੀ ਹੀ ਨਹੀਂ ਸਗੋਂ ਆਪਣੇ ਪ੍ਰਭਾਵ ਵਿੱਚ ਰੋੜ ਕੇ ਲੈ ਜਾਂਦੀ ਹੈ। On the Sublime ਪੁਸਤਕ ਵਿਚ ਕਿਤੇ ਵੀ ਉਦਾਤ ਬਾਰੇ ਕੋਈ ਠੋਸ, ਨਿੱਗਰ ਜਾਂ ਸਪੂੰਰਨ ਪਰਿਭਾਸ਼ਾ ਨਹੀਂ ਮਿਲਦੀ; ਪਰ ਪਸਤਕ ਦੇ ਹਵਾਲਿਆਂ ਤੋਂ ਇਹ ਸੰਕੇਤ ਉੱਭਰਦੇ ਹਨ:

1. ਉੱਤਮ ਭਾਸ਼ਾ ਵਿਚ ਰਚੀ ਹੋਈ ਰਚਨਾ।
2. ਅਤਿਅੰਤ ਪ੍ਰਬੱਲ ਤੇ ਅਰੋਕ ਪ੍ਰਭਾਵ ਵਾਲੀ ਰਚਨਾ।
3. ਸਦੀਵੀਂ ਤੇ ਚਿਰਸਥਾਈ ਪ੍ਰਭਾਵ ਵਾਲੀ ਰਚਨਾ; ਜਿਸ ਦੀ ਹਰ ਪੜ੍ਹਤ ਪਹਿਲਾਂ ਨਾਲੋਂ ਵਧੇਰੇ ਗੂੜ੍ਹੀ ਤੇ ਵਧੇਰੇ ਅਸਰ ਵਾਲੀ ਹੋਵੇ।
4. ਮਹਾਨ ਆਨੰਦ ਦੀ ਅਨੁਭੂਤੀ ਕਰਵਾਉਣ ਵਾਲੀ ਰਚਨਾ।
5. ਸ਼ਬਦਾਂ ਦੇ ਪਾਰ ਤੋਂ ਅਰਥਾਂ ਦਾ ਸੰਚਾਲਨ।

ਲੌਂਜਾਈਨਸ ਨੇ ਪਰਿਐਪਸਿਸ ਵਿਚ ਉਦਾਤਤਾ ਦੀ ਕੋਈ ਸਪਸ਼ਟ ਪਰਿਭਾਸ਼ਾ ਨਹੀਂ ਦਿੱਤੀ ਸਗੋਂ ਇਸ ਦੇ ਵੱਖ ਵੱਖ ਹਿੱਸਿਆਂ ਵਿੱਚ ਇਸ ਸਬੰਧੀ ਭਰਪੂਰ ਵਿਚਾਰ ਪੇਸ਼ ਕੀਤੇ ਹਨ। ਉਦਾਰਤਾ ਇੱਕ ਮਹਾਨ ਆਤਮਾ ਦਾ ਪ੍ਰਤੀਬਿੰਬ ਹੁੰਦਾ ਹੈ ਜਿਸ ਦਾ ਪ੍ਰਭਾਵ ਅਤਿਅੰਤ ਪ੍ਰਬਲ ਹੈ ਉਦਾਰਤਾ ਦੀ ਉਹੀ ਉਦਾਹਰਨ ਸ੍ਰੇਸ਼ਟ ਤੇ ਸਹੀ ਸਮਝਣੀ ਚਾਹੀਦੀ ਹੈ ਜੋ ਸਮਸਤ ਵਿਅਕਤੀ ਨੂੰ ਸਦੀਵੀ ਆਨੰਦ ਦੇ ਸਕੇ। ਸੱਚੀ ਉਦਾਤਤਾ ਦੁਆਰਾ ਸਾਡੀ ਆਤਮਾ ਸੁੱਤੇ ਸਿੱਧ ਹੀ ਉੱਠ ਕੇ ਉੱਚੇ ਆਦਰਸ਼ਾਂ ਵਿੱਚ ਵਿਚਰਨ ਲੱਗ ਜਾਂਦੀ ਹੈ।। ਵਾਸਤਵ ਵਿੱਚ ਉਦਾਤ ਭਾਵੀ ਰਚਨਾ ਉਹ ਹੈ ਜੋ ਸਾਹਿਤ ਦੀ ਉੱਤਮ ਕਸਵੱਟੀ ਉੱਪਰ ਕਸੀ ਜਾਣ ਉਪਰੰਤ ਪੂਰੀ ਉਤਰੇ। ਜਿਸ ਤੋਂ ਪ੍ਰਭਾਵਿਤ ਹੋਏ ਬਿਨਾਂ ਰਿਹਾ ਵੀ ਨਾ ਜਾ ਸਕੀ ਇਸ ਦੀ ਪਕੜ ਏਨੀ ਡੂੰਘੀ ਅਤੇ ਅਤੇ ਪ੍ਰਬਲ ਹੋਵੇ ਕਿ ਮੇਟਿਆਂ ਵੀ ਮਿੱਟ ਨਾ ਸਕਦੀ ਹੋਵੇ। ਇਹ ਉਦਾਤਤਾ ਪ੍ਰਗਟਾ ਦੀ ਵਿਸ਼ਿਸ਼ਟਤਾ ਤੇ ਉੱਤਕ੍ਰਿਸ਼ਟਾ ਵਿੱਚ ਵੀ ਹੁੰਦੀ ਹੈ। ਬਿਨਾਂ ਅੱਖ ਝਪਕਾਏ ਬਿਜਲੀ ਦੇ ਝਲਕਾਰੇ ਵੱਲ ਸਾਹਮਣਾ ਕਰ ਸਕਣਾ ਤਾਂ ਆਸਾਨ ਹੈ ਪਰ ਉਦਾਤ ਰਚਨਾ ਵਿਚਲੇ ਤੀਬਰ ਭਾਵ ਵੇਗ ਨੂੰ ਝੱਲ ਸਕਣਾ ਅਸੰਭਵ ਹੁੰਦਾ ਹੈ; ਅਜਿਹੀ ਉਦਾਤਤਾ ਵਿੱਚ ਵਿਸ਼ੇ ਤੇ ਰੂਪ ਦੋਹਾਂ ਵਿਚਲੇ ਆਪਸੀ ਸੁੰਦਰ ਉਤਕ੍ਰਿਸ਼ਟ ਸੁਮੇਲ ਦਾ ਹੋਣਾ ਜ਼ਰੂਰੀ **ਹੈ**

ਲੌਂਜਾਈਨਸ ਤੋਂ ਡੇਢ ਹਜ਼ਾਰ ਸਾਲ ਬਾਅਦ ਅਰਥਾਤ 1756 ਵਿਚ Admond burke ਦਾ ਇੱਕ ਨਿਬੰਧ essay on the sublime and beautiful ਪ੍ਰਕਾਸ਼ਿਤ ਹੋਇਆ। ਬਰਕ ਨੇ ਇਸ ਵਿੱਚ ਦੱਸਿਆ ਕਿ ਮਨੁਖ ਦੂਸਰੇ ਦੇ ਦੁੱਖ ਵਿਚ ਸੁੱਖ ਅਨੁਭਵ ਕਰਦਾ ਹੈ ਦੂਜਿਆਂ ਦੇ ਦੁਰਭਾਗ ਤੇ ਮੁਸੀਬਤ ਨੂੰ ਵੇਖ ਕੇ ਦੁੱਖ ਦੇ ਨਹੀਂ ਸਗੋਂ ਸੁੱਖ ਦੇ ਹੰਝੂ ਵਹਾਉਂਦੇ ਹਨ ਜਿਨ੍ਹਾਂ ਵਸਤਾਂ ਦੁਆਰਾ ਸ਼ੋਕ ਅਤੇ ਕਲਪਨਾ ਦਾ ਅਸੀਂ ਆਨੰਦ ਮੋਹ delight ਦਾ ਅਹਿਸਾਸ ਕਰਦੇ ਹਾਂ ਬਰਕ ਦਾ ਵਿਚਾਰ ਹੈ ਕੇ ਉਦਾਤ ਭਾਵ ਦੀ ਉਪਤੀ ਦਾ ਕਾਰਨ ਪੀੜਾ ਜਾਂ ਦੁੱਖ ਹੈ ਕਲਪਨਾ ਵਿੱਚ ਕਿਸੇ ਪ੍ਰਕਾਰ ਦਾ ਦੁੱਖ ਉਤਪੰਨ ਕਰਨਾ ਹੈ। ਬਿਨਾਂ ਦੁੱਖ ਦੇ ਸੁੱਖ ਦੀ ਉਤਪਤੀ ਨਹੀਂ ਹੋ ਸਕਦੀ। ਬੇਸ਼ੱਕ ਲੌਂਜਾਈਨਸ ਨੇ ਇਸ ਸਬੰਧ ਵਿੱਚ ਉਦਾਤ ਦੀ ਕੋਈ ਪਰਿਭਾਸ਼ਾ ਨਹੀਂ ਦਿੱਤੀ ਫਿਰ ਵੀ ਇਸ ਵਿੱਚ ਉਦਾਤ ਦੀ ਪ੍ਰਕਿਰਤੀ ਸਬੰਧੀ ਕਾਫੀ ਕੁਝ ਪ੍ਰਾਪਤ ਹੁੰਦਾ ਹੈ ਲੌਂਜਾਈਨਸ ਅਨੁਸਾਰ:

"ਮਹਾਨ ਸਾਹਿਤ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਪਾਠਕ ਜਾਂ ਸਰੋਤੇ ਨੂੰ ਮਹਾਨ ਆਨੰਦ ਦੀ ਪ੍ਰਾਪਤੀ ਹੁੰਦੀ।ਹੈ

ਮਹਾਨ ਸਾਹਿਤ ਸਬੰਧੀ ਵਿਚਾਰ ਕਰਦਿਆਂ ਹੋਇਆਂ ਲੌਂਜਾਈਨਸ ਲਿਖਦਾ ਹੈ ਕਿ ਉਦਾਰਤਾ ਮਹਾਨ ਆਤਮਾ ਦੀ ਗੂੰਜਾਰ ਹੈ।

sublimity is the echo of great soul .

ਉਦਾਤਤਾ ਦਾ ਕੇਵਲ ਵਿਚਾਰ ਹੀ ਆਪਣੇ ਆਪ ਵਿੱਚ ਸ਼ਬਦ ਬੋਲੇ ਵਿਸਮਾਦ ਪੈਦਾ ਕਰਦਾ ਹੈ ਕਿਉਂਕਿ ਇਸ ਦੇ ਪਿੱਛੇ ਆਤਮਾ ਦੀ ਮਹਾਨਤਾ ਹੈ। ਮਹਾਨ ਸ਼ਬਦ ਉਨ੍ਹਾਂ ਦੇ ਮੁਖਾਰਬਿੰਦ ਤੋਂ ਨਿਕਲਦੇ ਹਨ ਜਿਨ੍ਹਾਂ ਦੇ ਵਿਚਾਰ ਡੂੰਘੇ ਅਤੇ ਗੰਭੀਰ ਹੋਣ ਇਸ ਕਾਰਨ ਗੌਰਵਸ਼ਾਲੀ ਆਤਮਾ ਦੀ ਪ੍ਰਤਾਪੀ ਬਾਣੀ ਸੁਭਾਵਿਕ ਹੁੰਦੀ ਹੈ। ਲੌਂਜਾਈਨਸ ਅਨੁਸਾਰ

> "ਸਾਹਿਤ ਦਾ ਮੰਤਵ ਵਲਵਲੇ ਦੇ ਵੇਗ ਭਾਵਾਂ ਦੀ ਸੂਖ਼ਮਤਾ ਅਤੇ ਸੁਹਜਾਤਮਕ ਸਿੱਖਰਾਂ ਦੁਆਰਾ ਪਾਠਕਾਂ ਜਾਂ ਸਰੋਤਿਆਂ ਦੀ ਅੰਤਰ ਆਤਮਾ ਨੂੰ ਹਲੂਣ ਕੇ ਉਸ ਵਿੱਚ ਝਰਨਾਹਟ ਛੇੜ ਕੇ ਧਰਤੀ ਤੋਂ ਉੱਪਰ ਚੁੱਕ ਕੇ ਭਾਵਨਾਵਾਂ ਦੇ ਮੰਡਲ ਵਿੱਚ ਆਨੰਦ ਤੇ ਆਵੇਸ਼ ਦੀ ਹਾਲਤ ਵਿੱਚ ਪਹੁੰਚਾਉਣਾ ਹੈ।"

ਲੌਂਜਾਈਨਸ ਦੇ ਇਹ ਵਿਚਾਰ ਪੇਸ਼ ਕੀਤਾ ਹੈ ਕਿ ਸਾਹਿਤ ਦੀ ਉਦਾਰਤਾ ਸ਼ਖ਼ਸੀਅਤ ਦੀ ਸ੍ਰੇਸ਼ਟਤਾ ਉੱਤੇ ਹੀ ਆਧਾਰਿਤ ਹੁੰਦੀ ਹੈ ਵਿਚਾਰ ਹੈ ਕਿ ਸਾਹਿਤਕਾਰ ਕੋਲ ਵਿਚਾਰਾਂ ਦੀ ਉਦਾਤਤਾ ਨਾਲ ਪ੍ਰਗਟਾਵੇ ਦੀ ਵਿਸ਼ੇਸ਼ ਗੌਰਵਤਾ ਕਲਾ ਕੁਸ਼ਲਤਾ ਦਾ ਹੋਣਾ ਜ਼ਰੂਰੀ ਹੈ ਉਸ ਵਾਸਤੇ ਉਹ ਹੀ ਕਾਵਿ ਰਚਨਾ ਖਾਸ ਹੁੰਦੀ ਹੈ ਜਿਸ ਨੂੰ ਪਾਠਕ ਬਾਰ -ਬਾਰ ਪੜ੍ਹਨ ਲਈ ਉਤੇਜਿਤ ਹੋ ਜਾਵੇ ਅਤੇ ਜਿਹੜੀ ਸਰਬ ਕਲਾ ਅਤੇ ਸਰਵ ਵਿਆਪਕ ਹੋਵੇ।

ਲੌਂਜਾਈਨਸ ਨੇ ਇਸ ਨਿਬੰਧ ਦੇ ਅੱਠਵੇਂ ਭਾਗ ਵਿੱਚ ਉਦਾਸ ਦੇ ਸਰੋਤਾਂ ਦਾ ਜ਼ਿਕਰ ਕੀਤਾ ਹੈ । W.H.Rolet ਬੜੇ ਸਪੱਸ਼ਟ ਢੰਗ ਨਾਲ ਕਿਹਾ ਤੇ ਇਸ ਨੂੰ ਪੰਜ ਸਿਰਲੇਖਾਂ ਵਿਚ ਵੰਡਿਆ ਹੈ

1. ਉਤਕ੍ਰਿਸ਼ਟ ਵਿਚਾਰ

2. ਤੀਖਣਭਾਵ
3. ਯੋਗ ਅਲੰਕਾਰਤਾ
4. ਉਤਕ੍ਰਿਸ਼ਟ ਸ਼ਬਦ ਚੋਣ
5. ਰਚਨਾ ਵਿਧਾਨ

## ਉਤਕ੍ਰਿਸ਼ਟ ਵਿਚਾਰ:

ਸਾਹਿਤ ਵਿੱਚ ਉਤਕ੍ਰਿਸ਼ਟ ਵਿਚਾਰਾਂ ਦੀ ਬੜੀ ਮਹਾਨਤਾ ਹੈ। ਪ੍ਰਸਿੱਧ ਆਲੋਚਕ ਮੈਥਿਊ ਆਰਨਲਡ ਦਾ ਵਿਚਾਰ ਹੈ ਕਿ ਸਿਰਜਣਾਤਮਿਕ ਸਾਹਿਤ ਜਿਨ੍ਹਾਂ ਤੱਥਾਂ ਤੇ ਆਧਾਰਿਤ ਹੁੰਦਾ ਹੈ ਉਸ ਨੂੰ ਵਿਚਾਰ ਕਿਹਾ ਜਾਂਦਾ ਹੈ ਇਹ ਵਿਚਾਰ ਆਪਣੇ ਸਮੇਂ ਦੀ ਸਰਬ ਸ੍ਰੇਸ਼ਟ ਵਿਚਾਰ ਹੁੰਦੇ ਹਨ ।

ਲੌਂਜਾਈਨਸ ਦਾ ਵਿਚਾਰ ਹੈ ਕਿ ਉਤਕ੍ਰਿਸ਼ਟਤਾ ਦਾ ਪਹਿਲਾ ਕੁਦਰਤੀ ਸੋਮਾ ਉਤਕ੍ਰਿ ਸ਼ਟ ਵਿਚਾਰ ਹਨ; ਉਤਕ੍ਰਿਸ਼ਟ ਵਿਚਾਰਾਂ ਦਾ ਸੰਬੰਧ ਉਤਕ੍ਰਿਸ਼ਟ ਆਤਮਾ ਨਾਲ ਹੁੰਦਾ ਹੈ। ਮਹਾਨ ਰਚਨਾਵਾਂ ਮਹਾਨ ਆਤਮਾਵਾਂ ਦੀਆਂ ਖਾਸ ਜੀਵਨ ਧੜਕਣਾ ਹੁੰਦੀਆਂ ਹਨ ਜਿਨ੍ਹਾਂ ਨੂੰ ਭਵਿੱਖ ਵਿੱਚ ਆਉਣ ਵਾਲੀਆਂ ਪੀੜ੍ਹੀਆਂ ਲਈ ਸੁਰੱਖਿਅਤ ਰੱਖਿਆ ਜਾਂਦਾ ਹੈ ਅੰਗਰੇਜ਼ੀ ਕਵੀ ਨੇ ਇਸ ਵਿਚਾਰ ਦੀ ਪ੍ਰੋੜਤਾ ਕਰਦੇ ਹੋਏ ਲਿਖਿਆ ਹੈ ਕਿ ਮਹਾਨ ਪੁਸਤਕਾਂ ਮਹਾਨ ਆਤਮਾਵਾਂ ਦੇ ਲਹੂ ਵਿੱਚੋਂ ਉਪਜਦੀਆਂ ਹਨ ।ਮਹਾਨ ਵਿਚਾਰਾਂ ਤੋਂ ਬਿਨਾਂ ਕੋਈ ਵੀ ਰਚਨਾ ਮਹਾਨ ਨਹੀਂ ਹੋ ਸਕਦੀ ਇਸ ਲਈ ਲੌਂਜਾਈਨਸ ਦਾ ਵਿਚਾਰ ਹੈ ਕਿ ਹਰ ਸਾਹਿਤਕਾਰ ਦਾ ਕਰਤੱਵ ਹੈ ਕਿ ਉਹ ਆਪਣੇ ਅੰਦਰ ਮਹਾਨ ਵਿਚਾਰਾਂ ਨੂੰ ਸੰਕਲਿਤ ਕਰੇ ਤੇ ਸੰਚਿਤ ਕਰੇ। ਨੈਤਿਕ, ਸ੍ਰੇਸ਼ਟ ਤੇ ਉੱਚ ਵਿਚਾਰਾਂ ਨੂੰ ਮਨ ਅੰਦਰ ਸੰਚਿਤ ਕਰਨਾ ਸਾਹਿਤਕਾਰ ਦਾ ਦਾ ਜ਼ਰੂਰੀ ਧਰਮ ਹੈ । ਮਹਾਨ ਵਿਚਾਰ ਉਦੋਂ ਪੈਦਾ ਹੁੰਦੇ ਹਨ ਉੱਥੇ ਪੈਦਾ ਹੁੰਦੇ ਹਨ ਜਿਨ੍ਹਾਂ ਦਾ ਚਿੰਤਨ ਗੰਭੀਰ ਵਿਸ਼ਾਲ ਉੱਤਮ ਤੇ ਦੀਰਘ ਹੋਵੇ। ਇਸ ਸਬੰਧੀ ਵਿਚਾਰ ਕਰਦਾ ਹੋਇਆਲੌਂਜਾਈਨਸ ਲਿਖਦਾ ਹੈ:

"ਇਹ ਹੋ ਹੀ ਨਹੀਂ ਸਕਦਾ ਕਿ ਉਮਰ ਭਰ ਕੋਈ ਭੈੜੇ ਆਦੇਸ਼ ਤੇ ਵਿਚਾਰਾਂ ਵਿੱਚ ਫੱਸਿਆ ਰਹੇ ਤੇ ਫਿਰ ਉਸ ਦੀ ਕਿਰਤ ਅਮਰ ਹੋ ਜਾਵੇ"

ਉੱਤਮ ਵਚਨ ਆਤਮਾ ਦੀ ਉੱਤਮਤਾ ਦੇ ਸੂਚਕ ਹਨ। ਲੌਂਜਾਈਨਸ ਵੱਲੋਂ ਵਿਚਾਰਾਂ ਦੀ ਉੱਤਮਤਾ ਤੇ ਮਹਾਨਤਾ ਉੱਤੇ ਦਿੱਤੇ ਗਏ ਜ਼ੋਰ ਤੋਂ ਇਹ ਗੱਲ ਸਪਸ਼ਟ ਹੋ ਜਾਂਦੀ ਹੈ ਕਿ ਉਦਾਤ ਰਚਨਾ ਨੈਤਿਕ ਤੌਰ ਤੇ ਵੀ ਮਹਾਨ ਹੋਣੀ ਚਾਹੀਦੀ ਹੈ।

ਲੌਂਜਾਈਨਸ ਅਨੁਸਾਰ ਮਹਾਨ ਵਿਚਾਰਾਂ ਨੂੰ ਗ੍ਰਹਿਣ ਕਰਨ ਦਾ ਸੋਮਾਪੁਰਾਣੀਆਂ ਲਿਖਤਾਂ ਹਨ।ਇਨ੍ਹਾਂ ਪ੍ਰਚਲਿਤ ਲਿਖਤਾਂ ਤੋਂ ਸਹਿਜੇ ਹੀ ਲਾਭ ਲਿਆ ਜਾ ਸਕਦਾ ਹੈ। ਇਹ ਵਰਤਾਰਾ ਜਿੱਥੇ ਪਹਿਲੇ ਰਚੇ ਸਾਹਿਤ ਪ੍ਰਤੀ ਨਿਸ਼ਠਾ ਦਾ ਪ੍ਰਤੀਕ ਹੈ ਉੱਥੇ ਹੋਰ ਬਿਹਤਰੀ ਲਈ ਯਤਨ ਦੀ ਪ੍ਰਵਿਰਤੀ ਵੀ ਹੈ। ਇਸ ਵਿਚ ਗ੍ਰਹਿਣ ਦੀ ਪ੍ਰਵਿਰਤੀ ਹੈ ਨਾ ਕਿ ਆਤਮਸਮਰਪਣ ਦੀ। ਲੌਂਜਾਈਨਸ ਨੇ ਉਦਾਤ ਪ੍ਰਤਿਭਾ ਦੇ ਇਨ੍ਹਾਂਲੱਛਣਾਂ ਨੂੰ ਇਸ ਤਰ੍ਹਾਂ ਪ੍ਰਗਟਾਇਆ ਹੈ:

1. ਪੂਰਬਲੀ ਰਚਨਾਵਾਂ ਦਾ ਅਨੁਸਰਣ ਕਰਨਾ।
2. ਪੂਰਬਲੇ ਸਾਹਿਤਕਾਰਾਂ ਤੱਕ ਦੀ ਪਹੁੰਚ ਕਰਨੀ।
3. ਪੂਰਬਲੇ ਸਾਹਿਤ ਨੂੰ ਮੂਲ ਸਰੋਤ ਨਿਰਧਾਰਿਤ ਕਰਦੇ ਹੋਏ ਹੋਰ ਪਾਸਾਰਾਂ ਦੀ ਤਲਾਸ਼ ਕਰਨੀ।

ਮਹਾਨ ਵਿਚਾਰਾਂ ਦੀ ਪ੍ਰਾਪਤੀ ਲਈ ਸਮੂਹ ਸੰਸਕ੍ਰਿਤੀ ਦਾ ਅਧਿਐਨ ਬਹੁਤ ਜ਼ਰੂਰੀ ਹੈ। ਮਹਾਨ ਸੰਕਲਪਨਾਵਾਂਸੰਸਕ੍ਰਿਤੀ ਤੇ ਪ੍ਰਕਿਰਤੀ ਦੇ ਤੱਤਾਂ ਤੋਂ ਹੀ ਲੱਭੀ ਜਾ ਸਕਦੀ ਹੈ।ਕ੍ਰਿਆਸ਼ੀਲ ਲੇਖਕ ਜਾਂ ਕਲਾਕਾਰ ਅਨੇਕਾਂ ਰੰਗਾਂ -ਰੂਪਾਂ ਵਿਚ ਖਿੰਡੀ-ਪੁੰਡੀ ਸੰਸਕ੍ਰਿਤੀ ਨੂੰ ਵਿਭਿੰਨ ਬਿੰਬਾਂ ਵਿਚ ਪੇਸ਼ ਕਰਦਾ ਹੈ। ਲੇਖਕ ਦੀ ਸੰਕਲਪਨਾ ਪੇਸ਼ਕਾਰੀ ਤੋਂ ਪਹਿਲਾਂ ਦੀ ਅਵਸੱਥਾ ਹੈ। ਸੰਕਲਪਨਾ ਤੋਂ ਪੇਸ਼ਕਾਰੀ ਤੀਕ ਲੇਖਕ ਦਾ ਸਮੁੱਚਾ ਪਸਾਰਾ ਅਨੁਭਵ ਤੇ ਆਧਾਰਿਤ ਹੁੰਦਾ ਹੈ।

## ਤੀਖਣ ਭਾਵ:

ਲੌਂਜਾਈਨਸ ਨੇ ਤੀਬਰ ਅਤੇ ਤੀਖਣ ਭਾਵਾਂ ਨੂੰ ਉਦਾਤਤਾ ਦਾ ਦੂਜਾ ਮਹਾਨ ਤੱਤ ਮੰਨਿਆ ਹੈ ਕਿ ਉਦਾਤ ਭਾਵਾਂ ਵਿੱਚ ਮਨ ਨੂੰ ਹਲੂਣਨ ਦੀ ਬੜੀ ਸਮਰੱਥਾ ਹੁੰਦੀ ਹੈ ਤੀਖਣ ਤੇ ਸੱਚੇ ਭਾਵ ਉਦਾਤ ਦੀ ਉਤਪਤੀ ਦਾ ਸੋਮਾ ਹੁੰਦੇ ਹਨ। ਲੌਂਜਾਈਨਸ ਨੇ ਆਪਣੇ ਨਿਬੰਧ ਵਿਚ ਭਾਵਾਂ ਦਾ ਵੱਖ ਵੱਖ ਥਾਵਾਂ ਤੇ ਸੰਕੇਤ ਕੀਤਾ ਹੈ; ਪਰ ਕਿਤੇ ਵੀ ਨਿੱਠ ਕੇ ਚਰਚਾ ਨਹੀਂ ਕੀਤੀ।ਲੌਂਜਾਈਨਸ ਅਨੁਸਾਰ ਭਾਵ-ਤਰੰਗ ਮਨ ਦੇ ਰੋੜ ਅਤੇ ਉਸਦੀ ਹਿੱਲ-ਜੁੱਲ ਨੂੰ ਕਿਹਾ ਜਾਂਦਾ ਹੈ। ਭਾਵ ਮਨ ਦੀ ਉਹ ਵ੍ਰਿਤੀ ਹੈ ਜੋ ਆਪਣੇ ਆਪ ਵਿਚ ਕਿਰਿਆਹੀਣ ਹੁੰਦੀ ਹੈ ਪਰ ਕਿਸੇ ਬਾਹਰਲੀ ਉਕਸਾਹਟ ਨਾਲ ਮਨ ਦੀ ਸਥਿਤੀ ਨੂੰ ਤਰੰਗਿਤ ਕਰ ਦਿੰਦੀ ਹੈ।ਇਨ੍ਹਾਂ ਦੀ ਗਿਣਤੀ ਅਣਗਿਣਤ ਹੋ ਸਕਦੀ ਹੈ। ਭਾਵਾਂ ਨੂੰ ਸੁਖਾਤਮਕ ਤੇ ਦੁਖਾਤਮਕ ਕਿਸਮਾਂ ਵਿਚ ਵੰਡਿਆ ਜਾ ਸਕਦਾ ਹੈ ਪਰ ਭਾਵ ਦੀ ਮਾਤਰਾ ਦਾ ਅੰਦਾਜ਼ਾ ਉਸਦੇ ਸੁਖਾਤਮਕ ਪ੍ਰਭਾਵ ਤੋਂ ਲਾਇਆ ਜਾ ਸਕਦਾ ਹੈ। ਪ੍ਰਸਿੱਧ ਕਵੀ ਵਰਡਜ਼ਵਰਥ ਨੇ ਵੀ ਕਵਿਤਾ ਨੂੰ ਮਨੁੱਖੀ ਮਨ ਦੀਆਂ ਸ਼ਕਤੀਸ਼ਾਲੀ ਭਾਵਨਾਵਾਂ ਦਾ ਸਹਿਜ ਸੁਭਾਵਿਕ ਉਪਰਾਲਾ ਆਖਿਆ ਹੈ । ਲੌਂਜਾਈਨਸ ਨੇ ਵੀ ਇਸ ਉੱਪਰ ਜ਼ੋਰ ਦਿੰਦਿਆਂ ਕਿਹਾ ਹੈ

> "ਉਤਕ੍ਰਿਸ਼ਟ ਵਿਚਾਰਾਂ ਦੇ ਨਾਲ ਨਾਲ ਤੀਖਣ ਭਾਵ ਵੀ ਉਦਾਤ ਦਾ ਪ੍ਰੇਰਨਾ ਸਰੋਤ ਹਨ। ਜੇ ਉਤਕ੍ਰਿਸ਼ਟ ਵਿਚਾਰ ਕਰਤਾਰੀ ਇੱਛਾ ਦੇ ਪ੍ਰਤੀਕ ਹਨ ਤਾਂ ਤੀਖਣ ਭਾਵ ਸਵੈ ਪ੍ਰਗਟਾਵੇ ਦੀ ਇੱਛਾ ਦੇ ਪ੍ਰਤੀਕ ਹਨ।"

ਭਾਵ ਇਹ ਹੈ ਕਿ ਉਦਾਤ ਰਚਨਾ ਵਿੱਚ ਭਾਵਾਂ ਦੀ ਤੀਖਣਤਾ ਦਾ ਹੋਣਾ ਜ਼ਰੂਰੀ ਹੈ। ਭਾਵਾਂ ਨੂੰ ਉੱਤਮ ਭਾਵਾਂ ਤੇ ਹੀਣ ਭਾਵਾਂ ਵਿੱਚ ਵੰਡਿਆ ਜਾ ਸਕਦਾ ਹੈ। ਉੱਤਮ ਭਾਵਾਂ ਵਿੱਚ ਉੱਦਮ, ਯੋਗਤਾ, ਹੌਸਲਾ, ਸੰਘਰਸ਼, ਆਨੰਦ, ਵਿਕਾਸ ਤੇ ਖੇੜਾ ਆਦਿ ਭਾਵਾਂ ਨੂੰ ਰੱਖਿਆ ਗਿਆ ਹੈ ਜਦ ਕੇ ਹੀਣ ਭਾਵਨਾ ਅਧੀਨ ਲੌਂਜਾਈਨਸ ਨੇ ਕਰੁਣਾ , ਭੈਅ, ਕਾਮ ਤੇ ਉਦਾਸੀ ਆਦਿ ਨੂੰ ਰੱਖਿਆ ਹੈ । ਅਜਿਹੇ ਉੱਤਮ ਭਾਵਾਂ ਦੀ ਤੀਖਣਤਾ ਉਦਾਤ ਰਚਨਾ ਦੀ ਉਤਕ੍ਰਿਸ਼ਟਤਾ ਨੂੰ ਸਥਾਪਿਤ ਕਰਦੀ ਹੈ।

## ਯੋਗ ਅਲੰਕਾਰਤਾ:

ਯੋਗ ਅਲੰਕਾਰਤਾ ਸਾਹਿਤ ਦਾ ਰੂਪਾਤਮਕ ਤੱਤ ਹੈ। ਅਰਸਤੂ ਨੇ ਵੀ ਕਾਵਿ ਸ਼ਾਸਤਰ ਵਿੱਚ ਅਲੰਕਾਰਾਂ ਦੀ ਮਹਾਨਤਾ ਨੂੰ ਸਵੀਕਾਰ ਕੀਤਾ ਹੈ । ਲੌਂਜਾਈਨਸ ਦਾ ਵਿਚਾਰ ਹੈ ਕਿ ਅਲੰਕਾਰ ਉਦਾਤਤਾ ਦੀ ਪ੍ਰਾਪਤੀ ਲਈ ਸਭ ਤੋਂ ਵੱਧ ਸਹਾਇਕ ਸਾਧਨ ਸਥਾਪਿਤ ਹੁੰਦੇ ਹਨ।ਉਸ ਨੇ ਆਪਣੇ ਨਿਬੰਧ ਦੇ ਤੀਸਰੇ ਹੀ ਹਿੱਸੇ ਵਿੱਚ ਅਲੰਕਾਰਾਂ ਸਬੰਧੀ ਚਰਚਾ ਕੀਤੀ ਹੈ ਪਰ ਉਸ ਦਾ ਇਹ ਦ੍ਰਿੜ੍ਹ ਵਿਸ਼ਵਾਸ ਹੈ ਕਿ ਅਲੰਕਾਰਾਂ ਨੂੰ ਸੁਹਜ ਸੁਆਦ ਦੀ ਦ੍ਰਿਸ਼ਟੀ ਤੋਂ ਨਹੀਂ ਵਰਤਣਾ ਚਾਹੀਦਾ। ਉਸ ਅਨੁਸਾਰ ਅਲੰਕਾਰਾਂ ਨੂੰ ਵਿਸ਼ੇ ਨੂੰ ਨਵੇਂ ਅਰਥ, ਨਵੀਂ ਸਮਰੱਥਾ ਤੇ ਵਿਸ਼ੇਸ਼ ਸਪੱਸ਼ਟਤਾ ਪ੍ਰਦਾਨ ਕਰਨੀ ਚਾਹੀਦੀ ਹੈ। ਲੌਂਜਾਈਨਸ ਦਾ ਅਲੰਕਾਰਾਂ ਸਬੰਧੀ ਇਹ ਵਿਚਾਰ ਹੈ ਕਿ ਅਲੰਕਾਰ ਵਿਸ਼ੇ ਵਿੱਚ ਸਹਿਜ ਸੁਭਾਵਿਕ ਰੂਪ ਵਿੱਚ ਪੈਦਾ ਹੋਵੇ; ਉਹ ਅਜਿਹੇ ਅਲੰਕਾਰਾਂ ਦੀ ਵਰਤੋਂ ਦੇ ਵਿਰੁੱਧ ਹੈ ਜੋ ਕੇਵਲ ਕਿਸੇ ਰਚਨਾ ਦੇ ਰੂਪਾਤਮਕ ਮਹੱਤਵ ਨੂੰ ਹੀ ਉਜਾਗਰ ਕਰਦੇ ਹਨ। ਉਸ ਅਨੁਸਾਰ ਅਲੰਕਾਰਾਂ ਦਾ ਪ੍ਰਯੋਗ ਪ੍ਰਸੰਗ ਅਨੁਕੂਲ ਸਥਾਨ ਪ੍ਰਸਥਿਤੀ ਤੇ ਉਦੇਸ਼ ਦੀ ਜ਼ਰੂਰਤ ਅਨੁਸਾਰ ਹੀ ਹੋਵੇ। ਇਸ ਤਰ੍ਹਾਂ ਅਲੰਕਾਰ ਆਪਣੇ ਆਪ ਵਿੱਚ ਉਦਾਤ ਪ੍ਰਾਪਤੀ ਦਾ ਸਾਧਨ ਹੈ । ਲੌਂਜਾਈਨਸ ਨੇ ਅਜਿਹੇ ਅਲੰਕਾਰਾਂ ਦਾ ਪ੍ਰਗਟਾਵਾ ਕੀਤਾ ਹੈ ਜਿਸ ਨਾਲ ਕਿ ਰਚਨਾ ਦੇ ਪ੍ਰਗਟਾਵੇ ਵਿੱਚ ਸਮਰੱਥਾਤੇ ਸ਼ਕਤੀ ਵਿਚ ਵਾਧਾ ਹੁੰਦਾ ਹੈ।

ਅੰਲਕਾਰਾਂ ਦੇ ਸਮਾਗਮ ਨਾਲ ਬੜਾ ਉੱਤਮ ਅਤੇ ਉਤੇਜਕ ਪ੍ਰਭਾਵ ਸਿਰਜਿਆ ਜਾਂਦਾ ਹੈ।ਅੰਲਕਾਰ ਆਪਣੀ ਸ਼ਕਤੀ , ਸਮਰੱਥਾ ਅਤੇ ਸੁੰਦਰਤਾ ਦੇ ਸੁਮੇਲ ਨਾਲ ਪ੍ਰਭਾਵ ਪੈਦਾ ਕਰ ਸਕਣ ਦੇ ਸਮਰੱਥ ਬਣਦੇ ਹਨ,ਪਰ ਇਹ ਧਿਆਨ ਦੇਣ ਯੋਗ ਹੈ ਕਿ ਅੰਲਕਾਰ ਤਾਂ ਹੀ ਉਤਮ ਮੰਨਿਆ ਜਾਵੇਗਾ ਜੇ ਕਿਸੇ ਦਾ ਇਸ ਵੱਲ ਧਿਆਨ ਹੀ ਨਾ ਜਾਵੇ ਕਿ ਇਹ ਅੰਲਕਾਰ ਹੈ।

## ਉਤਕ੍ਰਿਸ਼ਟ ਸ਼ਬਦ ਚੋਣ:

ਲੌਂਜਾਈਨਸ ਨੇ ਉੱਤਮ ਸ਼ਬਦ-ਚੋਣ ਜਾਂ ਉਤਕਿਸ਼ਟ ਪਦਾਵਲੀ ਸੰਬੰਧੀ ਚਰਚਾ ਕਰਦਿਆਂ ਹੋਇਆ ਇਹ ਲਿਖਿਆ ਹੈ ਕਿ ਯੋਗ, ਅਨੁਕੂਲ ਅਤੇ ਸ੍ਰੇਸ਼ਠ ਸ਼ਬਦਾਂ ਦੀ ਵਰਤੋਂ, ਪਾਠਕਾਂ ਨੂੰ ਆਪਣੇ ਵੱਲ ਖਿੱਚਣ ਦੀ ਸ਼ਕਤੀ ਰੱਖਦੇ ਹਨ। ਅਜਿਹੀ ਚੋਣ ਸਾਰੇ ਵਕਤਿਆਂ ਅਤੇ ਲੇਖਕਾਂ ਦੇ ਵਿਹਾਰ ਦੀ ਬਹੁਤ ਉੱਚੀ ਸਾਮਗਰੀ ਹੈ ਕਿਉਂਕਿ ਆਪਣੇ ਅੰਤਰੀਵ ਗੁਣਾਂ ਕਰਕੇ ਹੀ ਸ਼ਬਦਾਂ ਵਿਚ ਮਹਾਨਤਾ, ਗੌਰਵਸ਼ੀਲਤਾ ਤੇ ਨਿਪੁੰਨਤਾ

ਆਉਂਦੀ ਹੈ। ਸ਼ਬਦ-ਚੋਣ ਨਾਲ ਨਿਗੂਣੇ ਜਿਹੇ ਤੱਥਾਂ ਵਿਚ ਬੋਲਦੀ -ਚਾਲਦੀ ਆਤਮਾ ਪ੍ਰਵੇਸ਼ ਕਰ ਜਾਂਦੀ ਹੈ। ਸੱਚ ਤਾਂ ਇਹ ਹੈ ਕਿ ਸੁੰਦਰ ਸ਼ਬਦ ਵਾਸਤਵਿਕ ਅਤੇ ਵਿਸ਼ੇਸ਼ ਰੂਪ ਵਿਚ ਵਿਚਾਰਾਂ ਨੂੰ ਪ੍ਰਕਾਸ਼ਮਾਨ ਕਰਨ ਵਾਲੇ ਹੁੰਦੇ ਹਨ।

ਪ੍ਰਸਿੱਧ ਅੰਗਰੇਜ਼ੀ ਆਲੋਚਕ ਕੋਲਰਜ਼ ਨੇ ਕਵਿਤਾ ਦੀ ਪਰਿਭਾਸ਼ਾ ਸ਼ਬਦਾਂ ਦੀ ਸੰਯੋਗ ਚੋਣ ਦੇ ਆਧਾਰ ਉੱਤੇ ਕੀਤੀ ਹੈ। ਉਸ ਅਨੁਸਾਰ --

ਕਵਿਤਾ ਸੁੰਦਰ ਸ਼ਬਦਾਂ ਦੀ ਸੁੰਦਰ ਤਰਤੀਬ ਹੁੰਦੀ ਹੈ।

ਉਤਕ੍ਰਿਸ਼ਟ ਸ਼ਬਦ ਚੋਣ ਵਿੱਚ ਲੌਂਜਾਈਨਸ ਨੇ ਸ਼ਬਦ ਚੋਣ ਤੇ ਭਾਸ਼ਾ ਦੀ ਸਜਾਵਟ ਨੂੰ ਲਿਆ ਹੈ ਉਸ ਅਨੁਸਾਰ ਉਤਕ੍ਰਿਸ਼ਟ ਭਾਸ਼ਾ ਸ਼ੈਲੀ ਵਿੱਚ ਉਤਕ੍ਰਿਸ਼ਟ ਭਾਵ ਪ੍ਰਗਟਾ ਨਾਲ ਉਦਾਤ ਰਚਨਾਵਾਂ ਪੈਦਾ ਹੋ ਜਾਂਦੀਆਂ ਹਨ ਉਸ ਅਨੁਸਾਰ ਉਤਕ੍ਰਿਸ਼ਟ ਵਿਚਾਰ ਸਾਧਾਰਨ ਤੇ ਘਟੀਆ ਸ਼ਬਦਾਵਲੀ ਵਿੱਚ ਵੀ ਨਹੀਂ ਪ੍ਰਗਟਾਏ ਜਾ ਸਕਦੇ ਹਨ। ਸ਼ਬਦ ਸ਼ਕਤੀ ਦੀ ਮਹਾਨਤਾ ਨੂੰ ਸਵੀਕਾਰ ਕਰਦਿਆਂ ਹੋਇਆਂ ਉਹ ਕਹਿੰਦੇ ਹਨ ਕਿ ਉਤਕ੍ਰਿਸ਼ਟ ਸ਼ਬਦ ਚੋਣ ਨਾਲ ਸਾਹਿਤ ਵਿੱਚ ਸੁੰਦਰਤਾ, ਕੋਮਲਤਾ, ਸ਼ਕਤੀ, ਉੱਤਮਤਾ, ਗੰਭੀਰਤਾ ਸ੍ਰੇਸ਼ਠਤਾ ਤੇ ਚਮਕ ਆਦਿ ਦੇ ਭਾਵ ਪੈਦਾ ਹੁੰਦੇ ਹਨ। ਲੌਂਜਾਈਨਸ ਨੇ ਸ਼ਬਦ ਅਡੰਬਰ ਦੀ ਥਾਂ ਤੇ ਭਾਸ਼ਾ ਦੀ ਵਿਸ਼ੇ ਅਨੁਕੂਲਤਾ,ਸਰਲਤਾ ਤੇ ਸਾਧਾਰਨਤਾ ਉੱਤੇ ਜ਼ੋਰ ਦਿੱਤਾ ਹੈ।

## ਰਚਨਾ ਵਿਧਾਨ:

ਸਾਹਿਤ ਵਿੱਚ ਸੁਹਜ ਤੇ ਸੁੰਦਰਤਾ ਦਾ ਆਧਾਰ ਯੋਗ ਚੋਣ ਤਰਤੀਬ ਨਿਆਂ ਸੰਗਤ ਉਸਾਰੀ ਹੈ। ਸੰਪੂਰਨ ਤੇ ਉਦਾਤ ਰਚਨਾ ਵਿੱਚ ਤਰਤੀਬ ਤੇ ਸੰਤੁਲਨ ਬਹੁਤ ਜ਼ਰੂਰੀ ਹੈ ਕਿਸੇ ਰਚਨਾ ਦੀ ਸਮੂਹਿਕ ਸੁੰਦਰਤਾ ਸੁਹਜ ਵੱਖ ਵੱਖ ਅੰਗਾਂ ਦੇ ਆਪਸੀ ਸੁੰਦਰਤਾ ਹੈ। ਪ੍ਰਸਿੱਧ ਵਿਦਵਾਨ ਕਾਲਰਜ ਨੇ ਵੀ ਇਸ ਤੱਥ ਨੂੰ ਸਵੀਕਾਰ ਕੀਤਾ ਹੈ। ਕਿਸੇ ਰਚਨਾ ਵਿੱਚ ਸ਼ਬਦਾਂ ਭਾਵਾਂ ਅਤੇ ਵਿਚਾਰਾਂ ਤੋਂ ਇਨ੍ਹਾਂ ਵਿਚਲੇ ਛੋਟੇ ਛੋਟੇ ਅੰਗਾਂ ਦੇ ਯੋਗ ਸੁਮੇਲ ਉੱਤੇ ਹੋਣਾ ਚਾਹੀਦਾ ਹੈ ਅਜਿਹਾ ਗੁਣ ਸਾਡੀਆਂ ਗਿਆਨ ਇੰਦਰੀਆਂ ਤੇ ਆਤਮਾ ਨੂੰ ਵੀ ਉੱਚੀਆਂ ਸਿਖਰਾਂ ਵੱਲ ਲੈ ਜਾਂਦਾ ਹੈ।

ਇਸ ਤਰ੍ਹਾਂ ਲੌਂਜਾਈਨਸ ਨੇ ਵੱਖ ਵੱਖ ਲੇਖਕਾਂ ਦਾ ਤੁਲਨਾਤਮਿਕ ਅਧਿਐਨ ਕਰਕੇ ਉਦਾਤ ਭਾਵਾਂ ਦੀ ਵਿਆਖਿਆ ਕੀਤੀ ਹੈ। ਉਸ ਨੇ ਆਪਣੇ ਪੂਰਵ ਵਰਤੀ ਮਹਾਨ ਚਿੰਤਕਾਂ ਤੇ ਉੱਤਮ ਵਿਚਾਰਾਂ ਨੂੰ ਅਪਣਾਉਂਦਿਆਂ ਹੋਇਆਂ ਸਮਾਜ ਨੂੰ ਨਵੀਂ ਤੇ ਉੱਤਮ ਸੇਧ ਦੇ ਆਸ਼ੇ ਨਾਲ ਉਦਾਤ ਤੇ ਬੁਨਿਆਦੀ ਅਧਾਰਾਂ ਦੀ ਚਰਚਾ ਕੀਤੀ ਹੈ ਉਸ ਦੇ ਵਿਚਾਰਾਂ ਤੋਂ ਉਸਨੂੰ ਪਰ ਵਰਤੀ ਚਿੰਤਕਾਂ ਤੇ ਸਾਹਿਤਕਾਰਾਂ ਜਿਵੇਂ ਕਿ ਪੋਪ ਐਡੀਸ਼ਨ , ਵਰਡਸਵਰਥ ਨੇ ਪ੍ਰੇਰਨਾ ਤੇ ਅਗਵਾਈ ਪ੍ਰਦਾਨ ਕੀਤੀ ਹੈ।

ਸੰਖੇਪ ਨਾਲ ਅੰਤ ਵਿੱਚ ਇਹ ਕਿਹਾ ਜਾ ਸਕਦਾ ਹੈ ਕਿ ਲੌਂਜਾਈਨਸ ਦਾ ਉਦਾਤਤਾ ਦਾ ਸੰਕਲਪ ਭਿੰਨ ਭਿੰਨ ਹੱਦਾਂ ਵਿੱਚ ਸੰਕੁਚਿਤ ਹੋ ਗਿਆ ਹੈ। ਪਹਿਲੀ ਸੀਮਾ ਇਹ ਹੈ ਕਿ ਇਹ ਇੱਕ ਵਿਸ਼ੇਸ਼ ਪ੍ਰਕਾਰ ਦੇ ਸਾਹਿਤ ਤੇ ਲਾਗੂ ਹੁੰਦਾ ਹੈ

ਦੂਜੀ ਸੀਮਾ ਇਹ ਹੈ ਕਿ ਇਹ ਭਾਸ਼ਣਾਂ ਉੱਤੇ ਬਹੁਤ ਲਾਗੂ ਹੁੰਦਾ ਹੈ ਤੇ ਸਾਹਿਤ ਤੇ ਥੋੜ੍ਹਾ । ਤੀਜੀ ਸੀਮਾ ਇਹ ਹੈ ਕਿ ਇਹ ਉਚੇਰੇ ਸੰਕਲਪ ਤੇ ਤੀਬਰ ਤੇ ਵੇਗਵਾਨ ਜਜ਼ਬੇ ਉੱਤੇ ਜ਼ੋਰਦਾਰ ਦਿੰਦਾ ਹੈ ਜਿਵੇਂ ਕਾਵਿ ਵਿੱਚ ਅਤੇ ਵਿਸ਼ੇਸ਼ ਕਰਕੇ ਸੈਫ ਦੀ ਜਜ਼ਬੇ ਭਰਪੂਰ ਕਵਿਤਾ ਵਿੱਚ। ਉਦਾਤਤਾ ਅਭਿਵਿਅਕਤੀ ਦਾ ਇੱਕ ਵਿਸ਼ਿਸ਼ਟ ਤੇ ਸ੍ਰੇਸ਼ਟ ਲੱਛਣ ਹੈ ਉ ਦਾਤਤਾ ਠੀਕ ਸਮੇਂ ਤੇ ਬਿਜਲੀ ਦੀ ਚਮਕ ਵਾਂਗ ਚਾਨਣਾ ਕਰ ਦਿੰਦੀ ਹੈ ਅਤੇ ਬੱਦਲ ਦੀ ਗਰਜ ਵਾਂਗ ਹਰ ਇੱਕ ਵਸਤੂ ਖਿਲਾਰ ਦੇਂਦੀ ਹੈ। ਸੁਭਾਵਿਕਤਾ ਦੀ ਸ਼ਕਤੀ ਦਾ ਵੀ ਇਸੇ ਤਰ੍ਹਾਂ ਚਮਤਕਾਰ ਹੁੰਦਾ ਹੈ। ਸੋ ਉਦਾਤਤਾ ਇੱਕ ਪ੍ਰਕਾਰ ਦੀ ਉੱਚਤਾ ਅਤੇ ਸ੍ਰੇਸ਼ਠਤਾ ਹੈ ਜੋ ਕਿਸੇ ਵੀ ਅਭਿਵਿਅਕਤੀ ਵਿੱਚ ਹੋ ਸਕਦੀ ਹੈ ਕੋਈ ਵੀ ਲਿਖਾਰੀ ਜਾਂ ਸਾਹਿਤਕਾਰ ਉਦਾਤਤਾ ਨੂੰ ਪ੍ਰਾਪਤ ਕਰਕੇ ਹੀ ਅਮਰ ਪ੍ਰਸਿੱਧੀ ਨੂੰ ਪ੍ਰਾਪਤ ਹੋਏ ਹਨ। ਸਾਹਿਤਿਕ ਉਦਾਤਤਾ ਕੇਵਲ ਆਪਣੇ ਵੱਲ ਖਿੱਚਦੀ ਹੀ ਨਹੀਂ ਸਗੋਂ ਆਪਣੇ ਪ੍ਰਭਾਵ ਵਿੱਚ ਵੀ ਰੋੜ੍ਹ ਕੇ ਲੈ ਜਾਂਦੀ ਹੈ।

### ਸਾਰ-ਅੰਸ਼:

ਨਿਰਸੰਦੇਹ ਲੌਂਜਾਈਨਸ ਦੀ ਧਾਰਨਾ ਜਾਂ ਵਿਚਾਰਧਾਰਾ ਪਲੈਟੋ ਤੇ ਅਰਸਤੂ ਤੋਂ ਵੱਖਰੀ ਕਿਸਮ ਦੀ ਹੈ।ਅਰਸਤੂ ਦਾ ਵਿਚਾਰ ਹੈ ਕਿ ਕਾਵਿ ਇੱਕ ਵਿਸ਼ੇਸ਼ ਪ੍ਰਕਾਰ ਦਾ ਆਨੰਦ ਪ੍ਰਦਾਨ ਕਰਦਾ ਹੈ ਪਰ ਲੌਂਜਾਈਨਸ ਨੇ ਕਾਵਿ ਦੇ ਪਾਠਕ ਜਾਂ ਸਰੋਤੇ ਉੱਪਰ ਆਨੰਦਦਾਇਕ ਪ੍ਰਭਾਵ ਉੱਤੇ ਆਪਣੀ ਦ੍ਰਿਸ਼ਟੀ ਕੇਂਦ੍ਰਿਤ ਕੀਤੀ ਅਤੇ ਸਾਹਿਤ ਵਿਚ ਪਹਿਲੀ ਵਾਰ ਪ੍ਰਭਾਵਵਾਦੀ ਸਿਧਾਂਤ ਦੀ ਨੀਂਹ ਰੱਖੀ। ਜਿਸ ਦਾ ਅਰਥ ਹੈ ਕਿ ਸਾਹਿਤ

ਦੀ ਪ੍ਰਾਸੰਗਕਿਤਾ ਇਸ ਤੱਥ ਵਿਚ ਹੈ ਕਿ ਉਹ ਪਾਠਕ ਜਾਂ ਸਰੋਤਿਆਂ ਉੱਪਰ ਕਿਹੋ ਜਿਹਾ ਪ੍ਰਭਾਵ ਪਾਉਂਦਾ ਹੈ। ਜੇ ਇਹ ਪਭਾਵ ਅਰੋਕ ਤੇ ਤੀਬਰ ਹੈ ਤੇ ਆਪਣੇ ਪ੍ਰਭਾਵ ਵਿਚ ਰੋੜ੍ਹ ਕੇ ਲੈ ਜਾਦਾ ਹੈ ਤਾਂ ਇਹ ਉੱਤਮ ਸਾਹਿਤ ਹੈ। ਪਰ ਇਸ ਵਹਿਣ ਦੀ ਦਿਸ਼ਾ ਜਾਂ ਅਝਮ-ਵਿਭੋਰ ਦੀ ਅਵੱਸਥਾ ਸੰਬੰਧੀ ਲੌਂਜਾਈਨਸ ਨੇ ਚਰਚਾ ਨਹੀਂ ਕੀਤੀ। ਲੌਂਜਾਈਨਸ ਦੀ ਚਰਚਾ ਕੇਵਲ ਉਦਾਤ ਨਾਲ ਸੰਬੰਧਿਤ ਹੈ ਜੋ ਕਿਸੇ ਕਵੀ ਦੇ ਚਰਿਤ੍ਰਿਕ ਗੁਣ ਕਰਕੇ ਅਤੇ ਵਿਸ਼ੇਸ਼ ਵਿਧੀਆਂ ਨਾਲ ਪੈਦਾ ਹੁੰਦੀ ਹੈ ਤੇ ਇਸ ਦੀ ਉੱਤਮਤਾ ਦਾ ਅੰਦਾਜ਼ਾ ਇਸ ਦੇ ਪ੍ਰਭਾਵ ਤੋਂ ਲਾਇਆ ਜਾ ਸਕਦਾ ਹੈ।

## ਮੁੱਖ/ਕੇਂਦਰੀ ਸ਼ਬਦ:

ਪ੍ਰਾਸੰਗਕਿਤਾ ---ਸਾਰਥਿਕਤਾ

ਉੱਤਮਤਾ ---ਸ੍ਰੇਸ਼ਟਤਾ

ਆਨੰਦ ---ਖੇੜਾ

ਸੰਪੂਰਨ ---ਮੁਕੰਮਲ


ਸਵੈ-ਮੁਲਾਂਕਣ:

1.ਲੌਂਜਾਈਨਸ ਦਾ ਸੰਬੰਧ ਕਿਸ ਦੇਸ਼ ਨਾਲ ਸੀ

ੳ. ਯੂਨਾਨ

ਅ. ਚੀਨ

ੲ. ਫਰਾਂਸ

ਸ. ਜਰਮਨੀ

2. SUBLIME ਉੱਦਾਤ ਦਾ ਸਰੂਪ ਹੈ:

ੳ. ਨਾਂਵ

ਅ. ਕਿਰਿਆ

ੲ. ਕਰਮ

ਸ. ਵਿਸ਼ੇਸ਼ਣ

3. ਲੌਂਜਾਈਨਸ ਨੇ ਆਪਣੇ ਕਿਸ ਨਿਬੰਧ ਵਿੱਚ ਉਦਾਤ ਦਾ ਵਿਸਥਾਰ ਰੂਪ ਵਿੱਚ ਵਰਣਨ ਕੀਤਾ ਹੈ ----

ੳ. ਪਰਿਐਪਸਿਸ

ਅ. ਜੀਓਐਪਸਿਸ

ੲ. ਹਰਿਐਪਸਿਸ

ਸ. ਸੀਓਐਪਸਿਸ

4. ਵਿਦਵਾਨਾਂ ਦੀ ਖੋਜ ਮੁਤਾਬਕ ਲੌਂਜਾਈਨਸ ਦਾ ਇਹ ਨਿਬੰਧ ਕਿਸ ਫ਼ਿਲਾਸਫ਼ਰ ਦੀ ਕਿਰਤ ਦੇ ਪ੍ਰਤਿਉੱਤਰ ਵਿਚ ਰਚਿਆ ਗਿਆ---

ੳ. ਪਲੈਟੋ

ਅ. ਅਰਸਤੂ

ੲ. ਕੈਕਿਲਿਉਸ

ਸ. ਸੁਕਰਾਤ

5. ਪਰਿਐਪਸਿਸ ਦਾ ਪਹਿਲਾ ਅਨੁਵਾਦ ਸੀ--

ੳ. SUBLIME

ਅ. To THE SUBLIME

ੲ. ON THE SUBLIME

ਸ. OF SUBLIME

6. ਲੌਂਜਾਈਨਸ ਦਾ ਪਹਿਲਾ ਅਨੁਵਾਦ ਆਇਆ -

ੳ. 1551

ਅ.1552

ੲ.1553

ਸ. 1554

7. Admond Berk ਦੀ ਪੁਸਤਕ ਹੈ:

ੳ. Essay on sublime and beautiful

ਅ. Essay about sublime and beautiful

ੲ. Essay for sublime and beautiful

ਸ. Essay on the sublime and beautiful

8. ਉਦਾਤ ਦੀ ਕਿਹੜੀ ਵਿਸ਼ੇਸ਼ਤਾ ਨਹੀਂ ਹੈ
ੳ. ਉੱਤਮ ਭਾਸ਼ਾ ਵਿਚ ਰਚੀ ਹੋਈ ਰਚਨਾ।
ਅ. ਅਤਿਅੰਤ ਪ੍ਰਬੱਲ ਤੇ ਅਰੋਕ ਪ੍ਰਭਾਵ ਵਾਲੀ ਰਚਨਾ।
ੲ. ਮਹਾਨ ਆਨੰਦ ਦੀ ਅਨੁਭੂਤੀ ਕਰਵਾਉਣ ਵਾਲੀ ਰਚਨਾ।
ਸ. ਉਹ ਰਚਨਾ ਜੋ ਬਾਰ-ਬਾਰ ਪੜ੍ਹਨ ਲਈ ਪ੍ਰੇਰਿਤ ਨਾ ਕਰੇ।

9. ਉਦਾਤ ਦੀ ਮੁੱਖ ਵਿਸ਼ੇਸ਼ਤਾ ਹੈ-

ੳ. ਉੱਤਮ ਭਾਸ਼ਾ ਵਿਚ ਰਚੀ ਹੋਈ ਰਚਨਾ ਜੋਜੋ ਬਾਰ-ਬਾਰ ਪੜ੍ਹਨ ਲਈ ਪ੍ਰੇਰਿਤ ਕਰੇ।
ਅ. ਸਦੀਵੀਂ ਤੇ ਚਿਰਸਥਾਈ ਪ੍ਰਭਾਵ ਵਾਲੀ ਰਚਨਾ
ੲ. ਜਿਸ ਦੀ ਹਰ ਪੜ੍ਹਤ ਪਹਿਲਾਂ ਨਾਲੋਂ ਵਧੇਰੇ ਗੂੜ੍ਹੀ ਤੇ ਵਧੇਰੇ ਅਸਰ ਵਾਲੀ ਹੋਵੇ।
ਸ. ਉਪਰੋਕਤ ਸਾਰੇ ਹੀ

10. ਉਦਾਤਤਾ ਪ੍ਰਤੀਬਿੰਬ ਹੁੰਦਾ ਹੈ

ੳ.ਦਿਮਾਗ ਦਾ

ਅ. ਮਹਾਨ ਆਤਮਾ ਦਾ

ੲ. ਅੱਖਾਂ ਦਾ

ਸ . ਕਿਸੇ ਦਾ ਵੀ ਨਹੀਂ

11. W.H.Rolet ਨੇ ਉਦਾਤ ਦੇ ਸਰੋਤਾਂ ਨੂੰ ਕਿੰਨੇ ਭਾਗਾਂ ਵਿਚ ਵੰਡਿਆ ਹੈ-

ੳ. 4

ਅ. 5

ੲ. 6

ਸ. 7

12. ਲੌਂਜਾਈਨਸ ਆਪਣੇ ਨਿਬੰਧ ਦੇ ਕਿਹੜੇ ਭਾਗ ਵਿੱਚ ਉਦਾਤ ਦੇ ਸਰੋਤਾਂ ਦਾ ਜ਼ਿਕਰ ਕੀਤਾ ਹੈ

ੳ. ਪੰਜਵੇਂ ਭਾਗ ਵਿਚ

ਅ. ਤੀਜੇ ਭਾਗ ਵਿਚ

ੲ. ਅੱਠਵੇਂ ਭਾਗ ਵਿਚ

ਸ. ਦੱਸਵੇਂ ਭਾਗ ਵਿਚ

13. ਉਦਾਤ ਦਾ ਸੱਭ ਤੋਂ ਪ੍ਰਮੁੱਖ ਸਰੋਤ ਕਿਹੜਾ ਹੈ-
ੳ. ਉਤਕ੍ਰਿਸ਼ਟ ਵਿਚਾਰ
ਅ. ਤੀਖਣਭਾਵ
ੲ. ਯੋਗ ਅਲੰਕਾਰਤਾ
ਸ. ਉਤਕ੍ਰਿਸ਼ਟ ਸ਼ਬਦ ਚੋਣ

14. ਉਤਕ੍ਰਿਸ਼ਟਤਾ ਦਾ ਪਹਿਲਾ ਕੁਦਰਤੀ ਸੋਮਾ ਹੈ
ੳ. ਉਤਕ੍ਰਿਸ਼ਟ ਵਿਚਾਰ
ਅ. ਤੀਖਣਭਾਵ

ੲ. ਯੋਗ ਅਲੰਕਾਰਤਾ

ਸ. ਉਤਕ੍ਰਿਸ਼ਟ ਸ਼ਬਦ ਚੋਣ

15. ਮਹਾਨ ਵਿਚਾਰ ਉਦੋਂ ਅਤੇ ਉੱਥੇ ਪੈਦਾ ਹੁੰਦੇ ਹਨ

ੳ. ਜਿੱਥੇ ਚਿੰਤਨ ਗੰਭੀਰ ਹੋਵੇ

ਅ. ਜਿੱਥੇ ਚਿੰਤਨ ਵਿਸ਼ਾਲ ਹੋਵੇ

ੲ. ਜਿੱਥੇ ਚਿੰਤਨ ਉੱਤਮ ਤੇ ਦੀਰਘ ਹੋਵੇ

ਸ. ਉਪਰੋਕਤ ਸਾਰੇ ਹਨ

16. ਮਹਾਨ ਵਿਚਾਰਾਂ ਨੂੰ ਗ੍ਰਹਿਣ ਕਰਨ ਦਾ ਮੁੱਖ

ੳ. ਪੂਰਬਲੀ ਰਚਨਾਵਾਂ ਦਾ ਅਨੁਸਰਣ ਕਰਨਾ।

ਅ. ਪੂਰਬਲੇ ਸਾਹਿਤਕਾਰਾਂ ਤੱਕ ਦੀ ਪਹੁੰਚ ਕਰਨੀ।

ੲ. ਪੂਰਬਲੇ ਸਾਹਿਤ ਨੂੰ ਮੂਲ ਸਰੋਤ ਨਿਰਧਾਰਿਤ ਕਰਦੇ ਹੋਏ ਹੋਰ ਪਾਸਾਰਾਂ ਦੀ ਤਲਾਸ਼ ਕਰਨੀ।

ਸ. ਉਪਰੋਕਤ ਸਾਰੇ ਹਨ

17. ਉੱਤਮ ਭਾਵਾਂ ਵਿਚ ਕਿਹੜਾ ਭਾਵ ਸ਼ਾਮਿਲ ਨਹੀਂ ਹੈ

ੳ. ਉੱਦਮ ਤੇ ਯੋਗਤਾ

ਅ. ਹੌਸਲਾ ਤੇ ਸੰਘਰਸ਼

ੲ. ਆਨੰਦ, ਵਿਕਾਸ ਤੇ ਖੇੜਾ,

ਸ. ਉਦਾਸੀ ਅਤੇ ਕਾਮ

18 ਹੀਣ ਭਾਵਾਂ ਵਿਚ ਕਿਹੜਾ ਭਾਵ ਸ਼ਾਮਿਲ ਨਹੀਂ ਹੈ

ੳ. ਕਰੁਣਾ

ਅ.ਭੈਅ

ੲ. ਕਾਮ ਤੇ ਉਦਾਸੀ

ਸ. ਵਿਕਾਸ ਤੇ ਖੇੜਾ

19. ਅਲੰਕਾਰਾਂ ਸਬੰਧੀ ਲੌਂਜਾਈਨਸ ਦਾ ਕਿਹੜਾ ਵਿਚਾਰ ਸਹੀ ਹੈ

ੳ. ਅਲੰਕਾਰਾਂ ਨੂੰ ਸੁਹਜ ਸੁਆਦ ਦੀ ਦ੍ਰਿਸ਼ਟੀ ਵਰਤਣਾ ਚਾਹੀਦਾ ਹੈ

ਅ. ਅਲੰਕਾਰਾਂ ਨੂੰ ਵਿਸ਼ੇ ਨੂੰ ਨਵੇਂ ਅਰਥ ਨਵੀਂ ਸਮਰੱਥਾ ਤੇ ਵਿਸ਼ੇਸ਼ ਸਪੱਸ਼ਟਤਾ ਪ੍ਰਦਾਨ ਕਰਨੀ ਚਾਹੀਦੀ ਹੈ

ੲ. ਅਲੰਕਾਰ ਵਿਸ਼ੇ ਵਿੱਚ ਉਚੇਚੇ ਰੂਪ ਵਿੱਚ ਪੈਦਾ ਹੋਵੇ

ਸ.ਅਲੰਕਾਰਾਂ ਦਾ ਪ੍ਰਯੋਗ ਪ੍ਰਸੰਗ ਅਨੁਕੂਲ ਸਥਲ ਪ੍ਰਸਥਿਤੀ ਤੇ ਉਦੇਸ਼ ਦੀ ਜ਼ਰੂਰਤ ਅਨੁਸਾਰ ਨਾਂ ਹੋਵੇ

20.ਕਵਿਤਾ ਸੁੰਦਰ ਸ਼ਬਦਾਂ ਦੀ ਸੁੰਦਰ ਤਰਤੀਬ ਹੁੰਦੀ ਹੈ-ਇਹ ਕਥਨ ਹੈ

ੳ. ਸ਼ੈਲੇ ਦਾ

ਅ. ਵਰਡਜ਼ਵਰਥ ਦਾ

ੲ. ਹਡਸਨ ਦਾ

ਸ. ਕੋਲਰਿਜ਼ ਦਾ

## ਅਭਿਆਸ ਪ੍ਰਸ਼ਨ

1. ਲੌਂਜਾਈਨਸ ਦੇ ਸਿਧਾਂਤ 'ਉਦਾਤ' ਦੀਆਂ ਵਿਸ਼ੇਸ਼ਤਾਵਾਂ ਬਾਰੇ ਸੰਖੇਪ ਵਿਚ ਜਾਣਕਾਰੀ ਦਿਉ।
2. ਉਦਾਤ ਦੇ ਪ੍ਰਮੁੱਖ ਸੋਮਿਆਂ ਦਾ ਵਰਣਨ ਕਰੋ।
3. ਉਦਾਤ ਰਚਨਾ ਵਿਚ ਉਤਕ੍ਰਿਸ਼ਟ ਵਿਚਾਰ ਤੇ ਤੀਖਣ ਭਾਵਾਂ ਦਾ ਬਹੁਤ ਮਹੱਤਵ ਸਪੱਸ਼ਟ ਕਰੋ।
4. ਉਦਾਤ ਰਚਨਾ ਦੀਆਂ ਕੀ ਸੀਮਾਵਾਂ ਹਨ?
5. ਸਾਹਿਤ ਆਲੋਚਨਾ ਵਿਚ ਉਦਾਤ ਸਿਧਾਂਤ ਦੀ ਸਾਰਥਿਕਤਾ ਬਾਰੇ ਟਿੱਪਣੀ ਕਰੋ।
6. ਤੁਹਾਨੂੰ ਪੰਜਾਬੀ ਦੀ ਕਿਹੜੀ ਰਚਨਾ ਪੜ੍ਹ ਕੇ ਉਦਾਤ ਰਚਨਾ ਦਾ ਅਹਿਸਾਸ ਹੋਇਆ ਹੈ ਅਤੇ ਕਿਉਂ

## ਸੰਦਰਭ ਪੁਸਤਕਾਂ:


- ਸਮਾਲੋਚਨਾ ਸ਼ਾਸਤਰ, ਪ੍ਰੋ. ਬ੍ਰਹਮਜਗਦੀਸ਼, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, (2011)
- ਲੌਂਜਾਈਨਸ,ਉੱਦਾਤ ਬਾਰੇ, ਅਨੁ.ਡਾ.ਹਰਿਭਜਨ ਸਿੰਘ, ਪੰਜਾਬੀ ਯੂਨੀਵਰਸਿਟੀ ਪਟਿਆਲਾ

## ਮਹੱਤਵਪੂਰਨ ਲਿੰਕ

https://www.youtube.com/watch?v=Hb2UtL8ONyA

https://www.youtube.com/watch?v=OUQyi28m4aU

https://hrpost.info/history/gbiCq82TatBslIo/laun-j-nasa-ud-ta-d-sakalapa-suraj-ta-sigha-longinus-on-sublime-paj-b-vibh-ga-i-paj-b-y-n-pa-i-i

ਉੱਤਰਮਾਲਾ

| | | | | |
|---|---|---|---|---|
| 1. ੳ | 2. ਸ | 3. ੳ | 4. ੲ | 5. ੲ |
| 6. ਸ | 7. ਸ | 8. ਸ | 9. ਸ | 10. ਅ |
| 11.ਅ | 12. ੲ | 13. ੳ | 14. ੳ | 15. ਸ |
| 16.ਸ | 17.ਸ | 18. ਸ | 19.ਅ | 20.ਸ |

**DPBI502**

# ਅਧਿਆਇ-8: ਭਾਰਤੀ ਕਾਵਿ ਸ਼ਾਸਤਰ

ਵਿਸ਼ਾ ਵਸਤੂ (Content)

1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ

## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਭਾਰਤੀ ਕਾਵਿ ਸ਼ਾਸਤਰ ਦੇ ਸਿਧਾਂਤਾਂ ਤੋਂ ਜਾਣੂ ਹੋਣਗੇ।
- ਸਾਹਿਤ-ਰਚਨਾ ਲਈ ਇਨਾਂ ਸਿਧਾਂਤਾਂ ਦੀ ਵਰਤੋਂ ਕਰ ਸਕਣ ਦੇ ਸਮਰੱਥ ਹੋਣਗੇ।
- ਇਸ ਗਿਆਨ ਦੁਆਰਾ ਕਾਵਿ/ਸਾਹਿਤ ਆਲੋਚਨਾ ਕਰ ਸਕਣ ਵਿਚ ਕਾਬਲ ਹੋਣਗੇ।

## ਪ੍ਰਸਤਾਵਨਾ:

ਭਾਰਤੀ ਕਾਵਿ ਸ਼ਾਸਤਰ ਸਾਹਿਤ ਆਲੋਚਨਾ ਦੀ ਬੁਨਿਆਦ ਹੈ। ਆਰੰਭ ਵਿਚ ਭਾਰਤੀ ਆਲੋਚਨਾ ਨੂੰ 'ਆਲੋਚਨਾ ਸ਼ਾਸਤਰ' ਕਿਹਾ ਜਾਂਦਾ ਰਿਹਾ ਹੈ। ਇਸ ਲਈ 'ਸਾਹਿਤ ਸ਼ਾਸਤਰ' ਸ਼ਬਦ ਵੀ ਪ੍ਰਚੱਲਿਤ ਰਿਹਾ।ਭਾਰਤੀ ਆਲੋਚਨਾ ਪਰੰਪਰਾ ਨੂੰ'ਕਾਵਿਯ ਸ਼ਾਸਤਰ' ਵੀ ਕਿਹਾ ਜਾਂਦਾ ਰਿਹਾ ਹੈ। ਇਸ ਨੂੰ ਅੰਗਰੇਜੀ ਦੇ Poetics ਦੇ ਸਮਾਨ ਅਰਥਾਂ ਵਿਚ ਸਮਝਿਆ ਜਾਂਦਾ ਰਿਹਾ ਹੈ। ਕਾਵਿ-ਸ਼ਾਸਤਰ ਲਈ ਅੰਲਕਾਰ ਸ਼ਾਸਤਰ ਸ਼ਬਦ ਬਹੁਤ ਪ੍ਰਚਲਿਤ ਰਿਹਾ। ਪਹਿਲਾਂ ਅੰਲਕਾਰ ਸ਼ਬਦ ਦਾ ਅਰਥ ਬਹੁਤ ਵਿਆਪਕ ਸੀ ਜਿਸ ਤੋਂ ਭਾਵ ਸਾਹਿਤ ਜਾਂ ਕਲਾ ਦਾ ਸਮੁੱਚਾ ਸੁਹਜ(ਸੌਂਦਰਯ) ਲਿਆ ਜਾਂਦਾ ਸੀ ਪਰਤੂੰ ਬਾਅਦ ਵਿਚ ਅੰਲਕਾਰ ਕਾਵਿ ਦਾ ਇਕ ਅੰਗ ਬਣ ਕੇ ਰਹਿ ਗਿਆ।ਇੱਥੇ ਇਹ ਗੱਲ ਧਿਆਨਦੇਣ ਯੋਗ ਹੈ ਕਿ ਕਾਵਿ -ਸ਼ਾਸਤਰ ਨਾਲ ਸੰਬੰਧਿਤ ਸਾਰੇ ਗ੍ਰੰਥ ਸੰਸਕ੍ਰਿਤ ਭਾਸ਼ਾਵਾਂ ਵਿਚ ਹਨ।ਇਨ੍ਹਾਂ ਨੂੰ ਆਧਾਰ ਬਣਾ ਕੇ ਜੋ ਪੁਸਤਕਾਂ ਰਚੀਆਂ ਗਈਆਂ ਉਹ ਇਨ੍ਹਾਂ ਪੁਸਤਕਾਂ ਦੀ ਵਿਆਖਿਆ ਮਾਤਰ ਹੀ ਹਨ,ਇਨ੍ਹਾਂ ਵਿਚ ਕੋਈ ਮੌਲਿਕ ਸਿਧਾਂਤਾਂ ਦੀ ਗੱਲ ਨਹੀਂ।

## ਵਿਸ਼ਾ ਵਸਤੂ:

ਭਾਰਤੀ ਕਾਵਿ-ਸ਼ਾਸਤਰ ਦੀ ਪਰੰਪਰਾ ਅਤਿਅੰਤ ਗੌਰਵਮਈ ਅਤੇ ਪ੍ਰਾਚੀਨ ਰਹੀ ਹੈ। ਭਾਰਤ ਵਿਚ ਬਾਣੀ ਸਰੂਪ ਸਮੁੱਚੇ ਸਾਹਿਤ ਨੂੰ 'ਵਾਙਮਯ' ਕਿਹਾ ਜਾਂਦਾ ਸੀ, ਜਿਸ ਦੇ ਅਗੋਂ ਦੋ ਭੇਦ ਸਨ: 1. ਕਾਵਿ 2. ਸ਼ਾਸਤਰ। ਇਥੇ ਕਾਵਿ ਦੇ ਅਰਥ ਸਮੁੱਚੇ ਸਾਹਿਤ ਤੋਂਲਏ ਜਾਂਦੇ ਸਨ ਅਤੇ ਸ਼ਾਸਤਰ ਦਾ ਅਰਥ ਸੀ: ਗਿਆਨਮੂਲਕ ਰਚਨਾ। ਕਾਵਿ ਸ਼ਾਸਤਰ ਵਿਚ ਸਾਹਿਤ ਬਾਰੇ ਵਿਧੀਪੂਰਵਕ ਅਤੇ ਗਿਆਨਮੂਲਕ ਢੰਗ ਨਾਲ ਵਿਚਾਰ ਚਰਚਾ ਹੁੰਦੀ ਸੀ। ਇਸ ਲਈ ਸਾਡੇ ਇਥੇ 'ਆਲੋਚਨਾ' ਨੂੰ 'ਕਾਵਿ-ਸ਼ਾਸਤਰ' ਦੇ ਨਾਮ ਨਾਲ ਦਰਸਾਇਆ ਜਾਂਦਾ ਹੈ। ਭਾਰਤੀ ਕਾਵਿ-ਸ਼ਾਸਤਰ ਦਾ ਮੁਲਾਂਕਣ ਕਰਨ ਤੋਂ ਪਹਿਲਾਂ ਸਾਨੂੰ 'ਕਾਵਿ-ਸ਼ਾਸਤਰ' ਬਾਰੇ ਗਿਆਨ ਹੋਣਾ ਜ਼ਰੂਰੀ ਹੈ। ਅਸੀਂ ਆਪਣੇ ਵਿਸ਼ੇ ਦੀ ਸੀਮਾ ਨੂੰ ਧਿਆਨ ਵਿਚ ਰੱਖਦੇ ਹੋਏ ਸੰਖੇਪ ਵਿਚ 'ਕਾਵਿ-ਸ਼ਾਸਤਰ' ਬਾਰੇ ਪੜ੍ਹਾਂਗੇ ਕਿ ਕਾਵਿ-ਸ਼ਾਸਤਰ ਕੀ ਹੈ ਅਤੇ ਇਸਦਾ ਭਾਰਤੀ ਕਾਵਿ-ਸ਼ਾਸਤਰ ਵਿਚ ਕੀ ਮਹੱਤਵ ਹੈ?

## ਕਾਵਿ-ਸ਼ਾਸਤਰ:

ਕਾਵਿ ਸ਼ਾਸਤਰ ਸ਼ਬਦ ਦੇ ਸਕੰਲਪਕ ਅਰਥਾਂ ਨੂੰ ਸਪੱਸ਼ਟ ਕਰਨ ਲਈ ਅਕਸਰ ਇਸ ਨੂੰ ਸਾਹਿਤ ਸਿਧਾਂਤ (Theory of Literature), ਸਾਹਿਤ-ਵਿਗਿਆਨ (Science of Literature) ਅਤੇ ਸਾਹਿਤ ਦੀ ਵਿਆਕਰਨ (Grammar of Literature) ਆਦਿ ਦੇ ਪਰਿਆਇ ਵਜੋਂ ਵਰਤਿਆ ਜਾਂਦਾ ਰਿਹਾ ਹੈ, ਪਰ ਅਜੋਕੇ ਸਾਹਿਤ ਚਿੰਤਨ ਵਿਚ ਕਾਵਿ-ਸ਼ਾਸਤਰ ਸ਼ਬਦ ਇਕ ਆਲੋਚਨਾਤਮਕ ਸੰਕਲਪ ਵਜੋਂ ਸਾਹਿਤ ਵਿਗਿਆਨ ਦੇ ਪਰਿਆਇ ਵਜੋਂ ਰੂੜ ਹੋ ਗਿਆ ਹੈ। ਅਸਲ ਵਿਚ ਵੇਖਿਆ ਜਾਵੇ ਤਾਂ ਕਾਵਿ-ਸ਼ਾਸਤਰ ਕਾਵਿ ਨੂੰ ਕਲਾ ਵਜੋਂ ਪੜ੍ਹਨ ਦਾ ਵਿਗਿਆਨ ਹੈ।

ਕਾਵਿ-ਸ਼ਾਸਤਰ ਦਾ ਕੇਂਦਰੀ ਨੁਕਤਾ ਕਾਵਿ ਦੇ ਹੋਣ ਯਥਾਰਥ (Ontology) ਦੀ ਨਿਸ਼ਾਨਦੇਹੀ ਕਰਨਾ ਹੈ, ਭਾਵ ਕਾਵਿ-ਸ਼ਾਸਤਰ ਕਾਵਿ ਸੰਗਠਨ ਵਿਚ ਕਾਰਜਸ਼ੀਲ ਅਮੂਰਤ ਨੇਮਾਂ ਅਤੇ ਵਿਆਪਕ ਸਿਧਾਂਤਾਂ ਦੀ ਤਲਾਸ਼ ਅਤੇ ਉਹਨਾਂ ਦੇ ਤਾਰਕਿਕ ਵਿਵੇਚਨ ਦੁਆਰਾ ਕਾਵਿ ਦੀ 'ਕਾਵਿਕਤਾ' (Poeticity) ਦਾ ਨਿਖੇੜਾ ਕਰਦਾ ਹੈ। 'ਇਨਸਾਈਕਲੋਪੀਡੀਆ ਆਫ ਪੋਇਟਰੀ ਐਂਡ ਪੋਇਟਿਕਸ' Encyclopedia of Poetics ਦੇ ਅਨੁਸਾਰ,

"ਪਰੰਪਰਕ ਅਰਥਾਂ ਵਿਚ ਕਾਵਿ-ਸ਼ਾਸਤਰ ਕਾਵਿ ਦਾ ਇਕ ਸੁਨਿਯਮਤ ਸਿਧਾਂਤ ਹੈ"।

ਤੋਦੋਰੋਵ ਦੇ ਸ਼ਬਦਾਂ ਵਿਚ:

"ਮਨੋਵਿਗਿਆਨ ਅਤੇ ਸਮਾਜ-ਸ਼ਾਸਤਰ ਆਦਿ ਸਮਾਜਕ ਵਿਗਿਆਨਾਂ ਨਾਲੋਂ ਇਸਦਾ (ਕਾਵਿ-ਸ਼ਾਸਤਰ) ਵਖਰੇਵਾਂ ਇਹ ਹੈ ਕਿ ਸਾਹਿਤ ਦੀ ਹੋਂਦ-ਵਿਧੀ ਨਾਲ ਸੰਬੰਧਤ ਵਿਆਪਕ ਨੇਮਾਂ ਦੀ ਤਲਾਸ਼ ਖੁਦ ਸਾਹਿਤ ਕਿਰਤਾਂ ਵਿਚੋਂ ਹੀ ਕਰਦਾ ਹੈ"

ਸਾਹਿਤ ਦੀ ਸਾਹਿਤਕਤਾ ਦਾ ਨਿਰਣਾ ਕੇਵਲ ਰੁਪਾਤਮਕ ਜਾਂ ਭਾਸ਼ਾਈ ਜੁਗਤਾਂ ਹੀ ਨਹੀ ਕਰਦੀਆਂ, ਸਗੋਂ ਉਹ ਇਤਿਹਾਸਕ, ਸਾਂਸਕ੍ਰਿਤਕ ਸੰਦਰਭ ਵੀ ਕਰਦਾ ਹੈ, ਜਿਸ ਦੀ ਉਹ ਉਪਜ ਹੁੰਦਾ ਹੈ। ਇਸ ਲਈ ਮਿਖਾਇਲ ਖਰਾਪਚੈਂਕੋ ਨੇ ਕਾਵਿ-ਸ਼ਾਸਤਰ ਨੂੰ ਕਾਵਿ-ਭਾਸ਼ਾ ਅਤੇ ਕਾਵਿਕ-ਜੁਗਤਾਂ ਦੇ ਅਧਿਐਨ ਤੱਕ ਸੀਮਤ ਕਰਨ ਵਾਲੀ ਰੂਪਵਾਦੀ ਧਾਰਨਾਂ ਦਾ ਵਿਰੋਧ ਕੀਤਾ ਹੈ ਅਤੇ ਕਿਹਾ ਹੈ, "ਕਾਵਿ-ਸ਼ਾਸਤਰ ਨੂੰ ਕਲਾ-ਕਿਰਤਾਂ ਦੇ ਆਂਤਰਿਕ ਸੰਗਠਨ ਸਾਹਿਤਕ ਰੂਪਾਕਾਰਾਂ ਦੇ ਵਿਕਾਸ ਅਤੇ ਉਨ੍ਹਾਂ ਵਿਆਪਕ ਸਿਧਾਂਤਾਂ ਜਿਨ੍ਹਾਂ ਰਾਹੀਂ ਜੀਵਨ ਯਥਾਰਥ ਕਲਾ-ਕਿਰਤਾਂ ਵਿਚ ਰੂਪਾਂਤਰਤ ਹੁੰਦਾ ਹੈ, ਤੋਂ ਨਿਖੇੜਿਆ ਨਹੀਂ ਜਾ ਸਕਦਾ"।

"Poetics cannot avoid being concerned with the internal construction of works of art, with literary genres, and their evolution, as much as with the general principles by which life is embodied in art."

ਕਾਵਿ-ਸ਼ਾਸਤਰ ਦੇ ਸੰਕਲਪ ਨੂੰ ਸਾਹਿਤਕ ਨੇਮਾਂ ਦੇ ਸੀਮਤ ਅਰਥਾਂ ਵਿਚ ਵਰਤਣ ਦੀ ਬਜਾਏ ਇਸ ਨੂੰ ਵਿਆਪਕ ਮਨੁੱਖੀ ਸੱਚ ਦੀ ਖੋਜ ਦੇ ਅਰਥਾਂ ਵਿੱਚ ਵਰਤਣ ਦਾ ਸੁਝਾਅ ਹੋਣਾ ਚਾਹੀਦਾ ਹੈ। ਕਾਵਿ-ਸ਼ਾਸਤਰ ਅਸਲ ਵਿੱਚ ਕਾਵਿ ਸੰਬੰਧੀ ਤੱਥਾਂ ਅਤੇ ਨਿਯਮਾਂ ਦਾ ਸੰਕਲਨ ਮਾਤਰ ਨਹੀਂ, ਇਹ ਕਾਵਿ ਦਾ ਦਰਸ਼ਨ ਹੈ।

ਭਾਰਤੀ ਅਤੇ ਪੱਛਮੀ ਸਾਹਿਤਕ ਪਰੰਪਰਾਵਾਂ ਤੋਂ ਸਾਡੇ ਇਸ ਮੱਤ ਦੀ ਪੁਸ਼ਟੀ ਹੋ ਜਾਂਦੀ ਹੈ। ਯੂਨਾਨੀ ਸਾਹਿਤ ਪਰੰਪਰਾ ਵਿੱਚ ਪਲੈਟੋ-ਅਰਸਤੂ ਦੇ ਕਾਵਿ ਸ਼ਾਸਤਰ ਸੰਵਾਦ ਤੋਂ ਪਹਿਲਾ ਹੀ ਹੋਮਰ ਆਦਿ ਦੀਆਂ ਕਲਾਸੀਕਲ ਕਾਵਿ-ਰਚਨਾਵਾਂ ਵਿਚ ਕਾਵਿ ਬਾਰੇ ਕਈ ਸਿਧਾਂਤਕ ਉਕਤੀਆਂ ਮਿਲ ਜਾਂਦੀਆਂ ਹਨ। ਪੰਜਾਬੀ ਸਾਹਿਤ-ਪਰੰਪਰਾ ਦੇ ਉਦੈ-ਕਾਲ ਵਿੱਚ ਹੀ ਦਮੋਦਰ, ਹਾਫਿਜ ਬਰਖੁਰਦਾਰ ਅਤੇ ਗੁਰੂ ਨਾਨਕ ਦੇਵ ਆਦਿ ਕਵੀਆਂ ਨੇ ਆਪਣੀ ਕਾਵਿ-ਰਚਨਾ ਵਿੱਚ ਸਾਹਿਤ ਬਾਰੇ ਸਿਸਟਮੀ ਚੇਤਨਾ ਦਾ ਪ੍ਰਮਾਣ ਦਿੱਤਾ ਹੈ। ਹੁਣ ਤੱਕ ਦੇ ਕਾਵਿ-ਸ਼ਾਸਤਰੀ ਚਿੰਤਨ ਨੂੰ ਮੋਟੇ ਤੌਰ ਤੇ ਦੋ ਵਰਗਾਂ ਵਿੱਚ ਵੰਡਿਆ ਜਾ ਸਕਦਾ ਹੈ:

1.ਭਾਰਤੀ ਕਾਵਿ-ਸ਼ਾਸਤਰ

2. ਪੱਛਮੀ ਕਾਵਿ-ਸ਼ਾਸਤਰ

ਅਸੀਂ ਬਹੁਤਾ ਡੂੰਘਾਈ ਵਿੱਚ ਨਾ ਜਾਂਦੇ ਹੋਏ ਅਤੇ ਆਪਣੇ ਵਿਸ਼ੇ ਦੀ ਸੀਮਾ ਨੂੰ ਧਿਆਨ ਵਿੱਚ ਰੱਖਦੇ ਹੋਏ ਸਿਰਫ ਭਾਰਤੀ ਕਾਵਿ-ਸ਼ਾਸਤਰ ਬਾਰੇ ਸੰਖੇਪ ਚਰਚਾ ਕਰਾਂਗੇ -

## ਭਾਰਤੀ ਕਾਵਿ-ਸ਼ਾਸਤਰ:

ਭਾਰਤੀ ਕਾਵਿ-ਸ਼ਾਸਤਰ ਜਾਂ ਭਾਰਤੀ ਸਾਹਿਤ ਆਲੋਚਨਾ ਦਾ ਭਾਵ ਇਹ ਹੈ ਕਿ ਸੰਸਕ੍ਰਿਤ ਭਾਸ਼ਾ ਵਿਚ ਵਿਦਵਾਨਾਂ ਨੇ ਸਾਹਿਤ ਦੇ ਕੀ ਗੁਣ ਦੱਸੇ ਹਨ ਅਤੇ ਸਾਹਿਤ ਆਲੋਚਨਾ ਦੇ ਕੀ ਨੇਮ ਬਿਆਨ ਕੀਤੇ ਹਨ?

ਜਿਵੇਂ ਪੱਛਮ ਵਿਚ ਸਾਹਿਤ ਬਾਰੇ ਚਰਚਾ ਸਭ ਤੋਂ ਪਹਿਲਾਂ ਯੂਨਾਨੀਆਂ ਨੇ ਸ਼ੁਰੂ ਕੀਤੀ, ਉਹਨਾਂ ਨੇ ਦੱਸਿਆ ਕਿ ਕਵਿਤਾ ਕੀ ਹੈ? ਕਵਿਤਾ ਵਿਚ ਨਾਟਕ ਅਤੇ ਮਹਾਂ-ਕਾਵਿ ਕੀ ਹਨ? ਇਸੇ ਤਰਾਂ ਹੀ ਭਾਰਤ ਵਿਚ ਲਗਭਗ ਢਾਈ ਹਜ਼ਾਰ ਸਾਲ ਪਹਿਲਾਂ ਕਾਵਿ ਬਾਰੇ ਚਰਚਾ ਸ਼ੁਰੂ ਹੋ ਗਈ ਸੀ। ਸੰਸਕ੍ਰਿਤ ਦੇ ਪੰਡਿਤ ਸਾਰੇ ਸਾਹਿਤ ਨੂੰ 'ਕਾਵਿ' ਕਹਿੰਦੇ ਸਨ। ਸੰਸਕ੍ਰਿਤ ਵਿੱਚ ਕਾਵਿ ਉਤੇ ਚਰਚਾ ਸ਼ੁਰੂ ਹੋਣ ਤੋਂ ਪਹਿਲਾਂ ਬਹੁਤ ਉੱਚੀ ਪੱਧਰ ਦਾ ਸਾਹਿਤ ਰਚਿਆ ਜਾ ਚੁਕਿਆ ਸੀ, ਵੇਦ ਲਿਖੇ ਜਾ ਚੁਕੇ ਸੀ। ਮਹਾਂਭਾਰਤ ਅਤੇ ਗੀਤਾ ਵਰਗੇ ਮਹਾਨ ਗ੍ਰੰਥ ਲਿਖੇ ਜਾ ਚੁੱਕੇ ਸਨ। ਪਹਿਲਾਂ-ਪਹਿਲ ਕਾਵਿ ਸ਼ਾਸਤਰ ਦਾ ਅਧਿਐਨ ਵਿਭਿੰਨ 'ਅਲੰਕਾਰ ਸ਼ਾਸਤਰ' ਸੰਬੰਧੀ ਗ੍ਰੰਥਾਂ ਵਿਚ ਹੋਇਆ ਜਿਨ੍ਹਾਂ ਵਿਚ ਕਾਵਿ ਦੇ ਵਿਵਿਧ ਰੂਪਾਂ ਦਾ ਵਿਆਪਕ ਰੂਪ ਵਿਚ ਵਿਵੇਚਨ ਪੇਸ਼ ਕੀਤਾ ਗਿਆ। ਅਸਲ ਵਿਚ ਇਸ ਸ਼ਾਸਤਰ ਦਾ ਮੰਤਵ ਹੀ ਇਹ ਹੈ ਕਿ ਕਾਵਿ ਦੇ ਸੌਂਦਰਯ ਦਾ ਸਪੱਸ਼ਟੀਕਰਨ ਕੀਤਾ ਜਾਵੇ , ਜਿਸ ਰਾਹੀਂ ਸਾਧਾਰਨ ਤੋਂ ਵੱਧ ਅਨੰਦ ਦੀ ਪ੍ਰਾਪਤੀ ਕੀਤੀ ਜਾ ਸਕੇ ਅਤੇ ਦੋਸ਼ਾਂ ਤੋਂ ਦੂਰ ਹੱਟ ਕੇ ਉੱਤਮ ਕਾਵਿ ਗ੍ਰੰਥਾਂ ਦੇ ਸਿਰਜਨ ਦੀ ਕਵੀਆਂ ਨੂੰ ਪ੍ਰੇਰਣਾ ਮਿਲਦੀ ਰਹੇ। ਇਸ ਲਈ ਇਸ ਨੂੰ ਇਕ ਵਿਗਿਆਨ ਮੰਨਿਆ ਜਾਂਦਾ ਹੈ ਜਿਸ ਰਾਹੀਂ ਕਾਵਿ ਦੇ ਤੱਤ, ਮਰਮ, ਮੂਲ ਰੂਪ ਅਤੇ ਉਸ ਦੇ ਅਗਲੇਰੇ ਅੰਗਾਂ ਦਾ ਪਰਸਪਰ ਮੇਲ ਜਾਪੇ ਅਤੇ ਕਾਵਿਕ ਦੋਸ਼ਾਂ ਦੇ ਜਾਨਣ ਦੀ ਵਿਵੇਕ ਸ਼ਕਤੀ ਜਾਗਰੂਕ ਹੋਵੇ ਅਤੇ ਚੰਗੀ ਕਵਿਤਾ ਕਰਨ ਵਿਚ ਮਦਦ ਮਿਲੇ, ਅਜਿਹੇ ਸ਼ਾਸਤਰ ਨੂੰ ਕਾਵਿ ਸ਼ਾਸਤਰ ਕਿਹਾ ਜਾਂਦਾ ਹੈ। ਇਸ ਤਰਾਂ ਇਹ ਸ਼ਾਸਤਰ ਕਾਵਿ-ਆਲੋਚਨਾ ਨੂੰ ਪੇਸ਼ ਕਰਨ ਵਾਲੀ ਸਾਹਿਤ ਸਮੀਖਿਆ ਦੀ ਇਕ ਵਿਸ਼ੇਸ਼ ਸ਼ਾਖ ਮੰਨੀ ਜਾਂਦੀ ਹੈ।

ਭਾਰਤੀ ਕਾਵਿ-ਸ਼ਾਸਤਰ ਇਕ ਬੋਹੜ ਦੇ ਬ੍ਰਿਖ ਵਾਂਗ ਹੈ, ਜਿਸ ਦੀਆਂ ਅਨੇਕਾਂ ਸ਼ਾਖਾਵਾਂ ਹਨ ਅਤੇ ਇਹ ਬਹੁਤ ਲੰਮੀਆਂ ਫੈਲੀਆਂ ਹੋਈਆਂ ਹਨ ਅਤੇ ਉਸ ਤੋਂ ਵੀ ਵੱਡੀ ਗੱਲ ਇਹ ਹੈ ਕਿ ਇਹ ਇੰਨੀਆਂ ਗੁੰਝਲਦਾਰ ਹਨ ਕਿ ਇਨ੍ਹਾਂ ਨੂੰ ਸੁਲਝਾਉਣਾ ਸੌਖਾ ਨਹੀਂ ਹੈ। ਜਿਨ੍ਹਾਂ ਸਾਡੇ ਭਾਰਤੀ ਸੰਸਕ੍ਰਿਤ ਆਚਾਰਯਾਂ ਨੇ ਇਸ ਨੂੰ ਸੁਲਝਾਉਣ ਦੀ ਅਤੇ ਇਸ ਦੀ ਥਾਹ ਪਾਉਣ ਦੀ ਕੋਸ਼ਿਸ਼ ਕੀਤੀ ਹੈ, ਉਨਾਂ ਅਧਿਐਨ ਵਿਸ਼ਵ ਦੇ ਕਿਸੇ ਹੋਰ ਸਾਹਿਤ ਵਿੱਚ ਨਹੀਂ ਮਿਲਦਾ। ਇਸ ਮਹਾਨ ਰੁੱਖ ਬੋਹੜ ਦੇ ਕਈ ਟਾਹਣੇ ਕਈ ਸੰਪਰਦਾਵਾਂ ਦੇ ਰੂਪ ਵਿੱਚ ਵਿਕਸਤ ਹੋਏ ਹਨ।ਇਸ ਦੇ ਵਿਕਾਸ ਦੀ ਪਰੰਪਰਾ ਕਾਫੀ ਲੰਮੀ ਹੈ, ਜਿਸ ਦਾ ਵਿਵਰਣ ਇਨਾ ਮਹਾਨ ਆਚਾਰਯਾਂ ਦੀਆਂ ਮਹਾਨ ਪੁਸਤਕਾਂ ਵਿਚੋਂ ਮਿਲਦਾ ਹੈ। ਜਿਨ੍ਹਾਂ ਵਿੱਚ ਉਨਾਂ ਨੇ ਕਾਵਿ ਸ਼ਾਸਤਰ ਦੇ ਸਿਧਾਤਾਂ ਨੂੰ ਬਹੁਤ ਡੂੰਘਾਈ ਨਾਲ ਦੱਸਿਆ ਹੈ। ਭਾਵੇਂ ਇਨਾਂ ਵਿਚਾਰਕਾਂ ਅਤੇ ਆਚਾਰਯਾਂ ਦੀਆਂ ਸਿਧਾਂਤਕ ਧਾਰਨਾਵਾਂ ਵਧੇਰੇ ਸੰਸਕ੍ਰਿਤ ਸਾਹਿਤ ਤੇ ਹੀ ਨਿਰਭਰ ਹਨ, ਫਿਰ ਵੀ ਉਨਾਂ ਦੀਆਂ ਖੋਜਾਂ ਵਿੱਚ ਸਰਵ-ਜਨਿਕ ਅਤੇ ਸਰਵ-ਭੌਮਿਕ ਤੱਥਾਂ ਦੇ ਦਰਸ਼ਨ ਹੁੰਦੇ ਹਨ। ਸੰਸਕ੍ਰਿਤ ਕਾਵਿ-ਸ਼ਾਸਤਰ ਇਕ ਵੱਖਰਾ ਵਿਸ਼ਾ ਹੈ, ਜਿਸ ਦਾ ਸੰਬੰਧ ਨਾ ਤਾਂ ਦਰਸ਼ਨ ਨਾਲ ਹੈ ਤੇ ਨਾ ਹੀ ਰਾਜਨੀਤੀ ਨਾਲ, ਬਲਕਿ ਇਸ ਵਿੱਚ ਅਸੀਂ ਸੋਹਣੇ ਤੋਂ ਸੋਹਣੇ ਸਿਧਾਂਤਾ ਦਾ ਵਿਕਾਸ ਦੇਖਦੇ ਹਾਂ ਵੱਧ ਤੋਂ ਵੱਧ ਆਚਾਰਾਯਾਂ ਦੀ ਇਹ ਕੋਸ਼ਿਸ਼ ਰਹੀ ਹੈ ਕਿ ਉਹ ਦੂਜੇ ਆਚਾਰਾਯਾਂ ਦੇ ਮਤਾਂ ਦਾ ਵਿਸ਼ਲੇਸ਼ਣ ਅਤੇ ਉਨਾਂ ਦਾ ਮੰਡਨ ਕਰਕੇ ਆਪਣੇ ਨਵੇਂ ਮਤ ਨੂੰ ਸਥਾਪਿਤ ਕਰਕੇ ਹੋਰ ਗਹਿਨ ਅਧਿਐਨ ਕਰਕੇ ਵਿਕਾਸ ਕਰਦੇ ਰਹਿਣਾ ਹੈ। ਇਸ ਲਈ ਇਹ ਕਾਵਿ-ਸ਼ਾਸਤਰ ਦੇ ਹਰ ਪਹਿਲੂ ਤੋਂ ਬਹੁਤ ਮਹੱਤਵਸ਼ਾਲੀ ਹੈ। ਸਾਡੇ ਮਨਾਂ ਅੰਦਰ ਇਹ ਭ੍ਰਾਂਤੀ ਪੈਦਾ ਹੁੰਦੀ ਹੈ ਕਿ ਕਿਹੜੇ ਗ੍ਰੰਥ ਨੂੰ ਭਾਰਤੀ ਕਾਵਿ-ਸ਼ਾਸਤਰ ਦਾ ਪ੍ਰਾਚੀਨਤਮ ਗ੍ਰੰਥ ਮੰਨਿਆ ਜਾਵੇ। ਕੁਝ ਵਿਦਵਾਨ ਅਗਨੀ ਪੁਰਾਨ ਦੇ ਸਾਹਿਤ ਭਾਗ ਨੂੰ ਕਾਵਿ-ਸ਼ਾਸਤਰ ਦੇ ਸਭ ਤੋਂ ਪ੍ਰਾਚੀਨਤਮ ਗ੍ਰੰਥ ਮੰਨਦੇ ਹਨ। ਇਸ ਵਿੱਚ ਕਾਵਿ ਦੇ ਭੇਦ ਅਲੰਕਾਰ, ਰਸ, ਰੀਤੀ, ਗੁਣ, ਦੋਸ਼ ਅਤੇ ਧੁਨੀ ਅਦਿ ਵਿਸ਼ਿਆਂ ਤੇ ਵਿਚਾਰ ਕੀਤਾ ਗਿਆ ਹੈ। ਵਿਦਵਾਨਾਂ ਨੇ ਆਪਣੇ ਤਰਕ ਅਤੇ ਸਿਧਾਂਤ ਪੇਸ਼ ਕਰਕੇ ਇਹ ਸਿੱਧ ਕੀਤਾ ਹੈ ਕਿ ਇਹ ਬਹੁਤ ਬਾਅਦ ਦੀ ਰਚਨਾ ਹੈ ਇਸ ਲਈ ਸਭ ਤੋਂ ਪ੍ਰਾਚੀਨ ਗ੍ਰੰਥ ਨਾਟਯ ਸ਼ਾਸਤਰ ਹੈ। ਭਾਰਤੀ ਕਾਵਿ-ਸ਼ਾਸਤਰ ਵਿੱਚ 'ਕਾਵਿ' ਸ਼ਬਦ ਦੀ ਵਰਤੋਂ ਸਮੁੱਚੇ ਸਾਹਿਤ ਅਤੇ 'ਸ਼ਾਸਤਰ' ਸ਼ਬਦ ਦੀ ਵਰਤੋਂ ਸਾਹਿਤ ਦੇ ਸੰਗਠਨਕਾਰੀ ਵਿਧਾਨ ਦਾ ਗਿਆਨ ਦੇਣ ਵਾਲੇ ਅਨੁਸ਼ਾਸਨ ਲਈ ਹੋਈ ਹੈ। ਸ਼ਾਸਤਰ ਦਾ ਕੋਸ਼ਗਤ ਅਰਥ ਆਦੇਸ਼, ਆਗਿਆ, ਅਸੂਲ, ਨਿਯਮਾਂਵਲੀ ਆਦਿ ਹੈ, ਪਰ

ਇਸ ਦਾ ਇਕ ਹੋਰ ਵਿਸ਼ਾਲ ਅਰਥ ਹੈ: ਕਿਸੇ ਖਾਸ ਵਿਸ਼ੇ ਦਾ ਉਹ ਸਾਰਾ ਗਿਆਨ ਜਿਸ ਨੂੰ ਠੀਕ ਕਿਸੇ ਖਾਸ ਤਰਤੀਬ ਨਾਲ ਰੱਖਿਆ ਗਿਆ ਹੋਵੇ। ਕਿਸੇ ਤਰਤੀਬ ਜਾਂ ਕਿਸੇ ਸਿਸਟਮ ਵਿੱਚ ਰੱਖਣਾ ਹੀ ਅਜੋਕੀ ਸ਼ਬਦਾਵਲੀ ਵਿੱਚ ਵਿਗਿਆਨ ਅਖਵਾਉਂਦਾ ਹੈ। ਸਭ ਤੋਂ ਪੁਰਾਣਾ ਗ੍ਰੰਥ ਭਰਤ ਮੁਨੀ ਦਾ ਨਾਟਯ ਸ਼ਾਸਤਰ ਹੈ। ਇਸ ਲਈ ਇਹ ਮੰਨ ਲੈਣਾ ਤਰਕ ਸੰਗਤ ਹੈ ਕਿ ਭਰਤ ਮੁਨੀ ਤੋਂ ਪੰਜ-ਛੇ ਸਦੀਆਂ ਪਹਿਲਾਂ ਆਲੋਚਨਾ ਦਾ ਆਰੰਭ 200 ਈ. ਪੂਰਬ ਤੋਂ ਭਰਤ ਮੁਨੀ ਨਾਲ ਸ਼ੁਰੂ ਹੋਇਆ ਮੰਨਿਆ ਜਾਂਦਾ ਹੈ। ਕਾਵਿ-ਸ਼ਾਸਤਰ ਦਾ ਭਾਰਤੀ ਕਾਵਿ-ਸ਼ਾਸਤਰ ਵਿੱਚ ਸਭ ਤੋਂ ਪੁਰਾਣਾ ਗ੍ਰੰਥ ਮੰਨਿਆ ਜਾਂਦਾ ਹੈ। ਆਲੋਚਨਾ ਨੂੰ ਸਾਹਿਤ ਵਿਦਿਆ ਵੀ ਕਿਹਾ ਗਿਆ ਹੈ, ਪਰ ਇਹਨਾਂ ਸਾਰਿਆਂ ਵਿਚੋਂ 'ਕਾਵਿ-ਸ਼ਾਸਤਰ' ਨਾਮ ਹੀ ਪ੍ਰਚਲਿਤ ਹੈ, ਜੋ ਕਿ ਆਲੋਚਨਾ ਸ਼ਾਸਤਰ ਜਾਂ ਅਲੰਕਾਰ ਸ਼ਾਸਤਰ ਦੇ ਮੁਕਾਬਲੇ ਰੱਖਿਆ ਜਾਂਦਾ ਹੈ।

ਯੂਨਾਨੀ ਰੋਮੀ ਸਨਾਤਨੀ ਪਰੰਪਰਾ ਵਾਂਗ ਭਾਰਤੀ ਕਾਵਿ-ਸ਼ਾਸਤਰ ਦਾ ਵਿਕਾਸ ਵੀ ਰੂਪਵਾਦੀ ਅਤੇ ਵਸਤੂਵਾਦੀ ਦੋਹਾਂ ਧਾਰਾਵਾਂ ਦੇ ਰੂਪ ਵਿੱਚ ਹੋਇਆ। ਭਾਰਤੀ ਕਾਵਿ-ਸ਼ਾਸਤਰ ਦੀਆਂ ਵਿਭਿੰਨ ਸੰਪਰਦਾਵਾਂ ਨੂੰ ਸਿਧਾਂਤਕ ਦ੍ਰਿਸ਼ਟੀ ਤੋਂ ਛੇ ਵਰਗਾਂ ਵਿੱਚ ਵੰਡਿਆ ਜਾਂਦਾ ਹੈ। ਰਸ, ਧੁਨੀ, ਅਲੰਕਾਰ, ਰੀਤੀ, ਵਕ੍ਰੋਕਤੀ, ਔਚਿਤਯ। ਇਹਨਾਂ ਵਿਚੋਂ ਰਸ, ਧੁਨੀ, ਔਚਿਤਯ ਸੰਪਰਦਾਇ ਦਾ ਸੰਬੰਧ ਵਸਤੂ-ਵਾਦੀ ਧਾਰਾ ਨਾਲ ਹੈ ਅਤੇ ਅਲੰਕਾਰ, ਰੀਤੀ, ਵਕ੍ਰੋਕਤੀ ਦਾ ਸੰਬੰਧ ਰੂਪ-ਵਾਦੀ ਧਾਰਾ ਨਾਲ ਹੈ। ਅਸੀਂ ਹੁਣ ਇਨ੍ਹਾਂ ਛੇ ਸਿਧਾਂਤਾਂ ਬਾਰੇ ਥੋੜ੍ਹਾ-ਥੋੜ੍ਹਾ ਪੜ੍ਹਾਂਗੇ।

ਭਾਰਤੀ ਕਾਵਿ ਸ਼ਾਸਤਰ ਨਾਲ ਸੰਬੰਧਿਤ ਮੁੱਖ ਚਿੰਤਕ ਅਤੇ ਪੁਸਤਕਾਂ

## ਭਰਤਮੁਨੀ:

ਭਰਤਮੁਨੀ ਦੇ 'ਨਾਟਯ ਸ਼ਾਸਤਰ' ਆਲੋਚਨਾ ਗ੍ਰੰਥ ਨਾਲ ਭਾਰਤੀ ਆਲੋਚਨਾ ਦਾ ਪਹਿਲਾ ਸਿਧਾਂਤਕ ਗ੍ਰੰਥ ਸਵੀਕਾਰ ਕੀਤਾ ਜਾਦਾ ਹੈ। ਬਹੁਤੇ ਵਿਦਵਾਨ ਇਸ ਦਾ ਸਮਾਂ ਦੂਜੀ ਸਦੀ ਦਾ ਮੰਨਦੇ ਹਨ ਪਰ ਪੀ. ਵੀ. ਕਾਣੇ ਨੇ ਬੜੇ ਜ਼ੋਰਦਾਰ ਸ਼ਬਦਾਂ ਵਿਚ' ਨਾਟਯ ਸ਼ਾਸਤਰ' ਦਾ ਸਮਾਂ ਪਹਿਲੀ ਸਦੀ ਮੰਨਿਆ ਹੈ। ਇਸ ਪੁਸਤਕ ਵਿਚ ਰਸ ਦੇ ਬਾਰੇ ਭਰਪੂਰ ਰੂਪ ਵਿਚ ਵਰਣਨ ਮਿੱਲਦਾ ਹੈ; ਸਭ ਤੋਂ ਵੱਡੀ ਦੇਣ ਰਸ ਦੇ ਵਿਸ਼ਲੇਸ਼ਣ ਬਾਰੇ ਅੰਕਿਤ ਗਿਆਨ ਦੀ ਹੈ।ਉਨ੍ਹਾਂ ਨੇ 'ਰਸ' ਨੂੰ ਕਾਵਿ ਦੀ ਆਤਮਾ ਮੰਨਿਆ। ਇਸ ਪੁਸਤਕ ਵਿਚ ਹੋਰ ਆਲੋਚਨਾਤਮਿਕ ਵਿਸ਼ਿਆਂ ਬਾਰੇ ਪ੍ਰਮਾਣਿਕ ਸੂਚਨਾ ਪ੍ਰਾਪਤ ਹੁੰਦੀ ਹੈ।

## ਭਾਮਹ:

ਆਚਾਰੀਆ ਭਾਮਹ ਦਾ ਰਚਨਾ ਕਾਲ ਛੇਵੀਂ ਸਦੀ ਦਾ ਮੰਨਿਆ ਜਾਂਦਾ ਹੈ। ਇਨ੍ਹਾਂ ਦਾ ਰਚਿਆ 'ਕਾਵਿਯ ਅੰਲਕਾਰ' ਬਹੁਤ ਪ੍ਰਸਿੱਧ ਹੋਇਆ ਹੈ।ਭਾਮਹ ਦੀ ਸਭ ਤੋਂ ਵੱਡੀ ਦੇਣ ਅੰਲਕਾਰਾਂ ਦੀ ਮਹੱਤਤਾ ਨੂੰ ਸਾਬਤ ਕਰਨ ਵਿਚ ਹੈ। ਉਨ੍ਹਾਂ ਨੇ'ਅੰਲਕਾਰ' ਨੂੰ ਕਾਵਿ ਦੀ ਆਤਮਾ ਮੰਨਿਆ।

## ਦੰਡੀ:

ਆਚਾਰੀਆ ਦੰਡੀ ਨੇ 'ਕਾਵਿ-ਆਦਰਸ਼' ਗ੍ਰੰਥ ਰਚਿਆ।ਇਸ ਗ੍ਰੰਥ ਵਿਚ ਦੰਡੀ ਨੇ ਕਾਵਿ ਦੇ ਲੱਛਣ ਪਰੰਪਰਾ ਅਨੁਸਾਰ ਹੀ ਦੱਸੇ ਹਨ ਪਰ ਇਹ ਗੱਲ ਬੜੀ ਨਿਵੇਕਲੀ ਹੈ ਕਿ ਦੰਡੀ ਨੇ ਕਾਵਿ ਦੀ ਵਡਿਆਈ ਸ਼ੈਲੀ ਨੂੰ ਮੰਨਿਆ ਹੈ।ਸ਼ੈਲੀ ਦੀ ਥਾਂ ਦੰਡੀ ਨੇ ਮਾਰਗ ਸ਼ਬਦ ਦੀ ਵਰਤੋਂ ਕੀਤੀ; ਜਦੋਂਕਿ ਬਾਕੀ ਵਿਦਵਾਨ ਨੇ ਇਸ ਨੂੰ ਰੀਤੀ ਕਿਹਾ ਹੈ।ਵਿਦਵਾਨ ਅਨੁਸਾਰ ਹਰ ਕਵੀ ਨਾਲ ਰੀਤੀ ਬਦਲ ਜਾਂਦੀ ਹੈ।

## ਉੱਦਭੱਟ:

ਉਦਭੱਟ ਦਾ ਪ੍ਰਸਿੱਧ ਕਾਵਿ-ਸ਼ਾਸਤਰੀ ਗ੍ਰੰਥ 'ਅੰਲਕਾਰ ਸਾਰ ਸੰਗ੍ਰਹਿ ਹੈ। ਇਸ ਵਿਚ ਅੰਲਕਾਰਾਂ ਦੀ ਗੌਰਵਸ਼ੀਲਤਾ ਨੂੰ ਸਥਾਪਿਤ ਕਰਨ ਦਾ ਉਪਰਾਲਾ ਹੈ।

## ਵਾਮਨ:

ਆਚਾਰੀਆ ਵਾਮਨ ਦਾ ਪ੍ਰਸਿੱਧ ਗ੍ਰੰਥ'ਕਾਵਿਅੰਲਕਾਰ ਸੂਤਰ' ਹੈ। ਇਸ ਦਾ ਰਚਨਾ ਕਾਲ ਨੌਵੀਂ ਸਦੀ ਹੈ।ਇਸ ਅਨੁਸਾਰ ਕਾਵਿ ਦਾ ਸੌਂਦਰਯ ਜਾਂ ਸੁਹਜ ਕਾਵਿ ਗੁਣਾਂ ਕਰਕੇ ਹੁੰਦਾ ਹੈ ਜਿਸ ਵਿਚ ਖਾਸ ਕਿਸਮ ਦੀ ਵਾਕ ਰਚਨਾ ਜਾਂ ਪਦਰਚਨਾ ਹੁੰਦੀ ਹੈ; ਜਿਸ ਨੂੰ ਉਹ ਰੀਤੀ ਕਹਿੰਦੇ

ਹਨ।ਆਚਾਰੀਆ ਵਾਮਨ ਰੀਤੀ ਨੂੰ ਕਾਵਿ ਦੀ ਆਤਮਾ ਮੰਨਦੇ ਹਨ ਅਰਥਾਤ ਰੀਤੀ ਨੂੰ ਕਾਵਿ ਦਾ ਕੇਂਦਰੀ ਤੱਤ ਮੰਨਿਆ ਜਾਂਦਾ ਹੈ।ਰੀਤੀ ਹੀ ਆਧੁਨਿਕ ਸ਼ਬਦਾਵਲੀ ਵਿਚ ਸ਼ੈਲੀ ਜਾਂ ਸਟਾਈਲ ਹੈ।

**ਰੁੱਦਰਟ**: ਵਾਮਨ ਤੋਂ ਬਾਅਦ ਵਿਚ ਰੁਦਰਟ ਦਾ'ਕਾਵਿ ਅੰਲਕਾਰ' ਮਿੱਲਦਾ ਹੈ।

### ਆਨੰਦ ਵਰਧਨ:

ਆਨੰਦ ਵਰਧਨ ਦੇ ਗ੍ਰੰਥ ਧਵਨ ਲੋਕ ਜਾਂ ਧੁਨੀਲੋਕ ਦੀ ਬੜੀ ਮਹਾਨਤਾ ਹੈ।ਇਸ ਗ੍ਰੰਥ ਨੇ ਭਾਰਤੀ ਆਲੋਚਨਾ ਨੂੰ ਇਕ ਨਵਾਂ ਸਿਧਾਂਤ ਦਿੱਤਾ ਜਿਸਨੇ ਆਲੋਚਨਾ ਦਾ ਨਜ਼ਰੀਆ ਹੀ ਬਦਲ ਦਿੱਤਾ। ਇਸ ਦੇ ਅਨੁਸਾਰ ਕਾਵਿ ਦੀ ਵਡਿਆਈ ਅਤੇ ਸੁਹਜ ਕਾਵਿ ਵਿਚ ਪ੍ਰਾਪਤ ਧੁਨੀ ਅਤੇ ਸੁਝਾਉਪਣ ਤੇ ਆਧਾਰਿਤ ਹੈ।ਧੁਨੀ ਨੂੰ ਅੰਗਰੇਜੀ ਵਿਚTone /Suggestivity ਮੰਨਿਆ ਜਾਂਦਾ ਹੈ। ਇਸ ਨੂੰ ਰਮਜ਼,ਸੰਕੇਤ, ਇਸ਼ਾਰਾ, ਸੁਝਾ ਆਦਿ ਕਿਹਾ ਜਾ ਸਕਦਾ ਹੈ।

### ਕੁੰਤਕ:

ਆਚਾਰੀਆ ਕੁੰਤਕ ਦਾ ਪ੍ਰਸਿੱਧ ਗ੍ਰੰਥ 'ਵਕ੍ਰੋਕਤੀ ਜੀਵਤ' ਹੈ। ਇਸ ਵਿਚ ਕੁੰਤਕ ਨੇ ਇਕ ਨਿਵੇਕਲਾ ਤੇ ਨਿਆਰਾ ਸਿਧਾਂਤ ਵਕ੍ਰੋਕਤੀ ਦਿੱਤਾ। ਕੁੰਤਕ ਵਕ੍ਰੋਕਤੀ ਨੂੰ ਕਾਵਿ ਦੀ ਆਤਮਾ ਮੰਨਿਆ ਜਾਂਦਾ ਹੈ।ਅਸਲ ਵਿਚ ਵਕ੍ਰੋਕਤੀ ਚਮਤਕਾਰੀ ਕਥਨ ਦਾ ਇਕ ਅੰਗ ਹੈ ਜਿਹੜਵਿਸਮਾਦ ਜਾਂ ਹੈਰਾਨੀ ਨੂੰ ਚਮਕਾਉਂਦਾ ਹੈ।

### ਮੰਮਟ:

ਮੰਮਟ ਦਾ ਸਮਾਂ 12ਵੀ ਸਦੀ ਦਾ ਹੈ।ਇਸ ਦਾ ਗ੍ਰੰਥ ਕਾਵਯ -ਪ੍ਰਕਾਸ਼ ਹੈ। ਇਸ ਗ੍ਰੰਥ ਵਿਚ ਕਾਵਿ ਦੇ ਸਾਰੇ ਅੰਗਾਂ ਉੱਪਰ ਬੜੀ ਸੂਖਮ ਆਲੋਚਨਾਤਮਕ ਦ੍ਰਿਸ਼ਟੀ ਨਾਲ ਚਾਨਣਾ ਪਾਇਆ ਗਿਆ ਹੈ ਅਤੇ ਵਾਦਵਿਵਾਦ ਦੇ ਵਿਸ਼ੇ ਸੁਲਝਾਏ ਗਏ ਹਨ।

ਵਿਸ਼ਵਨਾਥ ਦਾ 'ਸਾਹਿਤਯ ਦਰਪਣ' ਅਤੇ ਜਗਨਨਾਥ ਦਾ 'ਰਸ ਗੰਗਧਰ' ਆਲੋਚਨਾਤਮਕ ਦ੍ਰਿਸ਼ਟੀ ਨਾਲ ਲਿਖੇ ਗ੍ਰੰਥ ਹਨ।ਜਿਨ੍ਹਾਂ ਵਿਚ ਸਾਹਿਤ/ਕਵਿਤਾ ਦੀਆਂ ਬਾਰੀਕੀਆਂ ਬਾਰੇ ਚਰਚਾ ਕੀਤੀ ਗਈ।

### ਕਸ਼ੇਮੇਂਦ੍ਰ:

ਕਸ਼ੇਮੇਂਦ੍ਰ ਦੇ ਲਿਖੇ ਗ੍ਰੰਥ 'ਔਚਤਿਯ ਵਿਚਾਰ ਚਰਚਾ' ਨਾਲ ਇਕ ਹੋਰ ਸਿਧਾਂਤ 'ਔਚਤਿਯ' ਦੀ ਮਹਾਨਤਾ ਸਥਾਪਿਤ ਹੋ ਜਾਂਦੀ ਹੈ। ਇਸ ਵਿਚ ਆਚਾਰਆ ਕਸ਼ੇਮੇਂਦ੍ਰ ਨੇ ਸਪਸ਼ਟ ਕੀਤਾ ਕਿ ਕੋਈ ਵੀ ਕਾਵਿ ਤਾਂ ਹੀ ਉੱਤਮ ਹੋ ਸਕਦਾ ਹੈ ਜੇਕਰ ਇਸ ਵਿਚ ਕਾਵਿ ਦੇ ਸਾਰੇ ਅੰਗਾਂ ਦਾ ਉਚਿਤ ਢੰਗ ਨਾਲ ਸੰਗਠਨ ਹੋਵੇ। ਇਹ ਸਿਧਾਂਤ ਕਾਵਿ ਦੇ ਇੱਕ ਅੱਖਰ ਤੋਂ ਲੈ ਕੇ ਮਹਾਂਕਾਵਿ ਤੱਕ ਫੈਲਿਆ ਹੋਇਆ ਹੈ।

ਭਾਰਤੀ ਕਾਵਿ ਸਿਧਾਂਤਾਂ ਦਾ ਮੂਲ ਆਧਾਰ 'ਕਾਵਿ ਦੀ ਆਤਮਾ' Soul of Poetry ਹੈ। ਕਾਵਿ ਦੀ ਆਤਮਾ ' ਤੋਂ ਭਾਵ ਕਾਵਿ ਦਾ ਉਹ ਬੁਨਿਆਦੀ ਤੱਤ ਜਾਂ ਜਾਨ-ਪ੍ਰਾਨ ਹੈ ਜਿਸ ਉੱਤੇ ਕਾਵਿ ਦੀ ਪਰਮ ਖੂਬਸੂਰਤੀ ਅਤੇ ਉਤਕਿਸ਼ਟਤਾ ਨਿਰਭਰ ਹੈ।

ਕਾਵਿ ਸ਼ਾਸਤਰ ਨਾਲ ਸੰਬੰਧਿਤ ਮੁੱਖ ਚਿੰਤਕ, ਪੁਸਤਕਾਂ ਅਤੇ ਸਿਧਾਂਤਾਂ ਨੂੰ ਹੇਠ ਲਿਖੇ ਚਾਰਟ ਅਨੁਸਾਰ ਸਮਝ ਸਕਦੇ ਹਾਂ:

| | | |
|---|---|---|
| ਭਰਤਮੁਨੀ | ਨਾਟਯ ਸ਼ਾਸਤਰ | ਰਸ |
| ਭਾਮਹ | ਕਾਵਿਯ ਅੰਲਕਾਰ | ਅੰਲਕਾਰ |

| | | |
|---|---|---|
| ਦੰਡੀ | ਕਾਵਿ-ਆਦਰਸ਼ | ਸ਼ੈਲੀ |
| ਉਦਭੱਟ | ਅੰਲਕਾਰ ਸਾਰ ਸੰਗ੍ਰਹਿ | ਅੰਲਕਾਰ |
| ਵਾਮਨ | ਕਾਵਿਅੰਲਕਾਰ ਸੂਤਰ | ਰੀਤੀ |
| ਰੁਦਰਟ | ਕਾਵਿ ਅੰਲਕਾਰ | ਅੰਲਕਾਰ |
| ਆਨੰਦ ਵਰਧਨ | ਧਵਨ ਲੋਕ ਜਾਂ ਧੁਨੀ ਲੋਕ | ਧੁਨੀ |
| ਕੁੰਤਕ | ਵਕ੍ਰੋਕਤੀ ਜੀਵਤ | ਵਕ੍ਰੋਕਤੀ |
| ਮੰਮਟ | ਕਾਵਯ-ਪ੍ਰਕਾਸ਼ | ਸਮੁੱਚਾ ਕਾਵਿ |
| ਵਿਸ਼ਵਨਾਥ | ਸਾਹਿਤਯ ਦਰਪਣ | ਸਮੁੱਚਾ ਕਾਵਿ |
| ਜਗਨਨਾਥ | ਰਸ ਗੰਗਧਰ | ਸਮੁੱਚਾ ਕਾਵਿ |
| ਕਸ਼ੇਮੇਂਦ੍ਰ | ਔਚਿਤਯ ਵਿਚਾਰ ਚਰਚਾ | ਔਚਿਤਯ |

## ਰਸ ਸਿਧਾਂਤ:

ਰਸ ਸੰਪਰਦਾਇ ਨੂੰ ਭਾਰਤੀ ਕਾਵਿ-ਸ਼ਾਸਤਰੀ ਪਰੰਪਰਾ ਵਿੱਚ ਪ੍ਰਮੁੱਖ ਸਥਾਨ ਪ੍ਰਾਪਤ ਹੈ। ਭਾਰਤੀ ਕਾਵਿ-ਸ਼ਾਸਤਰ ਦਾ 'ਰਸ' ਸੰਕਲਪ, ਸਿਰਜਕ ਅਤੇ ਸੁਹਿਰਦ {ਸਰੋਤੇ/ਪਾਠਕ} ਦੋਹਾਂ ਦੀ ਮਾਨਸਿਕਤਾ ਨਾਲ ਸੰਬੰਧਿਤ ਸਿਧਾਂਤ ਹੈ। ਜਿਸਦਾ ਸੰਚਾਲਕ ਭਰਤ ਮੁਨੀ ਹੈ। ਰਸ ਸਿਧਾਂਤ ਦਾ ਆਰੰਭ ਭਰਤ ਮੁਨੀ ਦੇ ਨਾਟਯ ਸ਼ਾਸਤਰ' ਤੋਂ ਮੰਨਿਆ ਜਾਂਦਾ ਹੈ। ਭਰਤ ਮੁਨੀ ਰਸ ਨੂੰ 'ਕਾਵਿ ਦੀ ਆਤਮਾ' ਮੰਨਦਾ ਹੈ। ਭਰਤ ਮੁਨੀ ਦਾ ਰਸ ਸਿਧਾਂਤ 'ਅਰਸਤੂ' ਦੇ ਕੈਥਾਰਸਸ ਸਿਧਾਂਤ ਨਾਲ ਮੇਲ ਖਾਂਦਾ ਹੈ। ਭੱਟ ਲੋਲਟ, ਅਭਿਨਵ ਗੁਪਤ,ਵਿਸ਼ਵਨਾਥ, ਭੋਜ ਰਾਜ, ਜਗਨ ਨਾਥ ਆਦਿ ਆਚਾਰਯਾਂ ਨੇ ਕਾਵਿ-ਰਸ ਦੀ ਪ੍ਰਕਿਰਤੀ ਅਤੇ ਮਹੱਤਵ ਦੀ ਵਿਆਖਿਆ ਆਪਣੀ-ਆਪਣੀ ਦ੍ਰਿਸ਼ਟੀ ਅਨੁਸਾਰ ਕਰਕੇ ਸਭ ਨੇ ਸਾਂਝਾ ਮੱਤ ਬਣਾਇਆ ਹੈ ਕਿ 'ਰਸ' ਕਾਵਿ-ਪਾਠ ਤੋਂ ਮਿਲਣ ਵਾਲਾ ਮਾਨਸਿਕ ਹੁਲਾਸ ਹੈ ਜੋ ਜੀਵਨ ਸਾਰ ਦੇ ਅਰਥਾਂ ਵਿੱਚ ਕਵੀ ਦੀ ਮਾਨਸਿਕਤਾ ਅਤੇ ਕਾਵਿ-ਕਿਰਤ ਦੀ ਵਸਤੂ ਦਾ ਅਨਿੱਖੜਵਾਂ ਅੰਗ ਹੁੰਦਾ ਹੈ।ਜਿਸ ਵੇਲੇ ਕੋਈ ਕਵਿਤਾ ਪੜ੍ਹੀ ਜਾਂ ਸੁਣੀ ਜਾਂਦੀ ਹੈ ਤਾਂ ਪਾਠਕ/ਸਰੋਤੇ ਇੰਨੇ ਲੀਨ ਹੋ ਜਾਂਦੇ ਹਨ ਕਿ ਆਪ ਮੁਹਾਰੇ ਕਹਿ ਉਠਦੇ ਹਨ 'ਬੜਾ ਸੁਆਦ ਆਇਆ'। ਇਸ ਦਾ ਭਾਵ ਇਹ ਨਹੀਂ ਹੈ ਕਿ ਕਵਿਤਾ ਪੜ੍ਹ ਕੇ ਸਾਨੂੰ ਦੁੱਖ ਨਹੀਂ ਹੁੰਦਾ ਸਗੋਂ ਇਸ ਦਾ ਭਾਵ ਇਹ ਹੈ ਕਿ ਕਵਿਤਾ ਦੇ ਪ੍ਰਭਾਵ ਦੁਆਰਾ ਉਤਪੰਨ ਦੁੱਖ ਵੀ ਆਨੰਦਦਾਇਕ ਹੁੰਦਾ ਹੈ।ਇਸ ਲਈ ਰਸ ਅਨਿਵਾਰੀ ਰੂਪ ਵਿੱਚ ਆਨੰਦਮਈ ਚੇਤਨਾ ਹੈ। ਇਹ ਮਹਿਸੂਸ ਕੀਤਾ ਜਾਂਦਾ ਹੈ ਕਿ ਨਾਟਕੀ ਦ੍ਰਿਸ਼ ਨੂੰ ਦੇਖਣ ਸਮੇਂ ਨਾਟਕ ਦੇ ਵਸਤੂ, ਅਭਿਨੇਤਾ ਦੇ ਹਾਵਾਂ-ਭਾਵਾਂ ਅਤੇ ਸਥਿਤੀਆਂ ਨਾਲ ਇਕ-ਮਿਕ ਹੋਇਆ ਸ੍ਰੋਤਾ/ਦਰਸ਼ਕ ਸਧਾਰਨੀਕਰਨ ਦੀ ਸਥਿਤੀ ਵਿਚ ਪਹੁੰਚ ਜਾਂਦਾ ਹੈ।ਸ੍ਰੋਤੇ/ਦਰਸ਼ਕ ਦੀ ਸਧਾਰਨੀਕ੍ਰਿਤ ਮਨੋਦਸ਼ਾ ਹੀ ਰਸ ਦੀ ਉਤਪਤੀ ਦਾ ਛਿਣ ਹੈ। ਭਰਤ ਮੁਨੀ ਅਨੁਸਾਰ ਵਿਭਾਵ, ਅਨੁਭਵ ਅਤੇ ਸੰਚਾਰੀ ਭਾਵਾਂ ਦੇ ਸੰਯੋਗ ਨਾਲ ਰਸ ਦੀ ਨਿਸ਼ਪੱਤੀ ਹੁੰਦੀ ਹੈ।

## ਰਸ ਦੇ ਪ੍ਰਕਾਰ:

ਭਾਰਤੀ ਆਚਾਰਯਾਂ ਨੇ ਰਸ ਦੇ ਨੌ ਪ੍ਰਕਾਰ ਮੰਨੇ ਹਨ। ਇਨ ਦਾ ਆਧਾਰ ਉਹ ਸਥਾਈ ਭਾਵ ਹਨ ਜੋ ਰਚਨਾ ਪ੍ਰਕਿਰਿਆ ਦੁਆਰਾ ਕਾਵਿ ਰਸ ਵਿਚ ਬਦਲ ਜਾਂਦੇ ਹਨ। ਆਦਿ ਆਚਾਰਯ ਭਰਤ ਮੁਨੀ ਨੇ ਭਾਰਤੀ ਕਾਵਿ-ਸ਼ਾਸਤਰ ਅਨੁਸਾਰ ਸਥਾਈ ਭਾਵਾਂ ਦੀ ਕੁਲ ਗਿਣਤੀ ਅੱਠ ਮੰਨੀ ਹੈ। ਉਹ ਹਨ: ਸ਼ਿੰਗਾਰ {ਰਤਿ}, ਹਾਸ, ਕ੍ਰੋਧ, ਬੀਰ, ਭੈਅ, ਨਿਰਾਸ਼ਾ, ਵਿਸਮੇ ਅਤੇ ਸੋਗ। ਇਨ੍ਹਾਂ ਦੇ ਆਧਾਰ ਤੇ ਹੀ ਰਸਾਂ ਦੀ ਨਿਸ਼ਪਤੀ ਹੁੰਦੀ ਹੈ। ਇਨ੍ਹਾਂ ਅੱਠ ਰਸਾਂ ਤੋਂ ਪਿੱਛੋਂ 'ਸ਼ਾਂਤ ਰਸ' ਵਧਾ ਦਿੱਤਾ ਗਿਆ ਹੈ। ਅਸੀਂ ਵੇਖਿਆ ਹੈ ਕਿ ਆਚਾਰੀਆਂ ਨੇ ਰਸਾਂ ਨੂੰ ਨੌ ਪ੍ਰਕਾਰਾਂ ਵਿੱਚ ਵੰਡਿਆ ਹੈ। ਆਚਾਰਯਾ ਭੋਜ ਨੇ 'ਸ਼ਿੰਗਾਰ ਨੂੰ ਰਸ-ਰਾਜ' ਮੰਨਿਆ ਹੈ। ਕੁਝ ਵਿਦਵਾਨਾਂ ਨੇ 'ਸ਼ਾਂਤ' ਨੂੰ ਮਹਾਂ-ਰਸ' ਮੰਨਿਆ ਹੈ।

## ਧੁਨੀ ਸਿਧਾਂਤ:

ਨੌਂਵੀ ਸਦੀ ਵਿਚ ਹੋਏ ਅਨੰਦਵਰਧਨ ਦੇ ਨਾਲ ਭਾਰਤੀ ਕਾਵਿ-ਸ਼ਾਸਤਰ ਵਿਚ ਧੁਨੀ ਸਿਧਾਂਤ ਦਾ ਜ਼ਿਕਰ ਹੁੰਦਾ ਹੈ।'ਧਵਨੀ ਲੋਕ' ਵਿਚ ਅਨੰਦਵਰਧਨ ਸਾਹਿਤ/ਕਾਵਿ ਦੀ ਅਰਥ ਸੰਰਚਨਾ ਦੇ ਵਿਭਿੰਨ ਆਯਾਮ ਸਾਡੇ ਸਾਹਮਣੇ ਲਿਆਉਂਦਾ ਹੈ। ਉਹ ਸ਼ਬਦ ਅਤੇ ਅਰਥ ਨੂੰ 'ਕਾਵਿ ਦਾ ਸਰੀਰ' ਅਤੇ ਧੁਨੀ ਨੂੰ 'ਕਾਵਿ ਦੀ ਆਤਮਾ' ਸਵੀਕਾਰਦਾ ਹੈ। ਧੁਨੀ ਦਾ ਅਰਥ ਹੈ ਸੰਕੇਤ, ਸੁਝਾਉ ਜਾਂ ਰਮਜ਼। ਕਾਵਿ ਦੇ ਪ੍ਰਸੰਗ ਵਿਚ ਧੁਨੀ ਉਹ ਕਾਵਿ ਹੈ ਜਿਸ ਵਿਚ ਰਮਜ਼ ਜਾਂ ਵਿਅੰਗ ਦੀ ਪ੍ਰਧਾਨਤਾ ਹੁੰਦੀ ਹੈ। ਸ਼ਬਦ ਵਿਚੋਂ ਹੀ ਵਿਅੰਗ ਤੇ ਰਮਜ਼ਾਂ ਫੁਟ-ਫੁਟ ਨਿਕਲਦੀਆਂ ਹਨ ਜਿਸ ਨੂੰ ਸੰਸਕ੍ਰਿਤ ਅਲੋਚਕਾਂ ਨੇ ਪਰਿਭਾਸ਼ਾ ਦੇ ਤੌਰ ਤੇ 'ਧੁਨੀ' ਕਿਹਾ ਹੈ। ਸ਼ਬਦ ਸ਼ਕਤੀਆਂ: 'ਅਭਿਧਾ, ਲਕਸ਼ਣਾ, ਵਿਅੰਜਨਾ' ਦੀ ਚਰਚਾ ਛੇੜ ਕੇ ਅਨੰਦਵਰਧਨ ਨੇ ਕਾਵਿ-ਭਾਸ਼ਾ ਦੀ ਵਿਲੱਖਣਤਾ ਅਤੇ ਕਾਵਿ-ਅਰਥ ਦੀ ਵਿਸ਼ੇਸ਼ ਸ਼ਕਤੀ ਦਾ ਵਿਵੇਚਨ ਕੀਤਾ। ਇਨ੍ਹਾਂ ਤਿਨਾਂ ਸ਼ਬਦ ਸ਼ਕਤੀਆਂ ਦਾ ਸੰਖੇਪ ਵਿਚ ਵਰਣਨ ਇਸ ਪ੍ਰਕਾਰ ਹੈ:

**ਅਭਿਧਾ ਸ਼ਕਤੀ:** ਇਸ ਸ਼ਕਤੀ ਦੁਆਰਾ ਸ਼ਬਦ ਦਾ ਮੂਲ ਅਰਥ ਸਮਝਿਆ ਜਾਂਦਾ ਹੈ। ਇਹ ਸ਼ਬਦ ਦੀ ਮੁੱਢਲੀ ਸ਼ਕਤੀ ਹੈ ਅਤੇ ਇਹ 'ਵਾਚਕ' ਅਰਥਾਂ ਨੂੰ ਦ੍ਰਿੜ੍ਹਾਉਂਦੀ ਹੈ। ਅਭਿਧਾ ਸ਼ਕਤੀ, ਸ਼ਬਦ ਦੇ ਉਸ ਵਯਾਪਾਰ ਨੂੰ ਕਹਿੰਦੇ ਹਨ, ਜਿਥੇ ਅਰਥ ਦਾ ਸ਼ਬਦ ਵਿਚ ਅਤੇ ਸ਼ਬਦ ਦਾ ਅਰਥ ਵਿਚ ਪ੍ਰਤੱਖ ਸੰਬੰਧ ਹੋਵੇ। ਅਭਿਧਾ ਦਾ ਅੱਖਰੀ ਅਰਥ ਹੈ, ਨਾਮ। ਅਭਿਧਾ ਸ਼ਕਤੀ ਦੀਆਂ ਤਿੰਨ ਉਪ-ਸ਼੍ਰੇਣੀਆਂ ਮੰਨੀਆਂ ਗਈਆਂ ਹਨ- ਰੂੜ੍ਹੀ, ਯੋਗ, ਯੋਗ-ਰੂੜ੍ਹੀ।

ਪਹਿਲਗਾਮ ਦੀ ਸੁੰਦਰ ਵਾਦੀ

ਚੀਲਾਂ ਨਾਲ ਸ਼ੰਗਾਰੀ {ਪ੍ਰੋ: ਮੋਹਨ ਸਿੰਘ}

**ਲਕਸ਼ਣਾ ਸ਼ਕਤੀ:** ਜਿਸ ਸ਼ਬਦ ਦਾ ਅਰਥ ਅਭਿਧਾ ਤੱਕ ਹੀ ਸੀਮਤ ਨਹੀਂ ਰਹਿੰਦਾ ਕਈ ਵਾਰ ਉਹ ਅਰਥ ਵਿਆਪਕ ਹੋ ਜਾਂਦਾ ਹੈ, ਉਥੇ ਲਕਸ਼ਣਾ ਸ਼ਕਤੀ ਦਾ ਨਿਵਾਸ ਮੰਨਿਆ ਜਾਂਦਾ ਹੈ।ਜਿਸ ਸ਼ਕਤੀ ਦੁਆਰਾ ਮੁੱਖ ਅਰਥ ਨਾਲ ਸੰਬੰਧ ਰੱਖਣ ਵਾਲਾ ਕੋਈ ਹੋਰ ਅਰਥ ਗਿਆਤ ਹੁੰਦਾ ਹੋਵੇ, ਉਥੇ ਲਖਣਾ {ਲਕਸ਼ਣਾ} ਸ਼ਕਤੀ ਹੁੰਦੀ ਹੈ। ਉਦਾਹਰਣ ਦੇ ਤੌਰ ਤੇ ਜੇ ਕੋਈ ਇਹ ਆਖੇ, "ਪੰਜਾਬ ਬਹਾਦਰ ਹੈ"। ਤਾਂ ਇਸ ਵਾਕ ਵਿਚ ਪੰਜਾਬ ਦੇ ਅਰਥ ਪ੍ਰਦੇਸ਼ ਜਾਂ ਧਰਤੀ ਨਹੀਂ ਬਲਕਿ 'ਪੰਜਾਬ ਦੇ ਵਾਸੀ' ਹਨ। ਇਸ ਲਈ ਇਥੇ ਮੁਖ ਅਰਥ ਨਾਲ ਸੰਬੰਧ ਰੱਖਣ ਵਾਲਾ ਦੂਜਾ ਅਰਥ ਕੱਢਿਆ ਗਿਆ ਹੈ।

ਲਕਸ਼ਣਾਰਥ ਦੀ ਕਲਪਨਾ ਕਿਸੇ ਮਨੋਰਥ ਜਾਂ ਰੂੜ੍ਹੀ ਨੂੰ ਲੈ ਕੇ ਕੀਤੀ ਜਾਂਦੀ ਹੈ।ਇਸ ਲਈ ਲਕਸ਼ਣਾਰਥ ਦੇ ਦੋ ਭੇਦ ਹਨ-ਰੂੜ੍ਹੀ ਲਕਸ਼ਣਾ, ਪ੍ਰਯੋਜਨਵਤੀ ਲਕਸ਼ਣਾ।

ਪੱਥਰ ਨਾਲ ਨੇਹੁੰ ਲਾ ਬੈਠੀ

ਨਾ ਹੱਸੇ ਨਾ ਬੋਲੇ

ਸੋਹਣਾ ਲਗੇ ਮਨ ਨੂੰ ਮੋਹੇ

ਘੁੰਡੀ ਦਿਲੋਂ ਨਾ ਖੋਲੇ। {ਭਾਈ ਵੀਰ ਸਿੰਘ}

### ਵਿਅੰਜਨਾ ਸ਼ਕਤੀ:

ਜਦੋਂ ਕਿਸੇ ਸ਼ਬਦ ਦੇ ਮੁੱਖ ਅਰਥ ਅਤੇ ਪ੍ਰਾਸੰਗਿਕ ਅਰਥ ਦੀ ਬਜਾਇ ਕੋਈ ਤੀਸਰਾ ਅਰਥ ਕੱਢਿਆ ਜਾਂਦਾ ਹੈ ਤਾਂ ਉਥੇ ਵਿਅੰਜਨਾ ਸ਼ਕਤੀ ਦਾ ਚਮਤਕਾਰ ਵੇਖਿਆ ਜਾਂਦਾ ਹੈ ਭਾਵ ਕਿਸੇ ਕਾਵਿ ਵਿਚੋਂ ਅਭਿਧਾ ਤੇ ਲਕਸ਼ਣਾ ਤੋਂ ਵੱਖਰਾ ਕੋਈ ਹੋਰ ਅਰਥ ਵੀ ਵਿਅੰਜਤ ਹੋਵੇ, ਉਦੋਂ ਵਿਅੰਜਨਾ -ਸ਼ਕਤੀ ਹੀ ਕ੍ਰਿਆਸ਼ੀਲ ਹੁੰਦੀ ਹੈ। ਵਿਅੰਜਨਾ, ਸ਼ਬਦ ਅਤੇ ਅਰਥ ਦੋਹਾਂ ਉਪਰ ਨਿਰਭਰ ਕਰਦੀ ਹੈ ਅਰਥਾਤ ਕਦੇ ਸ਼ਬਦ ਸਾਧਨ ਹੁੰਦਾ ਹੈ ਅਤੇ ਕਦੇ ਅਰਥ। ਨਿਰਭਰਤਾ ਦੇ ਇਸੇ ਭੇਦ ਕਰਕੇ ਵਿਅੰਜਨਾ ਦੇ ਦੋ ਭੇਦ ਹਨ- ਸ਼ਬਦੀ ਵਿਅੰਜਨਾ, ਅਰਥੀ ਵਿਅੰਜਨਾ। ਜਦੋਂ ਅਭਿਧਾ ਅਰਥ ਤੇ ਲਕਸ਼ਣਾ ਅਰਥ ਤੋਂ ਵੱਖਰਾ ਕੋਈ ਹੋਰ ਗੂੜ੍ਹ ਅਰਥ ਪ੍ਰਗਟ ਹੋਵੇ ਉਸ ਨੂੰ ਵਿਅੰਗ ਅਰਥ ਕਹਿੰਦੇ ਹਨ। ਜਿਵੇਂ :-

ਵੇ ਮਾਹੀਆ! ਗਲ਼ੇ ਤੇਰੇ ਗਾਨੀਆਂ

ਰੋਵਾਂ ਪਾਣੀ ਨੂੰ

ਕੁਮਲਾਨੀ ਜਾਨੀਆਂ। {ਭਾਈ ਵੀਰ ਸਿੰਘ}

## ਔਚਿਤਯ ਸਿਧਾਂਤ:

ਔਚਿਤਯ ਸਿਧਾਂਤ ਦਾ ਮੋਢੀ ਕਸ਼ਮੇਂਦ੍ਰ ਜੋ ਪਹਿਲਾ ਭਾਰਤੀ ਆਚਾਰੀਆ ਹੈ ਜਿਸਨੇ ਕਾਵਿ ਕਿਰਤ ਦੇ ਵਸਤੂ {ਆਤਮਾ} ਅਤੇ ਰੂਪ {ਸਰੀਰ} ਦੀ ਦਵੈਤੀ ਧਾਰਨਾ ਨੂੰ ਰੱਦ ਕਰਕੇ ਵਸਤੂ-ਰੂਪ ਦੀ ਪ੍ਰਾਣਾਧਾਰੀ ਏਕਤਾ {ਤੱਤਾਂ ਦਾ ਸੁਮੇਲ} ਦਾ ਸੰਕਲਪ ਪ੍ਰਸਤੁਤ ਕੀਤਾ ਹੈ। ਕਸ਼ਮੇਂਦ੍ਰ ਆਪਣੇ ਗੁਰੂ ਅਭਿਨਵ ਗੁਪਤ ਵਾਂਗ ਰਸਵਾਦੀ ਆਚਾਰੀਆ ਹੀ ਹੈ। ਉਸ ਅਨੁਸਾਰ ਔਚਿਤਯ ਕਾਵਿ ਦੀ ਆਤਮਾ ਨਹੀਂ ਹੈ, ਕਾਵਿ ਦੀ ਆਤਮਾ ਤਾਂ ਰਸ ਹੈ। ਔਚਿਤਯ ਤਾਂ ਰਸ ਦੀ ਉਤਪਤੀ ਦਾ ਸਾਧਨ ਹੈ। ਕਸ਼ਮੇਂਦ੍ਰ ਨੇ ਆਪਣੇ ਗ੍ਰੰਥ ਵਿਚ 27 ਨੁਕਤੇ ਦੱਸੇ ਹਨ। ਉਸਦਾ ਔਚਿਤਯ ਸਿਧਾਂਤ ਕਵੀ ਪ੍ਰਤਿਭਾ, ਪਾਤਰ, ਸ਼ੈਲੀ, ਭਾਸ਼ਾ ਆਦਿ ਸਭ ਕਲਾਤਮਕ ਤੱਤਾਂ ਨੂੰ ਮਹੱਤਵਪੂਰਨ ਸਥਾਨ ਦਿੰਦਾ ਹੈ। ਇਸ ਤਰਾਂ ਔਚਿਤਯ ਸਿਧਾਂਤ ਨੇ ਕਾਵਿ ਸਿਰਜਣਾ ਲਈ ਵਿਭਿੰਨ ਤੱਤਾਂ ਅਤੇ ਰਚਨਾ-ਜੁਗਤਾਂ ਦੀ ਉਚਿੱਤ ਵਰਤੋਂ ਉਪਰ ਜ਼ੋਰ ਦੇਕੇ ਨਵਾਂ ਕਾਵਿ-ਸ਼ਾਸਤਰੀ ਸਿਧਾਂਤ ਸਿਰਜਿਆ ਅਤੇ ਭਾਰਤੀ ਕਾਵਿ ਚਿੰਤਨ ਪਰੰਪਰਾ ਨੂੰ ਅਮੀਰ ਬਣਾਇਆ। ਹੋਰ ਵੀ ਕਈ ਆਚਾਰਯਾਂ ਨੇ ਰਸ ਦੀ ਨਿਸ਼ਪਤੀ ਲਈ 'ਔਚਿਤਯ' ਨੂੰ ਮਹੱਤਵ ਦਿੱਤਾ। ਆਚਾਰਯਾ ਅਨੰਦਵਰਧਨ ਨੇ ਛੇ ਪ੍ਰਕਾਰ ਦੇ ਔਚਿਤਯ ਦਾ ਉਲੇਖ ਕੀਤਾ ਹੈ। ਇਹ ਹਨ:- ਰਸ ਔਚਿਤਯ, ਅਲੰਕਾਰ ਔਚਿਤਯ, ਗੁਣ ਔਚਿਤਯ, ਸੰਘਟਨ ਔਚਿਤਯ, ਪ੍ਰਬੰਧ ਔਚਿਤਯ, ਰੀਤੀ ਔਚਿਤਯ। ਪੱਛਮੀ ਵਿਦਵਾਨਾਂ ਨੇ ਆਪਣੇ ਸਾਹਿਤ-ਸਿਧਾਂਤ ਵਿਚ ਔਚਿਤਯ ਨੂੰ ਵਿਸ਼ੇਸ਼ ਥਾਂ ਦਿੱਤੀ ਹੈ। ਅਰਸਤੂ ਨੇ ਆਪਣੇ ਗ੍ਰੰਥ 'ਪੋਇਟਿਕਸ' ਵਿਚ ਇਸ ਗੁਣ ਉਤੇ ਬੱਲ ਦਿੱਤਾ ਹੈ।

## ਅਲੰਕਾਰ ਸਿਧਾਂਤ:

ਅਲੰਕਾਰ, ਰੀਤੀ, ਵਕ੍ਰੋਕਤੀ ਮੂਲ ਰੂਪ ਵਿਚ ਕਾਵਿ ਭਾਸ਼ਾ ਦੇ ਅਧਿਐਨ ਨਾਲ ਸੰਬੰਧਿਤ ਸਿਧਾਂਤ ਹਨ। ਭਾਰਤੀ ਕਾਵਿ-ਸ਼ਾਸਤਰ ਵਿਚ ਅਲੰਕਾਰ ਸੰਪਰਦਾਇ ਦਾ ਵਿਸ਼ੇਸ਼ ਸਥਾਨ ਹੈ। ਇਸ ਦਾ ਆਰੰਭ ਛੇਂਵੀ ਸਦੀ ਵਿਚ ਆਚਾਰਯਾ ਭਾਮਹ ਦੀ ਕਿਰਤ 'ਕਾਵਿਯ-ਅਲੰਕਾਰ' ਨਾਲ ਆਰੰਭ ਹੁੰਦਾ ਹੈ। ਅਲੰਕਾਰ ਸੰਪਰਦਾਇ ਨਾਲ ਜੁੜੇ ਹੋਰ ਵੀ ਚਿੰਤਕ ਹਨ ਜਿਨ੍ਹਾਂ ਨੇ ਭਾਸ਼ਾ ਦੀ ਅਲੰਕ੍ਰਿਤ ਵਰਤੋਂ ਨੂੰ ਹੀ ਕਾਵਿ ਦੀ ਆਤਮਾ ਮੰਨਿਆ ਹੈ। ਉਹਨਾਂ ਨੇ ਇਹ ਵੀ ਮੰਨਿਆ ਹੈ ਕਿ 'ਕਾਵਿ' 'ਅਲੰਕਾਰਾਂ' ਕਰਕੇ ਹੀ ਗ੍ਰਹਿਣ ਯੋਗ ਹੈ।

ਅਲੰਕਾਰ ਸ਼ਬਦ ਦੀ ਉਤਪੱਤੀ 'ਅਲਕ' ਧਾਤੂ ਤੋਂ ਹੋਈ, ਜਿਸਦਾ ਅਰਥ ਹੈ 'ਭੂਸ਼ਣ' 'ਗਹਿਣਾ'। ਇਸ ਤਰਾਂ 'ਅਲੰਕਾਰ' ਕਵਿਤਾ ਰਾਣੀ ਦਾ ਸ਼ਿਗਾਰ ਹਨ। ਅਲੰਕਾਰਾਂ ਦੀ ਗਿਣਤੀ ਅਗਨੀ ਪੁਰਾਣ ਵਿਚ 21, ਵਿਸ਼ਣੂਧਰ ਗੋਤਰ ਪੁਰਾਣ ਵਿਚ 17, ਭਰਤ ਮੁਨੀ ਦੇ ਨਾਟ-ਸ਼ਾਸਤਰ ਵਿਚ 4, ਆਚਾਰਾਯ ਭਾਮਹ ਦੇ ਕਾਲ ਤੱਕ 38 ਅਤੇ 19ਵੀਂ ਸਦੀ ਤੱਕ 191 ਤੱਕ ਪੁਜ ਗਈ।

## ਰੀਤੀ ਸਿਧਾਂਤ:

ਰੀਤੀ ਸ਼ਬਦ ਦਾ ਅਰਥ 'ਮਾਰਗ' ਹੈ। ਜਦ ਕਿ ਅੱਜਕਲ੍ਹ ਹਿੰਦੀ ਤੇ ਪੰਜਾਬੀ ਵਿਚ ਰੀਤੀ ਲਈ 'ਸ਼ੈਲੀ' ਸ਼ਬਦ ਦਾ ਪ੍ਰਯੋਗ ਹੁੰਦਾ ਹੈ। ਕਾਵਿ ਅਲੰਕਾਰ ਸੂਤਰ ਵ੍ਰਿਤੀ ਦੇ ਕਰਤਾ ਆਚਾਰਾਯ 'ਵਾਮਨ' ਨੇ ਵਿਸ਼ਿਸ਼ਟ ਪਦ ਰਚਨਾ {ਰੀਤੀ} ਨੂੰ 'ਕਾਵਿ ਦੀ ਆਤਮਾ' ਕਿਹਾ ਹੈ। ਰੀਤੀ ਵਾਦੀ ਚਿੰਤਕਾਂ ਨੇ 'ਰੀਤੀ' ਨੂੰ ਕਾਵਿ ਦੀ ਆਤਮਾ ਮੰਨਿਆ ਹੈ। ਇਤਿਹਾਸਕ ਦ੍ਰਿਸ਼ਟੀ ਤੋਂ ਦੇਖੀਏ ਤਾਂ ਰੀਤੀ-ਸਿਧਾਂਤ ਦਾ ਸੰਕੇਤ ਭਰਤ ਮੁਨੀ ਦੇ ਪ੍ਰਸਿੱਧ ਗ੍ਰੰਥ 'ਨਾਟਯ- ਸ਼ਾਸਤਰ' ਵਿਚ ਮਿਲਦਾ ਹੈ। ਰੀਤੀ ਦਾ ਆਧਾਰ 'ਸ਼ਬਦ ਗੁਣ' ਤੇ 'ਅਰਥ ਗੁਣ' ਦੋਵੇਂ ਹਨ। ਵਾਮਨ ਨੇ ਆਪਣੀ ਕਿਰਤ 'ਕਾਵਯ-ਅਲੰਕਾਰ ਸੂਤਰੀ ਵ੍ਰਿਤੀ' ਵਿਚ ਸਿਧਾਂਤਕ ਪੱਖੋਂ ਰੀਤੀ ਦਾ ਨਿੱਠ ਕੇ ਪ੍ਰਯੋਗ ਕੀਤਾ। ਵਾਮਨ ਤੋਂ ਪਹਿਲਾਂ ਰੀਤੀ ਦੇ ਵਿਭਿੰਨ ਨਾਮ ਮਿਲਦੇ ਹਨ- 'ਪ੍ਰਵਿਰਤੀ', 'ਮਾਰਗ', 'ਪੰਥ'। ਆਧੁਨਿਕ ਆਲੋਚਨਾ ਦੀ ਬੋਲੀ ਵਿਚ ਰੀਤੀ ਨੂੰ ਸ਼ੈਲੀ ਕਿਹਾ ਗਿਆ ਹੈ। ਅੰਗਰੇਜ਼ੀ ਵਿਚ ਰੀਤੀ ਦਾ ਪਰਿਆਇ(Style) ਹੈ। ਇਸ ਲਈ ਇਸ ਦਾ ਅਰਥ ਹੈ ਲੇਖਕ ਦੀ ਪ੍ਰਗਟਾ ਸ਼ੈਲੀ(A mode of expression)। 'ਰੀਤੀ' ਭਾਰਤੀ ਕਾਵਿ- ਸ਼ਾਸਤਰ ਵਿਚ ਕਾਵਿ ਦੇ ਸ਼ਿਲਪ ਪੱਖ ਬਾਰੇ ਨਵਾਂ ਸਿਧਾਂਤਕ ਨੁਕਤਾ ਸੀ।

## ਵਕ੍ਰੋਕਤੀ ਸਿਧਾਂਤ:

ਵਕ੍ਰੋਕਤੀ ਸੰਪਰਦਾਇ ਦਾ ਜਨਮ ਧੁਨੀ ਸਿਧਾਂਤ ਦੇ ਕਾਲ ਵਿਚ ਹੋਇਆ। ਜਦੋਂ ਆਨੰਦਵਰਧਨ ਦੇ ਧੁਨੀ ਸਿਧਾਂਤ ਨੂੰ ਲਗਭਗ ਸਾਰੇ ਵਿਦਵਾਨਾਂ ਨੇ ਕਿਸੇ ਨਾ ਕਿਸੇ ਰੂਪ ਵਿਚ ਸਵੀਕਾਰ ਕਰ ਲਿਆ ਸੀ, ਉਦੋਂ ਦਸਵੀਂ-ਗਿਆਰਵੀਂ ਸਦੀ ਵਿਚ 'ਆਚਾਰੀਆ ਕੁੰਤਕ' ਨੇ 'ਵਕ੍ਰੋਕਤੀ ਜੀਵੰਤਮ' ਰਚਨਾ ਵਿਚ ਵਕ੍ਰੋਕਤੀ ਨੂੰ ਕਾਵਿ ਦੀ ਆਤਮਾ ਮੰਨਿਆ ਹੈ। ਕਾਵਿ ਸਿਰਜਣਾ ਸਮੇਂ ਗੱਲ ਨੂੰ ਟੇਢੇ ਢੰਗ ਨਾਲ ਕਹਿਣਾ ਹੀ 'ਵਕ੍ਰੋਕਤੀ' ਹੈ।ਕਵੀ ਕਥਨ ਨੂੰ ਅਸਿੱਧਾ ਕਰਕੇ ਭਾਸ਼ਾ/ਸ਼ਬਦ ਨੂੰ ਬਹੁ-ਅਰਥੀ ਬਣਾ ਦਿੰਦਾ ਹੈ। ਕੁੰਤਕ ਤੋਂ ਪਹਿਲਾਂ 'ਬਾਣ-ਭੱਟ' ਨੇ 'ਕਾਦੰਬਰੀ' ਵਿਚ ਵਕ੍ਰੋਕਤੀ ਲਈ ਵਕ-ਛੱਲ ਸ਼ਬਦ ਦੀ ਵਰਤੋਂ ਕੀਤੀ ਹੈ। ਕਾਵਿ- ਸ਼ਾਸਤਰੀ ਸੰਕਲਪ ਵਜੋਂ ਵਕ੍ਰੋਕਤੀ ਸ਼ਬਦ ਦੀ ਵਰਤੋਂ ਸਭ

ਤੋਂ ਪਹਿਲਾਂ 'ਭਾਮਹ' ਨੇ ਕੀਤੀ ਸੀ। 'ਭਾਮਹ' ਤੋਂ ਬਾਅਦ 'ਦੰਡੀ' ਨੇ ਸਾਰੇ ਕਾਵਿ ਨੂੰ ਦੋ ਭਾਗਾਂ ਵਿਚ ਵੰਡਿਆ ਹੈ:-ਸਵ ਭਾਵਕੋਤੀ ਅਤੇ ਵਕ੍ਰੋਕਤੀ। ਵਕ੍ਰੋਕਤੀ 'ਕਲਿੰਥ ਬਰੁਕਸ' ਦੇ 'ਵਿੱਟ' ਵਰਗਾ ਸੰਕਲਪ ਹੈ।

## ਭਾਰਤੀ ਕਾਵਿ- ਸ਼ਾਸਤਰ ਵਿਚ ਇਨ੍ਹਾਂ ਛੇ ਸਿਧਾਂਤਾਂ ਦੀ ਮਹੱਤਤਾ:-

ਭਾਰਤੀ ਕਾਵਿ-ਸ਼ਾਸਤਰ ਵਿੱਚ ਇਨ੍ਹਾਂ ਛੇ ਸਿਧਾਂਤਾਂ ਦੀ ਬਹੁਤ ਮਹੱਤਤਾ ਹੈ। ਭਾਰਤੀ ਕਾਵਿ-ਸ਼ਾਸਤਰ ਵਿਚ ਕਾਵਿ ਨੂੰ 'ਕਲਾ' ਨਹੀਂ, ਵਿਦਿਆ ਕਿਹਾ ਗਿਆ ਹੈ, ਜੋ ਆਨੰਦ ਅਤੇ ਗਿਆਨ ਦੋਵੇਂ ਦਿੰਦੀ ਹੈ, ਉਸ ਨੂੰ ਰਸ ਜਾਂ ਧੁਨੀ ਕਿਹਾ ਗਿਆ ਹੈ। ਆਚਾਰਯ ਭੋਜਰਾਜ ਨੇ ਅਭਿਨੈ ਨੂੰ ਕਲਾ ਜਾਂ ਉਪਵਿਦਿਆ ਕਿਹਾ ਹੈ ਅਤੇ ਕਵੀ ਨੂੰ ਅਭਿਨੇਤਾ ਨਾਲੋਂ ਵੱਡਾ ਮੰਨਿਆ ਹੈ ਜੋ ਕਰਤਾ ਹੈ ਅਨੁਕਰਤਾ ਨਹੀਂ। ਕਵੀ-ਕਰਮ ਨੂੰ ਨਿਬੰਧਨ, ਵਰਨਣ, ਪ੍ਰਤਿਪਾਦਨ ਕਿਹਾ ਗਿਆ ਹੈ। ਨਿਬੰਧਨ-ਸੁੰਦਰ ਰੀਤੀ ਨਾਲ ਅਨੁਭਵ ਨੂੰ ਬੀੜਨਾ ਰੂਪਾਤਮਕ ਪੇਸ਼ਕਾਰੀ ਹੈ।

ਭਾਰਤੀ ਕਾਵਿ-ਸ਼ਾਸਤਰੀਆਂ ਨੇ ਕਾਵਿ ਨੂੰ ਸ਼ਬਦਾਰਥ (ਭਾਸ਼ਾਈ ਪ੍ਰਵਚਨ) ਵਜੋਂ ਪਰਿਭਾਸ਼ਤ ਕੀਤਾ ਰਸ ਤੇ ਸਹਜ ਨੂੰ 'ਕਾਵਿ ਦੀ ਆਤਮਾ' ਜਾਂ 'ਪ੍ਰਾਣ- ਤੱਤ' ਕਿਹਾ ਹੈ। ਭਰਤੀ ਆਚਾਰਯਾਂ ਲਈ ਜਿਵੇਂ ਸ਼ਬਦ ਤੇ ਅਰਥ ਦੋ ਨਹੀਂ, ਸਿਰਜਨਾ ਤੇ ਸੰਚਾਰ ਦੋ ਨਹੀਂ, ਉਸੇ ਤਰ੍ਹਾਂ ਸਿਰਜਕ ਤੇ ਪਾਠਕ ਦੋ ਨਹੀਂ ਹਨ। ਭਾਰਤੀ ਕਾਵਿ-ਸ਼ਾਸਤਰ ਵਿਚ ਕਾਵਿ ਹੇਤੂਆਂ ਦੇ ਵਿਵੇਚਨ ਨਾਲ ਸੰਬੰਧਤ ਹੈ-ਕਵੀ ਦੀ ਸਹਿਜਾਤ ਪ੍ਰਤਿਭਾ, ਉਸ ਦੀ ਸਾਹਿਤਕ ਸੰਸਕ੍ਰਿਤੀ ਅਤੇ ਅਭਿਆਸ ਨੂੰ ਕਾਵਿ ਹੇਤੂ ਮੰਨਿਆ ਗਿਆ ਹੈ। 'ਆਚਾਰਯਾ ਮੰਮਟ' ਨੇ ਇਨ੍ਹਾਂ ਤਿੰਨਾਂ ਦੀ ਸਾਮੂਹਿਕ ਕਾਰਜਸ਼ੀਲਤਾ ਨੂੰ ਕਾਵਿ ਸਿਰਜਨਾ ਦਾ ਪ੍ਰੇਰਕ ਮੰਨਿਆ ਹੈ।ਭਾਵੇਂ ਭਾਰਤੀ ਕਾਵਿ ਸੁਹਿਰਦ ਦੇ 'ਮਨੋਰਾਗ ਦੀ ਉਦੀਪਤੀ' ਅਤੇ ਲੋਕ ਮੰਗਲ਼ ਨੂੰ ਕਲਾ ਦੀ ਲਾਜ਼ਮੀ ਸ਼ਰਤ ਮੰਨਿਆ ਗਿਆ ਹੈ। ਪਰ ਕੁਲੀਨ ਜਾਂ ਦੇਵ ਭਾਸ਼ਾ ਦਾ ਪ੍ਰਯੋਗ, ਵਿਸ਼ਿਸ਼ਟ ਸ਼ੈਲੀ, ਵਕ੍ਰੋਕਤੀ, ਅਲੰਕਾਰ ਯੁਕਤ ਸ਼ੈਲੀ ਤੋਂ ਸ਼ਪਸਟ ਹੋ ਜਾਂਦਾ ਹੈ ਕਿ ਭਾਰਤੀ ਕਾਵਿ ਸ਼ਾਸਤਰੀ ਕੁਲੀਨ ਵਰਗਾਂ ਦੇ ਸੁਹਜ-ਸ਼ਾਸਤਰ ਵੱਲ ਹੀ ਰੁਚਿਤ ਸਨ।

ਭਾਰਤੀ ਕਾਵਿ ਸ਼ਾਸਤਰ ਦੀ ਝਲਕ (ਪ੍ਰਭਾਵ) ਆਧੁਨਿਕ ਕਵਿਤਾ ਉੱਤੇ: ਆਧੁਨਿਕ ਕਵਿਤਾ ਉੱਤੇ ਭਾਰਤੀ ਕਾਵਿ ਸ਼ਾਸਤਰ ਦਾ ਪ੍ਰਭਾਵ ਸਪਸ਼ਟ ਰੂਪ ਵਿਚ ਦੇਖਿਆ ਜਾ ਸਕਦਾ ਹੈ। ਜਿਵੇਂ ਰਸ, ਧੁਨੀ, ਅਲੰਕਾਰ, ਔਚਿਤਯ, ਰੀਤੀ ਨੂੰ ਆਧੁਨਿਕ ਕਵੀਆਂ ਨੇ ਆਪਣੀਆਂ ਕਵਿਤਾਵਾਂ ਵਿੱਚ ਪੂਰਨ ਰੂਪ ਵਿਚ ਪ੍ਰਯੋਗ ਕੀਤਾ ਹੈ। ਭਾਈ ਵੀਰ ਸਿੰਘ ਨੇ ਆਪਣੇ ਕਾਵਿ-ਸੰਗ੍ਰਹਿ 'ਲਹਿਰਾਂ ਦੇ ਹਾਰ' ਦੇ ਵਿਚ 'ਕੇਲੋਂ ਦੇ ਗਲ ਲੱਗੀ ਵੇਲ' ਵਿਚ ਕਵੀ ਨੇ ਵੇਲ ਤੇ ਕੇਲੋਂ ਦੇ ਚਿਨ੍ਹਾਂ ਨੂੰ ਵਰਤਦਿਆਂ ਹੋਇਆਂ ਮਨੁੱਖੀ ਆਤਮਾ ਦੀ ਆਪਣੇ ਸ਼ਹੁ ਨਾਲ ਸਦਾ ਲਈ ਚਿਮਟੇ ਰਹਿਣ ਦੀ ਤਾਂਘ ਨੂੰ ਨਿਰੂਪਣ ਕੀਤਾ ਹੈ। ਇਸ ਵਿਚ ਵਿਯੋਗ ਰਸ ਸਾਫ ਝਲਕਦਾ ਦਿਖਾਈ ਦਿੰਦਾ ਹੈ। ਕਵਿਤਾ ਵਿਚ ਕਿੰਨੀ ਧੂਹ ਹੈ:

ਹਾਇ ਨਾ ਧ੍ਰੀਕ ਸਾਨੂੰ,
ਹਾਇ ਵੇ ਨਾ ਮਾਰ ਖਿੱਚਾਂ
ਹਾਏ ਨਾ ਵਿਛੋੜ ਗਲ
ਲਗਿਆਂ ਨੂੰ ਪਾਪੀਆ।

ਵਿਯੋਗ ਸ਼ਿਗਾਰ ਰਸ:

ਤੋੜ ਸ਼ਿੰਗਾਰ ਸੱਸੀ ਉਠ ਦੌੜੀ
ਖੋਲ ਲਿਟਾਂ ਘਰ ਬਾਹਰੋਂ
ਹਾਸ਼ਮ ਸਹਿਣ ਮੁਹਾਲ ਜੁਦਾਈ,
ਸਖਤ ਬੁਰੀ ਤਲਵਾਰੋਂ। (ਹਾਸ਼ਮ)

ਹਾਸ ਰਸ:

ਨਿੱਕੇ ਹੁੰਦੇ ਢੱਗੇ ਚਾਰੇ
ਵੱਡੇ ਹੋ ਕੇ ਹੱਲ ਵਾਹਿਆ

ਬੁੱਢੇ ਹੁੰਦੇ ਮਾਲਾ ਫੇਰੀ,

ਰੱਬ ਦਾ ਉਲਾਂਭਾ ਲਾਹਿਆ। (ਭਗਤ ਜੱਲਣ)

ਅਲੰਕਾਰ: ਅਨੁਪ੍ਰਾਸ ਅਲੰਕਾਰ:

ਸਤਿਗੁਰ ਸੱਚਾ ਪਾਤਸ਼ਾਹ

ਸਾਧ ਸੰਗਤਿ ਸਚਖੰਡ ਵਸਾਇਆ। (ਭਾਈ ਗੁਰਦਾਸ)

ਯਮਕ ਅਲੰਕਾਰ:

ਹੋਂਠ ਲਾਲ ਸੂਹੇ ਵਾਂਗ ਲਾਲ ਰੱਤੇ,

ਲਾਲ ਵੇਖ ਸ਼ਰਮਾਉਂਦੇ ਵਾਲੀਆਂ ਨੂੰ

ਵਲਾਂ ਵਾਲੀਆਂ ਉਸ ਦੀਆਂ ਵਾਲੀਆਂ ਨੇ,

ਲੁੱਟ ਲਿਆ ਜਹਾਨ ਦੇ ਵਾਲੀਆਂ ਨੂੰ। (ਫਜ਼ਲ ਸ਼ਾਹ)

ਉਪਮਾ ਅਲੰਕਾਰ:

ਸੂਰਜ ਵਾਂਗ ਸੂਆ ਹੁਸਨ ਦੀ

ਬਾਹਰ ਪਵਸ ਨਕਾਬੋਂ । (ਹਾਸ਼ਮ)

ਦ੍ਰਿਸ਼ਟਾਂਤ ਅਲੰਕਾਰ:

ਸਤਿਗੁਰ ਨਾਨਕ ਪ੍ਰਗਟਿਆ

ਮਿਟੀ ਧੁੰਧ ਜਗ ਚਾਨਣ ਹੋਆ ।

ਜਿਉਂ ਕਰ ਸੂਰਜ ਨਿਕਲਿਆ

ਤਾਰੇ ਛਿਪੇ ਅੰਧੇਰ ਪਲੋਆ। (ਭਾਈ ਗੁਰਦਾਸ)

ਅਤਿਕਥਨੀ ਅਲੰਕਾਰ:

ਮੇਰੀ ਬੱਕੀ ਤੋਂ ਡਰਨ ਫਰਿਸ਼ਤੇ,

ਤੇ ਮੈਥੋਂ ਡਰੇ ਖੁਦਾ। (ਪੀਲੂ ਮਿਰਜ਼ਾ ਸਾਹਿਬਾ)

"ਸਾਹਿਬਾਂ ਗਈ ਤੇਲ ਨੂੰ;
ਗਈ ਪੰਸਾਰੀ ਦੀ ਹੱਟ
ਫੜ ਨਾ ਜਾਣੇ ਤੱਕੜੀ
ਹੜ੍ਹ ਨਾ ਜਾਵੇ ਵੱਟ
ਤੇਲ ਭੁਲਾਵੇ ਭੁਲਾ ਬਾਣੀਆ
ਦਿੱਤਾ ਸ਼ਹਿਦ ਉਲੱਟ। (ਪੀਲੂ)

ਲਕੋਕਤੀ ਅਲੰਕਾਰ: ਜਦੋਂ ਗੱਲ ਦੀ ਪੁਸ਼ਟੀ ਲਈ ਆਖਾਣਾਂ ਜਾਂ ਮੁਹਾਵਰਿਆਂ ਦਾ ਸਹਾਰਾ ਲਿਆ ਜਾਂਦਾ ਹੈ ਜਿਵੇ:-

"ਮਿਠਤ ਨੀਵੀਂ ਨਾਨਕਾ,
ਗੁਣ ਚੰਗਿਆਈਆਂ ਤੱਤ"।

ਰੀਤੀ: ਵੈਦਰਭ ਰੀਤੀ:

"ਪਿਰ ਘਰੁ ਨਹੀਂ ਆਵੇ,
ਮਰੀਐ ਹਾਵੈ ਦਾਮਨਿ ਚਮਕ ਡਰਾਵੈ।
ਸੇਜ ਅਕੇਲੀ ਖਰੀ ਦਹੇਲੀ,
ਮਰਨ ਭਇਆ ਦੁੱਖ ਮਾਏ।
ਸਭ ਤੇਰੀ ਤੂੰ ਮਟਰਾ ਪ੍ਰੀਤਮ,
ਨਿਸਿ ਬਾਸੁਰ ਰੰਗਿ ਰਾਵੈ।
ਨਾਨਕ ਪ੍ਰਿਉ ਪ੍ਰਿਉ ਚਵੈ ਬਬੀਹਾ,
ਕੋਇਲ ਸਬਦਿ ਸੁਹਾਵੈ"। (ਬਾਰਹਮਾਹ ਰਾਗ ਤੁਖਾਰੀ)

ਗੌੜੀ ਰੀਤੀ:

ਚੋਟ ਪਈ ਜਮਧਾਣੀ ਦਲਾਂ ਮੁਕਾਬਲਾ
ਧੂਹ ਲਈ ਕਿਰਪਾਨੀ ਦੁਰਗਾ ਮਿਆਨ ਤੇ।(ਚੰਡੀ ਦੀ ਵਾਰ)

ਔਚਿਤਯ: ਵਕਤਰੀ ਔਚਿਤਯ: ਵਕਤਰੀ ਦਾ ਭਾਵ 'ਵਕਤਾ' ਅਰਥਾਤ ਸਾਹਿਤਕਾਰ ਹੈ। ਸਾਹਿਤਕਾਰ ਦੇ ਸੁਬਾਓ ਅਤੇ ਉਸ ਦੀ ਰੀਤੀ (ਸ਼ੈਲੀ) ਵਿਚ ਏਕਤਾ ਹੋਣੀ ਚਾਹੀਦੀ ਹੈ।

"ਇਸ਼ਕ ਦੀ ਨਵੀਉਂ ਨਵੀ ਬਹਾਰ

ਫੂਕ ਮਸੱਲਾ ਭੰਨ ਸੁਟ ਲੋਟਾ

ਨਾ ਫੜ ਤਸਬੀ ਕਾਸਾ ਸੋਟਾ

ਆਲਿਮ ਕਹਿੰਦਾ ਦੇ ਦੇ ਹੋਕਾ

ਤਰਕ ਹਲਾਲੋਂ ਖਾ ਮੁਰਦਾਰ

ਇਸ਼ਕ ਦੀ ਨਵੀਉਂ ਨਵੀਂ ਬਹਾਰ"। (ਬੁੱਲੇ ਸ਼ਾਹ)

**ਧੁਨੀ: ਵਸਤੂ ਧੁਨੀ:** ਜਿਸ ਵਿਚ ਵਸਤੂ ਵਰਣਨ, ਪ੍ਰਕਿਤੀ ਜਾਂ ਸਥਾਨ ਦਾ ਚਿਤਰਣ ਆਦਿ ਹੋਵੇ, ਉਹ ਵਸਤੂ ਧੁਨੀ ਹੈ ਇਸ ਵਿਚ ਅਭਿਧਾ ਅਰਥ ਦੀ ਪ੍ਰਧਾਨਤਾ ਹੁੰਦੀ ਹੈ। ਜਿਵੇਂ:-

ਉਹ ਮੁਛ ਫੁਟ ਗੱਭਰੂ ਸਰਾਭੇ ਦਾ,

ਕਰਤਾਰ ਸਿੰਘ ਸੀ ਸੂਰਾ।

ਉਨ੍ਹੀ ਸੋ ਸੋਲ੍ਹਾਂ ਵਿਚ ਹਸ ਹਸ,

ਫਰਜ਼ ਨਿਭਾ ਗਿਆ ਪੂਰਾ। (ਗੁਰਦਿਤ ਖੰਨਾ)

**ਅਲੰਕਾਰ ਧੁਨੀ:** ਜਿਸ ਕਵਿਤਾ ਵਿਚਲੀ ਧੁਨੀ ਦਾ ਆਧਾਰ ਅਲੰਕਾਰਾਂ ਦਾ ਚਮਤਕਾਰ ਹੋਵੇ, ਇਹ ਆਮ ਤੌਰ ਤੇ ਲਕਸ਼ਣਾ ਅਰਥ ਅਤੇ ਵਿਅੰਜਨਾ ਅਰਥ ਤੇ ਆਧਾਰਤ ਹੁੰਦਾ ਹੈ। ਇਸ ਨੂੰ ਮੱਧਮ ਅਤੇ ਉੱਤਮ ਕਾਵਿ ਵਿਚ ਗਿਣਿਆ ਜਾਂਦਾ ਹੈ ਜਿਵੇਂ:-

ਸੂਹੇ ਫੂਲਾਂ ਦੀ ਅੱਗ ਨੂੰ ਹੱਥ ਲਾਇਆ,

ਜਿਸ ਦੇ ਪੋਟਿਆਂ ਤੇ ਛਾਲੇ ਉਠਦੇ ਸਨ। (ਪ੍ਰੋ. ਮੋਹਨ ਸਿੰਘ)

**ਸਾਰ-ਅੰਸ਼:**

ਭਾਰਤੀ ਕਾਵਿ-ਸ਼ਾਸਤਰ ਦੀ ਇਕ ਲੰਮੀ ਅਮੀਰ ਪਰੰਪਰਾ ਹੈ। ਭਾਰਤੀ ਕਾਵਿ-ਸ਼ਾਸਤਰ ਵਿਚ ਪੱਛਮੀ ਕਾਵਿ-ਸ਼ਾਸਤਰ ਦੀ ਯੋਗਤਾ ਉੱਭਰਦੀ ਹੈ। ਇਸ ਚਿੰਤਨ ਵਿਚ ਕਾਵਿ ਦੀ ਆਤਮਾ ਪ੍ਰਤੀ ਵੱਖ-ਵੱਖ ਵਿਚਾਰ ਰੱਖਣ ਵਾਲੇ ਛੇ ਸੰਪਰਦਾਇ ਸਨਾਤਨੀ ਅਤੇ ਮਨੁੱਖੀ ਵਰਤਾਰਿਆਂ ਨਾਲ ਜੁੜਦੇ ਹਨ।ਇਹਨਾਂ ਸੰਪਰਦਾਵਾਂ ਵਿਚ ਕਾਵਿ ਦੇ ਰੂਪ ਉਪਰ ਜ਼ੋਰ ਦਿਤਾ ਜਾਂਦਾ ਹੈ।ਇਹ ਚਿੰਤਨ ਇਸ ਨੂੰ ਹੀ ਕਾਵਿ ਦੀ ਆਤਮਾ ਸਵੀਕਾਰ ਕਰਦੇ ਹਨ।ਉਹ ਇਸੇ ਰੂਪ ਨੂੰ ਹੀ ਕਾਵਿ ਦੀ ਉਤੱਮ ਵਸਤੂ ਅਤੇ ਵਸਤੂ ਨੂੰ ਰੂਪ ਮੰਨਦੇ ਹਨ।ਸਮੁੱਚੇ ਤੌਰ ਤੇ ਇਸ ਚਿੰਤਨ ਵਿਚ ਕਾਵਿ ਨੂੰ ਦੈਵੀ ਸਿਰਜਨਾ ਅਤੇ ਸ਼ਿਲਪਗਤ ਘਾੜਤ ਵਜੋਂ ਸਵੀਕਾਰ ਕੀਤਾ ਗਿਆ ਹੈ।ਇਸ ਅਮੀਰ ਚਿੰਤਨ ਵਿਚ ਵਿਰਚਨਾ ਵਿਧੀ ਦੀਆਂ ਯੋਗਤਾਵਾਂ ਉੱਭਰਦੀਆਂ ਹਨ।ਇਸ ਵਿਚ ਵਿਰਚਨਾ ਦੇ ਲੱਛਣ ਪਾਠਕ ਦੇ ਰੋਲ ਨੂੰ ਸਵੀਕਾਰਿਆ ਗਿਆ ਹੈ। ਇਸੇ ਤਰਾਂ ਹੀ ਰਸ ਸਿਧਾਂਤ ਦਾ 'ਸਧਾਰਨੀਕਰਨ' ਅਤੇ ਧੁਨੀ ਸਿਧਾਂਤ ਵਿਚ 'ਰਮਣੀਕਤਾ' ਦਾ ਸੰਕਲਪ ਪਾਠਕ ਦੀ ਸਮਰੱਥਾ ਉਪਰ ਨਿਰਭਰ ਕਰਦਾ ਹੈ, ਇਸ ਤਰਾਂ ਅਸੀਂ ਕਹਿ ਸਕਦੇ ਹਾਂ ਕਿ ਭਾਰਤੀ ਕਾਵਿ-ਸ਼ਾਸਤਰ ਦੀ ਇਕ ਅਮੀਰ ਪਰੰਪਰਾ ਹੈ।

ਮੁੱਖ/ਕੇਂਦਰੀ ਸ਼ਬਦ:

ਰਸ ---ਕਾਵਿ ਆਨੰਦ

ਅੰਲਕਾਰ ---ਗਹਿਣਾ

ਰੀਤੀ---ਸ਼ੈਲੀ

ਵਕ੍ਰੋਕਤੀ --- ਟੇਢੇ ਢੰਗ ਨਾਲ ਕਹੀ ਗੱਲ

## ਸਵੈ-ਮੁਲਾਂਕਣ:

1. ਅੰਲਕਾਰ ਸੰਪਰਦਾਇ ਦਾ ਸੰਸਥਾਪਕ ਕੋਣ ਹੈ-

ੳ. ਭਰਤਮੁਨੀ

ਅ. ਭਾਮਹ

ੲ. ਵਾਮਨ

ਸ. ਆਨੰਦ ਵਰਧਨ

2. ਅੰਲਕਾਰ ਕਾਵਿ ਦੀ ਆਤਮਾ ਹੈ’ ਕਿਸ ਚਿੰਤਕ ਦਾ ਕਥਨ ਹੈ

ੳ. ਦੰਡੀ

ਅ. ਭਾਮਹ

ੲ. ਜੈਦੇਵ

ਸ. ਵਿਸਵਨਾਥ

3. ਭਾਮਹ ਰਚਿਤ ਗ੍ਰੰਥ ਹੈ--

ੳ. ਕਾਵਿ ਅੰਲਕਾਰ ਗ੍ਰੰਥ

ਅ. ਕਾਵਿ ਅੰਲਕਾਰ

ੲ. ਕਾਵਿ ਅੰਲਕਾਰ ਸੂਤਰ

ਸ. ਕਾਵਿ ਅੰਲਕਾਰ ਪ੍ਰਕਾਸ਼

੫. ਭਾਮਹ ਅਨੁਸਾਰ ਅੰਲਕਾਰਾਂ ਦੀ ਗਿਣਤੀ ਹੈ -

ੳ. 35

ਅ. 36

ੲ. 37

ਸ. 38

5. ਭਰਤਮੁਨੀ ਨੇ ਕਿੰਨੇ ਅੰਲਕਾਰਾਂ ਦੀ ਗਿਣਤੀ ਹੈ-

ੳ. 5

ਅ. 4

ੲ. 3

ਸ. 2

6.ਰਸ ਸੰਪਰਦਾਇ ਦਾ ਸੰਚਾਲਕ ਹੈ-

ੳ.ਆਨੰਦ ਵਰਧਨ

ਅ. ਭਾਮਹ

ੲ. ਭਰਤਮੁਨੀ

ਸ. ਦੰਡੀ

7.ਭਾਰਤੀ ਕਾਵਿ ਸ਼ਾਸਤਰ ਵਿਚ ਕਿਹੜਾ ਸਿਧਾਂਤ ਸੱਭ ਤੋਂ ਪਹਿਲਾ ਰਚਿਆ ਗਿਆ-

ੳ. ਧੁਨੀ

ਅ. ਅੰਲਕਾਰ

ੲ. ਰਸ

ਸ. ਰੀਤੀ

8. ਭਰਤਮੁਨੀ ਰਚਿਤ ਗ੍ਰੰਥ ਹੈ-

ੳ. ਨਾਟ ਗ੍ਰੰਥ

ਅ. ਨਾਟਯ ਪੁਸਤਿਕਾ

ੲ. ਨਾਟਯ ਸ਼ਾਸਤਰ

ਸ. ਰਸ ਸ਼ਾਸਤਰ

**9.** ਭਾਰਤੀ ਕਾਵਿ ਸ਼ਾਸਤਰ ਵਿਚ ਕਿੰਨੇ ਸਿਧਾਂਤਾਂ ਦਾ ਵਰਣਨ ਹੈ

ੳ. 4

ਅ. 5

ੲ. 6

ਸ. 9

10. ਧੁਨੀ ਸੰਪਰਦਾਇ ਦੇ ਮੋਢੀ ਹਨ:

ੳ. ਭਰਤਮੁਨੀ

ਅ. ਭਾਮਹ

ੲ. ਵਾਮਨ

ਸ. ਆਨੰਦ ਵਰਧਨ

11. ਧੁਨੀ ਰਮਜ਼ੀਆਂ ਕਵਿਤਾ, ਸੁਝਾਊ ਕਵਿਤਾ ਵਿਅੰਗਮਈ ਕਵਿਤਾ ਜਾ ਪ੍ਰਤੀਕਮਈ ਕਵਿਤਾ ਨੂੰ ਕਿਹਾ ਜਾਂਦਾ ਹੈ:: ਇਹ ਕਥਨ ਹੈ-

ੳ. ਰਤਨ ਚੰਦ

ਅ. ਭਰਤਮੁਨੀ

ੲ. ਆਨੰਦ ਵਰਧਨ

ਸ. ਪ੍ਰੇਮ ਪ੍ਰਕਾਸ਼

12. ਸ਼ਬਦ ਦੀ ਜਿਸ ਸ਼ਕਤੀ ਰਾਹੀਂ ਉਸਦਾ ਸੁਭਾਵਿਕ ਅਰਥ ਗਿਆਤ ਹੁੰਦਾ ਹੈ:ਉੱਥੇ ਕਿਹੜੀ ਸ਼ਬਦ ਸ਼ਕਤੀ ਹੁੰਦੀ ਹੈ:

ੳ. ਅਭਿਧਾ ਸ਼ਕਤੀ

ਅ. ਲਖਸ਼ਣਾ ਸ਼ਕਤੀ

ੲ. ਵਿਅੰਜਨਾ ਸ਼ਕਤੀ

ਸ. ਉਪਰੋਕਤ ਕੋਈ ਵੀ ਨਹੀਂ

13. ਜਿਸ ਸ਼ਬਦ ਤੋਂ ਉਸਦੇ ਮੁੱਖ ਅਰਥਾਂ ਤੋਂ ਇਲਾਵਾ ਹੋਰ ਅਰਥ ਪ੍ਰਗਟ ਹੋਣ ਉੱਥੇ ਕਿਹੜੀ ਸ਼ਬਦ ਸ਼ਕਤੀ ਹੁੰਦੀ ਹੈ:

ੳ. ਅਭਿਧਾ ਸ਼ਕਤੀ

ਅ. ਲਖਸ਼ਣਾ ਸ਼ਕਤੀ

ੲ. ਵਿਅੰਜਨਾ ਸ਼ਕਤੀ

ਸ. ਉਪਰੋਕਤ ਕੋਈ ਵੀ ਨਹੀਂ

14. ਸ਼ਬਦ ਦੇ ਜਿਸ ਵਾਪਾਰ ਨਾਲ ਉਸਦੇ ਮੁਖਆਰਥ ਤੇ ਲਕਸਵਾਰਥ ਤੋਂ ਵੱਖਰੇ ਕਿਸੇ ਵਿਸ਼ੇਸ਼ ਕਿਸਮ ਦਾ ਅਰਥ ਬੋਧ ਹੋਵੇ,ਉੱਥੇ ਕਿਹੜੀ ਸ਼ਬਦ ਸ਼ਕਤੀ ਹੁੰਦੀ ਹੈ:

ੳ. ਅਭਿਧਾ ਸ਼ਕਤੀ

ਅ. ਲਖਸ਼ਣਾ ਸ਼ਕਤੀ

ੲ. ਵਿਅੰਜਨਾ ਸ਼ਕਤੀ

ਸ. ਉਪਰੋਕਤ ਕੋਈ ਵੀ ਨਹੀਂ

15. ਵਕ੍ਰੋਕਤੀ ਸਿਧਾਂਤ ਕਿਸ ਚਿੰਤਕ ਦੀ ਦੇਣ ਹੈ—

ੳ. ਆਨੰਦ ਵਰਧਨ

ਅ. ਵਾਮਨ

ੲ. ਕੁੰਤਕ

ਸ. ਭਰਤਮੁਨੀ

## ਅਭਿਆਸ ਪ੍ਰਸ਼ਨ

1. ਭਾਰਤੀ ਕਾਵਿ ਸ਼ਾਸਤਰ ਤੋਂਕੀ ਭਾਵ ਹੈ?
2. ਭਾਰਤੀ ਕਾਵਿ ਸ਼ਾਸਤਰ ਦੇ ਅੰਤਰਗਤ ਮੁੱਖ ਸਿਧਾਂਤਾਂ ਦਾ ਵਿਸ਼ਲੇਸ਼ਣ ਕਰੋ।
3. ਭਾਰਤੀ ਕਾਵਿ ਸ਼ਾਸਤਰ ਦੇ ਮੁੱਖ ਚਿੰਤਕਾਂ ਬਾਰੇ ਚਰਚਾ ਕਰੋ।

4. ਕਾਵਿ ਦੀ ਆਤਮਾ ਤੋਂ ਭਾਵ ਹੈ?
5. ਵਕ੍ਰੋਕਤੀ ਤੇ ਔਚਿਤਯ ਵਿਚ ਕੀ ਅੰਤਰ ਹੈ
6. ਰਸ ਸਿਧਾਂਤ ਤੇ ਨੋਟ ਲਿਖੋ।
7. ਆਪਣੇ ਖੇਤਰ ਦੇ ਪੰਜ ਕਾਵਿ-ਪ੍ਰੇਮੀਆਂ ਤੋਂ ਰਸ ਤੇ ਅੰਲਕਾਰ ਦੀ ਅਹਿਮੀਅਤਜਾਣਦੇ ਹੋਏ ਆਪਣੀ ਰਾਇ ਦਿਉ।

## ਸੰਦਰਭ ਪੁਸਤਕਾਂ:


- ਸਮਾਲੋਚਨਾ ਸ਼ਾਸਤਰ, ਪ੍ਰੋ. ਬ੍ਰਹਮਜਗਦੀਸ਼, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, (2011)
- ਭਾਰਤੀ ਕਾਵਿ ਸ਼ਾਸਤਰ, ਲਾਹੌਰ ਬੁੱਕ ਸ਼ਾਪ, ਲੁਧਿਆਣਾ, (2011)
- ਭਰਤਮੁਨੀ, ਨਾਟਯ ਸ਼ਾਸਤਰ,ਪੰਜਾਬੀ ਯੂਨੀਵਰਸਿਟੀ ਪਟਿਆਲਾ
- ਵਿਹਾਰਕ ਸਮੀਖਿਆ, ਸਤਿੰਦਰ ਸਿੰਘ, ਪੰਜਾਬੀ ਯੂਨੀਵਰਸਿਟੀ,ਪਟਿਆਲਾ, ਪੰਜਵਾਂ ਸੰਸਕਰਨ (2010)
- ਭਾਰਤੀ ਕਾਵਿ ਸ਼ਾਸਤਰ, ਪ੍ਰੋ. ਸ਼ੁਕਦੇਵ ਸ਼ਰਮਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ


## ਮਹੱਤਵਪੂਰਨ ਲਿੰਕ

https://journals.pen2print.org/index.php/ijr/article/view/12399

ਉੱਤਰਮਾਲਾ

| | | | | |
|---|---|---|---|---|
| 1. ਅ | 2. ਅ | 3. ਅ | 4. ਸ | 5. ਅ |
| 6. ੲ | 7. ੲ | 8. ੲ | 9. ੲ | 10. ਸ |
| 11.ਸ | 12. ੳ | 13. ਅ | 14. ੲ | 15. ੲ |

**DPBI502**

# ਅਧਿਆਇ-9: ਰਸ ਸਿਧਾਂਤ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ-

- 'ਰਸ ਦੇ ਸਿਧਾਂਤ' ਦੀ ਸਾਰਥਕਤਾ ਤੋਂ ਜਾਣੂ ਜੋ ਸਕਣਗੇ।
- ਕਾਵਿ ਆਲੋਚਨਾ ਵਿਚ ਰਸ ਦੀ ਪ੍ਰਕਿਆ ਨੂੰ ਸਮਝਣ ਦੇ ਸੱਮਰਥ ਹੋਣਗੇ।
- ਜਿੱਥੇ ਕਾਵਿ ਸਿਰਜਨਾ ਵਿਚ ਕਾਬਲ ਬਣਨਗੇ ਉੱਥੇ ਇਹ ਸਿਧਾਂਤ ਕਾਵਿ ਆਲੋਚਨਾ ਲਈ ਵੀ ਮਹੱਤਵਪੂਰਨ ਸਥਾਪਿਤ ਹੋਵੇਗਾ।

## ਪ੍ਰਸਤਾਵਨਾ:

ਸਾਹਿਤ ਵਿਚ ਰਸ ਦਾ ਅਰਥ ਸੁਆਦ ਹੀ ਲਿਆ ਜਾਂਦਾ ਹੈ। ਵਿਆਪਕ ਅਰਥਾਂ ਵਿੱਚ ਰਸ ਨੂੰ ਹਰ ਪ੍ਰਕਾਰ ਦੇ ਆਨੰਦ ਨਾਲ ਅਸੀਂ ਜੋੜ ਸਕਦੇ ਹਾਂ।ਭਾਵੇਂ ਉਹ ਪੜ੍ਹ ਕੇ, ਸੁਣ ਕੇ ਜਾਂ ਦੇਖ ਕੇ ਪ੍ਰਾਪਤ ਹੋਏ। ਪਰ ਸਾਹਿਤ ਵਿਚ ਰਸ ਦਾ ਅਰਥ ਉਸ ਮਾਨਸਿਕ ਆਨੰਦ ਨੂੰ ਮੰਨਿਆ ਜਾਂਦਾ ਹੈ ਜਿਹੜਾ ਕਿ ਮਨੁੱਖੀ ਭਾਵਾਂ ਨੂੰ ਜਗਾ ਸਕਦਾ ਹੈ। ਸੋ ਕਿਸੇ ਰਚਨਾ ਨੂੰ ਪੜ੍ਹਨ ਤੋਂ ਬਾਦ ਪਾਠਕ ਦੇ ਮਨ ਵਿਚ ਜੋ ਭਾਵ ਪ੍ਰਾਪਤ ਹੁੰਦੇ ਹਨ ਉਸਨੂੰ ਰਸ ਕਿਹਾ ਜਾਂਦਾ ਹੈ। ਰਸ ਸੁਹਜ ਬਿਰਤੀ ਵਾਲੇ ਇਨਸਾਨ ਨੂੰ ਸੁਆਦ-ਸੁਆਦ ਕਰ ਦਿੰਦਾ ਹੈ। ਆਯੁਰਵੇਦ ਵਿਚ ਰਸ ਸ਼ਬਦ ਦਵਾਈ ਦੇ ਰੂਪ ਵਿਚ ਵਰਤਿਆ ਜਾਂਦਾ ਹੈ।

## ਵਿਸ਼ਾ ਵਸਤੂ:

ਆਯੁਰਵੇਦ ਵਿਚ ਰਸ ਸ਼ਬਦ ਦਵਾਈ ਦੇ ਰੂਪ ਵਿਚ ਵਰਤਿਆ ਜਾਂਦਾ ਹੈ।

ਉਪਨਿਸ਼ਦਾ ਵਿੱਚ ਇਹ ਬ੍ਰਹਮਾਨੰਦ ਜਾਂ ਪਰਮ-ਆਨੰਦ ਦੇ ਅਰਥਾਂ ਵਿੱਚ ਵਰਤਿਆ ਜਾਂਦਾ ਹੈ ਰਿਹਾ । ਪ੍ਰੰਤੂ ਕਾਵਿ ਵਿਚ ਰਸ ਦੇ ਅਰਥ ਵਿਸ਼ੇਸ਼ ਮਹੱਤਵ ਰੱਖਦੇ ਹਨ।ਇਸ ਦੀ ਮਹਾਨਤਾ ਬੜੀ ਨਿਵੇਕਲੀ ਹੈ। ਕਾਵਿ ਵਿੱਚ ਰਸ ਸਿਧਾਂਤ ਸਾਹਿਤ ਦੀ ਆਤਮਾ ਦੇ ਰੂਪ ਵਿੱਚ ਪ੍ਰਸਿੱਧ ਹੋਇਆ।

ਭਰਤਮੁਨੀ ਦੇ ਨਾਟਯ ਸ਼ਾਸ਼ਤਰ ਅਨੁਸਾਰ-

"ਰਸ ਤੋਂ ਬਿਨਾਂ ਕਿਸੇ ਅਰਥ ਦੀ ਪ੍ਰਾਪਤੀ ਹੀ ਨਹੀਂ ਹੋ ਸਕਦਾ। ਕਵੀ ਦਾ ਸਮੁੱਚਾਸੁਹਜਵਾਦੀ ਅਨੁਭਵ ਹੀ ਰਸ ਹੈ"

ਇਸ ਤਰਾਂ ਰਸ ਨੂੰ ਕਾਵਿ ਦੀ ਆਤਮਾ ਮੰਨਿਆ ਗਿਆ। ਭਰਤਮੁਨੀ ਸਪਸ਼ਟ ਕਰਦਾ ਹੈ ਕਿ ਰਸ ਰਹਿਤ ਕਵਿਤਾ ਕਿਸੇ ਹਾਲ ਵਿੱਚ ਕਾਵਿ ਹੋ ਹੀ ਨਹੀਂ ਸਕਦੀ। ਰਸ ਦੀ ਵਿਆਖਿਆ ਕਰਦਿਆ ਹੋਇਆ ਭਰਤਮੁਨੀ ਇਕ ਸੂਤਰ ਵਿੱਚ ਲਿਖਦਾ ਹੈ ਜਿਸ ਦਾ ਭਾਵ ਹੈ ਕਿ ਰਸ ਵਿਭਾਵਾਂ, ਅਨੁਭਾਵਾਂ ਤੇ ਸੰਚਾਰੀ ਭਾਵਾਂ ਦੇ ਸੰਯੋਗ ਦਾ ਸਿੱਟਾ ਹੈ। ਉਸ ਨੇ ਰਸ ਦੀ ਉਪਰੋਕਤ ਸਮੱਗਰੀ ਵਿੱਚ ਸਥਾਈ ਭਾਵਾਂ ਦਾ ਜ਼ਿਕਰ ਨਹੀਂ ਕੀਤਾ। ਹਿਰਦੇ ਦੇ ਸਥਾਈ ਭਾਵ ਹੀ ਅਸਲ ਵਿਚ ਵਿਭਾਵਾਂ,ਅਨੁਭਵਾਂ ਤੇ ਸੰਚਾਰੀ ਭਾਵਾਂ ਦੇ ਸੰਪਰਕ ਵਿੱਚ ਆ ਕੇ ਚੇਤੰਨ ਅਵਸਥਾ ਗ੍ਰਹਿਣ ਕਰਦੇ ਹਨ।

ਭਰਤਮੁਨੀ ਦੁਆਰਾ ਦਿੱਤੀ ਰਸ ਸਮੱਗਰੀ ਵਿੱਚ ਭਾਵਾਂ ਦਾ ਵਾਧਾ ਕਰਨ ਨਾਲ ਰਸ ਦੀ ਪਰਿਭਾਸ਼ਾ ਇਸ ਪ੍ਰਕਾਰ ਕੀਤੀ ਜਾ ਸਕਦੀ ਹੈ:

"ਵਿਭਾਵਾਂ ਦੁਆਰਾ ਜਾਗ੍ਰਿਤ ਤੇ ਉਦੀਪਤ ਹੋ ਕੇ ਅਨੁਭਾਵਾਂ ਦੁਆਰਾ
ਉਤੇਜਿਤ ਹੋ ਕੇ ਸੰਚਾਰੀ ਭਾਵਾਂ ਦੁਆਰਾ ਪੁਸ਼ਟ ਹੋ
ਕੇ ਸੁਹਿਰਦ ਦਾ ਸਥਾਈ ਭਾਵ ਰਸ ਦਾ ਰੂਪ ਗ੍ਰਹਿਣ ਕਰ ਲੈਂਦਾ ਹੈ।"

ਡਾ: ਵਿਸ਼ਵਨਾਥ 'ਕਾਵਿ ਲਕਸ਼ਕ' ਪੁਸਤਕ ਵਿੱਚ ਲਿਖਦੇ ਹਨ:

"ਰਸ ਯੁਕਤ ਵਾਕ ਹੀ ਕਾਵਿ ਹੈ।"

ਡਾ: ਨਗਿੰਦਰ ਦੇ ਅਨੁਸਾਰ:

"ਸਾਹਿਤ ਵਿੱਚ ਰਸ ਤੋਂ ਭਾਵ ਹੈ ਕਾਵਿ ਆਨੰਦ।"

ਡਾ: ਭਾਗਰੀਥ ਮਿਸਰ ਅਨੁਸਾਰ:

"ਰਸ ਇਕ ਖਾਸ ਤਰ੍ਹਾਂ ਦਾ ਆਨੰਦ ਹੈ। ਜੋ ਕਾਵਿ ਦੇ ਪੜਨ
ਸੁਣਨ ਜਾਂ ਨਾਟਕ ਦੇ ਅਭਿਨਯ ਤੋਂ ਪ੍ਰਾਪਤ ਹੁੰਦਾ ਹੈ।"

ਡਾ:ਰਾਮ ਕੁਮਾਰ ਦਾ ਵਿਚਾਰ ਹੈ:

"ਮੇਰੀ ਦ੍ਰਿਸ਼ਟੀ ਵਿੱਚ ਰਸ ਅਮਰ ਹੈ ਤੇ ਕਾਵਿ ਦਾ ਸਭ ਤੋਂ ਮਹੱਤਵਪੂਰਨ ਅੰਗ ਵੀ।

ਜਦ ਤਾਈ (ਤੱਕ) ਕਵਿਤਾ ਰਹੇਗੀ ਰਸ ਦੀ ਸ੍ਰਿਸ਼ਟੀ ਨਿਰੰਤਰ ਹੋਏਗੀ। ਅਰਥਾਤ ਰਸ ਆਪਣੇ ਪ੍ਰਕਾਸ਼ ਲਈ ਕਾਵਿ ਦਾ ਸਰੀਰ ਅਵੱਸ਼ ਹੀ ਗ੍ਰਹਿਣ ਕਰੇਗਾ। '

## ਰਸ ਦੀ ਪ੍ਰਕਿਰਿਆ ਜਾਂ ਰਸ ਨਿਸ਼ਪੱਤੀ (ਉਤਪੱਤੀ)

ਜਿਸ ਪ੍ਰਕਿਰਿਆ ਰਾਹੀਂ ਰਸ ਗੁਜ਼ਰਦਾ ਹੈ, ਉਸ ਬਾਰੇ ਭਰਤ ਮੁਨੀ ਇਸ ਤਰ੍ਹਾਂ ਸਪੱਸ਼ਟ ਕਰਦੇ ਹਨ-

"ਵਿਭਾਵ, ਅਨੁਭਾਵ ਤੇ ਵਿਭਚਾਰੀ (ਸੰਚਾਰੀ) ਭਾਵਾਂ ਦੇ ਸੁਮੇਲ ਤੋਂ ਰਸ ਦੀ ਨਿਸ਼ਪੱਤੀ ਜਾਂ ਉਤਪੱਤੀ ਹੁੰਦੀ ਹੈ।

ਸੋ ਰਸ ਦੀ ਨਿਸ਼ਪਤੀ ਜਾਂ ਰਸ ਦੀ ਪਕ੍ਰਿਆਂ ਵਿੱਚ ਇਨ੍ਹਾਂ ਭਾਵਾਂ ਦਾ ਵਰਨਣ ਇਸ ਪ੍ਰਕਾਰ ਹੈ

ਵਿਭਾਵ:

ਵਿਭਾਵ ਦਾ ਅਰਥ ਕਾਰਣ ਜਾਂ ਨਮਿੱਤ। ਇਸ ਲਈ ਜਿਹੜੇ ਕਾਰਣ ਇਨਸਾਨੀ ਮਨਾਂ ਵਿਚਲੇ ਭਾਵਾਂ ਨੂੰ ਕਾਰਜਸ਼ੀਲ ਕਰਦੇ ਹਨ, ਉਨ੍ਹਾਂ ਨੂੰ ਵਿਭਾਵ ਕਿਹਾ ਜਾਂਦਾ ਹੈ। ਵਿਆਕਰਣ ਤੌਰ ਤੇ 'ਵਿ' ਦਾ ਅਰਥ ਹੈ ਤਿੱਖੇ ਕਾਰਜ ਵਾਲਾ ਤੇ 'ਭਾਵ' ਦਾ ਅਰਥ ਹੈ ਜ਼ਜ਼ਬਾ। ਇਸ ਲਈ ਜਦੋਂ ਕਾਵਿ ਜਾਂ ਨਾਟਕ ਵਿੱਚ ਵਰਨਿਣ ਕੀਤੀਆਂ ਵਸਤੂਆਂ,ਵਿਸ਼ਿਆਂ,ਦ੍ਰਿਸ਼ਾਂ ਜਾ ਸਥਿਤੀਆਂ ਨਾਲ ਪਿਆਰ ਆਦਿ ਸਥਾਈ ਭਾਵ ਜਗਾ ਕੇ ਰਸਮਈ ਰੂਪ ਧਾਰਨ ਕਰਦੇ ਹਨ ਤਾਂ ਵਿਭਾਵ ਕਹਾਉਂਦਾ ਹੈ। ਵਿਭਾਵ ਦੋ ਤਰ੍ਹਾਂ ਦਾ ਹੁੰਦਾ ਹੈ

1. **ਅਲੰਬਨ ਵਿਭਾਵ**: ਸਾਡੇ ਸਥਾਈ ਭਾਵਾਂ ਦੀ ਸੁਪਨ ਅਵਸਥਾਂ ਨੂੰ ਜਾਗ੍ਰਿਤ ਅਥਵਾ ਵਿਚ ਪ੍ਰੀਵਰਤਿਤ ਕਰਨ ਲਈ ਕਿਸੇ ਕਾਰਣ ਅਥਵਾ ਆਧਾਰ ਦੀ ਲੋੜ ਹੈ। ਅਰਥਾਤ ਸਥਾਈ ਭਾਵ ਕਿਸੇ ਵਿਸ਼ੇ ਪ੍ਰਤੀ ਹੀ ਜਾਗ ਸਕਦੇ ਹਨ। ਰਸ ਸਿਧਾਂਤ ਅਨੁਸਾਰ ਉਸ ਵਿਸ਼ੇ ਨੂੰ ਅਲੰਬਨ ਵਿਭਾਵ ਆਖਿਆ ਜਾਂਦਾ ਹੈ।

2. **ਉਦੀਪਨ ਵਿਭਾਵ**: ਜਿਨਾਂ ਵਸਤੂਆਂ, ਹਾਲਤਾਂ ਤੇ ਹਰਕਤਾਂ ਨੂੰ ਦੇਖ ਕੇ ਪਿਆਰ ਆਦਿ ਸਥਾਈ ਭਾਵ ਤੀਬਰ ਹੋ ਜਾਂਦੇ ਹਨ। ਭਾਵ ਵਸਤੂਆਂ ਦਾ ਅਜਿਹਾ ਚਿਤਰਨ ਕੀਤਾ ਜਾਂਦਾ ਹੈ, ਜਿਹੜੀਆਂ ਸਥਾਈ ਭਾਵਾਂ ਨੂੰ ਉਦੀਪਤ ਕਰਦੀਆਂ ਹਨ। ਇਨ੍ਹਾਂ ਨੂੰ ਉਦੀਪਨ ਵਿਭਾਵ ਆਖਿਆ ਜਾਂਦਾ ਹੈ।

ਮਿਸਾਲ ਵਜੋਂ ਸ਼ਿੰਗਾਰ ਰਸੀ ਕਵਿਤਾ ਵਿਚ ਨਾਇਕ ਅਲੰਬਨ ਹੈ ਤੇ ਉਸ ਦਾ ਰੂਪ ਵੀ ਜਾਂ ਚਰਿੱਤਰ ਵਰਨਣ ਉਦੀਪਨ ਹੈ ਜਿਵੇਂ ਰਾਂਝੇ ਵਾਸਤੇ ਹੀਰ ਤੇ ਦੁਸ਼ਯੰਤ ਵਾਸਤੇ ਸ਼ਕੁੰਤਲਾ ਪ੍ਰੇਮ ਦਾ ਸਾਗਰ ਹੈ। ਅਲੰਬਨ ਦੀਆਂ ਹਰਕਤਾਂ ਅਰਥਾਤ ਹਾਵ ਭਾਵ ਨੂੰ ਆਸ ਪਾਸ ਦਾ ਵਾਤਾਵਰਨ , ਜਿਸ ਨਾਲ ਪ੍ਰੇਮ ਦੀ ਅਵਸਥਾ ਹੋਰ ਵੀ ਉਦੀਪਤ ਹੋ ਜਾਵੇ। ਉਸ ਨੂੰ ਉਦੀਪਤ ਕਿਹਾ ਜਾਂਦਾ ਹੈ। ਜਿਵੇਂ ਹੀਰ ਦੇ ਬੇਲੇ ਦਾ ਰੁਮਾਂਟਿਕ ਤੇ ਇਕਾਂਤਕ ਵਾਤਾਵਰਨ। ਸੋ ਉਦੀਪਨ ਵਿਭਾਵ ਦੋ ਪ੍ਰਕਾਰ ਦਾ ਹੈ-

1. ਅਲੰਬਨ ਦੀ ਸ਼ਖਸ਼ੀਅਤ ਨਾਲ ਸੰਬੰਧਿਤ ਉਦੀਪਨ

2. ਪ੍ਰਕ੍ਰਿਤਕ ਵਾਤਾਵਰਣ ਨਾਲ ਸੰਬੰਧਤ ਉਦੀਪਨ:-ਜਿਵੇਂ

ਪੂਰਬ ਦੇ ਪੱਟ ਉੱਤੇ ਹੋਇਆ
ਨਾਚ ਅਲੌਕਿਕ ਕਿਰਨਾ ਦਾ।
ਦਿਲ ਦੀ ਮਹਿਫਲ ਨੂੰ ਗਰਮਾਇਆ,
ਯਾਦ ਤੇਰੀ ਦੀਆਂ ਪਰੀਆਂ ਨੇ।

**ਅਨੁਭਾਵ**:

ਅਨੁ ਦਾ ਅਰਥ ਹੈ ਪਿਛੋ ਤੇ ਭਾਵ ਦਾ ਅਰਥ ਹੈ ਜ਼ਜ਼ਬਾ। ਸੋ ਪ੍ਰੇਮ ਆਦਿ ਭਾਵ ਜਾਗ੍ਰਿਤ ਹੋਣ ਤੋਂ ਬਾਦ ਜੋ ਹਰਕਤਾਂ ਪ੍ਰੇਮ ਦੇ ਆਸਰੇ ਤੇ ਮਨ ਤੇ ਸਰੀਰ ਵਿਚ ਪੈਦਾ ਹੁੰਦੀਆਂ ਹਨ ਉਹ ਅਨੁਭਾਵ ਕਹਾਉਂਦੀਆਂ ਹਨ। ਜਿਵੇਂ ਕਿ ਭਾਵ ਜਦੋਂ ਕਿਸੇ ਪਾਤਰ ਨਾਲ ਸਥਾਈ ਭਾਵ ਜਾਗ੍ਰਿਤ ਅਵਸਥਾ ਪ੍ਰਾਪਤ ਕਰ ਲੈਂਦਾ ਹੈ ਤਾਂ ਇਸ ਭਾਵ ਦਾ ਪਗ੍ਰਟਾ ਕੁ ਝ ਬਾਹਰੀ ਚੇਸ਼ਠਾਵਾਂ ਦੁਆਰਾ

ਹੁੰਦਾ ਹੈ। ਇਨ੍ਹਾਂ ਚੇਸ਼ਟਾਵਾਂ ਨੂੰ ਹੀ ਅਨੁਭਾਵ ਕਿਹਾ ਜਾਂਦਾ ਹੈ। ਅਨੁਭਾਵਾਂ ਦੁਆਰਾ ਹੀ ਪਤਾ ਲੱਗਦਾ ਹੈ ਕਿ ਪਾਤਰ ਕਿਸ ਸਮੇਂ ਕਿਸ ਭਾਵ ਦੀ ਅਵਸਥਾ ਵਿਚੋਂ ਲੰਘ ਰਿਹਾ ਹੈ।ਇਹ ਚਾਰ ਪ੍ਰਕਾਰ ਦੇ ਹੁੰਦੇ ਹਨ-

ਕਾਇਕ ਅਨੁਭਾਵ (ਕਾਇਕ, ਸਰੀਰ):-ਇਨਾਂ ਅਨੁਭਾਵਾਂ ਇਵ ਸਰੀਰਕ ਹਰਕਤਾਂ ਨੂੰ ਸ਼ਾਮਿਲ ਕੀਤਾ ਜਾਂਦਾ ਹੈ।

ਮਾਨਸਿਕ ਅਨੁਭਾਵ:-ਦਿਲ ਵਿੱਚ ਪੈਦਾ ਹੋਈ ਸਥਿਤੀ ਆਦਿ ਨੂੰ ਮਾਨਸਿਕ ਅਨੁਭਾਵ ਕਿਹਾ ਜਾਂਦਾ ਹੈ।

ਆਹਾਰਯ ਅਨੁਭਾਵ:-ਬਨਾਵਟੀ ਪਹਿਰਾਵਾ ਆਹਾਰਯ ਅਨੁਭਾਵ ਕਹਾਉਂਦਾ ਹੈ।

ਸਾਤਵਿਕ ਅਨੁਭਾਵ:-ਸਰੀਰ ਦੀਆਂ ਸੁਭਾਵਿਕ ਤੇ ਕੁਦਰਤੀ ਚੇਸ਼ਟਾਵਾਂ ਸਾਤਵਿਕ ਅਨੁਭਾਵ ਕਹਾਉਦੀਆਂ ਹਨ।

3. **ਸੰਚਾਰੀ ਭਾਵ**:-ਵਿਭਾਵ ਤੇ ਅਨੁਭਾਵ ਤੋਂ ਬਾਦ ਪ੍ਰੇਮ ਪਾਤਰ ਦੇ ਮਨ ਵਿੱਚ ਪੈਦਾ ਹੋਣ ਵਾਲੇ ਭਾਵ ਸੰਚਾਰੀ ਭਾਵ ਹੁੰਦੇ ਹਨ। ਸੰਚਾਰੀ ਭਾਵ ਅਟਿਕਵੇਂ ਤੇ ਅਸਥਿਰ ਹੁੰਦੇ ਹਨ। ਜਿਹਾ ਕਿ ਚਿੰਤਾ ਤੇ ਸ਼ੰਕਾ। ਭਰਤਮੁਨੀ ਨੇ ਸੰਚਾਰੀ ਭਾਵਾਂ ਦੀ ਗਿਣਤੀ 33 ਦੱਸੀ ਹੈ।

**4. ਸਥਾਈ ਭਾਵ:**

ਉਪਰੋਕਤ ਸਾਰੇ ਭਾਵਾਂ ਨੂੰ ਜਦੋਂ ਕੋਈ ਕਵੀ ਕਾਵਿ ਰਚਨਾ ਵਿੱਚ ਬਿਆਨ ਕਰ ਦਾ ਹੈ ਤਾਂ ਪਾਠਕਾਂ ਦੇ ਮਨਾਂ ਵਿਚ ਅਚੇਤ ਸੁੱਤੇ ਹੋਏ ਭਾਵ ਜਾਗ੍ਰਿਤ ਹੋ ਜਾਂਦੇ ਹਨ।ਉਦੋਂ ਪਾਠਕਾਂ ਜਾਂ ਸ੍ਰੋਤਿਆਂ ਦੇ ਮਨਾਂ ਵਿਚ ਕੋਈ ਅਲੋਕਾਰ ਆਨੰਦਮਈ ਹਾਲਤ ਪੈਦਾ ਹੋ ਜਾਂਦੀ ਹੈ। ਜਿਸ ਨੂੰ ਰਸ ਕਿਹਾ ਜਾਂਦਾ ਹੈ। ਅਰਥਾਤ ਲੇਖਕ ਦੀ ਅੰਤਰ ਆਤਮਾ ਵਿਚ ਪਿਆ ਰਸ ਕੇਵਲ ਉਸ ਤਕ ਹੀ ਨਹੀਂ ਸਗੋਂ ਆਲੇ-ਦੁਆਲੇ ਤੱਕ ਵਿਸਤ੍ਰਿਤ ਹੋ ਜਾਂਦਾ ਹੈ। ਭਾਵ ਲੇਖਕ ਦੇ ਰਸ ਦਾ ਸਾਧਾਰਨੀਕਰਣ ਹੋ ਜਾਂਦਾ ਹੈ।

ਡਾ:ਰਾਮ ਚੰਦਰ ਵਰਮਾ ਸ਼ਾਸ਼ਤਰੀ ਅਨੁਸਾਰ,"ਸਥਾਈ ਭਾਵ ਮਨੁੱਖ ਦੇ ਅੰਦਰ ਹਮੇਸ਼ਾ ਮੌਜੂਦ ਰਹਿਣ ਵਾਲਾ ਮਨੋਭਾਵ ਹੈ।ਇਹ ਸਥਾਈ ਭਾਵ ਹੀ ਵਿਭਾਵ ਆਦਿ ਦੇ ਸੰਯੋਗ ਨਾਲ ਰਸਰੂਪ ਹੋ ਜਾਂਦਾ ਹੈ।"

ਭਰਤਮੁਨੀ ਨੇ ਇਨਾਂ ਦੀ ਗਿਣਤੀ ਅੱਠ ਮੰਨੀ ਹੈ। ਪਰ ਇਸ ਤੋਂ ਬਾਦ ਦੇ ਆਚਾ ਰੀਆਂਨੇ ਇਨਾਂ ਦੀ ਗਿਣਤੀ ਦੱਸ ਤੱਕ ਪਹੁੰਚਾ ਦਿੱਤੀ ਹੈ। ਸਥਾਈ ਭਾਵ ਇਸ ਪ੍ਰਕਾਰ ਹਨ: ਪਿਆਰ, ਹਾਸਾ, ਕ੍ਰੋਧ, ਉਤਸ਼ਾਹ, ਭੈ, ਘ੍ਰਿਣਾ, ਅਸਚਰਜ, ਵੈਰਾਗ ਆਦਿ।

ਰਸ ਸੂਤਰ ਵਿਚ ਵਿਭਾਵ ਇਕ ਕਾਰਨ ਹੈ। ਅਨੁਭਾਵ ਕਾਰਨ ਤੋਂ ਉਤਪੰਨ ਹੋਇਆ ਕਾਰਜ ਹੈ। ਸੰਚਾਰੀ ਭਾਵ ਸਹਾਇਕ ਕਾਰਜ ਹੈ। ਇਨਾਂ ਦੇ ਸਹਿਯੋਗ ਨਾਲ ਰਸ ਦੀ ਨਿਸ਼ਪਤੀ ਜਾਂ ਉਤਪੱਤੀ ਹੁੰਦੀ ਹੈ।

ਰਸ ਨਿਸ਼ਪਤੀ ਨਾਲ ਹੀ ਸੰਬੰਧਿਤ ਹੈ ਕਿ ਰਸ ਕਿਵੇਂ ਤੇ ਕਿਥੇ ਸੰਪੂਰਨ ਹੁੰਦਾ ਹੈ। ਇਨਾਂ ਪ੍ਰਸ਼ਨਾਂ ਸੰਬੰਧੀ ਵਿਭਿੰਨ ਵਿਦਵਾਨਾਂ ਦੇ ਜਾਂ ਆਚਾਰੀਆਂ ਦੇ ਵੱਖ-ਵੱਖ ਵਿਚਾਰ ਹਨ। ਜਿਨ੍ਹਾਂ ਵਿਚੋਂ ਅਸੀਂ ਪ੍ਰਮੁੱਖ ਸਿਧਾਤਾਂ ਦਾ ਅਧਿਐਨ ਕਰ ਰਹੇ ਹਾਂ:-

## ਭੱਟ ਲੋਲਟ ਦਾ ਉਤਪਤੀਵਾਦ ਜਾਂ ਅਰੋਪਤਾਵਾਦ:-

ਭੱਟ ਲੋਲਟ ਅਨੁਸਾਰ ਅਸੀਂ ਨਟ ਨੂੰ ਅਲੱਗ ਜਾਣਦਿਆਂ ਵੀ ਉਸ ਵਿੱਚ ਇਤਿਹਾਸਕ ਨਾਇਕ ਮੰਨ ਲੈਦੇ ਹਾਂ। ਉਸ ਦੇ ਅਭਿਨਯ ਤੋਂ ਆਨੰਦ ਮਹਿਸੂਸ ਕਰਦੇ ਹਾਂ। ਜਿਵੇਂ ਰਾਮ ਚੰਦਰ ਦੈ ਅਭਿਨਯ ਤੋਂ ਅਸੀਂ ਰਾਮ ਤੇ ਨਟ ਨੂੰ ਵੱਖ ਜਾਣਦੇ ਹੋਏ ਵੀ ਇਹ ਮੰਨ ਲੈਦੇ ਹਾਂ ਕਿ ਉਸ ਨਟ ਵਿੱਚ ਰਾਮ ਹੈ। ਭਾਵ ਅਸੀਂ ਨਟ ਵਿਚ ਰਾਮ ਆਦਿ ਇਤਿਹਾਸਿਕ ਪਾਤਰਾਂ ਦਾ ਆਰੋ ਪ ਕਰ ਲੈਂਦੇ ਹਾਂ ਤੇ ਇਨ੍ਹਾਂ ਦੇ ਅਭਿਨਯ ਤੋਂ ਰਸ ਦੇ ਆਨੰਦ ਨੂੰ ਜਾਣਦੇ ਹਾਂ। ਇਸ ਤਰ੍ਹਾਂ ਭੱਟ ਲੋਲਟ ਅਨੁਸਾਰ ਰਸ ਉਤਪੱਤੀ ਕੇਵਲ ਇਤਿਹਾਸਿਕ ਪਾਤਰਾਂ ਹੀ ਹੋ ਸਕਦੀ ਹੈ।

## ਸ਼ਕੁੰਕ ਦਾ ਅਨੁਮਾਨਵਾਦ:-

ਸ਼ਕੁੰਕ ਨੂੰ ਭੱਟ ਲੋਲਟ ਦੇ ਸਿਧਾਂਤ ਵਿਚ ਸਭ ਤੋਂ ਵੱਡਾ ਦੋਸ਼ ਇਹ ਮਿਲਿਆ ਕਿ ਭੱਟ ਲੋਲਟ ਨੇ ਦਰਸ਼ਕਾਂ ਤੇ ਪਾਤਰਾਂ ਵਿਚ ਰਸ ਦੀ ਹੋਂਦ ਨੂੰ ਨਹੀਂ ਮੰਨਿਆ। ਪਰ ਪ੍ਰਸ਼ਨ ਇਹ ਉੱਠਦਾ ਹੈ ਕਿ ਨਾਟਕ ਦੇਖਣ ਦੀ ਇੱਛਾ ਕਿਉਂ ਹੁੰਦੀ ਹੈ?ਕਿ ਹੋਰ ਦੋਸ਼ ਇਹ ਹੈ ਕਿ ਜਦੋਂ ਨਾ ਤਾਂ ਰਾਮ ਹਾਜ਼ਰ ਹੈ ਤੇ ਨਾ ਹੀ ਸੀਤਾ ਤਾ ਰਾਮ ਵਿਚ ਰਸ ਦੇ ਉਤਪੰਨ ਹੋਣ ਦਾ ਪ੍ਰਸੰਗ ਨਹੀਂ ਆ ਸਕਦਾ। ਸ਼ਕੁੰਕ ਅਨੁਸਾਰ , "ਰਸ ਦੀ ਉਤਪੱਤੀ ਜਾਂ ਨਿਸ਼ਪਤੀ ਦਾ ਅਰਥ ਅਨੁਮਾਨ ਹੈ।ਦਰਸ਼ਕ ਅਭਿਨਯ ਵਿਚ ਲੀਨ ਹੋ ਕੇ

ਇਤਿਹਾਸਿਕ ਪਾਤਰਾਂ ਦਾ ਨਟਾਂ ਵਿਚ ਅਨੁਮਾਨ ਕਰ ਲੈਂਦੇ ਹਨ। ਦਰਸ਼ਕ ਅਭਿਨਯ ਵਿੱਚ ਲੀਨ ਹੋ ਜਾਂਦੇ ਹਨ ਕਿ ਨਟਾਂ ਨੂੰ ਵਾਸਤਵਿਕ ਤੇ ਸਹੀ ਸਮਝ ਕੇ ਰਸ ਦਾ ਅਨੁਭਵ ਕਰਦੇ ਹਨ ਤੇ ਆਨੰਦ ਪ੍ਰਾਪਤ ਕਰਦੇ ਹਨ।

## ਅਭਿਨਵ ਗੁਪਤ ਦਾ ਵਿਅਕਤੀਵਾਦ ਜਾਂ ਅਭਿਵਿਅਕਤੀਵਾਦ:-

ਅਭਿਨਵ ਗੁਪਤ ਨਿਸ਼ਪਤੀ ਤੋਂ ਭਾਵ ਅਭਿਵਿਅਕਤੀਵਾਦ ਜਾਂ ਪ੍ਰਗਟਾਵਾ ਜਾਂ ਪ੍ਰਗਟਾਵੇ ਤੋਂ ਲੈਂਦਾ ਹੈ। ਹਰ ਸਰੋਤੇ ਦੇ ਮਨ ਵਿਚ ਕ੍ਰੋਧ,ਦਇਆ, ਪ੍ਰੇਮ ਆਦਿ ਸਥਾਈ ਭਾਵ ਡੂੰਘੇ ਰਹਿੰਦੇ ਹਨ। ਕਾਵਿ ਪੜਨ ਸੁਣਨ ,ਜਾਂ ਨਾਟਕ ਦੇਖਣ ਨਾਲ ਇਹ ਸਥਾਈ ਭਾਵ ਜਾਗ੍ਰਿਤ ਹੋ ਕੇ ਰਸ ਵਿੱਚ ਬਦਲ ਜਾਂਦੇ ਹਨ। ਦਰਸ਼ਕ ਜਾਂ ਸ੍ਰੋਤਾਂ ਜਿੰਨਾ ਭਾਵੁਕ ਹੋਵੇਗਾ ਉਨ੍ਹਾਂ ਵਧੇਰੇ ਰਸ ਦਾ ਅਨੁਭਵ ਹੋਵੇਗਾ। ਅਭਿਨਯ ਗੁਪਤਾ ਦਾ ਮਤ ਹੈ ਕਿ ਨਾ ਤਾਂ ਰਸ ਪੈਦਾ ਹੁੰਦਾ ਹੈ ਤੇ ਅਨੁਮਾਨ ਨਾਲ ਖਿੱਚਿਆ ਜਾਂ ਸਕਦਾ ਹੈ। ਰਸ ਦੇ ਮੂਲ ਸਥਾਈ ਭਾਵ ਤਾਂ ਪਹਿਲਾ ਹੀ ਦਰਸ਼ਕਾਂ ਦੇ ਦਿਲ ਵਿੱਚ ਪਏ ਹੁੰਦੇ ਹਨ। ਜਦੋਂ ਪਾਠਕ ਜਾਂ ਦਰਸ਼ਕ ਕਾਵਿ ਕਿਰਤ ਪੜ੍ਹਦਾ ਹੈ ਤਾਂ ਕਾਵਿ ਪ੍ਰਸੰਗ ਵਿਚਲੇ ਵਿਭਾਵ ਤੇ ਭਾਵ,ਅਨੁਭਾਵ ਤੇ ਵਿਭਚਾਰੀ ਰਾਹੀਂ ਉਹਦੇ ਹਿਰਦੇ ਵਿਚ ਸਥਾਈ ਭਾਵ ਜਾਗ ਉੱਠਦੇ ਹਨ। ਇਸ ਸਮੇਂ ਉਹ ਆਪਣੀ ਨਿੱਜਤਾ ਨੂੰ ਭੁੱਲ ਕੇ ਵਿਭਾਵਾਂ ਦੇ ਦੁੱਖਾਂ, ਸੁੱਖਾਂ ਵਿਚ ਸ਼ਾਮਿਲ ਆਨੰਦ ਜਾਂ ਰਸ ਮਹਿਸੂਸ ਕਰਦਾ ਹੈ।

## ਰਸ ਦੇ ਪ੍ਰਕਾਰ ਜਾਂ ਕਿਸਮਾਂ:

ਭਾਰਤੀ ਆਚਾਰੀਆਂ ਨੇ ਰਸ ਦੇ ਕਈ ਪ੍ਰਕਾਰ ਮੰਨੇ ਹਨ। ਜਿਨਾਂ ਦਾ ਆਧਾਰ ਉਹ ਸਥਾਈ ਭਾਵ ਹਨ ਜੋ ਰਚਨਾ ਪ੍ਰਕ੍ਰਿਆ ਦੁਆਰਾ ਕਾਵਿ ਰਸ ਵਿਚ ਬਦਲ ਜਾਂਦੇ ਹਨ। ਭਾਰਤੀ ਕਾਵਿ ਸ਼ਾਸਤਰ ਵਿਚ ਸਥਾਈ ਭਾਵਾਂ ਦੀ ਕੁੱਲ ਗਿਣਤੀ 8 ਮੰਨੀ ਗਈ ਹੈ। ਜਿਵੇਂ ਕਿ: ਸ਼ਿੰਗਾਰ ਰਸ, ਹਾਸ ਰਸ, ਰੌਦਰ ਰਸ, ਵੀਰ ਰਸ, ਭਿਆਨਕ ਰਸ, ਬੀਭਤਸ ਰਸ, ਅਦੁਭਤ ਰਸ, ਕਰੁਣਾ ਰਸ, ਸ਼ਾਤ ਰਸ ਬਾਅਦ ਵਿੱਚ ਸ਼ਾਮਿਲ ਕੀਤਾ ਗਿਆ।

ਸੁਹਜ ਅਨੁਭਵ ਨੂੰ ਇਉਂ ਅੱਠ ਜਾਂ ਨੌਂ ਰਸਾਂ ਵਿਚ ਵੰਡਣਾ ਅੱਜ ਕੱਲ ਬਹੁਤ ਮਹੱਤਵਪੂਰਨ  ਨਹੀਂ ਸਮਝਿਆਂ ਜਾਂਦਾ। ਕਿਉਂਕਿ ਤੁਲਨਾਤਮਕ ਸੁਹਜ ਸ਼ਾਸ਼ਤਰ ਦੀ ਦ੍ਰਿਸ਼ਟੀ ਤੋਂ ਇਹ ਵੰਡ ਬੇਮਾਨੀ ਹੈ। ਭਰਤਮੁਨੀ ਦੇ 'ਨਾਟਯ ਸ਼ਾਸ਼ਤਰ' ਵਿਚ ਅੱਠ ਰਸਾਂ ਦੀ ਵਿਆਖਿਆ ਹੈ। ਸ਼ਾਤ ਰਸ ਦਾ ਵੀ ਸੰਕੇਤ ਹੈ। ਪ੍ਰੰਤੂ ਇਹ ਅਪ੍ਰਧਾਨ ਵਰਨਣ ਹੈ। ਰੁਦਰਦ ਨੇ ਇਕ ਹੋਰ ਪ੍ਰਧਾਨ ਰਸ ਮੰਨ ਕੇ ਉਨ੍ਹਾਂ ਦੀ ਗਿਣਤੀ ਦੱਸ ਕਰ ਦਿੱਤੀ ਹੈ।

ਵਿਸ਼ਵਨਾਥ ਅਭਿਨਯ ਗੁਪਤ ਨੇ 9 ਰਸ ਹੀ ਮੰਨੇ ਹਨ ਪਰ ਚਾਰ ਰਸਾਂ ਨੂੰ ਪ੍ਰਧਾਨ ਤੇ ਬਾਕੀਆਂ ਨੂੰ ਅਪ੍ਰਧਾਨ ਮੰਨਿਆ ਹੈ। ਇਹਨਾਂ ਰਸਾਂ ਦਾ ਵਰਣਨ ਇਸ ਤਰ੍ਹਾਂ ਹੈ:-

1. **ਸ਼ਿੰਗਾਰ ਰਸ** :-ਸ਼ਿੰਗਾਰ ਰਸ ਸਿਰੰਗ +ਆਰ ਤੋਂ ਮਿਲ ਕੇ ਬਣਿਆ ਹੈ। ਜਿਸ ਦਾ ਸ਼ਾਬਦਿਕ ਅਰਥ ਹੈ ਕਾਮਦੇਵ ਦੀ ਗਤੀ ਜਾਂ ਪ੍ਰਾਪਤੀ।ਆਚਾਰੀਆ ਮੰਮਟ ਦਾ ਵਿਚਾਰ ਹੈ 'ਪਤੀ-ਪਤਨੀ ਪ੍ਰੇਮ ਹੀ ਸ਼ਿੰਗਾਰ ਦਾ ਸਥਾਈ ਭਾਵ ਹੈ। ਭਰਤ ਮੁਨੀ ਦਾ ਵਿਚਾਰ ਹੈਂ

> "ਸੰਸਾਰ ਵਿਚ ਜੋ ਕੁਝ ਉੱਤਮ , ਪਵਿੱਤਰ, ਉੱਜਲ ਤੇ ਦਰਸ਼ਨ ਯੋਗ ਹੈ , ਉਹ ਸ਼ਿੰਗਾਰ ਹੈ। ਕੁਝ ਵਿਦਵਾਨ ਇਸ ਨੂੰ ਪ੍ਰਧਾਨ ਜਾਂ ਆਦਿ ਰਸ ਮੰਨਦੇ ਹਨ।ਸ਼ਿੰਗਾਰ ਰਸ ਦੇ ਦੋ ਪੱਖ ਹਨ:-

- ਸੰਜੋਗ:-ਜਿੱਥੇ ਨਾਇਕ ਤੇ ਨਾਇਕਾਂ ਦਾ ਮਿਲਾਪ ਹੈ। ਸੰਯੋਗ ਦੀ ਉਦਾਹਰਨ-

ਹਮ ਘਰਿ ਸਾਜਨ ਆਏ।।
ਸਾਚੈ ਮੇਲਿ ਮਿਲਾਏ।
ਅਨੰਦ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ
ਸਤਿਗੁਰੁ ਤ ਪਾਇਆ ਸਹਜ ਸੇਤੀ
ਮਨਿ ਵਜੀਆ ਵਾਧਾਈਆ॥

- ਵਿਜੋਗ:-ਜਿੱਥੇ ਪ੍ਰੇਮੀ ਤੇ ਪ੍ਰੇਮਿਕਾ ਵਿਚਕਾਰ ਪਿਆਰ ਹੋਵੇ ਪਰ ਉਹ ਮਿਲ ਨਾ ਸਕਦੇ ਹੋਣ ਉਸਨੂੰ ਵਿਯੋਗ ਦੀ ਅਵਸਥਾ ਕਿਹਾ ਜਾਂਦਾ ਹੈ। ਜਿਵੇਂ:-

ਸੱਜਣ ਬਿਨ ਰਾਤੀ ਹੋਈ ਵੱਡੀਆਂ,
ਮਾਸ ਝਰੇ ਝਰ ਪਿੰਜਰ ਹੋਇਆ,
ਕੜ-ਕੜ ਹੋਈਆਂ ਹੱਡੀਆਂ।

2 **ਹਾਸ ਰਸ:-** ਰੂਪ, ਰੰਗ, ਲਿਬਾਸ, ਆਕਾਰ,ਬੋਲਚਾਲ ਤੇ ਕੰਮ ਕਾਜ ਦੇ ਬੇਢੰਗੇਪਨ ਤੋਂ ਹਾਸ ਪੈਦਾ ਹੁੰਦਾ ਹੈ। ਇਸ ਦਾ ਸਥਾਈ ਭਾਵ ਹਾਸਾ ਹੈ:ਵਿਅੰਗ, ਮਜ਼ਾਕ ਆਦਿ ਅਨੁਭਾਵ ਹਨ। ਕਾਂਬਾ ਪਸੀਨਾ ਇਸ ਦੇ ਸੰਚਾਰੀ ਭਾਵ ਹਨ।

ਆਜੁ ਨਾਮੇ ਬੀਠਲੁ ਦੇਖਿਆ ਮੂਰਖ ਕੋ ਸਮਝਾਊ ਰੇ॥
ਪਾਡੇ ਤੁਮਰੀ ਗ੍ਰਇਤ੍ਰੀ ਲੋਧੇ ਕਾ ਖੇਤੁ ਖਾਤੀ ਥੀ॥
ਲੈ ਕਰਿ ਠੇਗਾ ਟਗਰੀ ਤੋਰੀ ਲਾਂਗਤ ਲਾਂਗਤ ਜਾਤੀ ਥੀ॥
ਪਾਂਡੇ ਤੁਮਰਾ ਮਹਾਦੇਉ ਧਉਲੇ ਬਲਦ ਆਵਤੁ ਦੇਖਿਆ ਥਾ॥
ਮੋਦੀ ਕੇ ਘਰ ਖਾਣਾ ਪਾਕਾ ਵਾ ਕਾ ਲੜਕਾ ਮਾਰਿਆ ਥਾ॥

**3. ਅਦੁਭਤ ਰਸ**:-ਕਿਸੇ ਵਚਿੱਤਰ ਵਸਤੂ ਨੂੰ ਵੇਖ ਕੇ ਹੈਰਾਨ ਹੋ ਜਾਣਾ ਅਦਭੁਤ ਰਸ ਹੈ।ਅਸਚਰਜਾ ਇਸ ਦਾ ਸਥਾਈ ਭਾਵ ਹੈ। ਪਸੀਨਾ-ਪਸੀਨਾ ਹੋ ਜਾਣਾ, ਪ੍ਰੇਸ਼ਾਨ ਹੋ ਜਾਣਾ ਇਸ ਦੇ ਅਨੁਭਾਵ ਹਨ। ਕ੍ਰੋਧ, ਸ਼ੰਕਾਂ, ਚੰਚਲਤਾ ਇਸ ਦੇ ਸੰਚਾਰੀ ਭਾਵ ਹਨ।

ਨੀ ਅੱਜ ਕੋਈ ਆਇਆ ਸਾਡੇ ਵਿਹੜੇ
ਤਕਣ ਚੰਨ ਸੂਰਜ ਢੁਕ ਢੁਕ ਨੇੜੇ।
-------------------------
ਬੰਨ੍ਹੇ ਨੀ ਕੋਈ ਪਹਾੜ ਸਮੇਂ ਦੇ ਪੈਰੀਂ
ਡਕੋਂ ਨੀ ਕੋਈ ਰਾਤ ਦਿਵਸ ਦੇ ਗੇੜੇ।

**4. ਕਰੁਣਾ ਰਸ**:-ਪ੍ਰੇਮੀ ਜਾਂ ਪੇਮਿਕਾਂ ਦੀ ਮੌਤ ਕਾਰਨ ਜਾਂ ਕੋਈ ਹੋਰ ਡੂੰਘੀ ਸੱਟ ਇਸ ਦਾ ਆਧਾਰ ਹੈ।ਸ਼ੋਕ ਇਸ ਦਾ ਸਥਾਈ ਭਾਵ ਹੈ।ਜਿਵੇਂ:-

ਅੱਜ ਆਖਾਂ ਵਾਰਿਸ ਸ਼ਾਹ ਨੂੰ,
ਕਿਤੇ ਕਬਰਾਂ ਵਿਚੋਂ ਬੋਲ।
ਤੇ ਅੱਜ ਕਿਤਾਬੇ ਇਸ਼ਕ ਦਾ,
ਕੋਈ ਅਗਲਾ ਵਰਕਾ ਫੋਲ।

ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦ ਨ ਆਇਆ॥

**ਸਜਣ ਮੈਡੇ ਰੰਗਲੇ ਜਾਇ ਸੁਤੇ ਜੀਰਾਣਿ।।**
**ਹੰਭੀ ਵੰ**ਞਾ ਡੁੰਮਣੀ ਰੋਵਾ ਝੀਣੀ ਬਾਣਿ।।

**5. ਰੌਦਰ ਰਸ:-** ਇਸ ਦਾ ਸਥਾਈ ਭਾਵ ਕ੍ਰੋਧ ਹੈ। ਅੱਖਾਂ ਦਾ ਲਾਲ ਹੋ ਜਾਣਾ, ਦੰਦ ਪੀਹਣਾ, ਹੌਂਠ ਦਬਾਉਣਾ ਆਦਿ ਇਸ ਦੇ ਭਾਵ ਹਨ। ਰੁੱਖਾਪਨ, ਤੇਜ਼ੀ, ਤਲਖੀ, ਵਿਆਕੁਲਤਾ, ਘਬਰਾਹਟ ਇਸ ਦੇ ਸੰਚਾਰੀ ਭਾਵ ਹਨ। ਜਿਵੇਂ ਦਮੋਦਰ ਦੀ 'ਹੀਰ' ਵਿਚ ਰੌਦਰ ਰਸ ਦੀ ਉਦਾਹਰਨ:-

ਦਾੜੀ ਤੈਂਡੀ ਦੇ ਵਾਲ ਨਾ ਛੋੜਾ

ਹਿੱਕ-ਹਿੱਕ ਨੱਪ ਪਟੇਸਾਂ।

ਜਾਂ

ਰਾਜੇ ਸ਼ੀਹ ਮੁਕੱਦਮ ਕੁਤੇ॥

ਜਾਇ ਜਗਾਇਨ ਬੈਠੇ ਸੁਤੇ॥

**6. ਬੀਰ ਰਸ:-**ਸਥਾਈ ਭਾਵ ਉਤਸ਼ਾਹ ਹੈ। ਸਥਿਰਤਾ, ਰੁਮਾਂਸ, ਸਰੀਰਕ ਤੇ ਮਾਨਸਿਕ ਉਤਸ਼ਾਹ ਭਰੇ ਹਾਵ ਭਾਵ ਤੇ ਕ੍ਰਿਆ ਇਸ ਦੇ ਅਨੁਭਾਵ ਹਨ।

ਲੱਖ ਨਗਾਰੇ ਵੱਜਣ ਆਹਮੋ ਸਾਹਮਣੇ

ਰਾਕਸ਼ ਰਣੋ ਨ ਭੱਜਣ ਰੋਹੇ ਰੋਹਲੇ

ਸ਼ੀਹਾਂ ਵਾਗੂੰ ਗੱਜਣ ਸੱਤੇ ਸੂਰਮੇ

ਤਣਿ ਤਣਿ ਕੈਬਰ ਛੱਡਣ ਦੁਰਗਾ ਸਾਹਮਣੇ।

**7. ਭਿਆਨਕ ਰਸ:-**ਭੈ ਇਸ ਦਾ ਸਥਾਈ ਭਾਵ ਹੈ। ਦੌੜਨਾ , ਕਰੁਣਾ ਨਾਲ ਭਰ ਜਾਣਾ, ਕੁਰਲਾਹਣ ਮੁਚਾਉਣਾ, ਬੇਹੋਸ਼ ਹੋ ਜਾਣਾ ਆਦਿ ਅਨੁਭਾਵ ਤ੍ਰਾਸ, ਚਿੰਤਾ, ਸ਼ੰਕਾ, ਇਸ ਦੇ ਸੰਚਾਰੀ ਭਾਵ ਹਨ।

ਥਰਹਰ ਕੰਪੈ ਬਾਲਾ ਜੀਉ॥ ਨਾ ਜਾਨਉ ਕਿਆ ਕਰਸੀ ਪੀਉ॥

ਹਰਿ ਸੋ ਹੀਰਾ ਛਾਡਿ ਕੈ ਕਰਹਿ ਆਨ ਕੀ ਆਸ॥
ਤੇ ਨਰ ਦੋਜਕ ਜਾਹਿਗੇ ਸਤਿ ਭਾਖੈ ਰਵਿਦਾਸ॥

**8. ਬੀਭਤਸ ਰਸ:-**ਸਥਾਈ ਭਾਵ ਘ੍ਰਿਣਾ , ਥੁੱਕ ਸੁੱਟਣਾ, ਅੱਖਾਂ ਬੰਦ ਕਰਨੀਆਂ ਇਸ ਦੇ ਅਨੁਭਾਵ ਹਨ। ਗਿਲਾਨੀ ਆਦਿ ਇਸ ਦੇ ਸੰਚਾਰੀ ਭਾਵ ਹਨ ।

ਜੋ ਜਾਨੈ ਮੈ ਜੋਬਨਵੰਤ॥

ਸੋ ਹੋਵਤ ਬਿਸਟਾ ਕਾ ਜੰਤ॥

ਵੇ ਦਰਦਮੰਦਾਂ ਦਿਆ ਦਰਦੀਆ ਉਠ ਤੱਕ ਆਪਣਾ ਪੰਜਾਬ।

ਅਜ ਬੇਲੇ ਲਾਸ਼ਾਂ ਵਿਛੀਆਂ ਤੇ ਲਹੂ ਦੀ ਭਰੀ ਚਨਾਬ।

9. **ਸ਼ਾਤ ਰਸ:-**ਇਸ ਨੂੰ ਬਾਦ ਵਿਚ ਸ਼ਾਮਿਲ ਕੀਤਾ ਗਿਆ। ਮਨ ਦੀ ਇਕਾਗਰਤਾ , ਸ਼ਾਂਤੀ, ਟਿਕਾਅ ਆਦਿ ਇਸ ਦੇ ਸਹਿਜ ਅਨੁਭਾਵ ਹਨ। ਗੁਰਬਾਣੀ ਵਿੱਚ ਬਹੁਤ ਸ਼ਾਤ ਰਸ ਸਮੋਇਆ ਹੋਇਆ ਹੈ।

ਨਾਨਕ ਤਿਸੈ ਬਸਤੁ ਹੈ ਜਿ ਸਤਿਗੁਰੁ ਸੇਵਿ ਸਮਾਇ॥
ਹਰਿ ਵੁਠਾ ਮਨੁ ਤਨੁ ਸਭੁ ਪਰਫੜੈ ਸਭੁ ਜਗੁ ਹਰੀਆਵਲੁ ਹੋਇ॥

ਸਬਦੇ ਸਦਾ ਬਸਤੁ ਹੈ ਜਿਤੁ ਤਨੁ ਮਨੁ ਹਰਿਆ ਹੋਇ॥
ਨਾਨਕੁ ਨਾਮੁ ਨ ਵੀਸਰੈ ਜਿਨਿ ਸਿਰਿਆ ਸਭੁ ਕੋਇ॥

ਸਖੀਓ ਸਹੇਲੜੀਓ ਮੇਰਾ ਪਿਰ ਵਣਜਾਰਾ ਰਾਮ॥

ਹਰਿ ਨਾਮ ਵਣਜਾਰਿਆ ਰਸ ਮੇਲ ਅਪਾਰਾ ਰਾਮ॥

## ਸਾਧਾਰਨੀਕਰਨ:

ਸਾਧਾਰਨੀਕਰਨ ਦੇ ਸੰਬੰਧ ਵਿੱਚ ਵੱਖ-ਵੱਖ ਵਿਦਵਾਨਾਂ ਦੇ ਵੱਖ-ਵੱਖ ਵਿਚਾਰ ਪੇਸ਼ ਕੀਤੇ ਹਨ:-

ਡਾ:ਨਗਿੰਦਰ ਦਾ ਵਿਚਾਰ ਹੈ , "ਸਧਾਰਨੀਕਰਨ ਦੀ ਆਪਣੀ ਅਨੁਭੂਤੀ ਹੁੰਦੀ ਹੈ ਜਦੋਂ ਕੋਈ ਵਿਅਕਤੀ ਆਪਣੀ ਅਨੁਭੂਤੀ ਨੂੰ ਇਸ ਤਰ੍ਹਾਂ ਵਿਅਕਤ ਕਰਦਾ ਹੈ ਕਿ ਉਹ ਸਾਰਿਆਂ ਦੇ ਦਿਲਾਂ ਵਿਚ ਇਕ ਅਨੁਭੂਤੀ ਜਗਾ ਸਕੇ ਤਾਂ ਅਸੀਂ ਪ੍ਰੀਭਾਸ਼ਿਕ ਸ਼ਬਦਾਵਲੀ ਵਿਚ ਕਹਿ ਸਕਦੇ ਹਾਂ ਕਿ ਉਸ ਵਿਚ ਸਧਾਰਨੀਕਰਨ ਹੋ ਗਿਆ ਹੈ। ਕਵੀ ਦੀ ਆਪਣੀ ਅਨੁਭੂਤੀ ਦਾ ਸਾਧਾਰਨੀਕਰਨ ਹੁੰਦਾ ਹੈ ਅਰਥਾਤ ਕਵੀ ਦੀ ਅੰਤਰ ਆਤਮਾ ਵਿਚ ਪਿਆ ਰਸ ਕੇਵਲ ਉਸ ਤੱਕ ਹੀ ਨਹੀਂ ਸਗੋਂ ਆਲੇ-ਦੁਆਲੇ ਤੱਕ ਵਿਸਤ੍ਰਿਤ ਹੋ ਜਾਂਦਾ ਹੈ। ਭਾਵ ਕਿ ਕਵੀ ਦੇ ਰਸ ਦਾ ਸਾਧਾਰਨੀਕਰਨ ਨਾਲ ਹੋ ਜਾਂਦਾ ਹੈ।"

ਸਭ ਤੋਂ ਪਹਿਲਾ ਆਚਾਰੀਆਂ ਭੱਟ ਨਾਇਕ ਦੇ ਸਾਧਾਰਨੀਕਰਨ ਦੇ ਸਿਧਾਂਤ ਨੂੰ ਪੇਸ਼ ਕੀਤਾ ਤੇ ਅੱਗੇ ਲਿਆ ਕੇ ਨਿਮਯਬੱਧ ਕਰਨ ਵਿਚ ਆਚਾਰੀਆਂ ਅਭਿਨਵ ਗੁਪਤ ਦਾ ਨਾਂ ਸ਼ਾਮਿਲ ਹੈ।

ਬੁੱਚਰ ਦੇ ਅਨੁਸਾਰ, "ਦਰਸ਼ਕ ਆਪਣੀ ਸੁਭਾਵਿਕ ਹੋਂਦ ਤੋਂ ਉਪੱਰ ਉਠ ਜਾਂਦਾ ਹੈ। ਉਹ ਦੀਨ ਦੁਖੀਏ ਨਾਲ ਤੇ ਉਸ ਦੇ ਰਾਹੀਂ ਮਨੁੱਖ ਪਾਤਰ ਨਾਲ ਇਕ ਮਿੱਕ ਹੋ ਜਾਂਦਾ ਹੈ।

ਵਰਡਜਵਰਥ ਦੇ ਅਨੁਸਾਰ , "ਨਾਵਲ ਪੜਦੇ ਵੇਲੇ ਤੁਸੀਂ ਸ਼ਾਇਦ ਹੀਰੋ ਜਾਂ ਹੀਰੋਇ ਨ ਨਾਲ ਇਕ ਰੂਪ ਹੋ ਸਕਦੇ ਹੋ ਇਸ ਹਾਲਤ ਵਿਚ ਨਾਇਕ ਦੇ ਮੁਸੀਬਤ ਵੇਲੇ ਫਸਣ ਤੇ ਦੁਖੀ ਹੁੰਦੇ ਹਨ ਤੇ ਉਸ ਦੇ ਸੰਕਟ ਤੋਂ ਮੁਕਤ ਹੋ ਜਾਂਦੇ ਹੋ , ਇਸ ਨੂੰ ਹੀ ਸੱਚੀ ਅਨੁਭੂਤੀ ਆਖਾਂਗੇ।"

## ਸਾਰ-ਅੰਸ਼:

ਡਾ:ਸੱਤਿਆ ਦੇਵ ਚੋਧਰੀ ਦਾ ਵਿਚਾਰ ਹੈ:

"ਰਸ (ਕਾਵਿ ਆਨੰਦ)ਦੀ ਸਥਿਤੀ ਬਾਰੇ ਜੇਕਰ ਵਿਚਾਰ ਕੀਤਾ ਜਾਵੇ ਤਾਂ ਅਸੀਂ ਕਹਿ ਸਕਦੇ ਹਾਂ ਕਿ ਇਸ ਦੀ ਸਥਿਤੀ ਇਕ ਪਾਸੇ (ਕਾਵਿ ਆਨੰਦ ਤੋਂ ਪਰ੍ਹੇ) ਲੋਕਿਕ ਭਾਵਨਾਵਾਂ ਤੋਂ ਉਤਪੰਨ ਦੁੱਖ ਸੁੱਖ ਤੇ ਦੂਸਰੇ ਪਾਸੇ ਅਧਿਆਤਮਿਕ ਖੇਤਰ ਦੇ ਆਨੰਦ ਦੇ ਵਿਚਕਾਰ ਦੀ ਵੀ ਹੈ। ਲੋਕਿਕ ਭਾਵਨਾਵਾਂ ਨਾਲ ਲੋਕਾਂ ਸੁੱਖ ਵੀ ਮਿਲਦਾ ਹੈ ਤੇ ਦੁੱਖ ਵੀ।ਪਰ ਕਾਵਿ ਵਿਚਲੇ ਰਸ ਭਾਵ ਹੁੰਦੇ ਤਾਂ ਲੋਕਿਕ ਹੀ ਹਨ ਪਰ ਉਹ ਕੇਵਲ ਸੁਖਾਂਤਕ ਹੁੰਦਾ ਹੈ।ਇਸ ਦੇ ਨਾਲ ਹੀ ਇਹ ਸੁੱਖ ਆਮ ਕਿਸਮ ਦਾ ਨਾ ਹੋ ਕੇ ਉਤਕ੍ਰਿਸ਼ਟ ਕਿਸਮ ਦਾ ਹੁੰਦਾ ਹੈ।ਇਸ ਲਈ ਇਸ ਨੂੰ ਲੋਕਤਰ ਆਨੰਦ ਕਹਿੰਦੇ ਹਨ ,ਪਰ ਦੂਸਰੇ ਪਾਸੇ ਅਧਿਆਤਮਿਕ ਖੇਤਰ ਦਾ ਆਨੰਦ ਇਨਾ ਦੋਹਾਂ ਪ੍ਰਕਾਰ ਦੇ ਆਨੰਦਾਂ ਤੋਂ ਵੱਖਰਾ ਹੁੰਦਾ ਹੈ ,ਇਸ ਲਈ ਇਸ ਨੂੰ ਲੋਕਿਕ ਆਨੰਦ ਕਿਹਾ ਜਾਂਦਾ ਹੈ।"

ਰਸ ਦੀ ਸਮੁੱਚੀ ਵਿਚਾਰ ਤੋਂ ਬਾਅਦ ਅਸੀਂ ਕਹਿ ਸਕਦੇ ਹਾਂ ਕਿ ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਰਸ ਕਾਵਿ ਦੀ ਆਤਮਾ ਹੈ।

## ਮੁੱਖ/ਕੇਂਦਰੀ ਸ਼ਬਦ:

ਉਤਕ੍ਰਿਸ਼ਟ ---ਸਰਵ ਸ੍ਰੇਸ਼ਟ

"ਰਸ --- ਕਾਵਿ ਆਨੰਦ

ਵਿਸਤ੍ਰਿਤ ---ਵਿਸਥਾਰ

ਅਦਭੁਤ ---ਅਸਚਰਜਾ



## ਸਵੈ-ਮੁਲਾਂਕਣ:

1.ਰਸ ਸੰਪਰਦਾਇ ਦਾ ਸੰਚਾਲਕ ਹੈ-

ੳ. ਆਨੰਦ ਵਰਧਨ

ਅ. ਭਾਮਹ

ੲ. ਭਰਤਮੁਨੀ

ਸ. ਦੰਡੀ

2. ਭਾਰਤੀ ਕਾਵਿ ਸ਼ਾਸਤਰ ਵਿਚ ਕਿਹੜਾ ਸਿਧਾਂਤ ਸੱਭ ਤੋਂ ਪਹਿਲਾ ਰਚਿਆ ਗਿਆ-

ੳ. ਧੁਨੀ

ਅ. ਅੰਲਕਾਰ

ੲ. ਰਸ

ਸ. ਰੀਤੀ

3. ਭਰਤਮੁਨੀ ਰਚਿਤ ਗ੍ਰੰਥ ਹੈ-

ੳ. ਨਾਟ ਗ੍ਰੰਥ

ਅ. ਨਾਟਯ ਪੁਸਤਿਕਾ

ੲ. ਨਾਟਯ ਸ਼ਾਸਤਰ

ਸ. ਰਸ ਸ਼ਾਸਤਰ

4. ਨੀ ਅੱਜ ਕੋਈ ਆਇਆ ਸਾਡੇ ਵਿਹੜੇ
ਤਕਣ ਚੰਨ ਸੂਰਜ ਢੁਕ ਢੁਕ ਨੇੜੇ।

ਇਨ੍ਹਾਂ ਸਤਰਾਂ ਵਿਚ ਕਿਹੜਾ ਰਸ ਹੈ-

ੳ. ਸ਼ਿੰਗਾਰ ਰਸ

ਅ. ਹਾਸ ਰਸ

ੲ. ਬੀਰ ਰਸ

ਸ. ਰੌਦਰ ਰਸ

5. ਅੱਜ ਆਖਾਂ ਵਾਰਸਸ਼ਾਹ ਨੂੰ, ਕਿਤੋਂ ਕਬਰਾਂ ਵਿਚੋਂ ਬੋਲ।
ਤੇ ਅੱਜ ਕਿਤਾਬੇ ਇਸ਼ਕ ਦਾ, ਕੋਈ ਅਗਲਾ ਵਰਕਾ ਫੋਲ।
ਇਕ ਰੋਈ ਸੀ ਧੀ ਪੰਜਾਬ ਦੀ, ਤੂੰ ਲਿਖ ਲਿਖ ਮਾਰੇ ਵੈਣ।
ਅੱਜ ਲੱਖਾਂ ਧੀਆਂ ਰੋਂਦੀਆਂ,ਤੇਨੂੰ ਵਾਰਿਸ ਸ਼ਾਹ ਨੂੰ ਕਹਿਣ।

ਇਨ੍ਹਾਂ ਸਤਰਾਂ ਵਿਚ ਕਿਹੜਾ ਰਸ ਹੈ-

ੳ. ਬੀਭਤਸ ਰਸ
ਅ. ਭਿਆਨਕ ਰਸ
ੲ. ਬੀਰ ਰਸ
ਸ. ਕਰੁਣਾ ਰਸ

6. ਸਾਧਾਰਣੀਕਰਨ ਦਾ ਸਿਧਾਂਤ ਕਿਸ ਚਿੰਤਕ ਨਾਲ ਜੁੜਿਆ ਹੈ

ੳ. ਸ਼ੰਕੁਕ
ਅ. ਭੱਟ ਲੋਲਟ
ੲ ਭਰਤਮੁਨੀ
ਸ. ਭੱਟ ਨਾਇਕ

7. ਅਭਿਵਿਅਕਤੀਵਾਦ ਦਾ ਸਿਧਾਂਤ ਕਿਸ ਚਿੰਤਕ ਨਾਲ ਜੁੜਿਆ ਹੈ-

ੳ. ਸ਼ੰਕੁਕ
ਅ. ਭੱਟ ਲੋਲਟ
ੲ. ਭਰਤਮੁਨੀ
ਸ. ਅਭਿਨਵਗੁਪਤ

8. ਉਤਪਤੀਵਾਦ ਜਾਂ ਅਰੋਪਤਾਵਾਦ ਸਿਧਾਂਤ ਕਿਸ ਚਿੰਤਕ ਨੇ ਦਿੱਤਾ-
ੳ. ਸ਼ੰਕੁਕ
ਅ. ਭੱਟ ਲੋਲਟ

ੲ. ਭਰਤਮੁਨੀ

ਸ. ਭੱਟ ਨਾਇਕ

9.ਖ਼ਾਲੀ ਸਥਾਨ ਭਰੋ:

ਉਪਨਿਸ਼ਦਾ ਵਿੱਚ ਰਸ ---------- ਜਾਂ ----------- ਦੇ ਅਰਥਾਂ ਵਿੱਚ ਵਰਤਿਆ ਜਾਂਦਾ ਹੈ ਰਿਹਾ ।

**10.** ਖਾਲੀ ਸਥਾਨ ਭਰੋ:
ਰਸ ਤੋਂ ਬਿਨਾਂ ਕਿਸੇ ਅਰਥ ਦੀ ਪ੍ਰਾਪਤੀ ਹੀ ਨਹੀਂ ਹੋ ਸਕਦਾ। ਕਵੀ ਦਾ ਸਮੁੱਚਾ-------------- ਹੀ ਰਸ ਹੈ।

**11.** ਮੇਰੀ ਦ੍ਰਿਸ਼ਟੀ ਵਿੱਚ ਰਸ ਅਮਰ ਹੈ ਤੇ ਕਾਵਿ ਦਾ ਸਭ ਤੋਂ ਮਹੱਤਵਪੂਰਨ ਅੰਗ ਵੀ। **ਇਹ ਕਥਨ ਹੈ:**
ੳ. ਡਾ: ਭਾਗਰੀਥ ਮਿਸਰ
ਅ. ਡਾ:ਰਾਮ ਕੁਮਾਰ
ੲ. ਡਾ: ਵਿਸ਼ਵਨਾਥ
ਸ. ਡਾ: ਨਗਿੰਦਰ

12. ਰਸ ਇਕ ਖਾਸ ਤਰ੍ਹਾਂ ਦਾ ਆਨੰਦ ਹੈ। ਜੋ ਕਾਵਿ ਦੇ ਪੜਨ ਸੁਣਨ ਜਾਂ ਨਾਟਕ ਦੇ ਅਭਿਨਯ ਤੋਂ ਪ੍ਰਾਪਤ ਹੁੰਦਾ ਹੈ।

ਇਹ ਕਥਨ ਹੈ:

ੳ. ਠੀਕ

ਅ. ਗਲ਼ਤ

13. ਸਰੀਰ ਦੀਆਂ ਸੁਭਾਵਿਕ ਤੇ ਕੁਦਰਤੀ ਚੇਸ਼ਟਾਵਾਂ ਮਾਨਸਿਕ ਅਨੁਭਾਵ ਕਹਾਉਦੀਆਂ ਹਨ।

ਇਹ ਕਥਨ ਹੈ:

ੳ. ਠੀਕ

ਅ. ਗਲ਼ਤ

14. ਸੰਚਾਰੀ ਭਾਵ ਟਿਕਵੇਂ ਤੇ ਸਥਿਰ ਹੁੰਦੇ ਹਨ।

ਇਹ ਕਥਨ ਹੈ:

ੳ. ਠੀਕ

ਅ. ਗਲ਼ਤ

15. "ਸਥਾਈ ਭਾਵ ਮਨੁੱਖ ਦੇ ਅੰਦਰ ਹਮੇਸ਼ਾ ਮੌਜੂਦ ਰਹਿਣ ਵਾਲਾ ਮਨੋਭਾਵ ਹੈ।ਇਹ ਸਥਾਈ ਭਾਵ ਹੀ ਵਿਭਾਵ ਆਦਿ ਦੇ ਸੰਯੋਗ ਨਾਲ ਰਸਰੂਪ ਹੋ ਜਾਂਦਾ ਹੈ।"

ਇਹ ਕਥਨ ਹੈ:

ੳ. ਠੀਕ

ਅ. ਗਲ਼ਤ

## ਅਭਿਆਸ ਪ੍ਰਸ਼ਨ

1. ਰਸ ਦੇ ਸਿਧਾਂਤ ਦਾ ਕੀ ਮਹੱਤਵ ਹੈ
2. ਰਸ ਦੀ ਪ੍ਰਕਿਆ ਦਾ ਵਰਣਨਕਰੋ।
3. ਰਸ ਦੀਆਂ ਕਿਸਮਾਂ ਦਾ ਉਦਾਹਰਨਾਂ ਸਹਿਤ ਵਰਣਨ ਕਰੋ।
4. ਸਾਧਾਰਨੀਕਰਨ ਤੇ ਨੋਟ ਲਿਖੋ।
5. ਭੱਟ ਲੋਲਟ ਅਤੇ ਸ਼ੰਕੁਕ ਦੇ ਸਿਧਾਂਤਾਂ ਦੀ ਪੜਚੋਲ ਕਰੋ।
6. ਅਭਿਨਵ ਗੁਪਤ ਦੀ ਅਭਿਵਿਅਕਤੀਵਾਦ ਬਾਰੇ ਕੀ ਧਾਰਨਾ ਹੈ
7. ਕਿਸੇ ਕਵਿਤਾ ਦੇ ਪੜ੍ਹਨ ਉਪਰੰਤ ਤਹਾਡੀ ਮਾਨਸਿਕ ਦਸ਼ਾ ਕੀ ਰਹੀ ਹੈਸਾਧਾਰਨੀਕਰਨ ਦੇ ਨੁਕਤੇ ਤੋਂ ਸਪਸ਼ਟ ਕਰੋ

## ਸੰਦਰਭ ਪੁਸਤਕਾਂ:


- ਸਮਾਲੋਚਨਾ ਸ਼ਾਸਤਰ, ਪ੍ਰੋ. ਬ੍ਰਹਮਜਗਦੀਸ਼, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, (2011)
- ਭਾਰਤੀ ਕਾਵਿ ਸ਼ਾਸਤਰ, ਲਾਹੌਰ ਬੁੱਕ ਸ਼ਾਪ, ਲੁਧਿਆਣਾ, (2011)
- ਭਰਤਮੁਨੀ, ਨਾਟਯ ਸ਼ਾਸਤਰ,ਪੰਜਾਬੀ ਯੂਨੀਵਰਸਿਟੀ ਪਟਿਆਲਾ
- ਭਾਰਤੀ ਕਾਵਿ ਸ਼ਾਸਤਰ, ਪ੍ਰੋ. ਸ਼ੁਕਦੇਵ ਸ਼ਰਮਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ


## ਮਹੱਤਵਪੂਰਨ ਲਿੰਕ

https://punjabipedia.org/topic.aspx?txt=%E0%A8%B0%E0%A8%B8

ਉੱਤਰਮਾਲਾ

| | | | | |
|---|---|---|---|---|
| 1. ੲ | 2. ੲ | 3. ੲ | 4. ੳ | 5. ਸ |
| 6. ਸ | 7. ਸ | 8. ਅ | 9. ਬ੍ਰਹਮਾਨੰਦ ਜਾਂ ਪਰਮ-ਆਨੰਦ | |
| 10. ਸੁਹਜਵਾਦੀ ਅਨੁਭਵ | | 11.ਅ | 12. ੳ | 13. ਅ |
| 14. ਅ | 15. ੳ | | | |

DPBI502

# ਅਧਿਆਇ-10: ਅੰਲਕਾਰ ਸਿਧਾਂਤ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- 'ਅੰਲਕਾਰ ਦੇ ਸਿਧਾਂਤ' ਦੀ ਸਾਰਥਕਤਾ ਤੋਂ ਜਾਣੂ ਜੋ ਸਕਣਗੇ।
- ਕਾਵਿ ਆਲੋਚਨਾ ਵਿਚ ਅੰਲਕਾਰਾਂ ਦੀ ਪ੍ਰਕਿਆ ਨੂੰ ਸਮਝਣ ਦੇ ਸੱਮਰਥ ਹੋਣਗੇ।
- ਜਿੱਥੇ ਕਾਵਿ ਸਿਰਜਨਾ ਵਿਚ ਕਾਬਲ ਬਣਨਗੇ ਉੱਥੇ ਇਹ ਸਿਧਾਂਤ ਕਾਵਿ ਆਲੋਚਨਾ ਲਈ ਵੀ ਮਹੱਤਵਪੂਰਨ ਸਥਾਪਿਤ ਹੋਵੇਗਾ।

## ਪ੍ਰਸਤਾਵਨਾ:

ਅੰਲਕਾਰ ਦਾ ਸ਼ਬਦੀ ਅਰਥ ਹੈ 'ਗਹਿਣਾ'। ਸੰਸਕ੍ਰਿਤ ਕਾਵਿ ਸ਼ਾਸ਼ਤਰ ਵਿੱਚ ਕਾਵਿ ਸ਼ਾਸ਼ਤਰ ਨੂੰ ਵੀ ਅਲੰਕਾਰ ਸ਼ਾਸ਼ਤਰ ਦਾ ਨਾਮ ਦਿੱਤਾ ਗਿਆ ਹੈ।ਪਰ ਬਹੁਤੇ ਕਾਵਿ ਸ਼ਾਸ਼ਤਰੀਆਂ ਨੇ ਅਜਿਹੀ ਰੁਚੀ ਦਾ ਵਿਰੋਧ ਕੀਤਾ ਹੈ ਦਾ ਕਿਉਂਕਿ ਉਹਨਾਂ ਦਾ ਵਿਚਾਰ ਹੈ ਕਿ ਜਿਸ ਵਸਤੂ ਨੂੰ ਅਲੰਕਾਰ ਰਾਹੀ ਸਜ਼ਾ ਕੇ ਪੇਸ਼ ਕੀਤਾ ਜਾਂਦਾ ਹੈ ਉਹ ਅਲੰਕਾਰ ਨਾਲੋਂ ਵਧੇਰੇ ਮਹੱਤਵ ਰੱਖਦੀ ਹੈ।ਪਰ ਅਲੰਕਾਰ ਨੂੰ ਕਾਵਿ-ਸ਼ਾਸ਼ਤਰ ਵਿੱਚ

ਜ਼ਿਆਦਾ ਮਹੱਤਵ ਦੇਣ ਵਾਲੇ ਅਚਾਰੀਆਂ ਦੀ ਪ੍ਰੰਪਰਾ ਹੋਲੀ ਹੋਲੀ ਇੰਨਾ ਜ਼ੋਰ ਪਕੜ ਗਈ ਕਿ ਅਲੰਕਾਰ ਸੰਪ੍ਰਦਾਇ ਦੀ ਮਹਾਨਤਾ ਹਰ ਸੂਰਤ ਵਿੱਚ ਸਥਾਪਿਤ ਹੋ ਗਈ।

## ਵਿਸ਼ਾ ਵਸਤੂ:

ਭਰਤ ਮੁਨੀ ਸੰਸਕ੍ਰਿਤ ਕਾਵਿ-ਸ਼ਾਸ਼ਤਰ ਦੇ ਆਦਿ ਅਚਾਰੀਆਂ ਮੰਨੇ ਜਾਂਦੇ ਸਨ। ਭਰਤਮੁਨੀ ਰਹੱਸਵਾਦੀ ਸੀ। ਅਲੰਕਾਰ ਦੀ ਗੱਲ ਵੀਆਦਿ ਅਚਾਰੀਆ ਤੋਂ ਸ਼ੁਰੂ ਹੁਦੀ ਹੈ। ਉਨਾਂ ਨੇ ਚਾਰ ਅਲੰਕਾਰਾਂ ਦਾ ਜ਼ਿਕਰ ਕੀਤਾ। ਉਪਮਾ, ਰੂਪਕ, ਦੀਪਕ ਤੇ ਯਮਕ। ਪਰ ਅੰਲਕਾਰ ਸੰਪ੍ਰਦਾਇ ਦਾ ਮੋਢੀ ਆਚਾਰੀਆ ਭਾਮਹ ਨੂੰ ਮੰਨਿਆ ਗਿਆ ਹੈ। ਉਨਾਂ ਨੇ ਆਪਣੇ ਗ੍ਰੰਥਕਾਵਿ ਅੰਲਕਾਰ' ਵਿਚ ਅਲਕਾਰਾਂ ਦਾ ਵਿਵੇਚਨ ਕਰਕੇ ਸਭ ਤੋਂ ਪਹਿਲਾ ਅਲੰਕਾਰ ਦੀ ਆਤਮਾ ਘੋਸ਼ਿਤ ਕੀਤਾ। ਉਹ ਆਪਣੇ ਗ੍ਰੰਥ ਵਿੱਚ ਲਿਖਦੇ ਹਨ-

"ਔਰਤ ਦਾ ਸੁੰਦਰ ਮੁੱਖ ਭੂਸ਼ਣਾ ਤੋਂ ਬਿਨਾਂ ਸੋਹਣਾ ਨਹੀਂ ਲਗਦਾ

ਉਸ ਨੇ ਰਸ ਦੀ ਸੁੰਤਤਰ ਹੋਂਦ ਮੰਨਣ ਦੀ ਥਾਂ ਰਸ ਤੇ ਭਾਵ ਨੂੰ ਹੀ ਅੰਲਕਾਰ ਸਿਧਾਂਤ ਵਿੱਚ ਸ਼ਾਮਲ ਕਰ ਲਿਆ।ਭਾਮਹ ਨੇ ਅਲੰਕਾਰ ਦਾ ਅਧਾਰ ਵਕ੍ਰੋਕਤੀ ਨੂੰ ਮੰਨਿਆ ਹੈ। ਵਕ੍ਰੋਕਤੀ ਦਾ ਅਰਥ ਹੈ ਸ਼ਬਦ ਤੇ ਅਰਥ ਦੀ ਵਿਚਿਤਰਤਾ। ਇਸ ਤਰਾਂ ਭਾ ਮਹ ਅਨੁਸਾਰ ਸ਼ਬਦ ਤੇ ਅਰਥ ਦੀ ਵਿਚਿਤਰਤਾ ਦਾ ਨਾ ਹੀ ਅਲੰਕਾਰ ਹੈ। ਭਾਮਹ ਨੇ ਅਲੰਕਾਰ ਦੀ ਗਿਣਤੀ38 ਦੱਸੀ ਹੈ। ਭਿੰਨ ਭਿੰਨ ਸਮੇਂ ਭਿੰਨ ਭਿੰਨ ਅਚਾਰੀਆਂ ਨੇ ਅਲੰਕਾਰਾਂ ਦੀ ਮਹੱਤਤਾਂ ਤੇ ਪ੍ਰਯੋਜਨ ਉਪਰ ਚਰਚਾ ਕੀਤੀ।

ਦੰਡੀ ਨੇ ਆਪਣੀ ਪੁਸਤਕ 'ਕਾਵਿ-ਆਦਰਸ਼' ਵਿੱਚ ਅਲੰਕਾਰਾਂ ਦੀ ਗਿਣਤੀ 35 ਦਸੀ ਹੈ। ਉਨ੍ਹਾਂ ਅਨੁਸਾਰ

"ਅਲੰਕਾਰ ਕਾਵਿ ਨੂੰ ਸੌਂਦਿਰਯ ਪ੍ਰਦਾਨ ਕਰਨ ਵਾਲੇ ਧਰਮ ਹੈ

ਵਾਮਨ (ਕਾਵਿ ਅਲੰਕਾਰ ਸੂਤਰ) ਅਨੁਸਾਰ,

"ਸੁੰਦਰਤਾ ਜਾ ਸੋਂਦਿਰਯ ਹੀ ਅਲੰਕਾਰ ਹੈ

ਮੰਮਟ (ਕਾਵਿ ਪ੍ਰਕਾਸ਼) ਅਨੁਸਾਰ-

> "ਅਲੰਕਾਰ ਕਵਿਤਾ ਦੇ ਸ਼ਬਦਾਂ ਤੇ ਅਰਥਾਂ ਦੀ ਸੁੰਦਰਤਾ ਵਿੱਚ ਵਾਧਾ ਕਰਦੇ ਹਨ। ਪਰ ਕਾਵਿ ਸੋਹਜ ਅਲੰਕਾਰਾਂ ਉੱਪਰ ਅਧਾਰਿਤ ਨਹੀਂ ਹੁੰਦਾ"

ਜੈ ਦੇਵ ਦਾ ਵਿਚਾਰ ਹੈ

> "ਜੋ ਕਾਵਿ ਅਲੰਕਾਰ ਰਹਿਤ ਮੰਨਦੇ ਹਨ ਉਹ ਅੱਗ ਨੂੰ ਸੇਕ ਰਹਿਤ ਕਿਉਂ ਨਹੀਂ ਮੰਨਦੇ?"

ਅਲੰਕਾਰ ਦੇ ਸੰਬਧ ਵਿਚ ਰਹੱਸਵਾਦੀ ਵਿਸ਼ਵਾਨਾਥ ਨੇ ਆਪਣੇ ਵਿਚਾਰ ਪ੍ਰਗਟਾਏ ਹਨ।

ਉਸਨੇ ਅਲੰਕਾਰ ਨੂੰ ਕਾਵਿ ਦਾ ਸਹਿਜ ਧਰਮ ਪ੍ਰਵਾਨ ਨਹੀਂ ਕੀਤਾ। ਅਰਥਾਤ ਉਸ ਅਨੁਸਾਰ ਅਲੰਕਾਰ ਰਹਿਤ ਅਰਥ ਵੀ ਕਾਵਿ ਹੋ ਸਕਦਾ ਹੈ। ਦੂਸਰਾ ਉਸਨੇ ਅਲੰਕਾਰ ਨੂੰ ਰਸ ਭਾਵ ਸੁੰਦਰਤਾ ਦਾ ਉਤਪਾਦਕ ਨਹੀਂ ਮੰਨਿਆ ਸਗੋਂ ਸੁੰਦਰਤਾ ਵਿੱਚ ਵਾਧਾ ਕਰਨ ਵਾਲਾ ਮੰਨਿਆ ਹੈ। ਉਸਦਾ ਵਿਚਾਰ ਹੈ ਕਿ ਅਲੰਕਾਰ ਦਾ ਸ਼ਬਦੀ ਅਰਥ ਹੈ ਭੂਸ਼ਣ ਜਾਂ ਗਹਿਣਾ। ਜਿਸ ਤਰਾਂ ਭੂਸ਼ਣ ਜਾਂ ਗਹਿਣਾ ਇਸਤਰੀ ਦੀ ਸੁੰਦਰਤਾ ਵਿਚ ਵਾਧਾ ਕਰਦਾ ਹੈ। ਉਸੇ ਤਰਾਂ ਅਲੰਕਾਰ ਵੀ ਵਾਧਾ ਕਰਦਾ ਹੈ। ਭੂਸ਼ਣ ਜਾਂ ਗਹਿਣਾ ਇਸਤਰੀ ਦੀ ਕੁਦਰਤੀ ਸੁੰਦਰਤਾ ਦਾ ਕਾਰਕ ਨਹੀਂ ਸਗੋਂ ਉਪਕਾਰਕ ਜਾਂ ਵਾਧਾ ਕਰਨ ਵਾਲਾ ਹੈ।

ਆਨੰਦ ਵਰਧਨ ਨੇ ਅਲੰਕਾਰਾਂ ਦੇ ਸੰਬਧ ਵਿਚ ਲਿਖਿਆ ਹੈ

> ਅਲੰਕਾਰਾਂ ਨੂੰ ਸਾਰਥਕ ਤਾਂ ਹੀ ਮੰਨਿਆ ਜਾ ਸਕਦਾ ਹੈ ਜੇ ਅਲੰਕਾਰਨੂੰ ਹੀ ਮਹੱਤਵ ਦਿੱਤਾ ਜਾਵੇ। ਅਰਥਾਤ ਜੇਕਰ ਅਲੰਕਾਰ ਵਸਤੂ ਤੋਂ ਬਿਨਾਂ ਹੀ ਅਲੰਕਾਰ ਦੀ ਸਜਾਵਟ ਨੂੰ ਪ੍ਰਮੁੱਖਤਾ ਦਿੱਤੀ ਜਾਵੇ।

ਆਨੰਦ ਵਰਧਨ ਦੇ ਇਨਾਂ ਵਿਚਾਰਾਂ ਉਪਰ ਅਭਿਨਵ ਗੁਪਤ ਨੇ ਆਲੋਚਨਾ ਕਰਦਿਆਂ ਲਿਖਿਆ:

"ਅਜਿਹੀ ਕੋਸ਼ਿਸ਼ ਮ੍ਰਿਤਕ ਸਰੀਰ ਨੂੰ ਗਹਿਣਿਆਂ ਨਾਲ ਸਜਾਉਣ ਦੇ ਤੁਲ ਹੈ ਅਲੰਕਰਿਤ ਵਸਤੂ ਵਿਚ ਤਾਂ ਸੰਵੇਦਨਾ ਹੁੰ ਦੀ ਹੈ। ਜੇਕਰ ਕਾਰਜ ਦੇ ਪੱਖ ਤੋਂ ਸੰਵੇਦਨਾ ਨੂੰ ਜਾਗ੍ਰਿਤ ਕਰਨ ਦੇ ਪੱਖ ਵਿੱਚ ਸਫਲ ਨਹੀਂ ਮੰਨਿਆ ਜਾ ਸਕਦਾ।

ਇਸੇ ਕਰਕੇ ਆਂਨਦ ਵਰਧਨ ਨੇ ਅਲੰਕਾਰ ਦੇ ਕਾਵਿ ਵਿਚਲੇ ਕਾਰਜ ਬਿਆਨ ਕਰਨ ਲਈ ਹੇਠ ਲਿਖੇ ਵਿਚਾਰ ਪੇਸ਼ ਕੀਤੇ

1. ਅਲੰਕਾਰ ਸੰਵੇਦਨਾ ਨੂੰ ਜਗਾਉਣ ਵਾਲੇ ਹੋਣੇ ਚਾਹੀਦੇ ਹਨ।
2. ਇਹ ਸੰਵੇਦਨਾ ਦੇ ਜਨਮ ਲੈਣ ਤੇ ਸਮਰਪਿਤ ਹੋਣਸਮੇਂ ਹੀ ਪੈਦਾ ਹੋਣੇ ਚਾਹੀਦੇ ਹਨ।
3. ਇਹ ਸੁਭਾਵਿਕ ਰੂਪ ਵਿਚ ਹੀ ਮੌਖਿਕ ਵਰਤੇ ਜਾਣੇ ਚਾਹੀਦੇ ਹਨ।
4. ਇਸਨੂੰ ਘੜਨ ਲਈ ਕਵੀ ਨੂੰ ਉਚੇਚਾ ਯਤਨ ਨਹੀਂ ਕਰਨਾ ਚਾਹੀਦਾ।

ਇਸ ਤਰਾਂ ਅਲੰਕਾਰ ਕਿਸੇ ਮਹਾਨ ਕਵੀ ਦੀ ਰਚਨਾ ਉਹ ਮੂਰਤ ਰੂਪ ਹਨ ਜਿਨਾਂ ਰਾਹੀ ਕਵੀ ਦੇ ਵਿਚਾਰ ਰੂਪਮਾਨ ਹੁੰਦੇ ਹਨ।

ਅੰਨਦ ਵਰਧਨ ਦਾ ਵਿਚਾਰ

"ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਅਲੰਕਾਰ ਕਾਵਿ ਦਾ ਬਾਹਰਲਾ ਸਰੀਰ ਹੁੰਦੇ ਹਨ ਪਰ ਉਸ ਨੂੰ ਆਤਮਾ ਵੀ ਬਣਾਇਆ ਜਾ ਸਕਦਾ ਹੈ।ਜਦਕਿ ਅਲੰਕਾਰ ਪ੍ਰਗਟਾਏ ਨਹੀਂ ਜਾਦੇ ਸਗੋਂ ਸਿਰਜੇ ਜਾਂਦੇ ਹਨ।ਅਜਿਹੀ ਅਵਸਥਾ ਵਿਚ ਅਲੰਕਾਰ ਦੇ ਅਰਥ ਸਰੀਰ ਨਾਲੋਂ ਵੱਖਰੇ ਨਹੀਂ ਹੁੰਦੇ।ਸਗੋਂ ਇਕ ਜੋਤ ਵਾਂਗ ਅਲੰਕਾਰ ਅਰਥਾਂ ਦੇ ਨਾਲ ਵੱਲ ਉੱਠਦੇ ਹਨ , ਅਰਥ ਉਨਾਂ ਦਾ ਅਨਿਖੜਵਾ ਭਾਗ ਬਣ ਜਾਂਦੇ ਹਨ ।'

ਆਨੰਦ ਵਰਧਨ ਨੇ ਅਲੰਕਾਰਾਂ ਦੀ ਵਰਤੋਂ ਕਰਨ ਲਈ ਸਮੀਖਿਆ ਕਰਨੀ ਦੱਸੀ ਹੈ। ਜਿਸਤੋਂ ਉਸਦਾ ਭਾਵ ਨਿਖੇੜ ਸ਼ਕਤੀ ਹੈ। ਇਸ ਲਈ ਉਸ ਨੇ ਹੇਠ ਲਿਖੇ ਨਿਯਮ ਬਣਾਏ ਹਨ।

1.ਅਲੰਕਾਰ ਰਚਨਾ ਵਿੱਚ ਅੰਗਭੂਤ ਹੋਣੇ ਚਾਹੀਦੇ ਹਨ।

2.ਅਲੰਕਾਰ ਨੂੰ ਕਦੇ ਵੀ ਪ੍ਰਧਾਨ ਨਹੀਂ ਮੰਨਣਾ ਚਾਹੀਦਾ।

3.ਰਚਨਾ ਦੇ ਮੁੱਖ ਵਿਸ਼ੇ ਵੱਲ ਦੇਣਾ ਚਾਹੀਦਾ ਹੈ।

4.ਅਲੰਕਾਰ ਦਾ ਗ੍ਰਹਿਣ ਕਰਨਾ ਜਾਂ ਛੱਡਣਾ ਵਿਸ਼ੇ ਅਨੁਸਾਰ ਹੋਣਾ ਚਾਹੀਦਾ ਹੈ।

5.ਅਲੰਕਾਰ ਨੂੰ ਵਧੇਰੇ ਵਿਸਤ੍ਰਿਤ ਨਹੀਂ ਕਰਨਾ ਚਾਹੀਦਾ ਹੈ।

6.ਅਲੰਕਾਰ ਨੂੰ ਵਧੇਰੇ ਲਮਕਾਣਾ ਨਹੀਂ ਚਾਹੀਦਾ।

7.ਜੇਕਰ ਅਲੰਕਾਰਾ ਦਾ ਵਿਸਥਾਰ ਕੀਤਾ ਵੀ ਜਾਵੇ ਤਾਂ ਇਕ ਚੰਗੇ ਕਵੀ ਨੂੰ ਆਧਾਰ ਬਣਾ ਕੇ ਕਰਨਾ ਚਾਹੀਦਹੈ ਕਿ ਸਮੁੱਚੇ ਤੋਰ ਤੇ ਉਨਾਂ ਨੂੰ ਇਕ ਅੰਤਾਂ ਦੇ ਸਥਾਨ ਤੇ ਵੱਧ ਮੱਹਤਤਾ ਨਾ ਦੇਵੇ।

ਇਸ ਤਰਾਂ ਅਸੀਂ ਵੇਖਦੇ ਹਾਂ ਕਿ ਖੂਬਸੂਰਤ ਅਲੰਕਾਰ ਦੀ ਹਸਤੀ ਉਨੀ ਦੇਰ ਤੱਕ ਕੋਈ ਬਹੁਤਾ ਅਰਥ ਨਹੀਂ ਰੱਖਦੀ ਜਿਨੀ ਦੇਰ ਉਸਦੇ ਕਾਵਿ ਲਈ ਉਪਯੋਗਤਾ ਸਥਾਪਤ ਨਹੀਂ ਹੁੰਦੀ।ਅਜਿਹਾ ਅਲੰਕਾਰ ਇਕ ਗਹਿਣੇ ਵਰਗਾ ਹੁੰਦਾ ਹੈ। ਜਿਸਨੂੰ ਛੋਹਣ ਨਾਲਸਰੀਰ ਦੀ ਬਣਤਰ ਵਿਚ ਕੋਈ ਫਰਕ ਨਹੀਂ ਪੈਂਦਾ। ਵਾਸਤਵ ਵਿਚ ਅਲੰਕਾਰ ਦੀ ਹਸਤੀ ਸਰੀਰ ਦੇ ਕਿਸੇ ਬਾਹਰਲੇ ਅੰਗ ਵਰਗੀ ਹੁਦੀ ਹੈ ਜਿਸਦਾ ਮੰਤਵ ਕੋਈ ਨਾ ਕੋਈ ਕਾਰਜ ਕਰਨਾ ਹੁੰਦਾ ਹੈ। ਇਸ ਤਰਾਂ ਕਾਵਿ ਅਲੰਕਾਰ ਬਾਹਾਂ ਉਪੱਰ ਪਾਏ ਕਿਸੇ ਕੰਗਨ ਜਾਂ ਮੁੰਦਰੀ ਵਰਗਾ ਗਹਿਣਾ ਨਹੀਂ ਬਲਕਿ ਹੱਥ ,ਪੈਰ, ਲੱਤਾਂ, ਨੱਕ, ਮੂੰਹ ਆਦਿ ਵਰਗਾ ਇਕ ਮਹੱਤਵਪੂਰਨ ਅੰਗ ਜੋ ਸਰੀਰ ਦੇ ਸੰਗਠਨੀ ਬਣਤਰ ਦਾ ਅਭੰਗ ਹਿਸਾ ਹੈ। ਆਨੰਦ ਵਰਧਨ ਤੇ ਮਹਿਮਾ ਭੱਟ ਦੋਵੇਂ ਹੀ ਇਸ ਗੱਲ ਤੇ ਜ਼ੋਰ ਦਿੰਦੇ ਹਨ ਕਿ ਅਲੰਕਾਰ ਕਾਵਿ ਦੇ ਸਰੀਰ ਤੋਂ ਨਿਖੇੜਿਆ ਨਾ ਜਾ ਸਕਣ ਵਾਲਾ ਸੰਗਠਨੀ(ਢਾਂਚਾ) ਤੇ ਪ੍ਰਾਣਧਾਰੀ ਹੋਣਾ ਚਾਹੀਦਾ ਹੈ।

## <u>ਅਲੰਕਾਰਾਂ ਦਾ ਵਰਗੀਕਰਨ:</u>

ਅਲੰਕਾਰਾਂ ਦਾ ਯੋਗ ਤੇ ਉਚਿੱਤ ਅਧਿਐਨ ਕਰਨ ਲਈ ਅਲੰਕਾਰਾਂ ਦਾ ਵਰਗੀਕਰਨ ਕਰਨਾ ਬਹੁਤ ਹੀ ਜ਼ਰੂਰੀ ਹੈ।ਇਸ ਪਾਸੇ ਵੱਲ ਸਭ ਤੋਂ ਪਹਿਲਾ ਆਚਾਰੀਆ ਰੁਦਰਟ ਨੇ ਧਿਆਨ ਦਿੱਤਾ।ਉਸਨੇ ਵਾਸਤਵ ਉਪਮਾ੍ਅਤਿਕਥਨੀ, ਸ਼ਲੇਸ਼ ਦੇ ਆਧਾਰ ਤੇ ਪਹਿਲੀ ਵਾਰ ਅਲੰਕਾਰ ਦਾ ਵਰਗੀਕਰਨ ਕੀਤਾ।ਰੁਦਰਟ ਤੋਂ ਪਿਛੋਂ ਅਲੰਕਾਰ ਸੰਪ੍ਰਦਾਇ ਵਿਚ ਆਚਾਰੀਆ ਮੰਮਟ ਦਾ ਨਾਂ ਆਉਂਦਾ ਹੈ।ਮੰਮਟ ਨੇ ਭਾਵੇਂ ਅਲੰ ਕਾਰ ਨੂੰ ਕਾਵਿ ਸੋਹਜ ਵਿਚ ਸਵੀਕਾਰ ਕੀਤਾ ਹੈ। ਪ੍ਰੰਤੂ ਕਦੀ -ਕਦੀ ਅਲੰਕਾਰ ਰਹਿਤ ਸ਼ਬਦਾਸ਼ ਨੂੰ ਵੀ ਅਲੰਕਾਰ ਕਹਿ ਦਿੱਤਾ।ਉਸਦੇ ਅਨੁਸਾਰ ਅਲੰਕਾਰ ਕਾਵਿ ਦੇ ਸ਼ਬਦਾਂ ਤੇ ਅਰਥਾਂ ਦੀ ਸੁੰਦਰਤਾ ਵਿਚ ਵਾਧਾ ਕਰਦਾ ਹੈ।ਬਹੁਤੇ ਆਚਾਰੀਆ ਨੇ ਸ਼ਬਦ ਚਮਤਕਾਰ ਤੇ ਅਰਥ ਚਮਤਕਾਰ ਦੇ ਆਧਾਰ ਉੱਤੇ ਅਲੰਕਾਰਾਂ ਦਾ ਵਰਗੀਕਰਨ ਕੀਤਾ।'ਪੰਜਾਬੀ ਸਾਹਿਤ ਕੋਸ਼' ਵਿਚ ਅਲੰਕਾਰਾਂ ਨੂੰ ਤਿੰਨ ਭਾਗਾਂ ਵਿਚ ਵੰਡਿਆ ਗਿਆ ਹੈ।

1. ਸ਼ਬਦ ਅਲੰਕਾਰ
2. ਅਰਥ ਅਲੰਕਾਰ
3. ਸ਼ਬਦਾਰਥ ਅਲੰਕਾਰ ਜਾਂ ਉਭਯ ਅਲੰਕਾਰ।

ਸ਼ਬਦ ਅਲੰਕਾਰ:ਜਦੋਂ ਕਵਿਤਾ ਵਿਚਲਾ ਅਨੂਠਾਪਣ ਜਾਂ ਖ਼ੂਬਸੂਰਤੀ ਸ਼ਬਦਾਂ ਉੱਪਰ ਆਧਾਰਿਤ ਹੋਵੇ ਤਾਂ ਸ਼ਬਦ ਅਲੰਕਾਰ ਹੁੰਦਾ ਹੈ।ਭਾਵ ਜਦੋਂ ਸ਼ਬਦਾਂ ਦੇ ਕਾਰਣ ਕਾਵਿ ਵਿਚ ਕੋਈ ਚਮਤਕਾਰ ਉਤਪੰਨ ਹੁੰਦਾਹੈ ਜਾਂ ਜਿਹੜੇ ਅਲੰਕਾਰ ਕੇਵਲ ਵਿਸ਼ੇਸ਼ ਸ਼ਬਦਾਂ ਉੱਪਰ ਨਿਰਭਰ ਹੁੰਦੇ ਹਨ। ਉਨ੍ਹਾਂ ਨੂੰ ਸ਼ਬਦ ਅਲੰਕਾਰ ਕਿਹਾ ਜਾਂਦਾ ਹੈ। ਵਿਦਵਾਨਾਂ ਤੇ ਸ਼ਬਦ ਅਲੰਕਾਰਾਂ ਦੇ ਅਨੇਕਾਂ ਭੇਦ ਬਣਾਏ ਹਨ।

**ਅਨੁਪ੍ਰਾਸ ਅਲੰਕਾਰ:** ਜਦੋਂ ਕਿਸੇ ਵਾਕ ਵਿਚ ਅੱਖਰਾਂ ਦੀ ਸਮਾਨਤਾ ਤੇ ਪਦਾ ਦੇ ਵਜਨ ਦੀ ਤੁਲਨਾ ਹੋਵੇ ਤਾਂ ਉੱਥੇ ਅਨੁਪ੍ਰਾਸ ਸ਼ਬਦ ਅਲੰਕਾਰ ਵਰਤਿਆ ਜਾਂਦਾ ਹੈ। ਅਨੁਪ੍ਰਾਸ ਦੇ ਪੰਜ ਭੇਦ ਹਨ

**ਛੇਕ ਅਨੁਪ੍ਰਾਸ ਅਲੰਕਾਰ:** ਜਿਥੇ ਇਕੋਂ ਅੱਖਰ ਸ਼ਬਦਾਂ ਦੇ ਮੁੱਢ ਤੇ ਵਿਚਕਾਰ ਕਈ ਵਾਰ ਵਰਤਿਆ ਜਾਵੇ। ਜਿਵੇਂ

ਗਾਵੈ ਕੋ ਵਿਦਿਆ ਵਿਖਮ ਵਿਚਾਰ।

ਮੇਰੇ ਮਾਹੀ ਮੈ ਮੋਈ ਮੋੜ ਮੁਹਾਰ ਮਨ ਮਿੰਨਤ ਮੇਰੀ।

**ਵ੍ਰਤੀ ਅਨੁਪ੍ਰਾਸ:** ਜਿੱਥੇ ਇਕੋਂ ਅੱਖਰ ਜਾਂ ਅੱਖਰਾਂ ਦਾ ਇੱਕਠ ਸ਼ਬਦਾਂ ਦੇ ਅਖੀਰ ਵਿਚ ਆਵੇ ਤੇ ਸ਼ਬਦਾਂ ਦੀ ਲੈਅ ਤੇ ਤੋਲ ਮਿਲਦੇ ਹੋਣ । ਜਿਵੇ:

"ਦਰਸਨ ਪਰਸਨ ਸਰਸਨ ਹਰਸਨ
ਰੰਗ ਰੰਗੀ ਕਰਤਾਰੀ ਰੇ"

**ਛ੍ਰਤੀ ਅਨੁਪ੍ਰਾਸ** : ਜਿਸ ਵਾਕ ਦੇ ਸ਼ਬਦਾਂ ਦੇ ਅੱਖਰਾਂ ਦਾ ਉਚਾਰਨ ਮੂੰਹ ਦੇ ਇਕੋਂ ਹਿੱਸੇ ਵਿਚੋਂ ਹੁੰਦਾ ਹੋਵੇਜਿਵੇ:

ਤਿਥੈ ਘੜੀਐ ਸੁਰਾ ਸਿੱਧਾ ਕੀ ਸੁਧ॥

**ਲਾਟ ਅਨੁਪ੍ਰਾਸ:** ਜਦੋਂ ਕਿਸੇ ਵਾਕ ਜਾਂ ਤੁਕ ਵਿਚ ਸ਼ਬਦ ਅਜਿਹੇ ਹੋਣ ਤੇ ਇਸ ਤਰਾਂ ਜੁੜੇ ਹੋਣ ਕਿ ਵਿਸ਼ਰਾਮ ਬਦਲ ਲੈਣ ਨਾਲ ਅਰਥ ਹੋਰ ਹੀ ਹੋ ਜਾਣ।ਜਿਵੇ:

ਗਾਵੈ ਕੋ ਤਾਣ ਹੋਵੈ ਕਿਸੇ ਤਾਣੁ॥

ਤਾਂ ਅਰਥ ਹੁੰਦੇ ਹਨ ਕਿ ਪ੍ਰਮਾਤਮਾ ਦਾ ਜਸ ਕੋਣ ਗਾ ਸਕਦਾ ਹੈ।ਜਿਨੀ ਵਾਹਿਗੁਰੂ ਦੀ ਰੱਖਿਆ ਦਾ ਬਲ ਹੈ।ਤੇ ਜੇ ਪਾਠ ਇਉ ਕਰੀਏ "ਗਾਵੈ ਕੋ ਤਾਣੁ ਹੋਵੈ ਕਿਸ ਤਾਣੁ॥ਤਾਂ ਅਰਥ ਹੁੰਦਾ ਹੈ ਕਿ ਜਿਸ ਵਿਚ ਤਾਕਤ ਬਹੁਤ ਹੁੰਦੀ ਹੈ ਉਹ ਵਾਹਿਗੁਰੂ ਦੇ ਬਲ ਦੀ ਮਹਿਮਾ ਗਾਉਂਦਾ ਹੈ।

**ਅੰਤ ਅਨੁਪ੍ਰਾਸ:** ਜਦੋਂ ਤੁਕਾ ਦੇ ਅਖੀਰ ਵਿਚ ਸ਼ਬਦ ਤਾਂ ਵੱਖ-ਵੱਖ ਹੋਣ ਪਰ ਸ਼ਬਦਾਂ ਦੇ ਅਖੀਰਲੇ ਅੱਖਰ ਤੇ ਉਨਾਂ ਦੀ ਸੁਰ ਮਿਲਦੀ ਹੋਵੇ ਤਾ ਅੰਤ ਅਨੁਪ੍ਰਾਸ ਹੁੰਦਾ ਹੈ।ਜਿਵੇ:

ਇਕ ਬੂਟਾ ਅੰਬੀ ਦਾ,
ਘਰ ਸਾਡੇ ਲੱਗਾ ਨੀ
ਉਸ ਥੱਲੇ ਬੈਣਾ ਨੀ,
ਸੁਰਗਾਂ ਵਿਚ ਰਹਿਣਾ ਨੀ
ਕੀ ਉਸਦਾ ਕਹਿਣਾ ਨੀ।

ਜੀਆ, ਛੱਡ ਦੇ ਐਸ਼ ਬਹਾਰ ਨੂੰ

ਚੱਲ ਭਾਲੀਏ ਮਹਿਰਮ ਯਾਰ ਨੂੰ।

**2.ਯਮਕ ਅਲੰਕਾਰ:** ਜਦੋਂ ਕਿਸੇ ਵਾਕ ਵਿਚ ਇਕੋਂ ਸ਼ਬਦ ਵਾਰ-ਵਾਰ ਕਿਸੇ ਤੁਕ ਵਿਚ ਬਹੁਤ ਵਾਰ ਆਏ ਪਰ ਵੱਖ-ਵੱਖ ਅਰਥਾ ਨਾਲ ਤਾ ਉਥੇ ਯਮਕ ਅਲੰਕਾਰ ਹੁੰਦਾ ਹੈ।ਜਿਵੇਂ:

ਹੋਂਠ ਲਾਲ ਸੂਹੇ ਵਾਂਗ ਲਾਲ ਰੱਤੇ

ਲਾਲ ਵੇਖ ਸ਼ਰਮਾਂਵਦੇ ਲਾਲੀਆਂ ਨੂੰ।

ਵਲਾ ਵਾਲੀਆਂ ਉਸਦੀਆਂ ਵਾਲੀਆਂ ਨੇ

ਲੁੱਟ ਲਿਆ ਜਹਾਨ ਦੇ ਵਾਲੀਆਂ ਨੂੰ।

**3.ਸਲੇਸ਼ ਅੰਲਕਾਰ:** ਸ਼ਲੇਸ਼ ਦਾ ਅਰਥ ਹੈ -ਚਿਪਕਿਆ ਹੋਇਆ।ਜਿੱਥੇ ਇੱਕ ਸਬਦ ਦਾ ਅਰਥ ਦੂਜੇ ਅਰਥ ਨਾਲ ਚਿਪਕਿਆ ਹੁੰਦਾ ਹੈ।ਜਿਵੇ:

ਗੁਰ ਦਰਸ਼ਨ ਉਦਰੇ ਸੰਸਾਰਾ॥

ਉਪਰੋਕਤ ਸਤਰ ਵਿਚ ਦਰਸ਼ਨ-ਦੀਦਾਰੇ ਦੇ ਅਰਥ ਤੋਂ ਇਲਾਵਾ ਵਿਚਾਰਧਾਰਾ ਦਾ ਅਰਥ ਵੀ ਹੈ।

੪.**ਵੀਪਸਾ ਅਲੰਕਾਰ:** ਜਦੋਂ ਕ੍ਰੋਧ, ਹੈਰਾਨੀ, ਘ੍ਰਿਣਾ, ਪ੍ਰੇਮ ਆਦਿ ਕਿਸੇ ਭਾਵ ਨੂੰ ਪ੍ਰਗਟ ਕਰਨ ਲਈ ਇਕ ਸ਼ਬਦ ਦੀ ਵਰਤੋਂ ਕਈ ਵਾਰ ਕੀਤੀ ਜਾਂਦੀ ਹੈ। ਉਥੇ ਵੀਪਮਾ ਅਲੰਕਾਰ ਹੁੰਦਾ ਹੈ। ਜਿਵੇ

ਮੁੜ ਆ, ਮੁੜ ਆ, ਮੁੜ ਆ ਢੋਲਾ।

ਗਲ ਲਾ, ਗਲ ਲਾ, ਗਲ ਲਾ ਢੋਲਾ।

**2. ਅਰਥ ਅਲੰਕਾਰ:** ਜਿਹੜੇ ਅਲੰਕਾਰ ਕੇਵਲ ਅਰਥਾਂ ਉੱਪਰ ਨਿਰਭਰ ਹੁੰਦੇ ਹਨ ਜਾਂ ਕਵਿਤਾ ਵਿਚਲਾ ਅਲੰਕਾਰ ਜਾਂ ਅਨੂਠਾਪਣ ਅਰਥਾਂ ਤੇ ਅਧਾਰਿਤ ਹੁੰਦਾ ਹੈ, ਉਨ੍ਹਾਂ ਨੂੰ ਅਰਥ ਅਲੰਕਾਰ ਕਿਹਾ ਜਾਂਦਾ ਹੈ। ਅੰਲਕਾਰਾਂ ਦੀ ਗਿਣਤੀ ਬਾਰੇ ਆਚਾਰੀਆ ਜਾਂ ਚਿੰਤਕਾਂ ਵਿਚ ਬਹੁਤ ਵਖਰੇਵਾਂ ਹੈ। ਕੁੱਝ ਕੁ ਦਾ ਵਰਣਨ ਇਸ ਤਰ੍ਹਾਂ ਹੈ

**ਉਪਮਾ ਅਲੰਕਾਰ:** ਉਪਮਾ ਦਾ ਅਰਥ ਹੈ ਸਮਾਨਤਾ। ਜਦੋਂ ਦੋ ਚੀਜ਼ਾ ਦੇ ਜਾਂ ਦੋ ਵਸਤਾਂ ਦੇ ਭਿੰਨ ਹੋਣ ਤੇ ਵੀ ਕਿਸੇ ਖਾਸ ਗੁਣ ਦੀ ਸਾਂਝ ਕਰਕੇ ਇਕ ਨੂੰ ਦੂਸਰੀ ਵਰਗੀ ਦੱਸਿਆ ਜਾਵੇ ਉੱਥੇ ਉਪਮਾ ਅਲੰਕਾਰ ਹੁੰਦਾ ਹੈ। ਇਸਦੇ ਚਾਰ ਅੰਗ ਹਨ

1.ਉਪਮੇਯ: ਜਿਸਦੀ ਤੁਲਨਾ ਕੀਤੀ ਜਾਵੇ।

2.ਉਪਮਾਨ: ਜਿਸ ਵਸਤੂ ਨਾਲ ਕੀਤੀ ਜਾਵੇ।

3.ਸਾਝਾ ਗੁਣ: ਜਿਸ ਵਿਸ਼ੇਸ਼ਤਾਵਾਂ ਕਰਕੇ ਤੁਲਨਾ ਕੀਤੀ ਜਾਵੇ।

4.ਵਾਚਕ ਸ਼ਬਦ:ਤੁਲਨਾ ਕਰਨ ਲੱਗਿਆ ਉਸ ਸ਼ਬਦ ਦਾ ਸਹਾਰਾ ਲਿਆ ਜਾਵੇ

ਜਿਵੇ:1. ਲੱਸੇ ਨੀ ਉਹਦਾ ਮੱਥਾ ਤਾਰਿਆ ਵਾਗੂੰ

2. ਦਿਲ ਤੇਰਾ ਹੈ ਸਾਗਰ ਵਰਗਾ

3. ਚਾਦੀ ਵਰਗਾ ਰੰਗ ਹੈ ਗੋਰਾ ਸੋਨੇ ਵਰਗੇ ਵਾਲ ਸੁਨਹਿਰੀ।

**ਰੂਪਕ ਅਲੰਕਾਰ:** ਰੂਪਕ ਸ਼ਬਦ ਦਾ ਅਰਥ ਹੈ ਰੂਪ ਧਾਰਨ ਕਰਨਾ।

ਕਵਿਤਾ ਵਿਚ ਜਦੋਂ ਉਪਮੇਯ, ਉਪਮਾਨ ਦਾ ਰੂਪ ਧਾਰਨ ਕਰ ਲੈਦਾ ਹੈ, ਜਾਂ ਉਪਮਾਨ ਉਪਮੇਯ ਨੂੰ ਇਕ ਰੂਪ ਕਰਕੇ ਦੱਸਿਆ ਜਾਵੇ ਰੁਪਕ ਅਲੰਕਾਰ ਹੁੰਦਾ ਹੈ।ਜਿਵੇਂ

ਗਗਨ ਮੈ ਥਾਲ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥

**ਦ੍ਰਿਸ਼ਟਾਂਤ ਅਲੰਕਾਰ:** ਜਿੱਥੇ ਕਿਸੇ ਪ੍ਰਸੰਗ ਜਾਂ ਕਿਸੇ ਗੱਲ ਦਾ ਪੂਰਾ ਗਿਆਨ ਕਰਾਉਣ ਲਈ ਉਸ ਨੂੰ ਉਹੀ ਜਿਹੀ ਕਿਸੇ ਹੋਰ ਗੱਲ ਦੀ ਮਿਸਾਲ ਦੇ ਕੇ ਸੱਪਸ਼ਟ ਕੀਤਾ ਜਾਏ ਤਾ ਉਸ ਨੂੰ ਦ੍ਰਿਸ਼ਟਾਤ ਅਲੰਕਾਰ ਕਹਿੰਦੇ ਹਨ।ਜਿਵੇਂ

ਭਰੀਐ ਹਥੁ ਪੈਰੁ ਤਨੁ ਦੇਹ॥
ਪਾਣੀ ਧੋਤੇ ਉਤਰਸੁ ਖੇਹ ॥
ਮੂਤ ਪਲੀਤੀ ਕਪੜੁ ਹੋਇ॥
ਦੇ ਸਾਬੂਣੁ ਲਈਐ ਓਹੁ ਧੋਇ॥
ਭਰੀਐ ਮਤਿ ਪਾਪਾ ਕੈ ਸੰਗਿ॥
ਓਹੁ ਧੋਪੈ ਨਾਵੈ ਕੈ ਰੰਗਿ॥

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।
ਜਿਉ ਕਰਿ ਸੂਰਜ ਨਿਕਲਿਆ ਤਾਰੇ ਛਪਿ ਅੰਧੇਰ ਪਲੋਆ।

**ਅਤਿਕਥਨੀ ਅਲੰਕਾਰ:** ਜਦੋਂ ਕਿਸੇ ਵਸਤੂ ਜਾਂ ਤੱਥ ਨੂੰ ਵਧਾ ਚੜ੍ਹਾ ਕੇ ਪੇਸ਼ ਕੀਤਾ ਜਾਵ੍ਹੇਉਥੇ ਅਤਿਕਥਨੀ ਅਲੰਕਾਰ ਹੁੰਦਾ ਹੈ।ਜਿਵੇਂ

*ਸੁਣ ਕੇ ਚਾਂਗਰ ਜੱਟ ਦੀ*

*ਸਹਿਮ ਗਿਆ ਸੰਸਾਰ।*

ਇਸੇ ਤਰ੍ਹਾਂ

ਮੇਰੀ ਬੱਗੀ ਤੋਂ ਡਰਨ ਫਰਿਸ਼ਤੇ

ਮੈਥੋਂ ਡਰੇ ਖੁਦਾ।

**ਕ੍ਰਾਂਤੀ ਅਲੰਕਾਰ:** ਜਦੋਂ ਸਮਾਨਤਾ ਕਰਕੇ ਭਰਮ ਨਾਲ ਕਿਸੇ ਵਸਤੁ ਨੂੰ ਹੋਰ ਵਸਤੂ ਮੰਨ ਲਿਆ ਜਾਵੇਜਿਵੇ:

ਜਦੋਂ ਬਿਸ਼ਨੀ ਬਾਗ ਵਿਚ ਆਈ

ਭੌਰਿਆ ਨੂੰ ਭੁਲੇਖੇ ਪੈ ਗਏ।

**ਲਲਿਤ ਅਲੰਕਾਰ:** ਜਿਥੇ ਕੋਈ ਗੱਲ ਸਾਫ਼ ਸਾਫ਼ ਕਹਿਣ ਦੀ ਥਾਂ ਉਸਦੇ ਭਾਵ ਦਾ ਕੇਵਲ ਪ੍ਰਤੀਬਿੰਬ ਹੀ ਵਰਣਨ ਕੀਤਾ ਜਾਵੇ ।ਅਰਥਾਤ ਕਹਿਣ ਯੋਗ ਗੱਲ ਦਾ ਝਲਕਾਰਾ ਹੀ ਵਾਕ ਰਚਨਾ ਵਿਚ ਪਾਇਆ ਜਾਵੇ। ਜਿਵੇਂ

ਭਲਾ ਹੋਇਆ ਮੇਰਾ ਚਰਖਾ ਟੁੱਟਾ

ਜ਼ਿੰਦ ਅਜਾਬੋ ਛੁੱਟੀ।

**ਲੋਕੋਕਤੀ ਅਲੰਕਾਰ:** ਅਰਥ ਹੈ ਅਖਾਣ ਜਾ ਅਖੌਤ। ਜਿੱਥੇ ਲੋਕਾਂ ਦੇ ਮੂੰਹ ਚੜੀ ਅਖੌਤ ਨੂੰ ਕਿਸੇ ਖਾਸ ਮੌਕਿਆ ਤੇ ਵਰਤਿਆ ਜਾਵੇ ਭਾਵ ਕਿਸੇ ਗੱਲ ਦੀ ਪੁਸ਼ਟੀ ਲਈ ਕੋਈ ਢੁਕਵੀਂ ਕਹਾਵਤ ਵਰਤੀ ਜਾਏ।

ਜਿਵੇਂ:

ਗਿਦੜ ਦਾਖ ਨਾ ਅਪੜੇ ਆਖੇ ਥੂ ਕਉੜੀ।

ਨੱਚਣ ਨਚਿ ਨਾ ਜਾਣਈ ਆਖੈ ਭੋਇ ਸਉੜੀ।

ਕੁੱਤਾ ਰਾਜ ਬਹਾਲੀਐ ਫਿਰਿ ਚੱਕੀ ਚੱਟੇ।

**ਕਾਵਿ ਲਿੰਗ ਅਲੰਕਾਰ :** ਕਵਿ ਲਿੰਗ ਦਾ ਅਰਥ ਹੈ ਦਲੀਲ ਨਾਲ ਗੱਲ ਦੀ ਪੁਸ਼ਟੀ ਕਰਨੀ।ਭਾਵ ਜਿਥੇ ਇਕ ਗੱਲ ਕਹਿ ਕੇ ਦਲੀਲ ਦੇ ਕੇ ਉਸ ਗੱਲ ਦੀ ਪੁਸ਼ਟੀ ਕੀਤੀ ਜਾਵੇ।ਜਿਵੇਂ

ਫਰੀਦਾ ਖਾਕੁ ਨਾ ਨਿੰਦੀਐ, ਖਾਕੂ ਜੇਡੁ ਨਾ ਕੋਇ।।

ਜੀਵਦਿਆ ਪੈਰਾ ਤਲੈ ਥੱਲੇ ਮੁਇਆਉਪਰਿ ਹੋਇ ।।

**ਸਾਰ ਅਲੰਕਾਰ**: ਜਿੱਥੇ ਪਹਿਲੀਆਂ ਵਰਣਨ ਕੀਤੀਆਂ ਵਸਤੂਆਂ ਨਾਲੋਂ ਅਗਲੀਆਂ ਵਸਤੂਆਂ ਦੀ ਹੀਣਤਾ ਦਿਖਾਈ ਗਈ ਹੋਵੇਂ ਉੱਥੇ ਸਾਰ ਅਲੰਕਾਰ ਹੁੰਦਾ ਹੈ।ਜਿਵੇਂ

ਜੱਗ ਵਿਚ ਦੁਰਲੱਭ ਜੂਨ ਬੰਦੇ ਦੀ,

ਉਸ ਤੋਂ ਵਿੱਦਿਆ ਹੀ ਦੁਰੱਲਭ ਹੈ।

ਵਿੱਦਿਆ ਤੋਂ ਕਵਿਤਾ ਹੈ ਦੁਰਲੱਭ,

ਕਵਿਤਾ ਦੀ ਸ਼ਕਤੀ ਹੈ ਦੁਰੱਲਭ ਹੈ।

**ਪ੍ਰਤੀਪ ਅਲੰਕਾਰ:** ਪ੍ਰਤੀਪ ਅਲੰਕਾਰ ਦਾ ਅਰਥ ਵਿਪਰੀਤ ਜਾਂ ਉੱਲਟ ਹੈ।ਜਿੱਥੇ ਉਪਮਾਨ ਉਪਮੇਯ ਕਲਪਿਤ ਕਰਨ ਤੇ ਹੋਰ ਅਜਿਹੇ ਉਲਟ ਭਾਵ ਵਰਣਨ ਕੀਤੇ ਜਾਂਦੇ ਹਨ ਉੱਥੇ ਪ੍ਰਤੀਪ ਅਲੰਕਾਰ ਹੁੰਦਾ ਹੈ।ਜਿਵੇਂ

ਤੇਰੇ ਨੈਣਾਂ ਵਰਗੇ ਕਮਲ ਖਿੜੇ ਹੋਏ ਹਨ।

'ਕਮਲ ਨੈਣਾਂ' ਦਾ ਉਪਮਾਨ ਪ੍ਰਤੀਕ ਹੈ।ਪਰ ਇਥੇ ਨੈਣਾਂ ਨੂੰ ਉਪਮੇਯ ਬਣਾ ਕੇ ਵਰਣਨ ਕੀਤਾ ਹੈ

**ਅਸੰਭਵ ਅਲੰਕਾਰ:** ਜਿਥੇ ਕਿਸੇ ਅਣਹੋਣੀ ਗੱਲ ਦਾ ਹੋਣਾ ਦੱਸਿਆ ਜਾਵੇ

ਤੇਰੇ ਚਰਨਾ ਤੋਂ ਉਠੇ ਧੂੜ ਬੇਲੀ,

ਪੁੱਜ ਅਸਮਾਨ ਦੇ ਤਾਰੇ ਨੂੰ ਮਾਤ ਪਾਵੇ।

**ਵਿਰੋਧ ਅਲੰਕਾਰ:** ਜਦੋਂ ਕਿਸੇ ਸ਼ੈਅ ਦੇ ਗੁਣ ਜਾਂ ਕਿਸੇ ਕੰਮ ਦਾ ਅਸਰ ਉਲਟਾ ਹੋਇਆ ਦੱਸਿਆ ਜਾਵੇ ਉਥੇ ਵਿਰੋਧ ਅਲੰਕਾਰ ਹੁੰਦਾ ਹੈ।ਜਿਵੇਂ:

ਠੰਡੀ ਪੋਣ ਹੈ ਸਾੜਦੀ ਹੱਡ ਸਾਡੇ,

ਸੁੱਕ ਰਹੇ ਨੇ ਮੀਂਹ ਵਿਚ ਖੇਤ ਬੇਲੀ।

**ਵਿਆਜ ਨਿੰਦਾ ਅਲੰਕਾਰ:** ਸੰਸਕ੍ਰਿਤ ਦੇ ਸ਼ਬਦ ਵਿਆਜ ਦਾ ਅਰਥ ਹੈ ਬਹਾਨਾ। ਸੋ ਬਹਾਨੇ ਨਾਲ ਕੀਤੀ ਨਿੰਦਿਆ ਭਾਵ ਪ੍ਰੱਤਖ ਤੋਰ ਤੇ ਕਿਸੇ ਦੀ ਉਸਤਿਤ ਜਾਂ ਵੰਡਿਆਈ ਕੀਤੀ ਜਾਵੇ ਪਰ ਅਸਲ ਭਾਵ ਨਿੰਦਿਆ ਵਾਲਾ ਹੋਵੇ। ਜਿਵੇਂ

ਵਾਹ ਤੇਰਾ ਬਲ ਤੇ ਵਾਹ ਤੇਰੀ ਤਲਵਾਰ,

ਇਕ ਸੱਟੇ ਮੱਛਰ, ਮੱਖੀ ਬੁਲਾਵੇ ਪਾਰ।

**ਵਚਿੱਤਰ ਅਲੰਕਾਰ:** ਅਰਥ ਹੈ ਅਨੋਖਾ , ਅਸਚਰਜਤਾ। ਜਿੱਥੇ ਕਿਸੇ ਫਲ ਦੀ ਪ੍ਰਾਪਤੀ ਲਈ ਉਸ ਫਲ ਤੋਂ ਉਲਟਾ ਯਤਨ ਕੀਤਾ ਜਾਵੇ।ਜਿਵੇਂ:

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜੱਟ॥

ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ॥

**ਪ੍ਰਸ਼ਨ ਅਲੰਕਾਰ:** ਇਹ ਅਲੰਕਾਰ ਪ੍ਰਸ਼ਨ ਉੱਤੇ ਅਧਾਰਿਤ ਹੁੰਦੇ ਹਨ।ਜਿਵੇਂ

ਕਿਵ ਸਚਿਆਰਾ ਹੋਈਐ ਕਿਵ ਕੂੜੇ ਤੁਟੇ ਪਾਲ॥

**ਉੱਤਰ ਅਲੰਕਾਰ:** ਇਹ ਅਲੰਕਾਰ ਪੁੱਛੇ ਗਏ ਪ੍ਰਸ਼ਨ ਦੇ ਉੱਤਰ ਉੱਪਰ ਅਧਾਰਿਤ ਹੁੰਦਾ ਹੈ। ਜਿਵੇਂ

ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥

**ਸ਼ਬਦਾਰਥ ਅਲੰਕਾਰ:** ਜਿਹੜੇ ਅਲੰਕਾਰ ਸ਼ਬਦ ਤੇ ਅਰਥਾਂ ਆਧਾਰਿਤ ਹੋ ਕੇ ਦੋਹਾਂ ਵਿਚਕਾਰ ਕਾਵਿਕ ਚਮਤਕਾਰ ਪੈਦਾ ਕਰਦੇ ਹਨ। ਉਹ ਸ਼ਬਦਾਰਥ ਅਲੰਕਾਰ ਹੁੰਦੇ ਹਨ।

**ਸਸ੍ਰਿਸ਼ਟੀ ਅਲੰਕਾਰ:** ਇਸ ਅਲੰਕਾਰ ਸ਼ਬਦ ਤੇ ਅਰਥ ਦੋਹਾਂ ਦੀ ਵਰਤੋਂ ਹੁੰਦੀ ਹੈ। ਜਿਵੇਂ

ਮਿੱਟੀ, ਮਿੱਟੀ, ਮਿੱਟੀ

ਬਸ ਮਿੱਟੀ ਹੀ ਮਿੱਟੀ ।

ਦੇਖ ਲਈ ਖੁਦਾ,

ਇਸ ਤੋਂ ਵੱਧ ਨਾ ਤੇਰੀ ਖੁਦਾਈ।

**ਸ਼ੰਕਰ ਅਲੰਕਾਰ:** ਜਦੋਂ ਦੋ ਜਾਂ ਦੋ ਤੋਂ ਵੱਧ ਅਲੰਕਾਰ ਆਪਸ ਵਿਚ ਦੁੱਧ ਪਾਣੀ ਵਾਂਗ ਮਿਲੇ ਹੋਣ ਤੇ ਉਨਾਂ ਨੂੰ ਵੱਖ ਵੱਖ ਵੇਖਿਆ ਨਾ ਜਾ ਸਕੇ।ਇਸਨੂੰ ਸ਼ੰਕਰ ਅਲੰਕਾਰ ਕਹਿੰਦੇ ਹਨ।

**ਸਾਰ-ਅੰਸ਼:**

ਅਲੰਕਾਰਾਂ ਦੇ ਸੰਬੰਧੀ ਉਪਰੋਕਤ ਕੀਤੇ ਵਿਸ਼ਲੇਸ਼ਣ ਤੋਂ ਇਹ ਗੱਲ ਭਲੀ-ਭਾਂਤ ਸਪੱਸ਼ਟ ਹੋ ਜਾਂਦੀ ਹੈ ਕਿ ਅਲੰਕਾਰ ਕਵਿਤਾ ਦੀ ਸੁੰਦਰਤਾ ਵਧਾਉਣ ਵਾਲੇ ਸ਼ੋਭਾ ਵਧਾਉਣ ਵਾਲੇ ਕਾਰਜੀ ਤੱਤ ਹਨ। ਕਵਿਤਾ ਵਿਚ ਭਾਸ਼ਾ ਦੀ ਸ਼ਬਦਗਤ ਤੇ ਅਰਥਗਤ ਸੁਹਜ ਸਮੱਰਥਾ ਦੇ ਸਿਰਜਕ ਹਨ। ਇਸ ਤਰ੍ਹਾਂ ਅਲੰਕਾਰ ਸੰਪ੍ਰਦਾਇ ਸਮੀਖਿਆ ਸ਼ਾਸ਼ਤਰ ਵਿਚ ਬਹੁਤ ਮਹੱਤਵਪੂਰਨ ਹਨ।

## ਮੁੱਖ/ਕੇਂਦਰੀ ਸ਼ਬਦ:

ਵਿਸ਼ਲੇਸ਼ਣ ---ਸਰਵੇਖਣ

ਸਮੀਖਿਆ ---ਆਲੋਚਨਾ

ਕਵਿ ਲਿੰਗ --- ਦਲੀਲ ਨਾਲ ਗੱਲ ਦੀ ਪੁਸ਼ਟੀ ਕਰਨੀ

ਸੌਂਦਿਰਯ --- ਸੁਹਜ

## ਸਵੈ-ਮੁਲਾਂਕਣ:

1.ਭਾਮਹ ਰਚਿਤ ਗ੍ਰੰਥ ਹੈ--

ੳ. ਕਾਵਿ ਅੰਲਕਾਰ ਗ੍ਰੰਥ

ਅ. ਕਾਵਿ ਅੰਲਕਾਰ

ੲ. ਕਾਵਿ ਅੰਲਕਾਰ ਸੂਤਰ

ਸ. ਕਾਵਿ ਅੰਲਕਾਰ ਪ੍ਰਕਾਸ਼

2. ਭਾਮਹ ਅਨੁਸਾਰ ਅੰਲਕਾਰਾਂ ਦੀ ਗਿਣਤੀ ਹੈ -

ੳ. 35

ਅ. 36

ੲ. 37

ਸ. 38

3.ਭਰਤਮੁਨੀ ਨੇ ਕਿੰਨੇ ਅੰਲਕਾਰਾਂ ਦੀ ਗਿਣਤੀ ਦੱਸੀ ਹੈ-

ੳ. 5

ਅ. 4

ੲ. 3

ਸ. 6

4. ਯਮਕ ਅੰਲਕਾਰ ਦੀ ਪਛਾਣ ਹੈ-

ੳ. ਜਦੋਂ ਇੱਕੋ ਅੱਖਰ ਦੀ ਬਾਰ ਬਾਰ ਵਰਤੋਂ ਹੋਵੇ।

ਅ. ਜਦੋਂ ਇਕੋ ਸ਼ਬਦ ਦੀ ਬਾਰ ਬਾਰ ਵਰਤੋਂ ਹੋਵੇ।

ੲ. ਜਦੋਂ ਇਕ ਸ਼ਬਦ ਦੀ ਵੱਖ-ਵੱਖ ਅਰਥਾਂ ਵਿਚ ਵਰਤੋਂ ਹੋਵੇ।

ਸ. ਕੋਈ ਵੀ ਨਹੀਂ

5. ਅਨੁਪ੍ਰਾਸ ਅੰਲਕਾਰ ਹੁੰਦਾ ਹੈ-

ੳ. ਜਦੋਂ ਇੱਕੋ ਅੱਖਰ ਦੀ ਬਾਰ ਬਾਰ ਵਰਤੋਂ ਹੋਵੇ।

ਅ. ਜਦੋਂ ਇਕੋ ਸ਼ਬਦ ਦੀ ਬਾਰ ਬਾਰ ਵਰਤੋਂ ਹੋਵੇ।

ੲ. ਜਦੋਂ ਇਕੋ ਜਿਹੇ ਸ਼ਬਦਾਂ ਦੇ ਰੂਪ ਦੀ ਵਰਤੋਂ ਹੋਵੇ।

ਸ. ਉਪਰੋਕਤ ਸਾਰੇ

6. ਕਲਰ ਕੇਰੀ ਛਪੜੀ ਕਊਆ ਮਲਿ ਮਲਿ ਨਾਇ॥

ਕਾਵਿ ਤੁੱਕ ਵਿਚ ਅੰਲਕਾਰ ਦੀ ਕਿਸਮ ਹੈ:

ੳ. ਅਨੁਪ੍ਰਾਸ

ਅ. ਯਮਕ

ੲ. ਸ਼ਲੇਸ਼

ਸ. ਵੀਪਸਾ

7. ਫਿਰ ਰੂਪ ਸਰੂਪ ਅਨੂਪ ਦਿਸੇ ਫਿਰ ਜਿੰਦ ਦੀਵਾਨੀ ਝਲੀ ਝਲੀ।
ਫਿਰ ਹੋਸ਼ ਬੇਹੋਸ਼ ਮਦਹੋਸ਼ ਹੋਈ ਫਿਰ ਪਤ ਰੁਲੇਂਦੀ ਗਲੀ-ਗਲੀ।

ਕਾਵਿ ਤੁੱਕਾਂ ਵਿਚ ਅੰਲਕਾਰ ਦੀ ਕਿਸਮ ਹੈ:

ੳ. ਅਨੁਪ੍ਰਾਸ

ਅ. ਯਮਕ

ੲ. ਸ਼ਲੇਸ਼

ਸ. ਵੀਪਸਾ

8. ਜੇ ਤੂੰ ਗਲ਼ ਵਿਚ ਫੁੱਲਾਂ ਦਾ ਹਾਰ ਪਾਇਆ
ਤੇਰੇ ਲੱਕ ਨੂੰ ਪਏ ਕੜਵੱਲ, ਮੋਈਏ।
ਜੇ ਤੂੰ ਹੱਥਾਂ ਤੇ ਪੈਰਾਂ ਨੂੰ ਲਾਈ ਮਹਿੰਦੀ,
ਭਾਰ ਨਾਲ਼ ਤੂੰ ਸੱਕੀ ਨ ਹਲ ਮੋਈਏ।

ਕਾਵਿ ਤੁੱਕਾਂ ਵਿਚ ਅੰਲਕਾਰ ਦੀ ਕਿਸਮ ਹੈ:

ੳ. ਉਪਮਾ ਅੰਲਕਾਰ

ਅ. ਰੂਪਕ ਅੰਲਕਾਰ

ੲ. ਦ੍ਰਿਸ਼ਟਾਂਤ ਅੰਲਕਾਰ

ਸ. ਅਤਿਕਥਨੀ ਅੰਲਕਾਰ

9. ਅੰਲਕਾਰ ਦਾ ਅਰਥ ਹੈ-

ੳ. ਮੁੰਦਰੀ

ਅ. ਹਾਰ

ੲ. ਟਿੱਕਾ

ਸ. ਗਹਿਣਾ

10. ਗਗਨ ਮੈ ਥਾਲ ਰਵਿ ਚੰਦ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥
ਧੂਪ ਮਲ ਆਨਲੋ ਪਵਣੁ ਚਵਰ ਕਰੇ ਸਗਲ ਬਨਰਾਇ ਫੂਲੰਤ ਜੋਤੀ॥

ਕਾਵਿ ਤੁੱਕਾਂ ਵਿਚ ਅੰਲਕਾਰ ਦੀ ਕਿਸਮ ਹੈ:

ੳ. ਉਪਮਾ ਅੰਲਕਾਰ

ਅ. ਰੂਪਕ ਅੰਲਕਾਰ

ੲ. ਦ੍ਰਿਸ਼ਟਾਂਤ ਅੰਲਕਾਰ

ਸ. ਅਤਿਕਥਨੀ ਅੰਲਕਾਰ

11. ਚੁੰਮੋ ਨੀ ਹੱਥ ਚੰਬੇ ਦੀਆਂ ਕਲੀਆਂ
ਧੋਵੋਂ ਨੀ ਇਹਦੇ ਪੈਰ ਮੱਖਣ ਦੇ ਪੇੜੇ।

ਕਾਵਿ ਤੁੱਕਾਂ ਵਿਚ ਅੰਲਕਾਰ ਦੀ ਕਿਸਮ ਹੈ:

ੳ. ਉਪਮਾ ਅੰਲਕਾਰ

ਅ. ਰੂਪਕ ਅੰਲਕਾਰ

ੲ. ਦ੍ਰਿਸ਼ਟਾਂਤ ਅੰਲਕਾਰ

ਸ. ਅਤਿਕਥਨੀ ਅੰਲਕਾਰ

12. ਖਾਲੀ ਸਥਾਨ ਭਰੋ:

ਭਾਮਹ ਨੇ ਅਲੰਕਾਰ ਦਾ ਅਧਾਰ---------- ਨੂੰ ਮੰਨਿਆ ਹੈ।

13. ਖਾਲੀ ਸਥਾਨ ਭਰੋ:

ਦੰਡੀ ਨੇ ਆਪਣੀ ਪੁਸਤਕ----------- ਵਿੱਚ ਅਲੰਕਾਰਾਂ ਦੀ ਗਿਣਤੀ---------- ਦੱਸੀ ਹੈ।

14. ਮੰਮਟ (ਕਾਵਿ ਪ੍ਰਕਾਸ਼) ਅਨੁਸਾਰ ਅਲੰਕਾਰ ਕਵਿਤਾ ਦੇ ਸ਼ਬਦਾਂ ਤੇ ਅਰਥਾਂ ਦੀ ਸੁੰਦਰਤਾ ਵਿੱਚ ਵਾਧਾ ਕਰਦੇ ਹਨ ਤੇ ਕਾਵਿ ਸੋਹਜ ਅਲੰਕਾਰਾਂ ਉੱਪਰ ਅਧਾਰਿਤ ਹੁੰਦਾ ਹੈ।

ਇਹ ਕਥਨ ਸਹੀ ਹੈ:

ੳ. ਠੀਕ

ਅ. ਗਲ਼ਤ

15. ਅਲੰਕਾਰ ਸੰਵੇਦਨਾ ਨੂੰ ਜਗਾਉਣ ਵਾਲੇ ਹੋਣੇ ਚਾਹੀਦੇ ਹਨ।ਅਤੇ ਇਹ ਸੰਵੇਦਨਾ ਦੇ ਜਨਮ ਲੈਣ ਤੇ ਸਮਰਪਿਤ ਹੋਣ ਸਮੇਂ ਹੀ ਪੈਦਾ ਹੋਣੇ ਚਾਹੀਦੇ ਹਨ।

ਇਹ ਕਥਨ ਸਹੀ ਹੈ:

ੳ. ਠੀਕ

ਅ. ਗਲ਼ਤ

## ਅਭਿਆਸ ਪ੍ਰਸ਼ਨ

1. ਅੰਲਕਾਰ ਤੋਂ ਕੀ ਭਾਵ ਹੈ? ਅੰਲਕਾਰ ਦੀਆਂ ਕਿਸਮਾਂ ਦਾ ਸੰਖੇਪ ਵਿਚ ਵਰਣਨ ਕਰੋ।
2. ਸ਼ਬਦ ਅੰਲਕਾਰ ਦਾ ਕੀ ਅਰਥ ਹੈ? ਉਦਾਹਰਨਾਂ ਦੁਆਰਾ ਸਪਸ਼ਟ ਕਰੋ।
3. ਕਾਵਿ-ਸ਼ਾਸਤਰ ਵਿਚ ਅੰਲਕਾਰ ਸਿਧਾਂਤ ਦੀ ਕੀ ਮਹੱਤਤਾ ਹੈ
4. ਅਨੁਪ੍ਰਾਸ ਦੇ ਉਪਭੇਦਾਂ ਦਾ ਸੰਖੇਪ ਵਿਚ ਵਰਣਨ ਕਰੋ।
5. ਅਰਥ ਅੰਲਕਾਰ ਦਾ ਕੀ ਆਧਾਰ ਹੈ? ਇਸ ਦੀਆਂ ਕਿਸਮਾਂ ਦਾ ਵਿਸਥਾਰ ਵਿਚ ਵਰਣਨ ਕਰੋ।
6. ਆਪਣੇ ਮਨਪਸੰਦ ਕਵੀ ਦੀਆਂ ਕਿਸੇ ਪੰਜ ਕਵਿਤਾਵਾਂ ਦਾ ਅੰਲਕਾਰਵਰਗੀਕਰਨ ਕਰੋ।

## ਸੰਦਰਭ ਪੁਸਤਕਾਂ:


- ਸਮਾਲੋਚਨਾ ਸ਼ਾਸਤਰ, ਪ੍ਰੋ. ਬ੍ਰਹਮਜਗਦੀਸ਼, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, (2011)
- ਭਾਰਤੀ ਕਾਵਿ ਸ਼ਾਸਤਰ, ਲਾਹੌਰ ਬੁੱਕ ਸ਼ਾਪ, ਲੁਧਿਆਣਾ, (2011)
- ਭਰਤਮੁਨੀ, ਨਾਟਯ ਸ਼ਾਸਤਰ,ਪੰਜਾਬੀ ਯੂਨੀਵਰਸਿਟੀ ਪਟਿਆਲਾ
- ਭਾਰਤੀ ਕਾਵਿ ਸ਼ਾਸਤਰ, ਪ੍ਰੋ. ਸ਼ੁਕਦੇਵ ਸ਼ਰਮਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ


## ਮਹੱਤਵਪੂਰਨ ਲਿੰਕ

https://punjabipedia.org/topic.aspx?txt=%E0%A8%85%E0%A8%B2%E0%A9%B0%E0%A8%95%E0%A8%BE%E0%A8%B0

ਉੱਤਰਮਾਲਾ

| | | | | |
|---|---|---|---|---|
| 1. ਅ | 2. ਸ | 3. ਅ | 4. ੲ | 5. ਸ |
| 6. ੳ | 7. ੳ | 8. ਸ | 9. ਸ | 10. ਅ |
| 11.ਅ | 12. ਵਕ੍ਰੋਕਤੀ | 13. ਕਾਵਿ-ਆਦਰਸ਼,35 | 14. ਅ | 15. ੳ |

**DPBI502**

# ਅਧਿਆਇ-11: ਧੁਨੀ ਸਿਧਾਂਤ

ਵਿਸ਼ਾ ਵਸਤੂ (Content)

1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ

## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ-

- 'ਧੁਨੀ ਸਿਧਾਂਤ' ਦੀ ਸਾਰਥਕਤਾ ਤੋਂ ਜਾਣੂ ਜੋ ਸਕਣਗੇ।
- ਕਾਵਿ ਆਲੋਚਨਾ ਵਿਚ 'ਧੁਨੀ ਸਿਧਾਂਤ' ਦੀ ਪ੍ਰਕਿਆ ਨੂੰ ਸਮਝਣ ਦੇ ਸੱਮਰਥ ਹੋਣਗੇ।
- ਧੁਨੀ ਸਿਧਾਂਤ ਦੀਆਂ ਸ਼ਬਦ ਸ਼ਕਤੀਆਂ ਰਾਹੀਂ ਅਰਥਾਂ ਦਾ ਸੰਚਾਲਨ ਸਮਝਣ ਦੇ ਕਾਬਲ ਹੋਣਗੇ।
- ਜਿੱਥੇ ਕਾਵਿ ਸਿਰਜਨਾ ਵਿਚ ਕਾਬਲ ਬਣਨਗੇ ਉੱਥੇ ਇਹ ਸਿਧਾਂਤ ਕਾਵਿ ਆਲੋਚਨਾ ਲਈ ਵੀ ਮਹੱਤਵਪੂਰਨ ਸਥਾਪਿਤ ਹੋਵੇਗਾ।

## ਪ੍ਰਸਤਾਵਨਾ:

ਭਾਰਤੀ ਸਮੀਖਿਆ ਵਿੱਚ ਛੇ ਕਾਵਿ ਸਿਧਾਂਤਾਂ ਦੀ ਸਥਾਪਨਾ ਕੀਤੀ ਗਈ ਹੈ। ਇਨ੍ਹਾਂ ਸਿਧਾਂਤਾਂ ਨੂੰ ਸੰਪਰਦਾਇ ਅਥਵਾਵਿਚਾਰਧਾਰਾ ਜਾਂ ਸਕੂਲ ਕਿਹਾ ਜਾਂਦਾ ਹੈ। ਕਿਉਂਕਿ ਇਨ੍ਹਾਂ ਵਿੱਚ ਇੱਕ ਤੋਂ ਵੱਧ ਸਮੀਖਿਆਕਾਰ ਇਨ੍ਹਾਂ ਸਿਧਾਂਤਾਂ ਦੇ ਸਮਰਥਕ ਹਨ ਤੇ ਇਸ ਲਈ

ਸਮੀਖਿਆਕਾਰਾਂ ਦੇ ਵਰਗ ਹੀ ਸੰਪਰਦਾਇ ਜਾਂ ਸਕੂਲ ਅਖਵਾਉਂਦੇ ਹਨ। ਇਹ ਛੇ ਸਿਧਾਂਤ ਹਨ:-ਰਸ ,ਅਲੰਕਾਰ ,ਰੀਤੀ, ਵਕ੍ਰੋਕਤੀ,ਔਚਿਤਯ ਤੇ ਧੁਨੀ। ਸੰਸਕ੍ਰਿਤ ਸਾਹਿਤ ਸਮੀਖਿਆ ਪ੍ਰਣਾਲੀ ਵਿੱਚ ਧੁਨੀ ਸਪ੍ਰੰਦਾਇ ਦਾ ਨਿਵੇਕਲਾ ਤੇ ਮਹੱਤਵਪੂਰਨ ਸਥਾਨ ਹੈ। ਕਾਵਿ ਦੀ ਆਤਮਾ ਦੇ ਪ੍ਰਸ਼ਨ ਨੂੰ ਮੁੱਖ ਰੱਖਦਿਆਂ ਧੁਨੀ ਸੰਪਰਦਾਇ ਦਾ ਮਹੱਤਵਪੂਰਨ ਹਿੱਸਾ ਹੈ ਆਨੰਦ ਵਰਧਨ ਧੁਨੀ ਸਿਧਾਂਤ ਦੇ ਸੰਸਥਾਪਕ ਹਨ। ਕਾਵਿ ਦੀ ਆਤਮਾ ਦੇ ਸਬੰਧ ਵਿੱਚ ਆਨੰਦ ਵਰਧਨ ਨੇ ਆਪਣੇ ਗ੍ਰੰਥ ਧਵਨਯ ਲੋਕ ਜਾਂ ਧਵਨ ਲੋਕ ਵਿੱਚ ਧੁਨੀ ਨੂੰ ਕਾਵਿ ਦੀ ਆਤਮਾ ਕਿਹਾ ਹੈ ਇਹ ਸਿੱਧ ਕੀਤਾ ਹੈ ਕਿ ਜਿੱਥੇ ਅਰਥ ਆਪਣੇ ਆਪ ਨੂੰ ਜਾਂ ਸ਼ਬਦ ਆਪਣੇ ਅਰਥ ਨੂੰ ਪੇਸ਼ ਕਰਦੇ ਹਨ। ਭਾਵ ਇਹ ਹੈ ਕਿ ਧੁਨੀ ਵਿੱਚ ਸ਼ਬਦ ਦੇ ਅਰਥ ਆਪਣੇ ਆਪ ਨੂੰ ਪ੍ਰਧਾਨਤਾ ਨਹੀਂ ਦਿੰਦੇ ਸਗੋਂ ਵਿਅੰਗ ਅਰਥ ਨੂੰ ਪ੍ਰਧਾਨਤਾ ਦਿੰਦੇ ਹਨ।

## ਵਿਸ਼ਾ ਵਸਤੂ:

ਧੁਨੀ ਸ਼ਬਦ ਦੇ ਕਈ ਅਰਥ ਪ੍ਰਚੱਲਿਤ ਹਨ ਧੁਨੀ ਇੱਕ ਸੰਗੀਤ ਸੰਗੀਤਕ ਲੈਅ ਹੈ। ਆਮ ਤੌਰ ਤੇ ਇਸ ਨੂੰ ਧੁੰਨ ਕਿਹਾ ਜਾਂਦਾ ਹੈ। ਸ਼ਬਦਾਂ ਦੀ ਛੋਟੀ ਇਕਾਈ ਧੁਨੀ ਹੁੰਦੀ ਹੈ ਆਮ ਆਵਾਜ਼ ਨੂੰ ਧੁੰਨੀ ਕਿਹਾ ਜਾਂਦਾ ਹੈ ।

ਡਾ.ਪ੍ਰੇਮ ਪ੍ਰਕਾਸ਼ ਦਾ ਵਿਚਾਰ ਹੈ-

"ਧੁਨੀ ਰਮਜ਼ੀਆ ਕਵਿਤਾ, ਸੁਝਾਊ ਕਵਿਤਾ ਵਿਅੰਗਮਈ ਕਵਿਤਾ ਜਾਂ ਪ੍ਰਤੀਕਮਈ ਕਵਿਤਾ ਨੂੰ ਕਿਹਾ ਜਾਂਦਾ ਹੈ ।"

ਕਾਵਿ ਦੇ ਪ੍ਰਸੰਗ ਵਿੱਚ ਧੁਨੀ ਉਹ ਕਾਵਿ ਹੈ ਜਿਸ ਵਿੱਚ ਰਮਜ਼ ਜਾਂ ਵਿਅੰਗ ਦੀ ਪ੍ਰਧਾਨਤਾ ਹੁੰਦੀ ਹੈ ਤੇ ਸੰਬੰਧਿਤ ਕਾਵਿ ਟੋਟੇ ਦਾ ਸੌਂਦਰਯ ਅਜਿਹੀ ਰਮਜ਼ ਉੱਤੇ ਆਧਾਰਿਤ ਹੁੰਦਾ ਹੈ ਭਾਰਤੀ ਆਲੋਚਕਾਂ ਨੇ ਅਜਿਹੇ ਕਾਵਿ ਨੂੰ ਸਭ ਤੋਂ ਉਤਕ੍ਰਿਸ਼ਟ ਪ੍ਰਵਾਨ ਕੀਤਾ ਹੈ ।

ਆਨੰਦ ਵਰਧਨ ਧੁਨੀ ਸਿਧਾਂਤ ਦੇ ਸੰਚਾਲਕ ਅਨੁਸਾਰ ਜਿੱਥੇ ਸ਼ਬਦ ਤੇ ਅਰਥ ਆਪਣੇ ਆਪਣੇ ਖੇਤਰ ਤੋਂ ਉਤਾਂਹ ਉੱਠ ਕੇ ਸ਼ਬਦ ਸ਼ਕਤੀ ਦੇ ਰਾਹੀਂ ਕਿਸੇ ਅਨੋਖੇ ਵਿਅੰਗ ਅਰਥ ਨੂੰ ਜ਼ਾਹਰ ਕਰਦੇ ਹਨ ਉਹ ਕਾਵਿ ਧੁਨੀ ਕਾਵਿ ਹੈ । ਇਸ ਦਾ ਭਾਵ ਹੈ ਕਿ ਆਮ ਬੋਲ ਚਾਲ ਦੇ ਸ਼ਬਦ ਜਦੋਂ ਕਵਿਤਾ ਵਿੱਚ ਸਜਾਏ ਜਾਂਦੇ ਹਨ ਤਾਂ ਸ਼ਬਦਾਂ ਵਿੱਚੋਂ ਨਵੇਂ-ਨਵੇਂ ਇਸ਼ਾਰੇ ਮਹਿਸੂਸ ਕੀਤੇ ਜਾਂਦੇ ਹਨ ਅਤੇ ਭਾਵੁਕ ਪਾਠਕ ਕਵਿਤਾ ਵਿੱਚ ਪਰੋਏ ਲਫ਼ਜ਼ਾਂ ਵਿੱਚੋਂ ਇੱਕ ਅਦਭੁੱਤ ਤੇ ਲਿਖਣ ਭਾਵ ਲੱਭ ਲੈਂਦਾ ਹੈ ਨਵੇਂ ਵਿਅੰਗਮਈ ਅਰਥਾਂ ਦੀ ਅਨੁਭੂਤੀ ਹੀ ਕਵਿਤਾ ਦੀ ਧੁਨੀ ਹੈ ।ਇਸੇ ਨੂੰ ਹੀ ਧੁਨੀ ਵਾਦੀ ਆਲੋਚਕ ਕਵਿਤਾ ਦੀ ਬੁਨਿਆਦੀ ਖ਼ੂਬਸੂਰਤੀ ਕਹਿੰਦੇ ਹਨ। ਜਿਵੇਂ:- 'ਰਾਮ ਚੁਕੰਨਾ ਹੈ ' ਵਾਕ ਵਿੱਚ ਚੁਕੰਨਾ ਸ਼ਬਦ ਦਾ ਆਮ ਤੌਰ ਤੇ ਪ੍ਰਚਲਿਤ ਅਰਥ ਹੋਰ ਹੈ ਪ੍ਰੰਤੂ ਇਸ ਵਿੱਚੋਂ ਜਿਹੜੀ ਧੁਨੀ ਨਿਕਲਦੀ ਹੈ ਉਹ ਹੋਰ ਹੈ। ਚੁਕੰਨਾ ਦਾ ਮੁਢਲਾ ਅਰਥ ਹੈ ਚਾਰ ਕੰਨਾਂ ਵਾਲਾ ਪ੍ਰੰਤੂ ਅਸੀਂ ਕਾਵਿ ਖੇਤਰ ਵਿੱਚ ਇਸ ਦਾ ਪ੍ਰਯੋਗ ਉਸ ਵਿਅਕਤੀ ਲਈ ਕਰ ਜਾਂਦੇ ਹਾਂ ਜਿਹੜਾ ਬੜਾ ਹੁਸ਼ਿਆਰ ਹੈ, ਬੇਖ਼ਬਰ ਤੇ ਸਾਵਧਾਨ ਹੈ ਅਰਥਾਤ ਜਾਗਰੂਕ ਹੈ। ਸੋ ਚੁਕੰਨਾ ਸ਼ਬਦ ਦੀ ਧੁਨੀ ਹੁਸ਼ਿਆਰ ਹੈ।

ਆਚਾਰੀਆ ਮੰਮਟ ਦੇ ਅਨੁਸਾਰ:

"ਜਿੱਥੇ ਮੁੱਖ ਅਰਥਾਂ ਨਾਲ਼ੋਂ ਵਿਅੰਗ ਅਰਥ ਵਿੱਚ ਜ਼ਿਆਦਾ ਚਮਤਕਾਰ ਤੇ ਵਧੇਰੇ ਕਾਵਿਕ ਸੂਝ ਹੋਵੇ ਉਸ ਨੂੰ ਧੁਨੀ ਕਿਹਾ ਜਾਂਦਾ ਹੈ ।"

ਵਿਦਿਆ ਵਾਚ ਦੇ ਅਨੁਸਾਰ:

ਜਿੱਥੇ ਸ਼ਬਦ ਜਾਂ ਅਰਥ ਖੁਦ ਸਾਧਨ ਹੋ ਕੇ ਕਿਸੇ ਚਮਤਕਾਰੀ ਅਰਥ ਨੂੰ ਉਜਾਗਰ ਕਰਨ ਉਹ ਧੁਨੀ ਹੈ ।

ਸੋ ਕਵਿਤਾ ਵਿੱਚ ਧੁਨੀ  ਦਾ ਮਾਧਿਅਮ ਸ਼ਬਦ ਹੈ ਸ਼ਬਦਾਂ ਵਿੱਚੋਂ ਹੀ ਵਿਅੰਗ ਤੇ ਰਮਜ਼ਾਂ  ਫੁੱਟ ਨਿਕਲਦੀਆਂ ਹਨ। ਜਿਸ ਨੂੰ ਸੰਸਕ੍ਰਿਤ ਆਲੋਚਕਾਂ ਨੇ ਪਰਿਭਾਸ਼ਾ ਦੇ ਤੌਰ ਤੇ ਧੁਨੀ ਕਿਹਾ ਹੈ।ਇਨ੍ਹਾਂ ਅਰਥਾਂ ਵਿੱਚ ਧੁਨੀ ਸ਼ਬਦਾਂ ਉੱਤੇ ਆਧਾਰਿਤ ਹੁੰਦੀ ਹੈ ਦੂਜੇ ਸ਼ਬਦਾਂ  ਵਿੱਚ ਕਾਵਿ ਵਿੱਚ ਪਰੋਏ ਹੋਏ ਸ਼ਬਦਾਂ ਦੁਆਰਾ ਹੀ ਧੁਨੀ ਉਤਪੰਨ ਹੁੰਦੀ ਹੈ ਇਸ ਲਈ  ਸ਼ਬਦ ਹੀ ਧੁਨੀ ਦਾ ਆਧਾਰ ਹਨ। ਭਾਰਤੀ ਆਲੋਚਕਾਂ ਨੇ ਸ਼ਬਦ ਤੋਂ ਧੁਨੀ ਤੱਕ ਪਹੁੰਚਣ ਦੀਆਂ ਕੁਝ ਸ਼ਕਤੀਆਂ ਦੀ ਵਰਤੋਂ ਕੀਤੀ ਹੈ। ਅਰਥਾਤ ਸ਼ਬਦ ਸ਼ਕਤੀਆਂ ਦੇ ਸਹਾਰੇ ਹੀ ਕੋਈ ਸ਼ਬਦ ਕਾਵਿ ਵਿੱਚ ਕੋਈ ਨਵੀਂ ਤੇ ਅਨੋਖੀ ਧੁਨੀ ਕੱਢਦਾ ਹੈ। ਇਸ ਲਈ ਸ਼ਬਦਾਂ ਨੂੰ ਕਾਵਿ ਧੁਨੀ ਤੱਕ ਪਹੁੰਚਣ ਲਈ ਕੁਝ ਸ਼ਕਤੀਆਂ ਵਿੱਚੋਂ ਲੰਘਣਾ ਪੈਂਦਾ ਹੈ ਜੋ ਤਿੰਨ ਹਨ।

1. ਅਭਿਧਾ ਸ਼ਕਤੀ

2. ਲੱਕਸ਼ਣਾ ਸ਼ਕਤੀ

3. ਵਿਅੰਜਨਾ ਸ਼ਕਤੀ।

## ਅਭਿਧਾ ਸ਼ਕਤੀ:

ਸ਼ਬਦ ਸ਼ਕਤੀਆਂ ਦੇ ਸਹਾਰੇ ਨਾਲ ਹੀ ਕਵਿਤਾ ਵਿੱਚੋਂ ਕਿਸੇ ਰਮਜ਼ ਜਾਂ ਧੁਨੀ ਨੂੰ ਪ੍ਰਤੀਤ ਕੀਤਾ ਜਾ ਸਕਦਾ ਹੈ। ਇਨ੍ਹਾਂ ਸ਼ਬਦ ਸ਼ਕਤੀਆਂ ਵਿੱਚੋਂ ਅਭਿਧਾ ਸ਼ਕਤੀ ਪਹਿਲੀ ਤੇ ਮੁਢਲੀ ਹੈ। ਸ਼ਬਦ ਦਾ ਮੁੱਢਲੇ ਅਰਥ ਵਿੱਚ ਜਿਸ ਸ਼ਕਤੀ ਰਾਹੀਂ ਬੋਧ ਹੁੰਦਾ ਹੈ ਉਹ ਅਭਿਧਾ ਸ਼ਕਤੀ ਹੈ ਭਾਵ ਅਵਿਧਾ ਸ਼ਕਤੀ ਨਾਲ ਹੀ ਹਰੇਕ ਲਫਜ਼ ਦੇ ਪਹਿਲੇ ਅਰਥ  ਵਿੱਚ ਜਾਣਨ ਵਿੱਚ ਸਮਰੱਥ ਹੁੰਦੇ ਹਾਂ। ਇਸ ਸੰਬੰਧੀ ਡਾ. ਓਮ ਪ੍ਰਕਾਸ਼ ਸ਼ਰਮਾ ' ਕਾਵਿ ਆਲੋਚਨਾ ਪੁਸਤਕ ਵਿੱਚ ਲਿਖਦੇ ਹਨ:

"ਸ਼ਬਦ ਦੀ ਜਿਸ ਸ਼ਕਤੀ ਨਾਲ ਉਹਦਾ ਸੁਭਾਵਿਕ ਅਰਥ ਗਿਆਨ ਹੁੰਦਾ ਹੈ, ਉਸ ਨੂੰ ਅਭਿਧਾ ਸ਼ਕਤੀ ਕਹਿੰਦੇ ਹਨ।ਇਸ ਸ਼ਬਦ ਸ਼ਕਤੀ ਦੁਆਰਾ ਪ੍ਰਾਪਤ ਹੋਣ ਵਾਲੇ ਅਰਥ ਨੂੰ ਵਚਿਆਰਥ ਕਹਿੰਦੇ ਹਨ।"

ਸੋ ਕਿਸੇ ਵੀ ਸ਼ਬਦ ਤੋਂ ਪ੍ਰਗਟ ਹੁੰਦਾ ਸਿੱਧਾ ਮੂਲ ਅਰਥ ਕੋਸ਼ਗਤ ਅਰਥ, ਪਰੰਪਰਾਵਾਦੀ ਅਰਥ ਸਾਡੀ ਅਭਿਧਾ ਸ਼ਕਤੀ ਹੈ। ਅਭਿਧਾ ਵਿੱਚ ਹਰ ਸ਼ਬਦ ਦਾ ਪ੍ਰਚਲਿਤ ਅਰਥ ਹੀ ਲਿਆ ਜਾਂਦਾ ਹੈ।ਇਸ ਦਾ ਨਿਰਾ ਪੁਰਾ ਆਧਾਰ ਸੰਕੇਤ ਹੈ। ਜਿਸ ਕਿਸੇ ਵਸਤੂ ਦਾ ਕਿਸੇ ਰੂਪ ਵਿੱਚ ਸਾਡੇ ਬਜ਼ੁਰਗ ਅਰਥ ਲੈਂਦੇ ਆਏ ਹਨ ਉਹੀ ਉਸ ਸ਼ਬਦ ਦਾ ਅਵਿਧਾ ਮੂਲਕ ਅਰਥ  ਹੈ ਜਿਵੇਂ  ਗਾਂ  ਨੂੰ  ਦੇਖ  ਕੇ  ਅਸੀਂ  ਚਾਰ  ਟੰਗਾਂ ਵਾਲੀ ਇੱਕ ਪੂਛ ਵਾਲੀ ਦੋ ਸਿੰਗਾਂ  ਵਾਲੀ, ਇੱਕ ਖਾਸ ਰੰਗ ਵਾਲੀ ਸਮਝਦਾ ਆਪਣੇ  ਦਿਮਾਗ ਵਿੱਚ ਚਿੱਤਰ ਉਲੀਕ ਲੈਂਦੇ ਹਾਂ ਇਹ ਸਾਡਾ ਪਰੰਪਰਾਵਾਦੀ ਜਾਂ ਸੰਕੇਤਿਕ ਚਿੱਤਰ ਹੈ। ਅਚਾਰੀਆ ਰਾਮ ਚੰਦਰ ਸ਼ੁਕਲ ਅਨੁਸਾਰ "ਸ਼ਬਦ ਦੇ ਸੂਖਮ ਅਰਥ ਦਾ ਬੋਧ  ਕਰਵਾਉਣ ਵਾਲੀ ਸ਼ਕਤੀ ਨੂੰ ਅਭਿਧਾ ਸ਼ਕਤੀ ਕਿਹਾ ਜਾਂਦਾ ਹੈ ਸ਼ੁਕਲ ਨੇ ਅਵਿਧਾ  ਸ਼ਕਤੀ ਨੂੰ ਮੂਲ ਸ਼ਕਤੀ ਗਿਣਿਆ ਹੈ। ਸ਼ਬਦ ਦੀ ਪਹਿਲੀ ਸ਼ਕਤੀ ਨੂੰ ਪ੍ਰਗਟ ਕਰਨ  ਵਾਲਾ ਸ਼ਬਦ ਵਾਚ ਅਖਵਾਉਂਦਾ ਹੈ। ਜਿਹੜਾ ਅਰਥ ਪ੍ਰਾਪਤ ਹੁੰਦਾ ਹੈ, ਉਸ ਨੂੰ  ਵਾਚਿਆਰਥ ਕਿਹਾ ਜਾਂਦਾ ਹੈ। ਜਦੋਂ ਕਿਸੇ ਸ਼ਬਦ ਦੇ ਵਚਿਆਰਥ ਜਾਂ ਮੁਖਾਰਥ  ਵਿੱਚ  ਰੁਕਾਵਟ  ਪੈਦਾ ਹੋ ਜਾਵੇ ਤੇ ਕਿਸੇ ਹੋਰ ਸ਼ਕਤੀ ਨਾਲ ਸ਼ਬਦ ਦੀ ਪ੍ਰਤੀਤ ਪਏ ਤਾਂ ਹੀ  ਅਭਿਧਾ ਨਹੀਂ ਲਕਸ਼ਣਾ ਸ਼ਬਦ ਸ਼ਕਤੀ ਹੋਵੇਗੀ। ਅਭਿਧਾ ਸ਼ਕਤੀ ਨਾਲ ਸ਼ਬਦ ਦੇ  ਪਹਿਲੇ ਦੇ ਸਰਲ ਅਰਥ ਸਮਝ ਵਿੱਚ ਆ ਜਾਂਦੇ ਹਨ। ਜਿਵੇਂ ਜੇ ਚੁਕੰਨਾ ਦਾ ਪਹਿਲਾ  ਅਰਥ ਚਾਰ ਕੰਨਾਂ  ਵਾਲਾ ਆਮ ਬਿਆਨੀਆ ਕਾਵਿ ਵਿੱਚ ਅਭਿਧਾ ਸ਼ਕਤੀ ਹੀ ਹੁੰਦੀ ਹੈ। ਵਾਰਿਸ ਸ਼ਾਹ ਦਾ ਬੰਦ ਹੈ:-

ਚਿੜੀ ਚੂਕਦੀ ਨਾਲ ਨਾ ਤੁਰੇ ਪਾਂਧੀ, ਪਈਆਂ ਚਾਟੀਆਂ ਵਿੱਚ ਮਧਾਣੀਆਂ ਨੇ।

ਵਾਰਿਸ ਇੱਥੇ ਪ੍ਰਭਾਤ ਦਾ ਸੁਭਾਵਿਕ ਵਰਨਣ ਕਰ ਰਿਹਾ ਹੈ ਕਵੀ ਦਾ ਮਨੋਰਥ ਨਾ ਕੋਈ ਵਿਅੰਗ ਨਾ ਕੋਈ ਸਦਾਚਾਰਕ ਉਪਦੇਸ਼ ਨਾ ਕੋਈ ਲੁਕਵੀਂ ਜਾਂ ਗੁੱਝੀ ਚੋਟ ਸਿੱਧਾ ਤੇ  ਸਪੱਸ਼ਟ ਬਿਆਨ ਹੈ, ਜਿਹੜਾ ਪੰਜਾਬ ਦੇ ਪੇਂਡੂ ਜੀਵਨ ਦਾ ਨਕਸ਼ਾ ਖਿੱਚ ਰਿਹਾ ਹੈ ਇਸ ਲਈ ਬੰਦ ਦੇ ਹਰੇਕ ਸ਼ਬਦ ਚਿੜੀ ਪਾਂਧੀ ਦੁੱਧ ਮਧਾਣੀ ਚਾਟੀ ਆਦਿ ਆਮ ਕੋਸ਼ੀ ਅਰਥ ਹੀ ਪ੍ਰਗਟ ਕਰਦੇ ਹਨ ਤੇ ਅਭਿਧਾ ਸ਼ਕਤੀ ਦੇ ਮਾਧਿਅਮ ਨਾਲ ਉਜਾਗਰ ਹੁੰਦੇ ਹਨ। ਇਉਂ ਸ਼ਬਦ ਤੇ ਅਰਥ ਦੇ ਦਰਮਿਆਨ ਸੰਧੀ  ਸਥਾਧਤ ਕਰਨ ਵਾਲੀ ਵਿਚੋਲਾ ਸ਼ਕਤੀ ਅਭਿਧਾ ਸ਼ਕਤੀ ਹੈ। ਇਸ ਨੂੰ ਹੋਰ ਉਦਾਹਰਨਾਂ ਦੁਆਰਾ ਸਮਝਿਆ ਜਾ ਸਕਦਾ ਹੈ:

ਉਹ ਕਿਹਾ ਦਿਹਾੜਾ ਸੀ?

ਉਹ ਭਾਗਾਂ ਵਾਲਾਂ ਸੀ,

ਉਹ ਕਰਮਾਂ ਵਾਲਾ ਸੀ,

ਜਿਸ ਸ਼ੁਭ ਦਿਹਾੜੇ ਨੀ,

ਘਰ ਮੇਰਾ ਲਾੜਾ ਸੀ।

ਮੈਂ ਨਾਤ੍ਹੀ ਧੋਤੀ ਨੀ,

ਮੈਂ ਵਾਲ ਵਧਾਏ ਨੀ,

ਮੈਂ ਕਜਲਾ ਪਾਇਆ ਨੀ,

ਮੈਂ ਗਹਿਣੇ ਲਾਏ ਨੀ,

ਮਲ ਮਲ ਕੇ ਖੋੜੀ ਮੈਂ

ਹੀਰੇ ਲਿਸ਼ਕਾਏ ਨੀ

ਲਾ ਲਾ ਕੇ ਬਿੰਦੀਆਂ ਮੈਂ

ਕਈ ਫੰਧ ਬਣਾਏ ਨੀ। (ਪ੍ਰੋ. ਮੋਹਨ ਸਿੰਘ)

ਪੱਕ ਪਈਆਂ ਕਣਕਾਂ, ਲੁਕਾਠ ਰਸਿਆ,

ਬੂਰ ਪਿਆ ਅੰਬਾਂ ਨੂੰ ਗੁਲਾਬ ਹੱਸਿਆ।

--------------------------

ਥਾਈਂ ਥਾਈਂ ਖੇਡਾਂ ਤੇ ਪੰਘੂੜੇ ਆਏ ਨੇਂ

ਜੋਗੀਆਂ ਮਦਾਰੀਆਂ ਤਮਾਸ਼ੇ ਲਾਏ ਨੇਂ

ਵੰਝਲੀ, ਲੰਗੋਜ਼ਾਂ, ਕਾਟੋ ਤੂੰਬਾ ਵੱਜਦੇ,

ਛਿੰਝ ਵਿਚ ਸੂਰੇ ਪਹਿਲਵਾਨ ਗੱਜਦੇ। (ਧਨੀ ਰਾਮ ਚਾਤ੍ਰਿਕ)

ਓਏ! ਮਜ਼ੂਰ ਚੰਗੇ ਲੱਗਦੇ

ਨਿੱਕੇ ਨਿੱਕੇ ਖ਼ਿਆਲ ਇਨ੍ਹਾਂ ਦੇ,

ਉਨ੍ਹਾਂ ਵਿਚ ਢਲੀਆਂ ਇਨ੍ਹਾਂ ਦੀਆਂ ਜ਼ਿੰਦਗੀਆਂ

ਸਾਦੇ ਸਾਦੇ ਚਿਹਰੇ, ਬੇਨਕਾਬ ਜਿਹੇ। ( ਪ੍ਰੋ. ਪੂਰਨ ਸਿੰਘ)

ਅਭਿਧਾ ਸ਼ਕਤੀ ਦੁਆਰਾ ਅਰਥਾਂ ਦਾ ਗਿਆਨ ਦੇਣ ਵਾਲੇ ਅਰਥਾਂ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਜਾ ਸਕਦਾ ਹੈ ।

1.**ਰੂੜੀ ਸ਼ਬਦ:** ਉਹ ਸ਼ਬਦ ਜਿਨ੍ਹਾਂ ਨਾਲ ਇਕ ਹੀ ਅਰਥ ਰੂੜ ਹੋ ਗਿਆ ਹੋਵੇ ਤੇ ਉਹ ਅਰਥ ਪਰੰਪਰਾ ਤੋਂ ਚੱਲਦਾ ਆ ਰਿਹਾ ਹੋਵੇ ਜਿਵੇਂ ਘੋੜਾ, ਆਦਮੀ, ਦਰੱਖ਼ਤ ।

2.**ਯੋਗਿਕ ਸ਼ਬਦ:** ਵਿਆਕਰਣ ਨਿਯਮਾਂ ਨੂੰ ਥੋੜ੍ਹਾ ਬਹੁਤ ਬਦਲ ਰੋੜੀ ਅਰਥ ਤੋਂ ਵੱਖਰਾ ਕੋਈ ਮਿਲਦਾ ਜੁਲਦਾ ਅਰਥ ਨਿਸ਼ਚਿਤ ਕਰਨ ਨਾਲ ਯੋਗਿਕ ਸ਼ਬਦ ਬਣਦੇ ਹਨ ਜਾਂ ਦੋ ਅੰਗ ਜੁੜਦੇ ਬਣੇ ਇੱਕ ਅਰਥ ਨੂੰ ਯੋਜਿਕ ਸ਼ਬਦ ਕਿਹਾ ਜਾਂਦਾ ਹੈ ਜਿਵੇਂ ਧਰਮ + ਸਾਲਾ , ਭੂ +ਪਤੀ , ਉਪ +ਰਾਸ਼ਟਰਪਤੀ ਆਦਿ ।

3.**ਯੋਗ ਰੂੜੀ ਸ਼ਬਦ** :- ਯੋਗ ਰੂੜੀ ਸ਼ਬਦ ਉਹ ਹੁੰਦੇ ਹਨ ਜਿਨ੍ਹਾਂ ਵਿੱਚ ਰੂੜੀ ਦੇ ਯੋਗ ਦੋਵਾਂ ਦਾ ਮੇਲ ਹੋਵੇ ਜਿਵੇਂ ਮ੍ਰਿਗ ਨੈਣੀ ,ਖਲਨਾਇਕ, ਯੋਗ ਰੂੜੀ ਉੱਥੇ ਹੁੰਦੀ ਹੈ। ਜਿੱਥੇ ਇੱਕੋ ਹੀ ਅਰਥ ਕਰਨ ਲਈ ਯੋਗ ਤੇ ਸਮੂਹ ਸ਼ਕਤੀ ਜ਼ਰੂਰਤ ਹੋਵੇ ਭਾਵ ਸ਼ਬਦਾਂ ਦਾ ਯੋਗ ਅਰਥ ਹੋਰ ਹੋਵੇ ਤੇ ਰੂੜੀ ਕਿਸੇ ਹੋਰ ਅਰਥ ਵਿੱਚ ਪੈ ਜਾਵੇ ਜਿਵੇਂ ਪੰਕਜ ,ਪੰਕ(ਚਿੱਕੜ )+ ਜ (ਜਨਮ ਹੋਣਾ )ਅਰਥਾਤ ਚਿੱਕੜ ਵਿੱਚ ਪੈਦਾ ਹੋਣ ਵਾਲਾ ਪਰ ਇਸ ਸ਼ਬਦ ਨੂੰ ਕੇਵਲ ' ਕਮਲ ਦੇ ਫੁੱਲ ' ਲਈ ਹੀ ਵਰਤਿਆ ਜਾਂਦਾ ਹੈ। ਜਦੋਂ ਤੱਕ ਅਭਿਧਾ ਸ਼ਕਤੀ ਦੁਆਰਾ ਵਾਸਤਵਿਕ ਅਰਥ ਦਾ ਗਿਆਨ ਨਹੀਂ ਹੋ ਜਾਂਦਾ ਉਦੋਂ ਤੱਕ ਹੋਰਨਾਂ ਸ਼ਕਤੀਆਂ ਦੀ ਕੋਈ ਮਹੱਤਤਾ ਨਹੀਂ ਸ਼ਾਬਦਿਕ ਅਰਥ ਦੇ ਗਿਆਨ ਮਗਰੋਂ ਹੀ ਅਭਿਧਾ ਸ਼ਕਤੀ ਅਰਥਾਂ ਵਿੱਚ ਲੁਕੇ ਲਕਸ਼ਣਾ ਜਾਂ ਵਿਅੰਗ ਅਰਥਾਂ ਦਾ ਗਿਆਨ ਹੁੰਦਾ ਹੈ ।

## ਅਭਿਧਾ ਸ਼ਕਤੀ ਦੇ ਸਹਿਯੋਗੀ ਤੇ ਪ੍ਰੇਰਿਤ ਤੱਤ:

ਸਾਹਿਤ ਆਚਾਰੀਆ ਨੇ ਸ਼ਬਦ ਦੇ ਅਰਥ ਦੇ ਸੰਬੰਧ ਗਿਆਨ ਦੇ ਅੱਠ ਕਾਰਨ ਮੰਨੇ ਹਨ । ਇਹ ਅਭਿਧਾ ਸ਼ਕਤੀ ਦੇ ਸਹਿਯੋਗ ਤੇ ਪ੍ਰੇਰਿਤ ਤੱਤ ਹਨ।

(1) ਵਿਆਕਰਣ ਤੋਂ ਸ਼ਬਦਾਂ ਦੇ ਧਾਤੂ ਅਗੇਤਰ ਪਿਛੇਤਰ ਦਾ ਗਿਆਨ ਹੁੰਦਾ ਹੈ ।

(2) ਉਪਮਾਨ ਦਾ ਅਰਥ ਹੈ; ਸਮਾਨਤਾ, ਬਰਾਬਰੀ, ਇਸ ਨਾਲ ਵੀ ਸੰਕੇਤ ਦਾ ਪਤਾ ਚੱਲਦਾ ਹੈ ।

(3) ਕੋਸ਼ ਤੋਂ ਸ਼ਬਦਾਂ ਦੇ ਭਿੰਨ ਭਿੰਨ ਅਰਥ ਪਤਾ ਚੱਲਦੇ ਹਨ ।

(4) ਪ੍ਰਸਿੱਧ ਵਿਅਕਤੀ ਦਾ ਕਥਨ ਵੀ ਅਰਥ ਮੰਨ ਲਿਆ ਜਾਂਦਾ ਹੈ ।

(5)ਵਿਵਹਾਰਿਕ ਵਰਤੋਂ ਜਦੋਂ ਬੱਚੇ ਨੂੰ ਵੱਡੇ ਵਿਅਕਤੀ ਇਹ ਕਹਿੰਦੇ ਹਨ ,ਘੜਾ ਚੁੱਕੋ ਜਾਂ ਘੜਾ ਰੱਖੋ ਤਾਂ ਉਹ ਉਸ ਸ਼ਬਦ ਦੇ ਮਿੱਟੀ ਦੇ ਬਣੇ ਗੋਲ ਅਕਾਰ ਵਾਲੇ ਪਦਾਰਥ ਵੱਲ ਵੇਖ ਕੇ ਘੜਾ ਸ਼ਬਦ ਦੇ ਅਰਥ ਨੂੰ ਸਮਝਣ ਦੇ ਸਮਰੱਥ ਹੋ ਜਾਂਦੇ ਹਨ ।

(6) ਪ੍ਰਸੰਗ: ਕਈ ਵਾਰ ਕਿਸੇ ਅਗਲੇ ਪਿਛਲੇ ਪ੍ਰਸੰਗ ਵਿੱਚ ਹੀ ਸ਼ਬਦ ਦਾ ਅਰਥ ਸਪੱਸ਼ਟ ਹੁੰਦਾ ਹੈ।

(7) ਵਿਆਖਿਆ: ਕਿਸੇ ਸ਼ਬਦ ਦੀ ਵਿਆਖਿਆ ਨਾਲ ਉਸ ਦੇ ਸੰਕੇਤ ਦਾ ਗਿਆਨ ਹੋ ਜਾਂਦਾ ਹੈ।

(8) ਪ੍ਰਸਿੱਧ ਸ਼ਬਦ ਦੀ ਨੇੜਤਾ

ਇੱਕ ਪ੍ਰਸਿੱਧ ਸ਼ਬਦ ਦੇ ਅਰਥ ਨੂੰ ਵੇਖ ਕੇ ਉਸ ਦੇ ਨਿਕਟ ਵਰਤੇ ਸ਼ਬਦ ਦੇ ਅਰਥ ਦਾ ਗਿਆਨ ਹੁੰਦਾ ਹੈ

## ਲਕਸ਼ਣਾ ਸ਼ਕਤੀ

ਜਿਸ ਸ਼ਬਦ ਤੋਂ ਉਸ ਦੇ ਮੁੱਖ ਅਰਥਾਂ ਤੋਂ ਇਲਾਵਾ ਹੋਰ ਅਰਥ ਪਰਗਟ ਹੁੰਦੇ ਹੁਣ ਉਹ ਸ਼ਬਦ ਲਕਸ਼ਣਾ ਸ਼ਕਤੀ ਦਾ ਧਾਰਨੀ ਹੁੰਦਾ ਹੈ । ਲਕਸ਼ਣਾ ਦਾ ਅਰਥ ਹੈ ਅਨੁਮਾਨ ਲਾਉਣਾ। ਜਦੋਂ ਅਸੀਂ ਕਿਸੇ ਨੂੰ ਉੱਲੂ ਕਹਿੰਦੇ ਹਾਂ ਉਹ ਉੱਲੂ ਨਹੀਂ ਹੁੰਦਾ, ਸਗੋਂ ਉਸ ਵਿੱਚ ਉੱਲੂ ਵਰਗੇ ਗੁਣ ਹੁੰਦੇ ਹਨ । ਇਸ ਲਈ ਇਹ ਸ਼ਬਦ ਦੇ ਲਕਸ਼ਣਾ ਸ਼ਕਤੀ ਰਾਹੀਂ ਕੀਤੇ ਗਏ ਅਰਥ ਹਨ ।ਆਚਾਰੀਆ ਮੰਮਟ ਨੇ 'ਕਾਵਿਯ ਪ੍ਰਕਾਸ਼' ਵਿੱਚ ਲਿਖਿਆ। " ਕਵਿਤਾ ਵਿੱਚ ਅਰਥਾਂ ਦੇ ਪ੍ਰਸੰਗ ਵਿੱਚ ਪਹਿਲੇ ਮੁੱਢਲੇ ਅਰਥ ਵਿੱਚ ਰੋਕ ਪੈਣ ਉੱਤੇ ਕਿਸੇ ਖਾਸ ਮਨੋਰਥ ਨੂੰ ਸਾਹਮਣੇ ਰੱਖ ਕੇ ਪਹਿਲੇ ਅਰਥ ਨਾਲ ਰਲਦਾ ਮਿਲਦਾ ਜਿੱਥੇ ਕੋਈ ਹੋਰ ਅਰਥ ਉਜਾਗਰ ਹੁੰਦਾ ਹੈ, ਉੱਥੇ ਲਕਸ਼ਣਾ ਸ਼ਕਤੀ ਹੁੰਦੀ ਹੈ ।"

ਮੰਮਟ ਨੇ ਇਸ ਦੀ ਪਰਿਭਾਸ਼ਾ ਦਿੰਦਿਆਂ ਤਿੰਨ ਵਿਸ਼ੇਸ਼ਤਾਵਾਂ ਦਾ ਜ਼ਿਕਰ ਕੀਤਾ ਹੈ:-

1. ਲਕਸ਼ਣਾ ਸ਼ਕਤੀ ਵਿੱਚ ਮੁੱਖ ਅਲੋਪ ਹੋ ਜਾਦੇ ਹਨ ਅਤੇ ਉਹ ਸ਼ਬਦ ਪ੍ਰਚਲਿਤ ਅਰਥ ਦੀ ਥਾਂ ਹੋਰ ਅਰਥ ਵਿੱਚ ਬਦਲ ਜਾਂਦਾ ਹੈ।ਉਦਾਹਰਨ ਵਜੋਂ- ਪੰਜਾਬ ਅਣਖੀਲਾ ਹੈ। ਵਾਕ ਵਿੱਚ ਪੰਜਾਬ ਸਬਦ ਦੇ ਅਰਥ ਪੰਜਾਬ ਪੰਜਾਬ ਪ੍ਰਾਂਤ ਨਹੀ ਸਗੋਂ ਇਸ ਦਾ ਸੰਕੇਤ ਪੰਜਾਬ ਦੇ ਲੋਕਾਂ ਵੱਲ ਹੈ।

2. ਸ਼ਬਦ ਦੇ ਬਦਲੇ ਹੋਏ ਅਰਥਾਂ ਦਾ ਮੁੱਖ ਸ਼ਬਦ ਨਾਲ ਸੰਬੰਧ ਕਾਇਮ ਰਹਿੰਦਾ ਹੈ।

ਸੋ ਇਸ ਤਰ੍ਹਾਂ ਜਦੋਂ ਕਿਸੇ ਸ਼ਬਦ ਦੇ ਵਿੱਚ ਅਰਥ ਦੇ ਵਾਚਿਆਰਥ ਜਾਂ ਮੁਖਾਰਥ ਵਿੱਚ ਰੁਕਾਵਟ ਆਵੇ ਫਿਰ ਲਕਸ਼ਣਾ ਸ਼ਬਦ ਸ਼ਕਤੀ ਕਹੀ ਉਸ ਦੀ ਪ੍ਰਤੀਤੀ ਕਰਨੀ ਹੋਵੇਗੀ ਅਤੇ ਇਸ ਸ਼ਕਤੀ ਦੁਆਰਾ ਗਿਆਤ ਹੋ ਹੋਣ ਵਾਲੇ ਸ਼ਬਦ ਨੂੰ ਲਕਸ਼ਣਾਰਥ ਕਹਿੰਦੇ ਹਨ। ਜਿਵੇਂ:-"ਰਾਮ ਚੁਕੰਨਾ ਹੈ "ਵਾਕ ਵਿੱਚ ਚੁਕੰਨਾ ਦਾ ਪਹਿਲਾ ਅਰਥ ਚਾਰ ਕੰਨਾਂ ਵਾਲਾ ਹੈ ਪਰ ਕੋਈ ਵੀ ਵਿਅਕਤੀ ਚਾਰ ਕੰਨਾਂ ਵਾਲਾ ਨਹੀਂ ਹੋ ਸਕਦਾ। ਇਸ ਦੇ ਪਹਿਲੇ ਅਰਥਾਂ ਜਾਂ ਵਾਚਿਆਰਥ ਵਿੱਚ ਰੁਕਾਵਟ ਖੜੀ ਹੋ ਗਈ ਪਰ ਕਵੀ ਦਾ ਮਨੋਰਥ ਚੁਕੰਨਾਂ ਤੋਂ ਦੋ ਕੰਨਾਂ ਤੋਂ ਵੱਧ ਚਾਰ ਕਰਨਾ ਜਿੰਨੀ ਚੇਤਨਤਾ ਤੇ ਹੁਸ਼ਿਆਰੀ ਰੱਖਣ ਵਾਲਾ ਦੱਸਦਾ ਹੈ। ਇਸ ਲਈ ਇਸ ਨਵੇਂ ਅਰਥ ਨੂੰ ਪ੍ਰਗਟਾਉਣ ਵਾਲੇ ਸ਼ਬਦ ਸ਼ਕਤੀ ਲਕਸ਼ਣਾ ਦੀ ਹੈ। ਇਸ ਤਰ੍ਹਾਂ ਕਵਿਤਾ ਵਿੱਚ ਕਵੀ ਇੱਕ ਖ਼ਾਸ ਵਿਉਂਤ ਨਾਲ ਸ਼ਬਦਾਂ ਨੂੰ ਇਸ ਤਰ੍ਹਾਂ ਜੋੜਦਾ ਹੈ ਕਿ ਉਨ੍ਹਾਂ ਵਿੱਚ ਨਿਕਲਣ ਵਾਲੇ ਅਰਥ ਆਮ ਲੌਕਿਕ ਪੱਧਰ ਉੱਤੇ ਬੜੇ ਵਿਰੋਧੀ ਲੱਗਦੇ ਹਨ ਅਤੇ ਕਵਿਤਾ ਲੋਕ ਪੱਧਰ ਤੇ ਵੀ ਕੁਝ ਹੋਰ ਹੁੰਦੇ ਹਨ ਅਤੇ ਸਿਧਾਂਤਕ ਪੱਧਰ ਤੇ ਕੁਝ ਹੋਰ ਡਾ.ਜਸਵੰਤ ਸਿੰਘ ਨੇਕੀ ਦੀ ਕਵਿਤਾ ਦਾ ਇੱਕ ਬੰਦ :-

ਅੱਖੀਓਂ ਜਾਚ ਸਿੱਖੋ ਵੇਖਣ ਦੀ ਰੂਪ ਦੁਹਾਈਆਂ ਦੇਦਾ ਨੀ।

ਇਹ ਤਾਂ ਲਿਸ਼ਕੰਦੜਾ ਕੱਚ ਦਾ ਪੜ੍ਹਦਾ ਸੋਹਣਾ ਪਾਰ ਵਸੇਂਦਾ ਨੀ।

ਕਵੀ 'ਅੱਖੀਆਂ ' ਨੂੰ ਸੰਬੋਧਨ ਕਰਦਾ ਹੈ। ਅੱਖਾਂ ਤਾਂ ਨਿਰਜਿੰਦ ਹਨ, ਨਿਰ ਉੱਤਰ ਹਨ। ਫਿਰਜੜ੍ਹ ਪਦਾਰਥ ਨੂੰ ਸੰਬੋਧਨ ਕਰਨਾ, ਵਾਜਾਂ ਮਾਰਨੀਆਂ, ਨਿਰੀ ਹਾਸੋ ਹੀਣੀ ਗੱਲ ਹੈ। ਇਸੇ ਤਰ੍ਹਾਂ ਰੂਪ ਅਰਥਾਤ ਹੁਸਨ ਨੂੰ ਉੱਚੀ ਉੱਚੀ ਦੁਹਾਈਆਂ ਦਿੰਦਾ ਦੱਸਿਆ ਗਿਆ ਹੈ। ਪ੍ਰੰਤੂ ਰੂਪ ਕੋਈ ਇਨਸਾਨ ਨਹੀਂ ਕੋਈ ਹੱਡ ਚੰਮ ਦਾ ਦੇਹਧਾਰੀ ਸਥੂਲ ਨਹੀਂ, ਪ੍ਰੰਤੂ ਯਥਾਰਥਵਾਦੀ ਦ੍ਰਿਸ਼ਟੀਕੋਣ ਤੋਂ ਇਹ ਮੱਤ ਕੁਝ ਸਹੀ ਨਹੀਂ ਲੱਗਦਾ, ਸੈਵ ਵਿਰੋਧੀ ਹੈ। ਪਰ ਕਵੀ ਦਾ ਮਨੋਰਥ ਹੋਰ ਹੈ। ਉਹ ਆਪਣੇ ਨਿਸ਼ਾਨੇ ਲਈ ਇਹ ਕਾਵਿ ਪ੍ਰਯੋਗ ਕਰ ਰਿਹਾ ਹੈ। ਇਸ ਲਈ ਭਾਵੇਂ ਲੌਕਿਕ ਪੱਧਰ ਉੱਤੇ ਇਹ ਕਥਨ ਵਿਰੋਧੀ ਹੈ ਬੇ ਅਰਥ ਹੈ।ਪ੍ਰੰਤੂ ਕਲਾਤਮਿਕ ਪੱਧਰ ਉੱਤੇ ਇਨ੍ਹਾਂ ਦੇ ਖ਼ਾਸ ਅਰਥ ਹਨ। ਇਨ੍ਹਾਂ ਅਰਥਾਂ ਨੂੰ ਜਾਨਣ ਲਈ ਲਕਸ਼ਣਾ ਸ਼ਕਤੀ ਹੀ ਹੈ। ਅੱਖੀਆਂ ਤੋਂ ਭਾਵ ,ਅੱਖਾਂ ਵਾਲੇ ਵਿਅਕਤੀ ਡੂੰਘੀ ਨੀਝ ਵਾਲੇ ਦ੍ਰਿਸ਼ਟੇਤਾ। ਰੂਪ ਤੋਂ ਰੂਪਮਾਨ ਹੁਸੀਨ ,ਮਹਿਬੂਬ ਅਰਥਾਤ ਰੱਬੀ ਰਹੱਸਵਾਦੀ ਪ੍ਰਿਯ। ਹੁਸਨ ਹੋਰ ਥਾਂ ਦਾ ਵਾਸੀ ਹੈ। ਪ੍ਰੰਤੂ ਸੂਖ਼ਮ ਦ੍ਰਿਸ਼ਟੀ ਵਾਲਿਆਂ ਨੂੰ ਲੱਭਣ ਤੇ ਵੇਖਣ ਦੀ ਜਾਂਚ ਆਉਣੀ ਚਾਹੀਦੀ ਹੈ। ਇਹ ਅਰਥ ਲਕਸ਼ਣਾ ਸ਼ਕਤੀ ਦੇ ਸਹਾਰੇ ਗ੍ਰਹਿਣ ਕੀਤਾ ਜਾ ਰਹੇ ਹਨ।

ਲਖਸ਼ਣਾ ਸ਼ਕਤੀ ਰਾਹੀਂ ਪ੍ਰਾਪਤ ਹੋਣ ਵਾਲੇ ਅਰਥਾਂ ਨੂੰ ਹੇਠ ਲਿਖੀਆਂ ਉਦਾਹਰਨਾਂ ਰਾਹੀਂ ਹੋਰ ਸਮਝਿਆ ਜਾ ਸਕਦਾ ਹੈ:

ਹਰ ਮੋੜ ਤੇ ਸਲੀਬਾਂ, ਹਰ ਮੋੜ ਤੇ ਹਨੇਰਾ।

ਫਿਰ ਵੀ ਅਸੀਂ ਰੁਕੇ ਨਾ, ਸਾਡਾ ਵੀ ਦੇਖ ਜੇਰਾ। (ਜਗਤਾਰ)

ਕੀ ਪੁੱਛਦਿਉ ਹਾਲ ਫਕੀਰਾਂ ਦਾ

ਸਾਡਾ ਨਦੀਉਂ ਵਿਛੜੇ ਨੀਰਾਂ ਦਾ

ਸਾਡਾ ਹੰਝ ਦੀ ਜੂਨੇ ਆਇਆਂ ਦਾ
ਸਾਡਾ ਦਿਲ ਜਲਿਆ ਦਿਲਗੀਰਾਂ ਦਾ! ( ਸ਼ਿਵ ਕੁਮਾਰ ਬਟਾਲਵੀ)

ਅੰਨ ਦਾਤਾ! ਮੈਂ ਚੰਮ ਦੀ ਗੁੱਡੀ, ਖੇਡ ਲੈ ਖਿਡਾ ਲੈ
ਲਹੂ ਦਾ ਪਿਆਲਾ, ਪੀ ਲੈ ਪਿਲਾ ਲੈ। (ਅੰਮ੍ਰਿਤਾ ਪ੍ਰੀਤਮ)

ਦੋ ਟੋਟਿਆਂ ਦੇ ਵਿਚ ਭੌਂ ਟੁੱਟੀ,
ਇਕ ਮਹਿਲਾਂ ਦਾ ਇਕ ਢੋਕਾਂ ਦਾ।
ਦੋ ਧੜਿਆਂ ਵਿਚ ਖਲਕਤ ਵੰਡੀ,
ਇਕ ਲੋਕਾਂ ਦਾ ਇਕ ਜੋਕਾਂ ਦਾ। (ਪ੍ਰੋ. ਮੋਹਨ ਸਿੰਘ)

## ਵਿਅੰਜਨਾ ਸ਼ਕਤੀ :-

ਕਵਿਤਾ ਦੇ ਪਿੜ ਵਿੱਚ ਬਹੁਤ ਸਾਰੇ ਹਿੱਸੇ ਆਉਂਦੇ ਹਨ ਭਾਵ ਬਹੁਤ ਸਾਰਾ ਕਾਵਿ ਅਜਿਹਾ ਹੈ। ਜਿੱਥੇ ਅਭਿਧਾ ਸ਼ਕਤੀ ਤੋਂ ਪ੍ਰਾਪਤ ਅਰਥ , ਫਿਰ ਲਕਸ਼ਣਾ ਸ਼ਕਤੀ ਰਾਹੀਂ ਪ੍ਰਤੀਤ ਅਰਥ ਤੋਂ ਬਾਅਦ ਵੀ ਹੋਰ ਵਿਅੰਗ ਅਰਥ ਪ੍ਰਤੀਤ ਹੁੰਦੇ ਰਹਿੰਦੇ ਹਨ। ਉਹ ਨਾ ਹੀ ਅਭਿਧਾ ਸ਼ਕਤੀ ਤੇ ਨਾ ਹੀ ਲਕਸ਼ਣਾ ਸ਼ਕਤੀ ਦੇ ਵੱਖ ਹੁੰਦੇ ਹਨ। ਸਗੋਂ ਇੱਥੇ ਇੱਕ ਹੋਰ ਸ਼ਕਤੀ ਦਾ ਘੇਰਾ ਸ਼ੁਰੂ ਹੋ ਜਾਂਦਾ ਹੈ ।ਉਸ ਨੂੰ ਵਿਅੰਜਨਾਂ ਸ਼ਬਦ ਸ਼ਕਤੀ ਕਿਹਾ ਜਾਂਦਾ ਹੈ। ਭਾਵ ਸ਼ਬਦ ਦੇ ਜਿਸ ਵਪਾਰ ਨਾਲ ਉਸ ਦੇ ਮੁੱਖ ਅਰਥ ਤੇ ਮੁੱਖਆਰਧ ਤੇ ਲਕਸ਼ਵਾਰਥ ਤੋਂ ਵੱਖਰੇ ਕਿਸੇ ਵਿਸ਼ੇਸ਼ ਅਥਵਾ ਗੂੜ੍ਹ ਅਰਥ ਦਾ ਬੋਧ ਹੋਵੇ ਉਸ ਨੂੰ ਵਿਅੰਜਨਾਂ ਸ਼ਬਦ ਸ਼ਕਤੀ ਕਹਿੰਦੇ ਹਨ ।

"ਅਚਾਰੀਆ ਵਿਸ਼ਵਨਾਥ" ਨੇ 'ਸਾਹਿਤਯ ਦਰਪਣ ' ਵਿੱਚ ਵਿਅੰਜਨਾਂ ਸ਼ਕਤੀ ਦੀ ਪਰਿਭਾਸ਼ਾ ਇਉਂ ਅੰਕਿਤ ਕੀਤੀ ਹੈ :-"ਜਿੱਥੇ ਅਭਿਧਾ ਤੇ ਲਕਸ਼ਣਾ ਆਪੋ ਆਪਣਾ ਕੰਮ ਕਰ ਕੇ ਸ਼ਾਂਤ ਹੋ ਜਾਣ, ਪਰ ਫਿਰ ਵੀ ਕਿਸੇ ਨਵੇਂ ਅਰਥ ਦੀ ਪ੍ਰਤੀਤੀ ਹੁੰਦੀ ਹੋਵੇ ਉੱਥੇ ਭੇਜਣਾ ਸ਼ਕਤੀ ਹੁੰਦੀ ਹੈ ।"ਜਿਵੇਂ ਜਸਵੰਤ ਨੇਕੀ ਦੀ ਕਾਵਿ ਸਤਰ ਹੈ :- " ਇਹ ਤਾਂ ਲਿਸ਼ਕੰਦੜਾ ਕੱਚ ਦਾ ਪਰਦਾ ਸੋਹਣਾ ਪਾਰ ਵਸੇਂਦਾ ਨੀ।"

ਇੱਥੇ ਕੱਚ ,ਪਰਦਾ ਦੇ ਅਭਿਧਾ ਸ਼ਕਤੀ ਤੋਂ ਪ੍ਰਾਪਤ ਅਰਥ ਹਨ ,ਗਲਾਸ, ਬੁਰਧਾ , ਖੂਬਸੂਰਤ। ਇਸੇ ਤਰ੍ਹਾਂ ਲਕਸ਼ਣਾ ਸ਼ਕਤੀ ਤੋਂ ਇਸ ਦੇ ਅਰਥ ਹਟਾ ਕੱਚ ਵਰਗਾ ਟੁੱਟਣਾ ਯੋਗ ਪਰਦੇ ਵਰਗਾ ਜਿਸਮ, ਰੱਬੀ ਹੁਸਨ । ਪ੍ਰੰਤੂ ਇਨ੍ਹਾਂ ਤੋਂ ਬਾਅਦ ਸੁਹਿਰਦ ਪਾਠਕ ਨੂੰ ਹੋਰ ਕੋਈ ਅਰਥ ਲੱਭਦੇ ਹਨ ਕਿ ਇਹ ਮਿੱਟੀ ਦਾ ਜਿਸਮ, ਕੱਚਾ ਵਰਗਾ ਪਾਰਦਰਸ਼ੀ ਹੈ ।

ਜਿਸ ਤੋਂ ਪੂਰੇ ਹੁਸਨ ਦਾ ਬਾਦਸ਼ਾਹ ਰੱਬੀ ਮਹਿਬੂਬ ਨਿਵਾਸ ਕਰਦਾ ਹੈ। ਹਰੇਕ ਕਵਿਤਾ ਹਰੇਕ ਕਵਿਤਾ ਵਿੱਚ ਅਭਿਧਾ, ਲਕਸ਼ਣਾ ਤੇ ਵਿਅੰਜਨਾਂ ਦਾ ਖੇਤਰ ਹੁੰਦਾ ਹੈ । ਕਈ ਵਾਰ ਸਿਰਫ ਅਭਿਧਾ ਤੇ ਵਿਅੰਜਨਾਂ ਹੁੰਦੀ ਹੈ। ਜਿਵੇਂ –

"ਕੀਹਨੇ ਤੋੜ ਕੇ ਫੁੱਲ ਅਸਾਡੇ, ਦਿਲ ਖੂਨ ਹੈ ਕੀਤਾ
ਟਾਹਣੀ ਦੇ ਗੱਲ ਲੱਗ-ਲੱਗ ਪੁੱਛਣ ਕੰਢੇ ਹਿਜਰਾਂ ਮਾਰੇ ।"

ਇਥੇ ਫੁੱਲ ਅਤੇ ਕੰਡਿਆਂ ਦੇ ਸੁਵਾਦ ਦੁਬਾਰਾ ਨਾਇਕ ਦੇ ਹਿਜ਼ਰ ਦੀ ਗਾਥਾ ਬਿਆਨ ਕੀਤੀ ਗਈ ਹੈ। ਜਿਸ ਦੀ ਪ੍ਰਤੀਤ ਵਿਅੰਜਨਾਂ ਸ਼ਕਤੀ ਰਾਹੀਂ ਹੁੰਦੀ ਹੈ ।

ਵਿਅੰਜਨਾ ਸ਼ਕਤੀ ਰਾਹੀਂ ਪ੍ਰਾਪਤ ਹੋਣ ਵਾਲੇ ਅਰਥਾਂ ਨੂੰ ਹੇਠ ਲਿਖੀਆਂ ਉਦਾਹਰਨਾਂ ਰਾਹੀਂ ਸਮਝਿਆ ਜਾ ਸਕਦਾ ਹੈ:

ਦਿਨ ਚੜ੍ਹਿਆ/ਫੇਰ ਉਹੀ ਦੇਸ਼, ਧਰਤੀ, ਘਰ, ਦਫਤਰ ਉਲਝਣਾਂ।
ਏਨੇ ਹਨੇਰੇ, ਕੱਲੇ ਬੰਦੇ ਪਿਛੇ ਪੈ ਗਏ। (ਜਸਵੰਤ ਦੀਦ)

ਇਹ ਪੱਥਰ ਦੇ ਸ਼ਹਿਰ ਕਦੋਂ ਜਾਗਣਗੇ?
ਇਹ ਪੱਥਰ ਦੇ ਸ਼ਹਿਰ ਕਦੋਂ ਬੋਲਣਗੇ?
ਪੱਥਰਾਂ ਦੇ ਸ਼ਹਿਰ ਵਿਚ ਫਿਰਦਾ
ਮੈਂ ਮੁੜ ਸੋਚਦਾ ਹਾਂ। (ਸੁਤਿੰਦਰ ਸਿੰਘ ਨੂਰ)

ਅਜੀਬ ਗੱਲ ਹੈ ਨਾ ਮਹਿਲ ਨਾ ਖੰਡਰ'ਚ ਹਾਂ
ਤੇ ਘਰ'ਚ ਰਹਿ ਕੇ ਵੀ ਲਗਦਾ ਹੈ ਮੈਂ ਸਫ਼ਰ 'ਚ ਹਾਂ। ( ਸਤੀਸ਼ ਗੁਲਾਟੀ)

ਜ਼ਰਦ ਚਿਹਰੇ, ਖੁਸ਼ਕ ਮੌਸਮ, ਰਾਤ ਤਨਹਾ, ਦਿਨ ਉਦਾਸ।
ਕੀ ਇਹ ਬਸਤੀਆਂ ਤੇਰਿਆਂ, ਹਰਫ਼ਾਂ ਨੂੰ ਆ ਸਕੇਗੀ ਰਾਸ? (ਕੁਲਵਿੰਦਰ)

ਉਹ ਤਾਂ ਸੀ ਚਸ਼ਮੇ ਜਿਹਾ, ਸਾਹਰ ਜਿਹਾ, ਲਹਿਰਾਂ ਜਿਹਾ,
ਰਿਸ਼ਤਿਆਂ ਦੀ ਜੂਨ ਪੈ ਕੇ, ਰੇਤ ਆਖਰ ਹੋ ਗਿਆ। (ਕੁਲਬੀਰ)

ਅਭਿਧਾ ਤੇ ਲਕਸ਼ਣਾ ਦਾ ਆਧਾਰ ਸ਼ਬਦ ਹੁੰਦੇ ਹਨ। ਪ੍ਰੰਤੂ ਵਿਅੰਜਨਾ ਸ਼ਕਤੀ ਅਰਥਾਂ ਵਿੱਚੋਂ ਪ੍ਰਗਟ ਹੁੰਦੀ ਹੈ। ਇਸੇ ਕਰਕੇ ਵਿਅੰਜਨਾਂ ਸ਼ਕਤੀ ਦੇ ਦੋ ਮੁੱਖ ਭੇਦ ਹਨ ।

1.ਸ਼ਬਦੀ ਵਿਅੰਜਨ

2.ਅਰਥੀ ਵਿਅੰਜਨ

ਵਿਅੰਜਨਾ ਸ਼ਕਤੀ ਰਾਹੀਂ ਜਿਸ ਵਿਅੰਗ ਅਰਥ ਦੀ ਪ੍ਰਤੀਤੀ ਹੁੰਦੀ ਹੈ, ਉਹ ਹੀ ਧੁਨੀ ਹੈ। ਵਿਅੰਗ ਅਰਥ ਨੂੰ ਹੀ ਤਕਨੀਕੀ ਅਰਥਾਂ ਵਿੱਚ ਧੋਨੀ ਕਿਹਾ ਜਾਂਦਾ ਹੈ । ਇਹ ਰਸਮੀ ਤੌਰ ਤੇ ਧੁਨੀ ਕਾਵਿ ਹੈ ।ਪ੍ਰੰਤੂ ਇਹ ਜ਼ਰੂਰੀ ਨਹੀਂ ਕਿ ਜਿੱਥੇ ਵਿਅੰਗ ਹੋਵੇ ਉਹ ਜ਼ਰੂਰੀ ਧੁਨੀ ਕਾਵਿ ਹੈ ਧੁਨੀ ਕਾਵਿ ਦੀ ਸ਼ਰਤ ਹੈ ਕੀ ਵਿਅੰਗ ਚਮਤਕਾਰੀ ਹੋਣ, ਅਨੋਖਾ ,ਵਿਸਮਾਦਜਨਕ ਹੋਵੇ ਭਾਵ ਆਮ ਵਾਂਗ ਸਿੱਧਾ ਪੱਧਰਾ ਨਾ ਹੋਵੇ ਸਗੋਂ ਚੁਸਤ ਤੇ ਚੁਕਰਿਤ ਕਿਰਤ ਕਰਨ ਵਾਲਾ ਹੋਵੇ ਸਗੋਂ ਇਹ ਇਸੇ ਹੀ ਸੂਰਤ ਵਿੱਚ ਵਿਅੰਗ ਅਰਥ ਧੁਨੀ ਕਾਵਿ ਦੀ ਪਦਵੀ ਦਾ ਅਧਿਕਾਰੀ ਬਣ ਸਕਦਾ ਹੈ । "ਆਨੰਦ ਵਰਧਨ " ਤੇ ਹੋਰ ਧੁਨੀਵਾਦੀਆਂ ਅਚਾਰੀਆਂ ਨੇ ਧੁਨੀ ਦੇ ਕਈ ਭੇਦ ਤੇ ਫਿਰ ਉੱਪ ਭੇਦ ਕੀਤੇ ਹਨ । ਧੁਨੀ ਦੇ ਤਿੰਨ ਭੇਦ ਮੰਨੇ ਗਏ ਹਨ ।

**1.ਵਸਤੂ ਧੁਨੀ:** ਵਸਤੂ ਧੁਨੀ ਤੋਂ ਭਾਵ ਕਈ ਵਿਚਾਰ ਜਾਂ ਖਿਆਲ ਹੈ, ਜਿਸ ਕਾਵਿ ਵਿੱਚ ਵਿਅੰਜਨਾ ਸ਼ਕਤੀ ਦੁਆਰਾ ਕਿਸੇ ਵਿਚਾਰ ਨੂੰ ਸਮਝਿਆ ਜਾਂਦਾ ਹੈ । ਉੱਥੇ ਵਸਤੂ ਧੁਨੀ ਹੁੰਦੀ ਹੈ ।

**2.ਅਲੰਕਾਰ ਧੁਨੀ:** ਜਿੱਥੇ ਸੁਯਾਅ ਰੂਪ ਵਿੱਚ ਕੋਈ ਅਲੰਕਾਰ ਵਿਅਕਤ ਹੋਵੇ ਭਾਵ ਅਲੰਕਾਰਾਂ ਦਾ ਚਮਤਕਾਰ ਹੋਵੇ ਉੱਥੇ ਅਲੰਕਾਰ ਧੁਨੀ ਹੈ ।

**3.ਰਸ ਧੁਨੀ:** ਰਸ ਧੁਨੀ ਤੋਂ ਭਾਵ ਕਾਵਿ ਰਸ ਵਿੱਚ ਰਸ ਦੀ ਵਿਅੰਜਨਾ ਹੈ। ਜਿਸ ਵਿੱਚ ਰਸ ਤੇ ਭਾਵਾਂ ਦੀ ਅਨੁਭੂਤੀ ਹੋਵੇ, ਉਹ ਧੁਨੀ ਰਸ ਹੁੰਦੇ ਹਨ। ਧੁਨੀ ਵਾਦੀਆਂ ਨੇ ਆਪਣੇ ਸਿਧਾਂਤ ਵਿੱਚ ਰਸ ਨੂੰ ਸਮੇਟ ਲਿਆ ਹੈ।ਰਸ ਵਿਅੰਜਨਾ ਹੀ ਹੁੰਦਾ ਹੈ । ਬਿਆਨ ਨਹੀਂ ਕੀਤਾ ਜਾਂਦਾ , ਰਸ ਮਹਿਸੂਸ ਕੀਤਾ ਜਾਂਦਾ ਹੈ । ਸ਼ਬਦਾਂ ਵਿੱਚ ਵਰਨਣ ਨਹੀਂ ਕੀਤਾ ਜਾਂਦਾ ।ਇਸ ਲਈ ਇਨ੍ਹਾਂ ਭੇਦਾਂ ਵਿੱਚ ਰਸ ਧੁਨੀ ਨੂੰ ਸ੍ਰੇਸ਼ਟ ਮੰਨਿਆ ਗਿਆ ਹੈ ।

## ਸਾਰ-ਅੰਸ਼:

ਸੋ ਅਸੀਂ ਕਹਿ ਸਕਦੇ ਹਾਂ ਕਿ ਧੁਨੀ ਸਿਧਾਂਤ ਕਾਵਿ ਸ਼ਾਸਤਰ ਦੀ ਇੱਕ ਵਡਮੁੱਲੀ ਪ੍ਰਾਪਤੀ ਹੈ । ਅੰਗਰੇਜ਼ੀ ਲੇਖਕ ਵਿਲੀਅਮ ਐਂਪਸਨ ਦੀ Seven Types of Ambiguity ਤੋਂ ਸੈਂਕੜੇ ਵਰ੍ਹੇ ਪਹਿਲਾਂ ਅਰਥਾਂ ਦੀਆਂ ਅਨੇਕ ਤਹਿਆਂ ਵੱਲ ਸੰਕੇਤ ਕਰਕੇ ਆਚਾਰੀਆਂ ਆਨੰਦ ਵਰਧਨ ਨੇ 'ਸ਼ਬਦ' ਨੂੰ ਇਕ ਆਪ-ਹੁਦਰੇ ਚਿਹਨਕ (Arbitrary Sign) ਦੇ ਰੂਪ ਵਿਚ ਸਥਾਪਿਤ ਕਰਨ ਵਿਚ ਮਹੱਤਵਪੂਰਨ ਯੋਗਦਾਨ ਪਾਇਆ। ਇਸੇ ਲਈ ਭਾਸ਼ਾ ਵਿਗਿਆਨੀ ਅਤੇ ਸ਼ੈਲੀ-ਵਿਗਿਆਨੀ ਧੁਨੀ ਸੰਪਰਦਾਇ ਨੂੰ ਭਾਰਤੀ ਕਾਵਿ-ਸ਼ਾਸਤਰ ਦੀ ਸਭ ਤੋਂ ਵਿਸ਼ੇਸ਼ ਅਤੇ ਪ੍ਰਮੁੱਖ ਪ੍ਰਾਪਤੀ ਮੰਨਦੇ ਹਨ।

## ਮੁੱਖ/ਕੇਂਦਰੀ ਸ਼ਬਦ:

ਅਭਿਧਾ ਸ਼ਕਤੀ --- ਸੁਭਾਵਿਕ ਅਰਥ/ ਕੋਸ਼ਗਤ ਅਰਥ

ਵਚਿਆਰਥ --- ਮੁਖਾਰਥ

ਰੂੜੀ ਸ਼ਬਦ ---ਪੰਰਪਰਾ ਤੋਂ ਚੱਲਦੇ ਆ ਰਹੇ ਸ਼ਬਦ

ਯੋਗ ਰੂੜੀ ਸ਼ਬਦ --- ਪਰੰਪਰਾਗਤ ਰੂੜੀ ਤੇ ਯੋਗ ਸ਼ਬਦਾਂ ਦਾ ਮੇਲ



## ਸਵੈ-ਮੁਲਾਂਕਣ:

1.ਧੁਨੀ ਸੰਪਰਦਾਇ ਦੇ ਮੋਢੀ ਹਨ

ੳ. ਭਰਤਮੁਨੀ

ਅ. ਭਾਮਹ

ੲ. ਵਾਮਨ

ਸ. ਆਨੰਦ ਵਰਧਨ

2.ਧੁਨੀ ਸੰਪਰਦਾਇ ਨਾਲ ਸੰਬੰਧਿਤ ਗ੍ਰੰਥ ਹੈ

ੳ. ਧੁਨੀ ਲੋਕ ਵਾਰਤਾ

ਅ. ਧੁਨੀ ਲੋਕ

ੲ. ਧੁਨੀ ਪ੍ਰਕਾਸ਼

ਸ. ਧੁਨੀ ਸਿਧਾਂਤ

3.ਧੁਨੀ ਰਮਜ਼ੀਆਂ ਕਵਿਤਾ, ਸੁਝਾਊ ਕਵਿਤਾ ਵਿਅੰਗਮਈ ਕਵਿਤਾ ਜਾ ਪ੍ਰਤੀਕਮਈ ਕਵਿਤਾ ਨੂੰ ਕਿਹਾ ਜਾਂਦਾ ਹੈ: :ਇਹ ਕਥਨ ਹੈ-

ੳ. ਰਤਨ ਚੰਦ

ਅ. ਭਰਤਮੁਨੀ

ੲ. ਆਨੰਦ ਵਰਧਨ

ਸ. ਪ੍ਰੇਮ ਪ੍ਰਕਾਸ਼

4.ਸ਼ਬਦ ਦੀ ਜਿਸ ਸ਼ਕਤੀ ਰਾਹੀਂ ਉਸਦਾ ਸੁਭਾਵਿਕ ਅਰਥ ਗਿਆਤ ਹੁੰਦਾ ਹੈ:ਉੱਥੇ ਕਿਹੜੀ ਸ਼ਬਦ ਸ਼ਕਤੀ ਹੁੰਦੀ ਹੈ:

ੳ. ਅਭਿਧਾ ਸ਼ਕਤੀ

ਅ. ਲਖਸ਼ਣਾ ਸ਼ਕਤੀ

ੲ. ਵਿਅੰਜਨਾ ਸ਼ਕਤੀ

ਸ. ਉਪਰੋਕਤ ਕੋਈ ਵੀ ਨਹੀਂ

5. ਪੱਕ ਪਈਆਂ ਕਣਕਾਂ ਲੁਕਾਠ ਰਸਿਆ
ਹੱਟੀਆਂ ਹਜ਼ਾਰਾਂ ਹਲਵਾਈਆਂ ਲਾਈਆਂ
ਛਿੰਜ ਵਿਚ ਸੂਰੇ ਪਹਿਲਵਾਨ ਗੱਜਦੇ

ਇਨ੍ਹਾਂ ਸਤਰਾਂ ਵਿਚ ਅਰਥ ਕਿਸ ਸ਼ਬਦ ਸ਼ਕਤੀ ਰਾਹੀਂ ਸਮਝ ਆ ਰਹੇ ਹਨ-

ੳ. ਅਭਿਧਾ ਸ਼ਕਤੀ

ਅ. ਲਖਸ਼ਣਾ ਸ਼ਕਤੀ

ੲ. ਵਿਅੰਜਨਾ ਸ਼ਕਤੀ

ਸ. ਉਪਰੋਕਤ ਕੋਈ ਵੀ ਨਹੀਂ

6.ਜਿਸ ਸ਼ਬਦ ਤੋਂ ਉਸਦੇ ਮੁੱਖ ਅਰਥਾਂ ਤੋਂ ਇਲਾਵਾ ਹੋਰ ਅਰਥ ਪ੍ਰਗਟ ਹੋਣ ਉੱਥੇ ਕਿਹੜੀ ਸ਼ਬਦ ਸ਼ਕਤੀ ਹੁੰਦੀ ਹੈ:

ੳ. ਅਭਿਧਾ ਸ਼ਕਤੀ

ਅ. ਲਖਸ਼ਣਾ ਸ਼ਕਤੀ

ੲ. ਵਿਅੰਜਨਾ ਸ਼ਕਤੀ

ਸ. ਉਪਰੋਕਤ ਕੋਈ ਵੀ ਨਹੀਂ

7. ਇਉਂ ਨਾ ਤੂੰ ਫੇਰ ਅੱਖੀਆਂ ਇਉਂ ਨਾ ਨਕਾਰ ਮੈਨੂੰ
ਕਵਿਤਾ ਜ਼ਰਾ ਮੈਂ ਮੁਸ਼ਕਿਲ ਫਿਰ ਤੋਂ ਵਿਚਾਰ ਮੈਨੂੰ
ਇਨ੍ਹਾਂ ਸਤਰਾਂ ਵਿਚ ਅਰਥ ਕਿਸ ਸ਼ਬਦ ਸ਼ਕਤੀ ਰਾਹੀਂ ਸਮਝ ਆ ਰਹੇ ਹਨ--

ੳ. ਅਭਿਧਾ ਸ਼ਕਤੀ

ਅ. ਲਖਸ਼ਣਾ ਸ਼ਕਤੀ

ੲ. ਵਿਅੰਜਨਾ ਸ਼ਕਤੀ

ਸ. ਉਪਰੋਕਤ ਕੋਈ ਵੀ ਨਹੀਂ

8.ਸ਼ਬਦ ਦੇ ਜਿਸ ਵਾਪਾਰ ਨਾਲ ਉਸਦੇ ਮੁਖਆਰਥ ਤੇ ਲਕਸਵਾਰਥ ਤੋਂ ਵੱਖਰੇ ਕਿਸੇ ਵਿਸ਼ੇਸ਼ ਕਿਸਮ ਦਾ ਅਰਥ ਬੋਧ ਹੋਵੇ,ਉੱਥੇ ਕਿਹੜੀ ਸ਼ਬਦ ਸ਼ਕਤੀ ਹੁੰਦੀ ਹੈ:

ੳ. ਅਭਿਧਾ ਸ਼ਕਤੀ

ਅ. ਲਖਸ਼ਣਾ ਸ਼ਕਤੀ

ੲ. ਵਿਅੰਜਨਾ ਸ਼ਕਤੀ

ਸ. ਉਪਰੋਕਤ ਕੋਈ ਵੀ ਨਹੀਂ

9.ਮੈਂ ਬਾਰਸ਼ ਨੇ ਵੀ ਛੰਬੀ ਹਾਂ ਮੈਂ ਧੁੱਪ ਨੇ ਵੀ ਤਪਾਈ ਹਾਂ
ਬੜੀ ਹੀ ਨਰਮ ਪੱਤੀ ਹਾਂ ਤੂਫਾਨਾਂ ਦੀ ਸਤਾਈ ਹਾਂ
ਇਨ੍ਹਾਂ ਸਤਰਾਂ ਵਿਚ ਅਰਥ ਕਿਸ ਸ਼ਬਦ ਸ਼ਕਤੀ ਰਾਹੀਂ ਸਮਝ ਆ ਰਹੇ ਹਨ-

ੳ. ਅਭਿਧਾ ਸ਼ਕਤੀ

ਅ. ਲਖਸ਼ਣਾ ਸ਼ਕਤੀ

ੲ. ਵਿਅੰਜਨਾ ਸ਼ਕਤੀ

ਸ. ਉਪਰੋਕਤ ਕੋਈ ਵੀ ਨਹੀਂ

10.ਜੇ ਆਈ ਪਤਝੜ ਤਾਂ ਫੇਰ ਕੀ ਹੈ ਤੂੰ ਅਗਲੀ ਰੁੱਤ'ਤ ਚ ਯਕੀਨ ਰੱਖੀ
ਮੈਂ ਲਭ ਕੇ ਕਿਤਿਓ ਲਿਆਉਨਾਂ ਕਲਮਾਂ ਤੂੰ ਫੁਲਾਂ ਜੋਗੀ ਜ਼ਮੀਨ ਰੱਖੀਂ
ਇਨ੍ਹਾਂ ਸਤਰਾਂ ਵਿਚ ਅਰਥ ਕਿਸ ਸ਼ਬਦ ਸ਼ਕਤੀ ਰਾਹੀਂ ਸਮਝ ਆ ਰਹੇ ਹਨ

ੳ. ਅਭਿਧਾ ਸ਼ਕਤੀ

ਅ. ਲਖਸ਼ਣਾ ਸ਼ਕਤੀ

ੲ. ਵਿਅੰਜਨਾ ਸ਼ਕਤੀ

ਸ. ਉਪਰੋਕਤ ਕੋਈ ਵੀ ਨਹੀਂ

11.ਬੜੀ ਹੀ ਨਰਮ ਪੱਤੀ ਹਾਂ ਤੂਫਾਨਾਂ ਦੀ ਸਤਾਈ ਹਾਂ
ਮੈਂ ਟੁੱਟ ਕੇ ਸ਼ਾਖ ਆਪਣੇ ਤੋਂ ਤੇਰੇ ਕਦਮਾਂ 'ਚ ਆਈ ਹਾਂ
ਇਨ੍ਹਾਂ ਸਤਰਾਂ ਵਿਚ ਅਰਥ ਕਿਸ ਸ਼ਬਦ ਸ਼ਕਤੀ ਰਾਹੀਂ ਸਮਝ ਆ ਰਹੇ ਹਨaੳ

ੳ. ਅਭਿਧਾ ਸ਼ਕਤੀ

ਅ. ਲਖਸ਼ਣਾ ਸ਼ਕਤੀ

ੲ. ਵਿਅੰਜਨਾ ਸ਼ਕਤੀ

ਸ. ਉਪਰੋਕਤ ਕੋਈ ਵੀ ਨਹੀਂ

12. ਖਾਲੀ ਸਥਾਨ ਭਰੋ:

ਕਾਵਿ ਦੇ ਪ੍ਰਸੰਗ ਵਿੱਚ ਧੁਨੀ ਉਹ ਕਾਵਿ ਹੈ ਜਿਸ ਵਿੱਚ ------------------- ਦੀ ਪ੍ਰਧਾਨਤਾ ਹੁੰਦੀ ਹੈ।

13. ਖਾਲੀ ਸਥਾਨ ਭਰੋ:

ਵਿਦਿਆ ਵਾਚ ਦੇ ਅਨੁਸਾਰ ਜਿੱਥੇ ----------------- ਖੁਦ ਸਾਧਨ ਹੋ ਕੇ ਕਿਸੇ ਚਮਤਕਾਰੀ ਅਰਥ ਨੂੰ ਉਜਾਗਰ ਕਰਨ ਉਹ ਧੁਨੀ ਹੈ ।

14. ਅਚਾਰੀਆ ਰਾਮ ਚੰਦਰ ਸ਼ੁਕਲ ਅਨੁਸਾਰ ਸ਼ਬਦ ਦੇ ਸੂਖਮ ਅਰਥ ਦਾ ਬੋਧ ਕਰਵਾਉਣ ਵਾਲੀ ਸ਼ਕਤੀ ਨੂੰ ਅਭਿਧਾ ਸ਼ਕਤੀ ਕਿਹਾ ਜਾਂਦਾ ਹੈ ਸ਼ੁਕਲ ਨੇ ਅਵਿਧਾ ਸ਼ਕਤੀ ਨੂੰ ਮੂਲ ਸ਼ਕਤੀ ਗਿਣਿਆ ਹੈ ।

ਇਹ ਕਥਨ ਹੈ:

ੳ. ਠੀਕ

ਅ. ਗਲ਼ਤ

15. ਅਭਿਧਾ ਤੇ ਲਕਸ਼ਣਾ ਦਾ ਆਧਾਰ ਅਰਥ ਹੁੰਦੇ ਹਨ। ਪ੍ਰੰਤੂ ਵਿਅੰਜਨਾ ਸ਼ਕਤੀ ਸ਼ਬਦਾਂਵਿੱਚੋਂ ਪ੍ਰਗਟ ਹੁੰਦੀ ਹੈ।

ਇਹ ਕਥਨ ਹੈ:

ੳ. ਠੀਕ

ਅ. ਗ਼ਲਤ

## ਅਭਿਆਸ ਪ੍ਰਸ਼ਨ

1. ਧੁਨੀ ਸਿਧਾਂਤ ਤੋਂ ਕੀ ਭਾਵ ਹੈ?
2. ਸ਼ਬਦ ਸ਼ਕਤੀਆਂ ਤੇ ਨੋਟ ਲਿਖੋ।
3. ਧੁਨੀ ਸਿਧਾਂਤ ਦਾ ਅਰਥ ਸਪੱਸ਼ਟ ਕਰਦੇ ਹੋਏ ਸ਼ਬਦ ਸ਼ਕਤੀਆਂ ਦਾ ਵਿਸਥਾਰ ਵਿਚ ਵਰਣਨ ਕਰੋ।
4. ਭਾਰਤੀ ਕਾਵਿ ਸ਼ਾਸਤਰ ਵਿਚ ਧੁਨੀ ਸਿਧਾਂਤ ਦੀ ਕੀ ਮਹੱਤਤਾ ਹੈ
5. ਲਖਸ਼ਣਾ ਤੇ ਵਿਅੰਜਨਾ ਸ਼ਕਤੀ ਵਿਚ ਅੰਤਰ ਸਪੱਸ਼ਟ ਕਰੋ।
6. ਕਿਸੇ ਪੰਜ ਕਵਿਤਾਵਾਂ ਵਿਚੋਂ ਵਿਭਿੰਨ ਧੁਨੀਆਂ ਦੀ ਪਛਾਣ ਕਰੋ।

## ਸੰਦਰਭ ਪੁਸਤਕਾਂ:


- ਸਮਾਲੋਚਨਾ ਸ਼ਾਸਤਰ, ਪ੍ਰੋ. ਬ੍ਰਹਮਜਗਦੀਸ਼, ਵਾਰਿਸ ਸ਼ਾਹ ਫਾਉਂਡੇਸ਼ਨ, ਅੰਮ੍ਰਿਤਸਰ, (2011)
- ਭਾਰਤੀ ਕਾਵਿ ਸ਼ਾਸਤਰ, ਲਾਹੌਰ ਬੁੱਕ ਸ਼ਾਪ, ਲੁਧਿਆਣਾ, (2011)
- ਭਰਤਮੁਨੀ, ਨਾਟਯ ਸ਼ਾਸਤਰ,ਪੰਜਾਬੀ ਯੂਨੀਵਰਸਿਟੀ ਪਟਿਆਲਾ
- ਭਾਰਤੀ ਕਾਵਿ ਸ਼ਾਸਤਰ, ਪ੍ਰੋ. ਸੁਕਦੇਵ ਸ਼ਰਮਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ

## ਮਹੱਤਵਪੂਰਨ ਲਿੰਕ

https://punjabipedia.org/topic.aspx?txt=%u0a27%u0a41%u0a28%u0a40-%u0a38%u0a70%u0a2a%u0a30%u0a26%u0a3e%u0a07

ਉੱਤਰਮਾਲਾ

| | | | | |
|---|---|---|---|---|
| 1. ਸ | 2. ਅ | 3. ਸ | 4. ੳ | 5. ੳ |
| 6. ਅ | 7. ਅ | 8. ੲ | 9. ੲ | 10. ਅ |
| 11.ਅ | 12. ਰਮਜ਼ ਜਾਂ ਵਿਅੰਗ | | 13 ਸ਼ਬਦ ਜਾਂ ਅਰਥ | 14. ੳ |
| 15. ਅ | | | | |

**DPBI502**

# ਅਧਿਆਇ-12: ਰੀਤੀ, ਵਕ੍ਰੋਕਤੀ ਅਤੇ ਔਚਿਤਯ ਸਿਧਾਂਤ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ-

- ਭਾਰਤੀ ਕਾਵਿ ਸ਼ਾਸਤਰ ਵਿਚ ਦਰਜ ਰੀਤੀ, ਵਕ੍ਰੋਕਤੀ ਅਤੇ ਔਚਤਿਯ ਦੇ ਸਿਧਾਂਤਾਂ ਦੀ ਗੌਰਵਸ਼ੀਲਤਾ ਤੇ ਸਾਰਥਿਕਤਾ ਨੂੰ ਪ੍ਰਮਾਣਿਤ ਕਰ ਸਕਣਗੇ।
- ਕਾਵਿ ਰਚਨਾ ਵਿਚ ਇਨ੍ਹਾਂ ਸਿਧਾਂਤਾਂ ਦੇ ਪ੍ਰਯੋਗ ਦੁਆਰਾ ਉਤਪੰਨ ਸੁਹਜ ਤੇ ਅਰਥਾਂ ਦੀ ਵਿਭਿੰਨਤਾ ਨੂੰ ਸਮਝ ਸਕਣਗੇ।
- ਕਾਵਿ-ਸਿਧਾਂਤਾਂ ਦੀ ਜਾਣਕਾਰੀ ਦੁਆਰਾ ਕਾਵਿ-ਆਲੋਚਨਾ ਕਰਨ ਵਿਚ ਨਿਪੁੰਨਤਾ ਪ੍ਰਾਪਤ ਕਰਨਗੇ।

## ਪ੍ਰਸਤਾਵਨਾ:

'ਕਾਵਿ' ਤੋਂ ਭਾਵ ਉਹ ਸਮੁੱਚਾ ਸਾਹਿਤ ਹੈ ਜਿਸ ਵਿਚ ਕੋਮਲ ਤੇ ਖ਼ੂਬਸੂਰਤ ਸ਼ਬਦ ਹੋਣ, ਜਿੱਥੇ ਗੂੜ੍ਹੇ ਅਰਥਾਂ ਦੀ ਵਰਤੋਂ ਹੋਵੇ, ਆਮ ਲੋਕਾਂ ਨੂੰ ਸੌਖੀ ਤਰ੍ਹਾਂ ਸਮਝ ਆ ਜਾਵੇ, ਜਿਸ ਵਿਚ ਦਲੀਲਾਂ ਹੋਣ, ਜਿਥੇ ਕਾਵਿ-ਰਸ ਦੀਆਂ ਧਾਰਾਂ ਵਹਿੰਦੀਆਂ ਹੋਣ। 'ਸ਼ਾਸਤਰ' ਦੇ ਡਿਕਸ਼ਨਰੀ ਅਰਥ ਤਾਂ ਆਦੇਸ਼, ਆਗਿਆ, ਅਸੂਲ, ਨਿਯਮਾਵਲੀ ਆਦਿ ਹਨ ਪ੍ਰੰਤੂ ਇਸ ਦਾ ਇਕ ਹੋਰ ਅਰਥ ਵੀ ਹੈ ਕਿ ਸ਼ਾਸਤਰ ਕਿਸੇ ਖਾਸ ਵਿਸ਼ੇ ਦਾ ਉਹ ਸਾਰਾ ਗਿਆਨ ਹੈ ਜਿਸ ਨੂੰ ਠੀਕ-ਠਾਕ ਖ਼ਾਸ ਤਰਤੀਬ ਨਾਲ ਰੱਖਿਆ ਗਿਆ ਹੋਵੇ। 'ਕਾਵਿ' ਉਸ ਰਚਨਾ

ਜਾਂ ਕ੍ਰਿਤ ਨੂੰ ਕਿਹਾ ਜਾਂਦਾ ਹੈ ਜਿਸ ਵਿਚ ਨਾ ਕੇਵਲ ਸ਼ਬਦ ਹੀ ਸੰੁਦਰ, ਗੁੰਦਵੇਂ, ਕੰਨਾਂ ਨੂੰ ਰਸੀਲੇ ਕਰਨ ਵਾਲੇ ਹੋਣ ਸਗੋਂ ਅਰਥ ਵੀ ਰੋਮਾਂਚਕਾਰੀ ਮਾਨਣਯੋਗ, ਤੀਰਾਂ ਦੇ ਨੁੱਕੇ ਅਤੇ ਸਦ-ਟਿਕਾਊ ਹੋਣ। ਸੋ ਸ਼ਬਦ ਅਤੇ ਅਰਥ ਦੀ ਉੱਚਤਾ ਰੱਖਣ ਵਾਲੀ ਰਚਨਾ ਨੂੰ ਕਾਵਿ ਕਿਹਾ ਜਾਂਦਾ ਹੈ। ਹਰ ਵਿਅਕਤੀ ਕਾਵਿ ਦੀ ਰਚਨਾ ਨਹੀਂ ਕਰ ਸਕਦਾ ਹੈ, ਸਗੋਂ ਉਹੋ ਹੀ ਕਾਵਿ-ਰਚਨਾ ਕਰ ਸਕਦਾ ਹੈ ਜਿਸ ਵਿਚ ਕਾਵਿ ਦੀ ਰਚਨਾ ਕਰਨ ਦੀ ਪ੍ਰਤਿਭਾ ਹੋਵੇ। ਆਚਾਰੀਆ ਦੰਡੀ ਦੇ ਅਨੁਸਾਰ ਕਾਵਿ ਪ੍ਰਤਿਭਾ, ਵਿਉਤਪੱਤੀ ਅਤੇ ਲਗਾਤਾਰ ਅਭਿਆਸ ਇਨ੍ਹਾਂ ਤਿੰਨਾਂ ਉੱਤੇ ਨਿਰਭਰ ਹੈ। ਆਚਾਰੀਆ ਵਾਮਨ ਨੇ ਕਾਵਿ ਦੇ ਹੇਤੂ ਲੋਕ (ਲੋਕਾਂ ਦਾ ਕਾਰ-ਵਿਹਾਰ), ਵਿਦਿਆ (ਭਾਸ਼ਾ ਵਿਗਿਆਨ) ਅਤੇ ਪ੍ਰਕੀਰਣ (ਸਮਕਾਲੀ ਜਾਂ ਪਹਿਲੀਆਂ ਕਾਵਿ-ਕ੍ਰਿਤਾਂ ਨਾਲ ਜਾਣ ਪਛਾਣ) ਮੰਨੇ ਹਨ। ਆਨੰਦ ਵਰਧਨ ਦੇ ਅਨੁਸਾਰ ਕਾਵਿ ਦੇ ਨਿਰਮਾਣ ਵਿਚ ਪ੍ਰਤਿਭਾ ਦਾ ਵਿਸ਼ੇਸ਼ ਹੱਥ ਹੈ। ਮੰਮਟ ਦੇ ਅਨੁਸਾਰ ਕਵੀ ਦੀ ਪ੍ਰਤਿਭਾ, ਨਿਪੁਣਤਾ ਜਾਂ ਵਿਉਤਪੱਤੀ ਅਤੇ ਅਭਿਆਸ ਜਾਂ ਲਗਨ ਇਹ ਤਿੰਨੇ ਸਮੂਹਿਕ ਰੂਪ ਵਿਚ ਹੀ ਕਾਵਿ ਦੀ ਸਿਰਜਣ ਸ਼ਕਤੀ ਰੱਖਦੇ ਹਨ। ਸਾਹਿਤਕਾਰ ਅਜਿਹੀ ਕਾਵਿ ਸ਼ਕਤੀ ਦਾ ਸਵਾਮੀ ਹੈ ਕਿ ਅਣੂ ਤੋਂ ਲੈ ਕੇ ਗਗਨਾਂ ਤੱਕ ਹਰ ਕਣ ਨੂੰ ਕਾਵਿ ਵਿਚ ਸਿਰਜ ਸਕਦਾ ਹੈ।

## ਵਿਸ਼ਾ ਵਸਤੂ:

ਕਾਵਿ ਦੇ ਦੋ ਆਧਾਰ ਹਨ - ਕਲਾ ਤੇ ਵਸਤੂ। ਕਲਾ ਕਾਵਿ ਦਾ ਬਾਹਰਲਾ ਰੂਪ (ਸਰੀਰ) ਹੈ ਅਰਥਾਤ ਰਚਨਾ-ਸ਼ਿਲਪ। ਵਸਤੂ ਕਾਵਿ ਦਾ ਵਿਸ਼ਾ ਹੈ ਜਿਸ ਦਾ ਪਾਠਕ-ਸਰੋਤੇ ਨੂੰ ਅਨੁਭਵ ਹੁੰਦਾ ਹੈ। ਆਚਾਰੀਆ ਭਾਮਹ ਦੇ ਅਨੁਸਾਰ "ਸ਼ਬਦ ਅਤੇ ਅਰਥ ਦੇ ਸਹਿਭਾਵ ਨੂੰ ਕਾਵਿ ਕਿਹਾ ਜਾਂਦਾ ਹੈ।" ਇਸਦਾ ਅਰਥ ਇਹ ਹੈ ਕਿ ਸ਼ਬਦ ਅਤੇ ਅਰਥ ਜਦੋਂ ਇਕਮਿਕ ਹੋ ਜਾਂਦੇ ਹਨ ਅਤੇ ਆਪੋ ਆਪਣੀ ਵਿੱਥ ਤੇ ਵੱਖਰਤਾ ਛੱਡ ਕੇ ਆਪਸ ਵਿਚ ਲੀਨ ਹੋ ਜਾਂਦੇ ਹਨ ਤਾਂ ਕਾਵਿ ਦੀ ਰਚਨਾ ਹੁੰਦੀ ਹੈ। ਕੁੰਤਕ ਦੇ ਅਨੁਸਾਰ "ਅਜਿਹਾ ਸ਼ਬਦ ਤੇ ਅਰਥ ਕਾਵਿ ਹੈ ਜਿਸ ਵਿਚ ਟੇਢਾਪਣ ਹੋਵੇ ਅਤੇ ਜਿਹੜਾ ਪਾਠਕਾਂ ਨੂੰ ਵਿਸਮਾਦਕ ਖੁਸ਼ੀ ਪ੍ਰਦਾਨ ਕਰਦਾ ਹੋਵੇ।" ਭਾਰਤੀ ਆਲੋਚਨਾ, ਜਿਸ ਨੂੰ ਭਾਰਤ ਦੀ ਸ਼ਬਦਾਵਲੀ ਵਿਚ ਕਾਵਿ ਸ਼ਾਸਤਰ ਕਿਹਾ ਗਿਆ ਹੈ ਦਾ ਆਰੰਭ ਢੇਰ ਪੁਰਾਣਾ ਹੈ। ਇਕ ਗੱਲ ਸਰਬ-ਸਿੱਧ ਹੈ ਕਿ ਆਲੋਚਨਾ ਦੇ ਸਿਧਾਂਤ ਉਲੀਕਣ ਤੋਂ ਪਹਿਲਾਂ ਕੁਝ ਚੰਗੇ ਕਾਵਿ-ਗ੍ਰੰਥਾਂ ਦੀ ਰਚਨਾਂ ਜਰੂਰ ਹੋਈ ਹੋਵੇਗੀ। ਕਾਵਿ ਦੇ ਵਿਭਿੰਨ ਰੂਪਾਂ ਦੇ ਹਰਮਨ ਪਿਆਰੇ ਹੋਣ ਪਿੱਛੋਂ ਹੀ ਵਿਦਵਾਨ ਉਨ੍ਹਾਂ ਬਾਰੇ ਅਸੂਲ ਸਥਾਪਿਤ ਕਰਦੇ ਹਨ ਜਿਹੜੇ ਬਾਦ ਵਿਚ ਆਲੋਚਨਾ ਦੇ ਸਿਧਾਂਤ ਬਣ ਜਾਂਦੇ ਹਨ। ਭਰਤਮੁਨੀ ਹੀ ਪਹਿਲਾ ਭਾਰਤੀ ਆਲੋਚਕ ਹੈ ਜਿਸ ਦੇ ਗ੍ਰੰਥ ਨਾਟਯ ਸ਼ਾਸਤਰ ਨਾਲ ਭਾਰਤੀ ਕਾਵਿ ਸਿਧਾਂਤਾਂ ਦਾ ਆਰੰਭ ਹੁੰਦਾ ਹੈ। ਭਾਰਤੀ ਕਾਵਿ-ਸ਼ਾਸਤਰ ਦੇ ਛੇ ਸਿਧਾਂਤ ਹਨ।

## **ਰੀਤੀ ਸਿਧਾਂਤ :**

'ਰੀਤੀ' ਸਿਧਾਂਤ ਭਾਰਤੀ ਕਾਵਿ ਸ਼ਾਸਤਰ ਦੇ ਛੇ ਸਿਧਾਂਤਾਂ ਵਿਚੋਂ ਮਹੱਤਵਪੂਰਨ ਸਿਧਾਂਤ ਹੈ। ਇਸ ਸਿਧਾਂਤ ਦਾ ਆਰੰਭ ਆਚਾਰੀਆ ਵਾਮਨ ਤੋਂ ਹੋਇਆ ਹੈ ਜਿਸ ਨੇ ਆਪਣੇ ਗ੍ਰੰਥ 'ਕਾਵਿ ਅਲੰਕਾਰ ਸੂਤ੍ਰਵ੍ਰਿਤੀ' ਵਿਚ ਰੀਤੀ ਨੂੰ ਕਾਵਿ ਦੀ ਆਤਮਾ ਮੰਨਿਆ ਹੈ। 'ਰੀਤੀ' ਸ਼ਬਦ ਦੇ ਦੋ ਅਰਥ ਹਨ, ਸਾਧਾਰਨ ਸ਼ਬਦਾਂ ਵਿਚ ਰੀਤੀ ਦਾ ਅਰਥ ਹੈ -ਨੀਤੀ, ਰਿਵਾਜ, ਢੰਗ ਪੱਧਤੀ ਜਾਂ ਮਾਰਗ ਅਤੇ ਕਾਵਿ ਦੇ ਅਨੁਸਾਰ ਰੀਤੀ ਦਾ ਅਰਥ ਉਹ ਢੰਗ ਪ੍ਰਣਾਲੀ ਜਾਂ ਸ਼ੈਲੀ ਹੈ ਜਿਸ ਵਿਚ ਸ਼ਬਦਾਂ ਦੇ ਭਾਵਾਂ ਦੀ ਸੁੰਦਰ ਯੋਜਨਾ ਕੀਤੀ ਜਾਂਦੀ ਹੈ। ਹਰ ਕਵੀ ਆਪਣੇ ਆਪ, ਆਪਣੇ ਗਿਆਨ, ਆਪਣੇ ਆਲੇ-ਦੁਆਲੇ ਅਨੁਸਾਰ ਆਪਣੀ ਵਿਲੱਖਣ ਪ੍ਰਣਾਲੀ, ਮਾਰਗ ਜਾਂ ਸ਼ੈਲੀ ਨੂੰ ਧਾਰਨ ਕਰਦਾ ਹੈ। 'ਰੀਤੀ' ਸ਼ਬਦ ਦੀ ਵਰਤੋਂ ਸਭ ਤੋਂ ਪਹਿਲਾਂ ਵਾਮਨ ਨੇ ਕੀਤੀ ਸੀ। ਵਾਮਨ ਤੋਂ ਪਹਿਲਾਂ ਦੰਡੀ ਨੇ ਅਤੇ ਵਾਮਨ ਤੋਂ ਪਿੱਛੋਂ ਕੁੰਤਕ ਨੇ ਰੀਤੀ ਲਈ 'ਮਾਰਗ' ਸ਼ਬਦ ਹੀ ਵਰਤਿਆ ਹੈ। ਅੰਗਰੇਜੀ ਭਾਸ਼ਾ ਵਿਚ ਰੀਤੀ ਲਈ 'ਸਟਾਈਲ' ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਲਈ ਲੇਖਕ ਦੀ ਨਿਜੀ ਪ੍ਰਗਟਾ-ਸ਼ੈਲੀ (a mode of expression) ਨੂੰ ਰੀਤੀ ਕਿਹਾ ਜਾਂਦਾ ਹੈ।

'ਰੀਤੀ ਸਿੱਧਾਂਤ' ਦੇ ਸੰਚਾਲਕ ਵਾਮਨ ਨੇ ਰੀਤੀ ਦੇ ਕਾਵਿਗਤ ਗੁਣਾਂ ਨਾਲ ਸੰਬੰਧ ਸਥਾਪਿਤ ਕਰਦੇ ਹੋਏ ਪਦਾਂ ਦੀ ਵਿਸ਼ਿਸ਼ਟ ਰਚਨਾ ਨੂੰ ਰੀਤੀ ਕਿਹਾ ਹੈ। ਸ਼ਾਰਦਾ ਤਨਯ ਅਤੇ ਰਾਜਸ਼ੇਖਰ ਦੋਹਾਂ ਨੇ ਕਿਹਾ ਹੈ ਕਿ 'ਵਚਨਾਂ' ਦੇ ਟਿਕਾਉਣ ਦੀ ਤਰਤੀਬ ਹੀ ਰੀਤੀ ਹੈ ਅਰਥਾਤ ਕਾਵਿ ਪਦਾਵਲੀ ਦਾ ਵਿਸ਼ੇਸ਼ ਕ੍ਰਮ ਹੀ ਰੀਤੀ ਹੈ। ਰਾਜਸ਼ੇਖਰ ਦਾ ਭਾਵ ਇਹੋ ਹੈ ਕਿ ਕਾਵਿ ਵਿਚ ਯੋਗ ਸ਼ਬਦਾਂ ਨੂੰ ਯੋਗ ਥਾਂ ਤੇ ਰੱਖਣਾ ਹੀ ਇਕ ਵਿਸ਼ੇਸ਼ਤਾ ਪੈਦਾ ਕਰਨ ਦੀ ਸਮਰੱਥਾ ਰਖਦਾ ਹੈ, ਇਹੋ ਹੀ ਰੀਤੀ ਹੈ। ਆਚਾਰੀਆ ਵਿਦਿਯਾਧਰ ਦੇ ਅਨੁਸਾਰ ਰਸ ਦੇ ਅਨੁਕੂਲ ਸ਼ਬਦ

ਅਤੇ ਅਰਥ ਦਾ ਸਥਾਪਨ ਹੀ ਰੀਤੀ ਹੈ। ਕੁੰਤਕ ਦੇ ਅਨੁਸਾਰ ਰੀਤੀ ਕਵੀ ਦੀ ਸ਼ੈਲੀ ਹੈ, ਇਹ ਸ਼ੈਲੀ ਕਵੀ ਦੀ ਆਪੋ ਆਪਣੇ ਸੁਭਾਅ ਮੁਤਾਬਿਕ ਭਿੰਨ ਭਿੰਨ ਹੈ।

ਓਪਰੋਕਤ ਸਾਰੀਆਂ ਪਰਿਭਾਸ਼ਾਵਾਂ ਨੂੰ ਵਿਚਾਰਨ ਤੋਂ ਬਾਦ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਰੀਤੀ ਇਕ ਸਾਹਿਤਿਕ ਪ੍ਰਵਿਰਤੀ ਹੈ ਜਿਹੜੀ ਕਿ ਕਾਵਿ ਗੁਣਾਂ ਵਾਲੇ ਸ਼ਬਦਾਂ ਦੇ ਕ੍ਰਮ ਉੱਤੇ ਨਿਰਭਰ ਕਰਦੀ ਹੈ। ਰੀਤੀ ਸਿੱਧਾਂਤ ਦੇ ਸਮੱਰਥਕ ਸ਼ਬਦਾਂ ਦੀ ਚੋਣ, ਪਦਾਂ ਦੀ ਵਿਸ਼ੇਸ਼ ਰਚਨਾ, ਰਸ, ਅਲੰਕਾਰ, ਧੁਨੀ ਆਦਿ ਨੂੰ ਕਾਵਿ ਦੇ ਤੱਤ ਮੰਨਿਆ ਜਾਂਦਾ ਹੈ। ਆਧੁਨਿਕ ਆਲੋਚਨਾ ਵਿਚ 'ਸ਼ੈਲੀ' ਨੂੰ ਜੋ ਸਥਾਨ ਪ੍ਰਾਪਤ ਹੈ ਉਹੋ ਸਥਾਨ ਭਾਰਤੀ ਕਲਾਸੀਕਲ ਸਮਾਲੋਚਨਾ ਵਿਚ 'ਰੀਤੀ' ਨੂੰ ਪ੍ਰਾਪਤ ਹੈ। ਰੀਤੀ ਵਿਚ ਵਰਣਾਂ, ਅੱਖਰਾਂ, ਪਦਾਂ ਤੇ ਸ਼ਬਦਾਂ ਦੀ ਚੋਣ ਦਾ ਖਿਆਲ ਰੱਖਿਆ ਜਾਂਦਾ ਹੈ। ਰੀਤੀ ਜਿੱਥੇ ਕਵੀ ਦੀ ਸ਼ਖਸੀਅਤ ਦਾ ਪ੍ਰਗਟਾਵਾ ਹੈ ਉਥੇ ਵਿਸ਼ੇ-ਵਸਤੂ ਲਈ ਬਹੁਤ ਉਪਯੋਗੀ ਹੈ। ਲਿਖਣ ਦੀ ਵਿਧੀ, ਢੰਗ ਅਤੇ ਜੁਗਤੀ ਰੀਤੀ ਵਿਚ ਸ਼ਾਮਿਲ ਹੁੰਦੇ ਹਨ।

## ਰੀਤੀ ਦੇ ਮੂਲ-ਆਧਾਰ:

ਵਾਮਨ ਦੇ ਅਨੁਸਾਰ ਮਧੁਰਤਾ, ਓਜ ਆਦਿ ਗੁਣਾਂ ਤੋਂ ਬਿਨਾਂ ਰੀਤੀ ਦੀ ਹੋਂਦ ਸੰਭਵ ਨਹੀਂ ਹੈ। ਅਗਨਿ ਪੁਰਾਣ ਵਿਚ ਰੀਤੀ ਦੇ ਤਿੰਨ ਤੱਤ ਮੰਨੇ ਹਨ - ਸਮਾਸ, ਅਲੰਕਾਰ ਅਤੇ ਕੋਮਲਤਾ। ਵਿਸ਼ਵਨਾਥ ਨੇ ਅੱਖਰ-ਕ੍ਰਮ, ਸ਼ਬਦ ਸਮੂਹ ਅਤੇ ਸਮਾਸ ਤਿੰਨਾਂ ਨੂੰ ਹੀ ਰੀਤੀ ਦੇ ਜਰੂਰੀ ਤੱਤ ਮੰਨੇ ਹਨ। ਮੰਮਟ ਦੀ ਦ੍ਰਿਸ਼ਟੀ ਵਿਚ ਗੁਣ-ਯੁਕਾ ਵਰਣ-ਸਮੂਹ ਹੀ ਰੀਤੀ ਦੇ ਮੂਲ ਤੱਤ ਹਨ। ਰੀਤੀ ਦੇ ਇਨ੍ਹਾਂ ਜਰੂਰੀ ਤੱਤਾਂ ਤੋਂ ਬਿਨਾਂ ਰੀਤੀ ਦੀ ਹੋਂਦ ਅਸੰਭਵ ਹੈ। ਭਰਤਮੁਨੀ ਨੇ ਰੀਤੀ ਦੇ ਹੇਠ ਲਿਖੇ ਗੁਣ ਮੰਨੇ ਹਨ :-

ਸ਼ਲੇਸ਼, ਪ੍ਰਸਾਦ, ਸਮਤਾ, ਸਮਾਧਿ

ਮਾਧੁਰਯ, ਓਜ, ਸੌਕੁਮਾਰਯ,

ਅਰਥਵਿਅਕਤੀ, ਉਦਾਰਤਾ, ਕਾਂਤਿ।

ਮਾਧੁਰਯ (Sweetness):- ਮਧੁਰਤਾ, ਮਿਠਾਸ, ਮਿੱਠਤ।

ਓਜ (Force):- ਬਲ, ਪ੍ਰਭਾਵ, ਸ਼ਕਤੀ, ਵੀਰਤਾ।

ਪ੍ਰਸਾਦ (Lucidity):- ਸਰਲਤਾ, ਸਪਸ਼ਟਤਾ, ਸੁਬੋਧਤਾ, ਸੌਖ।

**ਮਾਧੁਰਯ:** ਮੰਮਟ ਦੇ ਅਨੁਸਾਰ ਮਾਧੁਰਯ ਗੁਣ ਵਾਲੀ ਰਚਨਾ ਵਿਚ ਇਕ ਅਜਿਹਾ ਆਨੰਦ ਹੁੰਦਾ ਹੈ ਜਿਸ ਵਿਚ ਦਰਸ਼ਕ ਜਾਂ ਪਾਠਕ ਦਾ ਮਨ ਪਿਘਲਣ ਲੱਗਦਾ ਹੈ। ਇਸ ਵਿਚ ਟਵਰਗ (ਟ, ਠ, ਡ, ਢ, ਣ) ਨੂੰ ਛੱਡਕੇ ਬਾਕੀ ਵਿਅੰਜਨ ਬਿੰਦੀ ਨਾਲ ਮਿਲਦੇ ਹਨ ਜਿਵੇਂ ਅੰਗ, ਕੁਰੰਗ। ਸਮਾਸ ਬਹੁਤ ਘੱਟ ਜਾਂ ਬਹੁਤ ਛੋਟੇ ਹੁੰਦੇ ਹਨ। ਜਦੋਂ ਚਿੱਤ ਸਹਿਜ-ਸੁਭਾ ਦੀ ਹਾਲਤ ਵਿਚ ਹੁੰਦਾ ਹੈ ਤਾਂ ਪਿਆਰ ਆਦਿਕ ਰੂਪ ਵਿਚ ਪੈਦਾ ਹੋਏ ਆਨੰਦ ਦੇ ਕਾਰਣ ਮਾਧੁਰਯ ਗੁਣ ਵਾਲੇ ਰਸ ਦੇ ਮਾਨਣ ਤੋਂ ਸੁਤੇ-ਸਿੱਧ ਚਿੱਤ ਪਿਘਲਣ ਲੱਗ ਜਾਂਦਾ ਹੈ।

**ਓਜ** : ਮੰਮਟ ਦੇ ਅਨੁਸਾਰ ਇਸ ਹਾਲਤ ਵਿਚ ਮਨ ਦਾ ਧੀਰਜ ਖਤਮ ਹੋ ਜਾਂਦਾ ਹੈ ਤੇ ਤੇਜ਼ੀ, ਉਗ੍ਰਤਾ ਵੱਧ ਜਾਂਦੀ ਹੈ। ਓਜ ਵਿਚ ਵਰਗਾਂ ਦੇ ਪਹਿਲੇ ਅੱਖਰਾਂ (ਕ, ਚ, ਟ, ਤ, ਪ) ਦਾ ਦੂਜੇ ਅੱਖਰਾਂ (ਖ, ਛ, ਠ, ਥ, ਫ) ਨਾਲ ਸੰਯੋਗ ਰਹਿੰਦਾ ਹੈ ਅਤੇ ਤੀਜੇ ਅੱਖਰਾਂ (ਗ, ਜ, ਡ, ਦ, ਬ) ਦਾ ਚੌਥੇ ਅੱਖਰਾਂ (ਘ, ਝ, ਢ, ਧ, ਭ) ਨਾਲ ਸੰਯੋਗ ਹੁੰਦਾ ਹੈ। ਦੀਰਘ ਜਾਂ ਲੰਮੇ ਸਮਾਸ ਹੁੰਦੇ ਹਨ। ਇਸ ਗੁਣ ਨਾਲ ਚਿੱਤ ਵਿਚ ਤੇਜ ਉਤਪੰਨ ਹੋ ਜਾਂਦਾ ਹੈ।

**ਪ੍ਰਸਾਦ**: ਮੰਮਟ ਦੇ ਅਨੁਸਾਰ ਜਿਵੇਂ ਸੁੱਕਾ ਬਾਲਣ ਇਕਦਮ ਬਲ ਉਠਦਾ ਹੈ ਅਤੇ ਸਾਫ ਕੱਪੜਾ ਪਾਣੀ ਨਾਲ ਨੁੱਚੜ ਜਾਂਦਾ ਹੈ ਠੀਕ ਉਸੇ ਤਰ੍ਹਾਂ ਇਹ ਗੁਣ ਇਕਦਮ ਦਰਸ਼ਕ ਜਾਂ ਪਾਠਕ ਦੇ ਦਿਲ ਵਿਚ ਫੈਲ ਜਾਂਦਾ ਹੈ ਅਰਥਾਤ ਇਹ ਗੁਣ ਰਚਨਾ ਦਾ ਗਿਆਨ ਕਰਵਾਉਂਦਾ ਹੈ। ਸ਼ਬਦਾਂ ਦੇ ਸੁਣਨ ਸਾਰ ਹੀ ਜਿਸ ਗੁਣ ਦੁਆਰਾ ਅਰਥ ਦਾ ਗਿਆਨ ਹੋ ਜਾਵੇ ਉਹ ਪ੍ਰਸਾਦ ਗੁਣ ਹੈ। ਪ੍ਰਸਾਦ ਗੁਣ ਵਾਲੀ ਕਵਿਤਾ ਸੁਣਦਿਆਂ ਹੀ ਦਿਲਾਂ ਵਿਚ ਉਤਰ ਜਾਂਦੀ ਹੈ।

**ਰੀਤੀ ਦੇ ਪ੍ਰਕਾਰ**:- ਵਾਮਨ ਨੇ ਰੀਤੀ ਦੇ ਤਿੰਨ ਪ੍ਰਕਾਰ ਦੱਸੇ ਹਨ:

1. ਵੈਦਰਭੀ (ਵਿਦਰਭ ਇਕ ਭਾਰਤੀ ਪ੍ਰਦੇਸ਼)
2. ਗੌੜੀ (ਗੌੜ ਪ੍ਰਦੇਸ਼)
3. ਪਾਂਚਾਲੀ (ਪਾਂਚਾਲ ਪ੍ਰਦੇਸ਼)

**ਵੈਦਰਭੀ :-** ਵੈਦਰਭੀ ਰੀਤੀ ਵਿਚ ਮਧੁਰਤਾ, ਕੋਮਲ ਵਰਣ, ਘੱਟ ਸਮਾਸ ਅਤੇ ਕੋਮਲ ਰਚਨਾ ਦਾ ਸੰਯੋਗ ਹੁੰਦਾ ਹੈ। ਮੰਮਟ ਨੇ ਮਾਧੁਰਯ (ਮਧੁਰਤਾ, ਮਿਠਾਸ), ਮਾਧੁਰਯ ਵਿਚ ਟਵਰਗ (ਟ,ਠ,ਡ,ਢ,ਣ) ਨਹੀਂ ਹੁੰਦੇ ਅਤੇ ਬਾਕੀ ਵਰਣਾਂ ਦਾ ਬਿੰਦੀ ਨਾਲ ਸੰਯੋਗ ਰਹਿੰਦਾ ਹੈ, ਸਮਾਸ ਬਹੁਤ ਘੱਟ ਹੁੰਦਾ ਹੈ। ਵਾਮਨ ਦੇ ਅਨੁਸਾਰ ਸੁਯੋਗ ਕਵੀ ਅਤੇ ਸ਼ਬਦਾਂ ਦੀ ਉਚਿਤਤਾ ਦੇ ਬਾਵਜੂਦ ਵੈਦਰਭੀ ਰੀਤੀ ਤੋਂ ਬਗੈਰ ਕਵਿਤਾ ਦਾ ਮਧੂ-ਰਸ ਨਹੀਂ ਝਰਦਾ। ਵਾਮਨ ਨੇ ਵੈਦਰਭੀ ਰੀਤੀ ਨੂੰ ਸਭ ਤੋਂ ਉੱਤਮ ਕਿਹਾ ਹੈ। ਇਸ ਰੀਤੀ ਦੀ ਸਿਫਤ ਵਾਮਨ ਤੋਂ ਇਲਾਵਾ ਹੋਰ ਵਿਦਵਾਨਾਂ ਨੇ ਵੀ ਕੀਤੀ ਹੈ। ਰੁਦ੍ਰਟ ਅਨੁਸਾਰ ਵੈਦਰਭੀ ਰੀਤੀ ਵਿਚ ਸੁਕੁਮਾਰ ਅਤੇ ਕੋਮਲ ਗੁਣ ਹੁੰਦੇ ਹਨ ਅਤੇ ਸ਼ਿੰਗਾਰ, ਕਰੁਣ, ਸ਼ਾਂਤ ਆਦਿ ਰਸਾਂ ਦੀ ਵਰਤੋਂ ਕੀਤੀ ਜਾਂਦੀ ਹੈ। ਕੁੰਤਕ ਨੇ ਇਸ ਰੀਤੀ ਨੂੰ 'ਸੁਕੁਮਾਰ ਮਾਰਗ' ਕਿਹਾ ਹੈ। ਵਿਸ਼ਵਨਾਥ ਦੇ ਅਨੁਸਾਰ ਇਸ ਰੀਤੀ ਵਿਚ ਤਿੰਨ ਗੁਣ - ਮਾਧੁਰਯ ਗੁਣ ਵਿਅੰਜਕ ਵਰਣ, ਲਲਿਤ ਪਦ ਅਤੇ ਅਲਪ ਸਮਾਸ ਹੁੰਦੇ ਹਨ।

**ਗੌੜੀ :-** ਓਜ ਤੇ ਕਾਂਤੀ ਗੁਣ ਵਾਲੀ 'ਗੌੜੀ' ਰੀਤੀ ਹੁੰਦੀ ਹੈ। ਇਸ ਰੀਤੀ ਵਿਚ ਕਠੋਰ ਵਰਣ, ਦੀਰਘ ਤੇ ਵੱਡੇ ਸਮਾਸ ਅਤੇ ਵੀਰ ਰਸੀ ਰਚਨਾ ਹੁੰਦੀ ਹੈ। ਇਸ ਰੀਤੀ ਵਿਚ ਕੋਮਲ ਵਰਣਾਂ ਦੀ ਥਾਂ ਕਠੋਰ ਵਰਣ ਹੁੰਦੇ ਹਨ, ਸਮਾਸ ਦੀਰਘ ਹੁੰਦੇ ਹਨ ਅਤੇ ਵੀਰਤਾ ਪੈਦਾ ਕਰਨ ਵਾਲੀ ਪਦਾਵਲੀ ਹੁੰਦੀ ਹੈ। ਵਾਮਨ ਨੇ ਇਸ ਰੀਤੀ ਨੂੰ 'ਤੇਜਸਵੀ ਸ਼ੈਲੀ' ਮੰਨਿਆ ਹੈ। ਰੁਦ੍ਰਟ ਨੇ ਇਸ ਰੀਤੀ ਨੂੰ ਦੀਰਘ ਸਮਾਸਾਂ ਵਾਲੀ ਰੀਤੀ ਮੰਨਦੇ ਹੋਏ ਰੌਦਰ, ਭਿਆਨਕ ਅਤੇ ਵੀਰ ਰਸਾਂ ਦੇ ਪ੍ਰਗਟਾਵੇ ਲਈ ਉਚਿਤ ਦੱਸਿਆ ਹੈ। ਵਿਸ਼ਵਨਾਥ ਨੇ ਓਜ ਗੁਣ ਪ੍ਰਕਾਸ਼ਕ ਵਰਣਾਂ ਨਾਲ ਯੁਕਤ ਪ੍ਰਚੰਡ ਰਚਨਾ, ਜਿਸ ਵਿਚ ਸਮਾਸੀ ਅਤੇ ਔਖੇ ਪਦਾਂ ਦੀ ਅਧਿਕ ਵਰਤੋਂ ਹੁੰਦੀ ਹੈ, ਗੌੜੀ ਰੀਤੀ ਹੈ।

**ਪਾਂਚਾਲੀ :-** ਇਸ ਰੀਤੀ ਵਿਚ 'ਮਾਧੁਰਯ', 'ਸੁਕੁਮਾਰਤਾ' ਅਤੇ 'ਸਪਸ਼ਟਤਾ' ਆਦਿ ਗੁਣ ਵਿਦਮਾਨ ਰਹਿੰਦੇ ਹਨ। ਇਸ ਰੀਤੀ ਵਿਚ ਉਲਝੇ ਹੋਏ ਪਦ ਨਹੀਂ ਰਹਿੰਦੇ, ਵੈਦਰਭੀ ਅਤੇ ਗੌੜੀ ਦੋਹਾਂ ਦੇ ਗੁਣਾਂ ਨੂੰ ਧਾਰਨ ਕਰਨ ਵਾਲੀ ਅਤੇ ਸਪਸ਼ਟਤਾ ਰੱਖਣ ਵਾਲੀ ਪਾਂਚਾਲੀ ਰੀਤੀ ਹੀ ਹੁੰਦੀ ਹੈ। ਇਸ ਰੀਤੀ ਦੀ ਵਰਤੋਂ ਪਾਂਚਾਲ ਦੇਸ਼ ਦੇ ਕਵੀਆਂ ਦੁਆਰਾ ਅਧਿਕ ਹੋਣ ਕਰਕੇ ਇਸ ਦਾ ਨਾਂ 'ਪਾਂਚਾਲੀ' ਪਿਆ ਹੈ। ਵਾਮਨ ਦੇ ਅਨੁਸਾਰ ਇਹ ਅਗਠਿਤ, ਭਾਵ-ਸਿਥਲ ਅਤੇ ਛਾਇਆ ਯੁਕਤ, ਮਧੁਰ ਅਤੇ ਸੁਕੁਮਾਰ ਗੁਣਾਂ ਨਾਲ ਯੁਕਤ ਰਹਿੰਦੀ ਹੈ। ਰੁਦ੍ਰਟ ਦੇ ਅਨੁਸਾਰ ਪਾਂਚਾਲੀ ਲਘੂ ਸਮਾਸ ਵਾਲੀ ਰੀਤੀ ਹੁੰਦੀ ਹੈ। ਵਿਸ਼ਵਨਾਥ ਦੇ ਅਨੁਸਾਰ ਪਾਂਚਾਲੀ ਪੰਜ ਛੇ ਸਮਾਸਾਂ ਨਾਲ ਯੁਕਤ ਪਦਾਂ ਦੇ ਬੰਧ ਵਾਲੀ ਰੀਤੀ ਹੈ।

ਓਪਰੋਕਤ ਤਿੰਨ ਰੀਤੀ ਦੇ ਭੇਦਾਂ ਤੋਂ ਇਲਾਵਾ ਰੁਦ੍ਰਟ ਨੇ 'ਲਾਟੀ' ਭੇਦ ਦਾ ਜਿਕਰ ਵੀ ਕੀਤਾ ਹੈ। ਰੁਦ੍ਰਟ ਦੇ ਅਨੁਸਾਰ ਲਾਟੀ ਮੱਧਮ ਸਮਾਸ ਵਾਲੀ ਅਤੇ ਉਗ੍ਰ ਰਸਾਂ ਦੇ ਵਰਣਨ ਲਈ ਢੁੱਕਵੀਂ ਹੈ। ਵਿਸ਼ਵਨਾਥ ਨੇ ਇਸ ਨੂੰ ਵੈਦਰਭੀ ਅਤੇ ਪਾਂਚਾਲੀ ਦੀ ਮੱਧਵਰਤੀ ਰੀਤੀ ਮੰਨਿਆ ਹੈ। ਸ਼ਬਦਾਂ ਦੀ ਵਿਸ਼ੇ ਅਨੁਸਾਰ ਚੋਣ, ਸ਼ਬਦ ਅਤੇ ਅਰਥ ਦਾ ਆਪੋ ਵਿਚਲਾ ਉਚਿਤ ਗਠਬੰਧਨ, ਭਾਵਾਤਮਕ ਉੱਚਤਾ ਆਦਿ ਗੁਣ ਰੀਤੀ ਸਿੱਧਾਂਤ ਦੀ ਹੀ ਉਪਜ ਹਨ। ਆਧੁਨਿਕ ਆਲੋਚਨਾ ਵਿਚ ਸ਼ੈਲੀ ਦੀ ਮਹੱਤਤਾ ਤੋਂ ਜਿਵੇਂ ਇਨਕਾਰ ਨਹੀਂ ਕੀਤਾ ਜਾ ਸਕਦਾ, ਉਸੇ ਤਰ੍ਹਾਂ ਭਾਰਤੀ ਕਾਵਿ-ਸ਼ਾਸਤਰ ਵਿਚ ਰੀਤੀ ਦਾ ਮਹੱਤਵ ਹੈ। ਹੁਣ ਵੀ ਜਦ ਸ਼ੈਲੀ ਦੀ ਗੱਲ ਛਿੜਦੀ ਹੈ ਤਾਂ ਰੀਤੀ ਦੀ ਗੱਲ ਜਰੂਰ ਕਰਨੀ ਪਵੇਗੀ। ਸ਼ੈਲੀ ਦੇ ਪ੍ਰਸ਼ਾਦ, ਮਾਧੁਰਯ ਤੇ ਓਜ ਆਦਿ ਗੁਣਾਂ ਦਾ ਆਧਾਰ ਰੀਤੀ ਸੰਪਰਦਾਇ ਵੱਲੋਂ ਹੀ ਪ੍ਰਦਾਨ ਕੀਤਾ ਗਿਆ। ਕਾਵਿ ਦੀ ਆਤਮਾ ਦੇ ਸੰਬੰਧ ਵਿਚ ਰੀਤੀ ਸੰਪਰਦਾਇ ਦਾ ਕਾਵਿ ਭਾਸ਼ਾ ਦੇ ਪੱਖ ਤੋਂ ਮਹੱਤਵਪੂਰਨ ਸਥਾਨ ਹੈ। ਰੀਤੀ ਇਕ ਸਾਹਿਤਿਕ ਪ੍ਰਵਿਰਤੀ ਹੈ ਜਿਹੜੀ ਕਾਵਿ ਗੁਣਾਂ ਵਾਲੇ ਸ਼ਬਦਾਂ ਦੇ ਕ੍ਰਮ ਉੱਤੇ ਨਿਰਭਰ ਹੈ।

ਉਹ ਹਰ ਇਕ ਕੰਮ ਚੰਗਾ ਹੋ ਸਕਦਾ ਹੈ ਜਿਸਦੀ ਵਿਉਂਤ ਜਾਂ ਕੋਈ ਰੀਤੀ ਹੋਵੇ। ਦੁਨੀਆ ਵਿਚ ਇਸੇ ਲਈ ਹਰ ਇਕ ਕੰਮ ਕੰਮ ਕਿਸੇ ਰੀਤੀ ਨਾਲ ਕੀਤਾ ਜਾਂਦਾ ਹੈ। ਕਵੀ ਦੀ ਰਚਨਾ ਵਿਚ ਕਵੀ ਦਾ ਆਪਾ ਝਲਕਦਾ ਹੈ। ਰੀਤੀ ਨਾਲ ਰਚਨਾ ਵਿਚ ਭਾਵੁਕਤਾ, ਸੁਮੇਲਤਾ, ਸਾਧਾਰਣੀਕਰਣ, ਅਲੰਕਾਰਿਕਤਾ ਆਦਿ ਗੁਣ ਉਪਜਦੇ ਹਨ। ਇਸ ਲਈ ਰੀਤੀ ਜਾਂ ਸ਼ੈਲੀ ਦੀ ਭਾਰਤੀ ਕਾਵਿ-ਸ਼ਾਸਤਰ ਵਿਚ ਬਹੁਤ ਮਹੱਤਤਾ ਹੈ।

## ਵਕ੍ਰੋਕਤੀ ਸਿੱਧਾਂਤ :-

ਵਕ੍ਰੋਕਤੀ ਸਿਧਾਂਤ ਭਾਰਤੀ ਕਾਵਿ-ਸ਼ਾਸਤਰ ਦਾ ਮਹੱਤਵਪੂਰਨ ਸਿਧਾਂਤ ਹੈ। ਕਾਵਿ ਸਿੱਧਾਂਤ 'ਵਕ੍ਰੋਕਤੀ' ਨੂੰ ਸਮਝਣ ਲਈ ਸਭ ਤੋਂ ਪਹਿਲਾਂ ਸਾਨੂੰ ਇਹ ਤੱਥ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ ਕਿ ਸਾਹਿੱਤਕਾਰ ਜਾਂ ਕਵੀ ਜੋ ਵੀ ਕਾਵਿ-ਰਚਨਾ ਤਿਆਰ ਕਰਦਾ ਹੈ ਉਸ ਦਾ ਮਾਧਿਅਮ ਕੋਈ ਭਾਸ਼ਾ ਹੁੰਦੀ ਹੈ। ਕਵੀ ਆਪਣੀ ਭਾਸ਼ਾ ਜਾਂ ਬੋਲੀ ਨੂੰ ਇਸ ਤਰ੍ਹਾਂ ਵਿਉਂਤਬੱਧ ਕਰਦਾ ਹੈ ਕਿ ਸ਼ਬਦਾਂ, ਮੁਹਾਵਰਿਆਂ ਤੇ ਵਾਕਾਂ ਵਿੱਚੋਂ ਅਨੋਖੀਆਂ ਅਰਥ-ਗੂੰਜਾਂ ਬਾਹਰ ਨਿਕਲਦੀਆਂ ਹਨ। ਕਵੀ ਆਮ ਬੋਲੀ ਦੇ ਸ਼ਬਦਾਂ ਜਾਂ ਵਾਕ-ਪ੍ਰਬੰਧਾਂ ਵਿਚ ਅਜਿਹੀ ਕੋਈ ਕਲਾ-ਜੁਗਤ ਜੜ ਦਿੰਦਾ ਹੈ ਕਿ ਉਸ ਵਿਚੋਂ ਕਿਸੇ ਅਨੋਖੇ ਚਮਤਕਾਰ ਅਤੇ ਹੈਰਾਨੀ ਦੀ ਝਲਕ ਪੈਂਦੀ ਹੈ। ਕਵੀ ਦੀ ਇਸ ਵੱਖਰੀ ਸ਼ਬਦ-ਵਿਉਂਤ ਜਾਂ ਵਾਕ-ਵਿਉਂਤ ਨਾਲ ਕੋਈ ਨਵਾਂ ਵਿਅੰਗ, ਨਵਾਂ ਸੰਦਰਭ ਜਾਂ ਨਵਾਂ ਅੰਦਾਜ਼ ਲਿਸ਼ਕ ਉਠਦਾ ਹੈ। ਇਹੋ ਨਵਾਂ ਵਿਅੰਗ, ਨਵਾਂ ਸੰਦਰਭ ਜਾਂ ਨਵਾਂ ਅੰਦਾਜ਼ ਹੀ ਆਚਾਰੀਆ ਕੁੰਤਕ ਦੀ ਵਕ੍ਰੋਕਤੀ ਦਾ ਰਹੱਸ ਤੇ ਰਾਜ਼ ਹੈ।

'ਵਕ੍ਰੋਕਤੀ ਸਿੱਧਾਂਤ' ਦੇ ਸੰਚਾਲਕ ਆਚਾਰੀਆ ਕੁੰਤਕ ਨੇ ਸਾਧਾਰਨ ਜਾਂ ਪ੍ਰਸਿੱਧ ਕਥਨ ਤੋਂ ਭਿੰਨ ਅਨੋਖੀ ਜਾਂ ਵਿਚਿਤਰ ਸ਼ੈਲੀ ਨੂੰ ਵਕ੍ਰੋਕਤੀ ਕਿਹਾ ਹੈ। ਵਿਚਿਤ੍ਰ ਦਾ ਅਰਥ ਹੈ ਪ੍ਰਸਿੱਧ ਸ਼ੈਲੀ ਜਾਂ ਚੁਸਤ ਤੇ ਵਿਅੰਗ-ਭਰਪੂਰ ਸੁਹਜਾਤਮਕ ਉਕਤੀ ਅਰਥਾਤ ਅੰਦਾਜ਼ੇ-ਬਿਆਂ, ਬਿਆਨ ਕਰਨ ਦਾ ਅੰਦਾਜ਼। ਭਾਮਹ ਨੇ ਵਕ੍ਰੋਕਤੀ ਨੂੰ 'ਅਤਿਸ਼ਯੋਕਤੀ' ਕਿਹਾ ਹੈ ਜਿਸ ਤੋਂ ਸਾਫ ਪਤਾ ਲੱਗਦਾ ਹੈ ਕਿ ਉਹ ਕਿਸੇ ਗੱਲ ਨੂੰ ਵਧਾ ਚੜ੍ਹਾ ਕੇ ਆਖਣ ਨੂੰ ਵਕ੍ਰੋਕਤੀ ਮੰਨਦਾ ਹੈ। ਆਚਾਰੀਆ ਦੰਡੀ ਦੇ ਅਨੁਸਾਰ ਕਿਸੇ ਅਸੁਭਾਵਿਕ, ਅਸਿੱਧੇ ਜਾਂ ਘੁਮਾ ਫਿਰਾ ਕੇ ਕੀਤੇ ਕਥਨ ਨੂੰ ਵਕ੍ਰੋਕਤੀ ਕਿਹਾ ਜਾਂਦਾ ਹੈ। ਡਾ. ਨਗੇਂਦਰ ਦੇ ਅਨੁਸਾਰ ਵਕ੍ਰੋਕਤੀ ਉਸ ਕਲਾ-ਜੁਗਤ ਜਾਂ ਕਥਨ-ਸ਼ੈਲੀ ਨੂੰ ਕਿਹਾ ਜਾਂਦਾ ਹੈ ਜੋ ਲੋਕ-ਵਿਵਹਾਰ ਵਿਚ ਵਰਤੇ ਜਾਣ ਵਾਲੇ ਸ਼ਬਦ-ਅਰਥ ਦੀ ਪਰੰਪਰਾ ਤੋਂ ਵੱਖਰੀ ਕਵੀ ਪ੍ਰਤਿਭਾ ਤੋਂ ਉਤਪੰਨ ਚਮਤਕਾਰ ਦੇ ਕਾਰਣ ਮਨਾਂ ਨੂੰ ਟੁੰਬਣ ਵਾਲੀ ਹੁੰਦੀ ਹੈ। ਉਦਾਹਰਣ ਲਈ ਸ਼ਾਇਰ ਸੁਰਜੀਤ ਪਾਤਰ ਦੀ ਕਵਿਤਾ ਦਾ ਇਕ ਬੰਦ ਹੈ :-

ਪਹਿਲਾਂ ਵਾਰਸ ਸ਼ਾਹ ਨੂੰ ਵੰਡਿਆ ਸੀ,

ਹੁਣ ਸ਼ਿਵ ਕੁਮਾਰ ਦੀ ਵਾਰੀ ਏ।

ਉਹ ਜ਼ਖ਼ਮ ਤੁਹਾਨੂੰ ਭੁੱਲ ਵੀ ਗਏ,

ਨਵਿਆਂ ਦੀ ਜੁ ਫੇਰ ਤਿਆਰੀ ਏ। (ਸੁਰਜੀਤ ਪਾਤਰ)

ਇਸ ਸ਼ਿਅਰ ਦੀ ਸਾਰੀ ਖ਼ੂਬਸੂਰਤੀ ਇਕੋ ਸ਼ਬਦ 'ਵੰਡਿਆ' ਉੱਪਰ ਆਧਾਰਿਤ ਹੈ ਕਿਉਂਕਿ ਏਥੇ 'ਵੰਡਿਆ' ਸ਼ਬਦ ਨੂੰ ਰਵਾਇਤੀ ਸੰਦਰਭ ਵਿਚੋਂ ਕੱਢ ਕੇ ਨਵੇਂ ਸੰਦਰਭ ਨਾਲ ਜੋੜ ਦਿੱਤਾ ਗਿਆ ਹੈ। 'ਵੰਡਿਆ' ਦਾ ਰਵਾਇਤੀ ਅਰਥ ਤਾਂ ਕਿਸੇ ਵਸਤੂ ਨੂੰ ਤਕਸੀਮ ਜਾਂ ਵੰਡਣਾ ਹੁੰਦਾ ਹੈ ਪਰ ਨਵੇਂ ਸੰਦਰਭ ਅਨੁਸਾਰ ਵਾਰਸ ਨੂੰ ਵੰਡਣ ਦਾ ਭਾਵ ਹਿੰਦੁਸਤਾਨ ਤੇ ਪਾਕਿਸਤਾਨ ਦੀ ਵੰਡ ਅਤੇ ਸ਼ਿਵਕੁਮਾਰ ਨੂੰ ਵੰਡਣ ਦਾ ਭਾਵ ਭਾਰਤ ਦੀਆਂ ਦੋ ਕੋਮਾਂ ਦੀ ਵੰਡ ਹੈ। ਇਹ ਸ਼ਬਦ 'ਵੰਡਿਆ' ਕੁੰਤਕ ਦੇ ਅਨੁਸਾਰ ਕਿਰਿਆ ਦੀ ਵਕ੍ਰੋਕਤੀ ਹੈ।

## ਵਕ੍ਰੋਕਤੀ ਦੇ ਭੇਦ:-

ਕੁੰਤਕ ਨੇ ਵਕ੍ਰੋਕਤੀ ਦੇ ਛੇ ਭੇਦ ਪੇਸ਼ ਕੀਤੇ ਹਨ :- ਧੁਨੀਆਂ ਜਾਂ ਅੱਖਰਾਂ 'ਤੇ ਆਧਾਰਿਤ ਵਕ੍ਰੋਕਤੀ, ਪਦਾਂ ਜਾਂ ਸ਼ਬਦਾਂ 'ਤੇ ਆਧਾਰਿਤ ਵਕ੍ਰੋਕਤੀ, ਪਿਛੇਤਰਾਂ 'ਤੇ ਆਧਾਰਿਤ ਵਕ੍ਰੋਕਤੀ, ਵਾਕਾਂ 'ਤੇ ਆਧਾਰਿਤ ਵਕ੍ਰੋਕਤੀ, ਕਿਸੇ ਘਟਨਾ 'ਤੇ ਆਧਾਰਿਤ ਵਕ੍ਰੋਕਤੀ, ਮਹਾਕਾਵਿ ਐਪਿਕ 'ਤੇ ਆਧਾਰਿਤ ਵਕ੍ਰੋਕਤੀ।

**ਧੁਨੀਆਂ ਜਾਂ ਅੱਖਰਾਂ 'ਤੇ ਆਧਾਰਿਤ ਵਕ੍ਰੋਕਤੀ :-** ਪੰਜਾਬੀ ਭਾਸ਼ਾ ਵਿਚ ੳ, ਅ, ੲ, ਸ, ਕ, ਖ, ਗ, ਘ, ਙ, ਚ, ਛ ਆਦਿ ਧੁਨੀਆਂ ਨੂੰ ਹੀ ਅੱਖਰ ਕਹਿ ਦਿੱਤਾ ਜਾਂਦਾ ਹੈ। ਧੁਨੀ ਤੇ ਅੱਖਰ ਵਿਚ ਕੋਈ ਫਰਕ ਨਹੀਂ ਹੈ ਕਿਉਂਕਿ ਅੱਖਰ ਲਿਖਣ-ਪੜ੍ਹਨ ਦੇ ਕੰਮ ਆਉਂਦਾ ਹੈ, ਧੁਨੀ ਬੋਲਣ ਤੇ ਸੁਣਨ ਦੇ ਕੰਮ ਆਉਂਦੀ ਹੈ। ਕੁੰਤਕ ਦੇ ਅਨੁਸਾਰ ਕਾਵਿ ਵਿਚ ਵਰਣਾਂ ਜਾਂ ਅੱਖਰਾਂ ਦੇ ਸਥਾਪਨ ਜਾਂ ਜੋੜਨ ਵਿਚ ਜੋ ਸੁਹਜਾਤਮਕ ਚਮਤਕਾਰ ਪੈਦਾ ਹੁੰਦਾ ਹੈ ਉਹੋ ਵਰਣ-ਵਕ੍ਰੋਕਤੀ ਹੈ। ਵਰਣ ਵਕ੍ਰੋਕਤੀ ਤਿੰਨ ਤਰ੍ਹਾਂ ਦੀ ਹੁੰਦੀ ਹੈ :-

1. ਇਕ ਅੱਖਰ ਦਾ ਦੁਹਰਾਉ।
2. ਦੋ ਅੱਖਰਾਂ ਦਾ ਦੁਹਰਾਉ।
3. ਅਨੇਕ ਅੱਖਰਾਂ ਦਾ ਦੁਹਰਾਉ।

ਇਸ ਤਰ੍ਹਾਂ ਕਾਵਿ-ਉਸਾਰੀ ਦੀ ਪ੍ਰਕ੍ਰਿਆ ਵਿਚ ਵਰਣਾਂ ਜਾਂ ਅੱਖਰਾਂ ਦਾ ਵਿਸ਼ੇ-ਵਸਤੂ ਦੇ ਅਨੁਕੂਲ ਵਾਰ-ਵਾਰ ਦੁਹਰਾਉ ਨਾਲ ਇਕ ਸੁਹਜ ਚਮਤਕਾਰ ਪੈਦਾ ਹੁੰਦਾ ਹੈ, ਇਹੋ ਵਕ੍ਰੋਕਤੀ ਹੈ। ਜਿਵੇਂ :-

ਚੰਦਨ ਚੰਦ ਨ ਸਰਦ ਰੁਤ ਮੂਲ ਨ ਮਿਟਈ ਘਾਮ।

ਸੀਤਲ ਥੀਵੈ ਨਾਨਕਾ ਜਪੰਸੜੋ ਹਰਿਨਾਮ।

ਉਪਰੋਕਤ ਕਾਵਿ ਸਤਰਾਂ ਵਿਚ 'ਚੰਦਨ ਚੰਦ ਨ' ਸਮਾਨ ਵਰਣਾਂ ਦਾ ਵਾਰ-ਵਾਰ ਦੁਹਰਾਉ ਹੈ, ਇਸ ਨਾਲ ਨਾਦ-ਸੌਂਦਰਯ ਪੈਦਾ ਹੁੰਦਾ ਹੈ।

**ਸ਼ਬਦਾਂ 'ਤੇ ਆਧਾਰਿਤ ਵਕ੍ਰੋਕਤੀ:-** ਕੁੰਤਕ ਨੇ ਸ਼ਬਦ ਵਕ੍ਰੋਕਤੀ ਨੂੰ 'ਪਦ-ਪੂਰਵਾਰਧ ਵਕ੍ਰੋਕਤੀ' ਕਿਹਾ ਹੈ। ਜਦੋਂ ਕਵੀ ਕਾਵਿ ਵਿਚ ਸ਼ਬਦਾਂ ਦੀ ਵਰਤੋਂ ਦੁਆਰਾ ਕੋਈ ਚਮਤਕਾਰ ਪੈਦਾ ਕਰਦਾ ਹੈ ਤਾਂ ਉਸਨੂੰ ਸ਼ਬਦ ਜਾਂ ਪਦ ਵਕ੍ਰੋਕਤੀ ਕਿਹਾ ਜਾਂਦਾ ਹੈ। ਜਿਵੇਂ :

ਕਬੀਰ ਭਲੀ ਮਧੂਕਰੀ ਨਾਨਾਬਿਧ ਕੋ ਨਾਜ,

ਦਾਵਾ ਕਾਹੂ ਕੋ ਨਹੀ ਬਡੋ ਦੇਸ ਬਡ ਰਾਜ।          (ਕਬੀਰ ਬਾਣੀ)

ਕਬੀਰ ਜੀ ਨੇ ਇੱਥੇ 'ਮਧੂਕਰੀ' ਸ਼ਬਦ ਦਾ ਪ੍ਰਯੋਗ ਖਾਸ ਮਨੋਰਥ ਲਈ ਕੀਤਾ ਹੈ, ਕਿਉਂਕਿ ਇਸ ਸ਼ਬਦ ਦੇ ਕਈ ਪਰਿਆਇ (ਸਮਾਨਾਰਥਕ) ਹਨ ਜਿਵੇਂ ਰੋਟੀ, ਮੰਨੀ, ਟੁੱਕ, ਮੰਡਾ, ਚਪਾਤੀ, ਫੁਲਕਾ, ਪਰਸ਼ਾਦਾ ਆਦਿ। ਪਰ ਇੱਥੇ ਸਾਧੂ ਦੇ ਜੀਵਨ ਵਿਚ ਮਧੂਕਰੀ ਜ਼ਿਆਦਾ ਸਾਰਥਕ ਤੇ ਚਮਤਕਾਰੀ ਹੈ। ਕੁੰਤਕ ਨੇ ਸ਼ਬਦ ਵਕ੍ਰੋਕਤੀ ਦੇ ਅੱਠ ਉਪਭੇਦ ਦੱਸੇ ਹਨ, ਜੋ ਹੇਠ ਲਿਖੇ ਅਨੁਸਾਰ ਹੈ:-

**ਰੂੜੀ ਵਕ੍ਰਤਾ :-** ਕਿਸੇ ਰੂੜ੍ਹ ਅਰਥ ਵਿਚ ਕੁੱਝ ਵਿਚਿਤਰਤਾ ਭਰਨਾ।

ਪਰਿਆਇ ਵਕ੍ਰਤਾ :- ਸਮਾਨਾਰਥਕ ਸ਼ਬਦ ਲਿਖ ਕੇ ਵਿਚਿਤਰਤਾ ਲਿਆਉਣਾ।

ਉਪਚਾਰ ਵਕ੍ਰਤਾ :- ਅਭੇਦਤਾ ਦੀ ਪ੍ਰਤੀਤੀ ਹੋਣਾ।

ਵਿਸ਼ੇਸ਼ਣ ਵਕ੍ਰਤਾ :- ਵਿਸ਼ੇਸ਼ਣ ਦੀ ਵਰਤੋਂ ਨਾਲ ਵਿਚਿਤਰਤਾ ਲਿਆਉਣਾ।

ਸੰਵਿਤ੍ਰੀ ਵਕ੍ਰਤਾ :- ਲੁਕਾਉਣ ਵਿਧੀ ਨਾਲ ਵਿਚਿਤਰਤਾ ਪੈਦਾ ਕਰਨਾ।

ਵਿਤ੍ਰੀ ਵਕ੍ਰਤਾ :- ਸਮਾਸ ਰਾਹੀਂ ਵਿਚਿਤਰਤਾ ਪੈਦਾ ਕਰਨਾ।

ਲਿੰਗ ਵਕ੍ਰਤਾ :- ਲਿੰਗ ਦੀ ਵਿਸ਼ੇਸ਼ ਵਰਤੋਂ ਰਾਹੀਂ ਵਿਚਿਤਰਤਾ ਪੈਦਾ ਕਰਨਾ।

ਕ੍ਰਿਆ ਵਕ੍ਰਤਾ :- ਕ੍ਰਿਆ ਉੱਤੇ ਆਧਾਰਿਤ ਵਿਚਿਤਰਤਾ।

ਪਿਛੇਤਰਾਂ 'ਤੇ ਆਧਾਰਿਤ ਵਕ੍ਰੋਕਤੀ:- ਜਦੋਂ ਕਵੀ ਕਾਵਿ ਵਿਚ ਸ਼ਬਦਾਂ ਦੇ ਨਾਲ ਆਉਣ ਵਾਲੇ ਪਿਛੇਤਰਾਂ ਜਾਂ ਪਰਸਰਗਾਂ ਦੀ ਵਰਤੋਂ ਕਰਕੇ ਕੋਈ ਅਨੋਖਾਪਨ, ਵਿਲੱਖਣਤਾ ਜਾਂ ਚਮਤਕਾਰ ਪੈਦਾ ਕਰਦਾ ਹੈ ਤਾਂ ਉੱਥੇ ਪਿਛੇਤਰ ਵਕ੍ਰੋਕਤੀ ਹੁੰਦੀ ਹੈ। ਜਿਵੇਂ :-

ਮੈਂ ਕਸੁੰਭੜਾ ਚੁਗ ਚੁਗ ਹਾਰੀ।

ਏਸ ਕਸੁੰਭੜੇ ਦੇ ਕੰਡੜੇ ਭਲੇਰੇ।

ਅੜ ਅੜ ਚੁੰਨੜੀ ਪਾੜੀ।          (ਸੂਫੀ ਬਾਣੀ)

ਉਪਰੋਕਤ ਸਤਰਾਂ ਵਿਚ ਚਾਰ ਸ਼ਬਦ (ਕਸੁੰਭੜਾ, ਕੰਡੜੇ, ਚੁੰਨੜੀ, ਭਲੇਰੇ) ਪਿਛੇਤਰ ਵਕ੍ਰੋਕਤੀ ਵਾਲੇ ਹਨ, ਕਿਉਂਕਿ ਇਹਨਾਂ ਚਾਰ ਸ਼ਬਦਾਂ ਵਿਚ ਇਕੱਲਾ 'ੜ' ਪਿਛੇਤਰ ਹੀ ਵਿਚਿਤਰਤਾ ਪੈਦਾ ਕਰ ਰਿਹਾ ਹੈ। ਜੇਕਰ 'ੜ' ਪਿਛੇਤਰ ਨਾ ਹੁੰਦਾ ਤਾਂ ਸ਼ਾਇਦ ਇਹ ਚਮਤਕਾਰ ਨਾ ਪੈਦਾ ਹੁੰਦਾ।

ਕਸੁੰਭੜਾ - ਕਸੁੰਭਾ +ੜਾ (ਪਿਛੇਤਰ)

ਕੰਡੜਾ - ਕੰਡਾ +ੜਾ (ਪਿਛੇਤਰ)

ਚੁੰਨੜੀ - ਚੁੰਨੀ +ੜਾ (ਪਿਛੇਤਰ)

ਭਲੇਰੇ - ਭਲਾ +ਰੇ (ਪਿਛੇਤਰ)

ਕੁੰਤਕ ਨੇ ਪਿਛੇਤਰ ਵਕ੍ਰੋਕਤੀ ਦੇ ਛੇ ਉਪਭੇਦ ਦੱਸੇ ਹਨ ਜੋ ਕਿ ਹੇਠ ਲਿਖੇ ਅਨੁਸਾਰ ਹੈ-

1.ਕਾਲ (Tense):- ਭੂਤਕਾਲ, ਵਰਤਮਾਨ, ਭਵਿਖਤ ਕਾਲ।

2.ਕਾਰਕ (Cases):- ਕਰਤਾ, ਕਰਮ, ਕਾਰਣ, ਸੰਪ੍ਰਦਾਨ, ਅਪਾਦਾਨ, ਸਬੰਧ,ਅਧਿਕਰਣ।

3.ਵਚਨ (Numbers):- ਇਕਵਚਨ, ਬਹੁਵਚਨ।

4.ਪੁਰਸ਼ (Persons):- ਉੱਤਮ, ਮੱਧਮ, ਅਨਯ।

5.ਉਪਗ੍ਰਹ (Verbal forms):- ਕਰਮਣੀ / ਕਰਤਰੀ ਵਾਚ।

6.ਪਿਛੇਤਰ (Suffixes):- ਤੱਧਿਤ, ਕ੍ਰਿਦੰਤ।

**ਵਾਕਾਂ 'ਤੇ ਆਧਾਰਿਤ ਵਕ੍ਰੋਕਤੀ :-** ਕਾਵਿ ਧੁਨੀਆਂ, ਸ਼ਬਦਾਂਸ਼ ਤੇ ਸ਼ਬਦ ਜਦੋਂ ਆਪੋ ਆਪਣੇ ਵੱਖਰੇ-ਵੱਖਰੇ ਅਰਥ ਪ੍ਰਗਟ ਕਰਦੇ ਹਨ ਤਾਂ ਵਾਕ ਵਿਚ ਸਾਰਿਆ ਦਾ ਸਮੁੱਚਾ ਅਰਥ ਉਭਰਦਾ ਹੈ, ਇਸੇ ਅਰਥ-ਸਮੁੱਚਤਾ ਨੂੰ ਕੁੰਤਕ ਨੇ ਵਾਕ ਵਕ੍ਰੋਕਤੀ ਕਿਹਾ ਹੈ। ਵਾਕ ਵਕ੍ਰੋਕਤੀ ਦੇ ਦੋ ਭੇਦ ਹੁੰਦੇ ਹਨ :-

ੳ. ਸਹਜ

ਅ. ਆਹਾਰਯ

ਸਹਜ ਦਾ ਅਰਥ ਹੈ ਸੁਭਾਵਿਕ, ਪ੍ਰਕ੍ਰਿਤ, ਕੁਦਰਤੀ। ਕਵੀ ਆਪਣੀ ਸਹਜ ਪ੍ਰਤਿਭਾ ਨਾਲ ਵਸਤੂਆਂ ਦਾ ਸੰਜੀਵ ਚਿਤਰਣ ਕਰਕੇ ਭਾਵੁਕ ਵਿਅਕਤੀਆਂ ਨੂੰ ਸੁਹਜ-ਸੁਆਦ ਪ੍ਰਦਾਨ ਕਰਦਾ ਹੈ। ਆਹਾਰਯ ਦਾ ਅਰਥ ਹੈ ਨਿਪੁੰਨਤਾ, ਚਤੁਰਤਾ ਤੇ ਅਭਿਆਸ। ਕਵੀ ਆਪਣੇ ਕੌਸ਼ਲ ਜਾਂ ਕਲਾ-ਨਿਪੁੰਨਤਾ ਨਾਲ ਕਲਪਿਤ ਵਸਤੂ ਵਿਚ ਕਈ ਅਜਿਹੇ ਚਮਤਕਾਰੀ ਅਲੌਕਿਕ ਅੰਸ਼ ਭਰ ਦੇਂਦਾ ਹੈ ਕਿ ਉਹ ਅਨੋਖੀ ਸੁਹਜ-ਸੁੰਦਰਤਾ ਨਾਲ ਇਕ ਸੱਜਰਾ ਨਵਾਂ ਰੂਪ ਧਾਰਨ ਕਰ ਲੈਂਦੀ ਹੈ। ਕੁੰਤਕ ਨੇ ਕਾਵਿ ਵਿਚ ਯਥਾਰਥਕ, ਇਤਿਹਾਸਿਕ, ਮਿਥਿਹਾਸਿਕ, ਕਲਪਿਤ, ਚੇਤਨ, ਅਚੇਤਨ, ਮਾਨਵੀ, ਪ੍ਰਾਕ੍ਰਿਤਿਕ, ਅਲੰਕਾਰਿਕ, ਭਾਵਾਤਮਕ, ਰਸਾਤਮਕ, ਉਪਦੇਸ਼ਾਤਮਕ, ਧਾਰਮਿਕ, ਆਰਥਿਕ, ਅਧਿਆਤਮਕ, ਰੋਮਾਂਟਿਕ ਅਤੇ ਹਰ ਤਰ੍ਹਾਂ ਦੇ ਮਨੁੱਖੀ ਅਨੁਭਵ ਨਾਲ ਸੰਬੰਧਿਤ ਵਿਸ਼ੇ-ਵਸਤੂ ਨੂੰ ਸ਼ਾਮਿਲ ਕੀਤਾ ਹੈ। ਕੁੰਤਕ ਨੇ ਕਾਵਿ-ਵਸਤੂ ਦਾ ਵਰਗੀਕਰਣ ਦੋ ਦ੍ਰਿਸ਼ਟੀਆਂ ਤੋਂ ਕੀਤਾ ਹੈ :-

ਕਵੀ ਦੀ ਦ੍ਰਿਸ਼ਟੀ ਤੋਂ:ਯਥਾਰਥਕ ਜਾਂ ਕਲਪਿਤ ਵਿਸ਼ਾ-ਵਸਤੂ।

ਪਾਠਕ ਦੀ ਦ੍ਰਿਸ਼ਟੀ ਤੋਂ: ਰਸਾਤਮਕ, ਅਲੰਕਾਰਿਕ, ਉਪਦੇਸ਼ਾਤਮਕ ਵਿਸ਼ਾ-ਵਸਤੂ।

**ਕਿਸੇ ਘਟਨਾ 'ਤੇ ਆਧਾਰਿਤ ਵਕ੍ਰੋਕਤੀ:** ਜਦੋਂ ਕਵੀ ਪਹਿਲਾਂ ਤੋਂ ਚਲੀ ਆ ਰਹੀ ਪਰੰਪਰਾਗਤ ਵਾਰਤਾ ਵਿਚ ਆਪਣੀ ਕਲਪਨਾ ਦੇ ਸਹਾਰੇ ਬਹੁਤ ਹੀ ਵਧੀਆ ਪ੍ਰਸੰਗ ਜੋੜ ਲੈਂਦੇ ਹਨ, ਤਾਂ ਉੱਥੇ ਪ੍ਰਕਰਣ (ਘਟਨਾ) ਵਕ੍ਰੋਕਤੀ ਹੁੰਦੀ ਹੈ। ਪ੍ਰਕਰਣ ਵਕ੍ਰੋਕਤੀ ਵਿਚ ਪ੍ਰਭਾਵਸ਼ਾਲੀ ਕਵੀ ਕਿਸੇ ਥਾਂ ਦੇ ਪ੍ਰਸੰਗ ਵਿਚ ਕੋਈ ਤਬਦੀਲੀ ਕਰਕੇ ਕਲਪਨਾ ਦਾ ਪ੍ਰਯੋਗ ਕਰਕੇ ਕੋਈ ਮੌਖਿਕ ਉਦਭਾਵਨਾ ਕਰਦਾ ਹੈ ਤਾਂ ਇਕ ਅਨੋਖਾ ਸਵਾਦ ਆਉਂਦਾ ਹੈ। ਕੁੰਤਕ ਦੇ ਅਨੁਸਾਰ ਪ੍ਰਕਰਣ ਵਕ੍ਰੋਕਤੀ ਦੇ ਅੱਠ ਉਪਭੇਦ ਹੁੰਦੇ ਹਨ ਜੋ ਕਿ ਹੇਠ ਲਿਖੇ ਅਨੁਸਾਰ ਹੈ:-

1. ਭਾਵ ਪੂਰਨ ਸਥਿਤੀ ਦੀ ਸਿਰਜਨਾ।
2. ਮਧੁਰ ਕਲਪਨਾ:- ਅਣਹੋਂਦ ਦੀ ਕਲਪਨਾ, ਹੋਂਦ ਦੀ ਸੋਧ।
3. ਪ੍ਰਬੰਧ ਤੇ ਪ੍ਰਕਰਣਾਂ ਵਿਚ ਉਪਕਾਰ ਭਾਵ।
4. ਵਿਸ਼ੇਸ਼ ਪ੍ਰਕਰਣ ਦਾ ਅਤਿਕਥਨ।
5. ਰੌਚਕ ਪ੍ਰਸੰਗਾਂ ਦਾ ਵਰਨਣ।
6. ਅਪ੍ਰਧਾਨ ਪ੍ਰਸੰਗ ਦੀ ਕਲਪਨਾ।
7. ਗਰਭ-ਅੰਕ
8. ਅਗਲੇ-ਪਿਛਲੇ ਪ੍ਰਕਰਣਾਂ ਦਾ ਸੁਮੇਲ

**ਮਹਾਕਾਵਿ ਐਪਕ 'ਤੇ ਆਧਾਰਿਤ ਵਕ੍ਰੋਕਤੀ**:- ਪ੍ਰਬੰਧ-ਵਕ੍ਰੋਕਤੀ ਦੇ ਦਾਇਰੇ ਵਿਚ ਸਾਰੇ ਪ੍ਰਬੰਧ-ਕਾਵਿ ਅਰਥਾਤ ਮਹਾਂਕਾਵਿ, ਨਾਟਕ ਆਦਿ ਦਾ ਵਸਤੂ-ਕੌਸ਼ਲ ਸਮੋਇਆ ਰਹਿੰਦਾ ਹੈ। ਇਸ ਦਾ ਆਧਾਰ-ਖੇਤਰ ਬਹੁਤ ਵਿਸ਼ਾਲ ਤੇ ਵਿਆਪਕ ਹੁੰਦਾ ਹੈ, ਕਿਉਂਕਿ ਇਸ ਦਾ ਆਧਾਰ ਨਾ ਤਾਂ ਵਰਣ ਜਾਂ ਅੱਖਰ, ਨਾ ਸ਼ਬਦ, ਨਾ ਵਾਕ, ਨਾ ਪ੍ਰਕਰਣ ਸਗੋਂ ਆਦਿ-ਅੰਤ ਸਮੁੱਚਾ ਪ੍ਰਬੰਧ-ਕਾਵਿ ਜਾਂ ਨਾਟਕ ਹੈ। ਕੁੰਤਕ ਨੇ ਪ੍ਰਬੰਧ ਵਕ੍ਰੋਕਤੀ ਦੇ ਛੇ ਉਪਭੇਦ ਦੱਸੇ ਹਨ ਜੋ ਕਿ ਹੇਠ ਲਿਖੇ ਅਨੁਸਾਰ ਹੈ:-

1.ਮੂਲ ਰਸ-ਪਰਿਵਰਤਨ।

2.ਨਾਇਕ ਨੇ ਚਰਿੱਤਰ ਨੂੰ ਉੱਨਤ ਕਰਨ ਵਾਲੀ ਘਟਨਾ ਦੀ ਸਿਖਰ ਉਤੇ ਕਥਾ

ਦੀ ਸਮਾਪਤੀ।

3.ਕਥਾ ਦੇ ਅੱਧ-ਵਿਚਾਲੇ ਹੀ ਕਿਸੇ ਹੋਰ ਕਏਰਜ ਦੁਆਰਾ ਪ੍ਰਧਾਨ ਕਾਰਜ ਦੀ ਪੂਰਤੀ।

4.ਨਾਇਕ ਦੁਆਰਾ ਅਨੇਕ ਫਲਾਂ ਦੀ ਪ੍ਰਾਪਤੀ।

5.ਪ੍ਰਧਾਨ ਕਥਾ ਦਾ ਸੂਚਕ ਨਾਮਕਰਣ।

6.ਇਕੋ ਹੀ ਮੂਲ-ਕਥਾ ਉਤੇ ਆਧਾਰਿਤ ਪ੍ਰਬੰਧਾਂ ਦੀ ਅਲੋਕਿਕ ਵਿਲੱਖਣਤਾ ਵਿਚ ਭਿੰਨਤਾ।

ਸੋ ਅੰਤ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਵਕ੍ਰੋਕਤੀ ਸੰਪ੍ਰਦਾਇ ਭਾਰਤੀ ਕਾਵਿ-ਸ਼ਾਸਤਰ ਦਾ ਬਹੁਤ ਮਹੱਤਵਪੂਰਨ ਸਿਧਾਂਤ ਹੈ। 'ਵਕ੍ਰੋਕਤੀ' ਸ਼ਬਦ ਦਾ ਅਰਥ ਹੈ - ਟੇਡਾ ਕਥਨ। ਕੁੰਤਕ ਨੇ ਆਪਣੇ ਗ੍ਰੰਥ 'ਵਕ੍ਰੋਕਤੀ ਜੀਵਿਤੰ' ਵਿਚ ਇਹ ਤੱਥ ਉਜਾਗਰ ਕੀਤਾ ਹੈ ਕਿ ਕਾਵਿ ਵਿਚ ਜਦੋਂ ਕੋਈ ਲੇਖਕ ਕਿਸੇ ਸਾਧਾਰਨ ਗੱਲ ਨੂੰ ਘੁੰਮਾ ਫਿਰਾ ਕੇ ਜਾਂ ਸੁੰਦਰ ਢੰਗ ਨਾਲ ਪ੍ਰਗਟ ਕਰਦਾ ਹੈ ਤਾਂ ਉਸ ਨੂੰ ਵਕ੍ਰੋਕਤੀ ਕਿਹਾ ਜਾਂਦਾ ਹੈ। ਇਸ ਤਰ੍ਹਾਂ ਵਕ੍ਰੋਕਤੀ ਇਕ ਪ੍ਰਕਾਰ ਦੀ ਸ਼ਕਤੀ ਹੈ ਜੋ ਆਪਣੇ ਸੁਚਜ ਨਾਲ ਸਾਧਾਰਣ ਕਥਨ ਨੂੰ ਵੀ ਸੁੰਦਰ ਅਤੇ ਚਮਤਕਾਰ ਬਣਾ ਸਕਦੀ ਹੈ।

## ਔਚਿਤਯ ਸਿੱਧਾਂਤ:-

'ਔਚਿਤਯ ਸਿੱਧਾਂਤ' ਭਾਰਤੀ ਕਾਵਿ-ਸ਼ਾਸਤਰ ਦਾ ਮਹੱਤਵਪੂਰਨ ਅਤੇ ਅੰਤਿਮ ਸਿਧਾਂਤ ਹੈ। ਇਸ ਸਿਧਾਂਤ ਦੀ ਸਥਾਪਨਾ ਦਾ ਸਿਹਰਾ ਆਚਾਰੀਆ ਕਸ਼ੇਮੇਂਦਰ ਦੇ ਸਿਰ ਬੱਝਦਾ ਹੈ।ਆਚਾਰੀਆ ਕਸ਼ੇਮੇਂਦਰ ਦਾ ਜਨਮ ਕਸ਼ਮੀਰ ਵਿਚ ਹੋਇਆ ਸੀ ਅਤੇ ਜਿਸ ਨੂੰ ਅਭਿਨਵ ਗੁਪਤ ਦਾ ਸ਼ਿਸ਼ ਮੰਨਿਆ ਜਾਂਦਾ ਹੈ। ਆਚਾਰੀਆ ਕਸ਼ੇਮੇਂਦਰ ਨੇ ਆਪਣੀ ਪੁਸਤਕ 'ਔਚਿਤਯ ਵਿਚਾਰ ਚਰਚਾ' ਵਿਚ ਔਚਿਤਯ ਸਿਧਾਂਤ ਬਾਰੇ ਚਰਚਾ ਕੀਤੀ ਹੈ। ਕਾਵਿ-ਰਚਨਾ ਜਾਂ ਸਾਹਿਤ ਦੀ ਉਸਾਰੀ ਲਈ ਬਹੁਤ ਜ਼ਰੂਰੀ ਹੈ ਕਿ ਉਸ ਵਿਚ ਹਰ ਸ਼ਬਦ, ਹਰ ਲਫ਼ਜ਼, ਹਰ ਅੱਖਰ ਤੇ ਹਰ ਵਾਕ ਨੂੰ ਉਚਿਤ ਤੇ ਸਹੀ ਥਾਂ ਤੇ ਟਿਕਾਇਆ ਜਾਵੇ ਤਾਂ ਜੋ ਉਹ ਕਵਿਤਾ ਜਾਂ ਸਾਹਿਤ ਰਚਨਾ, ਕਲਾ ਦਾ ਉਤਮ ਨਮੂਨਾ ਬਣ ਸਕੇ।ਇਸ ਤਰ੍ਹਾਂ ਕਾਵਿ-ਕਲਾ ਦੇ ਵੱਖ-ਵੱਖ ਜ਼ਰੂਰੀ ਤੱਤਾਂ ਨੂੰ ਉਚਿਤ ਤੇ ਸਹੀ ਥਾਂ ਤੇ ਸਥਾਪਿਤ ਕਰਨਾ ਹੀ ਔਚਿਤਯ ਸਿੱਧਾਂਤ ਹੈ। ਔਚਿਤਯ ਨੂੰ ਅੰਗਰੇਜ਼ੀ ਭਾਸ਼ਾ ਵਿਚ 'ਫਰੋਪਰਇਟੇ' ਕਿਹਾ ਜਾਂਦਾ ਹੈ, ਜਿਸ ਦਾ ਅਰਥ ਹੈ ਸਹੀ ਥਾਂ ਤੇ ਸਹੀ ਸ਼ਬਦਾਂ ਜਾਂ ਵਾਕਾਂ ਦੀ ਵਰਤੋਂ ਕਰਨਾ।

ਔਚਿਤਯ ਸਿੱਧਾਂਤ ਦਾ ਆਧਾਰ ਇਹ ਹੈ ਕਿ ਕਾਵਿ ਦਾ ਹਰੇਕ ਸ਼ੋਭਾ-ਉਤਪਾਦਕ ਜਾਂ ਸ਼ੋਭਾ ਕਾਰਕ ਅੰਗ ਲੋੜੀਦੇ ਅਨੁਪਾਤ ਅਤੇ ਲੋੜੀਦੇ ਸਥਾਨ ਉੱਤੇ ਪੇਸ਼ ਹੋਣਾ ਚਾਹੀਦਾ ਹੈ। ਉਦਾਹਰਨ ਵਜੋਂ ਜੇ ਕੋਈ ਸੁੰਦਰ ਇਸਤਰੀ ਆਪਣਾ ਮੁੱਖ ਗਹਿਣਿਆਂ ਨਾਲ ਲੱਦ ਲਵੇ ਤਾਂ ਗਹਿਣੇ ਉਸ ਦੀ ਸੁੰਦਰਤਾ ਵਿਚ ਵਾਧਾ ਕਰਨ ਦੀ ਬਜਾਏ ਉਸ ਨੂੰ ਕਰੂਪ ਬਣਾ ਦਿੰਦੇ ਹਨ। ਇਸੇ ਤਰ੍ਹਾਂ ਜੇ ਕਿਸੇ ਨੋਜਵਾਨ ਨੇ ਪਜਾਮੇ ਨਾਲ ਟਾਈ ਲਾਈ ਹੋਵੇ ਜਾਂ ਉਸ ਦੇ ਪੈਂਟ-ਕੋਟ ਦਾ ਰੰਗ ਡਿਜ਼ਾਇਨ ਆਦਿ ਆਪਸ ਵਿਚ ਮੇਲ ਨਾ ਖਾਂਦੇ ਹੋਣ ਜਾਂ ਇਸੇ ਔਰਤ ਦੇ ਕਾਂਟਿਆਂ ਅਤੇ ਨੱਕ ਦੀ ਨੱਥ ਦੇ ਆਕਾਰ ਵਿਚ ਕੋਈ ਅਨੁਪਾਤ ਨਾ ਹੋਵੇ ਤਾਂ ਵੇਖਣ ਵਾਲੇ ਨੂੰ ਇਹ ਸਭ ਕੁਝ ਹਾਸੋਹੀਣ ਪ੍ਰਤੀਤ ਹੋਵੇਗਾ। ਠੀਕ ਇਸੇ ਤਰ੍ਹਾਂ ਅਣ-ਲੋੜੀਦੇ ਜਟਿਲ ਅਲੰਕਾਰਾਂ ਨਾਲ ਸਜਾਇਆ ਕਾਵਿ, ਵਿਚਿਤਰ ਘਟਨਾਵਾਂ ਨਾਲ ਭਰਪੂਰ ਕਥਾਤਮਕ ਸਾਹਿਤ, ਵਿਰੋਧੀ ਦਸ ਦਾ ਮੇਲ, ਪ੍ਰਤਿਕੂਲ ਸਥਿਤੀਆਂ ਵਿਚੋਂ ਅਨੁਕੂਲ ਭਾਵ ਸਿਰਜਣ ਦੀ ਕੋਸ਼ਿਸ਼ ਸਭ ਕਾਵਿ ਦੀ ਸ਼ੋਭਾ ਵਿਚ ਕਮੀ ਲੈ ਆਉਂਦੇ ਹਨ। ਔਚਿਤਯ ਆਪਣੇ ਆਪ ਵਿਚ ਕੋਈ ਸੁਤੰਤਰ ਤੱਤ ਨਹੀਂ ਸਗੋਂ ਕਾਵਿ-ਤੱਤਾਂ ਦੇ ਨਿਰੀਖਣ ਦਾ ਇਕ ਮਾਪ ਹੈ।

ਕਸ਼ੇਮੇਂਦਰ ਦਾ ਸਮਾਂ ਗਿਆਰ੍ਹਵੀਂ ਸਦੀ ਮੰਨਿਆ ਜਾਂਦਾ ਹੈ। ਕਸ਼ੇਮੇਂਦਰ ਨੇ ਔਚਿਤਯ ਸਿਧਾਂਤ ਨੂੰ ਆਪਣੀ ਪੁਸਤਕ "ਔਚਿਤਯ ਵਿਚਾਰ ਚਰਚਾ" ਵਿਚ ਖੋਲ ਕੇ ਸਮਝਾਇਆ ਹੈ। ਕਸ਼ੇਮੇਂਦਰ ਦੇ ਅਨੁਸਾਰ, "ਉਚਿਤ ਦਾ ਅਰਥ ਹੈ ਕਿ ਜਿੱਥੇ ਜਿਸ ਤਰ੍ਹਾਂ ਹੋਣਾ ਚਾਹੀਦਾ ਹੈ ਉਥੇ ਉਸ ਤਰ੍ਹਾਂ ਹੋਣਾ। ਜਿਹੜੀ ਵਸਤੂ ਜਿਸ ਦੇ ਯੋਗ ਜਾਂ ਸਹੀ ਹੁੰਦੀ ਹੈ ਉਸ ਨੂੰ ਉਚਿਤ ਕਹਿੰਦੇ ਹਨ ਅਤੇ ਓਚਿਤ ਦੇ ਭਾਵ ਨੂੰ ਵਿਦਵਾਨ ਔਚਿਤਯ ਕਹਿੰਦੇ ਹਨ।" ਕਸ਼ੇਮੇਂਦਰ ਨੇ ਔਚਿਤਯ ਦੇ ਸਤਾਈ (27) ਭੇਦ ਪੇਸ਼ ਕੀਤੇ ਹਨ:- ਪਦ ਜਾਂ ਸ਼ਬਦ, ਵਾਕ ਜਾਂ ਫਿਕਰਾ, ਪ੍ਰਬੰਧ-ਅਰਥ, ਗੁਣ, ਅਲੰਕਾਰ, ਰਸ, ਕਿਰਿਆ (ਤ਼ਇਰਬ), ਕਾਰਕ, ਲਿੰਗ, ਵਚਨ, ਵਿਸ਼ੇਸ਼ਣ, ਉਪਸਰਗ, ਨਿਪਾਤ, ਕਾਲ, ਦੇਸ਼, ਕੁਲ ਜਾਂ ਵੰਸ਼, ਵਤ੍ਰ ਅਰਥਾਤ ਕਾਵਿ ਦੇ ਪਾਤਰਾਂ ਦੀ ਰਹਿਣੀ-ਬਹਿਣੀ ਜਾਂ ਜੀਵਨ-ਫਿਲਾਸਫੀ, ਤੱਤਵ (ਤੱਤ, ਸੱਚ), ਸੱਤਵ ਭਾਵ ਮਨੋਬਲ, ਅਭਿਪ੍ਰਾਏ ਭਾਵ ਮੰਤਵ, ਸੁਭਾਵ, ਸਾਰ-ਸੰਗ੍ਰਿਹ, ਪ੍ਰਤਿਭਾ, ਅਵਸਥਾ, ਵਿਚਾਰ, ਨਾਮ, ਅਸ਼ੀਰਵਾਦ।

ਔਚਿਤਯ ਦੇ ਭੇਦਾਂ ਦੀ ਸ਼੍ਰੇਣੀ-ਵੰਡ :- ਕਸ਼ੇਮੇਂਦਰ ਦੁਆਰਾ ਪੇਸ਼ ਕੀਤੇ ਔਚਿਤਯ ਸਿਧਾਂਤ ਦੇ 27 ਭੇਦਾਂ ਦੀ ਵਿਦਵਾਨਾਂ ਨੇ ਸ਼੍ਰੇਣੀ ਵੰਡ ਹੇਠ ਲਿਖੇ ਅਨੁਸਾਰ ਕੀਤੀ ਹੈ :-

**ਸ਼ਬਦ-ਵਿਗਿਆਨ :-** ਪਦ, ਵਾਕ, ਕਿਰਿਆ, ਕਾਰਕ, ਲਿੰਗ, ਵਚਨ, ਵਿਸ਼ੇਸ਼ਣ, ਉਪਸਰਗ, ਨਿਪਾਤ।

**ਕਾਵਿ-ਸ਼ਾਸਤਰੀ:-** ਪ੍ਰਬੰਧ-ਅਰਥ, ਗੁਣ, ਅਲੰਕਾਰ, ਰਸ, ਸਾਰ-ਸੰਗ੍ਰਹਿ, ਤੱਤਵ, ਆਸ਼ੀਰਵਾਦ, ਨਾਮ।

**ਚਰਿਤਰ-ਚਿਤਰਨ:-** ਵ੍ਰਤ, ਸੱਤਵ, ਅਭਿਪ੍ਰਾਏ, ਸੁਭਾ, ਪ੍ਰਤਿਭਾ, ਵਿਚਾਰ।

**ਪਰਿਸਥਿਤੀ-ਵਰਨਣ**:- ਕਾਲ, ਦੇਸ਼, ਕੁਲ, ਅਵਸਥਾ।

ਔਚਿਤਯ ਕਾਵਿ ਦਾ ਕੋਈ ਅੰਗ ਜਾਂ ਤੱਤ ਨਹੀਂ ਸਗੋਂ ਕਾਵਿ ਦੇ ਸਾਰੇ ਅੰਗਾਂ ਅਤੇ ਤੱਤਾਂ ਵਿਚ ਵਿਆਪਕ ਇਕ ਗੁਣ ਹੈ ਜਿਹੜਾ ਸਤਿਕਾਰ ਦੀ ਉਚਿਤ ਦ੍ਰਿਸ਼ਟੀ ਕਾਰਣ ਉਤਪੰਨ ਹੁੰਦਾ ਹੈ। ਉਚਿਤ ਦ੍ਰਿਸ਼ਟੀ ਦੇ ਮਾਪ ਸਮੇਂ ਦੀ ਸੰਸਕ੍ਰਿਤੀ ਵਿਚ ਪਰਿਵਰਤਨ ਆਉਣ ਨਾਲ ਉਚਿਤ-ਅਨੁਚਿਤ ਦੀ ਧਾਰਨਾ ਵਿਚ ਆਉਂਦਾ ਰਹਿੰਦਾ ਹੈ। ਇਸ ਤੋਂ ਇਲਾਵਾ ਇਕ ਸਮਾਜ ਵਿਚ ਸੰਸਕ੍ਰਿਤੀ ਦੀਆਂ ਪਰਸਪਰ ਵਿਰੋਧੀ ਕੀਮਤਾਂ ਪ੍ਰਚਲਿਤ ਵੀ ਹੁੰਦੀਆਂ ਹਨ। ਇਸ ਲਈ ਵੱਖਰੀਆਂ ਵੱਖਰੀਆਂ ਕੀਮਤਾਂ ਦੇ ਅਨੁਯਾਈ ਸਾਹਿਤਕਾਰਾਂ ਲਈ ਔਚਿਤਯ ਦ੍ਰਿਸ਼ਟੀ ਵੀ ਵੱਖਰੀ ਵੱਖਰੀ ਹੁੰਦੀ ਹੈ। ਰਚਨਾ ਵਿਚ ਕੁਝ ਗੱਲਾਂ ਅਜਿਹੀਆਂ ਹੁੰਦੀਆਂ ਹਨ ਜਿਹੜੀਆਂ ਸਭ ਨੂੰ ਹੀ ਪ੍ਰਵਾਨ ਹੁੰਦੀਆਂ ਹਨ ਕੁਝ ਗੱਲਾਂ ਸਬੰਧੀ ਮਤਭੇਦ ਵੀ ਹੋ ਸਕਦਾ ਹੈ। ਆਧੁਨਿਕ ਦ੍ਰਿਸ਼ਟੀ ਅਨੁਸਾਰ ਉਚਿਤ ਉਹ ਹੈ ਜਿਹੜਾ ਜੀਵਨ ਦੀ ਯਥਾਰਥ ਦੀ ਵਸਤੂਗਤ ਗਤੀਸ਼ੀਲਤਾ ਦੀ ਦਿਸ਼ਾ ਵੱਲ ਸੰਕੇਤ ਕਰਦਾ ਹੈ। 'ਔਚਿਤਯ' ਸਿਧਾਂਤ ਅਨੁਸਾਰ ਅਜਿਹੇ ਸੰਕਲਪਾਂ ਦਾ ਸੰਚਾਰ ਹੀ ਉਚਿਤ ਗਿਣਿਆ ਜਾਂਦਾ ਹੈ ਜੋ ਸੁਹਿਰਦ ਨੂੰ ਉਸ ਦਿਸ਼ਾ ਵੱਲ ਮੁੜਨ ਦੀ ਪ੍ਰੇਰਨਾ ਕਰਦੇ ਹਨ। ਔਚਿਤਯ ਦੇ ਕੁਝ ਉਦਾਹਰਣ ਹੇਠ ਲਿਖੇ ਹਨ :-

"ਹੇ ਨਾਥ ! ਯੁੱਧ ਵਿਚ ਤੁਹਾਡੀ ਤਲਵਾਰ ਦੀ ਧਾਰ ਦੇ ਪਾਣੀ ਵਿਚ ਵੈਰੀਆਂ ਦੇ ਝੁੰਡ ਦੇ ਝੁੰਡ ਡੁੱਬ ਗਏ ਹਨ" ਇਹ ਪ੍ਰਸ਼ੰਸਾ ਭੱਟਾਂ ਦੇ ਮੂੰਹੋਂ ਸੁਣ ਕੇ ਰਾਜੇ ਦੀ ਭੋਲੀ-ਭਾਲੀ ਰਾਣੀ ਹੈਰਾਨ ਹੋ ਕੇ ਆਪਣੇ ਪਤੀ ਦੀ ਤਲਵਾਰ ਵੱਲ ਤ੍ਰੇਹ-ਪਿਆਸ ਬੁਝਾਉਣ ਲਈ ਮੁੜ-ਮੁੜ ਤੱਕਦੀ ਹੈ।"

ਇੱਥੇ ਕਿਸੇ ਰਾਜੇ ਦੀ ਬਹਾਦਰੀ ਦਾ ਵਰਨਣ ਹੈ, ਪਰ ਭੱਟ ਲੋਕ ਉਸ ਨੂੰ ਵਧਾ-ਚੜ੍ਹਾ ਕੇ ਅਤਿਕਥਨੀ ਨਾਲ ਬਿਆਨ ਕਰਦੇ ਹਨ ਅਤੇ 'ਤਲਵਾਰ ਦੀ ਧਾਰ ਦਾ ਪਾਣੀ' ਇਹ ਮੁਹਾਵਰਾ ਵਰਤਦੇ ਹਨ। ਪਰ ਰਾਜੇ ਦੀ ਰਾਣੀ ਨੇ ਇਸ ਮੁਹਾਵਰੇ ਦਾ ਵਿਅੰਗ-ਅਰਥ ਨਹੀਂ ਸਮਝਿਆ, ਇਸ ਲਈ ਰਾਣੀ ਪਾਣੀ ਦੀ ਆਸ ਵਿਚ ਤਲਵਾਰ ਵੱਕ ਦੇਖਦੀ ਹੈ। ਇੱਥੇ ਕਵੀ ਨੇ ਰਾਣੀ ਦੀ ਅਣਭੋਲਤਾ ਅਤੇ ਮਾਸੂਮੀਅਤ ਦੱਸਣ ਲਈ ਇਕ ਸ਼ਬਦ "ਭੋਲੀਭਾਲੀ" ਵਰਤਿਆ ਹੈ, ਜੋ ਇਸ ਸਾਰੇ ਪ੍ਰਸੰਗ ਵਿਚ ਰਾਣੀ ਅਣਭੋਲਤਾ ਨੂੰ ਜ਼ਾਹਰ ਕਰਨ ਲਈ ਬਹੁਤ ਹੀ ਸਾਰਥਕ ਤੇ ਉਚਿਤ ਹੈ। ਇਸ ਲਈ ਇਸ ਕਾਵਿ-ਬੰਦ ਦਾ ਇਕ ਸ਼ਬਦ (ਪਦ) 'ਭੋਲੀ-ਭਾਲੀ' ਔਚਿਤਯ ਦਾ ਢੁਕਵਾਂ ਉਦਾਹਰਣ ਹੈ।

ਆਚਾਰੀਆ ਕਸ਼ੇਮੇਂਦਰ ਨੇ ਔਚਿਤਯ ਨੂੰ ਕਾਵਿ ਦੀ ਆਤਮਾ ਜਾਂ ਪਰਮ-ਤੱਤ ਸਵੀਕਾਰ ਕੀਤਾ ਹੈ। ਉਸ ਦੇ ਅਨੁਸਾਰ ਜੋ ਜਿਸ ਦੇ ਅਨੁਰੂਪ ਹੁੰਦਾ ਹੈ, ਉਸ ਨੂੰ ਉਚਿਤ ਕਿਹਾ ਜਾਂਦਾ ਹੈ ਅਤੇ ਉਚਿਤ ਹੋਣ ਦਾ ਭਾਵ ਹੀ ਔਚਿਤਯ ਹੈ। ਜਿਵੇਂ ਜੀਵਨ ਨੂੰ ਸੰਤੁਲਿਤ ਅਤੇ ਵਿਵਸਥਿਤ ਰੂਪ ਵਿਚ ਚਲਾਉਣ ਲਈ ਔਚਿਤਯ ਦਾ ਮਹੱਤਵ ਹੈ, ਉਸੇ ਤਰ੍ਹਾਂ ਕਾਵਿ ਵਿਚ ਸੌਂਦਰਯ ਲਿਆਉਣ ਕਈ ਔਚਿਤਯ ਦੀ ਜਰੂਰਤ ਪੈਂਦੀ ਹੈ। ਔਚਿਤਯਰਾਹੀਂ ਹੀ ਰਸ ਅਤੇ ਅਲੰਕਾਰ ਆਪਣੇ ਵਾਸਤਵਿਕ ਕਰਤੱਵ ਨੂੰ ਨਿਭਾ ਸਕਦੇ ਹਨ ਅਤੇ ਪਾਠਕ ਆਨੰਦਿਤ ਹੋ ਸਕਦਾ ਹੈ।

### ਸਾਰ-ਅੰਸ਼:

ਉਪਰੋਕਤ ਵਿਚਾਰ ਚਰਚਾ ਤੋਂ ਅਸੀਂ ਇਸ ਨਤੀਜੇ ਤੇ ਪਹੁੰਚਦੇ ਹਾਂ ਕਿ 'ਸਾਹਿਤ' ਉਸ ਸੁਹਜਾਤਮਕ ਕੋਮਲ ਕ੍ਰਿਤ ਨੂੰ ਆਖਿਆ ਜਾਂਦਾ ਹੈ, ਜਿਸ ਵਿਚ ਨ ਕੇਵਲ ਸ਼ਬਦ ਹੀ ਸੁੰਦਰ, ਗੁੰਦਵੇਂ, ਢੁੱਕਵੇਂ, ਕੰਨਾਂ ਨੂੰ ਰਸੀਲੇ ਤੇ ਅਬਦਲਵੇਂ ਹੋਣ ਸਗੋਂ ਅਰਥ ਵੀ ਰੋਮਾਂਚਕਾਰੀ, ਤੀਰਾਂ ਦੇ ਨੁੱਕੇ ਅਤੇ ਸਦ-ਟਿਕਾਊ ਹੋਣ, ਕਿਉਂਕਿ ਸ਼ਬਦ ਅਤੇ ਅਰਥ ਦੀ ਉੱਚਤਾ ਨਾਲ ਹੀ ਉਤਮ ਕਾਵਿ ਦੀ ਉਪਜ ਹੋ ਸਕਦੀ ਹੈ। ਭਾਮਹ ਦੇ ਅਨੁਸਾਰ ਕਵੀ ਜਾਂ ਸਾਹਿਤਕਾਰ ਵਿਰਲੇ ਹੀ ਪ੍ਰਤਿਭਾਸ਼ਾਲੀ ਬੰਦੇ ਹੁੰਦੇ ਹਨ ਜੋ 'ਸਾਹਿਤ' ਦੀ ਰਚਨਾ ਕਰਦੇ ਹਨ, ਕਿਉਂਕਿ ਹਰ ਜਣਾ ਖਣਾ ਕਾਵਿ ਦੀ ਰਚਨਾ ਨਹੀਂ ਕਰ ਸਕਦਾ ਹੈ। ਸੋ ਅੰਤ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਇਕ ਵਧੀਆ ਕਾਵਿ-ਰਚਨਾ ਉਹ ਹੈ ਜੋ ਭਾਰਤੀ ਕਾਵਿ-ਸ਼ਾਸਤਰ ਦੇ ਛੇ ਸਿੱਧਾਂਤਾ ਜਾਂ ਸੰਪਰਦਾਵਾਂ (ਰਸ, ਧੁਨੀ, ਅਲੰਕਾਰ, ਰੀਤੀ, ਵਕ੍ਰੋਕਤੀ, ਔਚਿਤਯ) ਦੇ ਨਿਯਮਾਂ ਅਨੁਸਾਰ ਲਿਖੀ ਹੋਈ ਹੈ।

## ਮੁੱਖ/ਕੇਂਦਰੀ ਸ਼ਬਦ:

ਰਚਨਾ-ਸ਼ਿਲਪ ---ਕਾਵਿ-ਵਿਧਾਨ

'ਸਟਾਈਲ' --- ਨਿਜੀ ਪ੍ਰਗਟਾ-ਸ਼ੈਲੀ

ਸੰਯੋਗ ---ਮੇਲ

ਮਾਧੁਰਯ ----ਮਧੁਰਤਾ/ ਮਿਠਾਸ

## ਸਵੈ-ਮੁਲਾਂਕਣ:

1. 'ਸ਼ਾਸਤਰ' ਦੇ ਡਿਕਸ਼ਨਰੀ ਅਰਥ ਹਨ-

ੳ. ਆਦੇਸ਼

ਅ. ਅਸੂਲ

ੲ. ਨਿਯਮਾਵਲੀ

ਸ. ਉਪਰੋਕਤ ਸਾਰੇ

2. 'ਕਾਵਿ ਅਲੰਕਾਰ ਸੂਤ੍ਰਵ੍ਰਿਤੀ' ਗ੍ਰੰਥ ਦਾ ਕਰਤਾ ਕੋਣ ਹੈ:

ੳ. ਵਾਮਨ

ਅ. ਕਸ਼ੈਮੇਂਦ੍ਰ

ੲ. ਕੁੰਤਕ

ਸ. ਵਿਸ਼ਵਾਨਾਥ

3. ਵਾਮਨ ਅਨੁਸਾਰ ਰੀਤੀ ਕਿੰਨੇ ਪ੍ਰਕਾਰ ਦੀ ਹੈ:

ੳ. 2

ਅ. 3

ੲ. 4

ਸ. 5

4. 'ਵਕ੍ਰੋਕਤੀ ਸਿੱਧਾਂਤ' ਦੇ ਸੰਚਾਲਕ ਆਚਾਰੀਆ ਹਨ ---

ੳ. ਕੁੰਤਕ

ਅ. ਵਾਮਨ

ੲ. ਭਰਤਮੁਨੀ

ਸ. ਆਨੰਦ ਵਰਧਨ

5. 'ਔਚਿਤਯ ਵਿਚਾਰ ਚਰਚਾ' ਪੁਸਤਕ ਦਾ ਕਰਤਾ ਹੈ-

ੳ. ਕਸ਼ੇਮੇਂਦਰ

ਅ. ਕੁੰਤਕ

ੲ. ਵਾਮਨ

ਸ. ਭਰਤਮੁਨੀ

ਹ. ਆਨੰਦ ਵਰਧਨ

6. ਵਾਮਨ ਤੋਂ ਪਹਿਲਾਂ ਦੰਡੀ ਨੇ ਅਤੇ ਵਾਮਨ ਤੋਂ ਪਿੱਛੋਂ ਕੁੰਤਕ ਨੇ ਰੀਤੀ ਲਈ 'ਮਾਰਗ' ਸ਼ਬਦ ਹੀ ਵਰਤਿਆ ਹੈ।

ਇਹ ਕਥਨ ਹੈ:

ੳ. ਸਹੀ

ਅ. ਗਲ਼ਤ

7. ਪਾਂਚਾਲੀ ਰੀਤੀ ਵਿਚ 'ਮਾਧੁਰਯ', 'ਸੁਕੁਮਾਰਤਾ' ਅਤੇ 'ਸਪਸ਼ਟਤਾ' ਆਦਿ ਗੁਣ ਵਿਦਮਾਨ ਰਹਿੰਦੇ ਹਨ।

ਇਹ ਕਥਨ ਹੈ:

ੳ. ਸਹੀ

ਅ. ਗਲ਼ਤ

8. ਅਗਨਿ ਪੁਰਾਣ ਵਿਚ ਰੀਤੀ ਦੇ ਪੰਜ ਤੱਤ ਮੰਨੇ ਹਨ।

ਇਹ ਕਥਨ ਹੈ:

ੳ. ਸਹੀ

ਅ. ਗਲ਼ਤ

9. ਰੀਤੀ ਨਾਲ ਰਚਨਾ ਵਿਚ ਭਾਵੁਕਤਾ, ਸੁਮੇਲਤਾ, ਸਾਧਾਰਣੀਕਰਣ, ਅਲੰਕਾਰਿਕਤਾ ਆਦਿ ਗੁਣ ਉਪਜਦੇ ਹਨ।

ਇਹ ਕਥਨ ਹੈ:

ੳ. ਸਹੀ

ਅ. ਗਲ਼ਤ

10. ਆਚਾਰੀਆ ਭਾਮਹ ਦੇ ਅਨੁਸਾਰ ਕਿਸੇ ਅਸੁਭਾਵਿਕ, ਅਸਿੱਧੇ ਜਾਂ ਘੁਮਾ ਫਿਰਾ ਕੇ ਕੀਤੇ ਕਥਨ ਨੂੰ ਵਕ੍ਰੋਕਤੀ ਕਿਹਾ ਜਾਂਦਾ ਹੈ।

ਇਹ ਕਥਨ ਹੈ:

ੳ. ਸਹੀ

ਅ. ਗਲ਼ਤ

11. ਖਾਲੀ ਸਥਾਨ ਭਰੋ:

ਭਰਤਮੁਨੀ ਹੀ ਪਹਿਲਾ ਭਾਰਤੀ ਆਲੋਚਕ ਹੈ ਜਿਸ ਦੇ ਗ੍ਰੰਥ --------------- ਨਾਲ ਭਾਰਤੀ ਕਾਵਿ ਸਿਧਾਂਤਾਂ ਦਾ ਆਰੰਭ ਹੁੰਦਾ ਹੈ।

12. ਖਾਲੀ ਸਥਾਨ ਭਰੋ:

ਕਸ਼ੇਮੇਂਦਰ ਦਾ ਸਮਾਂ ----------------------------ਮੰਨਿਆ ਜਾਂਦਾ ਹੈ।

13. ਖਾਲੀ ਸਥਾਨ ਭਰੋ:

ਰੀਤੀ ਨਾਲ ਰਚਨਾ ਵਿਚ ਭਾਵੁਕਤਾ, ਸੁਮੇਲਤਾ, ਸਾਧਾਰਣੀਕਰਣ, ---------------------ਆਦਿ ਗੁਣ ਉਪਜਦੇ ਹਨ।

14. ਖਾਲੀ ਸਥਾਨ ਭਰੋ:

ਵਾਕ ਵਕ੍ਰੋਕਤੀ ਦੇ ਦੋ ਭੇਦ ਹੁੰਦੇ ਹਨ ;ਸਹਜ ਅਤੇ------------------।

15. ਖਾਲੀ ਸਥਾਨ ਭਰੋ:

ਔਚਿਤਯ ਸਿੱਧਾਂਤ ਦਾ ਆਧਾਰ ਇਹ ਹੈ ਕਿ ਕਾਵਿ ਦਾ ਹਰੇਕ ਸ਼ੋਭਾ-ਉਤਪਾਦਕ ਜਾਂ ਸ਼ੋਭਾ ਕਾਰਕ ਅੰਗ ਲੋੜੀਦੇ -------ਅਤੇ ਲੋੜੀਦੇ ---------ਉੱਤੇ ਪੇਸ਼ ਹੋਣਾ ਚਾਹੀਦਾ ਹੈ।

## ਅਭਿਆਸ ਪ੍ਰਸ਼ਨ

1.ਰੀਤੀ ਤੋਂ ਕੀ ਭਾਵ ਹੈ? ਰੀਤੀ ਦੀਆਂ ਕਿਸਮਾਂ ਦਾ ਸੰਖੇਪ ਵਿਚ ਵਰਣਨ ਕਰੋ।

2.ਵਕ੍ਰੋਕਤੀ ਦਾ ਕੀ ਅਰਥ ਹੈ? ਉਦਾਹਰਨਾਂ ਦੁਆਰਾ ਸਪਸ਼ਟ ਕਰੋ।

3.ਕਾਵਿ-ਸ਼ਾਸਤਰ ਵਿਚ ਔਚਿਤਯ ਸਿਧਾਂਤ ਦੀ ਕੀ ਮਹੱਤਤਾ ਹੈ?

4.ਵਕ੍ਰੋਕਤੀ ਦੇ ਉਪਭੇਦਾਂ ਦਾ ਸੰਖੇਪ ਵਿਚ ਵਰਣਨ ਕਰੋ।

5.ਔਚਿਤਯ ਸਿਧਾਂਤ ਦੀ ਸ੍ਰੇਣੀ ਵੰਡ ਕਰੋ।

6.ਰੀਤੀ ਦੇ ਮੂਲ ਆਧਾਰ ਕੀ ਹਨ? ਇਸ ਦੀਆਂ ਕਿਸਮਾਂ ਦਾ ਵਿਸਥਾਰ ਵਿਚ ਵਰਣਨ ਕਰੋ।

7.ਰੀਤੀ, ਵਕ੍ਰੋਕਤੀ ਤੇ ਔਚਿਤਯ ਸਿਧਾਂਤ ਅੰਤਰ ਸੰਬੰਧਿਤ ਹਨ: ਸਪਸ਼ਟ ਕਰੋ।

8. ਵਕ੍ਰੋਕਤੀ ਕਾਵਿ ਤੁਕਾਂ ਦੀ ਸੂਚੀ ਤਿਆਰ ਕਰੋ।

## ਸੰਦਰਭ ਪੁਸਤਕਾਂ:


- ਸਮਾਲੋਚਨਾ ਸ਼ਾਸਤਰ, ਪ੍ਰੋ. ਬ੍ਰਹਮਜਗਦੀਸ਼, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, (2011)
- ਭਾਰਤੀ ਕਾਵਿ ਸ਼ਾਸਤਰ, ਲਾਹੌਰ ਬੁੱਕ ਸ਼ਾਪ, ਲੁਧਿਆਣਾ, (2011)
- ਭਰਤਮੁਨੀ, ਨਾਟਯ ਸ਼ਾਸਤਰ,ਪੰਜਾਬੀ ਯੂਨੀਵਰਸਿਟੀ ਪਟਿਆਲਾ
- ਭਾਰਤੀ ਕਾਵਿ ਸ਼ਾਸਤਰ, ਪ੍ਰੋ. ਸੁਕਦੇਵ ਸ਼ਰਮਾ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ


## ਮਹੱਤਵਪੂਰਨ ਲਿੰਕ

https://punjabipedia.org/topic.aspx?txt=%u0a35%u0a15%u0a30%u0a4b%u0a15%u0a24%u0a40+%u0a38%u0a70%u0a2a%u0a30%u0a26%u0a3e%u0a07

ਉੱਤਰਮਾਲਾ

| | | | | |
|---|---|---|---|---|
| 1. ਸ | 2. ੳ | 3. ਅ | 4. ੳ | 5. ੳ |
| 6. ੳ | 7. ੳ | 8. ਅ | 9. ੳ | 10. ੳ |
| 11. ਨਾਟਯ ਸ਼ਾਸਤਰ | 12. ਗਿਆਰ੍ਹਵੀਂ ਸਦੀ | 13. ਅਲੰਕਾਰਿਕਤਾ | | 14. ਆਹਾਰਯ |
| 15. ਅਨੁਪਾਤ ਅਤੇ ਲੋੜੀਦੇ ਸਥਾਨ | | | | |

**DPBI502**

# ਅਧਿਆਇ -13 : ਆਲੋਚਨਾ ਦਾ ਨਿਕਾਸ ਤੇ ਵਿਕਾਸ

ਵਿਸ਼ਾ ਵਸਤੂ (Content)

1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ

## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਆਲੋਚਨਾ ਦੀਆਂ ਵਿਭਿੰਨ ਕਿਸਮਾਂ ਤੋਂ ਜਾਣੂ ਹੋਣਗੇ।
- ਭਿੰਨ- ਭਿੰਨ ਆਲੋਚਕਾਂ ਦੀ ਦੇਣ ਨੂੰ ਜਾਣਨ ਦੇ ਸਮਰੱਥ ਹੋਣਗੇ।
- ਪੰਜਾਬੀ ਆਲੋਚਨਾ ਦਾ ਮੁਲਾਂਕਨ ਕਰਨ ਦੇ ਕਾਬਲ ਹੋਣਗੇ।
- ਪੰਜਾਬੀ ਆਲੋਚਨਾ ਦੀ ਸਥਿਤੀ ਅਤੇ ਸੰਭਾਵਨਾਵਾਂ ਨੂੰ ਸਮਝ ਸਕਣਗੇ।

## ਪ੍ਰਸਤਾਵਨਾ:

ਹਰ ਸਾਹਿਤ ਵਿੱਚ ਆਲੋਚਨਾ ਦਾ ਜਨਮ ਸਾਹਿਤ ਸਿਰਜਣਾ ਤੋਂ ਬਾਅਦ ਹੁੰਦਾ ਹੈ। ਕਿਉਂਜੋ ਹਰ ਸਾਹਿਤ ਦੀ ਨਰੋਈ ਉਸਾਰੀ ਤੇ ਇਸ ਦੇ ਵਿਕਾਸ ਲਈ ਵਿਗਿਆਨਕ ਤੇ ਨਿਰਪੱਖ ਆਲੋਚਕਾਂ ਦੀ ਲੋੜ ਹੁੰਦੀ ਹੈ। ਆਲੋਚਕ ਲੇਖਕ ਤੇ ਪਾਠਕ ਵਿਚਕਾਰਲਾ ਅਜਿਹਾ ਵਿਅਕਤੀ ਹੁੰਦਾ ਹੈ ਜੋ ਪਾਠਕ ਦੇ ਇਸ ਦ੍ਰਿਸ਼ਟੀਕੋਣ ਤੋਂ ਅਗਵਾਈ ਕਰਦਾ ਹੈ। ਕਿ ਕਿਸੇ ਲੇਖਕ ਨੇ ਆਪਣੀ ਰਚਨਾ ਵਿੱਚ ਕੀ ਆਖਣ ਦਾ ਯਤਨ ਕੀਤਾ ਹੈ ਤੇ ਕਿਸੇ ਪਾਠਕ ਨੇ ਉਸ ਰਚਨਾ ਵਿੱਚੋਂ ਕੀ ਗ੍ਰਹਿਣ ਕੀਤਾ ਹੈ? ਆਲੋਚਨਾ ਬਾਰੇ ਪੰਜਾਬੀ ਵਿੱਚ ਬਹੁਤ ਸਾਰੇ ਸ਼ਬਦ ਪ੍ਰਚਲਿਤ ਹਨ। ਜਿਵੇਂ

ਪਰਖ, ਪੜਚੋਲ, ਸਮੀਖਿਆ, ਵਿਵੇਚਨ, ਸਰਵੇਖਣ, ਮੁਲਾਂਕਣ, ਨਿਰਣਾ, ਵਿਆਖਿਆ ਆਦਿ। ਇਸ ਸਾਰੇ ਸ਼ਬਦ ਸਮਾਨਰਥਕ ਵੀ ਨਹੀਂ ਸਗੋਂ ਵੱਖੋ ਵੱਖਰੀਆਂ ਭਾਸ਼ਾਵਾਂ ਤੋਂ ਲਏ ਗਏ ਤੇ ਪੰਜਾਬੀ ਵਿੱਚ ਤਤਸਮ ਅਤੇ ਤਦਭਵ ਰੂਪ ਵਿੱਚ ਪ੍ਰਚਲਿਤ ਹੋ ਗਏ।

## ਵਿਸ਼ਾ ਵਸਤੂ:

ਆਧੁਨਿਕ ਪੰਜਾਬੀ ਆਲੋਚਨਾ ਦਾ ਕ੍ਰਮਬੱਧ ਅਧਿਐਨ ਲਈ ਅਸੀਂ ਪੰਜਾਬੀ ਆਲੋਚਨਾ ਦੇ ਵਿਕਾਸ ਨੂੰ ਪੰਜ ਭਾਗਾਂ ਵਿੱਚ ਵੰਡ ਸਕਦੇ ਹਾਂ:-

1. ਮੁੱਢਲੀ ਆਲੋਚਨਾ
2. ਪੂਰਵ ਸੇਖੋਂ ਯੁੱਗ ਦੀ ਆਲੋਚਨਾ (ਪਰੰਪਰਾਵਾਦੀ ਆਲੋਚਨਾ )
3. ਸੰਤ ਸੇਖੋਂ ਕਾਲ ਦੀ ਪੰਜਾਬੀ ਆਲੋਚਨਾ (ਪ੍ਰਗਤੀਵਾਦੀ ਆਲੋਚਨਾ )
4. ਪੂਰਵ ਵਰਤੀ ਸੰਤ ਸਿੰਘ ਸੇਖੋਂ ਦੀ ਪੰਜਾਬੀ ਆਲੋਚਨਾ (ਅਕਾਦਮਿਕ ਆਲੋਚਨਾ)
5. ਨਵੀਨ ਆਲੋਚਨਾ

## 1.ਮੁੱਢਲੀ ਆਲੋਚਨਾ:

ਪੰਜਾਬੀ ਦੀ ਸਭ ਤੋਂ ਪੁਰਾਣੀ ਤੇ ਪ੍ਰਮਾਣਿਕ ਰਚਨਾ 'ਬਾਬਾ ਫ਼ਰੀਦ' ਦੀ ਹੈ। ਫ਼ਰੀਦ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ 'ਸਲੋਕ ਸ਼ੇਖ ਫ਼ਰੀਦ ਕੇ' ਸਿਰਲੇਖ ਹੇਠ 130 ਸਲੋਕਾਂ ਦੇ ਰੂਪ ਵਿੱਚ ਦਰਜ ਹੈ। ਜਿਨ੍ਹਾਂ ਵਿੱਚੋਂ 18 ਸਲੋਕ ਗੁਰੂ ਸਾਹਿਬਾਨ ਵੱਲੋਂ ਫ਼ਰੀਦ ਬਾਣੀ ਉੱਪਰ ਕੀਤੀ ਆਲੋਚਨਾ, ਟਿੱਪਣੀ ਜਾਂ ਵਿਆਖਿਆ ਹੈ। ਇਸ ਤਰ੍ਹਾਂ ਪੰਜਾਬੀ ਆਲੋਚਨਾ ਦੇ ਮੋਢੀ ਗੁਰੂ ਨਾਨਕ ਦੇਵ ਜੀ ਹਨ ਜਿਨ੍ਹਾਂ ਨੇ ਸਭ ਤੋਂ ਪਹਿਲਾਂ ਬਾਬਾ ਦੇ ਸਲੋਕਾਂ ਦੀ ਗੁਰਮਤਿ ਅਨੁਸਾਰ ਵਿਵੇਚਨਾ ਕੀਤੀ। ਬਾਬਾ ਫ਼ਰੀਦ ਜੀ ਦਾ ਸਲੋਕ ਹੈ

ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨਿ॥

ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨਿ ॥

ਪਰ ਗੁਰੂ ਨਾਨਕ ਮਰਿਆਦਾ ਇਸ ਨਾਲ ਸਹਿਮਤ ਨਹੀਂ ਹੈ। ਗੁਰੂ ਸਾਹਿਬ ਫਰਮਾਉਂਦੇ ਹਨ ਕਿ ਸਰੀਰ ਨੂੰ(ਧੂਣੀਆਂ ਨਾਲ) ਤਨੂਰ ਵਾਂਗ ਨਾਹ ਸਾੜ; ਤੇ ਹੱਡਾਂ ਨੂੰ ਇਉਂ ਨਾਹ ਬਾਲ ਜਿਵੇਂ ਇਹ ਬਾਲਣ ਹੈ। ਸਿਰ ਤੇ ਪੈਰਾਂ ਨੇ ਕੁਝ ਨਹੀਂ ਵਿਗਾੜਿਆ; ਇਸ ਵਾਸਤੇ ਇਨ੍ਹਾਂ ਨੂੰ ਦੁਖੀ ਨਾ ਕਰ; ਬਲਕਿ ਪਰਮਾਤਮਾ ਨੂੰ ਆਪਣੇ ਅੰਦਰ ਵੇਖ।

ਤਨੁ ਨ ਤਪਾਇ ਤਨੂਰਿ ਜਿਉ ਬਾਲਣੁ ਹਡ ਨ ਬਾਲਿ ॥

ਸਿਰਿ ਪੈਰੀ ਕਿਆ ਫੇੜਿਆ ਅੰਦਰਿ ਪਿਰੀ ਨਿਹਾਲ ॥

ਇਸ ਪ੍ਰਕਾਰ ਸ੍ਰੀ ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਨੇ ਬਾਬਾ ਫ਼ਰੀਦ ਜੀ ਦੇ ਸ਼ਬਦਾਂ ਦੀ ਪੜਚੋਲ ਤੇ ਸਪੱਸ਼ਟੀਕਰਨ ਕੀਤਾ।

ਪੰਜਾਬੀ ਵਿੱਚ ਕਿੱਸਾ ਕਾਵਿ ਦੇ ਪ੍ਰਚਲਿਤ ਹੋਣ ਨਾਲ ਆਲੋਚਨਾ ਦੇ ਘੇਰੇ ਵਿੱਚ ਵਿਸ਼ਾਲਤਾ ਆਈ। ਦਮੋਦਰ ਦੇ ਨਾਲ ਨਾਲ ਕਈ ਕਿੱਸਾਕਾਰਾਂ ਨੇ ਜਿੱਥੇ ਕਿੱਸਿਆਂ ਦੀ ਭੂਮਿਕਾ ਵਿੱਚ ਆਪਣੀ ਪੂਰਵਕਾਲੀ ਲੇਖਕਾਂ ਦੀ ਰਚਨਾ ਤੇ ਆਲੋਚਨਾ ਕੀਤੀ, ਉੱਥੇ ਨਾਲ ਹੀ ਆਪਣੇ ਜੀਵਨ ਦੀ ਰਚਨਾ ਸਬੰਧੀ ਵਿਚਾਰ ਕਰਨੀ ਆਰੰਭ ਕੀਤੀ। ਪੰਜਾਬੀ ਕਿੱਸਾ ਕਵਿਤਾ ਦੇ ਘੇਰੇ ਵਿੱਚ 'ਹਾਫ਼ਿਜ਼ ਬਰਖ਼ੁਰਦਾਰ' ਅਜਿਹਾ ਆਲੋਚਕ ਹੈ ਜਿਸ ਨੇ ਆਪਣੇ ਪੂਰਵਕਾਲੀ 'ਪੀਲੂ' ਦੀ ਰਚਨਾ ਉੱਤੇ ਆਲੋਚਨਾ ਕਰਦਿਆਂ ਲਿਖਿਆ ਹੈ -

ਯਾਰੋ! ਪੀਲੂ ਨਾਲ ਬਰਾਬਰੀ ਸ਼ਾਇਰ ਭੁੱਲ ਕਰੇਨ ।

ਜਿਨ੍ਹੂੰ ਪੰਜਾਂ ਪੀਰਾਂ ਦੀ ਥਾਪਨਾ ਤੇ ਕੰਧੀ ਦਸਤ ਧਰੇਨ।

ਵਾਰਸ ਸ਼ਾਹ ਨੇ ਆਪਣੀ ਰਚਨਾ 'ਹੀਰ' ਵਿੱਚ ਸਵੈ ਆਲੋਚਨਾ ਦਾ ਮੁੱਢ ਬੰਨ੍ਹਿਆ। ਜਿੱਥੇ ਉਸ ਨੇ ਆਪਣੇ ਕਿੱਸੇ ਲਿਖਣ ਦੇ ਕਾਰਨਾਂ ਨੂੰ ਪੇਸ਼ ਕੀਤਾ ਤੇ ਉੱਥੇ ਨਾਲ ਹੀ ਆਪਣੇ ਕਿੱਸੇ ਦੀ ਨਵੀਨਤਾ, ਮੌਲਿਕਤਾ ਤੇ ਉਤਕ੍ਰਿਸ਼ਟ ਨੂੰ ਬਿਆਨ ਵੀ ਕੀਤਾ।

ਹੁਕਮ ਮੰਨ ਕੇ ਸੱਜਣ ਪਿਆਰਿਆਂ ਦਾ

ਕਿੱਸਾ ਅਜਬ ਬਹਾਰ ਦਾ ਜੋੜਿਆ ਮੈਂ।

ਫਿਕਰਾ ਜੋੜ ਕੇ ਖ਼ੁੱਲ ਦਰੁਸਤ ਕੀਤਾ,

ਨਵਾਂ ਫੁੱਲ ਗੁਲਾਬ ਦਾ ਤੋੜਿਆ ਮੈਂ ।

3.ਪੰਜਾਬੀ ਆਲੋਚਨਾ ਦੇ ਖੇਤਰ ਵਿੱਚ ਕਿੱਸਾਕਾਰ ਅਹਿਮਦ ਯਾਰ ਦਾ ਵਿਸ਼ੇਸ਼ ਸਥਾਨ ਹੈ। ਉਸ ਨੇ ਜਿੱਥੇ 50-60 (ਪੰਜਾਹ ਸੱਠ) ਕਿੱਸੇ ਲਿਖੇ ਆਪਣੇ ਪੂਰਵਕਾਲੀ ਕਿੱਸਾਕਾਰਾਂ ਦੀਆਂ ਰਚਨਾਵਾਂ ਉੱਤੇ ਆਲੋਚਨਾ ਕਰਕੇ ਆਲੋਚਨਾ ਦੇ ਖੇਤਰ ਨੂੰ ਵਿਸ਼ਾਲ ਕੀਤਾ ਹੈ। ਉਸ ਦੇ ਜਿੱਥੇ ਦੋ ਕਿੱਸੇ 'ਯੂਸਫ਼ ਜੁਲੈਖਾ', 'ਹੀਰ ਰਾਂਝਾ' ਦੀ ਅੰਤਿਕਾ ਵਿੱਚ ਅਜਿਹੀ ਆਲੋਚਨਾ ਹੋਈ ਮਿਲਦੀ ਹੈ ।

'ਪੀਲੂ' ਦੇ ਸਬੰਧ ਵਿੱਚ ਉਹ ਲਿਖਦਾ ਹੈ:

ਪੀਲੂ ਨਾਲ ਨਾ ਰੀਸ ਕਿਸੇ ਦੀ, ਉਸ ਵਿਚ ਸੋਜ਼ ਅਲਹਿਦੀ।

ਮਸਤ ਨਿਗਾਹ ਕੀਤੀ ਉਸ ਪਾਸੇ ਕਿਸੇ ਫ਼ਕੀਰ ਵਲੀ ਦੀ।

ਅਹਿਮਦ ਯਾਰ ਦੀ ਯੋਜਨਾ ਕਸਵੱਟੀ ਬੜੀ ਨਿਆਂਪੂਰਨ ਤੇ ਸੰਤੁਲਿਤ ਹੈ। ਉਸ ਨੇ ਬੜੀ ਇਮਾਨਦਾਰੀ ਨਾਲ ਆਲੋਚਨਾ ਕੀਤੀ। ਉਸ ਦੀ ਸੰਪੂਰਨ ਆਲੋਚਨਾ ਦਾ ਪੱਖ ਉਸ ਵੇਲੇ ਪ੍ਰਭਾਵਸ਼ਾਲੀ ਸੰਪੂਰਨ ਹੁੰਦਾ ਹੈ ਜਦੋਂ ਉਹ ਆਪਣੀ ਰਚਨਾ ਨਾਲੋਂ ਵਾਰਿਸ ਦੀ ਹੀਰ ਨੂੰ ਉੱਤਮ ਤੇ ਸ੍ਰੇਸ਼ਟ ਮੰਨਦਾ ਹੈ ਤੇ ਉਸ ਦੀ ਕਲਾ ਉੱਤੇ ਹੈਰਾਨੀ ਪ੍ਰਗਟ ਕਰਦਾ ਹੈ:

ਵਾਰਿਸ ਸ਼ਾਹ ਜੰਡਿਆਲੇ ਵਾਲੇ ਵਾਹ ਵਾਹ ਹੀਰ ਬਣਾਈ।

ਮੈਂ ਵੀ ਰੀਸ ਉਸੇ ਦੀ ਕੀਤੀ, ਲਿਖੀ ਤੌੜ ਨਿਭਾਈ।

ਪਰ ਜੋ ਅਟਕਲ ਮਜ਼ਮੂਨ ਬੰਨ੍ਹਣ ਦੀ ਉਸ ਮੇਂ ਮੈਂ ਨਾਹੀ ਕਾਈ।

ਵੱਡਾ ਤਉਜ਼ਵਾ ਆਵੇ ਯਾਰ ਵਿਖ ਉਸ ਦੀ ਵਡਿਆਈ।

ਵਾਰਿਸ ਨੂੰ ਅਹਿਮਦ 'ਸੁਖਨ ਦਾ ਵਾਰਿਸ' ਕਹਿੰਦਾ ਲਿਖਦਾ ਹੈ:

ਵਾਰਿਸ ਸ਼ਾਹ ਸੁਖਨ ਦਾ ਵਾਰਿਸ ਕਿਤੇ ਨਾ ਅਟਕਿਆ ਵਾਲਿਆ।

ਪਰ ਉਸ ਮਿਨਰਾਹ ਚੱਕੀ ਵਾਂਗੂ ਨਿੱਕਾ ਮੋਟਾ ਦਲਿਆ।

ਇਸ ਤਰ੍ਹਾਂ ਅਹਿਮਦਯਾਰ ਨੇ ਆਦਰਸ਼ਕ ਸਮਾਲੋਚਕ ਹੋਣ ਦੇ ਨਾਤੇ ਬੜੀ ਨਿਰਪੱਖਤਾ, ਨਿਡਰਤਾ ਤੇ ਉਦਾਰਤਾ ਨਾਲ ਆਪਣੇ ਵਿਚਾਰਾਂ ਨੂੰ ਪ੍ਰਗਟਾਇਆ ਹੈ।

ਮੀਆਂ ਮੌਲਾ ਬਖ਼ਸ਼:- ਇੱਕ ਉੱਤਮ ਕਵੀ ਹੋਣ ਦੇ ਨਾਲ ਨਾਲ ਇੱਕ ਸੁੱਘੜ ਸਮਾਲੋਚਕ ਵੀ ਹੈ। ਉਸ ਨੇ ਆਪਣੇ ਕਿੱਸੇ 'ਸੈਫੁਲ ਮਲੂਕ' ਵਿੱਚ ਆਪਣੇ ਪੂਰਵਕਾਲੀ ਦੇ ਸਮਕਾਲੀਆਂ ਦੀਆਂ ਰਚਨਾਵਾਂ ਨੂੰ ਵਿਸ਼ੇ ਦੇ ਰੂਪ ਦੇ ਪੱਖ ਤੋਂ ਪਰਖਿਆ । 'ਡਾ ਹਰਨਾਮ ਸਿੰਘ ਸ਼ਾਨ' ਨੇ ਇਸ ਗੱਲ ਤੇ ਜ਼ੋਰ ਦਿੱਤਾ ਹੈ ਕਿ 'ਮੁਹੰਮਦ ਬਖਸ਼ ' ਨੇ ਆਪਣੀ ਆਲੋਚਨਾ ਦੇ ਘੇਰੇ ਵਿੱਚ' ਸ਼ੇਖ਼ ਫ਼ਰੀਦ 'ਜੀ ਤੋਂ ਲੈ ਕੇ ਆਪਣੇ ਸਮੇਂ ਦੇ ਅਨੇਕਾਂ ਕਵੀਆਂ ਦੀ ਪੜਚੋਲ ਕੀਤੀ ਹੈ।

ਅੱਵਲ ਸੇਖ ਫਰੀਦ, ਸ਼ਕਰਗੰਜ, ਆਰਿਫ਼ ਅਹਿਲ ਵਲਾਇਤ ।

ਹਿੱਕ ਹਿੱਕ ਸੁਖਨ ਜ਼ੁਬਾਨ ਉਹਦੀ ਰਹਿਬਰ ਰਹੇ ਹਦਾਇਤ।

ਵਾਰਿਸ ਸ਼ਾਹ ਸੁਖਨ ਦਾ ਵਾਰਿਸ, ਨਿੰਦੇ ਕੌਣ ਉਹਨਾ ਨੂੰ ।

ਹਰਫ਼ ਉਹਨਾ ਨੇ ਉਗਲ ਕਰਨੀ, ਨਾਹੀ ਕਦਰ ਅਸਾਨੂੰ ।

ਮੁਕਬਲ ਦੀ ਗੱਲ ਸਿੱਧੀ ਸਾਦੀ ਹੈ, ਮੁਕਬਲ ਪਿਆਰੀ।

ਲਫਜ਼ ਥੋੜੇ ਮਾਇਨੇ ਬਹੁਤੇ ਯਾਦ ਰੱਖਣ ਦੇ ਕਾਰੇ।

ਇਸ ਤਰ੍ਹਾਂ ਦੀਆਂ ਟਿੱਪਣੀਆਂ ਕੁਝ ਹੋਰ ਕਿੱਸਾ ਕਵੀਆਂ ਜਿਵੇਂ ਫਜ਼ਲ ਸ਼ਾਹ ਅਤੇ ਹਾਸ਼ਮ ਸ਼ਾਹ ਬਾਰੇ ਵੀ ਮਿਲਦੀਆਂ ਹਨ।ਇਨ੍ਹਾਂ ਕਵੀਆਂ ਨੇ ਕਵਿਤਾ ਦੀ ਉਤਮਤਾ ਬਾਰੇ ਆਪ ਮਾਪਦੰਡ ਬਣਾਏ ਹੋਏ ਸਨ। ਅਹਿਮਦ ਯਾਰ ਕਿੱਸਾ ਕਾਵਿ ਵਿਚ 'ਸੋਜ਼ ਦੀ ਅਭਿਵਿਅਕਤੀ' ਨੂੰ ਇਕ ਪ੍ਰਮੁੱਖ ਵਡਿਆਈ ਮੰਨਦਾ ਹੈ; ਉਹ ਕਾਵਿ ਵਿਚ ਵਿਸਥਾਰ ਨੂੰ ਇਕ ਔਗੁਣ ਸਮਝਦਾ ਹੈ। ਵਾਰਸ ਸ਼ਾਹ ਛੰਦ ਪ੍ਰਬੰਧ ਦੀ ਪ੍ਰਵੀਨਤਾ ਅਤੇ ਸ਼ਿਲਪ ਦੀ ਨਵੀਨਤਾ ਨੂੰ ਆਪਣੀ ਰਚਨਾ ਦਾ ਮੀਰੀ ਗੁਣ ਮੰਨਦਾ ਹੈ। ਹਾਮਦ ਪੰਜਾਬੀ ਜ਼ੁਬਾਨ ਦੀਆਂ ਵਿੱਲਖਣ ਰੂੜੀਆਂ ਦੇ ਪ੍ਰਯੋਗ ਦੁਆਰਾ ਆਪਣੇ ਕਿੱਸੇ ਨੂੰ ਸਰੰਜਾਮ ਤੱਕ ਪਹੁੰਚਾਉਣਾ ਚਾਹੰਦਾ ਹੈ। ਇੰਝ ਇਹ ਸਾਰੇ ਕਵੀ ਪੰਜਾਬੀ ਕਿੱਸਾ ਕਾਵਿ ਦੇ ਇਕ ਸਮੀਖਿਆ ਸ਼ਾਸਤਰ ਦੀ ਸਿਰਜਣਾ ਲਈ ਪ੍ਰਯਤਨਸ਼ੀਲ ਜਾਪਦੇ ਹਨ।

ਮੌਲਾ ਬਖਸ਼ ਕੁਸ਼ਤਾ ਤੇ ਬਾਵਾ ਬੋਧ ਸਿੰਘ ਨੇ ਪੰਜਾਬੀ ਆਲੋਚਨਾ ਦੀ ਨੁਹਾਰ ਬਦਲ ਦਿੱਤੀ। ਕੁਸ਼ਤਾ ਨੇ ਪੰਜਾਬੀ ਪਹਿਲਾਂ 'ਤਜ਼ਕਰਾ ', ਚਸ਼ਮਾ- ਏ-ਹਿਆਤ ਪਹਿਲੀ ਵਾਰ ਉਰਦੂ ਵਿੱਚ ਲਿਖਿਆ।

ਉਨ੍ਹਾਂ ਨੇ ਪੰਜਾਬੀ ਨੂੰ ਕਵਿਤਾ ਦੇ ਖੇਤਰ ਵਿੱਚੋਂ ਕੱਢ ਕੇ ਵਾਰਤਕ ਦੇ ਘੇਰੇ ਵਿਚ ਲੈ ਆਦਾ। ਇਸੇ ਤਜ਼ਕਰੇ ਨੂੰ ਪੰਜਾਬੀ ਸਾਹਿਤ ਦੇ ਇਤਿਹਾਸ ਆਦਿ ਵੀ ਕਿਹਾ ਜਾਂਦਾ ਹੈ। ਕੁਸ਼ਤਾ ਜੀ ਨੇ ਪੰਜਾਬ ਦੇ ਹੀਰੇ ', ਨਾਂ ਦੀ ਪੁਸਤਕ ਵਿੱਚ 'ਬਾਬਾ ਫ਼ਰੀਦ' ਤੋਂ ਲੈ ਕੇ ਅਠਾਰ੍ਹਵੀਂ ਸਦੀ ਤੱਕ ਦਾ ਪੂਰਨ ਤਜ਼ਕਰਾ ਬਿਆਨ ਕੀਤਾ।

ਬਾਵਾ ਬੁੱਧ ਸਿੰਘ ਨੇ ਹੰਸ ਚੋਗ, ਕੋਇਲ ਕੂ, ਬਬੀਹਾ ਬੋਲ ਤਿੰਨ ਪੁਸਤਕਾਂ ਵਿੱਚ ਬਾਬਾ ਫਰੀਦ ਤੋਂ ਲੈ ਕੇ ਉੱਨੀਵੀਂ ਸਦੀ ਦੇ ਪਹਿਲੇ ਅੱਧ ਦੇ ਪ੍ਰਸਿੱਧ ਪੰਜਾਬੀ ਕਵੀਆਂ ਦੀਆਂ ਪੁਸਤਕਾਂ ਉੱਤੇ ਆਲੋਚਨਾ ਕੀਤੀ ਹੈ।

'ਕੋਇਲ ਕੂ' ਦੇ ਇੱਕ ਲੇਖ ਵਿਚ ਉਸ ਨੇ ਕਵਿਤਾ ਦਾ ਹੋਰਨਾਂ ਹੁਨਰਾਂ ਨਾਲ ਸੰਬੰਧ ਵੀ ਨਿਸਚਿਤ ਕੀਤਾ ਹੈ। ਉਹ ਪੱਛਮੀ ਸਾਹਿਤ ਦਾ ਇਕ ਗੰਭੀਰ ਚਿੰਤਕ ਸੀ ਅਤੇ ਉਸਦੇ ਆਲੋਚਨਾਤਮਕ ਲੇਖਾਂ ਵਿਚ ਪਲੈਟੋ, ਅਰਸਤੂ, ਸ਼ੈਕਸਪੀਅਰ ਅਤੇ ਮਿਲਟਨ ਵਰਗੇ ਲੇਖਕਾਂ ਦੇ ਹਵਾਲੇ ਅਕਸਰ ਮਿੱਲਦੇ ਹਨ। ਉਹ ਕਵਿਤਾ ਦੇ ਤਿੰਨ ਤੱਤਾਂ ਨੂੰ ਪ੍ਰਮੁੱਖ ਮੰਨਦਾ ਹੈ;

ਖਿਆਲ ਤੇ ਸੋਚ, ਸ਼ਾਇਰਾਨਾ ਖ਼ਿਆਲ ਅਤੇ ਕਾਰੀਗਰੀ।

ਬਾਬਾ ਬੁੱਧ ਸਿੰਘ ਦਾ ਵਿਚਾਰ ਹੈ ਕਿ ਕਵਿਤਾ ਵਿਚ ਝੂਠੇ ਇਸਿਤਿਆਰਾਂ ਅਤੇ ਤਸ਼ਬੀਹਾਂ ਦਾ ਪ੍ਰਯੋਗ ਨਹੀਂ ਕਰਨਾ ਚਾਹੀਦਾ।

ਇਨ੍ਹਾਂ ਪੁਸਤਕਾਂ ਨੂੰ ਆਧਾਰ ਬਣਾ ਕੇ ਬਾਅਦ ਵਿੱਚ 'ਡਾ ਮੋਹਨ ਸਿੰਘ ਦੀਵਾਨਾ 'ਨੇ ਹਿਸਟਰੀ ਆਫ ਪੰਜਾਬ ਲਿਟਰੇਚਰ', ਪ੍ਰਿੰਸੀਪਲ ਤੇਜਾ ਸਿੰਘ,' ਸਾਹਿਤ ਦਰਸ਼ਨ, ਡਾ ਲਾਜਵੰਤੀ ਰਾਮਾ ਕ੍ਰਿਸ਼ਨ ਨੇ' ਪੰਜਾਬੀ ਸੂਫੀ ਪੋਇਟਸ Punjabi Sufi poets ਨਾਂ ਦੀਆਂ ਪੁਸਤਕਾਂ ਲਿਖੀਆਂ।

## 2. ਪੂਰਵ ਸੇਖੋਂ ਯੁੱਗ ਦੀ ਪੰਜਾਬੀ ਆਲੋਚਨਾ (ਪੰਰਪਰਾਵਾਦੀ ਆਲੋਚਨਾ)-

ਆਲੋਚਨਾ ਦੀ ਸਥਾਪਨਾ ਪਰੰਪਰਾ ਜੋ (19ਵੀ) ਉਨੀਵੀਂ ਸਦੀ ਦੇ ਆਰੰਭ ਤੋਂ ਲੈ ਕੇ ਇਸ ਦੇ ਪੂਰਬ ਅੱਧ ਤੱਕ ਰਹੀ, ਇਸ ਨੂੰ ਪੂਰਵ ਪ੍ਰਗਤੀਵਾਦੀ ਧਾਰਾ ਦੀ ਆਲੋਚਨਾ ਵੀ ਕਿਹਾ ਜਾਂਦਾ ਹੈ ।ਇਸ ਦੇ ਪ੍ਰਧਾਨ ਤੱਤ ਰੋਮਾਂਟਿਕ, ਆਦਰਸ਼ ਤੇ ਸਾਹਿਤਕ ਰੂਪਵਾਦ ਹਨ। ਜਿਸ ਵਿੱਚ ਰੂੜ੍ਹੀਗਤ ਵਿਧੀ ਅਨੁਸਾਰ ਸਾਹਿਤਕ ਰਚਨਾ ਵਿੱਚ ਗੁਣਾਂ ਦੋਸ਼ਾਂ ਦਾ ਅੰਤਰ ਨਿਖੇੜਾ ਕੀਤਾ ਜਾਂਦਾ ਹੈ ਕਿਉਂਕਿ ਇਹ ਆਲੋਚਨਾ ਵਿਅਕਤੀਗਤ ਅਨੁਭਵ ਦੇ ਦ੍ਰਿਸ਼ਟੀਕੋਣ ਤੇ ਆਧਾਰਤ ਹੁੰਦੀ ਹੈ। ਇਸ ਲਈ ਇਸ ਨੂੰ ਪ੍ਰਭਾਵ ਵਾਦੀ ਆਲੋਚਨਾ ਵੀ ਕਿਹਾ ਜਾਂਦਾ ਹੈ। ਇਸ ਧਾਰਾ ਵਿੱਚ ਹੇਠ ਲਿਖੇ ਆਲੋਚਕ ਆ ਜਾਦੇ ਹਨ:-

**ਪ੍ਰਿੰਸੀਪਲ ਤੇਜਾ ਸਿੰਘ:** ਪ੍ਰਿੰਸੀਪਲ ਤੇਜਾ ਸਿੰਘ ਨੇ ਪੰਜਾਬੀ ਆਲੋਚਨਾ ਦੇ ਖੇਤਰ ਵਿੱਚ ਬਹੁਤ ਮਹੱਤਵਪੂਰਨ ਯੋਗਦਾਨ ਪਾਇਆ। ਉਨ੍ਹਾਂ ਨੇ ਪੰਜਾਬੀ ਵਿੱਚ ਤੁਲਨਾ ਸੁਹਿਰਦ ਤੇ ਉਤਸ਼ਾਹਜਨਕ ਦੀ ਨੀਂਹ ਰੱਖੀ। ਉਨ੍ਹਾਂ ਨੇ ਨਵੇਂ ਉਭਰਦੇ ਸਾਹਿਤ ਦੀਆਂ ਕਿਤਾਬਾਂ ਦੇ ਬੰਦ ਲਿਖੇ। ਰੇਡੀਓ ਤੇ ਚਰਚਾ ਕੀਤੀ ਛਾਪੇਖਾਨੇ ਦੀ ਉੱਤਪਤੀ ਤੇ ਪੰਜਾਬੀ ਆਲੋਚਨਾ ਦੇ ਖੇਤਰ ਵਿੱਚ ਹੋਰ ਵੀ ਨਿੱਗਰ ਬਣਨਾ ਦਿੱਤਾ ਜਾਂ ਵਾਧਾ ਕੀਤਾ ਹੈ।

**ਡਾਕਟਰ ਮੋਹਨ ਸਿੰਘ:** ਡਾਕਟਰ ਮੋਹਨ ਸਿੰਘ ਸਾਹਿਤ ਖੋਜੀ ਹੋਣ ਦੇ ਨਾਲ ਨਾਲ ਸਿਧਾਂਤਕ ਆਲੋਚਕ ਹੈ। ਉਨ੍ਹਾਂ ਨੇ 'ਜਤਿੰਦਰ ਸਾਹਿਤ ਸਰੋਵਰ' ਵਿੱਚ ਸਾਹਿਤ ਆਲੋਚਨਾ ਸਬੰਧੀ ਨਿੱਜੀ ਨੁਕਤੇ ਵੀ ਦੱਸੇ ਹਨ। 'ਕਾਫੀਆਂ ਸ਼ਾਹ ਹੁਸੈਨ' ਦੀ ਭੂਮਿਕਾ ਵਿੱਚ ਨਿੱਜੀ ਕੁੜੱਤਣ ਦਾ ਰੰਗ ਮੌਜੂਦ ਹੈ ਭਾਵੇਂ ਉਸ ਦੀ ਖੋਜ ਦੀ ਪ੍ਰਮਾਣਿਕਤਾ ਸੰਦੇਹ ਰਹਿਤ ਹੁੰਦੀ ਹੈ।

**ਡਾ.ਗੋਪਾਲ ਸਿੰਘ ਦਰਦੀ:** ਡਾ ਗੋਪਾਲ ਸਿੰਘ ਦਰਦੀ ਰੋਮਾਂਟਿਕ ਪੰਜਾਬੀ ਕਵੀ ਤੇ 'ਸਾਹਿਤ ਪਰਖ' ਵਿੱਚ ਉਨ੍ਹਾਂ ਨੇ ਸਾਹਿਤ ਦੇ ਭਿੰਨ ਭਿੰਨ ਰੂਪਾਂ ਦੀਆਂ ਰਚਨਾਵਾਂ ਨੂੰ ਆਧਾਰ ਬਣਾ ਕੇ ਆਲੋਚਨਾ ਕੀਤੀ।' ਗੁਰੂ ਸ੍ਰੀ ਗ੍ਰੰਥ ਸਾਹਿਬ ' ਦੀ ਸਾਹਿਤਕ ਵਿਸ਼ੇਸ਼ਤਾ ਤੇ 'ਪੰਜਾਬੀ ਸਾਹਿਤ ਦਾ ਇਤਿਹਾਸ' ਵਿੱਚ ਇਹ ਪ੍ਰਵਿਰਤੀ ਕੰਮ ਕਰ ਰਹੀ ਹੈ ।

**ਗੁਰਬਚਨ ਸਿੰਘ ਤਾਲਬ:** ਗੁਰਬਚਨ ਸਿੰਘ ਤਾਲਬ ਨੇ ਭਾਵੇਂ ਆਲੋਚਨਾ ਦੀ ਵੱਖਰੀ ਪੁਸਤਕ ਨਹੀਂ ਲਿਖੀ ਪਰ ਉਨ੍ਹਾਂ ਦੀਆਂ ਸੰਪਾਦਿਤ ਰਚਨਾਵਾਂ ਦੇ ਵਿਆਖਿਆਮਈ ਟਿੱਪਣੀਆਂ ਉਸ ਦੀ ਪ੍ਰੋੜ ਆਲੋਚਨਾ ਆਤਮਿਕ ਸੂਝ ਦੀ ਸਾਖੀ ਭਰਦੀਆਂ ਹਨ। ਉਨ੍ਹਾਂ ਦੇ ਕਈ ਨਿਰਣੇ ਪੰਜਾਬੀ ਆਲੋਚਨਾ ਦੇ ਪੱਖ ਚਿੰਨ੍ਹ ਬਣ ਗਏ।

**ਸ.ਸ ਅਮੋਲ:** ਸ.ਸ ਅਮੋਲ ਨੇ 'ਪੰਜਾਬੀ ਭੌਰੇ', 'ਪੰਜਾਬੀ ਸਾਹਿਤ ਵਿਚਾਰ ' (ਦੋ ਭਾਗ)' ਸਾਡੇ ਪੁਰਾਣੇ ਕਵੀ' ਮੋਹਨ ਸਿੰਘ ਵੈਦ' ਤੇ ਪ੍ਰਿੰਸੀਪਲ ਤੇਜਾ ਸਿੰਘ ਸਬੰਧੀ ਉਨ੍ਹਾਂ ਦੀਆਂ ਰਚਨਾਵਾਂ ਵਰਨਣਯੋਗ ਹਨ। 'ਲਿਖਾਰੀ ' ਨਾਂ ਦਾ 'ਮਾਸਿਕ ਪੱਤਰ' ਜਾਰੀ ਕਰਕੇ ਉਨ੍ਹਾਂ ਨੇ ਪੱਤਰਕਾਰੀ ਆਲੋਚਨਾ ਦਾ ਮੁੱਢ ਬੰਨ੍ਹਿਆ।

**ਸੁਰਿੰਦਰ ਸਿੰਘ ਕੋਹਲੀ:** ਸੁਰਿੰਦਰ ਸਿੰਘ ਕੋਹਲੀ ਦਾ ਸਥਾਨ ਵੀ ਆਲੋਚਨਾ ਦੀ ਸਥਾਪਿਤ ਪਰੰਪਰਾ ਵਿੱਚ ਆਉਂਦਾ ਹੈ' ਪੰਜਾਬੀ ਸਾਹਿਤ ਦਾ ਇਤਿਹਾਸ' ' ਲਾਲਾ ਕਿਰਪਾ ਸਾਗਰ', ਪ੍ਰੋ: ਪੂਰਨ ਸਿੰਘ, ਜੀਵਨ ਤੇ ਰਚਨਾ, ਪੰਜਾਬੀ ਸਾਹਿਤ ਦੇ ਉਸਰਈਏ' ਆਦਿ ਉਸ ਦੀਆਂ ਆਲੋਚਨਾਤਮਕ ਰਚਨਾਵਾਂ ਨਿੱਘਰ ਜਾਣਕਾਰੀ ਤੇ ਪ੍ਰਮਾਣਿਕ ਧਾਰਨਾਵਾਂ ਉੱਤੇ ਆਧਾਰਿਤ ਹਨ। ਯੂਨੀਵਰਸਿਟੀ ਦੇ ਖੋਜ ਪੱਤਰ 'ਪਰਖ' ਨੂੰ ਸੰਪਾਦਿਤ ਕਰਕੇ ਆਪ ਨੇ ਆਲੋਚਨਾ ਨੂੰ ਨਵੀਂ ਸੇਧ ਦਿੱਤੀ।

ਪ੍ਰੋ: ਹਰਦਿਆਲ ਸਿੰਘ ਦੀ 'ਪੰਜਾਬੀ ਸਾਹਿਤ ਵਸਤੂ ਦੇ ਵਿਚਾਰ' ਹਰਿੰਦਰ ਸਿੰਘ ਦੀ 'ਭਾਈ ਗੁਰਦਾਸ ਤੇ ਉਸ ਦੀ ਰਚਨਾ' ਤੇ ਸ਼ੇਰ ਸਿੰਘ ਦੀ 'ਸਾਹਿਤਕ ਸਮਾਲੋਚਨਾ' ਨੂੰ ਵੀ ਆਲੋਚਨਾ ਦੀ ਉਪਰੋਕਤ ਧਾਰਾ ਵਿੱਚ ਰੱਖਿਆ ਜਾ ਸਕਦਾ ਹੈ ।

## 3.ਪ੍ਰਗਤੀਵਾਦੀ ਆਲੋਚਨਾ:

ਪੰਜਾਬੀ ਆਲੋਚਨਾ ਦਾ ਅਗਲਾ ਦੌਰ ਸਹਿਤ ਵਿੱਚ ਪ੍ਰਗਤੀਵਾਦੀ ਚਿੰਤਨ ਤੇ ਸਮਾਜਵਾਦੀ ਦਰਸ਼ਨ ਦੇ ਪ੍ਰਵੇਸ਼ ਨਾਲ ਆਰੰਭ ਹੁੰਦਾ ਹੈ। ਇਸ ਧਾਰਾ ਵਿੱਚ ਸਮਾਜਿਕ ਆਦਰਸ਼ਵਾਦ ਦੇ ਰੂਪ ਵਿੱਚ ਇਤਿਹਾਸਕ, ਪਦਾਰਥਵਾਦ ਨੂੰ ਮੁੱਖ ਆਧਾਰ ਬਣਾ ਕੇ ਬਣਾ ਲਿਆ ਜਾਂਦਾ ਹੈ ਤੇ ਕਲਾਤਮਿਕ ਤੌਰ ਤੇ ਯਥਾਰਥਵਾਦੀ ਪਰੰਪਰਾ ਦਾ ਅਨੁਸਰਨ ਕੀਤਾ ਜਾਂਦਾ ਹੈ ਜਿੱਥੇ ਪਰੰਪਰਾਵਾਦੀ ਆਲੋਚਨਾ ਵਿੱਚ ਸੌਂਦਿਰਯਵਾਦੀ ਗੁਣ ਪ੍ਰਧਾਨ ਸਨ, ਉੱਥੇ ਇਸ ਧਾਰਾ ਵਿੱਚ ਸਮਾਜਿਕ ਲੱਕਸ਼ਾਂ ਦੀ ਪੂਰਤੀ ਨੂੰ ਪ੍ਰਮੁੱਖ ਆਸ਼ਾ ਪ੍ਰਵਾਨ ਕੀਤਾ ਗਿਆ ਹੈ :

**ਸੰਤ ਸਿੰਘ ਸੇਖੋਂ:** ਸੰਤ ਸਿੰਘ ਸੇਖੋਂ ਪੰਜਾਬੀ ਪ੍ਰਗਤੀਵਾਦੀ ਆਲੋਚਨਾ ਦਾ ਮੋਢੀ ਹੈ ਆਪਣੀਆਂ ਸਿਰਜਨਾਤਮਿਕ ਤੇ ਆਲੋਚਨਾਤਮਿਕ ਦੋਹਾਂ ਤਰ੍ਹਾਂ ਦੀਆਂ ਰਚਨਾਵਾਂ ਵਿੱਚ ਸਿੱਧਾਂਤਕ ਤੌਰ ਤੇ ਮਾਰਕਸਵਾਦੀ ਦਰਸ਼ਨ ਨੂੰ ਆਧਾਰ ਬਣਾਉਣ ਦਾ ਯਤਨ ਕੀਤਾ ਹੈ 'ਸਤਿਆਰਥ ' ਪੰਜਾਬੀ ਕਾਵਿ ਸ਼੍ਰੋਮਨੀ ',ਪ੍ਰਸਿੱਧ ਪੰਜਾਬੀ ਕਵੀ ਭਾਈ ਵੀਰ ਸਿੰਘ ਤੇ ਉਨ੍ਹਾਂ ਦਾ ਯੁੱਗ', ਆਦਿ ਦੇ ਰਚਨਾਵਾਂ ਤੋਂ ਬਿਨਾਂ ਆਪਣੇ ਅਨੇਕਾਂ ਲੇਖਾਂ, ਗੋਸ਼ਟੀ ਪੱਤਰ, ਭੂਮਿਕਾਵਾਂ ਵਿੱਚ ਆਪਣਾ ਸਮੀਖਿਆਤਮਕ ਸਿਧਾਂਤ ਪ੍ਰਸਤੁਤ ਕੀਤਾ।

**ਪ੍ਰੋ.ਕ੍ਰਿਸ਼ਨ ਸਿੰਘ:** ਪ੍ਰੋ.ਕ੍ਰਿਸ਼ਨ ਸਿੰਘ ਤੇ ਪਰੰਪਰਾਵਾਦੀ ਵਿਚਾਰਧਾਰਾਂ ਨੂੰ ਨਿਖਾਰਨ ਪ੍ਰਸਾਰਨ ਤੇ ਸ਼ੁੱਧੀ ਕਰਨ ਵਿੱਚ ਨਿੱਗਰ ਹਿੱਸਾ ਪਾਇਆ। ਜਿੱਥੇ ਸੰਤ ਸਿੰਘ ਸੇਖੋਂ ਕੋਈ ਵਾਰ ਵਿਅਕਤੀਵਾਦੀ ਤੇ ਉਦਾਰ ਚਿੱਤ ਹੋ ਜਾਂਦਾ ਹੈ, ਤੇ ਉੱਥੇ ਕ੍ਰਿਸ਼ਨ ਸਿੰਘ ਕੱਟੜ ਪ੍ਰਸਤੀ ਤੋਂ ਕੰਮ ਲੈਂਦਾ ਹੈ। 'ਸਾਹਿਤ ਦੇ ਸੋਮੇ' ' ਯਥਾਰਥਵਾਦ ਕੀ ਹੈ? 'ਸਾਹਿਤ ਦੀ ਸਮਝ ਸਿੱਖ ਇਨਕਲਾਬ ਦਾ ਮੋਢੀ', ਉਸ ਦੀਆਂ ਪ੍ਰਮੁੱਖ ਆਲੋਚਨਾਤਮਿਕ ਕਿਰਤਾਂ ਹਨ।

**ਡਾ.ਗੁਰਚਰਨ ਸਿੰਘ :** ਡਾ.ਗੁਰਚਰਨ ਸਿੰਘ ਦੇ ਵਿਚਾਰਾਂ ਵਿੱਚ ਪ੍ਰਗਤੀਵਾਦੀ ਧਾਰਾ ਦਾ ਮਿਸ਼ਰਣ ਤਾਂ ਵੇਖਿਆ ਜਾ ਸਕਦਾ ਹੈ। ਪਰ ਉਹ ਕ੍ਰਿਸ਼ਨ ਸਿੰਘ ਤੇ ਸੇਖੋਂ ਜਿਨ੍ਹਾਂ ਇਸ ਧਾਰਾ ਦਾ ਪੱਕਾ ਅਨੁਆਈ ਨਹੀਂ।' ਸਾਡੇ ਨਾਟਕਕਾਰ, ਸਾਡੇ ਗਲਪਕਾਰ, ਪੰਜਾਬੀ ਕਾਵਿ ਦਾ ਕਲਾ ਪੱਖ, ਮੋਹਨ ਸਿੰਘ ਦੀ ਕਲਾ ਪੱਖ, ਨਾਟਕਕਾਰ ਈਸ਼ਵਰ ਚੰਦਰ ਨੰਦਾ, ਆਦਿ ਉਸ ਦੀਆਂ ਆਲੋਚਨਾਤਮਕ ਰਚਨਾਵਾਂ ਹਨ।

**ਗੁਰਦਿਆਲ ਸਿੰਘ ਫੁੱਲ:** ਗੁਰਦਿਆਲ ਸਿੰਘ ਫੁੱਲ ਨੇ ਕੁੱਝ ਸਹਿਯੋਗੀਆਂ ਨਾਲ ਰਲ ਕੇ ਆਲੋਚਨਾ ਦੇ ਖੇਤਰ ਵਿੱਚ ਇੱਕ ਉਪਯੋਗੀ ਕੰਮ ਕੀਤਾ। 'ਆਧੁਨਿਕ ਪੰਜਾਬੀ ਨਾਟਕ ਦੁਖਾਂਤ ', ਪੰਜਾਬੀ ਨਾਟਕ ਕਲਾ ਤੇ ਸਿਧਾਂਤ', ਨਾਵਲ ਕਲਾ', ਤੇ ਰੰਗਮੰਚ ਕਲਾ ਵਿੱਚ ਵਿਸ਼ਲੇਸ਼ਣਾਤਮਿਕ ਵਿਧੀ ਨੂੰ ਅਪਣਾਉਂਦਾ ਹੈ।

**ਬਲਵੰਤ ਗਾਰਗੀ:** ਬਲਵੰਤ ਗਾਰਗੀ ਉੱਤੇ ਪ੍ਰਗਤੀਵਾਦੀ ਧਾਰਾ ਦਾ ਪ੍ਰਭਾਵ ਸੀ।' ਰੰਗਮੰਚ 'ਤੇ 'ਲੋਕ ਨਾਟਕ', ਉਸ ਦੀਆਂ ਇਸ ਖੇਤਰ ਦੀਆਂ ਦੋ ਪ੍ਰਸਿੱਧ ਰਚਨਾਵਾਂ ਹਨ। ਜਿਸ ਵਿੱਚ ਉਸ ਨੇ ਰੰਗਮੰਚ ਸਬੰਧੀ ਤੇ ਮੰਚ ਕਲਾ ਦੇ ਭਿੰਨ ਭਿੰਨ ਪੱਖਾਂ ਉੱਪਰ ਆਪਣੀਆਂ ਆਲੋਚਨਾਤਮਿਕ ਟਿੱਪਣੀਆਂ ਕੀਤੀ ਦਿੱਤੀਆਂ।

**ਕਿਰਪਾਲ ਸਿੰਘ ਕਸੇਲ:** ਕਿਰਪਾਲ ਸਿੰਘ ਕਸੇਲ ਦੀ ਆਰੰਭਿਕ ਸਮੀਖਿਆ ਉੱਪਰ ਸੰਤ ਸਿੰਘ ਸੇਖੋਂ ਦਾ ਡੂੰਘਾ ਪ੍ਰਭਾਵ ਸੀ ।ਪਰ ਬਾਅਦ ਵਿੱਚ ਉਨ੍ਹਾਂ ਨੇ ਆਪਣਾ ਇੱਕ ਸੁਤੰਤਰ ਰਾਹ ਚੁਣਿਆ। ਡਾ.ਪਰਮਿੰਦਰ ਸਿੰਘ ਉਸ ਦਾ ਸਹਿ ਲੇਖਕ ਹੈ । 'ਸਾਹਿਤ ਦੇ ਰੂਪ', 'ਸਾਹਿਤ ਪ੍ਰਕਾਸ਼ ' ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ ' ਵਿੱਚ ਪੰਜਾਬੀ ਭਾਸ਼ਾ ਅਤੇ ਸਾਹਿਤ ਇਤਿਹਾਸ ਦੀ ਪਰੰਪਰਾ ਨੂੰ ਨਿਸ਼ਚਿਤ ਤੇ ਵਿਕਸਿਤ ਕਰਨ ਦਾ ਯਤਨ ਕੀਤਾ ਗਿਆ ਹੈ । 'ਆਧੁਨਿਕ ਗਦਕਾਰ 'ਪੂਰਨ ਸਿੰਘ ' ਉਸ ਦੀਆਂ ਆਲੋਚਨਾ ਦੀਆਂ ਪ੍ਰਸਿੱਧ ਪੁਸਤਕਾਂ ਹਨ । ਡਾ. ਪਰਮਿੰਦਰ ਸਿੰਘ ਨੇ ਪ੍ਰੋ: ਕਿਰਪਾਲ ਸਿੰਘ ਕਸੇਲ ਨਾਲ ਮਿਲ ਕੇ 'ਚੰਡੀ ਦੀ ਵਾਰ' ਤੇ ਆਲੋਚਨਾ ਆਲੋਚਨਾਤਮਕ ਲੇਖਾਂ ਦੀ ਪੁਸਤਕਾਂ 'ਸਾਹਿਤ ਪ੍ਰਕਾਸ਼' ਦੀ ਸੰਪਾਦਨਾ ਕੀਤੀ। ਪੰਜਾਬੀ 'ਸਮਾਲੋਚਨਾ ਸਿਧਾਂਤ ਤੇ ਸਰੂਪ', 'ਸਮਾਲੋਚਨਾ ਸ਼ਾਸਤਰ' ਸਾਹਿਤ ਕੀ ਹੈ? ਆਦਿ ਇਸ ਲੇਖਕ ਦੀਆਂ ਆਲੋਚਨਾ ਦੇ ਸਿਧਾਂਤ ਨਾਲ ਸਬੰਧਿਤ ਆਲੋਚਨਾਤਮਿਕ ਪੁਸਤਕਾਂ ਹਨ।

**ਪ੍ਰੋਫੈਸਰ ਸੁਰਿੰਦਰ ਸਿੰਘ ਨਰੂਲਾ:** ਪ੍ਰੋਫੈਸਰ ਸੁਰਿੰਦਰ ਸਿੰਘ ਨਰੂਲਾ ਨੇ ' ਪੰਜਾਬੀ ਸਾਹਿਤ ਦੀ ਜਾਣ ਪਛਾਣ, ਪੰਜਾਬੀ ਸਾਹਿਤ ਦਾ ਇਤਿਹਾਸ, ਭਾਈ ਵੀਰ ਸਿੰਘ ਇੱਕ ਅਧਿਐਨ,' ਗਿਆਨੀ ਹੀਰਾ ਸਿੰਘ ਦਰਦ ' ਨੇ ਪੰਜਾਬੀ ਸਾਹਿਤ ਦਾ ਇਤਿਹਾਸ ਤੇ ਫੁੱਲਵਾੜੀ ਦਾ ਕਾਵਿ ਅੰਕ ਪਿਆਰਾ ਸਿੰਘ ਭੋਗਲ ਨੇ ਪੱਛਮੀ ਆਲੋਚਨਾ ਦੇ ਸਿਧਾਂਤ ਤੇ 'ਪੰਜਾਬੀ ਸਾਹਿਤ ਦਾ ਇਤਿਹਾਸ' ਤੇ 'ਕਹਾਣੀਕਾਰ ਸੁਜਾਨ ਸਿੰਘ', 'ਕੁਲਵੰਤ ਸਿੰਘ ਵਿਰਕ ਇੱਕ ਅਧਿਐਨ' ਆਲੋਚਨਾ ਪੁਸਤਕਾਂ ਦਿੱਤੀਆਂ ।

ਡਾ ਸੁਖਬੀਰ ਸਿੰਘ ਕਾਂਗ, ਕਰਮਜੀਤ ਸਿੰਘ, ਰਵਿੰਦਰ ਸਿੰਘ ਰਵੀ ਆਦਿ ਉੱਪਰ ਵੀ ਪ੍ਰਗਤੀਵਾਦੀ ਵਿਚਾਰਧਾਰਾ ਦਾ ਵਿਆਪਕ ਪ੍ਰਭਾਵ ਵੇਖਿਆ ਜਾ ਸਕਦਾ ਹੈ ।

## 4.ਅਕਾਦਮਿਕ ਆਲੋਚਨਾ:

ਅਕਾਦਮੀ ਆਲੋਚਨਾ ਪ੍ਰਮਾਣਿਕ ਤੇ ਪ੍ਰਮਾਣਿਤ ਕਾਵਿ ਸ਼ਾਸਤਰ ਦੇ ਮੁੱਖ ਸਿਧਾਂਤਾਂ ਉੱਤੇ ਆਧਾਰਿਤ ਹੁੰਦੀ ਹੈ। ਇਸ ਦਾ ਸੁਭਾਅ ਵਿਗਿਆਨਕ ਤੇ ਤਰਕਸ਼ੀਲ ਹੁੰਦਾ ਹੈ ।

**ਪ੍ਰਿੰਸੀਪਲ ਪ੍ਰੀਤਮ ਸਿੰਘ:** ਪ੍ਰਿੰਸੀਪਲ ਪ੍ਰੀਤਮ ਸਿੰਘ ਵਿਦਵਾਨ ਤੇ ਪ੍ਰਮੁੱਖ ਸਾਹਿਤ ਖੋਜੀ ਹੈ। ਪੰਜਾਬੀ ਸਾਹਿਤ ਅਕਾਦਮਿਕ ਦੀਆਂ ਪੱਤਰਕਾਵਾਂ ਦੇ ਸੰਪਾਦਕੀ ਲੇਖ ਉਸ ਦੀ ਵਿਕਸਤ, ਆਲੋਚਨਾ ਸ਼ੈਲੀ ਦਾ ਪ੍ਰਭਾਵ ਹਨ। 'ਹਾਸ਼ਮ' ਬਾਰੇ ਉਸ ਦਾ ਪੱਤਰ ਨਿਵੇਕਲੀ ਖੋਜ ਉੱਤੇ ਆਧਾਰਿਤ ਹੈ। ਪੰਜਾਬੀ ਸ਼ਬਦ ਜੋੜਾਂ ਦੀ ਇੱਕਸਾਰਤਾ ਸਬੰਧੀ ਆਪ ਉੱਤਮ ਸ਼ਲਾਘਾਯੋਗ ਹੈ ।

**ਹਰਨਾਮ ਸਿੰਘ ਸ਼ਾਨ:** ਹਰਨਾਮ ਸਿੰਘ ਸ਼ਾਨ ਨੇ 'ਸੱਸੀ ਹਾਸ਼ਮ ', ਸੂਫ਼ੀ ਕਾਵਿ ਸੰਗ੍ਰਹਿ, ਚੱਠਿਆਂ ਦੀ ਵਾਰ, ਪ੍ਰੋਫੈਸਰ ਪੂਰਨ ਸਿੰਘ ਜੀਵਨ ਤੇ ਰਚਨਾ, ਪਰਖ ਪੜਚੋਲ, 'ਗੁਰੂ ਨਾਨਕ ਦਾ ਸ਼ਾਹਕਾਰ ਜਪੁਜੀ' ਆਦਿ ਪ੍ਰਸਿੱਧ ਪੁਸਤਕਾਂ ਹਨ।

**ਡਾ.ਦੀਵਾਨ ਸਿੰਘ**: ਪੰਜਾਬੀ ਦਾ ਗੰਭੀਰ ਆਲੋਚਕ ਤੇ ਪ੍ਰਸਿੱਧ ਵਿਦਵਾਨ ਹੈ। ਸੂਫ਼ੀਵਾਦ ਤੇ ਹੋਰ ਲੇਖ, ਗੁਰੂ ਨਾਨਕ ਦੀ ਪ੍ਰਤਿਭਾ ਤੇ ਹੋਰ ਲੇਖ, ਆਧੁਨਿਕ ਪੰਜਾਬੀ ਸਾਹਿਤ ਤੇ ਹੋਰ ਲੇਖ, ਉਸ ਦੀ ਪੰਜਾਬੀ ਆਲੋਚਨਾਤਮਕ ਨਿਬੰਧਕਾਰਾਂ ਵਿੱਚ ਉਚੇਚਾ ਸਥਾਨ ਦਿਖਾਉਂਦੇ ਹਨ। 'ਫ਼ਰੀਦ ਦਰਸ਼ਨ' ਉਸ ਦੀ ਵਿਸ਼ੇਸ਼ ਆਲੋਚਨਾਤਮਿਕ ਪੁਸਤਕ ਹੈ। ਸੱਸੀ ਹਾਸ਼ਮ, ਫ਼ਜ਼ਲ ਸ਼ਾਹ, ਚਾਤ੍ਰਿਕ ਦੀ ਚੋਣਵੀਂ ਕਵਿਤਾ, ਚਾਤ੍ਰਿਕ ਦੀ ਪੁਸ਼ਪਮਾਲਾ, ਸਾਹਿਬ ਸਿੰਘ ਦੀ ਵਾਰਤਕ ਕਲਾ, ਆਦਿ ਉਸ ਦੀਆਂ ਸੰਪਾਦਿਤ ਤੇ ਆਲੋਚਨਾਤਮਿਕ ਪੁਸਤਕਾਂ ਹਨ ।

**ਰੋਸ਼ਨ ਲਾਲ ਆਹੂਜਾ**: ਰੋਸ਼ਨ ਲਾਲ ਆਹੂਜਾ ਨੇ ਆਧੁਨਿਕ ਪੰਜਾਬੀ ਨਾਟਕ, ਆਲੋਚਨਾ ਦੇ ਸਿਧਾਂਤ , ਪੱਛਮੀ ਆਲੋਚਨਾ ਦੀ ਪਰੰਪਰਾ, ਸਾਹਿਤ ਸ਼ਾਸਤਰ, ਯੂਨਾਨੀ ਨਾਟਕ ਦੇ ਸਿਧਾਂਤ ਤੇ ਇਤਿਹਾਸ ਵਿੱਚ ਪੰਜਾਬੀ ਦੇ ਸਿਰਜਨਾਤਮਿਕ ਤੇ ਆਲੋਚਨਾਤਮਿਕ ਸਾਹਿਤ ਦੇ ਅਧਿਐਨ ਨੂੰ ਆਧਾਰ ਬਣਾ ਕੇ ਇਸ ਵਿੱਚ ਸਮੀਖਿਆ ਦੀ ਸ਼ਾਸਤਰ ਪ੍ਰਣਾਲੀ ਦੀ ਸਥਾਪਿਤ ਕ੍ਰਮ ਵਿੱਚ ਕੰਮ ਕੀਤਾ।

**ਡਾ.ਪ੍ਰੇਮ ਪ੍ਰਕਾਸ਼**: ਡਾ.ਪ੍ਰੇਮ ਪ੍ਰਕਾਸ਼ ਨੇ ਪੰਜਾਬੀ ਸਿਧਾਂਤਕ ਤੇ ਵਿਵਹਾਰਕ ਰਚਨਾ ਕੀਤੀ। ਸਾਹਿਤ ਸਮਾਲੋਚਨਾ ਦੀ ਪਰਿਭਾਸ਼ਿਕ ਸ਼ਬਦਾਵਲੀ ਨਿਸ਼ਚਿਤ ਕਰਨ ਵਿੱਚ ਵਡਮੁੱਲਾ ਹਿੱਸਾ ਪਾਇਆ। ਭਾਰਤੀ ਕਾਵਿ ਸ਼ਾਸਤਰ, ਸਾਹਿਤ ਵਿਵੇਚਨ, ਕਾਵਿ ਦੇ ਤੱਤ, ਉਸਦੀਆਂ ਸਿਧਾਂਤ ਰੂਪ ਦੀਆਂ ਰਚਨਾਵਾਂ ਹਨ। ਮੋਹਨ ਸਿੰਘ ਦਾ ਕਾਵਿ ਲੋਕ, ਪ੍ਰੀਤਮ ਸਿੰਘ ਸਫ਼ੀਰ ਦਾ ਕਾਵਿ ਲੋਕ. ਉਸ ਦੀਆਂ ਵਿਵਹਾਰਕ ਆਲੋਚਨਾ ਦੇ ਨਮੂਨੇ ਹਨ।

**ਡਾ.ਰਤਨ ਸਿੰਘ ਜੱਗੀ:** ਡਾ. ਰਤਨ ਸਿੰਘ ਜੱਗੀ ਨੇ ਦਸਮ ਗ੍ਰੰਥ, ਗੁਰੂ ਨਾਨਕ ਬਾਣੀ, ਭਾਈ ਗੁਰਦਾਸ ਦੀ ਰਚਨਾ ਬਾਰੇ ਮਹੱਤਵਪੂਰਨ ਤੇ ਵਰਨਣਯੋਗ ਕੰਮ ਕੀਤਾ। ਵਿਚਾਰਧਾਰਾ ਵਿੱਚ ਉਸ ਦੇ ਆਲੋਚਨਾਤਮਿਕ ਨਿਬੰਧ ਸੰਕਲਿਤ ਹਨ ।

**ਡਾ.ਪਿਆਰਾ ਸਿੰਘ:** ਡਾ. ਪਿਆਰਾ ਸਿੰਘ ਵਿਸ਼ੇਸ਼ ਖੋਜੀ ਤੇ ਅਕਾਦਮਿਕ ਖੇਤਰ ਵਿੱਚ ਜੁਟੇ ਪ੍ਰਵੀਨ ਸਾਹਿਤਕਾਰ ਵਿੱਚੋਂ ਹੈ। ਆਦਿ ਸਾਖੀਆਂ,ਪੰਜਾਬੀ ਕਵਿਤਾ ਪਰੰਪਰਾ ਤੇ ਵਿਕਾਸ ,ਹਾਫ਼ਿਜ਼ ਬਰਖ਼ੁਰਦਾਰ, ਉਸ ਦੀਆਂ ਵਿਸ਼ੇਸ਼ ਰਚਨਾਵਾਂ ਹਨ ।

**ਜੀਤ ਸਿੰਘ ਸੀਤਲ:** ਜੀਤ ਸਿੰਘ ਸੀਤਲ ਨੇ ਹੀਰ ਵਾਰਿਸ ਦੀ ਭੂਮਿਕਾ, ਬੁੱਲੇ ਸ਼ਾਹ ਜੀਵਨ ਤੇ ਰਚਨਾ, ਪੰਜਾਬੀ ਵਾਰਤਕ ਕਲਾ, ਪੀਲੂ ਰਚਨਾਵਲੀ, ਪੰਜਾਬੀ ਸੀਹਰਫੀਆਂ, ਪੁਸਤਕ ਰਚ ਕੇ ਪੰਜਾਬੀ ਦੀ ਅਕਾਦਮਿਕ ਆਲੋਚਨਾ ਨੂੰ ਵੱਡੀ ਦੇਣ ਦਿੱਤੀ।

**ਡਾ.ਗੋਬਿੰਦ ਸਿੰਘ ਲਾਂਬਾ:** ਡਾ. ਗੋਬਿੰਦ ਸਿੰਘ ਲਾਂਬਾ: ਵਿਸ਼ੇਸ਼ ਖੋਜਕਾਰੀ ਤੇ ਪ੍ਰਵੀਨ ਆਲੋਚਕ ਹੈ। ਨਜ਼ਾਬਤ ਦੀ ਵਾਰ 'ਮਸਲੇ ਸ਼ੇਖ ਫ਼ਰੀਦ ਦਾ ਆਲੋਚਨਾਤਮਿਕ ਵਿਵੇਚਨ, ਆਦਿ ਉਸ ਦੀ ਵਿਸ਼ੇਸ਼ ਦੇਣ ਹੈ । ਉਸ ਕੋਲ ਆਲੋਚਨਾ ਦੇ ਵਿਗਿਆਨਕ ਆਧਾਰ ਦੀ ਸ਼ੈਲੀ ਮੌਜੂਦ ਹੈ ।

**ਡਾ.ਗੁਰਦੇਵ ਸਿੰਘ:** ਡਾ .ਗੁਰਦੇਵ ਸਿੰਘ ਨੇ ਪੰਜਾਬੀ ਆਲੋਚਨਾ ਦੇ ਭਿੰਨ ਭਿੰਨ ਪੱਖਾਂ ਤੇ ਕੰਮ ਕੀਤਾ। ਹੀਰ ਦਮੋਦਰ, ਹਾਸ਼ਮ ਦੀ ਕਾਵਿ ਰਚਨਾ, ਸ਼ਾਹ ਹੁਸੈਨ ਦਾ ਕਲਾਮ, ਕਲਾਮ ਬੁੱਲੇ ਸ਼ਾਹ, ਹੀਰ ਵਾਰਿਸ, ਬਾਣੀ ਬਾਬਾ ਵਜੀਦ, ਤੇਜਾ ਸਿੰਘ ਇੱਕ ਅਧਿਐਨ, ਸਾਹਿਤ ਦੇ ਵਾਦ, ਭਾਰਤੀ ਤੇ ਪੱਛਮੀ ਆਲੋਚਨਾ ਉਸ ਦੀਆਂ ਵਿਸ਼ੇਸ਼ ਰਚਨਾਵਾਂ ਹਨ ।

**ਡਾਕਟਰ ਤਾਰਨ ਸਿੰਘ**: ਡਾਕਟਰ ਤਾਰਨ ਸਿੰਘ ਗੁਰਮਤਿ ਸਾਹਿਤ ਦਾ ਪ੍ਰਮੁੱਖ ਅਚਾਰੀਆ ਤੇ ਵਿਆਖਿਆਕਾਰ ਆਲੋਚਕ ਹੈ। ਗੁਰੂ ਨਾਨਕ ਚਿੰਤਨ ਤੇ ਕਲਾ, ਦਸਮ ਗ੍ਰੰਥ ਰੂਪ ਤੇ ਰਸ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਉਸ ਦੀਆਂ ਵਿਸ਼ੇਸ਼ ਪੁਸਤਕਾਂ ਹਨ ।

**ਪਿਆਰਾ ਸਿੰਘ ਪਦਮ**: ਪਿਆਰਾ ਸਿੰਘ ਪਦਮ ਨੇ ਹਾਸ਼ਮ ਰੂਪਾਵਲੀ, ਪੰਜਾਬੀ ਵਾਰਾਂ, ਪੰਜਾਬੀ ਮਾਝਾ, ਪੰਜਾਬੀ ਬਾਰਾਂਮਾਹੇ, ਹੀਰ ਭਗਵਾਨ ਸਿੰਘ, ਬਾਬਾ ਵਜੀਦ, ਮਹਾਂਕਾਵਿ ਸੰਤ ਰੇਨ, ਬਾਰਾਂ ਗੁਰੂ ਗੋਬਿੰਦ ਸਿੰਘ ਜੀ ਕੀਆਂ, ਕਲੀਆਂ ਵਾਲੀ ਹੀਰ ਆਦਿ ,ਪੁਸਤਕਾਂ ਲਿਖ ਕੇ ਪੁਰਾਤਨ ਉਤਕ੍ਰਿਸ਼ਟ ਸਮੱਗਰੀ ਨੂੰ ਪੜ੍ਹਨ ਗੋਚਰ ਬਣਾਇਆ ਤੇ ਆਲੋਚਨਾਤਮਿਕ ਤੇ ਵਿਆਖਿਆਮਈ ਟਿੱਪਣੀਆਂ ਕੀਤੀਆਂ।

**ਡਾ.ਪ੍ਰੀਤਮ ਸਿੰਘ ਸੈਣੀ**: ਡਾ.ਪ੍ਰੀਤਮ ਸਿੰਘ ਸੈਣੀ ਨੇ ਆਈ .ਸੀ. ਨੰਦਾ, ਬਲਵੰਤ ਗਾਰਗੀ, ਹਰਚਰਨ ਸਿੰਘ ਤੇ ਸੇਖੋਂ ਦੇ ਨਾਟਕ ਕਲਾ, ਨਾਨਕਾਇਣ, ਵਾਰ ਸ਼ਾਹ ਮੁਹੰਮਦ ਆਦਿ ਵਿਸ਼ਿਆਂ ਉੱਤੇ ਆਲੋਚਨਾਤਮਿਕ ਪੁਸਤਕਾਂ ਲਿਖੀਆਂ ।

**ਡਾ.ਅਤਰ ਸਿੰਘ.** ਡਾ.ਅਤਰ ਸਿੰਘ: ਪੰਜਾਬੀ ਆਲੋਚਨਾ ਦਾ ਇੱਕ ਹੋਰ ਉੱਘੜਵਾਂ ਹਸਤਾਖ਼ਰ ਹੈ। ਉਹ ਆਪਣੇ ਆਪ ਨੂੰ ਪ੍ਰਗਤੀਵਾਦੀ ਆਲੋਚਨਾ ਦੀ ਪਰੰਪਰਾ ਸ਼ਾਮਲ ਨਹੀਂ ਕਰਦਾ, ਪਰ ਸਾਹਿਤ ਦੀ ਨਿਰਖ ਪਰਖ ਸਬੰਧੀ ਉਸ ਦੇ ਸਿਧਾਂਤ ਤੇ ਵਿਚਾਰ ਇਸੇ ਪਰੰਪਰਾ ਨਾਲ ਜੁੜੇ ਨਜ਼ਰ ਆਉਂਦੇ ਹਨ। ਉਸ ਦੀ ਆਲੋਚਨਾ ਕਾਵਿ ਅਧਿਐਨ ,ਦ੍ਰਿਸ਼ਟੀਕੋਣ ਦੇ ਸਮਦਰਸ਼ਨ ਆਦਿਕ ਆਲੋਚਨਾਤਮਿਕ ਪੁਸਤਕਾਂ ਵਿੱਚੋਂ ਦ੍ਰਿਸ਼ਟੀਗੋਚਰ ਹੁੰਦੀ ਹੈ। ਇਸ ਤੋਂ ਬਿਨਾਂ ਉਸ ਨੇ ph.d ਦੀ ਡਿਗਰੀ ਲਈ ਉਸ ਦੇ ਸੋਧ ਪ੍ਰਬੰਧ The secular principal in modern punjabi poetry ਤੋਂ ਵੀ ਉਸ ਦੀ ਆਲੋਚਨਾਤਮਿਕ ਪ੍ਰਤਿਭਾ ਬਾਰੇ ਕਾਫੀ ਅਨੁਮਾਨ ਲਗਾਇਆ ਜਾ ਸਕਦਾ ਹੈ । ਅਤਰ ਸਿੰਘ ਆਲੋਚਨਾ'ਚ ਇੱਕ ਹੋਰ ਅਹਿਮ ਲੱਛਣ ਵੱਲੋਂ ਵਿਗਿਆਨਿਕ ਤੇ ਸਮਾਜ ਵਿਗਿਆਨ ਵਿੱਚੋਂ ਪ੍ਰਾਪਤ ਅੰਤਰ ਦ੍ਰਿਸ਼ਟੀ ਨੂੰ ਇੱਕ ਸਹਿਜ ਸੰਤੁਲਨ ਵਿੱਚ ਬੈਠਾਉਣ ਦਾ ਯਤਨ ਕਰਦਾ ਹੈ। ਪ੍ਰਗਤੀਵਾਦੀ ਆਲੋਚਕਾਂ ਨੇ ਪ੍ਰਸੰਗ ਵਿੱਚ ਡਾ.ਕੁਲਬੀਰ ਸਿੰਘ ਕਾਂਗ ਦਾ ਨਾਂ ਵੀ ਉਲੇਖਯੋਗ ਹੈ ਪੰਜਾਬੀ ਦੀ ਪ੍ਰਗਤੀਵਾਦੀ ਡਾ. ਜੋਗਿੰਦਰ ਸਿੰਘ ਰਾਹੀਂ ਤੇ ਡਾ.ਟੀ .ਆਰ.ਵਿਨੋਦ ਨੇ ਵੀ ਵਿਸ਼ੇਸ਼ ਯੋਗਦਾਨ ਦਿੱਤਾ। ਡਾ.ਗੁਰਬਖ਼ਸ਼ ਸਿੰਘ ਡਾ.ਕੇਸਰ ਸਿੰਘ ਡਾ ਰਘਵੀਰ ਸਿੰਘ' 'ਸਿਰਜਨਾ' ਦਾ ਡਾ.ਕਰਮਜੀਤ ਸਿੰਘ, ਡਾ. ਬਿਕਰਮ ਸਿੰਘ ਘੁੰਮਣ ਤੇ ਡਾ ਜੋਗਿੰਦਰ ਸਿੰਘ ਕੈਰੋਂ ਆਦਿ ਨੇ ਵੀ ਪੰਜਾਬੀ ਪ੍ਰਗਤੀਵਾਦੀ ਆਲੋਚਨਾ ਨੂੰ ਸਾਹਿਤਕ ਸੇਧ ਦੇਣ ਵਿੱਚ ਵਿਸ਼ੇਸ਼ ਭੂਮਿਕਾ ਅਦਾ ਕੀਤੀ ਹੈ ।

## ਨਵੀਨ ਪੰਜਾਬੀ ਆਲੋਚਨਾ:

ਨਵੀਨ ਪੰਜਾਬੀ ਆਲੋਚਨਾ ਨੇ ਆਪਣੇ ਬਹੁਤ ਸਾਰੇ ਸਿਧਾਂਤ ਤੇ ਵਿਧੀਆਂ ਪੱਛਮੀ ਦੇ ਨਵੀਨ ਆਲੋਚਨਾ ਤੋਂ ਪ੍ਰਾਪਤ ਕੀਤੀਆਂ ਹਨ। ਪੱਛਮ ਵਿੱਚ ਇਹ ਲੇਬਲ ਬਹੁਤ ਸਾਰੀਆਂ ਵਿਧੀਆਂ ਦੇ ਸਿਧਾਂਤਾਂ ਨੂੰ ਇੱਕੋ ਸਮੇਂ ਆਪਣੇ ਘੇਰੇ ਵਿੱਚ ਲੈ ਲੈਂਦਾ ਹੈ । ਇਹ ਥੀਮ ਵਿਗਿਆਨ, ਨਵ ਮਾਰਕਸਵਾਦੀ, ਸੰਰਚਨਾਤਮਕ ਚਿਹਨ ਵਿਗਿਆਨ ਨਵ ਅਮਰੀਕੀ ਆਲੋਚਨਾ ਤੇ ਰੂਸੀ ਰੂਪਵਾਦ ਆਦਿ ਸਾਮਲ ਹਨ।

.ਡਾ.ਸਤਿੰਦਰ ਸਿੰਘ ਨੂਰ ਅਨੁਸਾਰ:

'ਨਵੀਨ ਆਲੋਚਨਾ ਤੋਂ ਭਾਵ ਉਹ ਆਲੋਚਨਾ ਹੈ ਜਿਸ ਦਾ ਸਬੰਧ ਸੰਰਚਨਾਵਾਦੀ, ਮਾਰਕਸਵਾਦੀ ਤੇ ਆਲੋਚਨਾ ਦੀਆਂ ਕੁਝ ਹੋਰ ਵਿਧੀਆਂ ਨਾਲ ਹੈ।'

ਡਾ. ਸਤਿੰਦਰ ਸਿੰਘ ਨੂਰ ਨੇ ਨਵੀਂ ਆਲੋਚਨਾ ਦਾ ਮੁੱਢ ਡਾ.ਹਰਭਜਨ ਸਿੰਘ ਦੀ ਪੁਸਤਕ 'ਅਧਿਐਨ ਤੇ ਅਧਿਆਪਨ' ਨਾਲ ਕੀਤਾ ਹੈ।

**ਡਾ.ਹਰਭਜਨ ਸਿੰਘ:** ਡਾ. ਹਰਭਜਨ ਸਿੰਘ ਨੇ ਮੁੱਲ ਤੇ ਮੁਲਾਂਕਣ, ਸਾਹਿਤ ਸ਼ਾਸਤਰ, ਰੂਪਕੀ ਸਿਸਟਮੀ, ਪਾਰਗਾਮੀ, ਰਚਨਾ ਸੰਰਚਨਾ, ਸਾਹਿਤ ਵਿਗਿਆਨ, ਤੇ ਸਾਹਿਤ ਅਧਿਐਨ, ਵਰਗੀਆਂ ਆਲੋਚਨਾਤਮਿਕ ਕ੍ਰਿਤਾਂ ਦਿੱਤੀਆਂ।

**ਡਾ.ਤਰਲੋਕ ਸਿੰਘ ਕੰਵਰ**: ਡਾ.ਤਰਲੋਕ ਸਿੰਘ ਕੰਵਰ ਨੇ ਮਾਨ ਪ੍ਰਤੀਮਾਨ, ਬਦਲਦੇ ਪਰਿਪੇਖ ਤੇ ਪਾਠ ਦੇ ਪ੍ਰਸੰਗ ਵਰਗੀਆਂ ਆਲੋਚਨਾਤਮਕ ਕਿਰਤਾਂ ਦੇ ਮਾਧਿਅਮ ਦੁਆਰਾ ਕਾਵਿ ਸ਼ਾਸਤਰੀ ਦ੍ਰਿਸ਼ਟੀ ਤੋਂ ਸੰਜਮ ਤੇ ਅਨੁਸ਼ਾਸਨ ਵਾਲੀ ਤੇ ਗੁਣ ਵਾਲੀ ਆਲੋਚਨਾ ਕੀਤੀ।

**ਡਾ.ਆਤਮਜੀਤ**: ਡਾ.ਆਤਮਜੀਤ ਨੇ ਸਾਹਿਤਕੀ ਨਾਮ ਦੀ ਆਪਣੀ ਆਲੋਚਨਾਤਮਕ ਪੁਸਤਕ ਵਿੱਚ ਆਧੁਨਿਕ ਭਾਸ਼ਾ ਵਿਗਿਆਨ ਦੁਆਰਾ ਪ੍ਰਾਪਤ ਹੋਈਆਂ ਵਿਧੀਆਂ ਤੇ ਜੁਗਤਾਂ ਦੀ ਸਹਾਇਤਾ ਨਾਲ ਸਾਹਿਤ ਨੂੰ ਇੱਕ ਸਿਸਟਮ ਦੇ ਰੂਪ ਵਿੱਚ ਵੇਖਣ ਦੀ ਕੋਸ਼ਿਸ਼ ਕੀਤੀ

ਡਾ.ਰਵਿੰਦਰ ਸਿੰਘ ਰਵੀ ਨੇ ਪੱਛਮੀ ਦੀ ਨਵ ਆਲੋਚਨਾ ਦੀ ਮਾਰਕਸਵਾਦੀ ਨੁਕਤੇ ਤੋਂ ਖੋਲ੍ਹ ਕੇ ਵਿਆਖਿਆ ਕੀਤੀ ਹੈ ।

**ਡਾ.ਤੇਜਵੰਤ ਗਿੱਲ:** ਡਾ.ਤੇਜਵੰਤ ਗਿੱਲ ਦਾ ਮਾਰਕਸਵਾਦੀ ਚਿੰਤਨ ਦਾ ਨਿਰੰਤਰ ਵਿਵਾਦ ਵੀ ਪੰਜਾਬੀ ਸਾਹਿਤ ਆਲੋਚਨਾ ਦੇ ਨਵੇਂ ਪ੍ਰਤੀਮਾਨ ਨੂੰ ਸਿਰਜਣ ਦੇ ਆਹਰ ਸਿਰਜਨ ਵਿੱਚ ਹਨ । ਡਾਕਟਰ ਗੁਰਬਚਨ ਨੇ ਲੇਵੀ ਸਤ੍ਰਾਸ ਦੇ ਚਿੰਤਨ ਦੀਆਂ ਬੁਨਿਆਦੀ ਧਾਰਾਵਾਂ ਨੂੰ ਆਧਾਰ ਬਣਾ ਕੇ ਪੰਜਾਬੀ ਆਲੋਚਨਾ ਵਿੱਚ ਕੁਝ ਸਿਧਾਂਤਕ ਲੇਖ ਲਿਖੇ ਹਨ ।

**ਡਾ.ਗੁਰਭਗਤ ਸਿੰਘ:** ਡਾ.ਗੁਰਭਗਤ ਸਿੰਘ ਨੇ ਪੱਛਮੀ ਦੀਆਂ ਨਵੀਆਂ ਵਿਧੀਆਂ ਤੇ ਸਿਧਾਂਤਾਂ ਨੂੰ ਪੰਜਾਬੀ ਸਾਹਿਤ ਦੀਆਂ ਕਾਵਿ ਸ਼ਾਸਤਰੀ ਜੁਗਤਾਂ ਦੇ ਪ੍ਰਸੰਗ ਵਿੱਚ ਲਾਗੂ ਕਰਨ ਵੱਲ ਧਿਆਨ ਖਿੱਚਿਆ ।

**ਡਾ.ਸਤਿੰਦਰ ਸਿੰਘ ਨੂਰ:** ਡਾ.ਸਤਿੰਦਰ ਸਿੰਘ ਨੂਰ ਪੰਜਾਬੀ ਸਾਹਿਤ ਦੇ ਅਧਿਐਨ ਵਿਸ਼ਲੇਸ਼ਣ ਵਾਸਤੇ ਪੱਛਮੀ ਵਿਧੀਆਂ ਤੇ ਸਿਧਾਂਤਾਂ ਦੀ ਸੀਮਾ ਨੂੰ ਸਵੀਕਾਰ ਕਰਦਾ ਹੈ ਤੇ ਇਸ ਨੂੰ ਪੰਜਾਬੀ ਸਾਹਿਤ ਦੇ ਸੱਭਿਆਚਾਰ ਦੀਆਂ ਵੱਖਵੱਖ ਟੈਕਸਟਾਂ ਵਿੱਚ ਜਿਉਂ ਤੇ ਤਿਉਂ ਗ੍ਰਹਿਣ ਨਹੀਂ ਕਰਦਾ ਉਸ ਦੀ ਆਲੋਚਨਾ ਦਾ ਸਭ ਤੋ ਅਹਿਮ ਪੱਖ ਇਸ ਦਾ ਪ੍ਰਯੋਗਿਕ ਤੇ ਅਮਲੀ ਹੋਣਾ ਹੈ ।

### ਸਾਰ-ਅੰਸ਼:

ਨਿਰਸੰਦੇਹ ਪੰਜਾਬੀ ਆਲੋਚਨਾ ਅੱਜ ਕਈ ਪੜਾਵਾਂ ਵਿਚੋਂ ਗੁਜਰਦੀ ਹੋਈ ਭਰਪੂਰ ਰੂਪ ਵਿਚ ਵਿਕਸਿਤ ਦਿਖਾਈ ਦਿੰਦੀ ਹੈ। ਅਜੋਕੀ ਆਲੋਚਨਾ ਨੇ ਸਾਹਿਤ ਨੂੰ ਨਵੀਂ ਦਸ਼ਾ ਅਤੇ ਦਿਸ਼ਾ ਪ੍ਰਦਾਨ ਕੀਤੀ ਹੈ। ਆਲੋਚਕਾਂ ਦਾ ਇੱਕ ਪਿੜ ਪੂਰੀ ਤਰ੍ਹਾਂ ਆਪਣੀਆਂ ਜਿੰਮੇਵਾਰੀਆਂ ਨੂੰ ਨਿਭਾ ਰਿਹਾ ਹੈ। ਆਲੋਚਨਾ ਦੇ ਵਿਕਾਸ ਵਿਚ ਸਥਾਨਿਕ ਸੰਸਥਾਵਾਂ ਤੋਂਲੈ ਕੇ ਕੌਮੀ ਸੰਸਥਾਵਾਂ ਤੱਕ ਦੀ ਅਹਿਮ ਭੂਮਿਕਾ ਤੋਂ ਇਨਕਾਰੀ ਨਹੀਂ ਹੋਇਆ ਜਾ ਸਕਦਾ। ਹਫਤੇਵਾਰ,ਮਾਸਿਕ, ਤ੍ਰੈਮਾਸਿਕ ਜਾਂ ਸਾਲਾਨਾਂ ਬੈਠਕਾਂ/ਪ੍ਰੋਗਰਾਮਾਂ ਵਿਚ ਸਾਹਿਤ ਨੂੰ ਵਿਚਾਰਿਆ ਤੇ ਪ੍ਰਸਾਰਿਆ ਜਾ ਰਿਹਾ ਹੈ। ਅਖਬਾਰਾਂ, ਰਸਾਲਿਆਂ ਤੇ ਮੈਗਜ਼ੀਨਾਂ ਨੇ ਆਲੋਚਨਾ ਦਾ ਇਕ ਵਿਸ਼ੇਸ ਪਲੇਟਫਾਰਮ ਤਿਆਰ ਕੀਤਾ ਹੈ। ਅਕਾਦਮਿਕ ਸੰਸਥਾਵਾਂ ਵੱਲੋਂ ਕੀਤੇ ਜਾਂਦੇ ਸੈਮੀਨਾਰ ਤੇ ਕਾਨਫਰੰਸਾਂ ਵਿਚ ਆਲੋਚਨਾ ਦੇ ਵਿਕਾਸ ਦੇ ਉਪਰਾਲੇ ਸਾਹਿਤ ਲਈ ਨਵੀਂਆਂ ਕੱਸਵੱਟੀਆਂ ਤਿਆਰ ਕਰਨ ਵਿਚ ਕਾਮਯਾਬ ਰਹੇ ਹਨ।

## ਮੁੱਖ/ਕੇਂਦਰੀ ਸ਼ਬਦ:

ਪੜਚੋਲ---ਸਮੀਖਿਆ

ਦ੍ਰਿਸ਼ਟੀਕੋਣ ---ਨਜ਼ਰੀਆ

ਨਰੋਈ ਉਸਾਰੀ---ਨਵੀਂ ਬਣਤਰ

ਵਿਅਕਤੀਗਤ ਅਨੁਭਵ --- ਨਿੱਜੀ ਅਨੁਭਵ

## ਸਵੈ-ਮੁਲਾਂਕਣ:

1.ਪੰਜਾਬੀ ਦਾ ਪਹਿਲਾ ਆਲੋਚਕ ਮੰਨਿਆ ਜਾਏਗਾ—

ੳ.ਚਰਪਟ ਨਾਥ

ਅ. ਗੁਰੂ ਨਾਨਕ ਦੇਵ ਜੀ

ੲ. ਬਾਬਾ ਫਰੀਦ

ਸ. ਵਾਰਿਸ ਸ਼ਾਹ

ਹ. ਹਾਸ਼ਮ

2. ਕਿੱਸਾ ਕਵਿਤਾ ਵਿਚ ਸੱਭ ਤੋਂ ਪਹਿਲਾ ਆਲੋਚਨਾ ਕੀਤੀ-

ੳ. ਦਾਮੋਦਰ

ਅ. ਪੀਲੂ

ੲ. ਹਾਫਿਜ਼ ਬਰਖੁਰਦਾਰ

ਸ. ਅਹਿਮਦ ਯਾਰ

3. ਵਾਰਿਸ ਸ਼ਾਹ ਨੂੰ ਕਿਸ ਆਲੋਚਕ ਨੇ 'ਸੁਖਨ ਦਾ ਵਾਰਿਸ' ਕਿਹਾ:

ੳ. ਦਾਮੋਦਰ

ਅ. ਪੀਲੂ

ੲ. ਹਾਫਿਜ਼ ਬਰਖੁਰਦਾਰ

ਸ. ਅਹਿਮਦ ਯਾਰ

੪. ਬਾਵਾ ਬੁੱਧ ਸਿੰਘ ਦੀ ਕਿਹੜੀ ਪੁਸਤਕ ਨਹੀਂ ਹੈ

ੳ. ਕੋਇਲ ਕੂ

ਅ. ਹੰਸ ਚੋਗ

ੲ. ਬੰਬੀਹਾ ਬੋਲ

ਸ. ਮੋਰ ਖੰਭ

5. ਪੰਜਾਬੀ ਸੂਫੀ ਪੋਇਟਸ ਕਿਸ ਆਲੋਚਕ ਦੀ ਰਚਨਾ ਹੈ-

ੳ. ਡਾ ਮੋਹਨ ਸਿੰਘ ਦੀਵਾਨਾ

ਅ. ਪ੍ਰਿੰਸੀਪਲ ਤੇਜਾ ਸਿੰਘ

ੲ. ਡਾ.ਲਾਜਵੰਤੀ ਰਾਮਾ ਕ੍ਰਿਸ਼ਨ ਨੇ

ਸ. ਡਾਕਟਰ ਮੋਹਨ ਸਿੰਘ

ਹ. ਡਾ ਗੋਪਾਲ ਸਿੰਘ ਦਰਦੀ

6. ਸਾਹਿਤਿਆਰਥ ਪੁਸਤਕ ਦਾ ਕਰਤਾ ਹੈ:

ੳ. ਪ੍ਰੋ. ਕ੍ਰਿਸ਼ਨ ਸਿੰਘ

ਅ. ਸੰਤ ਸਿੰਘ ਸੇਖੋਂ

ੲ. ਡਾ.ਗੁਰਚਰਨ ਸਿੰਘ

ਸ. ਗੁਰਦਿਆਲ ਸਿੰਘ ਫੁੱਲ

7.ਰੰਗਮੰਚ 'ਤੇ 'ਲੋਕ ਨਾਟਕ'ਪ੍ਰਸਿੱਧ ਪੁਸਤਕਾਂ ਦਾ ਲੇਖਕ ਹੈ

ੳ. ਬਲਵੰਤ ਗਾਰਗੀ

ਅ. ਕਿਰਪਾਲ ਸਿੰਘ ਕਸੇਲ

ੲ. ਡਾ.ਪਰਮਿੰਦਰ ਸਿੰਘ

ਸ. ਪ੍ਰੋਫੈਸਰ ਸੁਰਿੰਦਰ ਸਿੰਘ ਨਰੂਲਾ

8. ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ–ਪੁਸਤਕ ਦਾ ਲੇਖਕ ਹੈ
ੳ. ਕਿਰਪਾਲ ਸਿੰਘ ਕਸੇਲ

ਅ. ਡਾ.ਪਰਮਿੰਦਰ ਸਿੰਘ

ੲ. ਡਾ.ਗੋਬਿੰਦ ਸਿੰਘ ਲਾਂਬਾ,
ਸ. ਉਪਰੋਕਤ ਸਾਰੇ ਹਨ

9.ਗੁਰੂ ਨਾਨਕ ਦਾ ਸ਼ਾਹਕਾਰ ਜਪਜੀ ਵਿਸ਼ੇ ਤੇ ਪੁਸਤਕ ਰਚੀ:
ੳ. ਡਾ. ਦੀਵਾਨ ਸਿੰਘ
ਅ. ਸੰਤ ਸਿੰਘ ਸੇਖੋਂ

ੲ. ਹਰਨਾਮ ਸਿੰਘ ਸ਼ਾਨ

ਸ. ਪ੍ਰਿੰਸੀਪਲ ਪ੍ਰੀਤਮ ਸਿੰਘ

10.ਸਾਹਿਤ ਸ਼ਾਸਤਰ ਅਤੇ ਆਲੋਚਨਾ ਦੇ ਸਿਧਾਂਤ –ਪੁਸਤਕਾਂ ਦਾ ਕਰਤਾ ਹੈ:

ੳ. ਡਾ.ਦੀਵਾਨ ਸਿੰਘ
ਅ. ਪ੍ਰੇਮ ਪ੍ਰਕਾਸ਼
ੲ. ਹਰਨਾਮ ਸਿੰਘ ਸ਼ਾਨ
ਸ. ਰੋਸ਼ਨ ਲਾਲ ਆਹੂਜਾ

11.ਭਾਰਤੀ ਕਾਵਿ ਸ਼ਾਸਤਰ ਅਤੇ ਕਾਵਿ ਦੇ ਤੱਤ–ਪਸਤਕਾਂ ਪੰਜਾਬੀ ਵਿਚ ਕਿਸ ਲੇਖਕ ਨੇ ਰਚੀਆਂ:

ੳ. ਡਾ.ਦੀਵਾਨ ਸਿੰਘ
ਅ. ਪ੍ਰੇਮ ਪ੍ਰਕਾਸ਼
ੲ. ਹਰਨਾਮ ਸਿੰਘ ਸ਼ਾਨ
ਸ. ਰੋਸ਼ਨ ਲਾਲ ਆਹੂਜਾ

12.'ਮਸਲੇ ਸ਼ੇਖ ਫ਼ਰੀਦ ਦਾ ਆਲੋਚਨਾਤਮਿਕ ਵਿਵੇਚਨ' ਕਿਸ ਆਲੋਚਕ ਦਾ ਕਾਰਜ ਹੈ-
ੳ. ਕਿਰਪਾਲ ਸਿੰਘ ਕਸੇਲ

ਅ.ਡਾ.ਪਰਮਿੰਦਰ ਸਿੰਘ

. **ੲ. ਡਾ. ਗੋਬਿੰਦ ਸਿੰਘ ਲਾਂਬਾ**

ਸ. ਡਾ .ਗੁਰਦੇਵ ਸਿੰਘ

13. ਖਾਲੀ ਸਥਾਨ ਭਰੋ:

ਅਹਿਮਦ ਯਾਰ ਦੀ ਯੋਜਨਾ ਕਸਵੱਟੀ ਬੜੀ ਨਿਆਂਪੂਰਨ ਤੇ --------ਹੈ।

14. ਖਾਲੀ ਸਥਾਨ ਭਰੋ:

ਸ.ਸ ਅਮੋਲ ਨੇ ---------- ਨਾਂ ਦਾ 'ਮਾਸਿਕ ਪੱਤਰ' ਜਾਰੀ ਕਰਕੇ ਉਨ੍ਹਾਂ ਨੇ ਪੱਤਰਕਾਰੀ ਆਲੋਚਨਾ ਦਾ ਮੁੱਢ ਬੰਨ੍ਹਿਆ।

15. ਸੰਤ ਸਿੰਘ ਸੇਖੋਂ ਪੰਜਾਬੀ ਪ੍ਰਗਤੀਵਾਦੀ ਆਲੋਚਨਾ ਦਾ ਮੋਢੀ ਹੈ ਆਪਣੀਆਂ ਸਿਰਜਨਾਤਮਿਕ ਤੇ ਆਲੋਚਨਾਤਮਿਕ ਦੋਹਾਂ ਤਰ੍ਹਾਂ ਦੀਆਂ ਰਚਨਾਵਾਂ ਵਿੱਚ ਸਿੱਧਾਂਤਕ ਤੌਰ ਤੇ ਮਾਰਕਸਵਾਦੀ ਦਰਸ਼ਨ ਨੂੰ ਆਧਾਰ ਬਣਾਉਣ ਦਾ ਯਤਨ ਕੀਤਾ ਹੈ।

ਇਹ ਕਥਨ ਹੈ:

ੳ. ਠੀਕ

ਅ. ਗ਼ਲਤ

## ਅਭਿਆਸ ਪ੍ਰਸ਼ਨ

a. ਆਲੋਚਨਾ ਤੋਂ ਕੀ ਭਾਵ ਹੈ?
b. ਮੁੱਢਲੀ ਆਲੋਚਨਾ ਦਾ ਵਰਣਨ ਕਰੋ।
c. ਮਾਰਕਸਵਾਦੀ ਆਲੋਚਕਾਂ ਨਾਲ ਜਾਣਪਛਾਣ ਕਰਵਾਉ।
d. ਅਕਾਦਮਕ ਆਲੋਚਨਾ ਤੇ ਨੋਟ ਲਿਖੋ।
e. ਨਵੀਨ ਆਲੋਚਨਾ ਦਾ ਅਰਥ ਦੱਸਦੇ ਹੋਏ ਨਵੀਨ ਆਲੋਚਕਾਂ ਨਾਲ ਜਾਣ੍ਪਛਾਣ ਕਰਵਾਉ।
f. ਪੰਜਾਬੀ ਆਲੋਚਨਾ ਦੇ ਨਿਕਾਸ ਤੇਵਿਕਾਸ ਦਾ ਵਰਣਨ ਕਰੋ।
g. ਸਮਕਾਲੀ ਪੰਜਾਬੀ ਆਲੋਚਕਾਂ ਦੀ ਦਸ਼ਾ ਅਤੇ ਦਿਸ਼ਾ ਬਾਰੇ ਚਾਨਣਾ ਪਾਉ।

## ਸੰਦਰਭ ਪੁਸਤਕਾਂ:


- ਸਮਾਲੋਚਨਾ ਸ਼ਾਸਤਰ, ਪ੍ਰੋ. ਬ੍ਰਹਮਜਗਦੀਸ਼, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, (2011)
- ਪੰਜਾਬੀ ਸਾਹਿਤ:ਪਰਖ ਪੜਚੋਲ, ਬਲਵਿੰਦਰ ਸੰਘਾ, ਚੇਤਨਾ ਪ੍ਰਕਾਸ਼ਨ, ਲੁਧਿਆਣਾ. (2016)
- ਪੰਜਾਬੀ ਆਲੋਚਨਾ ਸ਼ਾਸਤਰ, ਡਾ. ਟੀ. ਆਰ. ਵਿਨੋਦ, ਚੇਤਨਾ ਪ੍ਰਕਾਸ਼ਨ, ਲੁਧਿਆਣਾ.. (2017)
- ਪੰਜਾਬੀ ਆਲੋਚਨਾ ਵਿਚਾਰਧਾਰਕ ਪਰਿਪੇਖ, ਡਾ. ਸਰਬਜੀਤ ਸਿੰਘ, ਚੇਤਨਾ ਪ੍ਰਕਾਸ਼ਨ, ਲੁਧਿਆਣਾ. (2017)
- ਪੰਜਾਬੀ ਆਲੋਚਨਾ: ਦਸ਼ਾ ਅਤੇ ਦਿਸ਼ਾ, ਸੁਰਜੀਤ ਸਿੰਘ ਭੱਟੀ, ਚੇਤਨਾ ਪ੍ਰਕਾਸ਼ਨ, ਲੁਧਿਆਣਾ. (2017)

ਮਹੱਤਵਪੂਰਨ ਲਿੰਕ

http://dsc.du.ac.in/wp-content/uploads/2020/04/b.pdf

https://punjabipedia.org/topic.aspx?txt=%E0%A8%AA%E0%A9%B0%E0%A8%9C%E0%A8%BE%E0%A8%AC%E0%A9%80%20%E0%A8%86%E0%A8%B2%E0%A9%8B%E0%A8%9A%E0%A8%A8%E0%A8%BE

UNIT-13 ਉੱਤਰਮਾਲਾ

| | | | | |
|---|---|---|---|---|
| 1. ਅ | 2. ੲ | 3. ਸ | 4. ਸ | 5. ੲ |
| 6. ਅ | 7. ੳ | 8. ਸ | 9. ੲ | 10. ਸ |
| 11. ਅ | 12. ੲ | 13. ਨਿਆਂਪੂਰਨ ਤੇ ਸੰਤੁਲਿਤ | 14. ਲਿਖਾਰੀ | |
| 15. ੳ | | | | |

DPBI502

# ਅਧਿਆਇ-14: ਵਿਹਾਰਕ ਆਲੋਚਨਾ

ਵਿਸ਼ਾ ਵਸਤੂ (Content)


1. ਉਦੇਸ਼
2. ਪ੍ਰਸਤਾਵਨਾ
3. ਵਿਸ਼ਾ ਵਸਤੂ
4. ਸਾਰ-ਅੰਸ਼
5. ਕੇਂਦਰੀ ਸ਼ਬਦ
6. ਸਵੈ-ਮੁਲਾਂਕਣ
7. ਅਭਿਆਸ ਪ੍ਰਸ਼ਨ
8. ਸੰਦਰਭ ਪੁਸਤਕਾਂ


## ਉਦੇਸ਼:

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ--

- ਵਿਹਾਰਕ ਆਲੋਚਨਾ ਦੇ ਮਹੱਤਵ ਤੋਂ ਜਾਣੂ ਹੋ ਜਾਣਗੇ।
- ਆਲੋਚਨਾਤਮਕ ਸੂਝ-ਬੂਝ ਵਿਕਸਿਤ ਹੋਵੇਗੀ।
- ਵਿਵਹਾਰਕ ਆਲੋਚਨਾ ਕਰਨ ਦੇ ਕਾਬਲ ਹੋ ਜਾਵੇਗਾ।

## ਪ੍ਰਸਤਾਵਨਾ:

ਹਰ ਸਾਹਿਤ ਵਿੱਚ ਆਲੋਚਨਾ ਦਾ ਜਨਮ ਸਾਹਿਤ ਸਿਰਜਣਾ ਤੋਂ ਬਾਅਦ ਹੁੰਦਾ ਹੈ। ਕਿਉਂਜੋ ਹਰ ਸਾਹਿਤ ਦੀ ਨਰੋਈ ਉਸਾਰੀ ਤੇ ਇਸ ਦੇ ਵਿਕਾਸ ਲਈ ਵਿਗਿਆਨਕ ਤੇ ਨਿਰਪੱਖ ਆਲੋਚਕਾਂ ਦੀ ਲੋੜ ਹੁੰਦੀ ਹੈ। ਆਲੋਚਕ, ਲੇਖਕ ਤੇ ਪਾਠਕ ਵਿਚਕਾਰਲਾ ਅਜਿਹਾ ਵਿਅਕਤੀ ਹੁੰਦਾ ਹੈ ਜੋ ਪਾਠਕ ਦੀ ਇਸ ਦ੍ਰਿਸ਼ਟੀਕੋਣ ਤੋਂ ਅਗਵਾਈ ਕਰਦਾ ਹੈ ਕਿ ਕਿਸੇ ਲੇਖਕ ਨੇ ਆਪਣੀ ਰਚਨਾ ਵਿੱਚ ਕੀ ਆਖਣ ਦਾ ਯਤਨ ਕੀਤਾ ਹੈ ਤੇ ਕਿਸੇ ਪਾਠਕ ਨੇ ਉਸਰਚਨਾ ਵਿੱਚੋਂ ਕੀ ਗ੍ਰਹਿਣ ਕੀਤਾ ਹੈ? ਆਲੋਚਨਾ ਬਾਰੇ ਪੰਜਾਬੀ ਵਿੱਚ ਬਹੁਤ ਸਾਰੇ ਸ਼ਬਦ ਪ੍ਰਚਲਿਤ ਹਨ। ਜਿਵੇਂ ਪਰਖ, ਪੜਚੋਲ, ਸਮੀਖਿਆ, ਵਿਵੇਚਨ, ਸਰਵੇਖਣ, ਮੁਲਾਂਕਣ, ਨਿਰਣਾ, ਵਿਆਖਿਆ ਆਦਿ । ਇਸ ਸਾਰੇ ਸ਼ਬਦ ਸਮਾਨਰਥਕ ਵੀ ਨਹੀਂ ਸਗੋਂ ਵੱਖੋ ਵੱਖਰੀਆਂ ਭਾਸ਼ਾਵਾਂ ਤੋਂ ਲਏ ਗਏ ਤੇ ਪੰਜਾਬੀ ਵਿੱਚ ਤਤਸਮ ਅਤੇ ਤਦਭਵ ਰੂਪ ਵਿੱਚ ਪ੍ਰਚਲਿਤ ਹੋ ਗਏ । ਸਾਹਿਤ ਦਾ ਆਨੰਦ ਅਸੀਂ ਉਦੋਂ ਜ਼ਿਆਦਾ ਲੈ ਸਕਦੇ ਹਾਂ ਜਦੋਂ ਅਸੀਂ ਆਲੋਚਨਾਤਮਕ ਸੂਝ-ਬੂਝ ਵੀ ਰੱਖਦੇ ਹੋਈਏ। ਉਹੀ ਪਾਠਕ, ਸਾਹਿਤ ਨੂੰ ਜ਼ਿਆਦਾ ਮਾਣਦੇ

ਅਤੇ ਸਮਝਦੇ ਹਨ, ਜੋ ਪੂਰੀ ਸੂਝ-ਬੂਝ ਅਤੇ ਪੜਚੋਲ-ਦ੍ਰਿਸ਼ਟੀ ਨਾਲ ਇਸ ਨੂੰ ਵਾਚਦੇ ਹਨ।

## ਵਿਸ਼ਾ ਵਸਤੂ:

ਏਲੀਅਟ ਨੇ ਕਿਹਾ ਸੀ ਕਿ ਆਲੋਚਨਾ ਉਤਨੀ ਹੀ ਜ਼ਰੂਰੀ ਹੈ ਜਿਤਨਾ ਕਿ ਸਾਹ ਲੈਣਾ।
ਆਲੋਚਨਾ ਦੀਆਂ ਵਿਹਾਰਕ ਤੇ ਸਿਧਾਂਤਕ ਦੋਵੇਂ ਵਿਧੀਆਂ ਬਹੁਤ ਪ੍ਰਸਿੱਧ ਹੋਈਆਂ ਹਨ। ਵਿਹਾਰਕ ਆਲੋਚਨਾ ਵਿਚ ਵਿਸ਼ਲੇਸ਼ਣ ਤੇ ਮੁਲਾਂਕਣ ਦਾ ਕੰਮ ਖਾਸ ਤੌਰ ਤੇ ਬਹੁਤ ਵਿਵਸਥਿਤ ਰੂਪ ਵਿਚ ਵਿਚ ਸਾਮ੍ਹਣੇ ਆਇਆ ਹੈ। ਡਾ. ਸਤਿੰਦਰ ਸਿੰਘ ਨੇ ਆਪਣੀ ਪੁਸਤਕ 'ਵਿਹਾਰਕ ਸਮੀਖਿਆ ਕਵਿਤਾ ਤੇ ਵਾਰਤਕ' ਵਿਚ ਵਿਹਾਰਕ ਸਮੀਖਿਆ ਦੇ ਮਹੱਤਵ ਬਾਰੇ ਚਰਚਾ ਕਰਦੇ ਸਪਸ਼ਟ ਕਰਦੇ ਹਨ:

> 'ਸਮੁੱਚੇ ਰੂਪ ਵਿਚ ਅਸੀ ਕਹਿ ਸਕਦੇ ਹਾਂ ਕਿ ਸਾਡੀ ਆਨੰਦ-ਰੁਚੀ ਅਤੇ ਆਲੋਚਨਾ-ਰੁਚੀ ਨਾਲੋਂ ਨਾਲ ਹੀ ਵਿਕਸਿਤ ਹੋਣੀ ਚਾਹੀਦੀ ਹੈ। ਦੋਵੇਂ ਰੁਚੀਆਂ ਇਕ ਦੂਜੇ ਨੂੰ ਪੁਸ਼ਟ ਵੀ ਕਰਨ ਅਤੇ ਵਿਕਸਿਤ ਵੀ ਬਣਾਉਣ। ਆਲੋਚਕ ਨਾ ਕੋਈ ਮਹਾਂਮਾਨਵ ਹੈ ਅਤੇ ਨਾ ਪਰ-ਆਸਰਿਤ ਵਿਅਕਤੀ। ਉਹ ਸਾਡੇ ਵਰਗਾ ਹੀ ਪਾਠਕ ਨਹੀਂ। ਇੰਜ ਵੱਖਰੀ ਗਲ ਹੈ ਕਿ ਉਸਦਾ ਅਧਿਐਨ ਅਤੇ ਚਿੰਤਨ ਜ਼ਿਆਦਾ ਵਿਸਤ੍ਰਿਤ ਹੁੰਦਾ ਹੈ। ਉਸਦਾ ਕਾਰਜ ਵਿਚੋਲਗਿਰੀ ਕਰਨਾ ਅਤੇ ਆਦੇਸ਼ ਦੇਣਾ ਹੀ ਨਹੀਂ ਹੁੰਦਾ ਸਗੋਂ ਵਿਆਖਿਆ ਕਰਨਾ ਤੇ ਰੋਸ਼ਨ ਕਰਨਾ ਵੀ ਹੁੰਦਾ ਹੈ।'

ਸਾਹਿਤ ਇਕ ਸੰਸਥਾ ਹੈ, ਜਿਸ ਦਾ ਅਧਿਐਨ ਤੇ ਮੁਲਾਂਕਣ ਸਾਡੇ ਜੀਵਨ ਦਾ ਗੰਭੀਰ ਤੇ ਮਹੱਤਵਪੂਰਨ ਕਾਰਜ ਹੈ। ਵਿਹਾਰਕ ਸਮੀਖਿਆ ਦਾ ਕੰਮ ਸਾਹਿਤ ਦੀ ਜੀਵੰਤ ਤੇ ਪ੍ਰਾਣਵੰਤ ਹੋਂਦ ਨੂੰ ਪਛਾਣਨਾ ਹੈ; ਇਸਦੇ ਨੇਮਾਂ ਤੇ ਰਚਨਾਤਮਕ ਵਿਸ਼ੇਸ਼ਤਾ ਦੀ ਵਿਆਖਿਆ ਕਰਨਾ ਹੈ।
ਹਰਿਭਜਨ ਸਿੰਘ ਨੇ 'ਰਚਨਾ ਸਰੰਚਨਾ' ਵਿਚ ਵਿਹਾਰਕ ਸਮੀਖਿਆ ਦੇ ਤਿੰਨ ਪ੍ਰਮੁੱਖ ਪੱਖ ਨਿਰਧਾਰਿਤ ਕੀਤੇ ਹਨ:
ਵਿਹਾਰਕ ਆਲੋਚਨਾ ਦੀ ਕਸਵੱਟੀ ਕਾਵਿ-ਕਿਰਤ ਦੀ ਸਵੈ-ਭਰਪੂਰਤਾ ਹੈ; ਜਿੱਥੇ ਨਾ ਜੀਵਨੀ ਅਧਿਐਨ ਦੀ ਲੋੜ ਨਹੀਂ ਅਤੇ ਨਾਂ ਹੀ ਉਸ ਦੇ ਪਾਠਕਾਂ ਉੱਪਰ ਪਏ ਪ੍ਰਭਾਵ ਦੀ।
ਕਾਵਿ ਕਿਰਤਾਂ ਦੇ ਅੰਦਰਲੇ ਪ੍ਰਸੰਗਾਂ ਦੀ ਮਹੱਤਾ ਤੇ ਸਾਰਥਿਕਤਾ ਦਾ ਵਿਸ਼ਲੇਸ਼ਣ ਕੀਤਾ ਜਾਦਾ ਹੈ ਅਤੇ ਕਾਵਿ ਕਿਰਤ ਦੇ ਅੰਗਾਂ ਦਾ ਪੂਰੀ ਰਚਨਾ ਨਾਲ ਸੰਬੰਧ ਸਥਾਪਿਤ ਕੀਤਾ ਜਾਂਦਾ ਹੈ।
ਵਿਹਾਰਕ ਆਲੋਚਨਾ ਆਪਣੇ ਕਾਰਜ ਵਿਚ ਮੁਲਾਂਕਣ ਪ੍ਰਤੀ ਨਿਰਲੇਪ ਹੁੰਦੀ ਹੋਈ ਵੀ ਇਕ ਸਮਝ ਨੂੰ ਉਲੀਕਦੀ ਹੈ।
D, H. Lawrence :
Literary criticism can be no more than a reasoned account of the feeling produced upon the critic by the book he is criticizing.

ਕਾਵਿ ਦੇ ਤੱਤਾਂ ਅਤੇ ਅੰਗਾਂ ਦਾ ਆਪਣੀ ਆਪਣੀ ਵਿਸ਼ੇਸ਼ ਮਹੱਤਤਾ ਹੈ। ਇਨਾਂ ਵਿਚੋਂ ਕੁੱਝ ਤੱਤ ਪਮੁੱਖ ਹੁੰਦੇ ਹਨ ਅਤੇ ਕੁਝ ਗੌਣ । ਇਸ ਤੋਂ ਇਲਾਵਾ ਜਿਸ ਕਵਿਤਾ ਦਾ ਅਸੀਂ ਵਿਹਾਰਕ ਅਧਿਐਨ ਕਰਨਾ ਹੈ, ਅਸਲ ਸਥਿਤੀ ਉਥੇ ਵੀ ਪਤਾ ਲਗਦੀ ਹੈ ਕਿ ਉਸ ਕਵਿਤਾ ਵਿਚ ਕਿਹੜਾ ਤੱਤ ਜ਼ਿਆਦਾ ਪ੍ਰਮੁੱਖ ਹੈ ਅਤੇ ਕਿਹੜਾ ਗੌਣ ਹੈ। ਕਾਵਿ ਦੇ ਤੱਤਾਂ ਵਿਚ ਭਾਸ਼ਾ, ਬਿੰਬ, ਪ੍ਰਤੀਕ, ਅਲੰਕਾਰ, ਛੰਦ ਨੂੰ ਕਾਫ਼ੀ ਪ੍ਰਮੁੱਖਤਾ ਪ੍ਰਾਪਤ ਹੈ ਪਰ ਦੇਖਿਆ ਜਾਵੇ ਤਾਂ ਕਾਵਿ ਸ਼ਿਲਪ ਦੇ ਇਨ੍ਹਾਂ ਤੱਤਾਂ ਦਾ ਆਪਣਾ ਅਲਗ-ਥਲਗ ਕਈ ਮਹੱਤਵ ਨਹੀਂ। ਇਨ੍ਹਾਂ ਦਾ ਮਹੱਤਵ ਉਦੋਂ ਹੀ ਹੈ ਜਦੋਂ ਇਹ ਕਿਸੇ ਕਵਿਤਾ ਦਾ ਵਾਸਤਵਿਕ, ਲਾਜ਼ਮੀ ਅਤੇ ਸੰਯੁਕਤ ਅੰਗ ਬਣਦੇ ਹਨ। ਦੂਜੇ ਪਾਸੇ ਕਵਿਤਾ ਦੀ ਆਪਣਾ ਰੂਪਾਕਾਰ ਤੇ ਰੂਪਗਤ ਵਿਸ਼ੇਸ਼ਤਾ ਹੁੰਦੀ ਹੈ । ਇਹ ਤੱਤ ਹਰ ਕਾਵਿ-ਕਿਰਤ ਵਿਚ ਸਹਿਜ ਭਾਂਤ ਹੀ ਪ੍ਰਾਪਤ ਹੁੰਦੇ ਹਨ ਪਰ ਹਰ ਕਾਵਿ-ਕਰਤ ਵਿਚ ਇਨ੍ਹਾਂ ਤੱਤਾਂ ਦਾ ਸੰਯੋਜਨ ਭਿੰਨ ਭਿੰਨ ਰੂਪ ਵਿਚ ਹੁੰਦਾ ਹੈ, ਜਿਸ ਨੂੰ ਅਸੀਂ ਉਸਦੀ ਕਾਵਿਕ ਵਿਸ਼ੇਸ਼ਤਾ ਦੇ ਆਧਾਰ ਤੇ ਹੀ ਜਾਣ ਸਕਦੇ ਹਾਂ। ਇਹੀ ਕਾਵਿ ਅਧਿਐਨ ਤੇ ਵਿਹਾਰਕ ਸਮੀਖਿਆ ਦਾ ਪ੍ਰਯੋਜਨ ਹੈ ਕਿ ਕਵਿਤਾ ਦੀ ਅਭਿਵਿਅਕਤੀ ਅਤੇ ਸ਼ਿਲਪ ਦੀ ਵਿਸ਼ੇਸ਼ਤਾ ਨੂੰ ਇਸ ਪੂਰੇ ਵੇਰਵਿਆਂ ਤੇ ਪ੍ਰਸੰਗਾਂ ਦੇ ਆਧਾਰ ਤੇ ਤੰਘੀ ਵਿਆਖਿਆ ਰਾਹੀਂ ਅੰਕਿਤ ਕੀਤਾ ਜਾਏ । ਸੋ, ਵਿਹਾਰਕ ਸਮੀਖਿਆ ਵਿਚ ਕਾਵਿ ਦੇ ਤੱਤਾਂ ਦਾ ਵਿਵੇਚਨ ਇਕ ਪ੍ਰਮੁੱਖ ਆਧਾਰ ਵਜੋਂ ਮੌਜੂਦ ਰਹਿੰਦਾ ਹੈ ।

ਵਿਵਹਾਰਕ ਸਮੀਖਿਆ ਲਈ ਹੇਠ ਲਿਖੀਆਂ ਗੱਲਾਂ ਨੂੰ ਧਿਆਨ ਵਿਚ ਰੱਖਦੇ ਹਾਂ

## ਵਿਸ਼ੇ ਦੀ ਪਛਾਣ:

ਹਰ ਕਵਿਤਾ/ਕਾਵਿ-ਟੋਟੇ ਦੀ ਕੋਈ ਨਾ ਕੋਈ ਪਿੱਠ ਭੂਮੀ ਹੁੰਦੀ ਹੈ। ਵਿਚਾਰ ਹੁੰਦੀ ਹੈ। ਕੋਈ ਵਿਸ਼ਾ ਹੁੰਦਾ ਹੈ ਉਸ ਦੀ ਵਿਚਾਰ ਕਰਨੀ ਹੈ। ਕਵੀ ਕਹਿਣਾ ਕੀ ਚਾਹੁੰਦਾ ਹੈ? ਉਸ ਦਾ ਪ੍ਰਯੋਜਨ ਕੀ ਹੈ? ਕਵਿਤਾ ਦੀ ਵਿਚਾਰਧਾਰਾ ਹੇਠ ਲਿਖੇ ਰੁਝਾਨਾਂ ਨਾਲ ਜੁੜੀ ਹੋਈ ਹੋ ਸਕਦੀ ਹੈ। ਸੋ ਵਿਦਿਆਰਥੀ ਇਨ੍ਹਾਂ ਵਿਸ਼ਿਆਂ ਨੂੰ ਸਮਝ ਸਕਦੇ ਹਨ ਤੇ ਕਵਿਤਾ ਨੂੰ ਇਸੇ ਵਿਸ਼ੇ ਨਾਲ ਜੋੜ ਸਕਦੇ ਹਨ

## ਰਹੱਸਵਾਦ:

ਰਹੱਸਵਾਦ ਆਤਮਾ ਤੇ ਪਰਮਾਤਮਾ ਜੀਵ ਤੇ ਬ੍ਰਹਮ ਗੁਪਤ ਤੇ ਪਰਗਟ ਗਿਆਤ ਤੇ ਅਗਿਆਤ ਦੇ ਪਰਸਪਰ ਸਬੰਧਾਂ ਦੀ ਅਭਿਵਿਅਕਤੀ ਦਾ ਨਾਂ ਹੈ ਸੰਸਾਰ ਦੀ ਮੂਲ ਸ਼ਕਤੀ ਪ੍ਰਭੂ ਹੈ ਜੋ ਹੁਣ ਤੱਕ ਅਜਿਹਾ ਤਰਕ ਹੈ ਜਿਸ ਨੂੰ ਜਾਨਣ ਲਈ ਪ੍ਰਾਚੀਨ ਸਮੇਂ ਤੋਂ ਹੀ ਮਾਨਵ ਦੀ ਤੀਬਰ ਇੱਛਾ ਰਹੀ ਹੈ ਮਨੁੱਖ ਇਸ ਪ੍ਰਾਪਤੀ ਲਈ ਵੱਖ ਵੱਖ ਵਿਧੀਆਂ ਕਰਮ ਕਾਂਡਾਂ ਤੇ ਸਥਾਨਾਂ ਤੇ ਰਸਤੇ ਅਪਣਾਉਂਦਾ ਹੈ ਜਿਸ ਵਿੱਚ ਚੜ੍ਹ ਕੇ ਇਸ ਰਹੱਸ ਨੂੰ ਅਨੁਭਵ ਕੀਤਾ ਜਾ ਸਕੇ ਪਰਮਾਤਮਾ ਤੋਂ ਪੈਦਾ ਹੋ ਕੇ ਵਿਸ਼ੇ ਵਿਕਾਰਾਂ ਵਿੱਚ ਗ੍ਰਸੇ ਜਾਣ ਉਪਰੰਤ ਵੱਖ ਵੱਖ ਤਰ੍ਹਾਂ ਨਾਲ ਸੰਤਾਪ ਭੋਗ ਰਹੇ ਮਨੁੱਖ ਮਾਤਰ ਦੀ ਮੁੜ ਆਪਣੇ ਗੁਰੂ ਤੇ ਅਸਲੇ ਨਾਲ ਸਬੰਧੀ ਧੋ ਕੇ ਪਰਮ ਆਨੰਦ ਦੀ ਅਵਸਥਾ ਵਿੱਚ ਪਹੁੰਚਣ ਦੀਆਂ ਸਥਿਤੀਆਂ ਦਾ ਪ੍ਰਗਟਾਵਾ ਹੀ ਰਹੱਸਵਾਦ ਹੈ ।

ਪੰਜਾਬੀ ਸਾਹਿਤ ਵਿਚ ਗੁਰਮਤਿ ਸਾਹਿਤ ਤੇ ਸੂਫ਼ੀ ਸਾਹਿਤ ਰਹੱਸਵਾਦ ਦੀਆਂ ਉੱਤਮ ਉਦਾਹਰਨਾਂ ਹਨ।

## ਰੁਮਾਂਸਵਾਦ:

ਰੁਮਾਂਸਵਾਦ ਪੱਛਮ ਦੇ ਪ੍ਰਭਾਵ ਅਧੀਨ ਸਾਰਾ ਹੀ ਆਧੁਨਿਕ ਪੰਜਾਬੀ ਸਾਹਿਤ ਰਚਿਆ ਗਿਆ ਹੈ ਅਤੇ ਰੁਮਾਂਟਿਕ ਪ੍ਰਵਿਰਤੀ ਵੀ ਪੱਛਮੀ ਪ੍ਰਭਾਵ ਅਧੀਨ ਪੈਦਾ ਹੋਇਆ ਰੁਝਾਣ ਹੈ। ਅੰਗਰੇਜ਼ੀ ਭਾਸ਼ਾ ਦੇ ਕਵੀ ਵਰਡਜ਼ਵਰਥ ਅਤੇ ਰੂਸੋ ਵਰਗੇ ਕਵੀਆਂ ਨੇ ਜਦੋਂ ਉਦਯੋਗਿਕ ਕ੍ਰਾਂਤੀ ਤੋਂ ਤੋਬਾ ਕਰਕੇ ਕੁਦਰਤ ਵੱਲ ਵਾਪਸ ਪਰਤਣ ਦਾ ਨਾਅਰਾ ਲਗਾਇਆ ਸੀ ਤਾਂ ਉਸ ਸਮੇਂ ਹੀ ਰੁਮਾਂਸਵਾਦ ਦੀ ਨੀਂਹ ਰੱਖੀ ਗਈ ਸੀ। ਰੁਮਾਂਸਵਾਦੀ ਕਵਿਤਾ ਦੇ ਮੁੱਖ ਵਿਸ਼ੇ -

ਸੁਤੰਤਰਤਾ

ਸੁੰਦਰਤਾ

ਅਸਚਰਜਤਾ

ਪ੍ਰਕਿਰਤੀ ਪ੍ਰੇਮ

ਬਚਪਨ ਦੀਆਂ ਯਾਦਾਂ

ਭੂਤਕਾਲ ਦਾ ਮੋਹ

ਪਿਆਰ ਵਿਚ ਤੀਬਰ ਵਿਛੋੜਾ ਤੇ ਮਿਲਾਪ

ਸ਼ਿਵ ਕੁਮਾਰ ਬਟਾਲਵੀ, ਪ੍ਰਭਜੋਤ ਕੌਰ ਪੰਜਾਬੀ ਸਾਹਿਤ ਵਿਚ ਭਾਈ ਵੀਰ ਸਿੰਘ, ਪ੍ਰੋ. ਪੂਰਨ ਸਿੰਘ ਇਸ ਲਹਿਰ ਤੋਂ ਪ੍ਰਭਾਵਿਤ ਰਹੇ ਸਨ, ਪਰੰਤੂ ਇਸ ਨੂੰ ਇਕ ਪ੍ਰਵਿਰਤੀ ਵਜੋਂ ਸਥਾਪਤ ਕਰਨ ਵਾਲੇ ਕਵੀਆਂ ਵਿਚ ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰੀਤਮ, ਪ੍ਰੀਤਮ ਸਿੰਘ ਸਫ਼ੀਰ ਤੇ ਬਾਵਾ ਬਲਵੰਤ ਦਾ ਵਡੇਰੇ ਯੋਗਦਾਨ ਰਿਹਾ ਹੈ।

ਗ਼ਮਾਂ ਦੀ ਰਾਤ ਲੰਮੀ ਏਂ,

ਜਾਂ ਮੇਰੇ ਗੀਤ ਲੰਮੇ ਨੇ।

ਨਾ ਭੈੜੀ ਰਾਤ ਮੁਕਦੀ ਏ,

ਨਾ ਮੇਰੇ ਗੀਤ ਮੁਕਦੇ ਨੇ।...

ਇਹ ਫੱਟ ਹਨ ਇਸ਼ਕ ਦੇ ਯਾਰੋ,

ਇਹਨਾਂ ਦੀ ਕੀ ਦਵਾ ਹੋਵੇ,

ਇਹ ਹੱਥ ਲਾਇਆਂ ਵੀ ਦੁਖਦੇ ਨੇ;

ਮਲ੍ਹਮ ਲਾਇਆਂ ਵੀ ਦੁਖਦੇ ਨੇ।

ਦੇਖ ਦੇਖ ਮੁੜ ਮੁੜ ਲੋਚਾਂ

ਮੈਂ ਮੁੜ ਪਸ਼ੂ ਥੀਣ ਨੂੰ

ਆਦਮੀ ਬਣ ਬਣ ਥਕਿਆ।

## ਪ੍ਰਗਤੀਵਾਦ:

1930 ਈ. ਤੋਂ ਮਗਰੋਂ ਜਦੋਂ ਸੰਸਾਰ ਪੱਧਰ ਦੇ ਦੇਸ਼ਾਂ ਦੀ ਰਾਜਨੀਤੀ ਵਿਚ ਪਰਿਵਰਤਨ ਆ ਰਿਹਾ ਸੀ ਤਾਂ ਯੂਰਪੀਅਨ ਸਾਹਿਤਕਾਰਾਂ ਨੇ ਨਵੇਂ ਸੰਗਠਨ ਬਣਾ ਕੇ ਨਵੀ ਸੇਧ ਅਪਣਾਉਣ ਦਾ ਯਤਨ ਕੀਤਾ ਸੀ। 1935 ਈ ਵਿਚ ਪੈਰਿਸ ਵਿਖੇ ਸਾਹਿਤਕਾਰਾਂ ਦੇ ਵਿਸ਼ਾਲ ਇਕੱਠ ਵਿਚ ਮਾਰਕਸਵਾਦੀ ਫਿਲਾਸਫ਼ੀ ਨੂੰ ਅਪਣਾਉਣ ਦੇ ਸੁਚੇਤ ਯਤਨ ਕੀਤੇ ਗਏ ਸਨ। ਇਸ ਸਮੇਂ ਇਹ ਐਲਾਨ ਕੀਤਾ ਗਿਆ ਕਿ ਸਾਡਾ ਨਵਾਂ ਸਾਹਿਤ ਜੀਵਨ ਦੇ ਬੁਨਿਆਦੀ ਮਸਲਿਆਂ ਦੀ ਗੱਲ ਕਰੇਗਾ, ਜਿਸ ਵਿਚ ਭੁੱਖ, ਗਰੀਬੀ, ਅਨਪੜ੍ਹਤਾ ਤੇ ਸਮਾਜਕ ਸ਼ੋਸ਼ਣ ਵਰਗੇ ਮਸਲੇ ਸ਼ਾਮਲ ਹੋਣਗੇ। ਇਸੇ ਕਿਸਮ ਦਾ ਸਮਾਗਮ ਮੁਨਸ਼ੀ ਪ੍ਰੇਮ ਚੰਦ ਦੀ ਅਗਵਾਈ ਵਿਚ ਲਖਨਊ ਵਿਖੇ ਹੋਇਆ ਸੀ ਜਿਸ ਵਿਚ ਸੰਤ ਸਿੰਘ ਸੇਖੋਂ ਤੇ ਪ੍ਰੋ. ਮੋਹਨ ਸਿੰਘ ਸ਼ਾਮਲ ਸਨ। 1917 ਦਾ ਰੂਸੀ ਇਨਕਲਾਬ, ਮਾਰਕਸੀ ਸਮਾਜਵਾਦ ਵਿਚਾਰਧਾਰਾ, ਕਮਿਊਨਿਸਟ ਪਾਰਟੀ ਦੇ ਉਦੇਸ਼ ਤੇ 1936 ਵਿਚ ਸਰਬ ਹਿੰਦ ਪ੍ਰਗਤੀਸ਼ੀਲ ਲੇਖਕ ਸੰਘ ਦੇ ਆਦਰਸ਼ਾਂ ਦੇ ਪ੍ਰਭਾਵ ਹੇਠ ਸ਼ੁਰੂ ਹੋਈ ਕਵਿਤਾ ਇਸ ਦੌਰ ਵਿਚ ਵੀ ਲਿਖੀ ਜਾਂਦੀ ਰਹੀ।ਵਰਗ ਸੰਘਰਸ਼, ਸਮਾਜਿਕ ਅਸਮਾਨਤਾ, ਪੂੰਜੀਵਾਦੀ ਸ਼ੋਸ਼ਣ, ਇਨਕਲਾਬ ਆਦਿ ਵਿਸ਼ੇ ਮੁੱਖ ਸਨ। ਪੰਜਾਬੀ ਦੇ ਪ੍ਰਗਤੀਵਾਦੀ ਕਵੀਆਂ ਨੇ ਇਨਕਲਾਬ ਅਤੇ ਸੰਘਰਸ਼ ਦੇ ਜੋਸ਼ ਵਿਚ ਕੁਝ ਸਮੇਂ ਲਈ ਪ੍ਰੇਮ-ਸੰਬੰਧਾਂ ਨੂੰ ਪ੍ਰਗਟਾਉਣ ਵਾਲੀਆਂ ਕਵਿਤਾਵਾਂ ਲਿਖਣੀਆਂ ਹੀ ਬੰਦ ਕਰ ਦਿੱਤੀਆਂ ਸਨ।

ਦਾਤੀਆਂ, ਕਲਮਾਂ ਅਤੇ ਹਥੌੜੇ,

ਕੱਠੇ ਕਰ ਲੈ ਸੰਦ ਓ ਯਾਰ।

ਤਗੜੀ ਇਕ ਤ੍ਰਿਸ਼ੂਲ ਬਣਾਓ,

ਯੁੱਧ ਕਰੋ ਪ੍ਰਚੰਡ ਓ ਯਾਰ।

ਜੈ ਜੈ ਕਾਰ ਕਿਰਤ ਦੀ ਹੋਵੇ,

ਜ਼ੁਲਮ ਦੀ ਲੱਗੇ ਕੰਡ ਓ ਯਾਰ।

## ਸੁਹਜਵਾਦੀ ਕਵਿਤਾ:

ਜਦੋਂ ਕਾਵਿ ਵਿਚਲਾ ਸੁਹਜ ਕਲਾਤਮਕਤਾ ਜਾਂ ਸਹੁਜਾਤਮਕਤਾ ਤੇ ਆਧਾਰਿਤ ਹੋਵੇ ਅਤੇ ਕਾਵਿ ਸੁਹਜ ਮੌਲਿਕ ਬਿੰਬ -ਵਿਧਾਨ, ਭਾਸ਼ਕ ਰੰਗ ਜਾਂ ਅੰਲਕਾਰ ਖ਼ੂਬੀਆਂ ਅਤੇ ਬਿੰਬਾਵਲੀ ਦੇ ਸੁਹਜ ਦੁਆਲੇ ਪੈਦਾ ਹੋਏ। ਇਸ ਕਵਿਤਾ ਦੀਆਂ ਵਿਸੇਸਤਾਵਾਂ ਇਸ ਪ੍ਰਕਾਰ ਹਨ:

ਅੰਤਰਮੁਖੀ ਕਵਿਤਾ

ਕਾਵਿ-ਸੁਹਜ ਆਧਾਰਿਤ ਕਵਿਤਾ

ਮੌਲਿਕ ਬਿੰਬ-ਵਿਧਾਨ

ਅੰਲਕਾਰਿਕ ਖ਼ੂਬਸੂਰਤੀ

ਭਾਸ਼ਕ ਰੰਗ

ਡਾ.ਹਰਭਜਨ ਸਿੰਘ, ਤਾਰਾ ਸਿੰਘ, ਸ਼.ਸ.ਮੀਸ਼ਾ ਇਸ ਪ੍ਰਵਿਰਤੀ ਦੇ ਮੁੱਖ ਕਵੀ ਹਨ।

## ਪ੍ਰਯੋਗਵਾਦ:

ਵਿਸ਼ਵ ਪੱਧਰ ਤੇ ਵਾਪਰੀਆਂ ਘਟਨਾਵਾਂ ਨੇ ਨਵਾਂ ਸਮਾਜਕ ਪਿੜ ਤਿਆਰ ਕਰ ਦਿੱਤਾ। ਸਹਿਜ ਸੁਭਾ ਹੀ ਭਾਸ਼ਾ, ਅਲੰਕਾਰ, ਬਿੰਬ, ਪ੍ਰਤੀਕ, ਕਾਵਿ ਸ਼ੈਲੀ ਅਤੇ ਸਮੁੱਚੇ ਰਚਨਾਤਮਿਕ ਅਸਲ ਵਿਚ ਨਵੀਨਤਾ ਆ ਗਈ। ਲਗਾਤਾਰ ਤਬਦੀਲੀ ਦੇ ਅਮਲ ਵਿਚੋਂ ਲੰਘਦੀ

ਕਵਿਤਾ ਇਕ ਨਵੀਂ ਵਿਰਤੀ ਬਣ ਗਈ। ਪੰਜਾਬੀ ਕਾਵਿ ਖੇਤਰ ਵਿਚ ਪੈਦਾ ਹੋਈ ਇਸ ਨਵੀ ਪ੍ਰਵਿਰਤੀ ਨੂੰ ਪ੍ਰਯੋਗਵਾਦ ਫੇਰ ਪ੍ਰਯੋਗਸ਼ੀਲਤਾ ਦਾ ਨਾਂ ਦਿੱਤਾ ਗਿਆ। ਪ੍ਰਯੋਗਵਾਦ ਕਵਿਤਾ ਦੀ ਮੁੱਖ ਵਿਸ਼ੇਸ਼ਤਾਵਾਂ-

ਵਿਚਾਰਧਾਰਕ ਆਧਾਰ

ਹੋਂਦਵਾਦ

ਆਧੁਨਿਕਵਾਦ

ਆਲੋਚਨਾਤਮਕ ਯਥਾਰਥਵਾਦ

ਪ੍ਰਗਤੀਵਾਦੀ ਕਵਿਤਾ ਨੇ ਸਮੂਹਿਕ ਤੇ ਰੁਮਾਂਟਿਕ ਅਨੁਭਵ ਦੇ ਮੁਕਾਬਲੇ ਵਿਅਕਤੀ - ਪਰਕ ਯਥਾਰਥ ਅਨੁਭਵ ਦੀ ਪੇਸ਼ਕਾਰੀ ਅਤੇ ਇਕਾਗਰ ਨਾਇਕ ਦੀ ਥਾਂ ਖੰਡਿਤ ਵਿਅਕਤੀ ਨੂੰ ਪੇਸ਼ ਕੀਤਾ। ਇਸ ਵਿਚ ਚਾਰ ਕਾਵਿ ਸ਼ੈਲੀਆਂ ਪ੍ਰਭਾਵਵਾਦੀ, ਪੜ-ਯਥਾਰਥਵਾਦੀ, ਚੇਤਨਾ-ਪ੍ਰਵਾਹੀ ਤੇ ਅਭਿਵਿਅੰਜਨਾਵਾਦੀ ਦੀ ਵਰਤੋਂ ਕੀਤੀ। ਮੱਧਵਰਗੀ ਮਨੁੱਖ ਦੀ ਦੁਚਿਤੀ, ਅਵਿਸ਼ਵਾਸ, ਅਨਿਰਣੇ ਦੀ ਦਸ਼ਾ ਵਿਚ ਭਟਕੀ ਹੋਂਦ ਇਸ ਕਵਿਤਾ ਦੇ ਮੁੱਖ ਵਿਸ਼ੇ ਰਹੇ ਹਨ। ਗੁੰਝਲਦਾਰ ਤੇ ਅਸਪਸ਼ਟ ਪ੍ਰਤੀਕ ਇਸ ਕਵਿਤਾ ਦੀ ਮੁੱਖ ਪਛਾਣ ਬਣ ਗਏ। ਜਸਬੀਰ ਸਿੰਘ ਆਹਲੂਵਾਲੀਆ, ਸੁਖਪਾਲਵੀਰ, ਰਵਿੰਦਰ ਰਵੀ ਇਸ ਪ੍ਰਵਿਰਤੀ ਦਾ ਮੁੱਖ ਸਮਰਥਕ ਸਨ। ਪ੍ਰੋ. ਮੋਹਨ ਸਿੰਘ, ਅੰਮ੍ਰਿਤਾ ਪ੍ਰਤੀਮ, ਰਵਿੰਦਰ ਰਵੀ, ਅਜਾਇਬ ਕਮਲ, ਤਾਰਾ ਸਿੰਘ ਆਦਿ ਕਵੀਆਂ ਨੇ ਵੀ ਇਸ ਪ੍ਰਭਾਵ ਅਧੀਨ ਕਵਿਤਾ ਰਚੀ।

ਧੁਖ ਰਹੀ ਹੈ ਅਗਰਬੱਤੀ

ਫੇਰ ਅੱਜ ਕਮਰੇ ਦੇ ਵਿਚ

ਮਹਿਕ ਚੰਦਨ ਦੀ

ਜਿਵੇਂ ਹੈ ਆ ਰਹੀ

ਸੋਚਦਾ, ਕੀ

ਏਸ ਕਮਰੇ ਵਿਚ ਹੈ ਇਸ ਦਾ ਵਜੂਦ ?

## <u>ਜੁਝਾਰਵਾਦ:</u>

ਪ੍ਰਯੋਗਸ਼ੀਲ ਕਾਵਿਧਾਰਾ ਇਕ ਦਹਾਕੇ ਤਕ ਚਲ ਕੇ ਦਮ ਤੋੜ ਗਈ ਸੀ। ਇਸ ਤੋਂ ਮਗਰੋਂ ਜੁਝਾਰਵਾਦੀ ਕਾਵਿਧਾਰਾ ਦਾ ਉਦੈ ਹੋਇਆ ਸੀ। ਜੁਝਾਰਵਾਦੀ ਕਵੀ ਕ੍ਰਾਂਤੀਕਾਰੀ ਸੁਭਾਅ ਦੇ ਧਾਰਨੀ ਸਨ। ਉਨ੍ਹਾ ਦਾ ਵਿਸ਼ਵਾਸ ਸੀ ਕਿ ਥਾਂ ਫੂਕਾਂ ਮਾਰਨ ਨਾਲ ਨਹੀਂ ਹੁੰਦੇ, ਸਗੋ ਝਾੜੂ ਨਾਲ ਸਾਫ਼ ਹੁੰਦੇ ਹਨ। ਅਰਥਾਤ ਹਥਿਆਰਬੰਦ ਸੰਘਰਸ਼ ਹੀ ਕ੍ਰਾਂਤੀ ਲਿਆ ਸਕਦਾ ਹੈ। ਇਸ ਕਾਵਿਧਾਰਾ ਵਿਚ ਤੋਪਾਂ, ਗੋਲੇ, ਬੰਦੂਕਾਂ, ਬੰਬ ਆਦਿ ਦਾ ਵਰਣਨ ਵਧੇਰੇ ਹੈ। ਇਸ ਕਾਵਿਧਾਰਾ ਵਿਚ ਅਵਤਾਰ ਪਾਸ਼, ਸੰਤ ਰਾਮ ਉਦਾਸੀ, ਸੀ. ਮਾਰਕੰਡਾ, ਲਾਲ ਸਿੰਘ ਦਿਲ, ਰਾਜਬੀਰ ਆਦਿ ਕਵੀ ਇਸੇ ਵੰਨਗੀ ਦੀ ਕਵਿਤਾ ਰਚਣ ਵਾਲੇ ਹਨ।

ਪਾਸ਼ ਦੀਆਂ ਸਤਰਾਂ-

ਸਭ ਤੋਂ ਖਤਰਨਾਕ ਹੁੰਦਾ ਹੈ,

ਮੁਰਦਾ ਸ਼ਾਂਤੀ ਨਾਲ ਭਰ ਜਾਣਾ,

ਨਾ ਹੋਣਾ ਤੜਪ ਦਾ,

ਸਭ ਸਹਿਣ ਕਰੀ ਜਾਣਾ,

ਘਰਾਂ ਤੋਂ ਨਿਕਲਣਾ ਕੰਮ ਤੇ,

ਤੇ ਕੰਮ ਤੋਂ ਘਰ ਜਾਣਾ,

ਸਭ ਤੋਂ ਖਤਰਨਾਕ ਹੁੰਦਾ ਹੈ,

ਸਾਡੇ ਸੁਪਨਿਆਂ ਦਾ ਮਰ ਜਾਣਾ।

ਪਾਸ਼ ਦੀ ਕਵਿਤਾ ਕ੍ਰਾਂਤੀ ਦੀ ਕਵਿਤਾ ਹੈ-

ਤੁਸੀਂ ਲੋਹੇ ਦੀ ਕਾਰ ਝੂਟਦੇ ਹੋ।

ਮੇਰੇ ਕੋਲ ਲੋਹੇ ਦੀ ਬੰਦੂਕ ਹੈ

ਸੰਤ ਰਾਮ ਉਦਾਸੀ ਦੀਆਂ ਸਤਰਾਂ

ਗੱਜਣਗੇ ਸ਼ੇਰ ਜਦੋਂ, ਭੱਜਣਗੇ ਕਾਇਰ ਸਭੇ

ਰੱਜਣਗੇ ਕਿਰਤੀ ਕਿਸਾਨ ਮੁੜ ਕੇ।

ਜ਼ਰਾ ਹੱਲਾ ਮਾਰੋ,

ਜ਼ਰਾ ਹੱਲਾ ਮਾਰੋ, ਕਿਰਤੀ ਕਿਸਾਨ ਜੁੜ ਕੇ।

## ਨਵ-ਰਹੱਸਵਾਦ:

ਸਿੱਖੀ ਦੇ ਧਾਰਮਿਕ, ਅਧਿਆਤਮਕਤਾ, ਗੁਰਮਤਿ ਦਰਸ਼ਨ ਅਤੇ ਵਿਗਿਆਨ ਦੇ ਗਿਆਨ ਦੀ ਟੱਕਰ ਵਿਚੋਂ ਜੋ ਨਵਾਂ ਅਨੁਭਵ ਪੈਦਾ ਹੋਇਆ, ਉਸ ਨੂੰ ਨਵ- ਰਹੱਸਵਾਦ ਕਿਹਾ ਜਾਂਦਾ ਹੈ।

ਅਖੀਓ ਜਾਚ ਸਿੱਖੋ ਦੇਖਣ ਦੀ

ਰੂਪ ਦੁਹਾਈਆਂ ਦੇਂਦਾ ਨੀਂ

ਇਹ ਤਾਂ ਲਿਸ਼ਕੰਦੜਾ ਕੱਚ - ਪਰਦਾ

ਸ਼ੋਹਣਾ ਪਾਰ ਵਸੇਂਦਾ ਨੀਂ

ਰਹੱਸਵਾਦੀ ਸਾਹਿਤ ਸਿਰਜਨ ਅਤੇ ਚਿੰਤਨ ਚੇਤਨਾ ਦੀ ਬਹੁਤ ਪੁਰਾਣੀ ਰਵਾਇਤ ਹੈ। ਮਧੱਕਾਲੀ ਕਾਵਿਧਾਰਾਵਾਂ ਵਿਚ ਰਹੱਸਵਾਦੀ ਪ੍ਰਵਿਰਤੀ ਭਾਰੂ ਰਹੀ ਹੈ। ਰਹੱਸਵਾਦ ਈਸ਼ਵਰ ਬਾਰੇ ਚਰਚਾ, ਆਤਮਾ, ਪਰਮਾਤਮਾ ਦੇ ਪਰਸਪਰ ਸੰਬੰਧਾਂ ਦੀ ਗੱਲ ਕਰਨ ਵਾਲਾ ਰੁਝਾਨ ਹੈ। ਪਰੰਤੂ ਨਵ-ਰਹੱਸਵਾਦ ਇਸ ਤੋਂ ਵੱਖਰੀ ਪ੍ਰਵਿਰਤੀ ਹੈ। ਇਸ ਪ੍ਰਵਿਰਤੀ ਦੌਰਾਨ ਵੀ ਈਸ਼ਵਰ ਦੀ ਹੋਂਦ ਦਾ ਅਹਿਸਾਸ ਦਰਸਾਇਆ ਗਿਆ ਹੈ, ਪਰੰਤੂ ਇਸ ਵਿਧੀ ਦਾ ਪ੍ਰਗਟਾਅ ਲਹਿਜ਼ਾ ਵਖੱਰਾ ਹੈ। ਇਸ ਪ੍ਰਵਿਰਤੀ ਦਾ ਮੁੱਖ ਕਵੀ ਭਾਈ ਵੀਰ ਸਿੰਘ ਹੈ।

ਸਾਬਣ ਲਾ ਲਾ ਧੋਤਾ ਕੋਲਾ, ਦੁੱਧ ਦਹੀਂ ਵਿਚ ਪਾਇਆ।

ਖੁੰਭ ਚਾੜ੍ਹ ਰੰਗਣ ਭੀ ਧਰਿਆ, ਰੰਗ ਨਾ ਓਸ ਵਟਾਇਆ।

ਵਿਛੜ ਕੇ ਕਾਲਖ ਸੀ ਆਈ, ਬਿਨ ਮਿਲਿਆਂ ਨਹੀਂ ਲਹਿੰਦੀ।

ਅੰਗ ਅੰਗ ਦੇ ਲਾ ਕੇ ਵੇਖੋ, ਚੜ੍ਹਦਾ ਰੂਪ ਸਵਾਇਆ।

ਯੁਗ-ਪਰਿਸਥਿਤੀਆਂ ਦੇ ਬਦਲ ਜਾਣਨਾਲ ਰਹੱਸਵਾਦ ਦਾ ਸਰੂਪ ਵੀ ਬਦਲ ਗਿਆ ਹੈ। ਨਵ-ਰਹੱਸਵਾਦ ਅਜਿਹੇ ਬੋਧ ਦਾ ਸੂਚਕ ਹੈ ਜੋ ਕਿਸੇ ਪਰਲੋਕ ਜਾਂ ਨਿਰਵਾਣ ਵਿਚ ਯਕੀਨ ਨਹੀਂ ਰੱਖਦਾ ਬਲਕਿ ਇਸੇ ਲੋਕ ਨੂੰ ਸਤਿ ਸਥਾਈ ਅਤੇ ਪ੍ਰਾਮਣੀਕ ਮੰਨਦਾ ਸਚੇ ਕਾਰ-ਵਿਹਾਰ ਕਰਦਾ ਹੈ। ਉਸਦਾ ਨਵ-ਰਹੱਸਵਾਦੀ ਅਨੁਭਵ, ਜੀਵਨ ਦੀ ਵਿਵਿਧਤਾ, ਵਿਚਿਤ੍ਰਤਾ, ਅਨੰਤਤਾ ਅਤੇ ਅਸਮੀਤਾ ਵਿਚੋਂ ਪੈਦਾ ਹੁੰਦਾ ਹੈ। ਉਸ ਦੀ ਦ੍ਰਿਸਟੀ ਸਦਾ ਇਹਲੋਕ ਉੱਪਰ ਹੀ ਕੇਂਦ੍ਰਿਤ ਰਹਿੰਦੀ ਹੈ। ਪ੍ਰਕ੍ਰਿਤੀ ਦਾ ਇਸ ਵਿਚ ਅਹਿਮ ਸਥਾਨ ਹੈ , ਕਿਉਂਜੋ ਪ੍ਰਕ੍ਰਿਤੀ ਦੇ ਵੱਖ-ਵੱਖ ਵਰਤਾਰਿਆਂ ਵਿਚੋਂ ਪੈਦਾ ਹੋਣ ਵਾਲਾ ਵਿਸਮਾਦ, ਰਹੱਸਵਾਦੀ ਅਨੁਭਵ ਦਾ ਸਿਰਜਕ ਬਣਦਾ ਹੈ। ਆਧੁਨਿਕ ਪੰਜਾਬੀ ਕਾਵਿ ਦੇ ਪ੍ਰਸੰਗ ਵਿਚ ਭਾਈ ਵੀਰ ਸਿੰਘ, ਪ੍ਰੋ.ਪੂਰਨ ਸਿੰਘ, ਪ੍ਰਤੀਮ ਸਿੰਘ ਸਫ਼ੀਰ, ਡਾ.ਜਸਵੰਤ ਸਿੰਘ ਨੇਕੀ, ਡਾ. ਗੁਰਭਗਤ ਸਿੰਘ, ਹਰਿੰਦਰ ਸਿੰਘ ਮਹਿਬੂਬ ਆਦਿ ਦਾ ਨਾਮ ਬੜਾ ਉੱਘਾ ਹੈ।

## ਪਰਵਾਸ:

ਸਮਕਾਲੀ ਪੰਜਾਬੀ ਕਵਿਤਾ ਦਾ ਇੱਕ ਸ਼ਕਤੀਸ਼ਾਲੀ ਉਚਾਰ-ਪਰਵਾਸੀ ਵਰਤਾਰੇ ਦੀ ਪੇਸ਼ਕਾਰੀ ਹੈ। ਪਾਰ ਸੱਭਿਆਚਾਰ ਅਨੁਭਵਾਂ ਦੀਆਂ ਅੰਤਰ ਦ੍ਰਿਸ਼ਟੀਆਂ ਤੋਂ ਜੋ ਯਥਾਰਥ ਦ੍ਰਿਸ਼ਟੀਗੋਚਰ ਹੁੰਦਾ ਹੈ ਉਸ ਰੁਦਨ ਤੇ ਹੇਰਵਿਆਂ-ਹਉਕਿਆਂ ਦੀ ਪ੍ਰਤੀਤੀ ਦਾ ਨਾਂ ਹੈ-ਪਰਵਾਸੀ

ਕਵਿਤਾ। ਸਰਮਾਏਦਾਰੀ ਦੇਸ਼ਾਂ ਵਿਚ ਰੋਜ਼ੀ-ਰੋਟੀ ਦੀ ਤਲਾਸ਼ ਵਿਚ ਭਟਕਦੇ ਲੋਕਾਂ ਦਾ ਭੂ-ਹੇਰਵਾ, ਪੀੜ੍ਹੀ-ਪਾੜ੍ਹਾ, ਨਸਲੀ ਵਿਰੋਧ, ਵਿਤਕਰੇ ਤੇ ਹਮਲੇ, ਸਭਿਆਚਾਰਕ ਸੰਕਟ ਆਦਿ ਇਸ ਕਵਿਤਾ ਦੇ ਮੁੱਖ ਪਹਿਲੂ ਹਨ। ਪਰਵਾਸੀ ਪੰਜਾਬੀ ਕਵਿਤਾ ਦੀ ਸਿਰਜਣਾ ਨੇ ਪੰਜਾਬੀ ਸਾਹਿਤ ਤੇ ਵਿਸ਼ੇਸ਼ ਕਰ ਕੇ ਕਵਿਤਾ ਦੇ ਖੇਤਰ ਵਿਚ ਇੱਕ ਮਹੱਤਵਪੂਰਨ ਤੇ ਜ਼ਿਕਰਯੋਗ ਵਿਸ਼ਿਸ਼ਟ ਸਥਾਨ ਹੀ ਪ੍ਰਾਪਤ ਨਹੀਂ ਕੀਤਾ ਬਲਕਿ ਇਸਨੂੰ ਵਿਸ਼ਵ-ਪੱਧਰ ਦੇ ਸਰੋਕਾਰਾਂ ਨਾਲ ਜੋੜਨ ਵਿਚ ਵੀ ਅਹਿਮ ਭੂਮਿਕਾ ਵੀ ਨਿਭਾਈ ਹੈ। ਸਮਕਾਲੀ ਪਰਵਾਸੀ ਪੰਜਾਬੀ ਕਵਿਤਾ ਬਾਰੇ ਡਾ. ਜਸਵਿੰਦਰ ਸਿੰਘ ਦੀ ਇਹ ਟਿੱਪਣੀ ਬੜੀ ਭਾਵਭਰਪੂਰ ਅਤੇ ਅਰਥਪੂਰਨ ਹੈ ਜਿਸ ਵਿਚ ਸਮੁੱਚੇ ਪਰਵਾਸੀ ਜੀਵਨ ਦਿਸ਼ਟੀਗੋਚਰ ਹੁੰਦਾ ਹੈ-

" ਸਮਕਾਲੀ ਪੰਜਾਬੀ ਸ਼ਾਇਰੀ ਦੀ ਇੱਕ ਵਿਲੱਖਣਤਾ ਪਰਵਾਸੀ ਪੰਜਾਬੀ ਕਵਿਤਾ ਦੇ ਸ਼ਕਤੀਸ਼ਾਲੀ ਵਰਤਾਰੇ ਨਾਲ ਸੰਬੰਧਤ ਹੈ। ਆਧੁਨਿਕ ਪੰਜਾਬੀ ਸਾਹਿਤ ਵਿਚ ਪਾਰ-ਸਭਿਆਚਾਰਕ ਅਨੁਭਵਾਂ ਦਾ ਇਕ ਸਾਰਥਕ ਤੁਲਨਾਵੀ ਪਰਿਪੇਖ ਉਸਾਰਨਾ ਇਸ ਕਾਵਿ ਦੀ ਵਿਲੱਖਣ ਪ੍ਰਾਪਤੀ ਹੈ। ਪਰਵਾਸ ਦੀ ਸ਼ਕਤੀਸ਼ਾਲੀ ਧਾਰਾ ਕਿਉਂਕਿ ਅਤਿਅੰਤ ਵਿਕਸਿਤ ਪੂੰਜੀਵਾਦੀ ਮੁਲਕਾਂ ਵੱਲ ਹੀ ਪ੍ਰਵਾਹਮਾਨ ਹੋਈ, ਇਸ ਕਰਕੇ ਸਮਕਾਲੀ ਪਰਵਾਸੀ ਸਾਹਿਤ ਵਿਚ ਇਨ੍ਹਾਂ ਅਮੀਰ ਮੁਲਕਾਂ ਦੀ ਖੁੱਲ੍ਹ, ਉਨਤੀ, ਬਹੁਲਤਾ ਅਤੇ ਨਿੱਜੀ ਸਪੇਸ ਦੀ ਸਰਦਾਰੀ ਤੋਂ ਉਤਪੰਨ ਉਨ੍ਹਾਂ ਸਥਿਤੀਆਂ, ਅਨੁਭਵਾਂ ਅਤੇ ਸਮੱਸਿਆਵਾਂ ਨੂੰ ਪ੍ਰਗਟਾਇਆ ਗਿਆ ਹੈ, ਜਿਸ ਤੋਂ ਸਾਨੂੰ ਸਾਰੇ ਪੰਜਾਬੀਆਂ ਨੂੰ ਨਵੀਨ, ਦਿਲਚਸਪ ਅਤੇ ਮੁਲਵਾਨ ਅੰਤਰ-ਦ੍ਰਿਸ਼ਟੀਆਂ ਪ੍ਰਾਪਤ ਹੋਈਆਂ ਹਨ। ਪਰਵਾਸੀ ਪੰਜਾਬੀ ਸ਼ਾਇਰੀ ਵਿਚ ਪਰਵਾਸੀ ਦੇ ਸੁਪਨਿਆਂ ਅਤੇ ਸੰਤਾਪਾਂ ਦੇ ਦਰਦਨਾਕ ਭੇੜ ਤੋਂ ਉਤਪੰਨ ਏਨੇ ਦਿਲਚਸਪ ਤੇ ਦੁਖਾਂਤਕ ਬਿੰਬ ਅਤੇ ਵਿਵੇਕ ਉਭੱਰਦੇ ਹਨ, ਜਿਨ੍ਹਾਂ ਤੋਂ ਸਾਨੂੰ ਉਸ 'ਉਨਤ ਜੀਵਨ ਸ਼ੈਲੀ' ਦੇ ਅੰਦਰਲੇ ਰੱਹਸ, ਦਿੱਖਦੇ ਯਥਾਰਥ ਅਤੇ ਲੁਪਤ ਸੱਚਾਂ ਦਾ ਆਭਾਸ ਹੁੰਦਾ ਹੈ। ਸਾਡੀ ਧਾਰਮਕ ਅੰਧ-ਵਿਸ਼ਵਾਸਾਂ ਦੀ ਨਪੀੜੀ ਕਰੜੀ ਬੰਦ ਵਿਧਾਨਕ ਵਿਵਸਥਾ ਅਤੇ ਗਰੀਬੜੀ ਯਤੀਮ ਮਾਨਵੀ ਹੋਂਦ ਲਈ ਪੱਛਮੀ ਪਦਾਰਥਵਾਦੀ ਬਹੁਲਤਾਵਾਂ ਅਤੇ ਖੁਲ੍ਹ ਖੇਡਾਂ ਦੇ ਸੁਪਨਮਈ ਸੰਸਾਰ ਦੇ ਤਿੱਖੇ, ਨਿੱਗਰ, ਟੁੰਬਵੇਂ ਮੁਲਵਾਨ ਪਾਸਾਰ ਅਤੇ ਅੰਤਰ ਦ੍ਰਿਸ਼ਟੀਆਂ  ਇਸ ਕਾਵਿ ਦੀ ਵੱਖਰੀ ਸਾਰਥਕਤਾ ਬਣਾਉਂਦੀਆਂ ਹਨ। ਪਰਵਾਸ ਕਰਕੇ ਹੋਈ ਦੁਫੇੜ ਸ਼ਖ਼ਸੀਅਤ ਦੇ ਦਰਦ ਅਤੇ ਸੰਵੇਦਨਾ ਦੇ ਸੁਰ ਵਿਲੀਨੀਕਰਣ ਅਤੇ ਹੋਂਦ ਚੇਤਨਾ ਦੇ ਪੇਚੀਦਾ ਤਣਾਓ, ਦੋਹਰੀ ਹੋਂਦ ਅਤੇ ਹੋਣੀ ਦੀ ਸਪੇਸਮੂਲਕ ਅਤੇ ਅਭਿਲਾਸ਼ਾਮੂਲਕ ਉਲਝਵੀਂ ਸਥਿਤੀ, ਤਰਕ-ਵਿਤਰਕ, ਸਮਾਨਾਂਤਰ ਭੋਗਵਾਦੀ ਜੀਵਨ ਸ਼ੈਲੀ ਦੇ ਤਲਖ਼ ਅਤੇ ਲੁਭਾਵੇਂ ਅਨੁਭਵਾਂ ਨੂੰ ਸੰਚਾਰਿਤ ਕਰਕੇ ਪਰਵਾਸੀ ਪੰਜਾਬੀ ਸ਼ਾਇਰਾਂ ਨੇ ਸਮਕਾਲੀ ਪੰਜਾਬੀ ਕਾਵਿ ਵਿਚ ਨਵੇਂ ਭਾਵ-ਬੋਧ ਅਤੇ ਅੰਤਰਦ੍ਰਿਸ਼ਟੀਆਂ ਨੂੰ ਉਭਾਰਿਆ ਹੈ।"

ਅਜਮੇਰ ਸਿੱਧੂ ਦੇ ਇਹ ਕਥਨ ਪਰਵਾਸੀ ਕਵਿਤਾ ਦੇ ਚਰਿੱਤਰ ਨੂੰ ਬੜਾ ਬਾਖੂਬੀ ਬਿਆਨ ਕਰਦੇ ਹਨ-

"ਇਸ ਵਿਚ ਉਲਝੇ ਪੰਜਾਬੀ ਬੰਦੇ ਦੀ ਬੇਬਸੀ, ਬੇਗਾਨਗੀ ਅਤੇ ਇਕਲਾਪੇ ਵਾਲੇ ਅਹਿਸਾਸ ਦੀ ਕਵਿਤਾ ਵੀ ਹੈ। ਸਮਾਜਕ ਸਰੋਕਾਰਾਂ ਵਾਲੀ ਕਵਿਤਾ ਵੀ ਹੈ ਅਤੇ ਨਿੱਜ ਦੀ ਤਲਾਸ਼, ਮਨੁੱਖੀ ਹੋਣੀ, ਨਸਲਵਾਦ, ਬੰਦੇ ਦੀ ਹਿਜਰਤ, ਪੀੜ੍ਹੀ ਪਾੜ੍ਹਾ, ਸਭਿਆਚਾਰਕ ਤਣਾਓ, ਸਰੀਰਿਕ-ਮਾਨਸਿਕ ਸਮੱਸਿਆਵਾਂ ਅਤੇ ਸਮਾਜਕ-ਆਰਥਿਕ ਤੇ ਰਾਜਨੀਤਿਕ ਖੇਤਰ ਦੇ ਸੰਘਰਸ਼ਾਂ ਦੀ ਵੀ ਕਵਿਤਾ ਹੈ।"

ਅਸਲ ਵਿਚ ਪਰਵਾਸੀ ਕਵੀਆਂ ਨੇ ਬੜੀ ਸ਼ਿੱਦਤ ਨਾਲ ਪੱਛਮੀ ਸਭਿਆਚਾਰ ਦੇ ਪੂੰਜੀਵਾਦੀ ਪ੍ਰਬੰਧਾਂ ਦੇ ਬਣਾਏ ਮੱਕੜ-ਜਾਲ, ਗਲਘੋਟੂ ਵਾਤਾਵਰਣ, ਮਾਨਵ-ਵਿਰੋਧੀ ਜੰਗ ਨੀਤੀਆਂ ਤੇ ਨਸਲਵਾਦ ਤੋਂ ਉਪਜੀ ਬੇਚੈਨੀ, ਬੇਰੁਖੀ ਅਤੇ ਦਹਿਸ਼ਤ, ਮਹਾਂ-ਸ਼ਕਤੀਆਂ ਦੇ ਕਰੂਪ ਰੂਪ, ਸਰਮਾਏਦਾਰੀ ਢਾਂਚੇ ਦੀਆਂ ਅਲਾਮਤਾਂ, ਸਾਮਰਾਜ ਦੀ ਪਕੜ ਤੇ ਜ਼ਿੰਦਗੀ ਦੇ ਸੂਹਜ-ਕੁਹਜ ਨੂੰ ਪੇਸ਼ ਕੀਤਾ ਹੈ।

ਪ੍ਰਵਾਸੀ ਪੰਜਾਬੀ ਕਵੀਆਂ ਅਤੇ ਹੋਰ ਸਾਹਿਤਕਾਰਾਂ ਦੇ ਸਾਹਿਤਿਕ ਟੈਕਸਟ ਤੇ ਪ੍ਰਵਚਨਾਂ ਦੀ ਹੋਂਦ ਵਿਧੀ, ਉਨ੍ਹਾਂ ਦੇ ਪ੍ਰੇਰਣਾ-ਸ੍ਰੋਤ, ਸੰਵੇਦਨਾ ਤੇ ਸੰਚੇਤਨਾ, ਉਨ੍ਹਾਂ ਦੀ ਪ੍ਰਤਿਭਾ ਤੇ ਕਲਪਨਾ, ਥੀਮ ਤੇ ਸਕੀਮ, ਉਨ੍ਹਾਂ ਦੀ ਮਨੋਵਿਗਿਆਨਕ ਅੰਤਰ-ਦ੍ਰਿਸ਼ਟੀ, ਉਨ੍ਹਾਂ ਦਾ ਯਥਾਰਥਕ ਬੋਧ ਤੇ ਯੁਗੀਨ ਬੋਧ, ਅਨੁਭੂਤੀ ਤੇ ਅਭਿਵਿਅਕਤੀ ਅਤੇ ਉਨ੍ਹਾਂ ਦੇ ਪਾਠ ਅਤੇ ਪ੍ਰਵਚਨ ਦੀਆਂ ਸੀਮੈਂਟਿਕ ਪਰਤਾਂ ਤੇ ਪੈਰਾਡਾਈਮ ਆਦਿ ਸਾਰੀਆਂ ਗਿਆਨਾਤਮਕ ਤੇ ਸੁਹਜਾਤਮਕ ਫੈਕਲਟੀਆਂ ਜਦੋਂ ਹਰਕਤ ਤੇ ਸੰਪਾਦਨ ਵਿਚ ਆਉਂਦੀਆਂ ਹਨ ਤਾਂ ਅਜਿਹੀ ਸਾਹਿਤ-ਸਿਰਜਨਾ ਆਪਣੀ ਸਾਰਥਕ ਹੋਂਦ ਅਖਤਿਆਰ ਕਰਦੀ ਹੈ।

ਪਰਵਾਸੀ ਕਵਿਤਾ ਇਕ ਸਦੀ ਦਾ ਸਫ਼ਰ ਤੈਅ ਕਰਦੀ ਹੋਈ ਆਪਣੇ ਵਨ-ਸੁਵੰਨੇ ਬਹੁ-ਪਾਸਾਰੀ ਤੇ ਬਹੁ-ਪਰਤੀ ਸਿਰਜਨਾਤਮਕ ਸਰੋਕਾਰਾਂ ਸਦਕੇ ਰਚਨਾਤਮਕ ਵਿਲੱਖਣਤਾ ਤੇ ਨਿਵੇਕਲੇਪਨ ਦੀ ਧਾਰਨੀ ਹੋ ਨਿਬੜੀ ਹੈ। ਬਰਤਾਨੀਆ ਦੇ ਬਸਤੀਵਾਦੀ ਪਰਿਪੇਖ ਤੋਂ ਆਰੰਭ ਹਇਆ ਪਰਵਾਸ ਸਠਵਿਆਂ ਤੱਕ ਜ਼ੋਰ ਪਕੜ ਗਿਆ। ਪਰਵਾਸੀ ਕਵਿਤਾ ਦੇ ਮੁੱਖ ਕੇਂਦਰ ਇੰਗਲੈਂਡ, ਕੈਨੇਡਾ, ਅਮਰੀਕਾ ਆਦਿ ਰਹੇ। 20ਵੀ.ਸਦੀ ਦੇ ਦੂਸਰੇ ਦਹਾਕੇ ਵਿਚ ਪਰਵਾਸੀ ਕਵਿਤਾ ਨੇ ਆਪਣੀ ਅਭਿਵਿਅਕਤੀ ਜ਼ਾਹਰ ਕਰਨੀ ਸ਼ੁਰੂ ਕੀਤੀ। ਡਾ. ਜਗਬੀਰ ਸਿੰਘ ਨੇ ਆਪਣੇ ਇਕ ਆਰਟੀਕਲ ਵਿਚ ਐਸ.ਪੀ ਸਿੰਘ ਦੇ ਹਵਾਲੇ ਤੋਂ ਦੱਸਿਆ ਕਿ ਤਕਰੀਬਨ 200 ਦੇ ਕਰੀਬ ਪਰਵਾਸੀ ਕਵੀ ਹਨ ਜਿਨ੍ਹਾਂ ਦੀਆਂ 600 ਦੇ ਲਗੱਭਗ ਪੁਸਤਕਾਂ ਪ੍ਰਕਾਸ਼ਿਤ ਹਨ ਅਤੇ 2000 ਤੋਂ ਵੱਧ ਕਵਿਤਾਵਾਂ ਪ੍ਰਕਾਸ਼ਿਤ ਹੋਣ ਗੋਚਰੀਆਂ ਹਨ।ਪਰਵਾਸੀ ਕਵਿਤਾ ਨੂੰ ਸਮਰੱਥ ਬਣਾਉਣ ਵਿਚ ਅਜਮੇਰ ਰੋਡੇ, ਨਵਤੇਜ ਭਾਰਤੀ, ਰਵਿੰਦਰ ਰਵੀ, ਦਰਸ਼ਨ ਗਿੱਲ, ਇਕਬਾਲ ਰਾਮੂਵਾਲੀਆ, ਸਰਿੰਦਰ ਧੰਜਲ, ਅਵਤਾਰ ਜੰਡਿਆਵਲੀ, ਜਗਤਾਰ ਢਾਅ, ਬਲਦੇਵ ਬਾਵਾ, ਨਿਰੰਜਨ ਨੂਰ, ਗੁਰਨਾਮ ਗਿੱਲ, ਡਾ. ਮਹਿੰਦਰ ਗਿੱਲ, ਦੇਵ, ਸਤੀ ਕੁਮਾਰ, ਅਜੀਤ ਰਾਹੀ, ਅਜਾਇਬ ਕਮਲ ਆਦਿ ਦਾ ਨਾਂ ਲਿਆ ਜਾ ਸਕਦਾ ਹਾਂ।

## <u>ਨਾਰੀਵਾਦ:</u>

ਔਰਤ ਨਾਲ ਬੇਇਨਸਾਫੀ, ਔਰਤ ਦੀ ਆਜ਼ਾਦੀ ਤੇ ਬਰਾਬਰੀ ਦਾ ਮਸਲੇ ਅਧੀਨ ਵਿਚਾਰੀ ਜਾਂਦੀ ਕਵਿਤਾ ਇਸ ਘੇਰੇ ਵਿਚ ਆਉਂਦੀ ਹੈ। ਨਾਰੀ ਦੀ ਪ੍ਰਕ੍ਰਿਤੀ,ਆਜ਼ਾਦੀ ਤੇ ਬਰਾਬਰੀ ਲਈ ਵੱਖ ਵੱਖ ਵਿਚਾਰਧਾਰਾਵਾਂ ਪ੍ਰਚੱਲਿਤ ਹਨ:

ਰੂੜੀਵਾਦ ਨਾਰੀਵਾਦ (Consevative Feminism):

ਇਹ ਚਿੰਤਕ ਸਮਝਦੇ ਹਨ ਕਿ ਔਰਤ ਨੂੰ ਪੈਰ ਦੀ ਜੁੱਤੀ ਸਮਝਣਾ ਬਣਾ ਕੋਈ ਅਣਹੋਣੀ ਗੱਲ ਨਹੀਂ । ਔਰਤ ਉੱਪਰ ਜਬਰ ਨੂੰ ਸਵੀਕਾਰ ਕਰਦੇ ਹਨ ਪਰ ਇਸ ਵਿਚਾਰ ਨਾਲ ਸਹਿਮਤ ਨਹੀਂ ਹੁੰਦੇ ਕਿ ਇਹ ਸਮਾਜਕ ਪਬੰਧ ਕਾਰਨ ਹੋ ਰਿਹਾ ਹੈ। ਔਰਤ ਦੇ ਰੋਲ ਨੂੰ ਮਰਦ ਦੇ ਰੋਲ ਨਾਲੋਂ ਨੀਵਾਂ ਜਾਂ ਘਟੀਆ ਸਵੀਕਾਰ ਨਹੀਂ ਕਰਦੇ। ਜਮਾਂਦਰੂ ਤੌਰ ਤੇ ਔਰਤਾਂ ਨਾਰੀ ਦੇ ਰੋਲ ਲਈ ਜ਼ਿਆਦਾ ਢੁਕਵੀਆਂ ਹਨ। ਇਹ ਲਿੰਗੀ ਵਿਤਕਰੇ ਨੂੰ ਨੂੰ ਪ੍ਰਵਾਨਗੀ ਦਿੰਦੇ ਹਨ ਅਤੇ ਦੋਹਾਂ ਲਿਗਾਂ ਵਿਚ ਨਾ ਬਰਾਬਰੀ ਨੂੰ ਵੀ ਪ੍ਰਵਾਨ ਕਰਦੇ ਹਨ। ਲਿੰਗੀ ਨਾ ਬਰਾਬਰੀ ਸਰੀਰਕ/ਮਨੋਵਿਗਿਆਨਕ ਦੋਹਾਂ ਪੱਧਰਾਂ 'ਤੇ ਵਿਦਮਾਨ ਹੈ। ਇਸੇ ਕਾਰਨ ਔਰਤ ਨੂੰ ਭਾਵੁਕ ਤੌਰ 'ਤੇ ਅਸਥਿਰ, ਸਹਿਣਸ਼ੀਲਤਾ ਦੀ ਮੂਰਤੀ ਅਤੇ ਸਿਧਾਂਤਕ ਚਿੰਤਨ ਤੋਂ ਸੱਖਣੀ ਪ੍ਰਵਾਨ ਕਰਦੇ ਹਨ। ਪੱਛਮ ਵਿਚ ਇਸ ਪ੍ਰਸੰਗ ਵਿਚ ਰੂਸੋ, ਸ਼ਾਪਨਹਾਰ, ਫ਼ਿਖ਼ਟੇ, ਨੀਤਸ਼ੇ ਅਤੇ ਫ਼ਰਾਇਡ ਦਾ ਨਾਂ ਲਿਆ ਜਾ ਸਕਦਾ ਹੈ।

### ਉਦਾਰਵਾਦੀ ਨਾਰੀਵਾਦ (Liberal Feminism) :

ਇਸ ਪ੍ਰਣਾਲੀ ਦਾ ਕਲਾਸਿਕ ਪ੍ਰਗਟਾਵਾ John Stuartmill ਦੀ ਪੁਸਤਕ The Subjection of woman (1869)ਵਿਚੋਂ ਮਿਲਦਾ ਹੈ। ਇਹ ਵਿਚਾਰ (National Organisation of woman Now) ਸੰਗਠਨਾਂ ਵਿਚ ਵੀ ਮਿਲਦੇ ਹਨ ਜੋ ਔਰਤ ਦੇ ਕਾਨੂੰਨੀ ਹੱਕਾਂ ਦੀ ਰਾਖੀ ਲਈ ਵਧੇਰੇ ਸਰਗਰਮ ਹਨ। ਇਹ ਉਦਾਰਵਾਦੀ ਦ੍ਰਿਸ਼ਟੀ ਔਰਤਾਂ ਨੂੰ ਆਪਣੀ ਹੋਣੀ ਦੇ ਮਾਲਿਕ ਆਪਹੋਣ ਅਤੇ ਸਮਾਜ ਵਿਚ ਬਿਨਾਂ ਕਿਸੇ ਵਿਤਕਰੇ ਤੋਂ ਮਰਦ ਨਾਲ ਹਰ ਖੇਤਰ ਵਿਚ ਮੁਕਾਬਲਾ ਕਰਨ ਦੇ ਹੱਕਾਂ ਦੀ ਵਕਾਲਤ ਕਰਦੀ ਹੈ। ਹਰ ਬੰਦਾ ਹਰ ਦੂਸਰੇ ਬੰਦੇ ਨਾਲ ਮੁਕਾਬਲੇ ਵਿਚ ਹੈ। ਰਾਜ ਦਾ ਫਰਜ਼ ਹੈ ਕਿ ਉਹ ਇਸ ਮੁਕਾਬਲੇ ਨੂੰ ਬਿਨਾਂ ਕਿਸੇ ਪੱਖਪਾਤ ਤੋਂ ਯਕੀਨੀ ਬਣਾਵੇ। ਉਦਾਰਵਾਦੀ ਸੰਗਠਨ ਜਮਾਤੀ ਸਮਾਜ ਵਿਚ ਇਨਕਲਾਬੀ ਤਬਦੀਲੀ ਲਿਆ ਕਿ ਔਰਤ ਦੀ ਬੰਦ ਖ਼ਲਾਸੀ ਦੀ ਥਾਂ ਆਪਣੇ ਆਪ ਨੂੰ ਕੁਝ ਸੰਵਿਧਾਨਕ ਹੱਕਾਂ ਅਤੇ ਔਰਤਾਂ ਦੀ ਸਥਿਤੀ ਵਿਚ ਸਮਾਜਕ ਸੁਧਾਰਾਂ ਦੀ ਸੀਮਾ ਤੋਂ ਅੱਗੇ ਨਹੀਂ ਜਾਂਦੇ। ਇਸ ਕਾਰਨ ਔਰਤ ਦੀ ਬੰਦ ਖੁਲਾਸੀ ਬਾਰੇ ਇਨ੍ਹਾਂ ਦੀ ਪਹੁੰਚ ਵਿਅਕਤੀਵਾਦੀ, ਰੁਮਾਂਸਵਾਦੀ ਅਤੇ ਸੁਧਾਰਵਾਦ ਦੀਆਂ ਸੀਮਾਵਾਂ ਨੂੰ ਪਾਰ ਨਹੀਂ ਕਰਦੀ। ਇਹ ਸਮਾਜਕ ਪ੍ਰਬੰਧ ਦੀ ਇਨਕਲਾਬੀ ਢੰਗ ਨਾਲ ਬਦਲਣ ਦੀ ਥਾਂ ਸੰਵਿਧਾਨਕ ਘੇਰੇ ਵਿਚ ਰਹਿੰਦਿਆਂ ਔਰਤ ਲਈ ਕੁਝ ਰਿਆਇਤਾਂ ਤੇ ਸਹਾਰਾ ਲਈ ਯਤਨਸ਼ੀਲ ਹੁੰਦੇ ਹਨ। ਔਰਤ ਦੀ ਬੰਦ ਖ਼ਲਾਸੀ ਨੂੰ ਵਧੇਰੇ ਸਮਾਜਕ ਜਮਾਤੀ ਸੰਘਰਸ਼ ਨਾਲ ਜੋੜਨ ਦੀ ਚਿੰਤਾ ਅਤੇ ਚੇਤਨਾ ਇਨ੍ਹਾਂ ਦੀਆਂ ਆਪਣੀਆਂ ਜਮਾਤੀ ਸੀਮਾਵਾਂ ਅਤੇ ਜਮਾਤੀ ਹਿਤਾਂ ਕਾਰਣ ਸ਼ਾਇਦ ਇਨ੍ਹਾਂ ਨੂੰ ਨਹੀਂ ਪੁੱਗਦੀ।

### ਜੁਝਾਰੂ ਨਾਰੀਵਾਦ (Radical Feminism) :

ਔਰਤਾਂ ਉੱਪਰ ਜ਼ਬਰ ਦਾ ਕਾਰਣ ਕਾਨੂੰਨੀ ਹੱਕ ਜਾਂ ਅਧਿਕਾਰਾਂ ਦੀ ਕਮੀ ਨਹੀਂ, ਨਾਂ ਹੀ ਜਮਾਤੀ ਸਮਾਜ ਦੀ ਧਾਰਨਾ ਕਰਕੇ ਜ਼ੁਲਮ ਹੈ। ਜ਼ਬਰ ਦਾ ਕਾਰਣ ਉਸਦੀ ਸਰੀਰਿਕ ਬਣਤਰ, ਬੱਚੇ ਪੈਦਾ ਕਰਨ ਕਰਕੇ ਔਰਤ ਦੀ ਕਮਜ਼ੋਰੀ, ਮਰਦ ਉੱਪਰ ਨਿਰਭਰਤਾ ਆਦਿ ਹੈ। ਔਰਤ ਦੀ ਮੁਕਤੀ ਇੱਕ ਸਰੀਰ ਵਿਗਿਆਨਕ ਇਨਕਲਾਬ ਨਾਲ ਅਤੇ ਤਕਨਾਲੋਜੀ ਦੇ ਇਨਕਲਾਬ ਨਾਲ ਲਿਆਉਂਦੀ ਜਾ ਸਕਦੀ ਹੈ। ਇਹ ਕ੍ਰਾਂਤੀ ਪਰਿਵਾਰ ਦੇ ਤਾਨਾਸ਼ਾਹੀ ਅਤੇ ਜ਼ਾਬਰਾਨਾ ਸੰਬੰਧਾਂ ਨੂੰ ਸਮਾਪਤ ਕਰਨ ਵਿਚ ਸਹਾਈ ਹੋਵੇਗੀ। ਔਰਤਾਂ ਤੇ ਜ਼ਬਰ ਦਾ ਬੁਨਿਆਦੀ ਕਾਰਣ ਬੱਚੇ ਜੰਮਣਾ ਤੇ ਬੱਚੇ ਪਾਲਣਾ ਹੈ। ਇਸ ਸਮਾਜਕ-ਇਤਿਹਾਸਕ ਸਮੱਸਿਆ ਦਾ ਹੱਲ ਸਰੀਰਿਕ ਵਿਗਿਆਨਕ ਟੈਕਨੀਕ ਵਿਚੋਂ ਹੈ।

### ਮਾਕਸਵਾਦੀ ਨਾਰੀਵਾਦ Marxist Feminism:

ਨਾਰੀ ਦੇ ਜ਼ਬਰ ਦਾ ਕਾਰਣ ਜਮਾਤੀ ਸਮਾਜ ਅਤੇ ਨਿੱਜੀ ਜਾਇਦਾਦ ਦੀ ਸੰਸਥਾ ।ਜ਼ਬਰ ਦਾ ਕਾਰਣ ਪਿੱਤਰ-ਤੰਤਰ /ਪੁਰਸ਼ਤੰਤਰ ਦੀ ਕਾਢ ਨਹੀਂ। ਮਾਂ-ਪ੍ਰਧਾਨ-ਸਮਾਜ; ਮਿਹਨਤ ਦੀ ਵੰਡ, ਮਰਦ ਉੱਪਰ ਜਮਾਤੀ ਸੰਘਰਸ਼-ਲੋਕ ਅੰਦੋਲਨ ਰਾਹੀਂ ਲਿਤਾੜਿਆ ਵਰਗ ਮੁਕਤੀ ਪਾ ਸਕਦਾ ਹੈ। ਜਮਾਤੀ ਸਮਾਜ ਵਿਚ ਔਰਤ ਗੁਲਾਮ ਦੀ ਗੁਲਾਮ ਹੋਣ ਕਰਕੇ ਦੂਹਰੀ ਗੁਲਾਮੀ ਭੋਗਦੀ ਹੈ। ਸਿਰਫ ਕਾਨੂੰਨੀ ਹੱਕਾਂ ਜਾਂ ਤਕਨਾਲੋਜੀ ਵਿਚ ਇਨਕਲਾਬ ਲਿਆ ਕੇ ਨਹੀਂ,ਸਗੋਂ ਸਮਾਜਕ ਪ੍ਰਬੰਧ ਦੀ ਇਨਕਲਾਬੀ ਤਬਦੀਲੀ ,ਜਮਾਤੀ ਸੰਘਰਸ਼, ਵਿਸ਼ਾਲ ਲੋਕ-ਲਹਿਰ ਨਾਲ ਮਸਲਾ ਹੱਲ ਹੋ ਸਕਦਾ ਹੈ। ਔਰਤ ਤੇ ਮਰਦ ਨੂੰ ਮਿਲ ਕੇ ਲੜਾਈ ਲੜਨੀ ਪਵੇਗੀ।

### ਕਾਲਾ ਨਾਰੀਵਾਦ (Black Feminism) :

ਨਾਰੀ ਉੱਪਰ ਹੋ ਰਿਹਾ ਜ਼ਬਰ ਦੇ ਖਿਲਾਫ ਲੜਨ ਲਈ ਯੁੱਧਨੀਤੀ ਅਤੇ ਦਾਅ ਪੇਚ ਸਾਂਝੇ ਵੀ ਹਨ ਪਰ ਬਹੁਤ ਸਾਰੇ ਮਸਲਿਆਂ ਤੇ ਵਖਰੇਵਾਂ ਵੀ ਹੈ। ਨਾਰੀਵਾਦ ਵਿਚ ਪੱਛਮ ਦੀ ਗੋਰੀ ਦੇ ਜੀਵਨ ਅਨੁਭਵ ਅਤੇ ਇਛਾਵਾਂ ਨੂੰ ਤੱਤ ਰੂਪ ਵਿਚ ਸਰਵ ਵਿਆਪਕ ਮਾਡਲ ਦੇ ਤੌਰ ਤੇ ਪ੍ਰਵਾਨਗੀ ਮਿਲੀ ਹੈ। ਪਰ ਇਤਰਾਜ਼ ਉਠਦਾ ਹੈ ਕਿ ਇਹਨਾਂ ਨੇ ਰੰਗ, ਪਛਾਣ, ਪੂੰਜੀਵਾਦ, ਨਸਲਵਾਦ, ਬਸਤੀਵਾਦ ਦੇ ਵਰਤਾਰਿਆਂ ਕਾਰਣ ਹੰਢਾਏ ਜਾ ਰਹੇ ਵਿਤਕਰਿਆ ਨੂੰ ਅਣਡਿੱਠ ਕੀਤਾ ਹੈ। ਕਾਲੇ ਨਾਰੀਵਾਦ ਨੇ ਵੰਗਾਰਿਆ। ਕਾਲੀ ਔਰਤ ਨਾਲ ਲਿੰਗਵਾਦ ਅਤੇ ਨਸਲਵਾਦ ਦੇ ਨਾਂ ਉੱਤੇ ਜੋ ਜ਼ਬਰ ਹੋਇਆ, ਜੋ ਕੁਝ ਗੋਰੀ ਨਸਲ ਵੱਲੋਂ ਕੀਤਾ ਗਿਆ,ਗੋਰੇ ਨਾਰੀਵਾਦ ਨੇ ਇਸ ਬਾਰੇ ਆਪਣੀ ਜ਼ਬਾਨ ਨਹੀਂ ਖੋਲ੍ਹੀ।

## ਰੂਪਗਤ ਅਧਿਐਨ/ਸ਼ਿਲਪ ਵਿਧਾਨ/ਕਲਾਗਤ ਵਿਸ਼ੇਸ਼ਤਾਵਾਂ

ਹਰ ਭਾਸ਼ਾ ਦੇ ਸਾਹਿਤ ਨੂੰ ਵਿਦਵਾਨਾਂ ਨੇ ਦੋ ਮੁੱਖ ਰੂਪਾਂ 'ਕਵਿਤਾ' ਅਤੇ 'ਵਾਰਤਕ' ਵਿੱਚ ਵੰਡਿਆ ਹੈ ਕਵਿਤਾ ਨੂੰ ਜੇਕਰ ਇਤਿਹਾਸਕ ਪੱਖ ਤੋਂ ਦੇਖਿਆ ਜਾਵੇ ਤਾਂ 'ਕਵਿਤਾ' ਦਾ ਆਰੰਭ ਮੱਧਕਾਲ ਦੇ ਰੂਪਾਕਾਰ 'ਗੋਸਟ' ਨਾਲ ਹੋਇਆ। ਜਿਸ ਉਪਰੰਤ ਸ਼ਬਦ, ਸਲੋਕ, ਵਾਰਾਂ, ਬਾਰਾਂਮਾਹੇ, ਸਤਾਵਾਰੇ, ਕਾਫ਼ੀਆਂ, ਪਦਾਂ, ਵਾਰਾਂ, ਛੰਦਾਂ, ਪਟੀ, ਪਹਿਰੇ, ਗਾਥਾ, ਅਲਾਹੁਣੀਆਂ ਹੋਂਦ ਵਿੱਚ ਆਏ। ਵਿਸ਼ਵੀਕਰਨ ਦੇ ਵਰਤਾਰੇ ਕਾਰਨ ਕਵਿਤਾ ਦੇ ਆਧੁਨਿਕ ਦੌਰ ਵਿੱਚ ਕਦਮ ਰੱਖਣ ਨਾਲ ਕਵਿਤਾ ਦਾ ਨਵਾਂ ਦੌਰ ਪ੍ਰਚੱਲਤ ਹੋਇਆ ਜਿਸ ਵਿੱਚ ਵਾਰ-ਵੰਨਗੀ, ਸਟੇਜੀ ਕਵਿਤਾ, ਛੰਦਬੱਧ ਕਵਿਤਾ, ਖੁੱਲ੍ਹੀ-ਕਵਿਤਾ, ਕਿੱਸਾ, ਗੀਤ, ਪ੍ਰਗੀਤ, ਗ਼ਜ਼ਲ, ਨਜ਼ਮ, ਰੁਬਾਈ, ਆਦਿ ਕਾਵਿ ਰੂਪ ਦ੍ਰਿਸ਼ਟੀਗੋਚਰ ਹੋਏ। ਸਮਕਾਲੀ ਪੰਜਾਬੀ ਕਵਿਤਾ ਨੇ ਇਨ੍ਹਾਂ ਕਾਵਿ -ਰੂਪਾਂ ਨੂੰ ਮੂਲ ਰੂਪ ਵਿਚ ਜਾਰੀ ਰੱਖਣ ਦੇ ਨਾਲ -ਨਾਲ ਇਸ ਵਿੱਚ ਗੁਣਾਤਮਕ ਅਤੇ ਗਿਣਾਤਮਕ ਦੋਨਾਂ ਪੱਖੋਂ ਯੋਗਦਾਨ ਪਾਇਆ। ਵਿਦਿਆਰਥੀ ਕਾਵਿ ਰੂਪ ਬਾਰੇ ਆਪਣੇ ਵਿਚਾਰ ਦੇਣਗੇ।

## ਕਾਵਿ-ਭਾਸ਼ਾ ਤੇ ਸ਼ਬਦ ਚੋਣ:

ਸਾਹਿਤ ਦਾ ਸਾਹਿਤ ਵਜੋਂ ਅਧਿਐਨ ਮੁੱਖ ਰੂਪ ਵਿੱਚ ਭਾਸ਼ਾ ਦਾ ਅਧਿਐਨ ਹੈ।ਸਾਹਿਤ ਭਾਸ਼ਾ ਦੀ ਨਿਵੇਕਲੀ ਨੁਹਾਰ ਨਿਸ਼ਚਿਤ ਕਰਨ ਲਈ ਉਸ ਨੂੰ ਵਿਹਾਰ ਭਾਸ਼ਾ ਨਾਲੋਂ ਨਿਖੇੜਨਾ ਜਰੂਰੀ ਹੈ।ਸੰਚਾਰ ਦਾ ਮਾਧਿਅਮ ਭਾਸ਼ਾ ਹੁੰਦੀ ਹੈ ਅਤੇ ਭਾਸ਼ਾ ਦਾ ਵਿਵਹਾਰਿਕ ਅਤੇ ਆਮ ਭਾਸ਼ਾ ਤੋਂ ਵਿਸ਼ੇਸ਼ ਹੋਣਾ ਹੀ ਭਾਸ਼ਾ ਨੂੰ ਸਾਹਿਤਕ ਭਾਸ਼ਾ ਦਾ ਦਰਜਾ ਪ੍ਰਦਾਨ ਕਰਦੀ ਹੈ। ਕਲਾਤਮਿਕ ਸੁਹਜ ਪ੍ਰਦਾਨ ਕਰਨ ਲਈ ਭਾਸ਼ਾ ਦਾ ਸਾਹਿਤਕ ਹੋਣਾ ਵੀ ਜ਼ਰੂਰੀ ਹੈ। ਸਾਹਿਤਕ ਭਾਸ਼ਾ ਵਿਸ਼ੇਸ਼ ਹੋਣ ਦੇ ਮਕਸਦ ਨਾਲ ਹੀ ਸ਼ਬਦ 'ਸੁਹਜ' ਸਿਰਜਣਾ ਵਿੱਚ ਸਹਾਈ ਹੁੰਦੀ ਹੈ। ਜਿਸ ਕਾਰਨ ਕਾਵਿ-ਸੁਹਜ ਦਾ ਮਹੱਤਵ ਵਧਦਾ ਹੈ। ਕਾਵਿ-ਕਲਾ ਅਤੇ ਸੰਚਾਰ ਲਈ ਪ੍ਰਤਿਭਾਮਾਨ ਕਵੀ ਕਿਸੇ ਵੀ ਰਚਨਾ ਨੂੰ ਖਾਸ ਕਰਕੇ ਕਾਵਿ-ਰਚਨਾ ਨੂੰ ਬਹੁਅਰਥੀ ਬਣਾਉਣ ਲਈ ਸੰਚਾਰ ਜੁਗਤਾਂ ਦਾ ਮਹੱਤਵਪੂਰਨ ਤਰੀਕੇ ਨਾਲ ਨਿਭਾਅ ਕਰਦਾ ਹੈ। ਕਾਵਿ ਭਾਸ਼ਾ ਦੇ ਨਿਵੇਕਲੇ ਲੱਛਣਾਂ ਦੀ ਪਹਿਚਾਣ ਵਾਰਤਕ ਜਾਂ ਵਿਵਹਾਰ, ਵਿਗਿਆਨਕ ਭਾਸ਼ਾ ਦੇ ਵਿਰੋਧ ਵਿੱਚ ਕੀਤੀ ਜਾ ਸਕਦੀ ਹੈ। ਰੂਪਵਾਦੀਆਂ ਦੇ ਚਿੰਤਨ ਦਾ ਅਰੰਭ ਬਿੰਦੂ ਇਹੋ ਅੰਤਰ ਦ੍ਰਿਸ਼ਟੀ ਹੈ। ਉਹਨਾਂ ਅਨੁਸਾਰ ਭਾਸ਼ਾ ਸੰਚਾਰ ਸਾਧਕ ਦਾ ਕੰਮ ਕਰਦੀ ਹੈ, ਉਸ ਦਾ ਸੁਤੰਤਰ ਮੁੱਲ ਨਹੀ ਹੁੰਦਾ। ਕਾਵਿ ਭਾਸ਼ਾ ਵਿੱਚ ਸੰਚਾਰਕ ਜਾਂ ਵਿਵਹਾਰਕ ਪ੍ਰਯੋਜਨ ਵੀ ਸ਼ਾਮਿਲ ਹੁੰਦਾ ਹੈ ਪਰ ਉਹ ਪਿੱਠ ਭੂਮੀ ਵਿੱਚ ਚਲਾ ਜਾਂਦਾ ਹੈ ਤੇ ਭਾਸ਼ਕ ਰੂਪ ਵਿਧੀਆਂ ਦਾ ਆਪਣਾ ਸੁਤੰਤਰ ਮੁੱਲ ਅਗਾਹ ਆ ਜਾਂਦਾ ਹੈ। ਰੂਪਵਾਦੀਆਂ ਨੇ ਇਸ ਅੰਤਰ ਦ੍ਰਿਸ਼ਟੀ ਨੂੰ fore grounding (ਅਗਰ ਭੂਮੀ) ਦੇ ਨਾਮ ਨਾਲ ਪੇਸ਼ ਕੀਤਾ ਹੈ।

ਲੌਂਜਾਈਨਸ ਨੇ ਉੱਤਮ ਸ਼ਬਦ-ਚੋਣ ਜਾਂ ਉਤਕਿਸ਼ਟ ਪਦਾਵਲੀ ਸੰਬੰਧੀ ਚਰਚਾ ਕਰਦਿਆਂ ਹੋਇਆ ਇਹ ਲਿਖਿਆ ਹੈ ਕਿ ਯੋਗ, ਅਨੁਕੂਲ ਅਤੇ ਸ੍ਰੇਸ਼ਠ ਸ਼ਬਦਾਂ ਦੀ ਵਰਤੋਂ, ਪਾਠਕਾਂ ਨੂੰ ਆਪਣੇ ਵੱਲ ਖਿੱਚਣ ਦੀ ਸ਼ਕਤੀ ਰੱਖਦੇ ਹਨ।ਅਜਿਹੀ ਚੋਣ ਸਾਰੇ ਵਕਤਿਆਂ ਅਤੇ ਲੇਖਕਾਂ ਦੇ ਵਿਹਾਰ ਦੀ ਬਹੁਤ ਉੱਚੀ ਸਾਮਗਰੀ ਹੈ ਕਿਉਂਕਿ ਆਪਣੇ ਅੰਤਰੀਵ ਗੁਣਾਂ ਕਰਕੇ ਹੀ ਸ਼ਬਦਾਂ ਵਿਚ ਮਹਾਨਤਾ, ਗੌਰਵਸ਼ੀਲਤਾ ਤੇ ਨਿਪੁੰਨਤਾ ਆਉਂਦੀ ਹੈ। ਸ਼ਬਦ-ਚੋਣ ਨਾਲ ਨਿਗੂਣੇ ਜਿਹੇ ਤੱਥਾਂ ਵਿਚ ਬੋਲਦੀ-ਚਾਲਦੀ ਆਤਮਾ ਪਵੇਸ਼ ਕਰ ਜਾਂਦੀ ਹੈ। ਸੱਚ ਤਾਂ ਇਹ ਹੈ ਕਿ ਸੁੰਦਰ ਸ਼ਬਦ ਵਾਸਤਵਿਕ ਅਤੇ ਵਿਸ਼ੇਸ਼ ਰੂਪ ਵਿਚ ਵਿਚਾਰਾਂ ਨੂੰ ਪ੍ਰਕਾਸ਼ਮਾਨ ਕਰਨ ਵਾਲੇ ਹੁੰਦੇ ਹਨ।

ਪ੍ਰਸਿੱਧ ਅੰਗਰੇਜ਼ੀ ਆਲੋਚਕ ਕੋਲਰਜ਼ ਨੇ ਕਵਿਤਾ ਦੀ ਪਰਿਭਾਸ਼ਾ ਸ਼ਬਦਾਂ ਦੀ ਸੰਯੋਗ ਚੋਣ ਦੇ ਆਧਾਰ ਉੱਤੇ ਕੀਤੀ ਹੈ; ਉਸ ਅਨੁਸਾਰ ਕਵਿਤਾ ਸੁੰਦਰ ਸ਼ਬਦਾਂ ਦੀ ਸੁੰਦਰ ਤਰਤੀਬ ਹੁੰਦੀ ਹੈ।

ਉਤਕ੍ਰਿਸ਼ਟ ਸ਼ਬਦ ਚੋਣ ਵਿੱਚ ਲੌਂਜਾਈਨਸ ਨੇ ਸ਼ਬਦ ਚੋਣ ਤੇ ਭਾਸ਼ਾ ਦੀ ਸਜਾਵਟ ਨੂੰ ਲਿਆ ਹੈ ਉਸ ਅਨੁਸਾਰ ਉਤਕ੍ਰਿਸ਼ਟ ਭਾਸ਼ਾ ਸ਼ੈਲੀ ਵਿੱਚ ਉਤਕ੍ਰਿਸ਼ਟ ਭਾਵ ਪ੍ਰਗਟਾ ਨਾਲ ਉਦਾਤ ਰਚਨਾਵਾਂ ਪੈਦਾ ਹੋ ਜਾਂਦੀਆਂ ਹਨ। ਉਸ ਅਨੁਸਾਰ ਉਤਕ੍ਰਿਸ਼ਟ ਵਿਚਾਰ ਸਾਧਾਰਨ ਤੇ ਘਟੀਆ ਸ਼ਬਦਾਵਲੀ ਵਿੱਚ ਵੀ ਨਹੀਂ ਪ੍ਰਗਟਾਏ ਜਾ ਸਕਦੇ ਹਨ । ਸ਼ਬਦ ਸ਼ਕਤੀ ਦੀ ਮਹਾਨਤਾ ਨੂੰ ਸਵੀਕਾਰ ਕਰਦਿਆਂ ਹੋਇਆਂ ਉਹ ਕਹਿੰਦੇ ਹਨ ਕਿ ਉਤਕ੍ਰਿਸ਼ਟ ਸ਼ਬਦ ਚੋਣ ਨਾਲ ਸਾਹਿਤ ਵਿੱਚ ਸੁੰਦਰਤਾ, ਕੋਮਲਤਾ, ਸ਼ਕਤੀ, ਉੱਤਮਤਾ, ਗੰਭੀਰਤਾ ਸ੍ਰੇਸ਼ਠਤਾ ਤੇ ਚਮਕ

ਆਦਿ ਦੇ ਭਾਵ ਪੈਦਾ ਹੁੰਦੇ ਹਨ ਲੌਂਜਾਈਨਸ ਨੇ ਸ਼ਬਦ ਅਡੰਬਰ ਦੀ ਥਾਂ ਤੇ ਭਾਸ਼ਾ ਦੀ ਵਿਸ਼ੇ ਅਨੁਕੂਲਤਾ, ਸਰਲਤਾ ਤੇ ਸਾਧਾਰਨਤਾ ਉੱਤੇ ਜ਼ੋਰ ਦਿੱਤਾ ਹੈ।

## ਰਸ ਵਿਧਾਨ:

ਰਸ ਨੂੰ ਕਾਵਿ ਦੀ ਆਤਮਾ ਮੰਨਿਆ ਗਿਆ ਹੈ। ਰਸ ਤੋਂ ਭਾਵ ਹੈ- ਕਾਵਿ ਆਨੰਦ। ਭਰਤਮੁਨੀ ਨੂੰ ਰਸ ਸੰਪਰਦਾਇ ਦਾ ਮੋਢੀ ਮੰਨਿਆ ਜਾਂਦਾ ਹੈ। ਭਰਤ ਮੁਨੀ ਆਪਣੇ ਗ੍ਰੰਥ 'ਨਾਟਯ-ਸ਼ਾਸਤ੍ਰ' ਵਿਚ ਰਸ ਦੀ ਪਰਿਭਾਸ਼ਾ ਦਿੰਦਾ ਲਿਖਦਾ ਹੈ:

"ਜਿਸ ਤਰ੍ਹਾਂ ਅਨੇਕ ਪ੍ਰਕਾਰ ਦੇ ਵਿਅੰਜਨਾਂ, ਔਸ਼ਿਧਾਵਾਂ ਅਰਥਾਤ ਦ੍ਰਵਾਂ ਦੇ ਸੰਜੋਗ ਨਾਲ (ਭੋਜ) ਰਸ ਬਣਦਾ ਹੈ-ਉਸੇ ਪ੍ਰਕਾਰ ਵਿਵਿਧ ਭਾਵ ਸੰਯੁਕਤ ਹੋ ਕੇ ਸਥਾਈ ਭਾਵ ਦੁਆਰਾ (ਨਾਟਯ) ਰਸ-ਨਿਸ਼ਪਤੀ ਕਰਦੇ ਹਨ।"

ਡਾ.ਕਰਤਾਰ ਸਿੰਘ ਹਿਤਕਾਰੀ ਰਸ ਨੂੰ ਪਰਿਭਾਸ਼ਤ ਕਰਦੇ ਲਿਖਦੇ ਹਨ:

"ਵਿਭਾਵ ਅਨੁਭਾਵ ਸੰਚਾਰੀ ਆਦਿ ਨਾਲ ਪਰਿਪੂਰਨ ਆਨੰਦ ਰੂਪ ਸਾਖਯਾਤਕਾਰ ਨੂੰ ਪ੍ਰਾਪਤ ਹੋਏ ਹੋਏ ਸਥਾਈ ਭਾਵ ਨੂੰ ਰਸ ਆਖਦੇ ਹਨ।"

ਭਰਤਮੁਨੀ ਅਨਸਾਰ ਰਸ ਤੋਂ ਬਿਨਾਂ ਕਿਸੇ ਅਰਥ ਦੀ ਪ੍ਰਾਪਤੀ ਹੋ ਹੀ ਨਹੀਂ ਸਕਦੀ। ਕਵੀ ਦਾ ਸਮੁੱਚਾ ਸੁਹਜਵਾਦੀ ਅਨੁਭਵ ਹੀ ਰਸ ਹੈ। ਵਿਦਵਾਨ ਡਾ. ਵਿਸ਼ਵਾਨਾਥ ਦਾ ਮੰਨਣਾ ਹੈ ਕਿ ਰਸ ਯੁਕਤ ਵਾਕ ਹੀ ਕਾਵਿ ਹੈ।ਕਾਵਿ-ਰਸ, ਪਦਾਰਥਿਕ ਰਸ ਅਤੇ ਸਰੀਰਿਕ ਰਸ ਤੋਂ ਭਿੰਨ ਸੁਤੰਤਰ ਹੋਂਦ ਰਖਦਾ ਹੈ। ਕਾਵਿ ਵਿਚ ਰਸ ਦਾ ਮਹੱਤਵ ਭਾਰਤੀ ਅਤੇ ਪੱਛਮੀ ਵਿਦਵਾਨਾਂ ਨੇ ਕਾਵਿ ਦੇ ਮੁੱਖ ਲਖਸ਼ ਵਜੋਂ ਹੀ ਸਵੀਕਾਰ ਕੀਤਾ ਹੈ।

### ਨੋਟ-

ਅਧਿਆਇ-9 ਵਿਚ 'ਰਸ' ਦਾ ਵਿਸਤ੍ਰਿਤ ਵਰਣਨ ਕੀਤਾ ਗਿਆ ਹੈ। ਵਿਦਿਆਰਥੀ ਉਸ ਅਧਿਆਇ ਦੇ ਅਧਿਐਨ ਤੋਂ 'ਰਸ' ਦੀ ਪਛਾਣ ਕਰ ਸਕਣਗੇ ਤੇ ਦਿੱਤੀ ਹੋਈ ਕਾਵਿ-ਕਿਰਤ ਵਿਚੋਂ 'ਰਸ' ਨੂੰ ਪ੍ਰਗਟਾ ਸਕਣਗੇ।

## *ਅੰਲਕਾਰ ਵਿਧਾਨ:*

ਅਲੰਕਾਰ ਦਾ ਸਾਧਾਰਣ ਅਰਥ 'ਗਹਿਣਾ' ਜਾਂ 'ਸਜਾਵਟ' ਹੈ। ਭਾਰਤੀ ਚਿੰਤਕ ਅਲੰਕਾਰ-ਰਹਿਤ ਕਾਵਿ ਨੂੰ ਉਤਕ੍ਰਿਸ਼ਟ ਨਹੀਂ ਮੰਨਦੇ। ਕਾਵਿ ਅੰਦਰ ਉਚੇਚੀ ਸੁੰਦਰਤਾ ਲਿਆਉਣ ਵਾਲੇ ਤੱਤ ਅਲੰਕਾਰ ਹਨ। 'ਸ਼ਬਦ ਅਤੇ ਅਰਥ ਦੇ ਵਰਣਨ ਕਰਨ ਦੀ ਰੀਤਿ, ਜੋ ਕਾਵਯ ਦੀ ਸ਼ੋਭਾ ਵਧਾਵੇ ਅਲੰਕਾਰ ਹੈ।' ਸੰਸਕ੍ਰਿਤ ਦਾ ਪ੍ਰਸਿੱਧ ਵਿਦਵਾਨ ਭਾਮਹ ਅਲੰਕਾਰ ਨੂੰ ਪ੍ਰਥਮ ਸਥਾਨ ਦਿੰਦਾ ਹੈ। ਉਹ ਅਲੰਕਾਰ ਨੂੰ ਸ਼ਬਦ ਅਤੇ ਅਰਥ ਦੀ ਵਿਚਿਤ੍ਰਤਾ ਅਤੇ ਦੰਡੀ ਕਾਵਿ-ਸ਼ੋਭਾ ਨੂੰ ਵਧਾਉਣ ਵਾਲਾ ਗੁਣ ਦਰਸਾਉਂਦਾ ਹੈ। ਡਾ.ਓਮ ਪ੍ਰਕਾਸ਼ ਆਪਣੀ ਪੁਸਤਕ ਅਲੰਕਾਰ-ਵਿਧਾਨ ਵਿਚ ਲਿਖਦਾ ਹੈ:

"ਸਾਰੀਆਂ ਕਲਾਵਾਂ ਵਿਚੋਂ ਸਾਹਿੱਤ ਜਾਂ ਕਾਵਿ-ਕਲਾ ਸਭ ਤੋਂ ਉੱਚੀ ਮੰਨੀ ਜਾਂਦੀ ਹੈ। ਉਸ ਦੀ ਉੱਚਤਾ ਦੇ ਅਨੇਕ ਸਾਧਨਾਂ ਵਿਚੋਂ ਇੱਕ ਸਾਧਨ ਅਲੰਕਾਰ ਵੀ ਹੈ।"

ਡਾ. ਓਮ ਪ੍ਰਕਾਸ਼ ਅੰਲਕਾਰਾਂ ਦਾ ਹੋਰ ਸਪਸ਼ਟੀਕਰਨ ਕਰਦੇ ਆਖਦੇ ਹਨ:

"ਅਲੰਕਾਰ ਸਾਹਿੱਤਕਾਰ ਦੇ ਮਨ ਵਿਚ ਫੁਰਨ ਵਾਲੇ ਚਮਤਕਾਰ-ਭਾਵ ਦਾ ਉਹ ਰੂਪ ਹੈ ਜਿਹੜਾ ਬਾਣੀ ਦਾ ਭੂਸ਼ਣ ਅਤੇ ਕੰਨਾਂ ਲਈ ਸੁਖਦਾਇਕ ਹੈ।"

### ਨੋਟ-

ਅਧਿਆਇ-10 ਵਿਚ ਅੰਲਕਾਰਾਂ ਦਾ ਵਿਸਤ੍ਰਿਤ ਵਰਣਨ ਕੀਤਾ ਗਿਆ ਹੈ। ਵਿਦਿਆਰਥੀ ਉਸ ਅਧਿਆਇ ਦੇ ਅਧਿਐਨ ਤੋਂ ਅੰਲਕਾਰਾਂ ਦੀ ਪਛਾਣ ਕਰ ਸਕਣਗੇ ਤੇ ਦਿੱਤੀ ਹੋਈ ਕਾਵਿ-ਕਿਰਤ ਵਿਚੋਂ ਅੰਲਕਾਰਾਂ ਨੂੰ ਪ੍ਰਗਟਾ ਸਕਣਗੇ।

## ਬਿੰਬ-ਵਿਧਾਨ:

ਬਿੰਬ ਨੂੰ ਕਾਵਿ-ਕਲਾ ਦਾ ਬੁਨਿਆਦੀ ਤੱਤ ਸਵੀਕਾਰਿਆ ਗਿਆ ਹੈ। ਬਿੰਬ ਇਕ ਇਹੋ ਜਿਹਾ ਸ਼ਬਦ ਚਿੱਤਰ ਹੁੰਦਾ ਹੈ ਜੋ ਪਾਠਕਾਂ ਤੇ ਸਰੋਤਿਆਂ ਵਿਚ ਉਹੋ ਜਿਹਾ ਵੇਗ ਤੇ ਆਵੇਸ਼ ਪੈਦਾ ਕਰ ਦਿੰਦਾ ਹੈ ਜੋ ਕਵੀ ਦੀ ਚੇਤਨਾ ਵਿਚ ਮੌਜੂਦ ਹੁੰਦਾ ਹੈ। ਰਾਬਨਸਨ ਕੈਲਟਨ ਅਨੁਸਾਰ ਬਿੰਬ ਅਜਿਹਾ ਸ਼ਬਦ ਚਿੱਤਰ ਹੈ ਜੋ ਇੰਦ੍ਰਿਆਵੀਂ ਬੋਧ ਨੂੰ ਉਜਾਗਰ ਕਰ ਦਿੰਦਾ ਹੈ। ਬਿੰਬ ਕਿਸੇ ਵਸਤੂ ਦੀ ਮਾਨਸਿਕ ਪ੍ਰਤੀਨਿਧਤਾ

ਹੈ ਜੋ ਕਿਸੇ ਅਨੁਬੋਧ ਦੀ ਥਾਂ ਸਿਮਰਤੀ ਜਾਂ ਕਲਪਨਾ ਦੁਆਰਾ ਕੀਤੀ ਕੀਤੀ ਜਾਂਦੀ ਹੈ। ਅੰਗਰੇਜ਼ੀ ਪੰਜਾਬੀ ਕੋਸ਼ ਵਿੱਚ ਬਿੰਬ ਨੂੰ ਮੂਰਤੀ, ਬੁੱਤ, ਚਿੱਤਰ, ਮੂਰਤ, ਪ੍ਰਤੀਬਿੰਬ, ਅਕਸ, ਪਰਛਾਈ, ਪ੍ਰਤੀਰੂਪ, ਸਮਰੂਪ ਖਿਆਲ ਕਰਨਾ, ਉਪਮਾ, ਰੂਪਕ ਆਦਿ ਅਨੇਕ ਅਰਥ ਦਿੱਤੇ ਹਨ। ਬਿੰਬ ਆਪਣੇ ਸਾਰੇ ਗੁਣ ਜਿਵੇਂ ਉਤੇਜਿਕਤਾ, ਤੀਬਰਤਾ, ਮੌਲਿਕਤਾ ਜਾਣ-ਪਛਾਣ, ਉਚਿਤਤਾ ਆਦਿ ਕਵਿਤਾ ਵਿੱਚ ਉਤਾਰਦਾ ਹੈ।

"ਪ੍ਰਤੀਕ ਯਥਾਰਥ ਦੀ ਅਨੇਕਤਾ ਨੂੰ ਜਿਥੇ ਸਾਮੂਹਿਕ ਪੱਖ ਤੋਂ ਸੰਕਲਪਮਈਤਾ ਬਖਸ਼ਦਾ ਹੈ ਉਥੇ ਬਿੰਬ ਅਜਿਹੀ ਸੰਕਲਪਮਈਤਾ ਨੂੰ ਬਿੰਬ (ਮੂਰਤ) ਰਾਹੀਂ ਪ੍ਰਗਟ ਕਰਦਾ ਹੈ।"

ਇੰਦ੍ਰਿਆਵੀ ਬਿੰਬ- ਜਿਹੜੇ ਇੰਦਰੀਆਂ ਨਾਲ ਸਬੰਧਿਤ ਹੁੰਦੇ ਹਨ। ਦ੍ਰਿਸ਼ ਜਾਂ ਰੂਪ, ਸ਼ਬਦ ਜਾਂ ਸ੍ਰਵਣ, ਗੰਧ, ਸਵਾਦ ਅਤੇ ਸਪਰਸ਼ ਬਿੰਬ।

**ਰੂਪ ਬਿੰਬ-** ਇਸ ਵਿਚ ਪ੍ਰਧਾਨਤਾ ਦ੍ਰਿਸ਼ਟਤਾ ਦੀ ਹੁੰਦੀ ਹੈ।ਅੱਖਾਂ ਸਾਮ੍ਹਣੇ ਹਰ ਵਸਤੂ ਦ੍ਰਿਸ਼ਟੀਗੋਚਰ ਪ੍ਰਤੀਤ ਹੁੰਦੀ ਹੈ।

"ਕਲਰ ਕੇਰੀ ਛਪੜੀ ਕਊਆ ਮਲਿ ਮਲਿ ਨਾਇ॥

"ਮਨੁ ਤਨੁ ਧਨੁ ਆਗੈ ਰਾਖਿਆ ਸਿਰੁ ਵੇਚਿਆ ਗੁਰ ਆਗੈ ਜਾਇ॥

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥
ਭਰਿ ਸਰਵਰ ਜਬ ਊਛਲੇ ਤਬ ਤਰਣੁ ਦੁਹੇਲਾ॥

ਮਾਟੀ ਕੋ ਪੁਤਰਾ ਕੈਸੇ ਨਚਤੁ ਹੈ॥ ਦੇਖੈ ਦੇਖੈ ਸੁਨੈ ਬੋਲੈ ਦਉਰਿਓ ਫਿਰਤ ਹੈ॥
ਜਬ ਕਛੁ ਪਾਵੈ ਤਬ ਗਰਬੁ ਕਰਤੁ ਹੈ॥ ਮਾਇਆ ਗਈ ਤਬ ਰੋਵਨੁ ਲਗਤੁ ਹੈ॥

ਮਾਟੀ ਏਕ ਸਗਲ ਸੰਸਾਰਾ॥
ਬਹੁ ਬਿਧਿ ਭਾਂਡੇ ਘੜੇ ਕੁਮਹਾਰਾ॥

ਥਾਈਂ ਥਾਈਂ ਖੇਡਾਂ ਤੇ ਪੰਘੂੜੇ ਆਏ ਨੇ।
ਜੋਗੀਆਂ ਮਦਾਰੀਆਂ ਤਮਾਸ਼ੇ ਲਾਏ ਨੇ।

**ਨਾਦ ਬਿੰਬ-** ਇਸ ਬਿੰਬ ਦਾ ਸਬੰਧ ਕੰਨਾਂ ਨਾਲ ਹੈ। ਸ਼ਬਦਾਂ ਦੀ ਨਾਦਮਈ ਧੁਨ ਇਸ ਦਾ ਅਧਾਰ ਹੈ।

ਬਾਬੀਹਾ ਪ੍ਰਿਉ ਪ੍ਰਿਉ ਕਰੇ ਜਲ ਨਿਧਿ ਪ੍ਰੇਮ ਪਿਆਰਿ॥
ਰਾਗ ਰਤਨ ਪਰਵਾਰ ਪਰੀਆ ਸਬਦ ਗਾਵਣ ਆਈਆ॥
ਸਬਦੋ ਤ ਗਾਵਹੁ ਹਰੀ ਕੇਰਾ ਮਨਿ ਜਿਨੀ ਵਸਾਇਆ॥

ਕੈਸੀ ਆਰਤੀ ਹੋਇ ਭਵਖੰਡਨਾ ਤੇਰੀ ਆਰਤੀ॥
ਅਨਹਤਾ ਸ਼ਬਦ ਵਾਜੰਤ ਭੇਰੀ॥

ਘੜੀਐ ਸਬਦੁ ਸਚੀ ਟਕਸਾਲ॥

ਵੰਝਲੀ, ਲੰਗੋਜਾ, ਕਾਟੋ, ਤੂੰਬਾ ਵੱਜਦੇ

ਛਿੰਝ ਵਿਚ ਸੂਰੇ ਪਹਿਲਵਾਨ ਗੱਜਦੇ।

**ਰਸ ਬਿੰਬ:** ਰਸ ਬਿੰਬ ਦਾ ਆਧਾਰ ਜਾ ਸਰੋਤ ਜੀਭ ਹੈ। ਇਹ ਬਿੰਬ ਕਿਸੇ ਵਸਤੂ ਦੇ ਰਸਦਾਇਕ, ਬੇਰਸੀ, ਮਿੱਠੀ, ਕੌੜੀ ਜਾਂ ਖੱਟੀ ਹੋਣ ਦਾ ਪ੍ਰਗਟਾ ਕਰਵਾਉਂਦਾ ਹੈ-

ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥

ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ॥

ਸਭੇ ਵਸਤੂ ਮਿਠੀਆ ਰਬ ਨ ਪੁਜਨਿ ਤੁਧੁ॥

ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ॥

ਜਿਨਾ ਖਾਧੀ ਚੋਪੜੀ ਘਣੇ ਸਹਿਣਗੇ ਦੁਖ॥

ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ॥

ਕ੍ਰਿਪਾ ਜਲ ਦੇਹਿ ਨਾਨਕ ਸਾਰਿੰਗ ਕਉ ਹੋਇ ਜਾਤੇ ਤੇਰੇ ਨਾਮ ਵਾਸਾ॥

ਜਿਉ ਪੁਰਖੈ ਘਰਿ ਭਗਤੀ ਨਾਰਿ ਹੈ ਅਤਿ ਲੋਚੈ ਭਗਤੀ ਭਾਇ॥

ਬਹੁਰਸ ਸਾਲਣੇ ਸਵਾਰਦੀ ਖਟ ਰਸ ਮੀਠੇ ਪਾਇ॥

ਤਿਉ ਬਾਣੀ ਭਗਤ ਸਲਾਹਦੇ ਹਰਿ ਨਾਮੈ ਚਿਤੁ ਲਾਇ॥

ਮੀਨ ਪਕਰਿ ਫਾਕਿਓ ਅਰੁ ਕਾਟਿਓ ਰਾਧਿ ਕੀਓ ਬਹੁ ਬਾਨੀ॥

ਖੰਡ ਖੰਡ ਕਰ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ॥

ਗਰੀ ਛੁਹਾਰੇ ਖਾਂਦੀਆਂ ਮਾਣਨ੍ਹਿ ਸੇਜੜੀਆ॥

ਲੱਸੀ ਦਾ ਛੰਨਾ ਦਿੰਦੇ

ਬਾਜਰੇ ਦੀ ਰੋਟੀ

ਮੱਖਣ ਦੀ ਪਿੰਨੀ ਦਿੰਦੇ,

ਦੁੱਧ ਦੀਆਂ ਕਟੋਰੀਆਂ।

ਸਾਗ ਦਿੰਦੇ, ਦਾਣੇ ਦਿੰਦੇ ਭੁੰਨੇ;

ਮੱਕੀ, ਜਵਾਰ ਤੇ ਛੋਲਿਆਂ।

**ਸਪਰਸ਼ ਬਿੰਬ-** ਇਸ ਬਿੰਦ ਦਾ ਆਧਾਰ ਚਮੜੀ ਦੇ ਸਪਰਸ਼ ਦਾ ਅਹਿਸਾਸ ਜਾਂ ਅਨੁਭਵ ਹੈ । ਕਈ ਪ੍ਰਕਾਰ ਦੇ ਭਾਵ- ਤਪਸ਼, ਨਿੱਘ, ਰੜਕ, ਕੰਬਣੀ ਆਦਿ ਨੂੰ ਮਹਿਸੂਸ ਕੀਤਾ ਜਾ ਸਕਦਾ ਹੈ।

ਚੋਟੈ ਸੇਤੀ ਜੋ ਮਰੈ ਲਗੀ ਨਾ ਪਰਵਾਣੁ॥

ਜਿਸ ਨੋ ਲਾਏ ਤਿਸੁ ਲਗੈ ਲਗੀ ਨਾ ਪਰਵਾਣੁ॥

ਅਨੰਦ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ

ਸਤਿਗੁਰੁ ਤ ਪਾਇਆ ਸਹਜ ਸੇਤੀ

ਮਨਿ ਵਜੀਆ ਵਾਧਾਈਆ॥

ਹਥਿ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ॥

ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ॥

ਸੀਆਲੇ ਸੋਹੰਦੀਆਂ ਪਿਰ ਗਲਿ ਬਾਹੜੀਆਂ

ਥਿਗੜੀਆਂ ਵਾਲੀ ਸੁਥਣ ਕੁੰਜ ਕੇ

ਫੜ ਕੇ ਮੇਰੀ ਬਾਂਹ,

ਠਿਲ੍ਹ ਪਈ ਵਿਚ ਸੁਹਾਂ, ਕੁੜੀ ਪੋਠੋਹਾਰ ਦੀ।

**ਗੰਧ ਬਿੰਬ:** ਇਸ ਬਿੰਬ ਦਾ ਸੰਬੰਧ ਨੱਕ ਨਾਲ ਹੈ। ਨੱਕ ਦਾ ਸੰਬੰਧ ਸੁੰਘਣ ਸ਼ਕਤੀ ਨਾਲ ਹੈ। ਗੁਰਬਾਣੀ ਵਿਚੋਂ ਇਸ ਦੀਆਂ ਅਨੇਕਾਂ ਮਿਸਾਲਾਂ ਮਿਲਦੀਆਂ ਹਨ।

ਫਲ ਕਾਰਨ ਫੂਲੀ ਬਨਰਾਇ॥

ਫਲ ਲਾਗਾ ਤਬ ਫੂਲੁ ਬਿਲਾਇ॥

ਧੂਪੁ ਮਲਆਨਲੋ ਪਵਨੁ ਚਵਰ ਕਰੇ ਸਗਲ ਬਨਰਾਇ ਫੂਲੰਤ ਜੋਤੀ॥

ਹਥਿ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ॥

ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ॥

## ਪ੍ਰਤੀਕ ਵਿਧਾਨ:

ਪ੍ਰਤੀਕ ਅੰਗਰੇਜੀ ਭਾਸ਼ਾ ਦੇ ਸ਼ਬਦ Symbol ਦਾ ਸਮਾਨਅਰਥੀ ਸ਼ਬਦ ਹੈ। ਜਦੋਂ ਕਿਸੇ ਵਿਸ਼ੇ ਵਿਚ ਵਰਣਨਯੋਗ ਵਸਤੂ ਦਾ ਬਿਆਨ ਕਰਕੇ ਉਸ ਦੀ ਥਾਂ ਉਸ ਨਾਲ ਮਿਲਦੀ ਹੋਰ ਵਸਤੂ ਨੂੰ ਵੀ ਪੇਸ਼ ਕਰ ਦਿੱਤਾ ਜਾਦਾ ਹੈ ਤਾਂ ਕਿ ਵਿਸ਼ੇ ਦਾ ਪ੍ਰਭਾਵ ਵਧੇਰੇ ਪ੍ਰਬੱਲ ਤੇ ਡੂੰਘਾ ਹੋ ਜਾਵੇ; ਉਸ ਨੂੰ ਪ੍ਰਤੀਕ ਕਿਹਾ ਜਾਦਾ ਹੈ। ਬਹੁਤੀ ਵਾਰ ਪ੍ਰਤੀਕ ਤੇ ਚਿੰਨ੍ਹ ਨੂੰ ਇਕੋਂ ਸਮਝ ਲਿਆ ਜਾਂਦਾ ਹੈ ਪਰ ਚਿੰਨ੍ਹ ਤੇ ਪ੍ਰਤੀਕ ਵਿਚ ਫ਼ਰਕ

ਹੈ। ਹਰ ਪ੍ਰਤੀਕ ਚਿੰਨ੍ਹ ਹੋ ਸਕਦਾ ਹੈ ਪਰ ਹਰ ਚਿੰਨ੍ਹ ਪ੍ਰਤੀਕ ਨਹੀਂ ਹੁੰਦਾ। ਅਸਲ ਵਿਚ ਜਦੋਂ ਕਿਸੇ ਕਲਾਕਾਰ ਨੂੰ ਆਪਣੇ ਭਾਵਾਂ ਦੀ ਢੁਕਵੀਂ ਤੇ ਯੋਗ/ਸਫਲ ਪੇਸ਼ਕਾਰੀ ਵਿਚ ਵਿਚ ਸ਼ਬਦਾਂ ਦੀ ਥੁੜ ਜਾਂ ਘਾਟ ਮਹਿਸੂਸ ਹੁੰਦੀ ਹੈ ਤਾਂ ਉਹ ਪ੍ਰਤੀਕਾਂ ਦੀ ਮੱਦਦ ਲੈਂਦਾ ਹੈ। ਇਸ ਦਾ ਇਕ ਪਾਸਾਰ ਇਹ ਵੀ ਹੈ ਕਿ ਆਪਣੇ ਭਾਵਾਂ ਨੂੰ ਵਧੇਰੇ ਪ੍ਰਭਾਵਸ਼ਾਲੀ ਅਤੇ ਗਹਿਰਾਈ ਤੱਕ ਪਹੁੰਚਾਣ ਲਈ ਕਵੀ ਪ੍ਰਤੀਕਾਂ ਨੂੰ ਮਾਧਿਅਮ ਵੱਜੋਂ ਵਰਤਦਾ ਹੈ। ਪ੍ਰਤੀਕਾਂ ਦਾ ਕਾਰਜ-ਖੇਤਰ ਆਮ ਤੌਰ ਤੇ ਅਰਥਾਂ ਦੇ ਅਰਥਾਂ ਦਾ ਸੰਚਾਰ ਹੁੰਦਾ ਹੈ।

ਡਾ. ਨਿਤਆਨੰਦ ਅਨੁਸਾਰ:

'ਅਪ੍ਰਸਤੁਤ, ਅਗੋਚਰ ਤੇ ਅਮੂਰਤ ਦੀ ਪ੍ਰਤਿਨਿੱਧਤਾ ਕਰਨ ਵਾਲੇ ਗੋਚਰ ਵਸਤੂ-ਵਿਧਾਨ ਨੂੰ ਪ੍ਰਤੀਕ ਆਖਦੇ ਹਨ। ਜੋ ਦੇਸ਼ ਕਾਲ ਅਤੇ ਸਾਂਸਕ੍ਰਿਤਕ ਮਾਨਤਾਵਾਂ ਕਾਰਨ ਸਾਡੇ ਮਨ ਤੇ ਤੀਬਰ ਭਾਵਨਾਵਾਂ ਜਾਗ੍ਰਤ ਕਰਦੇ ਹਨ'

ਇਨਸਾਈਕਲੋਪੀਡੀਆ ਬ੍ਰਿਟੇਨਕਾ ਵਿਚ ਪ੍ਰਤੀਕ ਨੂੰ ਇਸ ਤਰ੍ਹਾਂ ਪਰਿਭਾਸ਼ਤ ਕੀਤਾ ਗਿਆ ਹੈ:

"ਪ੍ਰਤੀਕ ਕਿਸੇ ਅਮੂਰਤ ਵਸਤੂ ਦਾ ਸ਼ਬਦ ਸੰਕੇਤ ਹੈ ਜੋ ਗੋਚਰ ਨਹੀਂ ਹੋ ਸਕਦੀ ਜਿਸਦਾ ਸਿਰਫ ਅਨੁਭਵ ਹੀ ਕੀਤਾ ਜਾ ਸਕਦਾ ਹੈ।"

ਪ੍ਰਤੀਕਾਂ ਦਾ ਮੁੱਖ ਮੰਤਵ ਭਾਵਨਾ ਨੂੰ ਉਸ ਦੇ ਸਹੀ ਪਰਿਪੇਖ ਵਿਚ ਮੂਰਤੀਮਾਨ ਕਰਨਾ ਹੁੰਦਾ ਹੈ।ਇਹਨਾਂ ਦੀ ਵਰਤੋਂ ਪ੍ਰਾਕ੍ਰਿਤਕ, ਇਤਿਹਾਸਕ-ਮਿਥਿਹਾਸਕ, ਅਧਿਆਤਮਿਕ ਜੀਵਨ ਸਬੰਧੀ, ਗੁਰਮੁਖ-ਮਨਮੁਖ, ਗੁਰੂ, ਪਰਮਾਤਮਾ, ਮਨੁੱਖੀ ਸਰੀਰ ਸਬੰਧੀ ਕੀਤੀ ਗਈ ਮਿਲਦੀ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿਚ ਪੇਸ਼ ਪ੍ਰਤੀਕਾਂ ਨੂੰ ਹੇਠ ਲਿਖੇ ਹਵਾਲਿਆਂ ਨਾਲ ਸਮਝਿਆ ਜਾ ਸਕਦਾ ਹੈ-

ਜੈਸਾ ਰੰਗ **ਕਸੁੰਭ** ਕਾ ਤੈਸੜਾ ਇਹ ਸੰਸਾਰ॥

ਕਹਿ ਰਵਿਦਾਸ **ਬਾਜੀ** ਜਗੁ ਭਾਈ॥

**ਬਾਜੀਗਰ** ਸਿਉ ਮੋਹਿ ਪ੍ਰੀਤਿ ਬਨਿਆਈ॥

**ਬਾਜ** ਪਏ ਤਿਸੁ ਰਬ ਦੇ **ਕੇਲਾਂ** ਵਿਸਰੀਆਂ॥

**ਸਾਹੁਰੈ** ਢੋਈ ਨਾ ਲਹੈ **ਪੇਈਐ** ਨਾਹੀ ਥਾਉ॥

ਜਾਇ ਪੁਛਹੁ **ਡੋਹਾਗਣੀ** ਤੁਮ ਕਿਉ ਰੈਣਿ ਵਿਹਾਇ॥

ਇਨ ਪੰਚਨ ਮੇਰੋ ਮਨੁ ਜੁ ਬਿਗਾਰਿਓ॥

**ਜਲ ਤਰੰਗ** ਜੈਸਾ॥

ਹਿਆਉ ਨ ਕੈਹੀ ਠਾਹਿ **ਮਾਣਕ** ਸਭ ਅਮੋਲਵੇ॥

ਹਮ **ਬਨਜਾਰੋ** ਰਾਮ ਕੋ ਸਹਜ ਕਰਉ ਬਾਪਾਰ॥

**ਕਾਗਾ** ਕਰੰਗੁ ਢਢੋਲਿਆ ਸਗਲਾ ਖਾਇਆ ਮਾਸੁ॥

**ਗੋਇਲ** ਆਇਆ **ਗੋਇਲੀ** ਕਿਆ ਤਿਸੁ ਡੰਫੁ ਪਸਾਰੁ॥

ਜੈਸੇ **ਰੈਣਿ ਪ੍ਰਾਹੁਣੇ** ਉਠ ਚਲਸਹਿ ਪ੍ਰਭਾਤਿ॥
ਕਿਆ ਤੂੰ ਰਤਾ ਗਰੱਸਤ ਸਿਉ ਸਭ **ਫੁਲਾਂ ਕੀ ਬਾਗਾਤਿ**॥

ਕਹੈ ਫਰੀਦ ਸਹੇਲੀਹੋ ਸਹੁ ਅਲਾਏਸੀ॥
ਹੰਸ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ॥

ਫਰੀਦਾ ਦਰੀਆਵੈ ਕੰਨਹੈ ਬਗੁਲਾ ਬੈਠਾ ਕੇਲ ਕਰੇ॥
ਕੇਲ ਕਰੇਦੇ ਹੰਝ ਕੋ ਅਚਿੰਤੇ ਬਾਜ ਪਏ॥

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥
ਬਿਲਪ ਕਰੇ **ਚਾਤ੍ਰਿਕ** ਕੀ ਨਿਆਈ॥

ਅਧਿਆਤਮਕ ਵਿਚਾਰਾਂ ਦੀ ਪ੍ਰਸਤੁਤੀ ਲਈ ਪ੍ਰਤੀਕਾਂ ਦਾ ਸਹਾਰਾ ਲਿਆ ਗਿਆ ਹੈ। ਇਸ ਤਰ੍ਹਾਂ ਵਿਚ ਸੂਖਮ ਭਾਵਾਂ ਦੇ ਪ੍ਰਗਟਾਉ ਲਈ ਪ੍ਰਤੀਕਾਂ ਦੀ ਵਰਤੋਂ ਨਾਲ ਗੁੱਝੇ ਤੇ ਡੂੰਘੇ ਭਾਵਾਂ ਦੀ ਸਮਝ ਸਰਲ ਤੇ ਸਪੱਸ਼ਟ ਹੋ ਜਾਂਦੀ ਹੈ।

## ਧੁਨੀ ਸਿਧਾਂਤ

ਸਾਹਿਤਕ ਭਾਸ਼ਾ ਦੀ ਨਿਵੇਕਲੀ ਅਤੇ ਵਿਲੱਖਣ ਨੁਹਾਰ ਨਿਸ਼ਚਿਤ ਕਰਨ ਲਈ ਕਵੀ/ਸਾਹਿਤਕਾਰ ਆਪਣੇ ਕਾਵਿ-ਅਨੁਭਵ ਨਾਲ ਸ਼ਬਦਾਂ ਨੂੰ ਇੱਕ ਅਜਿਹੀ ਕਲਾਤਮਿਕ , ਅਦਭੁਤ ਅਤੇ ਆਨੰਦਮਈ ਸੰਰਚਨਾ ਦੇ ਸਾਂਚੇ ਵਿੱਚ ਢਾਲਦਾ ਹੈ , ਜਿਸ ਨਾਲ ਭਾਸ਼ਾ /ਸ਼ਬਦ ਆਪਣੇ ਸਾਧਾਰਨ ਪੱਧਰ ਤੋਂ ਉੱਪਰ ਉੱਠ ਕੇ ਆਮ ਪ੍ਰਚੱਲਤ ਅਰਥਾਂ ਤੋਂ ਵਧੇਰੇ ਵਿਸ਼ਾਲ ਅਰਥਾਂ ਦੀ ਧਾਰਨੀ ਬਣਦੀ ਹੈ । ਭਾਰਤੀ ਸਮੀਖਿਆ ਪ੍ਰਣਾਲੀ ਦੇ ਸਿਧਾਂਤ **ਧੁਨੀ** ਦਾ ਸੰਬੰਧ ਵੀ ਸ਼ਬਦਾਂ ਦੀ ਅਜਿਹੀ ਅਰਥ ਭਰਪੂਰ ਪ੍ਰਧਾਨਤਾ ਨਾਲ ਹੈ। ਸਮਕਾਲੀ ਪੰਜਾਬੀ ਕਵਿਤਾ ਮਨੁੱਖੀ ਮਨ ਦੀ ਗੁੰਝਲਦਾ ਚੇਤਨਾ , ਗਹਿਰ ਗੰਭੀਰ ਸਰੋਕਾਰਾਂ, ਮਨੋਰਥਾਂ ਅਤੇ ਪ੍ਰੇਰਨਾਵਾਂ ਆਦਿ ਨੂੰ ਸੰਚਾਰਿਤ ਕਰਦੀ ਹੈ । ਜਿਸ ਵਿੱਚ ਕਵੀ ਸੀਮਤ ਸ਼ਬਦਾਂ ਦਾ ਪ੍ਰਯੋਗ ਕਰਦੇ ਹੋਏ , ਬਿਨਾਂ ਆਪਣੀ ਸਾਹਿਤਿਕ ਕਿਰਤ ਨੂੰ ਬੋਝਲ ਕਰੇ 'ਧੁਨੀ ਸ਼ਬਦ ਸ਼ਕਤੀਆਂ' ਨਾਲ ਆਪਣੀ ਅਭਿਵਿਅਕਤੀ ਦਾ ਸੰਚਾਰ ਟੁੰਬਵੇਂ ਅਤੇ ਬਹੁ-ਅਰਥਾਂ ਨਾਲ ਕਰ ਜਾਂਦਾ ਹੈ। ਧੁਨੀ ਕਾਵਿ ਦਾ ਮੁੱਖ ਮਨੋਰਥ ਹੀ ਸ਼ਬਦਾਂ ਅਤੇ ਅਰਥਾਂ ਦੇ ਆਪਣੇ-ਆਪਣੇ ਪੱਧਰ ਤੋਂ ਉੱਪਰ ਉੱਠ ਕੇ ਸ਼ਬਦ ਸ਼ਕਤੀਆਂ ਰਾਹੀਂ ਅਨੋਖੇ ਵਿਅੰਗਮਈ ਅਰਥਾਂ ਨੂੰ ਜ਼ਾਹਿਰ ਕਰਨਾ ਹੈ । ਧੁਨੀ ਕਾਵਿ ਨੂੰ ਪ੍ਰਭਾਸ਼ਿਤ ਕਰਦੇ ਹੋਏ ਡਾ. ਪ੍ਰੇਮ ਸਿੰਘ ਧਾਰੀਵਾਲ ਲਿਖਦੇ ਹਨ

*ਧੁਨੀ ਇੱਕ ਤਕਨੀਕੀ ਸ਼ਬਦ ਹੈ। ਕਾਵਿ ਦੇ ਪ੍ਰਸੰਗ ਵਿੱਚ ਧੁਨੀ ਉਹ ਕਾਵਿ ਹੈ ਜਿਸ ਵਿੱਚ ਰਮਜ਼ ਜਾਂ ਵਿਅੰਗ ਦੀ ਪ੍ਰਧਾਨਤਾ ਹੁੰਦੀ ਹੈ।* (*ਭਾਰਤੀ ਕਾਵਿ ਸ਼ਾਸਤਰ*13)

ਧੁਨੀ ਦੀਆਂ ਅਭਿਧਾ, ਲਕਸ਼ਣਾਂ ਅਤੇ ਵਿਅੰਜਨਾ ਤਿੰਨ ਸ਼ਬਦ ਸ਼ਕਤੀਆਂ ਨਾਲ ਸਾਹਿਤ ਕਿਰਤ ਵਿੱਚ ਸ਼ਬਦ ਦੇ ਅਰਥਾਂ, ਅਰਥ ਸੰਬੰਧਾਂ ਅਤੇ ਅਰਥ ਪੱਧਰਾਂ ਦਾ ਪ੍ਰਗਟਾਅ ਹੁੰਦਾ ਹੈ । ਸਮਕਾਲੀ ਪੰਜਾਬੀ ਕਵੀ ਇਨ੍ਹਾਂ ਸ਼ਕਤੀਆਂ ਦੀ ਸਹਾਇਤਾ ਨਾਲ ਹੀ ਆਪਣੇ ਅਨੁਭਵ ਨੂੰ ਸਫ਼ਲਤਾ ਨਾਲ ਸੰਚਾਰਿਤ ਕਰਦਾ ਹੈ। ਸਮਕਾਲੀ ਪੰਜਾਬੀ ਕਵੀ ਆਪਣੇ ਅਨੁਭਵ ਜਾਂ ਵਿਚਾਰਾਂ ਨੂੰ ਉਜਾਗਰ ਕਰਨ ਲਈ ਕਾਵਿ ਵਿੱਚ

ਵਰਤੀਆਂ ਜਾ ਸਕਣ ਵਾਲੀਆਂ ਸ਼ਬਦ ਸ਼ਕਤੀਆਂ ਦੇ ਮਹੱਤਵ ਤੋਂ ਭਲੀ -ਭਾਂਤੀ ਸੁਚੇਤ ਹੋ ਕੇ ਆਪਣੀਆਂ ਭਾਵਨਾਵਾਂ ਅਤੇ ਅਨੁਭਵਾਂ ਨੂੰ ਸੰਚਾਰਿਤ ਕਰਦੇ ਹਨ।

ਨੋਟ--- ਅਧਿਆਇ-11 ਵਿਚ ਧੁਨੀ ਸਿਧਾਂਤ ਦਾ ਵਿਸਤ੍ਰਿਤ ਵਰਣਨ ਕੀਤਾ ਗਿਆ ਹੈ। ਵਿਦਿਆਰਥੀ ਉਸ ਅਧਿਆਇ ਦੇ ਅਧਿਐਨ ਤੋਂ ਧੁਨੀਆਂ ਦੀਆਂ ਸ਼ਕਤੀਆਂ ਦੀ ਪਛਾਣ ਕਰ ਸਕਣਗੇ ਤੇ ਦਿੱਤੀ ਹੋਈ ਕਾਵਿ-ਕਿਰਤ ਵਿਚੋਂ ਧੁਨੀਆਂ ਨੂੰ ਪ੍ਰਗਟਾ ਸਕਣਗੇ।

## ਛੰਦ ਵਿਧਾਨ:

ਕਾਵਿ ਦੀ ਇਕ ਵੰਨਗੀ ਆਪਣੇ ਰਾਗ/ਸੰਗੀਤ ਕਰਕੇ ਗਾਉਣਯੋਗ ਹੁੰਦੀ ਹੈ ਅਤੇ ਦੂਸਰੀ ਵੰਨਗੀ ਵਿਚ ਕਾਵਿ ਉਚਾਰਣ ਵਿਚ ਮਿਠਾਸ ਦੀ ਉਤਪਤੀ ਛੰਦ ਦੁਆਰਾ ਨਿਰਧਾਰਿਤ ਹੁੰਦੀ ਹੈ। ਛੰਦ ਵਿੱਚ ਮਾਤਰਾ, ਅੱਖਰ, ਵਿਸ਼ਰਾਮ, ਵਰਣ, ਗਣ ਅਤੇ ਅਨੁਪ੍ਰਾਸ ਮੇਲ ਹੁੰਦਾ ਹੈ, ਅਨੁਪ੍ਰਾਸ ਨੂੰ ਤੁਕਾਂਤ ਜਾਂ ਸੁਰ ਮੇਲ ਵੀ ਕਹਿੰਦੇ ਹਨ। ਛੰਦ ਵਿੱਚ ਘੱਟੋ-ਘੱਟ ਦੋ ਸਤਰਾਂ ਜ਼ਰੂਰ ਹੁੰਦੀਆਂ ਹਨ। ਛੰਦ ਵਿੱਚ ਰਸ ਅਤੇ ਰਾਗਆਤਮਕਤਾ ਹੁੰਦੀ ਹੈ। ਇਸੇ ਕਰਕੇ ਛੰਦ ਕਾਵਿ ਦਾ ਜ਼ਰੂਰੀ ਤੱਤ ਮੰਨਿਆ ਜਾ ਸਕਦਾ ਹੈ।

ਵਿਦਿਆਰਥੀ ਇਹ ਪਛਾਣਨ ਦੇ ਕਾਬਲ ਹਨ ਕਿ ਰਚਨਾ ਛੰਦ-ਬੱਧ ਹੈ ਜਾਂ ਨਹੀਂ। ਜੇ ਤੁਕਾਂਤ ਮੇਲ ਹੈ; ਤਾਂ ਕਵਿਤਾ ਦਾ ਆਪਣਾ ਵਿਧਾਨ ਹੈ। ਸੁਰ ਤਾਲ ਪੈਦਾ ਹੁੰਦਾ ਹੈ। ਕਵਿਤਾ ਦਾ ਰੂਪ ਸੰਗੀਤਾਤਮਕ ਹੈ।

ਜੇ ਕਵਿਤਾ ਸੁਰ ਮੇਲ ਜਾਂ ਤੁਕਾਂਤ ਬਧ ਨਹੀਂ ਤਾਂ ਇਹ ਛੰਦ-ਰਹਿਤ ਹੈ। ਕਵਿਤਾ ਨੂੰ ਖੁੱਲ੍ਹੀ ਕਵਿਤਾ ਦੇ ਘੇਰੇ ਵਿਚ ਲਿਆ ਜਾ ਸਕਦਾ ਹੈ ਤੇ ਇਸ ਵਿਚ ਲੈਅ ਜਾਂ ਗਤੀ ਦੀ ਹੋਂਦ ਨੂੰ ਵੀ ਦੇਖਿਆ ਜਾ ਸਕਦਾ ਹੈ।

## ਸਾਰ-ਅੰਸ਼:

ਉਪਰੋਕਤ ਆਧਾਰ ਤੇ ਸਪੱਸ਼ਟ ਹੁੰਦਾ ਹੈ ਕਿ ਵਿਹਾਰਕ ਸਮੀਖਿਆ ਵਿਚ ਸਹੀ ਪੜ੍ਹਣ-ਵਿਧੀ ਤੇ ਪੜ੍ਹਣ-ਕਿਰਿਆ ਦੀ ਬਹੁਤ ਮਹਾਨਤਾ ਹੈ। ਪਾਠਕ ਆਲੋਚਕ ਲਈ ਸਹੀ ਪਾਠ-ਕਾਰਜ ਬਹੁਤ ਜ਼ਰੂਰੀ ਹੈ। ਹੁਣ ਤਕ ਅਸਾਂ ਵਿਹਾਰਕ ਸਮੀਖਿਆ ਦੇ ਸਿੱਧਾਂਤਕ ਪਰਿਪੇਖ ਬਾਰੇ ਜੋ ਕੁਝ ਵੀ ਸਪੱਸ਼ਟ ਕੀਤਾ ਹੈ, ਉਸ ਵਿਚ ਇਸ ਗੱਲ ਦਾ ਸਾਰਾ ਵਿਵੇਚਨ ਆ ਗਿਆ ਹੈ ਕਿ ਅਸੀਂ ਵਿਹਾਰਕ ਅਧਿਐਨ ਦਾ ਕੰਮ ਕਿਹੜੇ ਆਧਾਰਾਂ ਉਪਰ ਕਰਨਾ ਹੈ । ਵਿਹਾਰਕ ਅਧਿਐਨ ਦੇ ਕੰਮ ਲਈ ਉਪਰੋਕਤ ਸਿੱਧਾਂਤਕ ਆਧਾਰ ਬਹੁਤ ਸਹਾਈ ਹੁੰਦਾ ਹੈ । ਇਸ ਲਈ ਅਸੀਂ ਕੋਈ ਪੱਖ ਅਜਿਹਾ ਨਹੀਂ ਰਹਿਣ ਦਿੱਤਾ ਜੋ ਸਿੱਧੇ ਜਾਂ ਅਸਿੱਧੇ ਰੂਪ ਵਿਚ ਵਿਹਾਰਕ ਚਰਚਾ ਵਿਚ ਸਹਾਈ ਨਾ ਹੁੰਦਾ ਹੋਵੇ। ਕਈ ਵਿਦਿਆਰਥੀ ਆਲੋਚਕ ਇੰਨ੍ਹਾਂ ਆਧਾਰਾਂ ਨਾਲ ਜਿਤਨਾ ਆਪਣੇ ਆਪ ਨੂੰ ਪੁਸ਼ਟ ਬਣਾਉਂਦਾ ਹੈ, ਉਤਨਾ ਹੀ ਉਹ ਪ੍ਰੋਢ ਪਾਠਕ ਤੇ ਪ੍ਰੋਢ ਆਲੋਚਕ ਹੋਣ ਦਾ ਦਰਜਾ ਹਾਸਲ ਕਰ ਸਕਦਾ ਹੈ। ਇਸ ਆਧਾਰ ਤੇ ਹੀ ਉਹ ਵਿਹਾਰਕ ਅਧਿਐਨ ਦਾ ਕੰਮ ਕਰਨ ਲਈ ਅਗਸਰ ਹੁੰਦਾ ਹੈ । ਕਵਿਤਾ ਦੇ ਵਿਹਾਰਕ ਅਧਿਐਨ ਵਿਚ ਸਾਡੀ ਕਾਵਿ ਦੇ ਤੱਤਾਂ ਤੋਂ ਸਿੱਧਾਂਤਾਂ ਦੀ ਸੂਝ-ਬੂਝ ਬਹੁਤ ਜ਼ਿਆਦਾ ਕਾਰਜਸ਼ੀਲ ਰਹਿੰਦੀ ਹੈ। ਭਾਵੇਂ ਕਵਿਤਾ ਦੇ ਸਾਰੇ ਅੰਗ ਅਨਿੱਖੜੇਂ ਰੂਪ ਵਿਚ ਮੌਜੂਦ ਹੁੰਦੇ ਹਨ, ਪਰ ਵਿਹਾਰਕ ਮੁਲਾਂਕਣ ਵਿਚ ਇਨ੍ਹਾਂ ਅੰਗਾਂ ਵਲ ਧਿਆਨ ਦੇਣਾ ਬਹੁਤ ਜ਼ਰੂਰੀ ਬਣ ਜਾਂਦਾ ਹੈ ਅਤੇ ਮਹੱਤਪਰਣ ਵੀ। ਕਈ ਵੇਰ ਇੰਜ ਵੀ ਜਾਪਦਾ ਹੈ ਕਿ ਇਨਾਂ ਤੱਤਾਂ ਦੀ ਪਛਾਣ ਤੋਂ ਬਿਨਾ ਅਸੀਂ ਵਿਹਾਰਕ ਅਧਿਐਨ ਨਹੀਂ ਕਰ ਸਕਦੇ ਜਾਂ ਇਨ੍ਹਾਂ ਤੱਤਾਂ ਦੀ ਪਛਾਣ ਤੇ ਅਧਿਐਨ ਹੀ ਵਿਹਾਰਕ ਸਮੀਖਿਆ ਬਣ ਜਾਂਦੀ ਹੈ। ਸੋ, ਅਸੀਂ ਵਿਹਾਰਕ ਅਧਿਐਨ ਵਿਚ ਭਾਵੇਂ ਕਿਤਨੇ ਵੀ ਅਗਾਂਹ ਕਿਉਂ ਨਾ ਚਲੇ ਜਾਈਏ, ਇਸਦੇ, ਤਰਕ ਤੇ ਅੰਤਰ-ਵਿਰੋਧਾਂ ਨੂੰ ਪਾਠਗਤ ਵਿਆਖਿਆ ਦੇ ਆਧਾਰ ਤੇ ਹੀ ਕਿਉਂ ਨਾ ਵਿਵੇਚਿਤ ਕਰੀਏ ਜਾਂ ਇਸਦੀਆਂ ਡੂੰਘੀਆਂ ਪਰਤਾਂ ਤੇ ਗਹਿਨ-ਸੰਰਚਨਾ ਦੇ ਪੱਖਾਂ ਤਕ ਹੀ ਕਿਉਂ ਨਾ ਪੁੱਜ ਜਾਈਏ: ਕਾਵਿ ਦੇ ਤੱਤਾਂ ਦਾ ਵਿਵੇਚਨ ਤੇ ਆਧਾਰ ਵਿਹਾਰਕ ਸਮੀਖਿਆ ਵਿਚ ਇਸਦੀ ਜਿੰਦ-ਜਾਨ ਵਾਂਗ ਮੌਜੂਦ ਰਹਿੰਦਾ ਹੈ ।

ਸੋ ਇਸ ਪ੍ਰਕਾਰ ਵਿਦਿਆਰਥੀ ਕਾਵਿ ਕਿਰਤ ਦੇ ਵਿਸ਼ੇ ਤੇ ਰੂਪਗਤ ਤੱਤਾਂ ਦੀ ਪਛਾਣ ਨਾਲ ਕਾਵਿ ਦੇ ਪ੍ਰਭਾਵ ਜਾਂ ਗ੍ਰਹਿਣਸ਼ੀਲਤਾ ਬਾਰੇ ਆਪਣੀ ਰਾਇ ਦੇ ਸਕਣ ਵਿਚ ਸਮਰੱਥ ਹੋਣਗੇ।

## ਮੁੱਖ/ਕੇਂਦਰੀ ਸ਼ਬਦ:

ਰੂਪਗਤ---ਕਲਾਗਤ

ਥੀਮਗਤ ---ਵਿਸ਼ਾਗਤ

ਵੰਨਗੀ ---ਕਿਸਮ

ਭੂਸ਼ਣ---ਗਹਿਣਾ

## ਸਵੈ-ਮੁਲਾਂਕਣ:

1. ਗਗਨ ਮੈ ਥਾਲ ਰਵਿ ਚੰਦ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥
ਇਸ ਸਤਰ ਵਿਚ ਪੇਸ਼ ਅੰਲਕਾਰ ਕਿਹੜਾ ਹੈ-

ੳ. ਉਪਮਾ

ਅ. ਰੂਪਕ

ੲ. ਅਨੁਪ੍ਰਾਸ

ਸ. ਦਿਸ਼ਟਾਂਤ

2. ਜੋ ਜਾਨੈ ਮੈ ਜੋਬਨਵੰਤ॥

ਸੋ ਹੋਵਤ ਬਿਸਟਾ ਕਾ ਜੰਤ॥
ਇਨ੍ਹਾਂ ਸਤਰਾਂ ਵਿਚ ਪੇਸ਼ ਰਸ ਕਿਹੜਾ ਹੈ-

ੳ. ਸ਼ਾਂਤ ਰਸ

ਅ. ਕਰੁਣਾ ਰਸ

ੲ. ਬੀਭਤਸ ਰਸ

ਸ. ਹਾਸ ਰਸ

3. ਅਨਹਤਾ ਸ਼ਬਦ ਵਾਜੰਤ ਭੇਰੀ॥
ਇਸ ਸਤਰ ਵਿਚ ਕਿਹੜਾ ਬਿੰਬ ਹੈ-
ੳ. ਰੂਪ ਬਿੰਬ

ਅ. ਰਸ ਬਿੰਬ

ੲ. ਨਾਦ ਬਿੰਬ

ਸ. ਸਪਰਸ਼ ਬਿੰਬ

4. ਲਸੇ ਨੀ ਉਹਦਾ ਮੱਥਾ ਤਾਰਿਆਂ ਵਾਂਗੂੰ,
ਇਸ ਸਤਰ ਵਿਚ ਪੇਸ਼ ਅੰਲਕਾਰ ਕਿਹੜਾ ਹੈ-

ੳ. ਉਪਮਾ

ਅ. ਰੂਪਕ

ੲ. ਅਨੁਪ੍ਰਾਸ

ਸ. ਦਿਸ਼ਟਾਂਤ

5. ਅਨੰਦ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ

ਸਤਿਗੁਰੁ ਤ ਪਾਇਆ ਸਹਜ ਸੇਤੀ--
ਇਨ੍ਹਾਂ ਸਤਰਾਂ ਵਿਚ ਪੇਸ਼ ਰਸ ਕਿਹੜਾ ਹੈ-

ੳ. ਸ਼ਾਂਤ ਰਸ

ਅ. ਕਰੁਣਾ ਰਸ

ੲ. ਬੀਭਤਸ ਰਸ

ਸ. ਹਾਸ ਰਸ

6. ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ॥

ਸਭੇ ਵਸਤੂ ਮਿਠੀਆ ਰਬ ਨ ਪੁਜਨਿ ਤੁਧੁ॥
ਇਸ ਸਤਰਾਂ ਵਿਚ ਕਿਹੜਾ ਬਿੰਬ ਹੈ-
ੳ.-ਰੂਪ ਬਿੰਬ

ਅ- ਰਸ ਬਿੰਬ

ੲ- ਨਾਦ ਬਿੰਬ

ਸ- ਸਪਰਸ਼ ਬਿੰਬ

7. ਵੰਝਲੀ, ਲੰਗੋਜਾ, ਕਾਟੋ, ਤੂੰਬਾ ਵੱਜਦੇ

ਛਿੰਝ ਵਿਚ ਸੂਰੇ ਪਹਿਲਵਾਨ ਗੱਜਦੇ।
ਇਸ ਸਤਰਾਂ ਵਿਚ ਕਿਹੜਾ ਬਿੰਬ ਹੈ-
ੳ- ਰੂਪ ਬਿੰਬ

ਅ- ਰਸ ਬਿੰਬ

ੲ- ਨਾਦ ਬਿੰਬ

ਸ- ਸਪਰਸ਼ ਬਿੰਬ

8. ਭੂ-ਹੇਰਵਾ, ਪੀੜ੍ਹੀ-ਪਾੜ੍ਹਾ, ਨਸਲੀ ਵਿਰੋਧ ਆਦਿ ਕਿਸ ਕਵਿਤਾ ਦੀ ਪਛਾਣ ਹਨ-

ੳ. ਨਾਰੀ ਕਵਿਤਾ

ਅ. ਪਰਵਾਸੀ ਕਵਿਤਾ

ੲ. ਦੇਹਵਾਦੀ ਕਵਿਤਾ

ਸ. ਜੁਝਾਰਵਾਦੀ ਕਵਿਤਾ

9.ਸਭ ਤੋਂ ਖਤਰਨਾਕ ਹੁੰਦਾ ਹੈ,

ਮੁਰਦਾ ਸ਼ਾਂਤੀ ਨਾਲ ਭਰ ਜਾਣਾ,

ਨਾ ਹੋਣਾ ਤੜਪ ਦਾ,

ਸਭ ਸਹਿਣ ਕਰੀ ਜਾਣਾ,
ਇਨ੍ਹਾਂ ਸਤਰਾਂ ਦੀ ਪ੍ਰਕ੍ਰਿਤੀ ਕਿਸ ਕਵਿਤਾ ਨਾਲ ਹੈ-

ੳ. ਰੁਮਾਂਸਵਾਦ
ਅ. ਜੁਝਾਰਵਾਦ
ੲ. ਆਧੁਨਿਕਤਾਵਾਦ
ਸ. ਯਥਾਰਥਵਾਦ

10.ਪ੍ਰਯੋਗਵਾਦ ਕਵਿਤਾ ਦੀ ਵਿਸ਼ੇਸ਼ਤਾ ਨਹੀਂ ਹੈ-

ੳ. ਵਿਚਾਰਧਾਰਕ ਆਧਾਰ
ਅ. ਹੋਂਦਵਾਦ

ੲ. ਆਧੁਨਿਕਵਾਦ

ਸ. ਆਲੋਚਨਾਤਮਕ ਯਥਾਰਥਵਾਦ

ਹ. ਸਮਾਜਕ ਅਸਮਾਨਤਾ

11. ਖਾਲੀ ਸਥਾਨ ਭਰੋ:

ਪ੍ਰਗਤੀਵਾਦੀ ਕਵਿਤਾ ਨੇ ਸਮੂਹਿਕ ਤੇ --------ਅਨੁਭਵ ਦੇ ਮੁਕਾਬਲੇ ਵਿਅਕਤੀ - ਪਰਕ ਯਥਾਰਥ ਅਨੁਭਵ ਦੀ ਪੇਸ਼ਕਾਰੀ ਅਤੇ ਇਕਾਗਰ ਨਾਇਕ ਦੀ ਥਾਂ --------- ਨੂੰ ਪੇਸ਼ ਕੀਤਾ।

12. ਖਾਲੀ ਸਥਾਨ ਭਰੋ:

ਸਿੱਖੀ ਦੇ ਧਾਰਮਿਕ, ਅਧਿਆਤਮਕਤਾ, ਗੁਰਮਤਿ ਦਰਸ਼ਨ ਅਤੇ ਵਿਗਿਆਨ ਦੇ ਗਿਆਨ ਦੀ ਟੱਕਰ ਵਿਚੋਂ ਜੋ ਨਵਾਂ ਅਨੁਭਵ ਪੈਦਾ ਹੋਇਆ, ਉਸ ਨੂੰ ---------------- ਕਿਹਾ ਜਾਂਦਾ ਹੈ।

13. ਖਾਲੀ ਸਥਾਨ ਭਰੋ:

ਸਾਹਿਤ ਦਾ ਸਾਹਿਤ ਵਜੋਂ ਅਧਿਐਨ ਮੁੱਖ ਰੂਪ ਵਿੱਚ ----------------ਦਾ ਅਧਿਐਨ ਹੈ।

14. ਪ੍ਰਸਿੱਧ ਅੰਗਰੇਜ਼ੀ ਆਲੋਚਕ ਕੋਲਰਜ਼ ਨੇ ਕਵਿਤਾ ਦੀ ਪਰਿਭਾਸ਼ਾ ਸ਼ਬਦਾਂ ਦੀ ਸੰਯੋਗ ਚੋਣ ਦੇ ਆਧਾਰ ਉੱਤੇ ਕੀਤੀ;ਹੈ

ਉਸ ਅਨੁਸਾਰ ਕਵਿਤਾ ਸੁੰਦਰ ਸ਼ਬਦਾਂ ਦੀ ਸੁੰਦਰ ਤਰਤੀਬ ਹੁੰਦੀ ਹੈ।

ਇਹ ਕਥਨ ਹੈ:

ੳ. ਠੀਕ

ਅ. ਗ਼ਲਤ

15. ਪ੍ਰਤੀਕ ਯਥਾਰਥ ਦੀ ਅਨੇਕਤਾ ਨੂੰ ਜਿਥੇ ਸਾਮੂਹਿਕ ਪੱਖ ਤੋਂ ਸੰਕਲਪਮਈਤਾ ਬਖਸ਼ਦਾ ਹੈ ਉਥੇ ਬਿੰਬ

ਅਜਿਹੀ ਸੰਕਲਪਮਈਤਾ ਨੂੰ ਬਿੰਬ (ਮੂਰਤ) ਰਾਹੀਂ ਪ੍ਰਗਟ ਕਰਦਾ ਹੈ।

ਇਹ ਕਥਨ ਹੈ:

ੳ. ਠੀਕ

ਅ. ਗ਼ਲਤ

## ਅਭਿਆਸ ਪ੍ਰਸ਼ਨ

1. ਵਿਹਾਰਕ ਆਲੋਚਨਾ ਤੋਂ ਕੀ ਭਾਵ ਹੈ?
2. ਵਿਹਾਰਕ ਆਲੋਚਨਾ ਦਾ ਕੀ ਮਹੱਤਵ ਹੈ?
3. ਵਿਹਾਰਕ ਆਲੋਚਨਾ ਲਈ ਕਿਨ੍ਹਾਂ ਨੁਕਤਿਆਂ ਦਾ ਧਿਆਨ ਰੱਖਣਾ ਜ਼ਰੂਰੀ ਹੈ?
4. ਹੇਠ ਲਿਖੀਆਂ ਕਾਵਿ-ਸਤਰਾਂ ਦੀ ਵਿਹਾਰਕ ਆਲੋਚਨਾ ਕਰੋ-

ਅੱਜ ਆਖਾਂ ਵਾਰਸਸ਼ਾਹ ਨੂੰ, ਕਿਤੋਂ ਕਬਰਾਂ ਵਿਚੋਂ ਬੋਲ।

ਤੇ ਅੱਜ ਕਿਤਾਬੇ ਇਸ਼ਕ ਦਾ, ਕੋਈ ਅਗਲਾ ਵਰਕਾ ਫੋਲ।

ਇਕ ਰੋਈ ਸੀ ਧੀ ਪੰਜਾਬ ਦੀ, ਤੂੰ ਲਿਖ ਲਿਖ ਮਾਰੇ ਵੈਣ।

ਅੱਜ ਲੱਖਾਂ ਧੀਆਂ ਰੋਂਦੀਆਂ, ਤੇਨੂੰ ਵਾਰਿਸ ਸ਼ਾਹ ਨੂੰ ਕਹਿਣ।

ਵੇ ਦਰਦਮੰਦਾਂ ਦਿਆ ਦਰਦੀਆ ਉਠ ਤੱਕ ਆਪਣਾ ਪੰਜਾਬ।

ਅਜ ਬੇਲੇ ਲਾਸ਼ਾਂ ਵਿਛੀਆਂ,ਤੇ ਲਹੂ ਦੀ ਭਰੀ ਚਨਾਬ।

5.ਹੇਠ ਲਿਖੀਆਂ ਕਾਵਿ-ਸਤਰਾਂ ਦੀ ਵਿਹਾਰਕ ਆਲੋਚਨਾ ਕਰੋ-

ਅਨੰਦ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ

ਸਤਿਗੁਰੁ ਤ ਪਾਇਆ ਸਹਜ ਸੇਤੀ

ਮਨਿ ਵਜੀਆ ਵਾਧਾਈਆ॥

ਰਾਗ ਰਤਨ ਪਰਵਾਰ ਪਰੀਆ

ਸਬਦ ਗਾਵਣ ਆਈਆ॥

ਸਬਦੋ ਤ ਗਾਵਹੁ ਹਰੀ ਕੇਰਾ

ਮਨਿ ਜਿਨੀ ਵਸਾਇਆ॥

ਕਹੈ ਨਾਨਕੁ ਆਨੰਦੁ ਹੋਆ

ਸਤਿਗੁਰੂ ਮੈ ਪਾਇਆ॥

6.ਹੇਠ ਲਿਖੀਆਂ ਕਾਵਿ-ਸਤਰਾਂ ਦੀ ਵਿਹਾਰਕ ਆਲੋਚਨਾ ਕਰੋ-

ਪਈਆਂ ਕਣਕਾਂ, ਲੋਕਾਠ ਰਸਿਆ,

ਬੂਰ ਪਿਆ ਅੰਬਾਂ ਨੂੰ, ਗੁਲਾਬ ਹੱਸਿਆ।

ਸਾਈਂ ਦੀ ਨਿਗਾਹ ਜੱਗ ਤੇ ਸਵੱਲੀਏ,

ਚਲ ਨੀ ਪ੍ਰੇਮੀਏ, ਵਿਸਾਖੀ ਚਲੀਏ।

ਦੂਰ ਦੂਰ ਥਾਓਂ ਵਣਜਾਰੇ ਆ ਨੇ

ਸੁਹਣੇ ਸੁਹਣੇ ਕੁੰਜਾਂ ਤੇ ਫੀਤੇ ਲਿਆਏ ਨੇ।

ਗਜਰਿਆਂ ਤੇ ਵੰਗਾਂ ਦਾ ਨਾ ਅੰਤ ਕੋਈ ਏ,

ਮੰਡੀ ਛੂਠੇ ਗਹਿਣਿਆਂ ਦੀ, ਲੱਗੀ ਹੋਈ ਏ।

ਥਾਈਂ ਥਾਈਂ ਖੇਡਾਂ ਤੇ ਪੰਘੂੜੇ ਆਏ ਨੇਂ

ਜੋਗੀਆਂ ਮਦਾਰੀਆਂ ਤਮਾਸ਼ੇ ਲਾਏ ਨੇ।

ਵੰਝਲੀ, ਲੰਗੋਜਾ,ਕਾਟੋ,ਤੂੰਬਾ ਵੱਜਦੇ,

ਛਿੰਝ ਵਿਚ ਸੂਰੇ ਪਹਿਲਵਾਨ ਗੱਜਦੇ।

7.ਹੇਠ ਲਿਖੀਆਂ ਕਾਵਿ-ਸਤਰਾਂ ਦੀ ਵਿਹਾਰਕ ਆਲੋਚਨਾ ਕਰੋ-

ਅਨੰਦ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ

ਸਤਿਗੁਰੁ ਤ ਪਾਇਆ ਸਹਜ ਸੇਤੀ

ਮਨਿ ਵਜੀਆ ਵਾਧਾਈਆ॥

ਰਾਗ ਰਤਨ ਪਰਵਾਰ ਪਰੀਆ

ਸਬਦ ਗਾਵਣ ਆਈਆ॥

ਸਬਦੋ ਤ ਗਾਵਹੁ ਹਰੀ ਕੇਰਾ

ਮਨਿ ਜਿਨੀ ਵਸਾਇਆ॥

ਕਹੈ ਨਾਨਕੁ ਆਨੰਦੁ ਹੋਆ

ਸਤਿਗੁਰੂ ਮੈ ਪਾਇਆ॥

8.ਹੇਠ ਲਿਖੀਆਂ ਕਾਵਿ-ਸਤਰਾਂ ਦੀ ਵਿਹਾਰਕ ਆਲੋਚਨਾ ਕਰੋ-

ਬੇੜਾ ਬੰਧਿ ਨ ਸਕਿਓ ਬੰਧਨ ਕੀ ਵੇਲਾ॥

ਭਰਿ ਸਰਵਰ ਜਬ ਊਛਲੇ ਤਬ ਤਰਣੁ ਦੁਹੇਲਾ॥

ਹਥਿ ਨ ਲਾਇ ਕਸੁੰਭੜੈ ਜਲਿ ਜਾਸੀ ਢੋਲਾ॥

ਇਕ ਆਪੀਨ੍ਹੈ ਪਤਲੀ ਸਹ ਕੇਰੇ ਬੋਲਾ॥

ਦੁਧਾ ਥਣੀ ਨ ਆਵਈ ਫਿਰਿ ਹੋਇ ਨ ਮੇਲਾ॥

ਕਹੈ ਫਰੀਦੁ ਸਹੇਲੀਹੋ ਸਹੁ ਅਲਾਏਸੀ॥

ਹੰਸ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ॥

9.ਹੇਠ ਲਿਖੀਆਂ ਕਾਵਿ-ਸਤਰਾਂ ਦੀ ਵਿਹਾਰਕ ਆਲੋਚਨਾ ਕਰੋ-

ਨੀ ਅੱਜ ਕੋਈ ਆਇਆ ਸਾਡੇ ਵਿਹੜੇ

ਤਕਣ ਚੰਨ ਸੂਰਜ ਢੁਕ ਢੁਕ ਨੇੜੇ।

ਲਸੇ ਨੀ ਉਹਦਾ ਮੱਥਾ ਤਾਰਿਆਂ ਵਾਂਗੂੰ,

ਆਇਆ ਨੀ ਖ਼ੋਰੇ ਅੰਬਰ ਘੁਮ-ਘੁਮ ਕਿਹੜੇ

ਆਇਆ ਨੀ ਲੱਖ ਨਾਲ ਬਹਾਰਾਂ ਲੈ ਕੇ,

ਭਰੇ ਸੂ ਸਾਡੇ ਅੰਗ ਅੰਗ ਦੇ ਵਿਚ ਖੇੜੇ।

ਚੁੰਮੋ ਨੀ ਇਹਦੇ ਹੱਥ ਚੰਬੇ ਦੀਆਂ ਕਲੀਆਂ

ਧੋਵੋ ਨੀ ਇਹਦੇ ਪੈਰ ਮੱਖਣ ਦੇ ਪੇੜੇ।

ਬੰਨ੍ਹੋ ਨੀ ਕੋਈ ਪਹਾੜ ਸਮੇਂ ਦੇ ਪੈਰੀਂ

ਡਕੋਂ ਨੀ ਕੋਈ ਰਾਤ ਦਿਵਸ ਦੇ ਗੇੜੇ।

10. ਹੇਠ ਲਿਖੀਆਂ ਕਾਵਿ-ਸਤਰਾਂ ਦੀ ਵਿਹਾਰਕ ਆਲੋਚਨਾ ਕਰੋ-

ਜਤੁ ਪਹਾਰਾ ਧੀਰਜ ਸੁਨਿਆਰ

ਅਹਿਰਣਿ ਮਤਿ ਵੇਦ ਹਥੀਆਰ

ਭਉ ਖਲਾ ਅਗਿਨ ਤਪ ਤਾਉ

ਭਾਂਡਾ ਭਾਉ ਅੰਮ੍ਰਿਤ ਤਿਤੁ ਢਾਲਿ॥

ਘੜੀਐ ਸਬਦੁ ਸਚੀ ਟਕਸਾਲ

ਜਿਨ ਕਉ ਨਦਰਿ ਕਰਮੁ ਤਿਨ ਕਾਰ

ਨਾਨਕ ਨਦਰੀ ਨਦਰਿ ਨਿਹਾਲ

11. ਹੇਠ ਲਿਖੀਆਂ ਕਾਵਿ-ਸਤਰਾਂ ਦੀ ਵਿਹਾਰਕ ਆਲੋਚਨਾ ਕਰੋ-

ਗਗਨ ਮੈ ਥਾਲ ਰਵਿ ਚੰਦ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥

ਧੂਪੁ ਮਲਆਨਲੋ ਪਵਣੁ ਚਵਰ ਕਰੇ ਸਗਲ ਬਨਰਾਇ ਫੂਲੰਤ ਜੋਤੀ॥

ਕੈਸੀ ਆਰਤੀ ਹੋਇ ਭਵਖੰਡਨਾ ਤੇਰੀ ਆਰਤੀ॥

ਅਨਹਤਾ ਸ਼ਬਦ ਵਾਜੰਤ ਭੇਰੀ॥

ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ॥

ਸਹਸ ਮੂਰਤਿ ਨਨਾ ਏਕ ਤੋਹੀ॥

ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨ

ਸਹਸ ਤਵ ਗੰਧ ਇਵ ਚਲਤੁ ਮੋਹੀ॥

ਸਭਿ ਮਹਿ ਜੋਤਿ ਜੋਤਿ ਹੈ ਸੋਇ॥

ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ॥

ਗੁਰਸਾਖੀ ਜੋਤਿ ਪਰਗਟੁ ਹੋਇ॥

ਜੋ ਤਿਸ ਭਾਵੈ ਆਰਤੀ ਹੋਇ ॥

ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ॥

ਕ੍ਰਿਪਾ ਜਲ ਦੇਹਿ ਨਾਨਕ ਸਾਰਿੰਗ ਕਉ ਹੋਇ ਜਾਤੇ ਤੇਰੇ ਨਾਮ ਵਾਸਾ॥

12. ਹੇਠ ਲਿਖੀਆਂ ਕਾਵਿ-ਸਤਰਾਂ ਦੀ ਵਿਹਾਰਕ ਆਲੋਚਨਾ ਕਰੋ-

ਜਿਸ ਕੈ ਅੰਤਿਰ ਰਾਜ ਅਭਿਮਾਨੁ ॥

ਸੋ ਨਰਕਪਾਤੀ ਹੋਵਤ ਸੁਆਨ॥

ਜੋ ਜਾਨੈ ਮੈ ਜੋਬਨਵੰਤ॥

ਸੋ ਹੋਵਤ ਬਿਸਟਾ ਕਾ ਜੰਤ॥

ਆਪਸ ਕਉ ਕਰਮਵੰਤ ਕਹਾਵੈ ॥

ਜਨਮਿ ਮਰੈ ਬਹੁ ਜੋਨਿ ਭ੍ਰਮਾਵੈ॥

ਧਨ ਭੂਮਿ ਕਾ ਜੋ ਕਰੈ ਗੁਮਾਨ॥

ਸੋ ਮੂਰਖੁ ਅੰਧਾ ਅਗਿਆਨ॥

ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ॥

ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ॥

## ਸੰਦਰਭ ਪੁਸਤਕਾਂ:


- ਸਮਾਲੋਚਨਾ ਸ਼ਾਸਤਰ, ਪ੍ਰੋ. ਬ੍ਰਹਮਜਗਦੀਸ਼, ਵਾਰਿਸ ਸ਼ਾਹ ਫਾਊਂਡੇਸ਼ਨ, ਅੰਮ੍ਰਿਤਸਰ, (2011)
- ਭਾਰਤੀ ਕਾਵਿ ਸ਼ਾਸਤਰ, ਲਾਹੌਰ ਬੁੱਕ ਸ਼ਾਪ, ਲੁਧਿਆਣਾ, (2011)
- ਵਾਦ ਚਿੰਤਨ, ਭੱਟੀ, ਸੁਰਜੀਤ ਸਿੰਘ, ਚੇਤਨਾ ਪ੍ਰਕਾਸ਼ਨ, ਲੁਧਿਆਣਾ, ਪਹਿਲਾ ਸੰਸਕਰਨ (2010)
- ਵਿਹਾਰਕ ਸਮੀਖਿਆ, ਸਤਿੰਦਰ ਸਿੰਘ, ਪੰਜਾਬੀ ਯੂਨੀਵਰਸਿਟੀ,ਪਟਿਆਲਾ, ਪੰਜਵਾਂ ਸੰਸਕਰਨ (2010)


## ਮਹੱਤਵਪੂਰਨ ਲਿੰਕ

https://www.punjabi-kavita.com/Alochana-Harbhajan-Singh-Bhatia.php

ਉੱਤਰਮਾਲਾ

| | | | | |
|---|---|---|---|---|
| 1. ਅ | 2. ੲ | 3. ੲ | 4. ੳ | 5. ੳ |
| 6. ਅ | 7. ੲ | 8. ਅ | 9. ਅ | 10. ਹ |
| 11. ਰੁਮਾਂਟਿਕ, ਖੰਡਿਤ | | 12. ਨਵ-ਰਹੱਸਵਾਦ | 13. ਭਾਸ਼ਾ | 14. ੳ |
| 15. ੳ | | | | |